ਬਾਬਾ ਸਾਹਿਬ

ਡਾ. ਅੰਬੇਡਕਰ

ਦਾ

ਸੰਪੂਰਨ ਸਾਹਿਤ

ਸੈਂਚੀ ਤੀਜੀ

ਬਾਬਾ ਸਾਹਿਬ

ਡਾ. ਬੀ. ਆਰ. ਅੰਬੇਡਕਰ

ਦਾ

ਸੰਪੂਰਨ ਸਾਹਿਤ

ਸੈਂਚੀ ਤੀਜੀ

ਬਾਬਾ ਸਾਹਿਬ ਡਾ. ਅੰਬੇਡਕਰ

ਜਨਮ : 14 ਅਪ੍ਰੈਲ 1891

ਸੁਵਰਗਵਾਸ : 6 ਦਸੰਬਰ 1956

ਨਿੱਜੀ ਤੌਰ ਤੇ ਮੈਂ ਖੁੱਲ੍ਹਮਖੁੱਲਾ ਕਹਿਣਾ ਚਾਹੁੰਦਾ ਹਾਂ ਕਿ ਮੈਂ ਨਹੀਂ ਮੰਨਦਾ ਕਿ ਇਸ ਦੇਸ਼ ਵਿੱਚ ਕਿਸੇ ਵਿਸ਼ੇਸ਼ ਸੰਸਕ੍ਰਿਤੀ ਲਈ ਕੋਈ ਥਾਂ ਹੈ। ਭਾਵੇਂ ਇਹ ਹਿੰਦੂ ਸੰਸਕ੍ਰਿਤੀ ਹੋਵੇ ਜਾਂ ਮੁਸਲਿਮ ਸੰਸਕ੍ਰਿਤੀ, ਭਾਵੇਂ ਕੰਨੜ ਸੰਸਕ੍ਰਿਤੀ ਹੋਵੇ ਜਾਂ ਗੁਜਰਾਤੀ ਸੰਸਕ੍ਰਿਤੀ। ਇਹ ਅਜਿਹੀਆਂ ਚੀਜ਼ਾਂ ਹਨ ਜਿਨ੍ਹਾਂ ਨੂੰ ਅਸੀਂ ਨਕਾਰ ਨਹੀਂ ਸਕਦੇ। ਪਰ ਉਨ੍ਹਾਂ ਨੂੰ ਵਰਦਾਨ ਵੀ ਨਹੀਂ ਮੰਨਣਾ ਚਾਹੀਦਾ। ਬਲਕਿ ਇਕ ਸਰਾਪ ਵਾਂਗ ਮੰਨਣਾ ਚਾਹੀਦਾ ਹੈ, ਜੋ ਸਾਡੀ ਨਿਸ਼ਠਾਂ ਨੂੰ ਡੋਗਦਾ ਹੈ ਅਤੇ ਸਾਨੂੰ ਆਪਣੇ ਆਦਰਸ਼ ਤੋਂ ਦੂਰ ਲਿਜਾਂਦਾ ਹੈ। ਇਹ ਆਦਰਸ਼ ਉਹ ਹੈ ਜਿਸ ਨਾਲ ਸਾਨੂੰ ਅਜਿਹੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ , ਜਿਸ ਨਾਲ ਅਸੀਂ ਸਮਝੀਏ ਕਿ ਅਸੀਂ ਸਾਰੇ ਭਾਰਤੀ ਹਾਂ।

-- ਭੀਮ ਰਾਓ ਅੰਬੇਡਕਰ

ਮਾਰਚ 1995

©

ਸਾਰੇ ਹੱਕ ਰਾਖਵੇਂ ਹਨ।

ਮੁੱਲ :
ਸਾਧਾਰਨ
ਡੀਲਕਸ

ਪ੍ਰਕਾਸ਼ਕ:
ਡਾ. ਅੰਬੇਡਕਰ ਫਾਊਂਡੇਸ਼ਨ,
ਭਲਾਈ ਮੰਤਰਾਲਾ, ਭਾਰਤ ਸ਼ਰਕਾਰ,
ਨਵੀਂ ਦਿੱਲੀ।

ਵਿਕਰੀ ਕੇਂਦਰ :
ਡਾ. ਅੰਬੇਡਕਰ ਫਾਊਂਡੇਸ਼ਨ,
25, ਅਸ਼ੋਕ ਰੋਡ, ਨਵੀਂ ਦਿੱਲੀ- 110001

ਛਾਪਕ : ਮੋਨਿਕਾ ਪ੍ਰਿੰਟਰਜ਼ ਪ੍ਰਾਈਵੇਟ ਲਿਮਿਟਿਡ
332/ਇੰਡਸਟ੍ਰੀਅਲ ਏਰੀਆ, ਫੇਜ਼ II, ਪੰਚਕੂਲਾ (ਹਰਿਆਣਾ) ਫੋਨ : 563668

ਸਲਾਹਕਾਰੀ ਸਹਿਯੋਗ

ਮਾਨਯੋਗ ਸ਼੍ਰੀ ਸੀਤਾ ਰਾਮ ਕੇਸਰੀ,
ਭਲਾਈ ਮੰਤਰੀ, ਭਾਰਤ ਸਰਕਾਰ

ਮਾਨਯੋਗ ਸ਼੍ਰੀ ਥੰਗਾਬਾਲੂ,
ਭਲਾਈ ਰਾਜ ਮੰਤਰੀ, ਭਾਰਤ ਸਰਕਾਰ

ਸ਼੍ਰੀ ਮਾਤਾ ਪ੍ਰਸਾਦ, ਆਈ.ਏ.ਐਸ., ਸਕੱਤਰ, ਭਲਾਈ ਮੰਤਰਾਲਾ
ਸ਼੍ਰੀ ਗੰਗਾ ਦਾਸ, ਆਈ. ਏ. ਐਸ. ਸੰਯੁਕਤ ਸਕੱਤਰ, ਭਲਾਈ ਮੰਤਰਾਲਾ
ਮੈਂਬਰ ਸਕੱਤਰ, ਡਾ. ਅੰਬੇਡਕਰ ਫਾਊਂਡੇਸ਼ਨ

ਪ੍ਰਬੰਧ ਸੰਪਾਦਕ

ਡਾ. ਲੇਖਰਾਜ ਪਰਵਾਨਾ, ਪੀ ਐਚ.ਡੀ, ਐਲ ਐਲ ਬੀ.

ਸੰਪਾਦਕ

ਸ੍ਰੀ ਕੈਲਾਸ਼ ਚੰਦਰ ਸੇਠ
ਸ਼੍ਰੀ ਮੋਹਨ ਦਾਸ ਕੈਮਿਸ਼ਰਾਇ

ਸੰਕਲਨ (ਅੰਗਰੇਜ਼ੀ)
ਸ਼੍ਰੀ ਬਸੰਤ ਮੂਨ

ਅਨੁਵਾਦਕ ਤੇ ਸੋਧਕ :-
ਸ੍ਰੀ ਹਰਜੀਤ ਸਿੰਘ ਸੈਣੀ
ਡਾ. ਦਰਸ਼ਨ ਸਿੰਘ
ਡਾ. ਤਰਲੋਚਨ ਸਿੰਘ
ਡਾ. ਸਰਨ ਸਿੰਘ
ਸ੍ਰੀ ਦਰਸ਼ਨ ਲਾਲ
ਸ੍ਰੀ ਪ੍ਰੇਮ ਸਿੰਘ ਗਿਲ
ਸ੍ਰੀ ਗੁਰਦਿਆਲ ਸਿੰਘ ਸਿੱਧੂ
ਸ੍ਰੀ ਹਰਭਜਨ ਸਿੰਘ
ਸ੍ਰੀ ਐਮ.ਐਸ. ਕੰਗ
ਸ੍ਰੀ ਭੁਪਿੰਦਰਜੀਤ ਰੰਧਾਵਾ
ਡਾ. ਲੇਖਰਾਜ ਪਰਵਾਨਾ
ਸ੍ਰੀਮਤੀ ਰਣਬੀਰ ਕੌਰ
ਸ੍ਰੀ ਜਰਨੈਲ ਸਿੰਘ
ਸ੍ਰੀ ਬੀ.ਆਰ. ਦੀਵਾਨਾ
ਸ੍ਰੀਮਤੀ ਕਮਲਾ ਤਰਸੇਮ
ਸ੍ਰੀ ਐਸ.ਐਨ. ਕਾਲੀਆ

सत्यमेव जयते

ਆਮੁੱਖ

ਭਾਰਤ ਰਤਨ ਬਾਬਾ ਸਹਿਬ ਡਾ. ਭੀਮਰਾਉ ਅੰਬੇਡਕਰ ਸਾਰੇ ਸੰਵਿਧਾਨ ਨਿਰਮਾਤਾ ਦੇ ਨਾਲ-ਨਾਲ ਪ੍ਰਬੁੱਧ ਚਿੰਤਕ ਅਤੇ ਮਹਾਨ ਸਮਾਜ ਸ਼ਾਸਤ੍ਰੀ ਵੀ ਸਨ। ਉਨ੍ਹਾਂ ਨੇ ਭਾਰਤੀ ਦਰਸ਼ਨ ਵਿਚ ਵਿਦਮਾਨ ਰੂੜੀਵਾਦੀ ਤੱਤਾਂ ਨੂੰ ਚਿਨੌਤੀ ਦਿਤੀ। ਉਹ ਦਲਿਤ, ਸ਼ੋਸ਼ਿਤ ਅਤੇ ਸਰਵਹਾਰਾ ਸਮਾਜ ਦੇ ਮਸੀਹਾ ਬਣ ਗਏ, ਪਰ ਉਨ੍ਹਾਂ ਦੇ ਵਿਚਾਰ ਸਾਹਿਤ ਭਾਰਤੀ ਭਾਸ਼ਾਵਾਂ ਵਿਚ ਨਾ ਹੋਣ ਕਾਰਣ ਆਮ ਆਦਮੀ ਤਕ ਨਹੀਂ ਪਹੁੰਚ ਰਹੇ।

ਮੈਨੂੰ ਖੁਸ਼ੀ ਹੈ ਕਿ ਕਲਿਆਣ ਮੰਤਰਾਲਾ ਦੀ ਡਾ. ਅੰਬੇਡਕਰ ਫਾਊਂਡੇਸ਼ਨ ਨੇ ਡਾ. ਅੰਬੇਡਕਰ ਦੇ ਸੰਪੂਰਨ ਸਾਹਿਤ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਕੇ ਉਸ ਨੂੰ ਜਿੰਨੀ ਛੇਤੀ ਹੋ ਸਕੇ ਪ੍ਰਕਾਸ਼ਤ ਕਰਾਉਣ ਦਾ ਬੀੜਾ ਉਠਾਇਆ ਹੈ। ਪਿਛਲੇ ਸਾਲ ਬਾਬਾ ਸਾਹਿਬ ਦੇ ਨਿਰਬਾਣ ਦਿਵਸ ਸਮੇਂ ਇਸ ਕਾਰਜ ਸਾਹਿਤ ਦੀ ਦੂਜੀ ਸੈਂਚੀ ਪੰਜਾਬੀ, ਹਿੰਦੀ ਅਤੇ ਤਾਮਿਲ ਭਾਸ਼ਾ ਵਿਚ ਪ੍ਰਕਾਸ਼ਤ ਕਰਵਾਕੇ ਰਾਸ਼ਟਰ ਨੂੰ ਸਮਰਪਿਤ ਕੀਤੀ ਗਈ ਸੀ। ਹੁਣ ਇਸ ਸਾਹਿਤ ਦੀ ਤੀਜੀ, ਚੌਥੀ ਅਤੇ ਪੰਜਵੀਂ ਸੈਂਚੀ ਨੂੰ ਪੰਜਾਬੀ, ਤਾਮਿਲ ਅਤੇ ਹਿੰਦੀ ਭਾਸ਼ਾਵਾਂ ਵਿੱਚ ਅਨੁਵਾਦ ਕਰਾਉਣ ਉਪ੍ਰੰਤ ਪ੍ਰਕਾਸ਼ਤ ਕੀਤਾ ਗਿਆ ਹੈ। ਪੰਜਾਬੀ ਭਾਸ਼ਾ ਦੀਆਂ ਦੋ ਸੈਂਚੀਆਂ ਪਹਿਲਾਂ ਹੀ ਰਾਸ਼ਟਰ ਨੂੰ ਸਮਰਪਿਤ ਹੋ ਚੁੱਕੀਆਂ ਹਨ ਅਤੇ ਹੁਣ ਪੰਜਾਬੀ ਦੀ ਇਹ ਤੀਜੀ ਸੈਂਚੀ ਪਾਠਕਾਂ ਨੂੰ ਸਮਰਪਿਤ ਕਰਕੇ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ। ਉਮੀਦ ਹੈ ਇਹ ਪ੍ਰਾਜੈਕਟ ਪ੍ਰਧਾਨ ਸੰਪਦਕ ਡਾਕਟਰ ਸ਼ਿਆਮ ਸਿੰਘ ਸ਼ਸ਼ੀ, ਸੰਪਾਦਕ ਮੰਡਲ ਦੇ ਸਾਰੇ ਮੈਂਬਰਾਂ, ਅਨੁਵਾਦਕਾਂ ਸੋਧਕਾਂ ਆਦਿ ਦੇ ਸਹਿਯੋਗ ਨਾਲ ਛੇਤੀ ਹੀ ਪੂਰਾ ਹੋਵੇਗਾ ਅਤੇ ਬਾਬਾ ਸਹਿਬ ਦੇ ਵਿਚਾਰ ਹਰ ਵਿਅਕਤੀ ਤਕ ਪਹੁੰਚਕੇ ਸਮਾਜ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

–ਹਸਤਾਖਰ–
ਸੀਤਾ ਰਾਮ ਕੇਸਰੀ,
ਕਲਿਆਣ ਮੰਤਰੀ,

ਨਵੀਂ ਦਿੱਲੀ :
5 ਮਾਰਚ, 1993

ਸੰਦੇਸ਼

ਬਾਬਾ ਸਾਹਿਬ ਹਿੰਦੂ ਸਮਾਜ ਦੇ ਸਾਰੇ ਦਮਨਕਾਰੀ ਸਰੂਪਾਂ ਦੇ ਵਿਰੁੱਧ ਵਿਦਰੋਹ ਦੇ ਪ੍ਰਤੀਕ ਹੀ ਨਹੀਂ ਸਨ, ਬਲਕਿ ਉਹ ਤਾਂ ਬਹੁ ਮੁੱਖੀ ਵਿਅਕਤੀਤਵ ਦੇ ਧਨੀ ਸਨ। ਰਾਜਸੀ ਅਤੇ ਰਾਸ਼ਟਰੀ ਨੇਤਾ ਹੋਣ ਦੇ ਨਾਤੇ, ਉਨ੍ਹਾਂ ਨੇ ਸੰਵਿਧਾਨ ਦੇ ਰੂਪ ਵਿੱਚ ਇੱਕ ਬਹੁਮੁੱਲੀ ਵਿਰਾਸਤ ਛੱਡੀ ਹੈ। ਉਨ੍ਹਾਂ ਦਾ ਦ੍ਰਿੜ੍ਹ, ਵਿਸ਼ਵਾਸ਼ ਸੀ ਕਿ ਵਿਦਿਆ ਤੋਂ ਇਲਾਵਾ ਤਰੱਕੀ ਸੰਭਵ ਨਹੀਂ ਹੈ। ਉਨ੍ਹਾਂ ਨੇ ਦਲਿਤਾਂ ਤੱਕ ਸਿੱਖਿਆ ਪਹੁੰਚਾਉਣ ਲਈ ਅਨੇਕ ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਕੀਤੀ। ਸ਼ੋਸ਼ਣ ਕਰਨ ਵਾਲਿਆਂ ਵਿਰੁੱਧ ਉਨ੍ਹਾਂ ਨੇ ਜੋ ਜੀਵਨ ਭਰ ਸੰਘਰਸ਼ ਕੀਤਾ, ਉਸ ਨਾਲ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਬੇਇਨਸਾਫ਼ੀ ਤੇ ਪੀੜਤ ਮਾਨਵਤਾ ਦੇ ਸੁਧਾਰਕ ਦੇ ਰੂਪ ਵਿੱਚ ਅੰਤਰ ਰਾਸ਼ਟਰੀ ਮਾਨਤਾ ਪ੍ਰਾਪਤ ਹੋਈ।

ਮੈਨੂੰ ਪ੍ਰਸੰਨਤਾ ਹੈ ਕਿ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਚਾਰ ਲਈ ਡਾ. ਅੰਬੇਡਕਰ ਫਾਊਂਡੇਸ਼ਨ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਉਨ੍ਹਾਂ ਦੇ ਭਾਸ਼ਣਾਂ ਤੇ ਲਿਖਤਾਂ ਨੂੰ ਵੱਖ-ਵੱਖ ਭਾਗਾਂ ਵਿੱਚ ਪ੍ਰਕਾਸ਼ਿਤ ਕਰ ਰਹੀ ਹੈ। ਮੈਂ ਇਸ ਕਾਰਜ ਦੀ ਸਫ਼ਲਤਾ ਦੀ ਕਾਮਨਾ ਕਰਦਾ ਹਾਂ।

ਨਵੀਂ ਦਿੱਲੀ
5-3-95

ਥੰਗਾ ਬਾਲੂ,
ਭਲਾਈ ਰਾਜ ਮੰਤਰੀ,
ਭਾਰਤ ਸਰਕਾਰ।

ਪ੍ਰਕਾਸ਼ਕੀ

ਯੁੱਗਪੁਰਸ਼ ਭਾਰਤਰਤਨ ਬਾਬਾ ਸਾਹਿਬ ਡਾ. ਅੰਬੇਡਕਰ ਨਵੀਂ ਸਮਾਜਕ ਜਾਗ੍ਰਤੀ ਦੇ ਦੂਤ ਸਨ। ਉਨ੍ਹਾਂ ਦਾ ਸਾਰਾ ਜੀਵਨ ਸਦੀਆਂ ਤੋਂ ਦਲਿਤ ਮਾਨਵਤਾ ਦੇ ਸਮਾਜਿਕ-ਆਰਥਿਕ ਅਤੇ ਵਿਦਿਅਕ ਉਨਤੀ ਲਈ ਸਮਰਪਿਤ ਸੀ। ਉਨ੍ਹਾਂ ਨੇ ਸਮਾਜ ਵਿਚ ਫੈਲੀਆਂ ਰੂੜ੍ਹੀਵਾਦੀ ਮਾਨਤਾਵਾਂ ਅਤੇ ਬੁਰਾਈਆਂ ਨੂੰ ਜੜੋਂ ਖਤਮ ਕਰਨ ਅਤੇ ਸਮਾਜਿਕ ਨਿਆਂ ਅਤੇ ਦਲਿਤਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਜੀਵਨ ਭਰ ਸੰਘਰਸ਼ ਕੀਤਾ।

ਬਾਬਾ ਸਾਹਿਬ ਦੇ ਸਮਾਜਿਕ-ਨਵ ਚੇਤਨਾ ਅਤੇ ਨਵ-ਆਰਥਿਕ ਸੰਰਚਨਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਭਾਰਤ ਸਰਕਾਰ ਨੇ ਡਾ. ਅੰਬੇਡਕਰ ਸੰਸਥਾ (ਚੇਅਰ) ਦੀ ਸਥਾਪਨਾ ਕੀਤੀ ਹੈ। ਇਹ ਸੰਸਥਾ ਨਿਮਨ ਮੁੱਖ ਗਤੀਵਿਧੀਆਂ ਅਤੇ ਯੋਜਨਾਵਾਂ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪ ਹੈ :-

1. ਡਾ. ਅੰਬੇਡਕਰ ਰਾਸ਼ਟਰੀ ਲਾਇਬ੍ਰੇਰੀ 2. ਅੰਬੇਡਕਰ ਰਾਸ਼ਟਰੀ ਪੁਰਸਕਾਰ 3. ਡਾ. ਅੰਬੇਡਕਰ ਵਿਦੇਸ਼-ਵਜੀਫ਼ਾ 4. ਡਾ. ਅੰਬੇਡਕਰ ਸੰਸਥਾਵਾਂ (ਚੇਅਰਸ) ਦੀ ਸਥਾਪਨਾ ਅਤੇ 5. ਡਾ. ਅੰਬੇਡਕਰ ਸਹਿਤ ਦਾ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਨ।

ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਸਮਾਜਿਕ ਨਿਆਂ ਦੇ ਲਈ ਪ੍ਰਤੀਬੱਧ ਮਾਨਯੋਗ ਸ੍ਰੀ ਸੀਤਾਰਾਮ ਕੇਸਰੀ, ਭਲਾਈ ਮੰਤਰੀ, ਮਾਨਯੋਗ ਥੰਗਾ ਬਾਲੂ, ਰਾਜ ਭਲਾਈ ਮੰਤਰੀ ਅਤੇ ਸ੍ਰੀ ਮਾਤਾ ਪ੍ਰਸ਼ਾਦ, ਸਕੱਤਰ-ਭਲਾਈ ਮੰਤ੍ਰਾਲਾ, ਭਾਰਤ ਸਰਕਾਰ ਦੇ ਪ੍ਰਤੀ (ਜਿਨ੍ਹਾਂ ਤੋਂ ਸਮੇਂ ਤੇ ਬਹੁਮੁਲੀ ਸਲਾਹ-ਮਸ਼ਵਰੇ ਅਤੇ ਮਾਰਗ ਦਰਸ਼ਨ ਅਤੇ ਪ੍ਰੇਰਣਾ ਮਿਲਦੀ ਰਹਿੰਦੀ ਹੈ) ਸੰਸਥਾ ਵਲੋਂ ਮੈਂ ਬਹੁਤ ਧੰਨਵਾਦੀ ਹਾਂ।

ਬਾਬਾ ਸਾਹਿਬ ਦੇ ਸਮੁੱਚੇ ਸਾਹਿਤ ਦਾ ਹਿੰਦੀ ਅਤੇ ਹੋਰਨਾਂ ਦਸ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾਉਣ ਅਤੇ ਪ੍ਰਕਾਸ਼ਤ ਕਰਨ ਦੀ ਇਸ ਰਾਸ਼ਟਰੀ ਮਹੱਤਤਾ ਦੀ ਯੋਜਨਾ ਨਾਲ ਸਬੰਧਤ ਭਾਰਤੀ ਭਾਸ਼ਾਵਾਂ ਦੇ ਅਨੁਵਾਦਕਾਂ, ਪੁਨਰੀਕਸ਼ਕਾਂ, ਪ੍ਰਬੰਧਕ ਐਡੀਟਰਾਂ ਅਤੇ ਮੁਦਰਕਾਵਾਂ ਦੀ ਚੋਣ ਦੀ ਲੰਬੀ ਪ੍ਰਕਿਰਿਆਂ ਦੀਆਂ ਮੁਸ਼ਕਲਾਂ ਦੇ ਕਾਰਣ ਕੁੱਝ ਖੰਡਾਂ ਦੇ ਪ੍ਰਕਾਸ਼ਨ ਵਿਚ ਦੇਰ ਹੋਣ ਦਾ ਸਾਨੂੰ ਖੇਦ ਹੈ।

ਪੇਸ਼ ਕੀਤੇ ਪੰਜਾਬੀ ਖੰਡ ਦੇ ਸਮੇਂ ਸਿਰ ਪ੍ਰਕਾਸ਼ਤ ਹੋਣ ਤੇ ਸੰਸਥਾ ਨੂੰ ਬਹੁਤ ਖ਼ੁਸ਼ੀ ਹੋਈ ਹੈ ਅਤੇ ਇਸ ਦੇ ਲਈ ਪ੍ਰਬੰਧਕੀ ਐਡੀਟਰ ਅਤੇ ਸੰਸਥਾ ਦੇ ਵਿਸ਼ੇਸ਼ ਕਾਰਜ-ਅਧਿਕਾਰੀ ਅਤੇ ਇਸ ਯੋਜਨਾ ਦੇ ਸਹਿਯੋਗੀ ਸ੍ਰੀ ਜਗਨ ਨਾਥ ਪ੍ਰਸ਼ਾਦ ਵਧਾਈ ਦੇ ਪਾਤਰ ਹਨ। ਨਾਲ ਹੀ, ਅਸੀਂ ਅਨੁਵਾਦਕਾਂ-ਪੁਨਰੀਕਸ਼ਕਾਂ ਨੂੰ ਵਧਾਈ ਦਿੰਦੇ ਹਾਂ। ਜਿਨ੍ਹਾਂ ਨੇ ਇਸ ਕੰਮ ਵਿਚ ਸਹਿਯੋਗ ਦਿੱਤਾ ਹੈ।

ਸਾਨੂੰ ਖ਼ੁਸ਼ੀ ਹੈ ਕਿ ਸੰਸਥਾ ਦੁਆਰਾ ਪ੍ਰਕਾਸ਼ਿਤ ਕੀਤੇ ਜਾ ਰਹੇ ਬਾਬਾ ਸਾਹਿਬ ਡਾ. ਅੰਬੇਡਕਰ ਸਮੁੱਚੇ ਸਾਹਿਤ ਦਾ ਸਵਾਗਤ ਹੋਇਆ ਹੈ। ਇਸ ਦੇ ਨਾਲ ਸਾਨੂੰ ਭਾਰੀ ਉਤਸਾਹ ਅਤੇ ਬਲ ਮਿਲਿਆ ਹੈ। ਅੰਤ ਵਿਚ, ਅਸੀਂ ਇਸ ਸੰਬੰਧ ਵਿਚ ਆਪਣੇ ਸੂਝਵਾਨ ਪਾਠਕਾਂ ਦੇ ਸੁਝਾਵਾਂ ਦਾ ਸਵਾਗਤ ਕਰਾਂਗੇ।

ਗੰਗਾਦਾਸ
ਮੈਂਬਰ ਸਕੱਤਰ
ਡਾ. ਅੰਬੇਡਕਰ ਫਾਊਂਡੇਸ਼ਨ,
ਅਸੋਕ ਰੋਡ, ਨਵੀਂ ਦਿੱਲੀ।

ਸੰਪਾਦਕੀ

ਸਾਨੂੰ ਇਹ ਲਿਖਦਿਆਂ ਖੁਸ਼ੀ ਹੁੰਦੀ ਹੈ ਕਿ ਡਾ. ਅੰਬੇਡਕਰ ਸੰਪੂਰਨ ਸਾਹਿਤ ਪ੍ਰਾਜੈਕਟ ਦਾ ਕਾਰਜ ਅਨੇਕ ਕਠਿਨਾਈਆਂ ਦੇ ਬਾਵਜੂਦ ਆਪਣੀ ਚਾਲੇ ਅੱਗੇ ਵਧ ਰਿਹਾ ਹੈ। ਅਸੀਂ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੰਪੂਰਕ ਸਾਹਿਤ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਦੇ ਸਮੇਂ ਵਿਸ਼ੇ ਅਨੁਸਾਰ ਸ੍ਰੀ ਬੰਸਤ ਮੂਨ ਦੇ ਅੰਗ੍ਰੇਜ਼ੀ ਸੰਕਲਨ ਨੂੰ ਆਧਾਰ ਤਾਂ ਬਣਾਇਆ ਹੈ ਪਰ ਸੁਵਿਧਾ ਦੀ ਦ੍ਰਿਸ਼ਟੀ ਤੋਂ ਕੁਝ ਖੰਡਾਂ ਨੂੰ ਸੈਂਚੀਆਂ ਵਿੱਚ ਸਮੋਕੇ ਪੇਸ਼ ਕਰਨ ਦਾ ਯਤਨ ਕੀਤਾ ਹੈ।

ਅਨੁਵਾਦ ਦਾ ਕੰਮ ਬਹੁਤ ਕਠਿਨ ਹੁੰਦਾ ਹੈ। ਪਰ ਡਾ. ਭੀਮ ਰਾਉ ਅੰਬੇਡਕਰ ਦੀ ਅੰਗ੍ਰੇਜ਼ੀ ਭਾਸ਼ਾ ਵਿੱਚ ਪ੍ਰਗਟਾਈ ਗਈ ਵਿਚਾਰਧਾਰਾ ਨੂੰ ਪੰਜਾਬੀ ਵਿੱਚ ਉਲਥਾਉਣ ਲਈ ਕਾਫੀ ਮਿਹਨਤ ਕਰਨੀ ਪਈ ਹੈ। ਜਿਥੇ ਨਿਰੋਲ ਪੰਜਾਬੀ ਦੀ ਸੰਕੇਤਾਵਲੀ ਪ੍ਰਾਪਤ ਨਹੀਂ ਹੋਈ, ਉਥੇ ਚਲੰਤ ਹਿੰਦੀ ਅਤੇ ਉਰਦੂ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਤਾਕਿ ਗੱਲ ਪੂਰੀ ਤਰ੍ਹਾਂ ਸਮਝ ਵਿੱਚ ਆ ਸਕੇ ਅਤੇ ਲੋੜੀਂਦਾ ਲਾਭ ਪ੍ਰਾਪਤ ਹੋ ਸਕੇ। ਇਹ ਪ੍ਰਾਜੈਕਟ ਬਹੁਤ ਵੱਡਾ ਹੈ ਪਰ ਸਮਾਂ ਬਹੁਤ ਘੱਟ ਹੈ। ਤਿੰਨ ਸਾਲਾਂ ਵਿੱਚ ਇਸ ਕਾਰਨ ਨੂੰ ਨੇਪਰੇ ਚਾੜ੍ਹਨ ਦਾ ਸੁਦ੍ਰਿੜ ਇਰਾਦਾ ਹੈ। ਭਾਵੇਂ ਇਹ ਅਸੰਭਵ ਲਗਦਾ ਹੈ, ਪਰ ਇਸ ਨੂੰ ਈਮਾਨਦਾਰੀ ਯਤਨ ਨਾਲ ਮਿਥੇ ਸਮੇਂ ਦੇ ਵਿੱਚ ਵਿੱਚ ਹੀ ਪੂਰਾ ਕਰਨ ਦਾ ਭਰਪੂਰ ਯਤਨ ਕੀਤਾ ਜਾਵੇਗਾ। ਸਮੂਹ ਵਿਦਵਾਨ ਅਨੁਵਾਦਕ, ਸੋਧਕ ਅਤੇ ਸੰਪਾਦਕ ਪੂਰੀ ਨਿਸ਼ਠਾ ਨਾਲ ਇਸ ਕਾਰਜ ਨੂੰ ਸੰਪੂਰਨ ਕਰਨ ਵਿੱਚ ਯਤਨਬੱਧ ਹਨ। ਆਸ ਰਖਦੇ ਹਾਂ ਸਮੂਹ ਯਤਨ ਸਾਨੂੰ ਕਾਮਯਾਬੀ ਦਿਵਾਉਣਗੇ।

ਸਾਨੂੰ ਕਿਰਪਾਲੂ ਪਾਠਕਾਂ ਤੋਂ ਆਸ ਹੈ ਕਿ ਉਹ ਇਸ ਅਨੁਵਾਦ ਕਾਰਜ ਨੂੰ ਸਾਹਿਤਕ ਅਨੁਵਾਦ ਕਾਰਜ ਹੀ ਸਮਝਣਗੇ ਅਤੇ ਗਿਆਨ-ਵਿਗਿਆਨ ਦੇ ਇਸ ਪ੍ਰਸੰਗ ਨੂੰ ਆਪਣੀ ਸੋਚ ਵਿਚ ਢੁਕਵੀਂ ਥਾਂ ਦੇਣਗੇ। ਇਸ ਤਰ੍ਹਾਂ ਬਾਬਾ ਸਾਹਿਬ ਦੇ ਸਾਹਿਤ ਦਾ ਠੀਕ ਚਿੰਤਨ ਹੋ ਸਕੇਗਾ।

ਅਸੀਂ ਅੰਗ੍ਰੇਜ਼ੀ ਵਿੱਚ ਪ੍ਰਕਾਸ਼ਤ ਖੰਡ ਦੋ ਜੋ ਕਾਫੀ ਵੱਡੇ ਆਕਾਰ ਦਾ ਸੀ, ਪਾਠਕਾਂ ਦੀ ਸੁਵਿਧਾ ਲਈ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਤਿੰਨ ਭਾਗਾਂ ਦੇ ਰੂਪ ਵਿੱਚ ਕਰ ਦਿੱਤਾ ਹੈ ਤਾਕਿ ਪੜ੍ਹਨ ਅਤੇ ਸੰਭਾਲਣ ਵਿੱਚ ਕਠਿਨਾਈ ਨਾ ਆਵੇ। ਇਨ੍ਹਾਂ ਤਿੰਨਾਂ ਭਾਗਾਂ ਨੂੰ ਤਿੰਨ ਸੈਂਚੀਆ ਅਰਥਾਤ ਸੈਂਚੀ ਤੀਜੀ, ਸੈਂਚੀ ਚੌਥੀ ਅਤੇ ਸੈਂਚੀ ਪੰਜਵੀ ਵਲੋਂ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਸੈਂਚੀਆਂ ਦੇ ਵਿਸ਼ੇ ਹਨ : ਡਾ. ਅੰਬੇਡਕਰ-ਬੰਬਈ ਵਿਧਾਨ ਮੰਡਲ ਵਿਚ, ਸਾਇਮਨ ਕਮੀਸ਼ਨ ਦੇ ਨਾਲ ਅਤੇ ਗੋਲ ਮੇਜ਼ ਕਾਨਫ਼ਰੰਸਾਂ। ਇਸ ਸੈਂਚੀ ਵਿੱਚ ਜਿਹੜੇ ਫੁੱਟ ਨੋਟ ਦਿਤੇ ਗਏ ਹਨ ਉਨ੍ਹਾਂ ਵਿੱਚ ਹਵਾਲੇ ਵਜੋਂ ਦਿਤੇ ਗਏ ਪੰਨੇ ਅੰਗਰੇਜ਼ੀ ਪੁਸਤਕ ਦੇ ਹਨ।

ਅਸੀਂ 'ਸਰ' ਸ਼ਬਦ ਨੂੰ 'ਮਾਨਯੋਗ' ਸ਼ਬਦ ਨਾਲ ਰੂਪਾਂਤਰਿਤ ਕੀਤਾ ਹੈ। ਇਸ ਨੂੰ 'ਸਰ' ਵਾਲੀ ਭਾਵਨਾ ਵਿੱਚ ਹੀ ਸਮਝਿਆ ਜਾਵੇ।

ਸਾਨੂੰ ਵਿਸ਼ਵਾਸ ਹੈ ਕਿ ਇਸ ਸੈਂਚੀ ਨੂੰ ਵੀ ਪਾਠਕ ਪਿਆਰ ਨਾਲ ਪੜ੍ਹਨਗੇ।

ਡਾ. ਲੇਖਰਾਜ ਪਰਵਾਨਾ,
ਪ੍ਰਬੰਧ ਸੰਪਾਦਕ

ਵਿਸ਼ਾ ਸੂਚੀ

ਆਮੁੱਖ

ਸੰਦੇਸ਼

ਪ੍ਰਕਾਸ਼ਕੀ

ਸੰਪਾਦਕੀ

1.	ਬਜਟ ਤੇ ਚਰਚਾ	3
2.	ਵਿੱਤ ਕਮੀਸ਼ਨ- ਸੋਧਨਾ ਬਿਲ	49
3.	ਸਿਖਿਆ ਲਈ ਗਰਾਂਟਾ	55
4.	ਬੰਬਈ ਯੂਨੀਵਰਸਿਟੀ ਐਕਟ ਸੋਧਨਾ ਬਿਲ	64
5.	ਬੰਬਈ ਪ੍ਰਾਇਮਰੀ ਸਿੱਖਿਆ ਐਕਟ ਸੋਧਨਾ ਬਿਲ	88
6.	ਬੰਬਈ ਪੁਸ਼ਤੈਨੀ ਅਹੁਦੇਦਾਰੀ ਐਕਟ ਨੂੰ ਸੋਧਣ ਲਈ 1928 ਦਾ ਬਿਲ	98
7.	ਖੋਤੀ ਵਿਵਸਥਾ ਬਿਲ (ਖੋਤੀ ਮਹਾਰਾਸ਼ਟਰੀ ਭਾਸ਼ਾ ਦਾ ਸ਼ਬਦ ਹੈ)	128
8.	ਗਰਾਮ ਪੰਚਾਇਤ ਬਿਲ	139
9.	ਸਥਾਨਕ ਬੋਰਡਜ਼ ਐਕਟ ਸੋਧਨਾ ਬਿਲ	165
10.	ਛੋਟੇ ਕਿਸਾਨ ਰਾਹਤ ਬਿਲ	172
11.	ਬੰਬਈ ਪੁਲਿਸ ਕਮੀਸ਼ਨ ਸੋਧਨਾ ਬਿਲ	183
12.	ਬੰਬਈ ਨਗਰਪਾਲਿਕਾ ਐਕਟ ਸੋਧਨਾ ਬਿਲ	211
13.	ਨਸ਼ੇਬੰਦੀ ਸਬੰਧੀ	213
14.	ਪ੍ਰਸੂਤੀ ਬਿਲ	217
15.	ਕੋੜੇ ਮਾਰਨ ਦੀ ਸਜ਼ਾ	220
16.	ਮੰਤਰੀਆ ਦੀਆ ਤਨਖਾਹਾਂ ਸਬੰਧੀ ਬਿਲ	222
17.	ਨਾਬਾਲਗ ਅਪਰਾਧੀਆਂ ਦੀ ਪਰਖ ਸਬੰਧੀ ਬਿਲ	234
18.	ਤੰਬਾਕੂ ਕਰ ਐਕਟ ਸੋਧਨਾ ਬਿਲ	237
19.	ਨਿਆਂਪਾਲਿਕਾ ਦੀ ਖੁਦਮੁਖਤਾਰੀ	239
20.	ਵੱਖਰੇ ਕਰਨਾਟਕ ਪ੍ਰਾਂਤ ਦੀ ਸਿਰਜਨਾ	245
21.	ਵਿਧਾਨ ਸਭਾ ਦੀ ਕਾਰਜਪ੍ਰਣਾਲੀ	256
22.	ਉਦਯੋਗਿਕ ਵਿਵਾਦ ਬਿਲ	261

23. ਗੜਬੜ ਦੰਗਿਆ ਬਾਰੇ ਪੁੱਛ ਪੜਤਾਲ ਕਮੇਟੀ ਦੀ ਰਿਪੋਰਟ 306
24. ਯੁੱਧ ਵਿਚ ਹਿੱਸਾ ਲੈਣ ਸਬੰਧੀ 312
ਅੰਤਿਕਾ
1 ਸੰਤਾਨ ਸੰਜਮ ਦੇ ਉਪਾਅ 345
11 ਡਾ. ਭੀਮ ਰਾਉ ਅੰਬੇਦਕਰ ਦੁਆਰਾ ਪੁੱਛੇ ਗਏ ਪ੍ਰਸ਼ਨ 365
111 ਯੂਨੀਵਰਸਿਟੀ ਸੁਧਾਰ ਕਮੇਟੀ 387
ਅਨੁਕ੍ਰਮਣਿਕਾ

ਡਾ. ਅੰਬੇਡਕਰ
ਬਬੰਈ ਵਿਧਾਨ ਮੰਡਲ ਵਿੱਚ

1

* ਬਜਟ ਤੇ ਚਰਚਾ

1

ਡਾ. ਬੀ.ਆਰ. ਅੰਬੇਡਕਰ : ਪ੍ਰੈਜ਼ੀਡੈਂਟ ਸਾਹਿਬ, ਬਜਟ ਤੇ ਬਹਿਸ ਬਹੁਤ ਦੇਰ ਤੋਂ ਹੋ ਰਹੀ ਹੈ, ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਜੋ ਕੁਝ ਵੀ ਇਸ ਬਾਰੇ ਕਿਹਾ ਜਾ ਸਕਦਾ ਸੀ, ਕਿਹਾ ਜਾ ਚੁਕਿਆ ਹੈ। ਇਸ ਲਈ ਮੇਰੇ ਵਰਗੇ ਨਵੇਂ ਮੈਂਬਰ ਵਾਸਤੇ ਚੁੱਪ ਰਹਿਣਾ ਹੀ ਚੰਗਾ ਸੀ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਕ ਅਜਿਹਾ ਨਜ਼ਰੀਆ ਹੈ ਜੋ ਇਸ ਸਦਨ ਦੇ ਸਾਹਮਣੇ ਨਹੀਂ ਰੱਖਿਆ ਗਿਆ, ਅਤੇ ਕਿਉਂ ਜ ਮੈਂ ਉਸ ਨਜ਼ਰੀਏ ਦੀ ਪ੍ਰਤਿਨਿਧਤਾ ਕਰਦਾ ਹਾਂ, ਮੈਂ ਸਮਝਦਾ ਹਾਂ ਮੇਰਾ ਫਰਜ਼ ਬਣ ਜਾਂਦਾ ਹੈ ਕਿ ਮੈਂ ਉਸ ਨੂੰ ਸਪੱਸ਼ਟ ਕਰਾਂ।

ਪ੍ਰੈਜ਼ੀਡੈਂਟ ਸਾਹਿਬ, ਜਦੋਂ ਕੋਈ ਵਿਅਕਤੀ ਬਜਟ ਦੀ ਨੁਕਤਾਚੀਨੀ ਸ਼ੁਰੂ ਕਰਦਾ ਹੈ ਤਾਂ ਸ਼ੁਰੂ ਤੋਂ ਹੀ ਉਹ ਇਸ ਅਹਿਸਾਸ ਤੋਂ ਲਾਚਾਰ ਹੁੰਦਾ ਹੈ ਕਿ ਮੈਂ ਕੀ ਕਹਾਂ, ਕਿਉਂਕਿ ਅਸਰਦਾਰ ਨੁਕਤਾਚੀਨੀ ਦਾ ਘੇਰਾ ਬੜਾ ਛੋਟਾ ਹੈ। ਇਸ ਬਜਟ ਵਿਚ ਦਿਤਾ ਗਿਆ ਕੁਝ ਅਨੁਮਾਨਤ ਖ਼ਰਚਾ 36 ਪ੍ਰਤੀਸ਼ਤ ਦੇ ਕਰੀਬ ਹੈ। ਇਸ ਪ੍ਰੈਜ਼ੀਡੈਂਸੀ ਦੀ ਕੁਲ ਅਨੁਮਾਨਤ ਆਮਦਨ ਸਾਢੇ ਪੰਦਰਾਂ ਕਰੋੜ ਰੁਪਏ ਹੈ, ਅਤੇ ਇਸ ਵਿਚੋਂ ਲਗਭਗ ਸਾਢੇ ਨੌ ਕਰੋੜ ਰੁਪਏ ਕਾਰਜਕਾਰੀ ਵਲੋਂ ਪਰਿਸ਼ਦ ਦੀ ਸਹਿਮਤੀ ਤੋਂ ਬਿਨਾਂ ਲਗਾਏ ਜਾ ਰਹੇ ਹਨ। ਮੈਂ ਜ਼ਮੀਨ ਮਾਲੀਏ ਅਤੇ ਆਬਕਾਰੀ ਮਾਲੀਏ ਬਾਰੇ ਗੱਲ ਕਰਦਾ ਹਾਂ। ਇਸ ਲਈ ਖ਼ਰਚ ਅਤੇ ਆਮਦਨ ਦੋਹਾਂ ਬਾਰੇ ਵਿਚਾਰ ਕਰਦਿਆਂ, ਮੈ ਸਮਝਦਾ ਹਾਂ ਇਹ ਕਹਿਣਾ ਠੀਕ ਹੈ ਕਿ ਜਿਸ ਨੇ ਵੀ ਕੋਈ ਨੁਕਤਾਚੀਨੀ ਕਰਨੀ ਹੈ ਉਹ ਅਸਲ ਵਿਚ ਬਹੁਤ ਹੀ ਸੀਮਤ ਹੈ, ਕਿਉਂਕਿ ਪਰਿਸ਼ਦ ਖ਼ਰਚੇ ਦੇ 64 ਪ੍ਰਤੀਸ਼ਤ ਅਤੇ ਆਮਦਨ ਦੇ 40 ਪ੍ਰਤੀਸ਼ਤ ਬਾਰੇ ਹੀ ਵਿਚਾਰ ਕਰ ਸਕਦੀ ਹੈ। ਪਰ ਇਨ੍ਹਾਂ ਚੀਜ਼ਾਂ ਨੂੰ ਉਸੇ ਤਰ੍ਹਾਂ ਲਵੋ। ਜਿਵੇਂ ਕਿ ਇਹ ਹਨ, ਪ੍ਰਜ਼ੀਡੈਂਟ ਸਾਹਿਬ, ਮੈਂ ਉਹ ਵਿਚਾਰ ਪੇਸ਼ ਕਰਾਂਗਾ ਜੋ ਮੈ ਪੇਸ਼ ਕਰਨ ਦੇ ਯੋਗ ਹਾਂ।

ਬਜਟ ਦੇ ਆਮਦਨ ਵਾਲੇ ਪਾਸੇ ਤੋਂ ਸ਼ੁਰੂ ਕਰਦੇ ਹੋਏ, ਮੈਂ ਪਹਿਲਾਂ ਇਸ ਬਾਰੇ ਆਯੋਗ ਵਿੱਤ ਮੈਂਬਰ ਦੇ ਨਜ਼ਰੀਏ ਤੋਂ ਅਤੇ ਫਿਰ, ਕਰ ਦੇਣ ਵਾਲਿਆਂ ਦੇ ਨਜ਼ਰੀਏ ਤੋਂ ਵਿਚਾਰ ਰੱਖਣੇ ਚਾਹੁੰਦਾ ਹਾਂ। ਜਦੋਂ ਮੈਂ ਇਹ ਆਖਾਂ ਕਿ ਆਮਦਨ ਦੀ ਚੰਗੀ ਪ੍ਰਣਾਲੀ ਦੀ ਪਹਿਲੀ ਅਤੇ ਬਹੁਤ ਜ਼ਰੂਰੀ ਲੋੜ ਉਸਦਾ ਭਰੋਸੇਯੋਗ ਹੋਣਾ ਹੈ, ਤਾਂ ਮਾਨਯੋਗ ਵਿੱਤ ਮੈਂਬਰ ਮੇਰੇ ਨਾਲ ਸਹਿਮਤ ਹੋਣਗੇ। ਇਹ ਮਹੱਤਵਪੂਰਨ ਨਹੀਂ ਕਿ ਆਮਦਨ ਦੀ ਪ੍ਰਣਾਲੀ ਨਾਲ ਆਮਦਨ ਵੱਧ ਹੁੰਦੀ ਹੈ ਜਾਂ ਘੱਟ ਪਰ ਇਸ ਨਾਲ ਜੋ ਵੀ ਆਮਦਨ ਹੋਵੇ ਉਹ ਨਿਸ਼ਚਿਤ ਹੋਣੀ ਚਾਹੀਦੀ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ XIX ਛਪੇ ਹੋਏ ਪੰਨੇ 164-168, ਮਿਤੀ 24 ਫਰਵਰੀ, 1927

+ ਡਾ. ਅੰਬੇਡਕਰ ਨੂੰ ਬੰਬਈ ਵਿਧਾਨ ਪਰਿਸ਼ਦ ਦੇ ਨਾਮਜ਼ਦ ਮੈਂਬਰ ਵਜੋਂ ਸ਼ੁਕਰਵਾਰ, 18, ਫਰਵਰੀ, 1927 ਨੂੰ ਸਹੁੰ ਚੁਕਾਈ ਸੀ।

ਹੈ। ਜੇਕਰ ਆਮਦਨ ਵਾਲੇ ਪਾਸੇ ਤੇ ਇਸ ਦ੍ਰਿਸ਼ਟੀਕੋਣ ਨਾਲ ਨਜ਼ਰ ਮਾਰੀਏ, ਤਾਂ ਮੈਂ ਦੇਖਦਾਂ ਹਾਂ ਕਿ ਜ਼ਮੀਨ ਮਾਲੀਆ ਜਿਹੜਾ ਇਸ ਬਜਟ ਵਿਚ ਸਭ ਤੋਂ ਵੱਡੀ ਮੱਦ ਹੈ, ਉਸ ਵਿਚ 50 ਲੱਖ ਰੁਪਏ ਦੇ ਨੇੜੇ ਤੇੜੇ ਫ਼ਰਕ ਪੈ ਸਕਦਾ ਹੈ। ਜੇਕਰ ਤੁਸੀਂ "ਆਬਕਾਰੀ" ਨੂੰ ਲਉ ਜੋ ਆਮਦਨ ਦਾ ਦੂਜਾ ਸਭ ਤੋਂ ਵੱਡਾ ਸਾਧਨ ਹੈ ਤਾਂ ਤੁਸੀਂ ਦੇਖੋਗੇ ਕਿ ਸੁਧਾਰਾਂ ਦੇ ਲਾਗੂ ਹੋਣ ਤੋਂ ਲੈਕੇ ਇਸ ਵਿਚ 73 ਲੱਖ ਰੁਪਏ ਦਾ .ਫ਼ਰਕ ਪਿਆ ਹੈ। ਇਸ ਲਈ, ਮੈਂ ਆਪਣੇ ਦੋਸਤ, ਮਾਨਯੋਗ ਵਿੱਤ ਮੈਂਬਰ ਦਾ ਧਿਆਨ ਇਸ ਪਾਸੇ ਵਲ ਦਿਵਾਉਂਦਾ ਹਾਂ ਕਿ ਜੇਕਰ ਆਮਦਨ ਦੀ ਪ੍ਰਣਾਲੀ ਵਾਲੀਆਂ ਇਨ੍ਹਾਂ ਦੋ ਮਦਾਂ ਦਾ ਅੰਤਰ ਇਸੇ ਤਰ੍ਹਾਂ ਰਿਹਾ ਤਾਂ ਇਸਦੇ ਨਤੀਜੇ ਕੀ ਹੋਣਗੇ ? ਜੇਕਰ ਤੁਹਾਡਾ ਅੰਤਰ ਕਿਸੇ ਤਰ੍ਹਾਂ ਬਰਕਰਾਰ ਰਿਹਾ ਤਾਂ ਮੈਂ ਸਮਝਦਾ ਹਾਂ ਕਿ ਇਕ ਕਰੋੜ ਤੋਂ ਵੱਧ ਦਾ ਨੁਕਸਾਨ ਹੋਵੇਗਾ। ਮੈਂ ਨਹੀਂ ਸਮਝਦਾ ਕਿ ਆਮਦਨ ਦੀ ਅਜਿਹੀ ਪ੍ਰਣਾਲੀ ਹੀ ਉਹ ਪ੍ਰਣਾਲੀ ਹੈ ਜਿਸਤੇ ਮਾਨਯੋਗ ਵਿੱਤ ਮੈਂਬਰ ਨੂੰ ਭਰੋਸਾ ਕਰਨਾ ਚਾਹੀਦਾ ਹੈ। ਪਰ ਇਸ ਬਾਰੇ ਤਾਂ ਉਨ੍ਹਾਂ ਨੇ ਦੇਖਣਾ ਹੈ, ਮੈਂ ਨਹੀਂ, ਕਿਉਂਕਿ ਉਹ ਇਸ ਦੇਸ਼ ਦੀ ਪੂੰਜੀ ਦੇ ਇੰਚਾਰਜ ਹਨ।

ਪ੍ਰੇਜ਼ੀਡੈਂਟ ਸਾਹਿਬ, ਹੁਣ ਆਮਦਨ ਦੀਆਂ ਉਨ੍ਹਾਂ ਹੀ ਮੱਦਾਂ ਤੇ ਵਿਚਾਰ ਕਰਦਿਆਂ ਹੋਇਆ ਅਤੇ ਕਰ ਦੇਣ ਵਾਲਿਆਂ ਦੇ ਨੁਕਤਾ ਨਿਗਾਹ ਤੋਂ ਦੇਖਦਿਆਂ ਮੈਂ ਸਮਝਦਾ ਹਾਂ ਕਿ ਇਸ ਪ੍ਰਜ਼ੀਡੈਂਸੀ ਦੀ ਆਮਦਨ ਦੀ ਪ੍ਰਣਾਲੀ ਨਿਆਂ ਪੂਰਨ ਅਤੇ ਸਮਰਥਨ ਯੋਗ ਨਹੀਂ। ਸਭ ਤੋਂ ਪਹਿਲਾਂ ਜ਼ਮੀਨ ਮਾਲੀਏ ਨੂੰ ਹੀ ਲੈ ਲਉ। ਲਫ਼ਜ਼ੀ ਹੇਰ ਫੇਰ ਜੋ ਮਰਜ਼ੀ ਹੋਵੇ, ਭਾਵੇਂ ਇਹ ਕਰ (TAX) ਹੈ, ਭਾਵੇਂ ਇਹ ਕਿਰਾਇਆ ਹੈ, ਮੈਂ ਆਖਾਂਗਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਜ਼ਮੀਨ ਮਾਲੀਆ ਵਪਾਰੀ ਦੇ ਲਾਭ ਉਤੇ ਕਰ ਹੈ। ਜੇਕਰ ਇਹ ਦੋਵੇਂ ਲਗਾਨ ਇਕੋ ਹੀ ਹਨ ਤਾਂ ਮੈਂ ਮਾਨਯੋਗ ਵਿੱਤ ਮੈਂਬਰ ਤੋਂ ਜਾਣਨਾ ਚਾਹੁੰਦਾ ਹਾਂ। ਕਿ ਫਿਰ ਦੋਹਾਂ ਦੇ ਲਗਾਨ ਦੇ ਤਰੀਕੇ ਵੱਖ ਵੱਖ ਕਿਉਂ ਹਨ ? ਇਕ ਕਿਸਾਨ ਉੱਤੇ ਭਾਵੇਂ ਉਸਦੀ ਆਮਦਨ ਕੁਝ ਕੀ ਹੋਵੇ, ਜ਼ਮੀਨ ਕਰ ਲਗਾਇਆ ਜਾਂਦਾ ਹੈ। ਪਰ ਆਮਦਨ ਕਰ ਅਧੀਨ, ਉਸ ਵਿਅਕਤੀ ਨੂੰ ਜਿਸਨੂੰ ਸਾਲ ਦੇ ਦੌਰਾਨ ਕੋਈ ਆਮਦਨ ਨਾ ਹੋਈ ਹੋਵੇ, ਆਮਦਨ ਕਰ ਦੇਣ ਲਈ ਨਹੀਂ ਕਿਹਾ ਜਾਂਦਾ। ਜਿਥੋਂ ਤਕ ਜ਼ਮੀਨ ਮਾਲੀਏ ਦਾ ਸਬੰਧ ਹੈ, ਉਥੇ ਇਹ ਪ੍ਰਣਾਲੀ ਲਾਗੂ ਨਹੀਂ ਹੁੰਦੀ। ਭਾਵੇਂ .ਫ਼ਸਲ ਨਾ ਹੋਈ ਹੋਵੇ, ਜਾਂ ਵਧੇਰੇ ਫ਼ਸਲ ਹੋਈ ਹੋਵੇ ਵਿਚਾਰੇ ਕਿਸਾਨ ਨੂੰ ਮਾਲੀਆ ਦੇਣ ਲਈ ਕਿਹਾ ਜਾਂਦਾ ਹੈ। ਆਮਦਨ ਕਰ, ਕਰ ਅਦਾ ਕਰਨ ਦੀ ਯੋਗਤਾ ਦੇ ਮਾਨਤਾ ਪ੍ਰਾਪਤ ਸਿਧਾਂਤ ਅਨੁਸਾਰ ਲਗਾਇਆ ਜਾਂਦਾ ਹੈ, ਪਰ ਜ਼ਮੀਨ ਮਾਲੀਏ ਦੀ ਪ੍ਰਣਾਲੀ ਹੇਠ ਕਿਸੇ ਵੀ ਵਿਅਕਤੀ ਤੋਂ ਇਕੋ ਦਰ ਨਾਲ ਮਾਲੀਆ ਲਗਾਇਆ ਜਾਂਦਾ ਹੈ ਭਾਵੇਂ ਉਹ ਜਗੀਰਦਾਰ ਹੋਵੇ ਜਾਂ ਇਕ ਇਨਾਮਦਾਰ, ਭਾਵੇਂ ਉਹ ਇਕ ਏਕੜ ਜ਼ਮੀਨ ਦਾ ਮਾਲਕ ਹੈ, ਉਸ ਨੂੰ ਕਰ ਉਸੇ ਦਰ ਤੇ ਦੇਣਾ ਪੈਂਦਾ ਹੈ। ਇਹ ਅਨੁਪਾਤੀ ਕਰ ਹੈ ਅਤੇ ਪ੍ਰਗਤੀਵਾਦੀ ਕਰ ਨਹੀਂ, ਜੋ ਕਿ ਹੋਣਾ ਚਾਹੀਦਾ ਹੈ। ਦੁਬਾਰਾ ਫਿਰ, ਆਮਦਨ ਕਰ ਅਧੀਨ ਜਿਨ੍ਹਾਂ ਦੀ ਆਮਦਨ ਕਿਸੇ ਖ਼ਾਸ ਘੱਟ ਤੋਂ ਘੱਟ ਹੱਦ ਤਕ ਆਮਦਨ ਹੁੰਦੀ ਹੈ, ਉਨ੍ਹਾਂ ਨੂੰ

ਆਮਦਨ ਕਰ ਤੋਂ ਛੋਟ ਦੇ ਦਿੱਤੀ ਜਾਂਦੀ ਹੈ। ਪਰ ਜ਼ਮੀਨ ਮਾਲੀਏ ਅਧੀਨ ਹਰ ਇਕ ਪਾਸੋਂ ਬੇਦਰਦੀ ਨਾਲ ਕਰ ਦੀ ਵਸੂਲੀ ਕੀਤੀ ਜਾਂਦੀ ਹੈ, ਭਾਵੇਂ ਉਹ ਅਮੀਰ ਹੋਵੇ ਜਾਂ .ਗਰੀਬ।

ਮੁੜਕੇ ਫੇਰ "ਆਬਕਾਰੀ" ਨੂੰ ਲਉ। ਇਹ ਇਕ ਅਜਿਹੀ ਮੱਦ ਹੈ, ਜਿਸ ਤੋਂ ਬਹੁਤ ਆਮਦਨ ਹੁੰਦੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਹ ਜਨਤਕ ਕਾਨੂੰਨੀ ਏਕਾਧਿਕਾਰ ਹੈ। ਇਹ ਸਰਕਾਰ ਨੂੰ ਆਮਦਨ ਵਧਾਉਣ ਦੇ ਯੋਗ ਹੋਣ ਦੇ ਮੰਤਵ ਵਾਸਤੇ ਨਹੀਂ ਸੀ, ਪਰ ਏਕਾਧਿਕਾਰ ਇਸ ਕਰਕੇ ਬਣਾਇਆ ਗਿਆ ਸੀ ਕਿਉਂਕਿ ਸ਼ਰਾਬ ਪੀਣ ਦੀ ਆਦਤ ਵਧ ਜਾਣ ਕਰਕੇ ਲੋਕਾਂ ਦਾ ਮਨੋਬਲ ਡਿਗਣ ਤੋਂ ਰੋਕਣ ਲਈ ਸਰਕਾਰ ਚੰਗੇਰੀ ਸਥਿਤੀ ਵਿਚ ਹੋਵੇਗੀ। ਜੇਕਰ ਮਾਲੀਏ ਦੀ ਉਗਰਾਹੀ ਕਰਨਾ ਹੀ ਕੇਵਲ ਇਕ ਟੀਚਾ ਹੈ ਤਾਂ ਸਰਕਾਰੀ ਏਕਾਧਿਕਾਰ ਦੀ ਕੋਈ ਲੋੜ ਨਹੀਂ। ਸਰਕਾਰ ਦੁਆਰਾ ਇਸ ਏਕਾਧਿਕਾਰ ਦਾ ਪ੍ਰਬੰਧ ਕਿਵੇਂ ਕੀਤਾ ਗਿਆ ਹੈ ? ਜੇਕਰ ਤੁਸੀਂ ਅੰਕੜੇ ਲਵੋ ਕਿ ਹਰ ਇਕ ਪ੍ਰੈਜ਼ੀਡੈਂਸੀ ਦੇ ਲੋਕ ਸ਼ਰਾਬ ਪੀਣ ਤੇ ਕਿੰਨਾ .ਖਰਚ ਕਰਦੇ ਹਨ, ਤਾਂ ਤੁਸੀ ਦੇਖੋਗੇ ਕਿ ਜਿਥੇ ਤਕ ਸ਼ਰਾਬ ਪੀਣ ਦੀ ਆਦਤ ਦਾ ਸਬੰਧ ਹੈ, ਬੰਬਈ ਪ੍ਰੈਜ਼ੀਡੈਂਸੀ ਪਹਿਲੇ ਨੰਬਰ ਤੇ ਹੈ। ਮੈਂ ਦੇਖਦਾ ਹਾਂ ਕਿ ਮਦਰਾਸ ਵਿਚ ਹਰ ਇਕ ਵਿਅਕਤੀ 1-3-7 ਰੁ: (1.22ਰੁ:) ਖ਼ਰਚ ਕਰਦਾ ਹੈ ਬੰਗਾਲ ਵਿਚ 0-7-1 ਰੁ: (0.45ਰੁ:) ਸੰਯੁਕਤ ਪ੍ਰਾਂਤ ਵਿਚ 0-4-7 ਰੁ: (0.28ਰੁ:) ਪੰਜਾਬ ਵਿਚ 1-7-8 ਰੁ: (1.48ਰੁ:) ਬਰਮਾ ਵਿੱਚ 1-4-0 ਰੁ: (1.25 ਰੁ:), ਬਿਹਾਰ ਅਤੇ ਉੜੀਸਾ ਵਿਚ 0-8-7 ਰੁ: (0.58 ਰੁ:) ਕੇਂਦਰੀ ਪ੍ਰਾਂਤਾਂ ਅਤੇ ਬਿਹਾਰ ਵਿਚ 0-15 ਰੁ: (0.94 ਰੁ:), ਆਸਾਮ ਵਿਚ 0-13-0 ਰੁ: (0.83 ਰੁ:)। ਪਰ ਬੰਬਈ ਵਿੱਚ ਸਾਡੇ ਪਾਸ ਦੇ ਭਿਆਨਕ ਅੰਕੜੇ ਹਨ ਜਿਥੇ ਹਰ ਇਕ ਵਿਅਕਤੀ 2-2-9 ਰੁ: (2-18 ਰੁ:) ਖ਼ਰਚ ਕਰਦਾ ਹੈ। ਮੈਂ ਆਪਣੇ ਮਾਨਯੋਗ ਦੋਸਤ, ਵਿੱਤ ਮੈਂਬਰ ਪਾਸੋਂ ਪੁੱਛਦਾ ਹਾਂ ਕਿ ਕੀ ਇਹ ਪ੍ਰਣਾਲੀ ਸਮਰਥਨ ਕਰਨ ਦੇ ਯੋਗ ਹੈ ? ਪ੍ਰੈਜ਼ੀਡੈਂਟ ਸਾਹਿਬ, ਸਰਕਾਰ ਨੇ ਨਸ਼ਾਬੰਦੀ ਦੀ ਨੀਤੀ ਸਵੀਕਰ ਕਰ ਲਈ ਹੈ ਅਤੇ ਇਸ ਨੀਤੀ ਨੂੰ ਸਾਕਾਰ ਕਰਨ ਲਈ ਕੁਝ ਉਪਾਅ ਵੀ ਕੀਤੇ ਹਨ। ਪਰ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ। ਇਨ੍ਹਾਂ ਉਪਾਵਾਂ ਵਿਚੋਂ ਇਕ ਉਪਾਅ ਰਾਸ਼ਨ ਦੀ ਨੀਤੀ ਲਾਗੂ ਕਰਨਾ ਹੈ। ਸ਼੍ਰੀਮਾਨ ਜੀ, ਸਰਕਾਰ ਵਲੋਂ ਰਾਸ਼ਨ ਕੀਤੀ ਗਈ ਦੇਸੀ ਸ਼ਰਾਬ ਦੀ ਮਿਕਦਾਰ, ਜਿਸ ਤੋਂ ਵੱਧ ਇਸਨੇ ਨਹੀਂ ਸੀ ਵੇਚਣੀ, 1,883,804 ਗੈਲਨ ਮਿਥੀ ਗਈ ਸੀ। ਪਰ ਮਿਥੀ ਗਈ ਮਿਕਦਾਰ ਤਾਂ ਖਪਤ ਨੂੰ ਰੋਕਣ ਦਾ ਇਕ ਬੇਕਾਰ ਬਹਾਨਾ ਹੈ, ਕਿਉਂਕਿ ਖਪਤ ਹੋਈ ਅਸਲ ਮਿਕਦਾਰ ਕੇਵਲ 1,405,437 ਗੈਲਨ ਸੀ। ਅਰਥਾਤ, ਰਾਸ਼ਨ ਕੀਤੀ ਅਸਲ ਮਿਕਦਾਰ, ਖਪਤ ਹੋਈ ਅਸਲ ਮਿਕਦਾਰ ਨਾਲੋਂ 478,367 ਗੈਲਨ ਵੱਧ ਸੀ। ਮੈਂ ਸਮਝਦਾ ਹਾਂ ਕਿ ਨਸ਼ਾਬੰਦੀ ਦੀ ਨੀਤੀ ਨੂੰ ਸਾਕਾਰ ਕਰਨ ਲਈ ਅਪਣਾਇਆ ਗਿਆ ਦੂਜਾ ਉਪਾਅ ਸਲਾਹਕਾਰ ਕਮੇਟੀ ਨਿਯੁਕਤ ਕਰਨਾ ਹੈ। ਪਰ ਮੈਨੂੰ ਪਤਾ ਲਗਾ ਹੈ ਕਿ ਇਸ ਸਲਾਹਕਾਰ ਕਮੇਟੀ ਦੇ 40 ਪ੍ਰਤੀਸ਼ਤ ਮੈਂਬਰ ਉਹ ਹਨ ਜੋ ਨਸ਼ਾਬੰਦੀ ਦੇ ਵਿਰੁੱਧ ਹਨ। ਪ੍ਰੈਜ਼ੀਡੈਂਟ ਸਾਹਿਬ ਮੇਰਾ ਖ਼ਿਆਲ ਹੈ ਕਿ ਸਰਕਾਰੀ ਬੈਂਚ ਇਸ ਪਰਿਸ਼ਦ ਦਾ ਉਤਨਾ

ਆਦਰ ਨਹੀਂ ਕਰਦੇ ਜਿਤਨਾ ਕਿ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ। ਪ੍ਰੈਜ਼ੀਡੈਂਟ ਸਾਹਿਬ ਜਦੋਂ ਮੈਂ ਇਸ ਦੇਸ ਦੀ ਵਿੱਤੀ ਪ੍ਰਣਾਲੀ ਬਾਰੇ ਬੋਲ ਰਿਹਾ ਹਾਂ, ਮੈਂ ਸਮਝਦਾ ਹਾਂ ਕਿ ਮੈਂ ਆਪਣੇ ਮਾਨਯੋਗ ਦੋਸਤ ਅਤੇ ਵਿੱਤ ਮੈਂਬਰ ਨੂੰ ਇਹ ਸੁਝਾਅ ਦਿਆਂ ਕਿ ਲੋਕਾਂ ਦੀ ਖ਼ੁਸ਼ਹਾਲੀ, ਵਿਰਸੇ ਵਿਚ ਮਿਲੀ ਰਾਜ ਦੀ ਸਭ ਤੋਂ ਵੱਡੀ ਜਾਇਦਾਦ ਹੁੰਦੀ ਹੈ। ਉਸ ਨੂੰ ਉਨ੍ਹਾਂ ਦਾ ਮਨੋਬਲ ਨਹੀਂ ਡੇਗਣਾ ਚਾਹੀਦਾ ਜਾਂ ਉਨ੍ਹਾਂ ਨੂੰ ਕੰਗਾਲ ਨਹੀਂ ਬਣਾ ਦੇਣਾ ਚਾਹੀਦਾ। ਇਕ ਰਾਜ ਜੋ ਆਪਣਾ ਲੋਕਾਂ ਨੂੰ ਕੰਗਾਲ ਬਣਾਉਂਦਾ ਹੈ, ਅੰਤ ਵਿਚ ਆਪ ਹੀ ਕੰਗਾਲ ਬਣ ਜਾਂਦਾ ਹੈ।

ਪ੍ਰੈਜ਼ੀਡੈਂਟ ਸਾਹਿਬ, ਮੈਂ ਹੁਣ ----ਮੈਨੂੰ ਪਤਾ ਹੈ ਕਿ ਮੇਰਾ ਸਮਾਂ ਬਹੁਤ ਘੱਟ ਹੈ ਅਤੇ ਮੈਨੂੰ ਉਮੀਦ ਹੈ ਕਿ ਜੇਕਰ ਹੋ ਸਕਦਾ ਹੈ ਤਾਂ ਮੈਨੂੰ ਥੋੜ੍ਹਾ ਜਿਹਾ ਸਮਾਂ ਹੋਰ ਦੇਣ ਦੀ ਕਿਰਪਾਲਤਾ ਕਰੋਗੇ।

ਪ੍ਰੈਜ਼ੀਡੈਂਟ ਸਾਹਿਬ : ਨਹੀਂ, ਨਹੀਂ।

ਡਾ. ਬੀ. ਆਰ. ਅੰਬੇਡਕਰ : ਆਮਦਨ ਦੇ ਦੂਜੇ ਸਾਧਨਾਂ ਵੱਲ ਆਉਂਦੇ ਹੋਏ, ਮੈਂ ਨਹੀਂ ਸਮਝਦਾ ਕਿ ਮਾਨਯੋਗ ਵਿੱਤ ਮੈਂਬਰ ਵੱਧ ਤੋਂ ਵੱਧ ਲਾਭ ਲੈਣ ਲਈ ਇਸ ਪ੍ਰੈਜ਼ੀਡੈਂਸੀ ਦੇ ਸਾਧਨਾਂ ਦਾ ਸੰਜਮ ਨਾਲ ਇੰਤਜ਼ਾਮ ਕਰ ਰਹੇ ਹਨ। ਮਿਸਾਲ ਵਜੋਂ, ਜੰਗਲਾਂ ਨੂੰ ਜੇਕਰ ਆਮਦਨ ਦਾ ਸਾਧਨ ਮੰਨ ਲਾਈਏ ਤਾਂ, 1921-22 ਵਿਚ ਜੰਗਲਾਂ ਤੋਂ ਆਮਦਨ 74.9 ਲੱਖ ਰੁਪਏ ਸੀ, 1927-28 ਵਿਚ ਜੰਗਲਾਂ ਤੋਂ ਆਮਦਨ ਕੇਵਲ 74 ਲੱਖ ਸੀ। ਤੁਸੀਂ ਦੇਖੋਗੇ ਕਿ ਆਮਦਨ ਵਿਚ ਖੜੋਤੇ (Stagnation) ਆ ਗਈ ਹੈ। ਪਰ ਜੇਕਰ ਤੁਸੀ ਉਹ .ਖਰਚਾ ਲਵੋ ਜੋ ਜੰਗਲਾਂ ਉਤੇ ਕੀਤਾ ਗਿਆ ਹੈ ਤਾਂ ਤੁਸੀਂ ਦੇਖੋਗੇ ਕਿ .ਖਰਚਾ 40 ਲੱਖ ਹੋ ਗਿਆ ਹੈ। ਇਸ ਲਈ ਆਖ਼ਰਕਾਰ, ਜਦੋਂ ਅਸੀਂ ਜੰਗਲਾਂ ਤੋਂ ਨਿਰੋਲ ਲਾਭ ਬਾਰੇ ਗੱਲ ਕਰਦੇ ਹਾਂ ਤਾਂ ਤੁਸੀਂ ਦੇਖੋਗੇ ਕਿ ਲਗਭਗ 4 ਲੱਖ ਦਾ ਨੁਕਸਾਨ ਹੋਇਆ ਹੈ।

ਪ੍ਰੈਜ਼ੀਡੈਂਟ ਸਾਹਿਬ, ਇਸ ਤੋਂ ਅੱਗੇ ਮੈਂ ਸਿੰਜਾਈ ਅਤੇ ਨਾਗਰਿਕ ਨਿਰਮਾਣ (Civil Works) ਬਾਰੇ ਬੋਲਣਾ ਚਾਹੁੰਦਾ ਹਾਂ। ਮੇਰਾ ਖ਼ਿਆਲ ਹੈ ਕਿ ਜੇਕਰ ਮੈਂ ਇਸਦੇ ਵੇਰਵੇ ਦੇਣ ਲੱਗ ਗਿਆ ਤਾਂ ਮੈਂ ਆਪਣਾ ਸਮਾਂ ਬਰਬਾਦ ਕਰਾਂਗਾ। ਪਰ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ। ਪ੍ਰੈਜ਼ੀਡੈਂਟ ਸਾਹਿਬ, ਜਦੋਂ ਸਰਕਾਰ ਕਿਸੇ .ਖਾਸ ਉਦਯੋਗ ਜਾਂ ਕੰਮ ਨੂੰ ਆਪਣੇ ਜ਼ਿੰਮੇ ਲੈਂਦੀ ਹੈ, ਤਾਂ ਇਹ ਬੁਨਿਆਦੀ ਤੌਰ ਤੇ ਆਮਦਨ ਵਾਸਤੇ ਇਸ ਤਰ੍ਹਾਂ ਕਰਦੀ ਹੈ, ਜਾਂ ਬੁਨਿਆਦੀ ਤੌਰ ਤੇ ਸੇਵਾ ਕਰਨ ਲਈ, ਭਾਵੇ ਇਤਫ਼ਾਕ ਨਾਲ ਇਹ ਆਮਦਨ ਵਾਸਤੇ ਹੁੰਦਾ ਹੈ। ਜਾਂ, ਹੋ ਸਕਦਾ ਹੈ ਕਿ ਬੁਨਿਆਦੀ ਤੌਰ ਤੇ ਇਹ ਸੇਵਾ ਵਾਸਤੇ ਇਸ ਤਰ੍ਹਾਂ ਕਰਦੀ ਹੈ। ਮੇਰਾ ਖ਼ਿਆਲ ਨਹੀਂ ਕਿ ਉਹ ਸੇਵਾਵਾਂ ਜੋ ਸਰਕਾਰ ਨੇ ਆਪਣੇ ਜ਼ਿੰਮੇ ਲਈਆਂ ਹਨ, ਉਨ੍ਹਾਂ ਦੇ ਸਬੰਧ ਵਿਚ ਇਸ ਪਾਸੇ ਕੋਈ ਸਪਸ਼ਟ ਜਾਂ ਨਿਸ਼ਚਿਤ ਨੀਤੀ ਹੈ। ਮਿਸਾਲ ਵਜੋਂ ਮੈਂ ਜ਼ਾਤੀ ਤੌਰ ਤੇ ਮਹਿਸੂਸ ਕਰਦਾ ਹਾਂ ਕਿ ----ਮੇਰੇ ਅਤੇ ਇਸ ਸਦਨ ਦੇ ਦੂਜੇ ਮਾਨਯੋਗ ਮੈਂਬਰਾਂ ਦੀ ਰਾਇ ਵੱਖ ਵੱਖ ਹੋ ਸਕਦੀ ਹੈ-ਪਰ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਸਿੰਜਾਈ ਵਿਭਾਗ

ਸਾਨੂੰ ਉਨਾਂ ਮੁਨਾਫ਼ਾ ਨਹੀਂ ਦੇ ਰਿਹਾ ਜਿੰਨਾ ਸਾਨੂੰ ਲੈਣ ਦਾ ਅਧਿਕਾਰ ਹੈ। ਮੇਰਾ ਖ਼ਿਆਲ ਹੈ ਕਿ ਜੇਕਰ ਮੇਰਾ ਮਾਨਯੋਗ ਦੋਸਤ ਟੈਕਸੇਸ਼ਨ ਇਨਕੁਆਰੀ ਕਮੇਟੀ ਰਿਪੋਰਟ ਵੇਖੇ, ਤਾਂ ਉਸ ਨੂੰ ਪਤਾ ਲਗੇਗਾ ਕਿ ਪਾਣੀ ਦੀ ਦਰ (water rate) ਬਹੁਤ ਘੱਟ ਹੈ। ਮੈਂ ਸਮਝਦਾ ਹਾਂ ਕਿ ਸਾਨੂੰ, ਜੋ ਸਦਨ ਦੇ ਇਸ ਪਾਸੇ ਬੈਠੇ ਹਨ, ਉਸ ਪਾਸੋਂ ਇਸ ਪ੍ਰੈਜ਼ੀਡੈਂਸੀ ਦੇ ਸਾਧਨਾਂ ਦਾ ਪ੍ਰਬੰਧ ਸੰਜਮ ਨਾਲ ਕੀਤੇ ਜਾਣ ਦੀ ਆਸ ਰੱਖਣ ਦਾ ਅਧਿਕਾਰ ਹੈ। ਪ੍ਰੈਜ਼ੀਡੈਂਟ ਸਾਹਿਬ, ਹੁਣ ਮੈਂ ਇਸ ਬਜਟ ਦੇ ਖਰ੍ਹਵੇ ਵਾਲੇ ਪਾਸੇ ਵਲ ਆਉਂਦਾ ਹਾਂ। ਮੈਂ ਜਾਣਦਾ ਹਾਂ ਕਿ ਸਦਨ ਦੇ ਵਧੇਰੇ ਮੈਂਬਰ ਘਾਟੇ ਤੋਂ ਭੈਭੀਤ ਹਨ। ਮੈਂ ਕਹਿ ਸਕਦਾ ਹਾਂ, ਕਿ ਮੈਂ ਨਹੀਂ ਹਾਂ। ਘਾਟਾ ਕੋਈ ਅਜਿਹੀ ਚੀਜ਼ ਨਹੀਂ ਜਿਸ ਤੋਂ ਮਾਨਯੋਗ ਮੈਂਬਰਾਂ ਨੂੰ ਡਰ ਜਾਣਾ ਚਾਹੀਦਾ ਹੈ। ਜਿਸ ਚੀਜ਼ ਨੇ ਮੈਨੂੰ ਪਰੇਸ਼ਾਨ ਕੀਤਾ ਹੈ ਉਹ ਇਹ ਹੈ ਕਿ ਬਜਟ ਵਿਚ ਘਾਟਾ ਇਸ ਕਰਕੇ ਨਹੀਂ ਕਿ ਇਸ ਵਿਚ ਸਮਾਜਕ ਉੱਨਤੀ ਲਈ ਕੋਈ ਵੱਡੀ ਨੀਤੀ ਸ਼ਾਮਲ ਕੀਤੀ ਗਈ ਹੈ। ਇਹ ਘਾਟਾ ਤਾਂ ਪ੍ਰਸ਼ਾਸਨ ਦੇ .ਗੈਰ-ਰਚਨਾਤਮਕ .ਖਰਚਿਆਂ ਦੀ ਲਾਗਤ ਵਿਚ ਵਾਧਾ ਹੋਣ ਕਰਕੇ ਹੀ ਹੈ। ਪ੍ਰੈਜ਼ੀਡੈਂਟ ਸਾਹਿਬ, ਮਾਨਯੋਗ ਮੈਂਬਰ, ਵਿੱਤ ਵਿਭਾਗ ਦੇ ਸਕੱਤਰ ਨੇ, ਮੈਂ ਤਾਂ ਆਖਾਂਗਾ, ਬੜੀ ਸਿਆਣੀ ਗੱਲ ਕੀਤੀ ਸੀ ਜਦੋਂ ਉਨ੍ਹਾਂ ਨੇ ਕੱਲ ਇਸ ਸਦਨ ਦੇ ਮੈਂਬਰਾਂ ਨੂੰ ਉਚਿਤ ਵਿਹਾਰ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ ਕਿ ਜੇਕਰ ਇਸ ਸਦਨ ਦੇ ਮੈਂਬਰ ਚਾਹੁੰਦੇ ਹਨ ਕਿ ਸਰਕਾਰੀ ਬੈਂਚ ਉਨ੍ਹਾਂ ਦੇ ਵਿਚਾਰ ਗੰਭੀਰਤਾ ਨਾਲ ਸੁਣਨ ਤਾਂ ਉਨ੍ਹਾਂ ਨੂੰ ਉਚਿਤ ਵਿਹਾਰ ਕਰਨਾ ਚਾਹੀਦਾ ਹੈ। ਪ੍ਰੈਜ਼ੀਡੈਂਟ ਸਾਹਿਬ, ਮੈਨੂੰ ਪਤਾ ਹੈ ਕਿ ਉਸ ਦਲੀਲ ਵਿਚ ਕਿੰਨੀ ਕੁ ਜਾਨ ਸੀ। ਪਰ ਮੈਂ ਉਸ ਦਲੀਲ ਦੇ ਜਵਾਬ ਵਿਚ ਉਸ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਪ੍ਰੈਜ਼ੀਡੈਂਸੀ ਵਿਚ ਹੋਏ ਖ਼ਰਚੇ ਵਿਚ ਵਾਧਾ ਜਾਇਜ਼ ਹੈ ਅਤੇ ਕੀ ਇਸ ਨੂੰ ਪ੍ਰਸ਼ਾਸਨੀ ਯੋਗਤਾ ਦੇ ਵਾਧੇ ਦੇ ਆਧਾਰ ਤੇ ਉਚਿਤ ਠਹਿਰਾਇਆ ਜਾ ਸਕਦਾ ਹੈ ?

ਪ੍ਰੈਜ਼ੀਡੈਂਟ ਸਾਹਿਬ, ਜਦੋਂ ਤੁਸੀਂ ਇਸ ਪ੍ਰੈਜ਼ੀਡੈਂਸੀ ਵਿਚ ਸਾਲ 1910 ਤੋਂ ਲੈਕੇ ਸਾਲ 1927-28 ਤਕ ਪ੍ਰਸ਼ਾਸਨ ਲਾਗਤ ਵਿਚ ਵਾਧੇ ਦੀ ਤੁਲਨਾ ਕਰਦੇ ਹੋ ---- ਅਤੇ ਮੈਂ ਤੁਲਨਾ ਦੇ ਮੰਤਵ ਲਈ ਅਜਿਹੇ ਮਹਿਕਮਿਆਂ ਦੇ ਹੀ ਅੰਕੜੇ ਲੈਂਦਾ ਹਾਂ ਜੋ ਉਸ ਸਮੇਂ ਪੂਰੇ ਤੌਰ ਤੇ ਪ੍ਰਾਂਤਿਕ ਸਨ ਅਤੇ ਹੁਣ ਵੀ ਪੂਰ ਤੌਰ ਤੇ ਪ੍ਰਾਂਤਕ ਹਨ--ਮੈਂ ਦੇਖਦਾ ਹਾਂ ਕਿ ਆਮ ਰਾਜ ਪ੍ਰਬੰਧ ਅਧੀਨ ਸਾਲ 1910-11 ਵਿਚ ਖ਼ਰਚੇ ਕੇਵਲ 17 ਲੱਖ ਰੁਪਏ ਸਨ। ਅੱਜ ਇਹ 126 ਲੱਖ ਰੁਪਏ ਹਨ। ਮੈਂ ਆਪਣੇ ਮਾਨਯੋਗ ਦੋਸਤ ਵਿੱਤ ਸਕੱਤਰ ਤੋਂ ਪੁਛਦਾ ਹਾਂ ਕਿ ਕੀ ਇਹ ਉਚਿਤ ਹੈ-------

ਸ੍ਰੀ ਜੀ. ਵਿਲਜ਼ : ਜੇਕਰ ਮਾਨਯੋਗ ਮੈਂਬਰ ਮੈਨੂੰ ਆਗਿਆ ਦੇਣ, ਤਾਂ ਮੈਂ ਉਨ੍ਹਾਂ ਨੂੰ ਆਖਾਂਗਾ ਕਿ ਕੱਲ੍ਹ ਮੈਂ ਮਾਨਯੋਗ ਮੈਂਬਰ ਰਾਓ ਸਾਹਿਬ ਦਾਦੂ ਭਾਈ ਦੋਸਾਈ ਨੂੰ ਇਹ ਗੱਲ ਸਪਸ਼ਟ ਕੀਤੀ ਸੀ ਕਿ ਬਜਟ ਵਿਚ, ਵਿਵਰਣ ਵਿਚ ਦਿੱਤੇ ਗਏ ਅੰਕੜਿਆਂ ਦੀ ਵਰਤੋਂ ਬੜੇ ਧਿਆਨ ਨਾਲ ਕੀਤੀ ਜਾਵੇ। ਸੁਧਾਰਾਂ ਤੋਂ ਪਹਿਲਾਂ ਦਾ ਆਮ ਰਾਜ ਪ੍ਰਬੰਧ ਦਾ ਵਰਗੀਕਰਨ ਉਹ ਵਰਗੀਕਰਨ ਨਹੀਂ ਜੋ ਹੁਣ ਸਮਝਿਆ ਜਾਂਦਾ ਹੈ। ਹੱਥ-ਬਦਲ'

ਕੀਤੀਆਂ ਗਈਆਂ ਜ਼ਮੀਨਾਂ ਦੇ ਸਬੰਧ ਵਿਚ .ਖਰਚ ਦੀ ਇਕ ਮੱਦ ਸੀ ਜੋ ਉਸ ਵੇਲੇ ਇਕ ਦੂਜੀ ਮੱਦ ਹੇਠ ਦਰਸਾਈ ਗਈ ਸੀ ਅਤੇ ਜਿਸਨੂੰ ਹੁਣ ਆਮ ਰਾਜ ਪ੍ਰਬੰਧ ਦੀ ਮੱਦ ਹੇਠ ਦਰਸਾਇਆ ਗਿਆ ਹੈ।

ਡਾ.ਬੀ.ਆਰ.ਅੰਬੇਡਕਰ: ਜਿਵੇਂ ਜੋ ਵੀ ਮਰਜੀ ਹੋਵੇ, ਅਸੀਂ ਤਾਂ ਉਹੀ ਵਿਵਰਣ ਲੈਣੇ ਹਨ ਜਿਵੇਂ ਇਹ ਇਥੇ ਦਿਤੇ ਗਏ ਹਨ। ਜਿਵੇਂ ਮੇਰੇ ਮਾਨਯੋਗ ਦੋਸਤ ਨੇ ਕਿਹਾ ਹੈ ਇਨ੍ਹਾਂ ਵਿਚ ਦਰੁਸਤੀ ਕੀਤੀ ਜਾ ਸਕਦੀ ਹੈ। ਪਰ, ਮੇਰਾ ਵਿਚਾਰ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਆਮ ਰਾਜ ਪ੍ਰਬੰਧ ਦੀ ਲਾਗਤ ਬਹੁਤ ਹੀ ਜ਼ਿਆਦਾ ਰਹੀ ਹੈ। ਅਸਲ ਵਿਚ, ਇਸ ਪ੍ਰੈਜ਼ੀਡੈਂਸੀ ਦੇ ਪੁਰਾਣੇ ਇਤਿਹਾਸ ਨੂੰ ਦੇਖਦੇ ਹੋਏ ਵੀ ਇਸਦੀ ਕੋਈ ਉਚਿਤਤਾ ਨਹੀਂ। ਉਦਾਹਰਨ ਦੇ ਤੌਰ ਤੇ, ਅੱਜ ਸਾਡੇ ਚਾਰ ਐਗਜ਼ੈਕਟਿਵ ਕੌਂਸਲਰ, ਅਤੇ ਤਿੰਨ ਮੰਤਰੀ ਹਨ ਅਤੇ ਉਨ੍ਹਾਂ ਹੇਠ ਸਕੱਤਰ ਅਤੇ ਉਪ ਸਕੱਤਰ ਹਨ, ਜਿਨ੍ਹਾਂ ਦੀ ਗਿਣਤੀ ਤਕਰੀਬਨ 25 ਦੇ ਲਗਭਗ ਹੈ। ਮੈਂ ਨਹੀਂ ਸਮਝਦਾ ਕਿ ਮੇਰੇ ਮਾਨਯੋਗ ਦੋਸਤ ਵਿੱਤ ਸਕੱਤਰ ਆਖਣਗੇ ਕਿ ਇਹ ਉਚਿਤ ਹੈ। ਮਾਨਯੋਗ ਵਿੱਤ ਮੈਂਬਰ ਨੇ ਇਸ ਪ੍ਰੈਜ਼ੀਡੈਂਸੀ ਵਿਚ ਪ੍ਰਸ਼ਾਸਨ ਦੀ ਇਸ, ਫ਼ਜ਼ੂਲ ਦੀ ਲਾਗਤ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੈਜ਼ੀਡੈਂਟ ਸਾਹਿਬ, ਮੈਂ ਆਸ ਕਰਦਾ ਹਾਂ ਕਿ ਤੁਸੀਂ ਮੈਨੂੰ ਥੋੜ੍ਹਾ ਜਿਹਾ ਸਮਾਂ ਦੇਵੋਗੇ–

ਮਾਨਯੋਗ ਪ੍ਰੈਜ਼ੀਡੈਂਟ : ਨਹੀਂ, ਮਾਨਯੋਗ ਮੈਂਬਰ ਜਾਣਦੇ ਹਨ ਕਿ ਮੇਰੇ ਪਾਸ ਸਮਾਂ ਬਹੁਤ ਘੱਟ ਹੈ। ਉਨ੍ਹਾਂ ਪਾਸ ਕੇਵਲ ਦੋ ਮਿੰਟਾਂ ਦਾ ਸਮਾਂ ਹੋਰ ਹੈ।

ਡਾ.ਬੀ.ਆਰ. ਅੰਬੇਡਕਰ : ਪ੍ਰੈਜ਼ੀਡੈਂਟ ਸਾਹਿਬ, ਜੋ ਕੁਝ ਮੈਂ ਕਹਿਣਾ ਸੀ ਉਹ ਵਿਚੇ ਹੀ ਛੱਡ ਦੇਵਾਂਗਾ, ਅਤੇ ਹੁਣ ਮੈਂ ਸਮਾਪਤੀ ਕਰਦਾ ਹਾਂ। ਆਪਣੇ ਭਾਸ਼ਣ ਦੇ ਇਸ ਹਿੱਸੇ ਵਿਚ, ਪ੍ਰੈਜ਼ੀਡੈਂਟ ਸਾਹਿਬ, ਮੈਂ ਆਪਣੀ ਸਥਿਤੀ ਬਿਲਕੁਲ ਸਪਸ਼ਟ ਕਰਨੀ ਚਾਹੁੰਦਾ ਹਾਂ। ਅਸੀਂ ਮਾਨਯੋਗ ਮੈਂਬਰਾਂ ਪਾਸੋਂ ਸੁਣਦੇ ਰਹੇ ਹਾਂ ਕਿ ਕਾਫ਼ੀ ਸਖ਼ਤੀ ਨਾਲ ਛਾਂਟੀ ਕੀਤੀ ਜਾਣੀ ਚਾਹੀਦੀ ਹੈ। ਇਸ ਸਹਿਗਾਨ ਵਿਚ ਮੈਂ ਵੀ ਸ਼ਾਮਲ ਹਾਂ ਅਤੇ ਪੂਰੀ ਸੰਜੀਦਗੀ ਨਾਲ ਸ਼ਰੀਕ ਹਾਂ, ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਛਾਂਟੀ ਕਰਨ ਦੀ ਗੁੰਜਾਇਸ਼ ਹੈ। ਪਰ, ਸ੍ਰੀਮਾਨ ਜੀ, ਮੈਂ ਆਪਣੇ ਆਪ ਤੋਂ ਇਹ ਸੱਚਾਈ ਛੁਪਾ ਨਹੀਂ ਸਕਦਾ ਕਿ ਇਸ ਛਾਂਟੀ ਨਾਲ ਬਹੁਤ ਫ਼ਰਕ ਨਹੀਂ ਪੈਣ ਲੱਗਾ। ਜੇਕਰ ਵੱਧ ਤੋਂ ਵੱਧ ਛਾਂਟੀ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਇਸ ਨਾਲ ਸਾਨੂੰ ਇਕ ਜਾਂ ਦੋ ਕਰੋੜ ਰੁਪਏ ਦੀ ਰਾਹਤ ਮਿਲੇਗੀ। ਪਰ ਇਸ ਤਰ੍ਹਾਂ ਕਿੰਨੀ ਕੁ ਦੇਰ ਤੱਕ ਚੱਲੇਗਾ ? ਮੈਂ ਜਾਣਦਾ ਹਾਂ ਕਿ ਇਨ੍ਹਾਂ ਉਪਾਵਾਂ ਨਾਲ ਅਸੀਂ ਬਜਟ ਨੂੰ ਸੰਤੁਲਿਤ ਬਣਾ ਲਵਾਂਗੇ। ਪਰ ਕੀ ਇਸ ਸਦਨ ਦਾ ਨਿਸ਼ਾਨਾ ਕੇਵਲ ਇਹੀ ਹੈ ਕਿ ਇਸ ਬਜਟ ਨੂੰ ਸੰਤੁਲਿਤ ਬਣਾ ਲਿਆ ਜਾਵੇ ? ਮੈਨੂੰ ਉਮੀਦ ਹੈ, ਅਤੇ ਮੈਨੂੰ ਪੂਰੀ ਉਮੀਦ ਹੈ ਕਿ ਮੈਂ ਠੀਕ ਹੀ ਕਹਿੰਦਾ ਹਾਂ, ਕਿ ਇਹ ਪਰਿਸ਼ਦ ਲਾਜ਼ਮੀ ਸਿੱਖਿਆ ਲਈ, ਡਾਕਟਰੀ ਸਹਾਇਤਾ ਲਈ, ਸ਼ਰਾਬ ਪੀਣ ਦੀ ਆਦਤ ਤੋਂ ਲੋਕਾਂ ਦੇ ਛੁਟਕਾਰੇ ਲਈ ਅਤੇ ਜੀਵਨ ਦੀਆਂ ਸਾਰੀਆਂ ਸਹੂਲਤਾਂ ਦਾ ਉਪਬੰਧ ਕਰਨ ਲਈ ਆਪਣੀ ਖ਼ਾਹਸ਼ ਪ੍ਰਤੀ ਅਸਲੋਂ ਹੀ ਸੰਜੀਦਾ ਹੈ। ਮੈਂ ਇਸ

ਸਦਨ ਨੂੰ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ ਇਸ ਧਰਤੀ ਦੀਆਂ ਚੰਗੀਆਂ ਚੀਜ਼ਾਂ ਸਵਰਗਾਂ ਤੋਂ ਨਹੀਂ ਡਿਗਦੀਆਂ। ਹਰ ਇਕ ਉਨੱਤੀ ਦੀ ਲਾਗਤ ਦਾ ਬਿਲ ਹੁੰਦਾ ਹੈ, ਅਤੇ ਉਹ ਉੱਨਤੀ ਕੇਵਲ ਉਨ੍ਹਾਂ ਦੀ ਹੋਵੇਗੀ ਜੋ ਉਸ ਬਿਲ ਦੀ ਅਦਾਇਗੀ ਕਰਨਗੇ।

*II

ਡਾ.ਬੀ.ਆਰ.ਅੰਬੇਡਕਰ: ਸ੍ਰੀਮਾਨ ਜੀ, ਇਹ ਬਜਟ ਅਸਲ ਵਿਚ ਘਾਟੇ ਵਾਲਾ ਬਜਟ ਹੈ। ਇਹ ਨਿਰਸੰਦੇਹ ਇਕ ਅਸੰਤੋਸ਼ਜਨਕ ਬਜਟ ਹੈ। ਪਰ ਜੇਕਰ ਇਹ ਇਸ ਗੱਲੋ ਅੰਸਤੋਸ਼ਜਨਕ ਹੁੰਦਾ ਕਿ ਇਸ ਵਿਚ ਘਾਟਾ ਦਰਸਾਇਆ ਗਿਆ ਹੈ, ਤਾਂ ਮੈਂ ਨਹੀਂ ਸਮਝਦਾ ਕਿ ਮੇਰੇ ਲਈ ਇਸ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੁੰਦਾ। ਐਪਰ ਬਜਟ ਕੇਵਲ ਅਸੰਤੋਸ਼ਜਨਕ ਹੀ ਨਹੀਂ ਮੈਂ ਸਮਝਦਾ ਹਾਂ ਕਿ ਇਹ ਅਫਸੋਸਜਨਕ ਬਜਟ ਹੈ ਅਤੇ ਵਰਤਮਾਨ ਦਸ਼ਾ ਸਚਮੁੱਚ ਹੀ ਬਹੁਤ ਗੰਭੀਰ ਦਸ਼ਾ ਹੈ।

ਸ੍ਰੀਮਾਨ ਜੀ, ਆਪ ਨੂੰ ਪਤਾ ਹੀ ਹੈ ਕਿ ਅਸੀਂ ਮੌਨਟਗੂ ਚੈਮਸਫੋਰਡ ਰਿਫ਼ਾਰਮਜ਼ (Montagu-Chelms Ford Reforms) ਦੇ ਪਹਿਲੇ ਦਹਾਕੇ ਦੇ ਅੰਤ ਦੇ ਨੇੜੇ ਨੇੜੇ ਅੱਪੜ ਰਹੇ ਹਾਂ। ਇਸ ਤਰ੍ਹਾਂ ਸਾਡੇ ਲਈ ਅਸਲ ਵਿਚ ਇਹੋ ਉਚਿਤ ਹੋਵੇਗਾ ਕਿ ਅਸੀਂ ਸਾਲ 1921 ਤੋਂ ਲੈਕੇ ਹੁਣ ਤਕ ਸਾਰੀ ਸਥਿਤੀ ਦਾ ਜਾਇਜ਼ਾ ਲਈਏ। ਸ੍ਰੀਮਾਨ ਜੀ, ਇਹ ਸੁਧਾਰ ਇਸ ਲਈ ਲਾਗੂ ਕੀਤੇ ਗਏ ਸਨ ਕਿ ਸਰਕਾਰ ਦੁਆਰਾ ਤਬਦੀਲ ਕੀਤੇ ਗਏ ਵਿਸ਼ਿਆਂ "ਰਿਜ਼ਰਵ" ਵਿਸ਼ਿਆਂ ਨਾਲੋਂ ਵਧੇਰੇ ਗੌਰ ਕੀਤਾ ਜਾਵੇ, ਪਰ, ਸ੍ਰੀਮਾਨ ਜੀ ਜੇਕਰ ਤੁਸੀ ਸਾਲ 1921 ਤੋਂ ਲੈਕੇ ਹੁਣ ਤਕ ਇਸ ਪ੍ਰੈਜ਼ੀਡੈਂਸੀ ਦੇ ਖਰਚ ਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਕੀ ਪਤਾ ਲਗਦਾ ਹੈ ? ਸਾਨੂੰ ਇਹ ਪਤਾ ਲਗਦਾ ਹੈ ਕਿ ਉਹ ਉਮੀਦਾਂ ਸਾਕਾਰ ਹੋਣ ਵਿਚ ਅਸਫਲ ਰਹੀਆਂ ਹਨ। ਜੋ ਮਨ ਵਿਚ ਰੱਖੀਆਂ ਗਈਆਂ ਸਨ, ਕਿ ਨਵੀਂ ਹਕੂਮਤ ਹੇਠ ਖਰਚ ਦੇ ਉਨ੍ਹਾਂ ਉਦੇਸ਼ਾਂ ਨੂੰ, ਜੋ ਪ੍ਰਗਤੀ ਵਿਚ ਸਹਾਇਤਾ ਕਰਦੇ ਹਨ, ਉਨ੍ਹਾਂ ਉਦੇਸ਼ਾਂ ਤੋਂ ਪਹਿਲ ਦਿੱਤੀ ਜਾਵੇਗੀ ਜਿਨ੍ਹਾਂ ਨਾਲ ਕੇਵਲ ਅਮਨ ਕਾਨੂੰਨ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਸਾਕਾਰ ਹੋਣ ਵਿਚ ਅਸਫਲ ਰਹੀਆਂ ਹਨ।

ਹੁਣ ਮੈਂ ਦਿਖਾਵਾਂਗਾ ਕਿ ਇਹ ਕਿਵੇਂ ਹੈ। ਮੈਂ ਵੱਖ ਵੱਖ ਪ੍ਰਾਂਤਾਂ ਵਿਚ "ਤਬਦੀਲ ਕੀਤੇ ਗਏ" ਅਤੇ "ਰਿਜ਼ਰਵ ਰੱਖੇ ਗਏ" ਵਿਭਾਗਾਂ ਤੋਂ ਕੀਤੇ ਗਏ ਖ਼ਰਚ ਦੇ ਕੁਝ ਅੰਕੜੇ ਇੱਕਠੇ ਕੀਤੇ ਹਨ ਅਤੇ, ਸ੍ਰੀਮਾਨ ਜੀ, ਤੁਹਾਡੀ ਆਗਿਆ ਨਾਲ ਮੈਂ ਉਹ ਅੰਕੜੇ ਇਸ ਸਦਨ ਵਿਚ ਪੇਸ਼ ਕਰਦਾ ਹਾਂ ਤਾਂ ਜੋ ਸਦਨ ਇਹ ਜਾਣ ਸਕੇ ਕਿ ਸਥਿਤੀ ਕਿੰਨੀ ਅਫ਼ਸੋਸਜਨਕ ਹੈ। ਜੋ ਅੰਕੜੇ ਮੈਂ ਪੇਸ਼ ਕਰ ਰਿਹਾ ਹਾਂ ਉਹ ਵੱਖ ਵੱਖ ਪ੍ਰਾਂਤਾਂ ਵਿਚ ਤਬਦੀਲ ਕੀਤੇ ਅਤੇ ਰਿਜ਼ਰਵ ਰੱਖੇ ਵਿਭਾਵਾਂ ਉਤੇ 1921-22 ਦੇ ਮੁਕਾਬਲੇ 1925-26 ਵਿਚ ਕੀਤੇ ਗਏ ਖਰਚ ਦੀ

---

*ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ XXII, ਛਪੇ ਹੋਏ ਪੰਨੇ 167-70
ਮਿਤੀ 21 ਫਰਵਰੀ, 1928

ਪ੍ਰਤਿਸ਼ਤਤਾ ਵਿਚ ਵਾਧਾ ਜਾਂ ਘਾਟਾ ਦਰਸਾ ਰਹੇ ਹਨ। ਇਹ ਅੰਕੜੇ ਹੇਠ ਲਿਖੇ ਅਨੁਸਾਰ ਹਨ :-

	ਰਿਜ਼ਰਵ ਰਖਿਆ ਵਿਭਾਗ		ਤਬਦੀਲ ਕੀਤਾ ਵਿਭਾਗ		
	ਪ੍ਰਤੀਸ਼ਤ ਵਾਧਾ	ਪ੍ਰਤੀਸ਼ਤ ਘਾਟਾ	ਪ੍ਰਤੀਸ਼ਤ ਵਾਧਾ	ਪ੍ਰਤੀਸ਼ਤ ਘਾਟਾ	
ਮਦਰਾਸ	--	1.21	--	14.26	--
ਬੰਬਈ	--	6.33	--	5.82	--
ਬੰਗਾਲ+	--	--	--	6.11	
ਸੰਯੁਕਤ ਪ੍ਰਾਂਤ *	--	--	✦	12.57	--
ਪੰਜਾਬ	--	10.40	--	29.41	--
ਬਰਮ੍ਹਾ	--	34.36	--	6.44	--
ਬਿਹਾਰ ਤੇ ਉੜੀਸਾ	--	5.89	--	44.66	--
ਕੇਂਦਰੀ ਪ੍ਰਾਂਤ	--	6.24	--	18.15	--
ਆਸਾਮ	--	8.24	--	12.75	--

* ਰਿਜ਼ਰਵ ਰੱਖੇ ਵਿਭਾਗ ਤੇ ਖ਼ਰਚ ਵਿਚ ਘਾਟਾ

ਸ੍ਰੀਮਾਨ ਜੀ, ਜੇਕਰ ਅਸੀਂ ਇਨ੍ਹਾਂ ਅੰਕੜਿਆਂ ਤੇ ਇਕ ਝਾਤ ਮਾਰੀਏ ਤਾਂ ਸਾਨੂੰ ਕੀ ਪਤਾ ਲਗਦਾ ਹੈ ? ਇਹ ਦੇਖ ਕੇ ਮੈਨੂੰ ਅਫ਼ਸੋਸ ਹੋਇਆ ਹੈ ਅਤੇ ਮੈਨੂੰ ਯਕੀਨ ਹੈ ਕਿ ਸਦਨ ਵਿਚ ਸਾਰਿਆਂ ਨੂੰ ਇਹ ਦੇਖ ਕੇ ਅਫ਼ਸੋਸ ਹੋਵੇਗਾ, ਕਿ ਰਿਜ਼ਰਵ ਅਤੇ ਤਬਦੀਲ ਕੀਤੇ ਵਿਭਾਗਾਂ ਤੇ ਕੀਤੇ ਗਏ ਤੁਲਨਾਤਮਕ ਖ਼ਰਚ ਦੇ ਕ੍ਰਮ ਵਿਚ ਬੰਬਈ ਵਰਗੇ ਮਹੱਤਵਪੂਰਨ ਸੂਬੇ ਦਾ ਸਥਾਨ ਸਭ ਤੋਂ ਹੇਠਾਂ ਹੈ। ਬਰਮ੍ਹਾ ਵਰਗਾ ਸੂਬਾ ਵੀ, ਜਿਸਦਾ ਪ੍ਰਬੰਧ ਨਾਕਸ ਜਾਪਦਾ ਹੈ, ਇਸ ਸਬੰਧ ਵਿਚ ਬੰਬਈ ਤੋਂ ਉਤੇ ਹੈ। ਇਸ ਲਈ, ਸ੍ਰੀਮਾਨ ਜੀ, ਮੈਂ ਬੇਨਤੀ ਕਰਦਾ ਹਾਂ ਕਿ ਇਹ ਇਕ ਗੰਭੀਰ ਸਕੈਂਡਲ ਹੈ। ਯਕੀਨਨ, ਬੰਬਈ ਪ੍ਰੈਜ਼ੀਡੈਂਸੀ ਵਰਗੀ ਮਹੱਤਵਪੂਰਨ ਪ੍ਰੈਜ਼ੀਡੈਂਸੀ ਦੀ ਪੂੰਜੀ ਦਾ ਸੰਚਾਲਨ ਇਸ ਢੰਗ ਨਾਲ ਨਹੀਂ ਕੀਤਾ ਜਾਣਾ ਚਾਹੀਦਾ। ਮੈਂ ਸਮਝਦਾ ਹਾਂ ਕਿ ਮਾਨਯੋਗ ਵਿੱਤ ਮੈਂਬਰ ਨੇ "ਤਬਦੀਲ ਕੀਤੇ" ਵਿਭਾਗਾਂ ਵੱਲ, ਅਸਲ ਵਿਚ ਦਿਤੇ ਜਾਣ ਵਾਲੇ ਧਿਆਨ ਨਾਲੋਂ ਵਧੇਰੇ ਧਿਆਨ ਦਿੱਤਾ ਹੈ। ਅੰਕੜਿਆਂ ਤੋਂ ਇਹ ਗੱਲ ਬਿਲਕੁਲ ਸਾਫ਼ ਜ਼ਰੂਰ ਹੈ ਕਿ ਰਿਜ਼ਰਵ ਰੱਖੇ ਵਿਭਾਗਾਂ ਨੂੰ ਨਿਯਮਤ ਰੂਪ ਵਿਚ ਵਧੇਰੇ ਪੈਸਾ ਦਿੱਤਾ ਗਿਆ ਹੈ ਅਤੇ ਤਬਦੀਲ ਕੀਤੇ ਵਿਭਾਗਾਂ ਨੂੰ ਨਿਯਮਤ ਰੂਪ ਵਿਚ ਇਸ ਤੋਂ ਵੰਚਿਤ ਰੱਖਿਆ ਗਿਆ

ਹੈ। ਸ੍ਰੀਮਾਨ ਜੀ, ਇਕ ਭਾਰਤੀ ਵਿੱਤ ਮੈਂਬਰ ਦਾ ਕੀ ਲਾਭ ਜੇਕਰ ਉਸਨੇ ਆਪਣੇ ਦੇਸ਼ ਦੇ ਲੋਕਾਂ ਦੀ ਨਬਜ਼ ਨਹੀਂ ਪਛਾਣਨੀ। ਇਸ ਗੱਲ ਦੀ ਆਮ ਦੁਹਾਈ ਦਿੱਤੀ ਜਾਂਦੀ ਹੈ ਕਿ ਸਾਰੇ ਪਾਸੇ ਵਿਕਾਸ ਹੋਣਾ ਚਾਹੀਦਾ ਹੈ। ਮਾਨਯੋਗ ਵਿਤ ਮੈਂਬਰ ਜਾਣਦੇ ਹਨ ਕਿ ਇਸ ਦੁਹਾਈ ਵਿੱਚ ਕਿੰਨਾ ਹਠ ਹੈ। ਪਰ ਬਦਕਿਸਮਤੀ ਨਾਲ, ਉਨ੍ਹਾਂ ਨੇ ਭਵਿੱਖ ਵਿਚ ਸਾਨੂੰ ਉਨ੍ਹਾਂ ਪਾਸੋਂ ਕੋਈ ਉਮੀਦ ਰੱਖਣ ਲਈ ਹੁਣ ਕੁੱਝ ਤਕ ਵੀ ਨਹੀਂ ਕੀਤਾ।

ਸ੍ਰੀਮਾਨ ਜੀ, ਕੇਵਲ ਪੂੰਜੀ ਦਾ ਸੰਚਾਲਨ ਹੀ ਨਾਕਸ ਢੰਗ ਨਾਲ ਨਹੀਂ ਕੀਤਾ ਜਾਂਦਾ, ਸਗੋਂ ਮੇਰੀ ਗੁਜ਼ਾਰਸ਼ ਹੈ ਕਿ ਇਸ ਪ੍ਰੈਜ਼ੀਡੈਂਸੀ ਦੀ ਮਾਲੀ ਹਾਲਤ ਹੀ ਬਹੁਤ ਗੰਭੀਰ ਹੈ। ਸ੍ਰੀਮਾਨ ਜੀ, ਜੇਕਰ ਤੁਸੀਂ ਸਾਲ 1921-22 ਤੋਂ ਲੈ ਕੇ ਹੁਣ ਤਕ ਸਾਲਵਾਰ, ਵਿੱਤੀ ਸਥਿਤੀ ਦੀ ਜਾਂਚ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਹਰ ਸਾਲ ਬਚਤ ਵਿਚ ਘਾਟਾ ਪੈ ਰਿਹਾ ਹ, ਇਥੋਂ ਤਕ ਕਿ ਬਚੱਤ ਵਾਲੇ ਬਜਟ ਦੀ ਥਾਂ ਅਸੀਂ ਆਪਣੀਆਂ ਬਚੱਤਾਂ ਖ਼ਰਚ ਕਰ ਲਈਆਂ ਹਨ ਅਤੇ ਅਸੀਂ ਹੁਣ ਉਸ ਪੜਾਅ ਤੇ ਪਹੁੰਚ ਗਏ ਹਾਂ ਜਿਥੇ ਸਾਡਾ ਬਜਟ ਕਈ ਤਰ੍ਹਾਂ ਦੇ ਘਾਟੇ ਦਰਸਾ ਰਿਹਾ ਹੈ। 1922-23 ਵਿਚ 64 ਲੱਖ ਰੁਪਏ ਦੀ ਬੱਚਤ ਹੋਈ। 1923-24 ਵਿਚ ਇਹ ਬਚਤ ਘਟ ਕੇ 29.38 ਲੱਖ ਰੁਪਏ ਤੇ ਆ ਗਈ। ਸਾਲ 1925-26, 91 ਲੱਖ ਰੁਪਏ ਦੇ ਘਾਟੇ ਨਾਲ ਖ਼ਤਮ ਕੀਤਾ ਗਿਆ ਅਤੇ ਸਾਨੂੰ ਪਤਾ ਹੈ ਕਿ ਉਸ ਵੇਲੇ ਤੋਂ ਲੈਕੇ ਹਾਲਾਤ ਕਿਹੋ ਜਿਹੇ ਰਹੇ ਹਨ। ਸ੍ਰੀਮਾਨ ਜੀ, ਇਨ੍ਹਾਂ ਅੰਕੜਿਆਂ ਤੋਂ ਤੁਸੀਂ ਦੇਖੋਗੇ ਕਿ ਇਸ ਪ੍ਰੈਜ਼ੀਡੈਂਸੀ ਦੀ ਮਾਲੀ ਹਾਲਤ ਹਰ ਸਾਲ ਮਾੜੀ ਹੁੰਦੀ ਜਾ ਰਹੀ ਹੈ, ਅਤੇ ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਸਰਕਾਰ ਦੁਆਰਾ ਕੀਤੇ ਗਏ ਵਾਅਦਿਆਂ ਦਾ ਖ਼ਿਆਲ ਕਰਦਿਆਂ, ਆਉਣ ਵਾਲੇ ਸਮੇਂ ਵਿਚ ਇਹ ਸਥਿਤੀ ਬਹੁਤ ਗੰਭੀਰ ਬਣ ਜਾਵੇਗੀ। ਸ੍ਰੀਮਾਨ ਜੀ, ਆਪ ਜਾਣਦੇ ਹੀ ਹੋ ਕਿ ਕਰਜ਼ੇ ਛੇਤੀ ਹੀ ਅਦਾ ਕਰਨੇ ਪੈਣਗੇ। ਉਸ ਕਰਜ਼ੇ ਦੀ ਅਦਾਇਗੀ ਕਰਨ ਵਾਸਤੇ ਕੁਝ ਨਾ ਕੁਝ ਪ੍ਰਬੰਧ ਜ਼ਰੂਰ ਕਰਨਾ ਪਵੇਗਾ। ਇਸ ਨਾਲ, ਇਸ ਪ੍ਰੈਜ਼ੀਡੈਂਸੀ ਦੀ ਪਹਿਲਾਂ ਹੀ ਖ਼ਤਮ ਹੋ ਚੁੱਕੀ ਪੂੰਜੀ ਉੱਤੇ ਵਧੇਰੇ ਬੋਝ ਲਾਜ਼ਮੀ ਪਵੇਗਾ। ਸ੍ਰੀਮਾਨ ਜੀ, ਇਹ ਪਰਿਸ਼ਦ ਅਤੇ ਸਰਕਾਰ ਸਰਵਵਿਆਪੀ ਲਾਜ਼ਮੀ ਬੁਨਿਆਦੀ ਸਿੱਖਿਆ ਲਈ ਵਚਨਬੱਧ ਹਨ। ਇਹ ਪਰਿਸ਼ਦ ਅਤੇ ਸਰਕਾਰ ਨਸ਼ਾਬੰਦੀ ਦੀ ਨੀਤੀ ਲਾਗੂ ਕਰਨ ਲਈ ਵੀ ਵਚਨਬੱਧ ਹਨ। ਇਨ੍ਹਾਂ ਤਿੰਨਾਂ ਮੱਦਾਂ ਨਾਲ, ਮੈਂ ਨਹੀਂ ਸਮਝਦਾ ਕਿ ਸਰਕਾਰ ਦਾ ਕੋਈ ਵੀ ਮਾਨਯੋਗ ਮੈਂਬਰ ਇਸ ਤੋਂ ਇਨਕਾਰ ਕਰੇਗਾ ਕਿ ਇਸ ਪ੍ਰੈਜ਼ੀਡੈਂਸੀ ਦੀ ਪੂੰਜੀ ਉੱਤੇ ਬਹੁਤ ਬੋਝ ਪੈ ਜਾਵੇਗਾ। ਜਦੋਂ ਸਾਡੀ ਪੂੰਜੀ ਦੀ ਹਾਲਤ ਇਨ੍ਹਾਂ ਤਿੰਨਾਂ ਮੱਦਾਂ ਤੋਂ ਬਿਨਾਂ ਹੀ ਇਤਨੀ ਖ਼ਸਤਾ ਹੋ ਰਹੀ ਹੈ, ਤਾਂ ਮੈਂ ਅੰਦਾਜ਼ਾ ਨਹੀਂ ਲਾ ਸਕਦਾ ਕਿ ਜਦੋਂ ਅਸੀਂ ਇਨ੍ਹਾਂ ਤਿੰਨਾਂ ਮੱਦਾਂ ਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ ਤਾਂ ਸਥਿਤੀ ਕਿਹੋ ਜਿਹੀ ਹੋਵੇਗੀ? ਆਪਣੇ ਆਪ ਨੂੰ ਅਜਿਹੀ ਸਥਿਤੀ ਵਿਚ ਘਿਰਿਆ ਦੇਖਕੇ ਮੈਨੂੰ ਸਭ ਤੋਂ ਵਧ ਹੈਰਾਨੀ ਇਸ ਗੱਲ ਤੇ ਹੁੰਦੀ ਹੈ ਅਤੇ ਮੈਨੂੰ ਲਗਦਾ ਹੈ ਇਨ੍ਹਾਂ ਸਾਰੀਆਂ ਗੱਲਾਂ ਦਾ ਮਾਨਯੋਗ ਵਿੱਤ ਮੈਂਬਰ ਉਤੇ ਕਿਸੇ ਤਰ੍ਹਾਂ ਦਾ ਕੋਈ ਅਸਰ ਨਹੀਂ। ਉਹ ਇਹ ਨਹੀਂ ਦੱਸਦੇ ਕਿ ਉਹ ਇਨ੍ਹਾਂ ਵਾਅਦਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਜੋ ਵਿੱਤੀ

ਵਿਵਰਣ ਉਨ੍ਹਾਂ ਨੇ ਪੇਸ਼ ਕੀਤਾ ਹੈ, ਉਸ ਤੋਂ ਇਹ ਨਹੀਂ ਪਤਾ ਲਗਦਾ ਕਿ ਉਹ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਸੁਚੇਤ ਹਨ। ਮੈਂ ਤਾਂ ਕਹਾਂਗਾ ਕਿ ਉਹ ਕੇਵਲ ਔਖੇ ਸੌਖੇ ਗੁਜ਼ਾਰੇ ਵਾਲੀ ਨੀਤੀ ਨੂੰ ਨੇਪਰੇ ਚਾੜ੍ਹ ਰਹੇ ਹਨ-ਉਹ ਨੀਤੀ ਜੋ ਅੱਜ ਵਾਸਤੇ ਹੈ ਜਿਸ ਵਿਚ ਕੱਲ੍ਹ ਬਾਰੇ ਕੁਝ ਨਹੀਂ ਸੋਚਿਆ ਗਿਆ-ਆਮ ਨੀਤੀ ਦਾ ਕੋਈ ਖ਼ਾਕਾ ਤਿਆਰ ਨਹੀਂ ਕੀਤਾ ਗਿਆ ਜਿਸ ਨਾਲ ਸਥਿਤੀ ਦੀਆਂ ਭਵਿੱਖ ਦੀਆਂ ਲੋੜਾਂ ਵਿਚ ਸੁਧਾਰ ਹੋਵੇ। ਮੈਥੋਂ ਬਾਅਦ ਉਨ੍ਹਾਂ ਦੇ ਆਦਰਸ਼ ਵਾਕਾਂ ਦੀ ਬੁਛਾੜ ਹੁੰਦੀ ਜਾਪਦੀ ਹੈ। ਉਹ ਕੇਵਲ ਬਜਟ ਦੇ ਘਾਟੇ ਨੂੰ ਹੀ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਹਿਸਾਬ ਲਾ ਰਹੇ ਹਨ ਕਿ ਸ਼ਾਇਦ ਉਹ ਅਕਾਲ ਬਾਰੇ ਬੀਮੇ ਦੀ ਗ੍ਰਾਂਟ ਅਤੇ ਮੈਸਟਨ ਦੇ ਅੰਸ਼ਦਾਨ ਨੂੰ ਘੱਟ ਕਰਕੇ ਕੁਝ ਲਾਭ ਹਾਸਲ ਕਰ ਲੈਣ। ਪਰ ਮੈਂ ਪੂਰੀ ਗੰਭੀਰਤਾ ਨਾਲ ਉਨ੍ਹਾਂ ਨੂੰ ਪੁੱਛਦਾ ਹਾਂ ਕਿ ਕੀ ਇਹ ਛੋਟੇ ਛੋਟੇ ਅਤੇ ਤੁਛ ਲਾਭ ਹਾਸਲ ਕਰਕੇ ਇਸ ਪ੍ਰੈਜ਼ੀਡੈਂਸੀ ਦੀ ਮਾਲੀ ਸਥਿਰਤਾ ਅਸਲ ਵਿਚ ਹੀ ਜ਼ਿਆਦਾ ਦੇਰ ਕ ਕਾਇਮ ਰੱਖੀ ਜਾ ਸਕੇਗੀ ? ਸ੍ਰੀਮਾਨ ਜੀ, ਮੇਰਾ ਖ਼ਿਆਲ ਹੈ ਕਿ ਇਹ ਮੰਨ ਲੈਣਾ ਕਿ ਇਸ ਤਰ੍ਹਾਂ ਸਥਿਰਤਾ ਕਾਇਮ ਰਹਿ ਸਕੇਗੀ, ਇਕ .ਗਲਤੀ ਹੋਵੇਗੀ। ਜਾਂ ਤਾਂ ਮਾਨਯੋਗ ਵਿੱਤ ਮੈਂਬਰ ਸਾਨੂੰ ਇਹ ਯਕੀਨ ਦਿਵਾਉਣ ਕਿ ਇਸ ਪ੍ਰੈਜ਼ੀਡੈਂਸੀ ਦੇ ਪ੍ਰਸ਼ਾਸਨ ਵਿਚ ਆਰਥਿਕਤਾ ਦੀਆਂ ਚੋਖੀਆਂ ਸੰਭਾਵਨਾਵਾਂ ਹਨ ਜੋ ਸਾਡਾ ਬੇੜਾ ਪਾਰ ਕਰਨਗੀਆਂ, ਜਾਂ ਉਹ ਸਾਨੂੰ ਨਿਸ਼ਚਿਤ ਰੂਪ ਵਿਚ ਦੱਸ ਦੇਣ ਕਿ ਟੈਕਸ ਲਗਾਉਣ ਦੇ ਹੀਲੇ ਤੋਂ ਬਿਨਾਂ ਜੋ ਕੁਝ ਅਸੀਂ ਚਾਹੁੰਦੇ ਹਾਂ ਉਹ ਹਾਸਲ ਨਹੀਂ ਕਰ ਸਕਾਂਗੇ। ਮੈਂ ਬੜੇ ਮਾਣ ਨਾਲ ਪਰਮ ਸ੍ਰੇਸ਼ਟ (ਹਿਜ਼ ਐਕਸੀਲੈਂਸੀ) ਗਵਰਨਰ ਦੁਆਰਾ ਕੱਲ੍ਹ ਦਿਤੇ ਗਏ ਭਾਸ਼ਣ ਦਾ ਹਵਾਲਾ ਦਿੰਦਾ ਹਾਂ। ਉਸ ਭਾਸ਼ਣ ਵਿਚ ਹਿਜ਼ ਐਕਸੀਲੈਂਸੀ ਨੇ ਸੰਕੇਤ ਕੀਤਾ ਸੀ ਕਿ ਵਿਧਾਨ ਪਰਿਸ਼ਦ ਟੈਕਸ ਲਗਾਉਣ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ, ਅਜਿਹਾ ਟੈਕਸ ਲਗਾਉਣ ਦੀ ਸ਼ਕਤੀ ਇਸ ਪਾਸ ਹੈ ਜੋ ਵੀ ਜ਼ਰੂਰੀ ਹੋਵੇ ਅਤੇ ਮੈਂ ਮੰਨਦਾ ਹਾਂ ਕਿ ਇਸ ਮਾਮਲੇ ਨੂੰ ਸਰਕਾਰ ਦੁਆਰਾ ਆਰੰਭ ਕੀਤਾ ਜਾਣਾ ਲਾਜ਼ਮੀ ਹੈ। ਸਰਕਾਰ ਇਸ ਗੱਲ ਦਾ ਸੁਝਾਅ ਦੇਵੇ ਕਿ ਉਹ ਕਿਸ ਤਰ੍ਹਾਂ ਦਾ ਟੈਕਸ ਚਾਹੁੰਦੀ ਹੈ ? ਕੀ ਸਰਕਾਰ ਨੇ ਅਜਿਹਾ ਕੀਤਾ ਹੈ ? ਇਸੇ ਦੇ ਉਲਟ, ਸਰਕਾਰ ਬਿਲਕੁਲ ਚੁੱਪ ਵੱਟੀ ਬੈਠੀ ਹੈ। ਸਰਕਾਰ ਸਾਨੂੰ ਇਹ ਦੱਸਣ ਦਾ ਪ੍ਰਸਤਾਵ ਨਹੀਂ ਕਰਦੀ ਕਿ ਇਸਨੇ ਕੀ ਕਰਨਾ ਹੈ ? ਇਹ ਨਹੀਂ ਕਿਹਾ ਜਾ ਸਕਦਾ ਕਿ ਕੋਈ ਸਕੀਮ ਬਣਾਉਣ ਲਈ ਸਰਕਾਰ ਪਾਸ ਆਧਾਰ-ਸਮੱਗਰੀ ਮੌਜੂਦ ਨਹੀਂ। ਅਸੀਂ ਸਾਰੇ ਜਾਣਦੇ ਹਾਂ ਕਿ ਟੈਕਸੇਸ਼ਨ ਇਨਕੁਆਇਰੀ ਕਮੇਟੀ ਨੇ ਬਹੁਤ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ ਹੈ, ਜਿਸ ਵਿਚ ਅਣਗਿਣਤ ਸਿਫ਼ਾਰਸ਼ਾਂ ਹਨ ਜੋ ਇਕ ਨਵੀਂ ਅਤੇ ਢੁੱਕਵੀਂ ਵਿੱਤੀ ਨੀਤੀ ਆਰੰਭ ਕਰਨ ਲਈ ਉਚਿਤ ਹਨ। ਮੈਨੂੰ ਯਕੀਨ ਹੈ ਕਿ ਇਹ ਸਿਫ਼ਾਰਸ਼ਾਂ ਮਾਨਯੋਗ ਵਿੱਤ ਮੈਂਬਰ ਦੀ ਮੇਜ਼ ਦੇ ਪਈਆਂ ਹਨ, ਪਰ ਜਾਪਦਾ ਹੈ ਕਿ ਇਸ ਮਾਮਲੇ ਵਿਚ ਕੁਝ ਵੀ ਨਹੀਂ ਕੀਤਾ ਗਿਆ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਸਥਿਤੀ ਬੇਸ਼ਕ ਬੜੀ ਗੰਭੀਰ ਹੈ ਅਤੇ ਇਹ ਮੁਨਾਸਬ ਸਮਾਂ ਹੈ ਕਿ ਮਾਨਯੋਗ ਵਿੱਤ ਮੈਂਬਰ ਇਸ ਸਥਿਤੀ ਨਾਲ ਸਿਆਣਪ ਭਰੇ ਢੰਗ ਨਾਲ ਨਿਪਟਣ ਵਾਸਤੇ ਆਪਣਾ ਮਨ ਬਣਾਉਣ।

III*

+ ਡਾ. ਬੀ.ਆਰ.ਅੰਬੇਦਕਰ (ਬੰਬਈ ਸ਼ਹਿਰ): ਸਪੀਕਰ ਸਾਹਿਬ, ਇਹ ਦੂਜਾ ਵਿੱਤੀ ਵਿਵਰਣ ਹੈ ਜੋ ਮੇਰੇ ਮਾਨਯੋਗ ਦੋਸਤ ਵਿੱਤ ਮੰਤਰੀ ਦੁਆਰਾ ਪੇਸ਼ ਕੀਤਾ ਗਿਆ ਹੈ। ਇਸ ਲਈ ਸੁਭਾਵਕ ਤੌਰ ਤੇ ਇਹ ਆਸ ਕੀਤੀ ਜਾ ਸਕਦੀ ਹੈ ਕਿ ਇਸ ਬਜਟ ਦੀ ਵਧੇਰੇ ਛਾਣਬੀਣ ਅਤੇ ਘੋਖ ਪਰਖ ਕੀਤੀ ਗਈ ਹੋਵੇਗੀ। ਇਹ ਕਹਿਣ ਤੋਂ ਪਹਿਲਾਂ ਕਿ ਮੈਂ ਇਸ ਬਜਟ ਬਾਰੇ ਕੀ ਸੋਚਦਾ ਹਾਂ, ਮੈਂ ਇਸ ਤੱਥ ਨੂੰ ਨਹੀਂ ਭੁੱਲ ਸਕਦਾ ਕਿ ਇਸ ਸਦਨ ਦੇ ਸਾਰੇ ਮੈਂਬਰਾਂ ਨੇਂ, ਜਿਨ੍ਹਾਂ ਨੇ ਹੁਣ ਤੱਕ ਇਸ ਬਹਿਸ ਵਿਚ ਹਿੱਸਾ ਲਿਆ ਹੈ ਇਸ ਬਜਟ ਦੀ ਸ਼ਲਾਘਾ ਕੀਤੀ ਹੈ। ਮਾਨਯੋਗ ਵਿੱਤ ਮੰਤਰੀ ਨੂੰ ਕੁਝ ਤਸੱਲੀ ਜ਼ਰੂਰ ਹੋਵੇਗੀ ਕਿ ਜੋ ਵੀ ਮੈਂਬਰ ਬੋਲੇ ਹਨ, ਉਨ੍ਹਾਂ ਪਾਸੋਂ ਉਨ੍ਹਾਂ ਦੇ ਇਸ ਕੰਮ ਨੇ ਪ੍ਰਸੰਸਾ ਹਾਸਲ ਕੀਤੀ ਹੈ। ਮੈਨੂੰ ਇਹ ਗੱਲ ਜ਼ਰੂਰ ਸਵੀਕਾਰ ਕਰਨੀ ਪਵੇਗੀ ਕਿ ਮੈਨੂੰ ਬਹੁਤ ਹੈਰਾਨੀ ਹੁੰਦੀ ਹੈ। ਕੀ ਇਸ ਬਜਟ ਦੀ ਇਸ ਢੰਗ ਨਾਲ ਸ਼ਲਾਘਾ ਅਸਲ ਵਿਚ ਕਰਨੀ ਚਾਹੀਦੀ ਸੀ ਜਿਸ ਢੰਗ ਨਾਲ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰਾਂ ਨੇ ਕੀਤੀ ਹ ? ਮੈਂ ਉਸ ਵਿੱਤੀ ਵਿਵਰਣ ਤੇ ਵਿਚਾਰ ਕਰਨ ਲਈ, ਜੋ ਉਨ੍ਹਾਂ ਨੇ ਪੇਸ਼ ਕੀਤਾ ਹੈ, ਕੁਝ ਸਮਾਂ ਲਗਾਇਆ ਹੈ, ਅਤੇ ਮੈਨੂੰ ਇਹ ਗੱਲ ਆਖਣ ਵਿਚ ਕੋਈ ਝਿਜਕ ਨਹੀਂ ਕਿ ਜਿਹੜੇ ਬਜਟ ਮੈਂ ਕਦੇ ਦੇਖੇ ਹਨ ਇਹ ਉਨ੍ਹਾਂ ਵਿਚੋਂ ਸਭ ਤੋਂ ਬਹੁਤ ਨਿਕੰਮਾ ਹੀ ਨਹੀਂ ਸਗੋਂ ਖੋਖਲਾ ਅਤੇ ਅਵਾਸਤਵਿਕ ਬਜਟ ਹੈ। ਇਸ ਵਿਚ ਭਵਿੱਖ ਦੀ ਕੋਈ ਝਲਕ ਅਤੇ ਉਨ੍ਹਾਂ ਸਮੱਸਿਆਵਾਂ ਦੀ ਕੋਈ ਪਛਾਣ ਨਜ਼ਰ ਨਹੀਂ ਆਉਂਦੀ ਜੋ ਇਸ ਪ੍ਰੈਜ਼ੀਡੈਂਸੀ ਨੂੰ ਪੇਸ਼ ਆ ਰਹੀਆਂ ਹਨ। ਹੋ ਸਕਦਾ ਹੈ ਕਿ ਇਹ ਬਜਟ ਫ਼ਜ਼ੂਲ ਖ਼ਰਚੀ ਵਾਲਾ ਪ੍ਰਤੀਤ ਹੋਵੇ, ਪਰ ਹੁਣ ਮੈਂ ਇਸ ਨੂੰ ਉਹ ਸਾਬਤ ਕਰਾਂਗਾ ਜੋ ਮੈਂ ਕਹਿ ਰਿਹਾ ਹਾਂ। ਸ੍ਰੀਮਾਨ ਜੀ, ਇਕ ਮੱਦ ਹੈ ਜਿਸ ਬਾਰੇ ਮੈਂ ਸਰਕਾਰ ਦੀ ਸ਼ਲਾਘਾ ਕਰ ਸਕਦਾ ਹਾਂ। ਪਰ ਉਹ ਪ੍ਰਸ਼ੰਸਾ, ਬਦਕਿਸਮਤੀ ਨਾਲ ਮੇਰੇ ਮਾਨਯੋਗ ਦੋਸਤ ਦੀ ਨਹੀਂ ਹੋ ਸਕਦੀ, ਇਹ ਮਾਨਯੋਗ ਗ੍ਰਹਿ ਮੰਤਰੀ ਦੀ ਹੋਣੀ ਚਾਹੀਦੀ ਹੈ ਮੈਂ ਨਵੀਂ ਸਕੀਮ ਵਿਚ ਮੱਦ ਨੰ:45 ਦਾ ਹਵਾਲਾ ਦਿੰਦਾ ਹਾਂ। ਇਹ ਮੱਦ ਨੰ: 45 ਉਹ ਮੱਦ ਹੈ ਜੋ ਪੁਲਿਸ ਬਲ ਵਿਚ ਵਾਧਾ ਕਰਨ ਲਈ 36,217 ਰੁਪਏ ਦਾ ਉਪਬੰਧ ਕਰਦੀ ਹੈ। ਸ੍ਰੀਮਾਨ ਜੀ, ਦੂਜੇ ਪਾਸੇ ਬੈਠੇ ਮੈਂਬਰਾਂ ਦੇ ਅਹੁਦਾ ਸੰਭਾਲਣ ਅਤੇ ਸਰਕਾਰ ਦਾ ਹਿਸਾ ਬਣਨ ਤੋਂ ਪਹਿਲਾਂ ਜੋ ਸਬੰਧ ਉਨ੍ਹਾਂ ਵਿਚਕਾਰ ਅਤੇ ਪੁਲਿਸ ਬਲ ਵਿਚਕਾਰ ਮੌਜੂਦ ਸਨ, ਉਨ੍ਹਾਂ ਬਾਰੇ ਸਾਰੇ ਜਾਣਦੇ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਚਿੱਟੇ ਕੱਪੜੇ ਵਾਲੇ ਕਈ ਲੋਕਾਂ ਨੂੰ ਥਾਂ ਥਾਂ ਤੇ ਪੁਲਿਸ ਦਾ ਪਿਛਾ ਕਰਦਿਆਂ ਅਤੇ "ਪੀਲੀ ਟੋਪੀ ਹਾਇ ਹਾਇ"

---

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 3, ਛਪੇ ਹੋਏ ਪੰਨੇ 168-79, ਮਿਤੀ 2 ਮਾਰਚ, 1938

\+ ਡਾ. ਅੰਬੇਦਕਰ 1937 ਵਿਚ ਬੰਬਈ ਵਿਧਾਨ ਸਭਾ ਲਈ ਚੁਣੇ ਗਏ ਸਨ ਅਤੇ ਸੋਮਵਾਰ, 19 ਜੁਲਾਈ 1937 ਨੂੰ ਉਨ੍ਹਾਂ ਨੂੰ ਐਮ.ਐਲ.ਏ. ਵਜੋਂ ਚੁਕਾਈ ਗਈ ਸੀ।

ਚਿੱਲਾਉਂਦੇ ਦੇਖਿਆ ਹੈ। ਪੁਲਿਸ, ਜਿਸ ਨੂੰ ਇਕ ਸਮੇਂ ਲੋਕਾਂ ਉਤੇ ਜ਼ੁਲਮ ਅਤੇ ਦਮਨ ਦਾ ਹਥਿਆਰ ਸਮਝਿਆ ਜਾਂਦਾ ਸੀ, ਉਸ ਵਿਚਕਾਰ ਅਤੇ ਕਾਂਗਰਸ ਪਾਰਟੀ ਵਿਚਕਾਰ ਭਰਾਵਲੀ ਕਾਇਮ ਹੋਈ ਜਾਪਦੀ ਹੈ ਅਤੇ ਵਧਾਈ ਵਾਲੀ ਗੱਲ ਹੈ ਕਿ ਮਾਨਯੋਗ ਗ੍ਰਹਿ ਮੰਤਰੀ ਉਸ ਵਾਸਤੇ ਪੈਸਾ ਮੰਗ ਰਹੇ ਹਨ ਅਤੇ ਮਾਨਯੋਗ ਵਿੱਤ ਮੰਤਰੀ ਨੇ ਉਸਦਾ ਪ੍ਰਬੰਧ ਕਰਨਾ ਹੈ। ਮੇਰੇ ਅਨੁਸਾਰ ਉਨ੍ਹਾਂ ਨੂੰ ਅਸਲ ਵਿਚ ਹੀ ਪੁਲਿਸ ਬਲ ਦੀ ਲੋੜ ਹੈ। ਉਨ੍ਹਾਂ ਨੂੰ ਅਸਲ ਵਿਚ ਹੀ ਪੁਲਿਸ ਦੀ ਵਫ਼ਾਦਾਰੀ ਦੀ ਲੋੜ ਹੈ, ਕਿਉਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਉਹ ਇਸ ਗੱਲ ਵਿਚ ਰੁਝੇ ਹੋਏ ਹਨ ਕਿ ਉਨ੍ਹਾਂ ਨੇ ਪੁਲਿਸ ਪਾਸੋਂ ਕੀ ਕੰਮ ਲੈਣਾ ਹੈ ਅਤੇ ਸਾਨੂੰ ਹਾਲ ਹੀ ਵਿਚ ਇਕ ਉਦਾਹਰਨ ਮਿਲੀ ਸੀ ਕਿ ਪੁਲਿਸ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ। ਮੈਂ ਧਾਰਾਵੀ ਵਿਖੇ ਚੱਲੀ ਗੋਲੀ ਦਾ ਜ਼ਿਕਰ ਕਰ ਰਿਹਾਂ। ਮੈਨੂੰ ਵਿਸ਼ਵਾਸ ਹੈ ਕਿ ਵਰਤਮਾਨ ਸਰਕਾਰ, ਜਿਸ ਨੇ ਹੁਣ ਤਕ-ਜਿਥੇ ਤਕ ਮੈਨੂੰ ਪਤਾ ਹੈ-ਕਿਰਤੀਆਂ ਦੇ ਹਿੱਤਾਂ ਦੇ ਵਿਕਾਸ ਲਈ ਬਹੁਤ ਘੱਟ ਹਮਦਰਦੀ ਪ੍ਰਗਟਾਈ ਹੈ, ਪੁਲਿਸ ਬਲ ਦੀ ਵਰਤੋਂ ਕਿਰਤੀ ਸ਼੍ਰੇਣੀਆਂ ਦੇ ਵਿਰੁੱਧ ਵਧੇਰੇ ਕਰੇਗੀ। ਇਹ ਮੁਬਾਰਕਬਾਦ ਵਾਲੀ ਗੱਲ ਹੈ ਕਿ ਕਾਂਗਰਸ ਮੰਤਰੀ ਮੰਡਲ ਨੇ ਆਪਣਾ ਅਸਲੀ ਰੰਗ ਦਿਖਾ ਦਿਤਾ ਹੈ। ਇਸਦੇ ਨਾਲ ਹੀ ਮੈਂ ਬੰਦ ਕਰਦਾ ਹਾਂ ਕਿਉਂਕਿ ਬਾਕੀ ਦੇ ਸਾਰੇ ਬਜਟ ਵਿਚ ਕੋਈ ਅਜਿਹੀ ਚੀਜ਼ ਨਹੀਂ ਜਿਸ ਵਾਸਤੇ ਸਰਕਾਰ ਮੇਰੀ ਸ਼ਲਾਘਾ ਹਾਸਲ ਕਰ ਸਕੇ।

ਸ੍ਰੀਮਾਨ ਜੀ, ਪਹਿਲੀ ਚੀਜ਼ ਜਿਸ ਵੱਲ ਮੈਂ ਇਸ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਮੈਂ ਸਮਝਦਾ ਹਾਂ ਕਿ ਉਹ ਵਿੱਤੀ ਗਲਤੀ ਦੀਆਂ ਕੁਝ ਮਿਸਾਲਾਂ ਹਨ। ਮੇਰੇ ਸਾਹਮਣੇ 5 ਮੱਦਾਂ ਹਨ, ਅਰਥਾਤ ਮੱਦ ਨੰ: 53 ਜੋ ਸਿੱਖਿਆ ਵਾਸਤੇ 24 ਲੱਖ ਰੁਪਏ ਦਾ ਉਪਬੰਧ ਕਰਦੀ ਹੈ, ਮੱਦ ਨੰ:46 ਜੋ ਇਸ਼ਤਿਆਰੀ ਪੁਲਿਸ ਬਲ ਲਈ 25,000 ਰੁਪਏ ਦਾ ਉਪਬੰਧ ਕਰਦੀ ਹੈ, ਮੱਦ ਨੰ:105, ਜੋ ਗ੍ਰਾਮ ਪੰਚਾਇਤਾਂ ਲਈ 4 ਲੱਖ ਰੁਪਏ ਦਾ ਉਪਬੰਧ ਕਰਦੀ ਹੈ, ਮੱਦ ਨੰ: 100 ਜੋ ਕਿਰਤੀ ਸਹੂਲਤਾਂ ਲਈ ਇਕ ਲੱਖ ਰੁਪਏ ਦਾ ਉਪਬੰਧ ਕਰਦੀ ਹੈ ਅਤੇ ਮੱਦ ਨੰ:67 ਜੋ ਯੂਨਾਨੀ ਹਕੀਮਾਂ ਦੀ ਸਿਖਲਾਈ ਵਾਸਤੇ 80,000 ਰੁਪਏ ਦਾ ਉਪਬੰਧ ਕਰਦੀ ਹੈ। ਸ੍ਰੀਮਾਨ ਜੀ, ਹੁਣ ਜੇਕਰ ਕੋਈ ਉਸ ਸਰਕਾਰੀ ਰਿਪੋਰਟ ਨੂੰ ਦੇਖੇ, ਜੋ ਕਿ ਸਰਕੁਲੇਟ ਕੀਤੀ ਗਈ ਹੈ, ਤਾਂ ਸਰਕਾਰ ਦੁਆਰਾ ਪ੍ਰਵਾਨ ਕੀਤੀ ਗਈ ਇਸ ਗੱਲ ਦਾ ਪਤਾ ਲਗਦਾ ਹੈ ਕਿ ਵਿੱਤੀ ਪ੍ਰਸਤਾਵਾਂ ਵਿਚ ਸ਼ਾਮਲ ਕੀਤੀਆਂ ਗਈਆਂ ਸਾਰੀਆਂ ਮੱਦਾਂ ਵਿਚੋਂ ਕਿਸੇ ਵਾਸਤੇ ਵੀ ਕੋਈ ਸਕੀਮ ਵਜੂਦ ਵਿਚ ਨਹੀਂ। ਇਹ ਸਾਰੀਆਂ ਮੱਦਾਂ ਜਿਨ੍ਹਾਂ ਉਤੇ ਇਹ ਖ਼ਰਚਾ ਕਰਨ ਦਾ ਇਰਾਦਾ ਹੈ ਅਜੇ ਤਕ ਮੁੱਢਲੀ ਅਵਸਥਾ ਵਿਚ ਹਨ। ਉਨ੍ਹਾਂ ਨੂੰ ਆਪ ਨੂੰ ਨਹੀਂ ਪਤਾ ਕਿ ਇਹ ਪੈਸਾ ਕਿਹੜੇ ਮੰਤਵਾਂ ਲਈ, ਖ਼ਰਚ ਕੀਤਾ ਜਾਣਾ ਹੈ। ਦੂਜੀ ਗੱਲ ਇਹ ਹੈ ਕਿ ਇਸ ਸਦਨ ਨੇ ਕੋਈ ਅਜਿਹਾ ਕਾਨੂੰਨ ਪਾਸ ਨਹੀਂ ਕੀਤਾ ਜਿਸ ਤੇ ਇਹ ਖ਼ਰਚਾ ਕੀਤਾ ਜਾਣਾ ਹੈ। ਸ੍ਰੀਮਾਨ ਜੀ, ਇਹ ਖ਼ਰਚਾ ਜੋ ਅਮਲੀ ਤੌਰ ਤੇ ਇਸ ਸਦਨ ਪਾਸੋਂ ਕੋਰੇ ਚੈਕ ਦੀ ਮੰਗ ਕਰਦਾ ਹੈ, ਜਿਸ ਨਾਲ ਸਰਕਾਰ ਦੇ ਮੈਂਬਰਾਂ ਨੂੰ ਇਹ ਪੈਸਾ, ਜਿਥੋਂ ਤਕ

ਇਹ ਮੁੱਖ ਮੱਦਾਂ–ਜਿਵੇਂ ਸਿੱਖਿਆ, ਪੁਲਿਸ ਆਦਿ–ਹੇਠ ਆਉਂਦਾ ਹੈ ਅਤੇ ਜਿਨ੍ਹਾਂ ਦਾ ਕੁੱਲ ਜੋੜ 31 ਲੱਖ ਰੁਪਏ ਬਣਦਾ ਹੈ, ਜਿਵੇਂ ਮਰਜ਼ੀ ਚਾਹੁਣ, .ਖਰਚ ਕਰਨ ਦੀ ਪੂਰੀ ਆਜ਼ਾਦੀ ਹੋਵੇਗੀ। ਹੁਣ ਜੇਕਰ ਕੋਈ ਇਸ ਅਸਲੀਅਤ ਨੂੰ ਵਿਚਾਰੇ ਕਿ ਮਾਨਯੋਗ ਵਿੱਤ ਮਤੰਰੀ ਦੁਆਰਾ ਮੌਜੂਦਾ ਬਜਟ ਵਿਚ ਜੋੜੀਆਂ ਗਈਆਂ ਨਵੀਆਂ ਮੱਦਾਂ ਦੀ ਕੁੱਲ ਰਕਮ 116 ਲੱਖ ਰੁਪਏ ਬਣਦੀ ਹੈ, ਕੋਈ ਵੀ ਵਿਅਕਤੀ ਬੜੀ ਆਸਾਨੀ ਨਾਲ ਮਹਿਸੂਸ ਕਰ ਸਕਦਾ ਹੈ ਕਿ ਇਸ ਸਰਕਾਰ ਦਾ ਪ੍ਰਸਤਾਵ ਕਿੰਨੀ ਰਕਮ ਇਸ ਸਦਨ ਤੋਂ ਹਾਸਲ ਕਰਨ ਦਾ ਅਤੇ ਆਪਣੀ ਮਰਜ਼ੀ ਨਾਲ ਖ਼ਰਚ ਕਰਨ ਦਾ ਹੈ। ਸ੍ਰੀਮਾਨ ਜੀ, ਮੈਂ ਇਹ ਗੱਲ ਕਹਿਣੋਂ ਨਹੀਂ ਰਹਿ ਸਕਦਾ ਕਿ ਇਹ ਸਰਕਾਰ ਇਸ ਸਦਨ ਦੇ ਵਿਸ਼ੇਸ਼ ਅਧਿਕਾਰਾਂ ਤੇ ਲਗਾਤਾਰ ਨਾਜਾਇਜ਼ ਹੱਕ ਜਮਾਉਂਦੀ ਰਹੀ ਹੈ। ਮੇਰਾ ਮਾਨਯੋਗ ਦੋਸਤ ਗ੍ਰਹਿ ਮੰਤਰੀ ਬਦਕਿਸਮਤੀ ਨਾਲ ਇਥੇ ਹਾਜ਼ਰ ਨਹੀਂ ਅਤੇ ਇਸ ਦਾ ਮੈਨੂੰ ਖੇਦ ਹੈ ਕਿਉਂਕਿ ਮੈਂ ਇਕ ਦੋ ਗੱਲਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਲਈ ਉਹ ਸਿਧਾਂਤਕ ਤੌਰ ਤੇ ਜ਼ਿੰਮੇਵਾਰ ਹੈ। ਜਦੋਂ ਤੋਂ ਕਾਂਗਰਸ ਸਰਕਾਰ ਨੇ ਅਹੁਦਾ ਸੰਭਾਲਿਆ ਹੈ, ਮੈਂ ਦੇਖਿਆ ਹੈ ਕਿ ਮਾਨਯੋਗ ਗ੍ਰਹਿ ਮੰਤਰੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਸ ਸਦਨ ਨੂੰ ਅਜਿਹੇ ਕੋਈ ਨਿਯਮ ਪਾਸ ਕਰਨ ਦਾ ਅਧਿਕਾਰ ਨਹੀ ਜੋ ਇਸ ਸਦਨ ਦੁਆਰਾ ਪਾਸ ਕੀਤੇ ਗਏ ਕਿਸੇ .ਖਾਸ ਕਾਨੂੰਨ ਅਧੀਨ ਸਰਕਾਰ ਬਣਾਉਣਾ ਚਾਹੇ। ਸ਼੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਹ ਇਸ ਸਦਨ ਦੇ ਅਧਿਕਾਰ ਉੱਤੇ ਨਾਜਾਇਜ਼ ਕਬਜ਼ਾ ਹੈ। ਮੈਂ ਕਹਿੰਦਾ ਹਾਂ ਕਿ ਬੇਸ਼ੁਮਾਰ ਨਿਯਮ ਹਨ। ਕੁਝ ਅਜਿਹੇ ਨਿਯਮ ਹਨ ਜੋ ਪ੍ਰਸ਼ਾਸ਼ਕੀ ਨੀਤੀ ਨੂੰ ਨੇਪਰੇ ਚਾੜ੍ਹਦੇ ਹਨ। ਕੁਝ ਨਿਯਮ ਅਜਿਹੇ ਹਨ ਜੋ ਕਾਨੂੰਨ ਦੇ ਇੱਕ ਹਿੱਸੇ ਤੋਂ ਇਲਾਵਾ ਕੁਝ ਵੀ ਨਹੀਂ ਹਨ, ਅਤੇ ਮੈਂ ਇਸ ਗੱਲ ਦਾ ਦਾਅਵਾ ਕਰਦਾ ਹਾਂ ਅਤੇ ਇਸ ਗੱਲ ਤੇ ਜ਼ੋਰ ਦਿੰਦਾ ਹਾਂ ਕਿ ਜਿਥੇ ਕਿਤੇ ਵੀ ਇਕ ਨਿਯਮ ਕਾਨੂੰਨ ਦਾ ਇੱਕ ਹਿੱਸਾ ਹੈ, ਇਸ ਸਦਨ ਨੂੰ ਕੇਵਲ ਅਸਲ ਕਾਨੂੰਨ ਪਾਸ ਕਰਨ ਦਾ ਹੀ ਅਧਿਕਾਰ ਨਹੀਂ, ਬਲਕਿ ਇਸ ਨੂੰ ਨਿਯਮ ਪਾਸ ਕਰਨ ਦਾ ਵੀ ਅਧਿਕਾਰ ਹੈ, ਅਤੇ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕੋਈ ਕਾਰਜਕਾਰਨੀ (Executive Government) ਇਸ ਖੇਤਰ ਤੇ ਕਿਵੇਂ ਆਪਣਾ ਅਯੋਗ ਕਬਜ਼ਾ ਕਰ ਸਕਦੀ ਹੈ। ਪਰ ਕਾਂਗਰਸ ਸਰਕਾਰ ਨੇ ਅਜਿਹਾ ਕੀਤਾ ਹੈ। ਬਾਰ ਬਾਰ ਇਸ ਨੇ ਸਦਨ ਦੇ ਇਸ ਵਿਸ਼ੇਸ਼ ਅਧਿਕਾਰ ਤੇ ਨਾਜਾਇਜ਼ ਕਬਜ਼ਾ ਕੀਤਾ ਹੈ। ਇਸ ਤਰ੍ਹਾਂ ਪੈਸਾ ਲੈ ਜਾਣਾ, ਇਸ ਤਰ੍ਹਾਂ ਕੋਰੇ ਚੈਕ ਵਾਸਤੇ ਕਹਿਣਾ, ਮੈਂ ਸਮਝਦਾ ਹਾਂ ਇਸ ਸਦਨ ਦੇ ਵਿਸ਼ੇਸ਼ ਅਧਿਕਾਰਾਂ ਤੇ ਇੱਕ ਹੋਰ ਛਾਪਾ ਅਤੇ ਨਾਜਾਇਜ਼ ਕਬਜ਼ਾ ਹੈ। ਸ੍ਰੀਮਾਨ ਜੀ ਮੈਨੂੰ ਨਹੀਂ ਪਤਾ ਕਿ ਹੁਣ ਸਥਿਤੀ ਕਿਹੋ ਜਿਹੀ ਹੈ ਪਰ ਮੈਂ ਡੈਵੋਲਿਊਸ਼ਨ ਰੂਲਜ਼, ਬਾਰੇ ਚੰਗੀ ਤਰ੍ਹਾਂ, ਜਾਣਦਾ ਹਾਂ ਜੋ ਭਾਰਤ ਸਰਕਾਰ ਦੇ ਪੁਰਾਣੇ ਐਕਟ ਅਧੀਨ ਬਣਾਏ ਗਏ ਸਨ, ਅਤੇ ਮੇਰਾ ਖ਼ਿਆਲ ਹੈ ਕਿ ਮੇਰੇ ਮਾਨਯੋਗ ਦੋਸਤ ਵਿੱਤ ਮੰਤਰੀ ਮੇਰੇ ਨਾਲ ਸਹਿਮਤ ਹੋਣਗੇ ਕਿ ਇਨ੍ਹਾਂ ਡੈਵੋਲਿਊਸ਼ਨ ਰੂਲਜ਼ ਦੇ ਇੱਕ ਹਿੱਸੇ ਵਿੱਚ ਵਿੱਤ ਵਿਭਾਗ ਦੀ ਬਣਤਰ ਸ਼ਾਮਲ ਸੀ। ਇਹ ਮੂਲ ਸਿਧਾਂਤਾਂ ਵਿਚੋਂ ਇੱਕ ਸੀ ਜਿਸ ਨੂੰ ਉਸ ਸਮੇਂ ਭਾਰਤ ਸਰਕਾਰ ਦੇ ਪੁਰਾਣੇ ਐਕਟ ਅਧੀਨ ਮਾਨਤਾ ਹਾਸਲ ਸੀ ਕਿ ਵਿੱਤ ਵਿਭਾਗ ਇਕ ਸਥਾਨੰਤਰਿਤ ਕੀਤਾ ਵਿਭਾਗ ਨਹੀਂ ਹੋਣਾ

ਚਾਹੀਦਾ। ਵਿੱਤ ਵਿਭਾਗ ਨੂੰ ਸਥਾਨੰਤਰਿਤ ਕੀਤਾ ਵਿਭਾਗ ਨਾ ਸਮਝਣ ਲਈ ਦਿੱਤਾ ਗਿਆ ਕਾਰਨ ਇਕ ਠੋਸ ਕਾਰਨ ਸੀ। ਵਿੱਤ ਵਿਭਾਗ ਬਾਰੇ ਭਾਵਨਾ ਸੀ ਕਿ ਇਹ ਨਿਗਰਾਨੀ ਦਾ ਕੰਮ ਕਰੇ। ਵਿੱਤ ਵਿਭਾਗ ਦਾ ਮਤਲਬ ਸੀ, ਕਿਸੇ .ਖਾਸ ਵਿਭਾਗ ਦੇ ਇਨਚਾਰਜ, ਕਿਸੇ .ਖਾਸ ਮੰਤਰੀ ਦੁਆਰਾ ਪੇਸ਼ ਕੀਤੇ ਗਏ ਸਾਰੇ .ਖਰਚੇ ਦੀ ਛਾਣਬੀਣ ਕਰਨ, ਇਹ ਯੋਜਨਾ ਬਣਾਈ ਗਈ ਸੀ ਕਿ ਵਿੱਤ ਵਿਭਾਗ ਦੇ ਪ੍ਰਮੁੱਖ ਕੰਮਾਂ ਕਾਜਾਂ ਵਿਚੋਂ ਇੱਕ ਇਹ ਹੋਵੇਗਾ ਕਿ ਉਹ ਨਾ ਕੇਵਲ ਇਹ ਦੇਖੇ ਕਿ ਕਿਸੇ ਖ਼ਾਸ ਮੰਤਵ ਲਈ ਮੰਗੀ ਗਈ ਰਕਮ ਜ਼ਰੂਰੀ ਹੈ ਅਤੇ ਪ੍ਰਾਂਤ ਦੀ ਮਾਲੀ ਸਥਿਤੀ ਨੂੰ ਧਿਆਨ ਵਿੱਚ ਰਖਦਿਆਂ ਦਿੱਤੀ ਜਾ ਸਕਦੀ ਹੈ ਬਲਕਿ ਇਹ ਵੀ ਦੇਖੇ ਕਿ ਕੀ ਮੰਗੀ ਗਈ ਗ੍ਰਾਂਟ ਦਾ ਅਲੱਗ ਅਲੱਗ ਉਲੇਖ ਕੀਤਾ ਗਿਆ ਹੈ ?

ਮੈਨੂੰ ਭਰੋਸਾ ਹੈ ਕਿ ਭਾਵੇਂ 1919 ਦਾ ਭਾਰਤ ਸਰਕਾਰ ਦਾ ਪੁਰਾਣਾ ਐਕਟ .ਖਤਮ ਹੋ ਗਿਆ ਹੈ ਅਤੇ ਉਸ ਐਕਟ ਅਧੀਨ ਬਣਾਏ ਗਏ ਡੈਵੋਲਿਊਸ਼ਨ ਰੂਲਜ਼ ਹੁਣ ਕਾਨੂੰਨ ਨਹੀਂ ਰਹੇ, ਉਨ੍ਹਾਂ ਡੈਵੋਲਿਊਸ਼ਨ ਰੂਲਜ਼, ਵਿੱਚ ਸਪਸ਼ਟ ਕੀਤੇ ਗਏ ਸਿਧਾਂਤ ਸਥਾਈ ਹੋਣੇ ਚਾਹੀਦੇ ਹਨ, ਹਮੇਸ਼ਾ ਲਈ, ਸਦੀਵੀ ਹੋਣੇ ਚਾਹੀਦੇ ਹਨ। ਜਦੋਂ ਤੋਂ ਵਿੱਤ ਨੂੰ ਉਸ ਕੰਟਰੋਲ ਦੀ ਮਸ਼ੀਨਰੀ ਦੇ ਇੱਕ ਮਹੱਤਵਪੂਰਨ ਹਿੱਸੇ ਵਜੋਂ ਮਾਨਤਾ ਹਾਸਲ ਹੋਈ ਹੈ ਜੋ ਵਿਧਾਨ ਮੰਡਲ ਨੇ ਕਾਰਜਕਾਰਣੀ ਤੇ ਹੌਲੀ ਹੌਲੀ ਕੀਤਾ ਹੈ, ਇਹ ਹਮੇਸ਼ਾਂ ਸਵੀਕਾਰ ਕੀਤਾ ਗਿਆ ਹੈ ਕਿ ਕੋਈ ਵੀ ਮੰਤਰੀ ਉਨ੍ਹਾਂ .ਖਾਸ ਸੇਵਾਵਾਂ .ਖਾਸ ਮੱਦਾਂ ਜੋ ਉਸ ਮੰਗ ਵਿੱਚ ਸ਼ਾਮਲ ਕੀਤੀਆਂ ਜਾਣੀਆਂ ਹਨ ਦਾ ਵਿਵਰਣ ਦਿੱਤੇ ਬਿਨਾਂ ਕਿਸੇ ਯਕ-ਮੁਸ਼ਤਰਾਸ਼ੀ ਦੀ ਮੰਗ ਵਿਧਾਨ ਮੰਡਲ ਅੱਗੇ ਪੇਸ਼ ਨਹੀਂ ਕਰੇਗਾ। ਇਸ ਦੇ ਦੋ ਕਾਰਨ ਹਨ। ਸਦਨ ਨੂੰ ਇਹ ਲਾਜ਼ਮੀ ਪਤਾ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਮੱਦਾਂ ਤੇ ਪੈਸਾ ਖ਼ਰਚ ਕੀਤਾ ਜਾ ਰਿਹਾ ਹੈ ਉਨ੍ਹਾਂ ਦਾ ਵੇਰਵਾ ਕੀ ਹੈ। ਦੂਜੇ, ਪੜਤਾਲ ਤੇ ਲੇਖਾ ਵਿਭਾਗ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਦਨ ਦੁਆਰਾ ਦਿੱਤੀ ਗਈ ਰਕਮ ਕਿਵੇਂ ਖ਼ਰਚ ਕੀਤੀ ਗਈ ਹੈ। ਅਤੇ ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਹ ਉਹ ਚੀਜ਼ ਹੈ ਜੋ ਬਿਲਕੁਲ ਮਾਫ਼ ਨਹੀਂ ਕੀਤੀ ਜਾ ਸਕਦੀ, ਕਿ ਇਸ ਸਰਕਾਰ ਪਾਸ ਹੌਂਸਲਾ, -ਮੈਂ ਕਹਿੰਦਾ ਹਾਂ, ਦਲੇਰੀ ਹੋਣੀ ਚਾਹੀਦੀ ਸੀ ਕਿ ਉਹ ਇਸ ਵਿਧਾਨ ਮੰਡਲ ਦੇ ਅੱਗੇ ਆਉਂਦੀ ਅਤੇ ਕੇਵਲ ਇਹ ਕਹਿੰਦੀ ਕਿ ਸਾਨੂੰ ਕੁਝ ਮੱਦਾਂ .ਖਰਚ ਕਰਨ ਲਈ 31 ਲੱਖ ਰੁਪਏ ਚਾਹੀਦੇ ਹਨ, ਜਿਸ ਦੀ ਉਚਿਤਤਾ ਬਾਰੇ ਸਦਨ ਨੇ ਕਦੇ ਵੀ ਫ਼ੈਸਲਾ ਨਹੀਂ ਕੀਤਾ ਅਤੇ ਜਿਸ ਦੇ ਵੇਰਵੇ ਦੇਣ ਬਾਰੇ ਸਰਕਾਰ ਨੇ ਖ਼ੁਦ ਆਪਣਾ ਮਨ ਨਹੀਂ ਬਣਾਇਆ। ਮੈਂ ਕਹਿੰਦਾ ਹਾਂ ਕਿ ਇਹ ਦਲੇਰੀ ਹੈ।

ਹੁਣ ਬਜਟ ਵੱਲ ਆਉਂਦੇ ਹੋਏ, ਮੈਂ ਉਨ੍ਹਾਂ ਵੱਖ ਵੱਖ ਮੱਦਾਂ ਦੇ ਵੇਰਵੇ ਬਾਰੇ ਨਹੀਂ ਬੋਲਾਂਗਾ ਜੋ ਇਸ ਬਜਟ ਵਿੱਚ ਦਿੱਤੀਆਂ ਗਈਆਂ ਹਨ। ਇਸ ਨਾਲ ਬਹੁਤ ਸਮਾਂ ਲੱਗੇਗਾ, ਨਾ ਹੀ ਮੈਂ ਸਮਝਦਾ ਹਾਂ ਕਿ ਆਮ ਬਹਿਸ ਇੱਕ ਅਜਿਹਾ ਮੌਕਾ ਹੈ ਜਦੋਂ ਕੋਈ ਵਿਅਕਤੀ ਖ਼ਰਚ ਦੇ ਵੇਰਵਿਆਂ ਬਾਰੇ ਬੋਲੇ। ਮੈਂ ਬਜਟ ਦੇ ਆਮ ਪਹਿਲੂਆਂ ਤਕ ਹੀ ਸੀਮਿਤ ਰਹਾਂਗਾ, ਉਨ੍ਹਾਂ ਵਿਸ਼ਾਲ ਸਮੱਸਿਆਵਾਂ ਤਕ, ਜੋ ਸਾਨੂੰ ਪੇਸ਼ ਆ ਰਹੀਆਂ ਹਨ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਲਈ ਵਿੱਤ ਮੰਤਰੀ ਦੁਆਰਾ ਅਪਣਾਏ ਗਏ ਉਪਾਅ-ਸਾਧਨਾਂ

ਤਕ। ਨੋਟ ਕਰਨ ਵਾਲੀ ਪਹਿਲੀ ਗੱਲ ਹੈ ਕਿ ਮੌਜੂਦਾ ਪ੍ਰਸ਼ਾਸ਼ਨ ਵਾਸਤੇ ਇਸ ਬਜਟ ਦੇ ਢਾਂਚੇ ਵਿੱਚ ਜੋੜੀਆਂ ਗਈਆਂ ਜੋ ਨਵੀਆਂ ਮੱਦਾਂ ਹਨ, ਉਨ੍ਹਾਂ ਦੀ ਕੁੱਲ ਰਕਮ 1,16,67,000 ਰੁਪਏ ਬਣਦੀ ਹੈ। ਪ੍ਰਸ਼ਨ ਇਹ ਹੈ ਕਿ, ਕੀ ਇਹ ਗੱਲ ਸਾਡੀਆਂ ਸਰਗਰਮੀਆਂ ਦੇ ਅਸਲੀ ਪਸਾਰ ਨੂੰ ਦਰਸਾਉਂਦੀ ਹੈ ? ਸ੍ਰੀਮਾਨ ਜੀ, ਹੁਣ ਮੇਰਾ ਖ਼ਿਆਲ ਹੈ ਕਿ ਇਸ ਰਕਮ ਵਿਚੋਂ ਸਾਨੂੰ ਇਕ ਕਟੌਤੀ ਜ਼ਰੂਰ ਕਰਨੀ ਚਾਹੀਦੀ ਹੈ, ਅਤੇ ਉਹ ਕਟੌਤੀ 48,11,000 ਰੁਪਏ ਦੀ ਹੈ। ਖ਼ਰਚ ਦਾ ਉਹ ਹਿੱਸਾ, ਜਿਵੇਂ ਵਿੱਤ ਮੰਤਰੀ ਨੇ ਮੰਨਿਆ ਹੈ, ਅਣ-ਆਵਰਤੀ ਹੈ। ਭਾਵ ਇਹ, ਕਿ ਇਸ ਨਾਲ ਆਰਜ਼ੀ ਮੁੱਦੇ ਢਕੇ ਜਾਣਗੇ ਜੋ ਵਕਤ ਦੀ ਲੋੜ ਹੈ। ਇਨ੍ਹਾਂ ਦਾ ਉਦੇਸ਼ ਸਮਾਜਿਕ ਸੇਵਾਵਾਂ ਦੀਆਂ ਖ਼ਾਮੀਆਂ ਦਾ ਸਥਾਈ ਉਪਬੰਧ ਕਰਨਾ ਨਹੀਂ, ਜੋ ਕਿ ਸਰਕਾਰ ਦਾ ਫ਼ਰਜ਼ ਬਣਦਾ ਹੈ। ਇਸ ਲਈ ਕੁਝ ਰਾਸ਼ੀ ਅਰਥਾਤ 1,16,00,000 ਰੁਪਏ ਵਿਚੋਂ 48 ਲੱਖ ਰੁਪਏ ਘਟਾ ਕੇ ਤੁਹਾਡੇ ਪਾਸ ਬਾਕੀ 68,56,000 ਰੁਪਏ ਬਚਦੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਜੇਕਰ ਠੀਕ ਤਰ੍ਹਾਂ ਨਾਲ ਅਨੁਮਾਨ ਲਗਾਈਏ ਤਾਂ ਸਰਕਾਰ ਪਾਸ ਇਸ ਪ੍ਰਾਂਤ ਦੀਆਂ ਸਮਾਜਕ ਸੇਵਾਵਾਂ ਦੇ ਖ਼ਰਚ ਨੂੰ ਪੂਰਾ ਕਰਨ ਲਈ ਸਥਾਈ ਵਾਧੂ ਖ਼ਰਚਾ ਇਹ ਵੱਡੀ ਰਕਮ 1,16,00,000 ਰੁਪਏ ਨਹੀਂ ਸਗੋਂ 68,56,000 ਰੁਪਏ ਦੀ ਹੈ। ਉਸ ਵਿਚੋਂ ਮੇਰੇ ਹਿਸਾਬ ਨਾਲ ਤੁਸੀਂ ਇੱਕ ਹੋਰ ਕਟੌਤੀ ਕਰਨੀ ਹੈ, ਅਤੇ ਉਹ ਹੋਰ ਕਟੌਤੀ ਨਸ਼ਾਬੰਦੀ ਕਰਕੇ 31,45,000 ਰੁਪਏ ਦੀ ਹੈ। ਉਹ ਕੇਵਲ ਨਕਾਰਤਮਕ ਚੀਜ਼ ਹੈ। ਇਸ ਨਾਲ ਪ੍ਰਾਂਤ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਕਾਰਾਤਮਕ ਤੌਰ ਤੇ ਕੁਝ ਵੀ ਨਹੀਂ ਜੋੜਿਆ ਗਿਆ। ਇਹ ਤਾਂ ਆਮਦਨ ਦੀ ਉਸ ਰਕਮ ਨੂੰ ਕੇਵਲ ਤਿਆਗਣਾ ਹੈ ਜੋ ਸਰਕਾਰ ਨੂੰ ਦੇਣਯੋਗ ਸੀ। ਇਸ ਲਈ ਅੰਤ ਵਿੱਚ ਪਤਾ ਲਗਦਾ ਹੈ ਕਿ ਸਥਾਈ ਖ਼ਰਚੇ ਵਾਸਤੇ ਅਸਲ ਬਜਟ ਵਿਚ ਉਪਬੰਧ ਕੇਵਲ 37,11,000 ਰੁਪਏ ਤੋਂ ਵੱਧ ਦਾ ਨਹੀਂ ਕੀਤਾ ਗਿਆ। ਇਹ 37,11,000 ਲੱਖ ਰੁਪਏ ਦੀ ਰਕਮ ਸਰਕਾਰ ਦੁਆਰਾ ਕਿਵੇਂ ਵੰਡੀ ਗਈ ਹੈ, ਇਸ ਸਦਨ ਦੇ ਬਹੁਤ ਸਾਰੇ ਮੈਂਬਰ ਜਾਣਦੇ ਹਨ। ਇੱਕ ਪ੍ਰਤੱਖ ਮੱਦ ਸਿੱਖਿਆ ਹੈ ਜੋ 29 ਲੱਖ ਰੁਪਏ ਲੈ ਜਾਂਦੀ ਹੈ ਉਹ ਆਵਰਤੀ ਹੈ। ਛੋਟੀ ਸਿੰਜਾਈ (Minor Irrigation) ਤੇ 3,50,000 ਰੁਪਏ ਖ਼ਰਚ ਆਉਣਗੇ। ਇਹ ਖਰਚਾ ਵੀ ਆਵਰਤੀ ਹੈ। ਬਾਕੀ ਦਾ ਖ਼ਰਚਾ ਅਣ-ਆਵਰਤੀ ਹੈ। ਅਤੇ ਖ਼ਰਚੇ ਦੀਆਂ ਦੂਜੀਆਂ ਮੱਦਾਂ ਹਨ: ਗ੍ਰਾਮ ਪੰਚਾਇਤਾਂ, ਪਿੰਡ ਦੀਆਂ ਖੁਲ੍ਹੀਆਂ ਥਾਵਾਂ, ਜਲ ਸਪਲਾਈ, ਡਾਕਟਰੀ ਸਹਾਇਤਾ, ਕੁਨੀਨ, ਆਯੁਰਵੈਦਿਕ ਇਲਾਜ ਬਾਰੇ ਸਿਖਿਆ ਦੇਣਾ, ਅਤੇ ਹੋਰ ਸਭ ਕੁਝ। ਇਹ ਸਾਰੇ ਅਣ-ਆਵਰਤੀ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਹ ਸਾਲ ਵਾਸਤੇ ਡੰਗ-ਟਪਾਊ ਪ੍ਰਬੰਧ ਹਨ। ਸ੍ਰੀਮਾਨ ਜੀ, ਹੁਣ ਬਜਟ ਤੇ ਉਸ ਤਰ੍ਹਾਂ ਵਿਚਾਰ ਕਰਦੇ ਹੋ ਜਿਵੇਂ ਕਰਨਾ ਚਾਹੀਦਾ ਹੈ। ਪ੍ਰਸ਼ਨ ਜੋ ਅਸਲ ਵਿੱਚ ਪੁੱਛਿਆ ਜਾਣਾ ਚਾਹੀਦਾ ਹੈ, ਇਹ ਹੈ: ਜਦ ਇਹ ਸਰਕਾਰ ਇਸ ਸਦਨ ਅੱਗੇ ਆਉਂਦੀ ਹੈ ਅਤੇ ਕੇਵਲ 37,11,000 ਰੁਪਏ ਦੀ ਤੁੱਛ ਜਿਹੀ ਰਕਮ ਦੀ ਮੰਗ ਕਰਦੀ ਹੈ ਤਾਂ ਕੀ ਇਹ ਵਧਾਈ ਦੀ ਪਾਤਰ ਹੈ ? ਸ੍ਰੀਮਾਨ ਜੀ, ਇਸ ਪ੍ਰਾਂਤ ਦੀਆਂ ਜ਼ਰੂਰਤਾਂ

ਦਾ ਖ਼ਿਆਲ ਕਰਦਿਆਂ, ਅਨਪੜ੍ਹਤਾ ਦਾ ਖ਼ਿਆਲ ਕਰਦਿਆਂ ਹੋਏ, ਖ਼ਰਾਬ ਸਿਹਤ ਦਾ ਖ਼ਿਆਲ ਕਰਦੇ ਹੋਏ, ਮਲੇਰੀਏ ਦਾ ਖ਼ਿਆਲ ਕਰਦਿਆਂ, ਸੁਜ਼ਾਕ ਅਤੇ ਆਤਸ਼ਕ (Gohorrhoea and Syphilis) ਅਤੇ ਹੋਰ ਬਿਮਾਰੀਆਂ ਦਾ ਜੋ ਇਸ ਪ੍ਰਾਂਤ ਵਿੱਚ ਫੈਲੀਆਂ ਹੋਈਆਂ ਹਨ, ਖ਼ਿਆਲ ਕਰਦਿਆਂ, ਮੈਨੂੰ ਇਹ ਪੁੱਛਣ ਵਿੱਚ ਕੋਈ ਝਿਜਕ ਨਹੀਂ ਕਿ ਕੀ ਕੇਵਲ 37,11,000 ਰੁਪਏ ਦੇ ਤੁਛ ਜਿਹੇ ਬਜਟ ਨਾਲ ਅੱਗੇ ਆਉਣਾ ਇਸ ਸਰਕਾਰ ਦੀ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ ? ਇਸ ਸਰਕਾਰ ਦੇ ਢੁਕਵੇਂਪਣ ਨੂੰ ਦਰਸਾਉਂਦਾ ਹੈ ? ਮੈਂ ਦੇਖ ਰਿਹਾ ਹਾਂ ਕਿ ਮੇਰਾ ਮਾਨਯੋਗ ਦੋਸਤ, ਮੰਤਰੀ ਹੱਸ ਰਿਹਾ ਹੈ। ਉਸ ਨੂੰ ਹੱਸਣਾ ਚਾਹੀਦਾ ਹੈ। ਉਹ ਹੋਰ ਕਰ ਵੀ ਸਕਦਾ ਹੈ ? ਉਹ ਹੋਰ ਕੁਝ ਨਹੀਂ ਕਰ ਸਕਦਾ (ਹਾਸਾ)।(ਇਕ ਮਾਨਯੋਗ ਮੈਂਬਰ : ਕੀ ਉਹ ਰੋਵੇ ?) ਮੈਂ ਚਾਹੁੰਦਾ ਹਾਂ ਕਿ ਉਹ ਰੋਵੇ, ਮੈਂ ਉਸ ਨੂੰ ਰੋਂਦਾ ਦੇਖਣਾ ਚਾਹੁੰਦਾ ਹਾਂ, ਕਿਉਂਕਿ ਰੋਣ ਨਾਲ ਥੋੜ੍ਹੀ ਬਹੁਤ ਭਾਵਨਾ ਅਤੇ ਥੋੜ੍ਹੀ ਬਹੁਤ ਹਮਦਰਦੀ ਜ਼ਰੂਰ ਪ੍ਰਗਟ ਹੋਵੇਗੀ। ਹੱਸਣ ਨਾਲ ਸਾਨੂੰ ਮੰਜ਼ਲ ਨਹੀਂ ਮਿਲਦੀ ਅਤੇ ਨਿਸ਼ਚੇ ਹੀ ਇਹ ਕੋਈ ਦਲੀਲ ਨਹੀਂ।

ਸ੍ਰੀਮਾਨ ਜੀ, ਹੁਣ ਮੈਂ ਇਸ ਪ੍ਰਸ਼ਨ ਦਾ ਦੂਜਾ ਪਾਸਾ ਲੈਂਦਾ ਹਾਂ। ਉਹ ਇਹ ਹੈ : ਸਰਕਾਰ ਦੁਆਰਾ ਜਿਸ ਖ਼ਰਚ ਦਾ ਉਪਬੰਧ ਕੀਤਾ ਗਿਆ ਹੈ ਕੀ ਇਸ ਖ਼ਰਚੇ ਦੇ ਸਥਾਈ ਹੋਣ ਦੀ ਕੋਈ ਸੰਭਾਵਨਾ ਹੈ ? ਕੀ 29 ਲੱਖ ਰੁਪਏ ਦੀ ਰਕਮ ਜੋ ਸਰਕਾਰ ਸਿਖਿਆ ਤੇ ਖ਼ਰਚ ਕਰਨ ਦੀ ਤਜਵੀਜ਼ ਰੱਖਦੀ ਹੈ, ਅਗਲੇ ਸਾਲ ਜਾਂ ਉਸ ਤੋਂ ਅਗਲੇ ਸਾਲ ਉਪਲੱਬਧ ਹੋਣ ਦੀ ਸੰਭਾਵਨਾ ਹੈ ? ਕੀ ਸਰਕਾਰ ਦੁਆਰਾ ਛੋਟੀ ਸਿੰਜਾਈ ਦੇ ਕੰਮਾਂ ਅਤੇ ਹੋਰ ਕਈ ਚੀਜ਼ਾਂ ਲਈ ਕੀਤੇ ਗਏ ਉਪਬੰਧਾਂ ਤੋਂ ਸਾਨੂੰ ਇਹ ਮਹਿਸੂਸ ਕਰਨ ਦੀ ਉਮੀਦ ਹੈ ਕਿ ਇਨ੍ਹਾਂ ਸਾਰੀਆਂ ਮੱਦਾਂ ਤੇ ਖ਼ਰਚ ਕੀਤੀ ਗਈ ਰਕਮ ਸਾਨੂੰ ਅਗਲੇ ਸਾਲ ਜਾਂ ਉਸ ਤੋਂ ਅਗਲੇ ਸਾਲ ਵੀ ਮਿਲ ਜਾਵੇਗੀ ? ਕੀ ਅਸੀਂ ਇਸ ਗੱਲ ਤੇ ਨਿਰਭਰ ਕਰ ਸਕਦੇ ਹਾਂ ਕਿ ਇਹ ਮੱਦਾਂ ਸਥਾਈ ਹੋਣਗੀਆਂ ? ਸ੍ਰੀਮਾਨ ਜੀ, ਮੈਂ ਸਕਾਰਾਤਮਕ ਉੱਤਰ ਨਹੀਂ ਦੇ ਸਕਦਾ। ਪਰ ਇਹ ਗੱਲ ਸਾਨੂੰ ਸਾਰਿਆਂ ਨੂੰ ਸਪਸ਼ਟ ਹੋ ਜਾਵੇਗੀ, ਜੇਕਰ ਅਸੀਂ ਅਸਲ ਵਿੱਚ ਇਹ ਪ੍ਰਸ਼ਨ ਪੁਛੀਏ, ਕਿ ਇਸ ਖ਼ਰਚ ਲਈ ਸਰਕਾਰ ਪੈਸਾ ਕਿਵੇਂ ਲਗਾਉਂਦੀ ਹੈ ? ਇਸ ਮੰਤਵ ਲਈ ਸਰਕਾਰ ਨੇ ਕੀ ਸਾਧਨ ਅਪਣਾਏ ਹੋਏ ਹਨ ?

ਮੈਂ ਸਮਝਦਾ ਹਾਂ ਕਿ ਵਿੱਤ ਮੰਤਰੀ ਨੇ ਬਜਟ ਬਣਾਉਂਦੇ ਸਮੇਂ, ਸਭ ਤੋਂ ਪਹਿਲਾਂ ਤਾਂ ਚਾਲੂ ਸਾਲ ਦੇ ਬਜਟ ਵਿਚੋਂ 10,50,000 ਰੁਪਏ ਦੀ ਵਾਧੂ ਰਕਮ ਤੇ ਨਿਰਭਰ ਕੀਤਾ ਹੈ। ਫਿਰ ਉਨ੍ਹਾਂ ਨੇ 63 ਲੱਖ ਰੁਪਏ ਦੇ ਇਸ ਸਾਲ ਦੇ ਬਕਾਏ ਤਿਆਰ ਕੀਤੇ ਹਨ ਅਤੇ ਫਿਰ ਉਨ੍ਹਾਂ ਨੂੰ ਕੁਝ ਵਾਧੂ ਟੈਕਸਾਂ ਤੋਂ 8 ਲੱਖ ਰੁਪਏ ਦੀ ਰਕਮ ਮਿਲ ਜਾਣ ਦੀ ਆਸ ਹੈ। ਇਹ ਉਹ ਸਾਧਨ ਹਨ ਜਿਨ੍ਹਾਂ ਤੇ ਮੇਰਾ ਮਾਨਯੋਗ ਦੋਸਤ, ਬਜਟ ਵਿੱਚ ਉਪਬੰਧ ਕੀਤੀਆਂ ਗਈਆਂ ਨਵੀਆਂ ਮੱਦਾਂ ਵਾਸਤੇ ਪੈਸਾ ਜੁਟਾਉਣ ਲਈ ਨਿਰਭਰ ਕਰ ਰਿਹਾ ਹੈ। ਪਰ ਸ੍ਰੀਮਾਨ ਜੀ, ਜੋ ਪ੍ਰਸ਼ਨ ਮੈਂ ਪੁੱਛਦਾ ਹਾਂ ਉਹ ਇਹ ਹੈ: ਕੀ ਇਹ ਸਾਰੇ ਹੀਲੇ, ਸਾਰੇ ਉਪਾਅ ਅਤੇ ਸਾਧਨ

ਜੋ ਮੇਰੇ ਮਾਨਯੋਗ ਦੋਸਤ ਵਿੱਤ ਮੰਤਰੀ ਨੇ ਤਿਆਰ ਕੀਤੇ ਹਨ, ਸਥਾਈ ਅਤੇ ਚਿਰਜੀਵੀ ਹਨ ? ਕੀ ਇਨ੍ਹਾਂ ਤੇ ਨਿਰਭਰ ਕੀਤਾ ਜਾ ਸਕਦਾ ਹੈ ਕਿ ਸਾਲ ਦਰ ਸਾਲ ਇਨ੍ਹਾਂ ਤੋਂ ਆਮਦਨ ਹੁੰਦੀ ਰਹੇਗੀ ? ਆਉ ਅਸੀਂ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ। ਸਭ ਤੋਂ ਪਹਿਲਾਂ ਚਾਲੂ ਸਾਲ ਦੀ ਆਮਦਨ ਵਿੱਚ ਵਾਧਾ ਹੈ ਜਿਸ ਨਾਲ ਉਸ ਨੂੰ 10,50,000 ਰੁਪਏ ਮਿਲ ਗਏ ਹਨ। ਇਹ ਮੁੱਖ ਤੌਰ ਤੇ ਇਸ ਤੱਥ ਦਾ ਕਾਰਣ ਹੈ ਕਿ ਖ਼ੁਸ਼ਕਿਸਮਤੀ ਨਾਲ ਉਹ ਦੋ ਸਾਧਨਾਂ, ਅਰਥਾਤ ਆਬਕਾਰੀ ਅਤੇ ਅਸ਼ਟਾਮਾਂ ਤੋਂ-ਵਾਧੂ ਆਮਦਨ ਹਾਸਲ ਕਰਨ ਦੇ ਯੋਗ ਹੋ ਗਿਆ ਹੈ। ਉਸ ਦੇ ਆਪਣੇ ਅੰਕੜਿਆਂ ਦੇ ਅਨੁਸਾਰ, ਆਮਦਨ ਦੇ ਇਨ੍ਹਾਂ ਦੋ ਸਾਧਨਾਂ ਨੇ ਉਸ ਨੂੰ 21,52,000 ਰੁਪਏ ਦੇ ਦਿੱਤੇ ਹਨ। ਫਿਰ ਭਾਰਤ ਸਰਕਾਰ ਨੇ ਉਸ ਨੂੰ ਆਮਦਨ ਕਰ ਦੀ ਵਾਪਸੀ ਵਜੋਂ 27 ਲੱਖ ਰੁਪਏ ਦੇ ਦਿੱਤੇ। ਹੁਣ ਉਸ ਦੇ ਆਪਣੇ ਸਿਧਾਂਤ ਅਨੁਸਾਰ ਨਸ਼ਾਬੰਦੀ ਜਾਂ ਆਬਕਾਰੀ ਦੀ ਆਮਦਨ ਕਲੰਕਿਤ ਪੈਸਾ ਹੈ। ਉਸ ਦਾ ਸਾਰਾ ਸ਼ੋ ਜੇਕਰ ਕੋਈ ਇਸ ਤਰ੍ਹਾਂ ਆਖੇ ਇੱਕ ਕਲੰਕਿਤ ਸ਼ੋ ਹੈ ਜੋ ਕਲੰਕਿਤ ਪੈਸੇ ਤੇ ਆਧਾਰਿਤ ਹੈ। ਆਪਾਂ ਬੀਤੇ ਸਮੇਂ ਦੀ ਗੱਲ ਨਾ ਕਰੀਏ, ਅਸੀਂ ਤਾਂ ਵਰਤਮਾਨ ਦਾ ਸਾਹਮਣਾ ਕਰਨਾ ਹੈ, ਅਤੇ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਇਹ ਆਬਕਾਰੀ ਵਾਲੀ ਪੂੰਜੀ ਉਨ੍ਹਾਂ ਪਾਸ ਦੁਬਾਰਾ ਨਹੀਂ ਆਵੇਗੀ। ਉਹ ਕੇਵਲ ਹੋਰ ਪੈਸਾ ਇਕੱਠਾ ਹੀ ਨਹੀਂ ਕਰ ਰਹੇ ਬਲਕਿ ਜੋ ਕੁਝ ਉਨ੍ਹਾਂ ਪਾਸ ਹੈ, ਉਸਨੂੰ ਗੁਆ ਰਹੇ ਹਨ। ਮੇਰਾ ਖ਼ਿਆਲ ਨਹੀਂ ਕਿ ਅਸ਼ਟਾਮਾਂ ਤੋਂ ਉਨ੍ਹਾਂ ਨੂੰ ਚੋਖੀ ਆਮਦਨ ਹੋ ਜਾਵੇਗੀ। ਉਸ ਸਾਧਨ ਤੋਂ ਉਨ੍ਹਾਂ ਨੂੰ ਵਧੇਰੇ ਆਸ ਨਹੀਂ ਹੈ, ਅਤੇ ਇਸ ਲਈ, ਜਿਥੋਂ ਤਕ ਆਉਣ ਵਾਲੇ ਸਾਲਾਂ ਦਾ ਸਬੰਧ ਹੈ, ਇਹਨਾਂ ਦੋ ਮੱਦਾਂ ਬਾਰੇ ਵਿਚਾਰ ਕਰਨੀ ਛੱਡ ਦੇਣੀ ਚਾਹੀਦੀ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਬਕਾਏ ਨੂੰ ਵਧਾ ਦਿੱਤਾ ਸੀ। ਆਮਦਨ ਕਰ ਆ ਵੀ ਸਕਦਾ ਹੈ, ਨਹੀਂ ਵੀ ਆ ਸਕਦਾ। ਫਿਰ ਇਹ ਵੀ ਇਤਫ਼ਾਕੀ ਮੱਦ ਹੈ। ਇਸ ਲਈ ਜਿਥੋਂ ਤਕ ਭਵਿੱਖ ਦਾ ਸਬੰਧ ਹੈ, ਕੋਈ ਵੀ ਵਿਅਕਤੀ ਇਹ ਕੁਝ ਦੇਖ ਸਕਦਾ ਹੈ। ਖ਼ਰਚ ਦੀਆਂ ਦੂਜੀਆਂ ਮੱਦਾਂ ਲਈ, ਜੋ ਉਸ ਨੇ ਬਜਟ ਵਿੱਚ ਦਰਸਾਈਆਂ ਹਨ, ਵਾਸਤਵਿਕ ਅਸਾਸਿਆਂ ਦੀ ਸ਼ਕਲ ਵਿੱਚ ਆਧਾਰ ਕੁਝ ਵੀ ਨਹੀਂ ਬਲਕਿ 8 ਲੱਖ ਰੁਪਏ ਦੀ ਇਹ ਤੁਛ ਜਿਹੀ ਰਕਮ ਹੈ ਜੋ ਤਮਾਕੂ ਦੇ ਕਰ ਦੀ ਪ੍ਰਣਾਲੀ ਨੂੰ ਜੋ ਇਸ ਪ੍ਰਾਂਤ ਵਿੱਚ ਪ੍ਰਚੱਲਤ ਹੈ, ਨਵਾਂ ਰੂਪ ਦੇ ਕੇ ਹਾਸਲ ਕਰਨ ਦੀ ਤਜਵੀਜ਼ ਹੈ। 1.37 ਲੱਖ ਰੁਪਏ ਦੇ ਇਸ ਵਾਧੂ ਖ਼ਰਚੇ ਲਈ, ਸਾਡੇ ਪਾਸ ਜੋ ਕੁਝ ਆਮਦਨ (ਮਾਲੀਆ) ਹੈ ਉਹ ਹੈ 8 ਲੱਖ ਰੁਪਏ, ਜਿਸ ਤੇ ਅਸੀਂ ਨਿਰਭਰ ਕਰ ਸਕਦੇ ਹਾਂ। ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਇਹ ਠੀਕ ਹੀ ਕਹਿੰਦਾ ਹਾਂ ਕਿ 37 ਲੱਖ ਰੁਪਏ ਦੇ ਬਜਟ ਦੇ ਰੂਪ ਵਿੱਚ ਸਾਨੂੰ ਪੇਸ਼ ਕੀਤਾ ਗਿਆ ਇਹ ਮਾਮੂਲੀ ਜਿਹਾ ਸ਼ੋ ਵੀ ਸ਼ਾਇਦ ਅਗਲੇ ਸਾਲ ਨਾ ਹੋਵੇ।

ਸ੍ਰੀਮਾਨ ਜੀ, ਆਉ ਅਸੀਂ ਇਕ ਦੂਜੇ ਦ੍ਰਿਸ਼ਟੀਕੋਣ ਤੋਂ ਇਸ ਬਜਟ ਤੇ ਝਾਤ ਮਾਰੀਏ। ਮੈਂ ਇਹ ਪ੍ਰਸ਼ਨ ਪੁਛਦਾ ਹਾਂ: ਉਹ ਦੇਣਦਾਰੀਆਂ, ਜ਼ਿੰਮੇਵਾਰੀਆਂ ਕੀ ਕੀ ਹਨ ਜੋ ਕਾਂਗਰਸ ਸਰਕਾਰ ਦਾ ਆਪਣੇ ਮੋਢਿਆਂ ਤੇ ਚੁਕਣ ਦਾ ਪ੍ਰਸਤਾਵ ਹੈ ? ਆਉ ਅਸੀਂ ਇਹ ਗੱਲ

ਮਹਿਸੂਸ ਕਰੀਏ ਕਿ ਸਾਡੀਆਂ ਕੁੱਝ ਜ਼ਿੰਮੇਵਾਰੀਆਂ ਕੀ ਹਨ ? ਸ੍ਰੀਮਾਨ ਜੀ, ਇਹ ਛੋਟੀ ਜਿਹੀ ਗੱਲ ਹੈ, ਕਿ ਕੀ ਇਹ ਜ਼ਿੰਮੇਵਾਰੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਅਸੀਂ ਕੱਲ੍ਹ, ਜਾਂ ਪਰਸੋਂ ਪੂਰਾ ਕਰ ਸਕਦੇ ਹਾਂ ਜਾਂ ਸਾਨੂੰ ਇਹ ਜ਼ਿੰਮੇਵਾਰੀਆਂ ਪੂਰਾ ਕਰਨ ਲਈ ਕਾਫ਼ੀ ਲੰਮਾ ਸਮਾਂ ਲੱਗੇਗਾ ? ਇਹ ਇਕ ਬਿਲਕੁਲ ਵੱਖਰਾ ਸਵਾਲ ਹੈ। ਇਹ ਬਹੁਤ ਮਹੱਤਵਪੂਰਨ ਹੈ, ਮੈਂ ਕਹਿੰਦਾ ਹਾਂ ਕਿ ਬਹੁਤ ਜ਼ਰੂਰੀ ਹੈ ਅਤੇ ਦਰ ਅਸਲ ਇਹ ਬੁਨਿਆਦੀ ਗੱਲ ਹੈ ਜੋ ਸਾਨੂੰ ਸਾਰਿਆਂ ਨੂੰ-ਜੋ ਇਸ ਪਾਸੇ ਬੈਠੇ ਹਨ ਅਤੇ ਜੋ ਦੂਜੇ ਪਾਸੇ ਬੈਠੇ ਹਨ-ਸਦਾ ਲਈ ਇਹ ਜਾਣ ਲੈਣੀ ਚਾਹੀਦੀ ਹੈ ਕਿ, ਜਿਥੇ ਤਕ ਇਸ ਪ੍ਰਾਂਤ ਦੇ ਲੋਕਾਂ ਦੀ ਭਲਾਈ ਦਾ ਸਬੰਧ ਹੈ, ਇਸ ਪ੍ਰਾਂਤ ਦੇ ਲੋਕਾਂ ਦੀ ਭਲਾਈ ਵਾਸਤੇ ਸਾਡਾ ਕੀ ਕਰਨ ਦਾ ਪ੍ਰਸਤਾਵ ਹੈ ? ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ, ਇਸ ਪ੍ਰਸ਼ਨ ਤੋਂ ਇਲਾਵਾ ਕਿ ਇਸ ਸਥਿਤੀ ਦਾ ਸਾਹਮਣਾ ਕਿਵੇਂ ਕਰਨਾ ਹੈ ਅਤੇ ਕਿੰਨੀ ਛੇਤੀ ਕਰਨਾ ਹੈ ਇਸ ਗੱਲ ਦਾ ਜਾਇਜ਼ਾ ਲਈਏ ਕਿ ਅੰਤ ਵਿੱਚ ਸਥਿਤੀ ਕੀ ਹੋਵੇਗੀ ? ਸ੍ਰੀਮਾਨ ਜੀ, ਇਹ ਬਿਲਕੁਲ ਸਪਸ਼ਟ ਹੈ ਕਿ, ਪਰੰਪਰਾ ਵਜੋਂ ਇਸ ਪ੍ਰਾਂਤ ਦੀਆਂ ਸਾਰੀਆਂ ਚੀਜ਼ਾਂ ਨੂੰ ਉਸੇ ਤਰ੍ਹਾਂ ਲੈਂਦੇ ਹੋਏ, ਜਿਵੇਂ ਇਹ ਅੱਜ ਤਕ ਹਨ, ਸਰਕਾਰ ਨੇ ਜ਼ਿੰਮੇਵਾਰੀ ਆਪਣੇ ਉੱਤੇ ਲਈ ਹੈ, ਭਾਵੇਂ ਇਸ ਨੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਕਰਤਵਾਂ ਨੂੰ ਕਦੇ ਵੀ ਪੂਰਾ ਨਹੀਂ ਕੀਤਾ, ਜਿਨ੍ਹਾਂ ਵਿੱਚ ਨਿਸ਼ਚੇ ਹੀ ਸਿਖਿਆ, ਜਨ ਸਿਹਤ, ਡਾਕਟਰੀ ਸਹਾਇਤਾ, ਅਤੇ ਕੁਝ ਹੱਦ ਤਕ ਜਲ ਸਪਲਾਈ ਦੇ ਖੇਤਰ ਆ ਜਾਂਦੇ ਹਨ। ਇਹ ਗੱਲ ਤਸਲੀਮ ਕਰਨ ਯੋਗ ਹੈ ਕਿ ਇਹ ਕੰਮ ਕਰਨ ਯੋਗ ਹਨ ਅਤੇ ਇਹ ਕੰਮ ਸਰਕਾਰ ਦੇ ਹਨ। ਹੁਣ, ਮੈਨੂੰ ਇਹ ਕਹਿੰਦਿਆਂ ਖੁਸ਼ੀ ਹੁੰਦੀ ਹੈ ਕਿ ਕਾਂਗਰਸ ਸਰਕਾਰ ਨੇ, ਜਦੋਂ 17 ਅਗਸਤ, 1937 ਨੂੰ ਅਹੁਦਾ ਸੰਭਾਲਿਆ, ਇਕ ਬਿਆਨ ਜਾਰੀ ਕੀਤਾ ਜਿਸ ਨੂੰ "ਸਰਕਾਰੀ ਕਿਰਤ ਨੀਤੀ" ਬਾਰੇ ਬਿਆਨ ਕਿਹਾ ਜਾਂਦਾ ਹੈ। ਮੈਂ ਆਪਣੇ ਮਾਨਯੋਗ ਦੋਸਤ ਨੂੰ ਉਸ ਬਿਆਨ ਦੀ ਯਾਦ ਕਰਾਉਂਦਾ ਹਾਂ, ਕਿਉਂਕਿ, ਉਨ੍ਹਾਂ ਨੇ ਇਸ ਵੱਲ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ ਕਿ ਸਰਕਾਰ ਨੇ ਪ੍ਰੈਸ ਨੂੰ ਜਾਰੀ ਕੀਤੇ ਸਰਕਾਰੀ ਬਿਆਨ ਵਿੱਚ ਕੀ ਕਿਹਾ ਹੈ। ਉਸ ਬਿਆਨ ਦਾ ਜ਼ਿਕਰ ਕਰਦਿਆਂ, ਮੈਂ ਦੇਖਦਾ ਹਾਂ ਕਿ ਸਰਕਾਰ ਨੇ ਸਪਸ਼ਟ ਰੂਪ ਵਿੱਚ ਇਹ ਤੱਥ ਸਵੀਕਾਰ ਕਰ ਲਿਆ ਹੈ ਕਿ ਕੇਵਲ ਇਹੀ ਜ਼ਿੰਮੇਵਾਰੀਆਂ ਨਹੀਂ ਰਹਿ ਗਈਆਂ ਜਿਨ੍ਹਾਂ ਵੱਲ ਇਸ ਸਰਕਾਰ ਨੇ ਆਪਣੀਆਂ ਜ਼ਿੰਮੇਵਾਰੀਆਂ ਵਜੋਂ ਬਿਆਨ ਦੇਣਾ ਹੈ। ਕਾਂਗਰਸ ਸਰਕਾਰ ਨੇ ਮੰਨ ਲਿਆ ਹੈ ਕਿ ਇਨ੍ਹਾਂ ਤੋਂ ਇਲਾਵਾ, ਜਿਨ੍ਹਾਂ ਨੂੰ ਲਾਜ਼ਮੀ ਸੇਵਾਵਾਂ ਕਿਹਾ ਜਾਂਦਾ ਹੈ-ਸਿਖਿਆ, ਜਨ ਸਿਹਤ, ਡਾਕਟਰੀ ਸਹਾਇਤਾ ਅਤੇ ਜਲ ਸਪਲਾਈ--, ਹੁਣ ਸਾਰੇ ਆਧੁਨਿਕ ਮੁਲਕਾਂ ਵਿੱਚ ਸਾਂਝੇ ਮਾਪਦੰਡ ਵਾਲੀਆਂ ਦੂਜੀਆਂ ਜ਼ਿੰਮੇਵਾਰੀਆਂ ਵੀ ਹਨ ਜੋ ਸਰਕਾਰ ਨੂੰ ਆਪਣੇ ਤੇ ਲੈਣੀਆਂ ਚਾਹੀਦੀਆਂ ਹਨ। ਮੈਂ ਦੇਖਦਾ ਹਾਂ ਕਿ ਇਹ ਜ਼ਿੰਮੇਵਾਰੀਆਂ ਹਨ- ਬੇਰੁਜ਼ਗਾਰੀ ਲਾਭ, ਬਿਮਾਰੀ ਬੀਮਾ, ਬੁਢੇਪਾ ਪੈਨਸ਼ਨਾਂ, ਪ੍ਰਸੂਤੀ ਲਾਭ ਅਤੇ ਪੂਰਬ ਕਾਲੀ ਮੌਤ ਤੇ ਆਸਰਿਤਾਂ ਵਾਸਤੇ ਲਾਭ। ਇਸ ਲਈ ਅਸੀਂ ਇਸ ਸਥਿਤੀ ਤੋਂ ਸ਼ੁਰੂ ਕਰਨਾ ਹੈ ਕਿ ਮੇਰੀ ਸਰਕਾਰ ਜੋ ਹਕੂਮਤ ਆਪਣੇ ਹੱਥ ਵਿੱਚ ਹੋਣ ਦਾ ਦਾਅਵਾ ਕਰਦੀ

ਹੈ, ਉਸ ਨੂੰ ਚਾਹੀਦਾ ਹੈ ਕਿ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਵੀ ਆਪਣੇ ਕੰਮ ਕਾਜ ਦਾ ਇੱਕ ਹਿੱਸਾ ਸਮਝੇ। ਇਸ ਲਈ, ਪ੍ਰਸ਼ਨ ਇਹ ਹੈ ਕਿ ਜੇਕਰ ਸਰਕਾਰ ਨੇ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦਾ ਫ਼ੈਸਲਾ ਕਰਨਾ ਹੈ ਤਾਂ ਸਰਕਾਰ ਦੀਆਂ ਕੁੱਲ ਜ਼ਿਮੇਵਾਰੀਆਂ ਕੀ ਹੋਣਗੀਆਂ ? ਜਿਵੇਂ ਮੈਂ ਕਿਹਾ ਸੀ, ਇਸ ਦਾ ਕੋਈ ਮਹੱਤਵ ਨਹੀਂ, ਇਸ ਨਾਲ ਸਮੱਸਿਆ ਹੱਲ ਨਹੀਂ ਹੁੰਦੀ, ਭਾਵੇਂ ਅਸੀਂ ਅੱਜ ਇਸ ਤਰ੍ਹਾਂ ਕਰਨ ਦੇ ਯੋਗ ਹੋਈਏ ਜਾਂ ਨਾ। ਜ਼ਰੂਰੀ ਇਹ ਹੈ ਕਿ ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਸਾਡੀਆਂ ਜ਼ਿੰਮੇਵਾਰੀਆਂ ਕੀ ਹਨ ਅਤੇ ਅੰਤ ਨੂੰ ਅਸੀਂ ਕਿਹੜੀ ਜ਼ਿੰਮੇਵਾਰੀ ਵਿਚ ਫਸ ਜਾਵਾਂਗੇ। ਸ੍ਰੀਮਾਨ ਜੀ, ਇਨ੍ਹਾਂ ਸਾਰੀਆਂ ਚੀਜ਼ਾਂ ਤੇ ਵਿਚਾਰ ਕਰਦੇ ਹੋਏ, ਮੈਂ ਆਪਣੇ ਮਾਨਯੋਗ ਦੋਸਤ ਪਾਸੋਂ, ਇਸ ਡਿਬੇਟ ਦੇ ਖ਼ਤਮ ਹੋਣ ਸਮੇਂ ਵੀ ਉਸ ਦੇ ਮਾਹਰ ਹੱਥਾਂ ਦੁਆਰਾ ਤਿਆਰ ਕੀਤੇ ਅਨੁਮਾਨ ਬਾਰੇ ਜਾਣਨਾ ਚਾਹਾਂਗਾ, ਉਸ ਦਾ ਸਵਾਗਤ ਕਰਾਂਗਾ ਜੇ ਉਹ ਸਾਨੂੰ ਦੱਸਣ ਕਿ ਜੇਕਰ ਅਸੀਂ ਉਨ੍ਹਾਂ ਜ਼ਿੰਮੇਵਾਰੀਆਂ ਨੂੰ ਪੂਰਨ ਰੂਪ ਵਿੱਚ ਪੂਰਾ ਕਰੀਏ ਤਾਂ ਇਸ ਪ੍ਰਾਂਤ ਦੀ ਆਮਦਨ ਤੇ ਠੀਕ ਕਿੰਨਾ ਬੋਝ ਪਵੇਗਾ ? ਜਿੰਨਾ ਕੁ ਮੈਂ ਹਿਸਾਬ ਕਰਨ ਦੇ ਯੋਗ ਹਾਂ ਮੈਂ ਥੋੜ੍ਹਾ ਜਿਹਾ ਹਿਸਾਬ ਲਾਇਆ ਹੈ। ਮੇਰਾ ਹਿਸਾਬ ਬਿਲਕੁਲ ਠੀਕ ਨਹੀਂ ਵੀ ਹੋ ਸਕਦਾ। ਮੇਰੇ ਪਾਸ ਕੋਈ ਸੂਚਨਾ ਨਹੀਂ, ਕੋਈ ਆਧਾਰ ਸਮੱਗਰੀ (Data) ਨਹੀਂ ਹੈ, ਮੇਰੇ ਪਾਸ ਕੋਈ ਮਾਤਰ ਸਹਾਇਤਾ ਨਹੀਂ, ਇਹ ਪਤਾ ਕਰਨ ਲਈ ਕਿ ਸਰਕਾਰ ਤੇ ਠੀਕ ਕੁੱਲ ਕਿੰਨਾ ਮਾਲੀ ਬੋਝ ਪਵੇਗਾ, ਮੈਂ ਕੁਝ ਅਨੁਮਾਨ ਲਗਾਉਣ ਦਾ ਸਾਹਸ ਕੀਤਾ ਹੈ। ਨਿਮਰਤਾ ਨਾਲ ਬੋਲਦਿਆਂ, ਇਸ ਪ੍ਰਾਂਤ ਦੀਆਂ ਕੁੱਲ ਦੇਣਦਾਰੀਆਂ 24 ਕਰੋੜ ਰੁਪਏ ਬਣਨਗੀਆਂ। ਇਸ ਪ੍ਰਾਂਤ ਦੀ ਸਰਕਾਰ ਨੂੰ ਇਹ ਗੱਲ ਧਿਆਨ ਵਿਚ ਰੱਖਣੀ ਪਵੇਗੀ। ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਕਿ ਕਿਹੜੀ ਸਰਕਾਰ ਆਉਂਦੀ ਹੈ ? ਇਹ ਸਰਕਾਰ ਵੀ ਸਦਾ ਲਈ ਇਸ ਪ੍ਰਾਂਤ ਦਾ ਰਾਜ ਪ੍ਰਬੰਧ ਸੰਭਾਲ ਸਕਦੀ ਹੈ। ਜਦੋਂ ਤਕ ਉਹ ਸਰਕਾਰ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੈ, ਮੈਨੂੰ ਕੋਈ ਸ਼ਿਕਵਾ ਨਹੀਂ। ਇਸ ਲਈ, ਜਿਹੜਾ ਪ੍ਰਸ਼ਨ ਅਸੀਂ ਧਿਆਨ ਵਿੱਚ ਰੱਖਣਾ ਹੈ, ਉਹ ਇਹ ਹੈ ਕਿ ਤੁਸੀਂ ਇਹ 24 ਕਰੋੜ ਰੁਪਏ ਕਿਵੇਂ ਹਾਸਲ ਕਰੋਗੇ ? ਇਹ ਕੁਝ ਵੱਧ ਵੀ ਹੋ ਸਕਦੇ ਹਨ ਅਤੇ ਕੁਝ ਘੱਟ ਵੀ ਹੋ ਸਕਦੇ ਹਨ। ਇਸ ਰਕਮ ਦੇ ਲਗਭਗ ਬਰਾਬਰ ਹੀ ਇਸ ਪ੍ਰਾਂਤ ਦੀ ਸਰਕਾਰ ਨੂੰ ਜ਼ਿੰਮੇਵਾਰੀ ਆਪਣੇ ਸਿਰ ਲੈਣੀ ਪਵੇਗੀ। ਸ੍ਰੀਮਾਨ ਜੀ, ਮੈਂ ਪੁੱਛਦਾ ਹਾਂ ਕਿ ਕੀ ਇਹ ਸਰਕਾਰ ਜਾਂ ਕੋਈ ਵੀ ਸਰਕਾਰ ਇਸ ਮੰਤਵ ਲਈ ਇੰਨੀ ਰਕਮ ਇਕੱਠੀ ਕਰਨ ਦੇ ਸਮਰੱਥ ਹੈ ? ਆਉ ਹੁਣ ਅਸੀਂ ਦੁਨੀਆ ਦੇ ਦੂਜੇ ਹਿਸਿਆਂ ਵਿਚ ਆਮਦਨ ਦੇ ਕੁਝ ਅੰਕੜਿਆਂ ਨੂੰ ਦੇਖੀਏ ਅਤੇ ਦੁਨੀਆ ਦੇ ਦੂਜੇ ਹਿਸਿਆਂ ਵਿਚ ਸਥਿਤੀ ਦਾ ਮੁਕਾਬਲਾ ਆਪਣੇ ਪ੍ਰਾਂਤ ਦੀ ਸਥਿਤੀ ਨਾਲ ਕਰੀਏ। ਮੈਂ ਕੁਝ ਦੇਸਾਂ ਵਿਚ ਜੀਅ ਪ੍ਰਤੀ ਆਮਦਨ ਦੇ ਕੁਝ ਅੰਕੜੇ ਤਿਆਰ ਕੀਤੇ ਹਨ। ਉਹ ਇਸ ਪ੍ਰਕਾਰ ਹਨ----

	ਪੌਂਡ	ਸ਼ੀਲਿੰਗ	ਪੈਂਸ
ਕੈਨੇਡਾ	9	8	0
ਦੱਖਣੀ ਆਸਟ੍ਰੇਲੀਆ	19	0	0
ਨਿਊ ਸਾਊਥ ਵੇਲਜ਼	13	0	0
ਨਿਊਜ਼ੀਲੈਂਡ	22	0	0
ਦੱਖਣੀ ਅਫ਼ਰੀਕਾ ਸੰਘ	4	0	0
		(ਇਸ ਵਿਚ ਪ੍ਰਾਂਤਿਕ ਸਰਕਾਰਾਂ ਦੁਆਰਾ ਇਕੱਠਾ ਕੀਤਾ ਗਿਆ-ਮਾਲੀਆ ਸ਼ਾਮਲ ਨਹੀਂ)	
ਆਸਟਰੇਲੀਆ	12	0	0
ਆਇਰਿਸ਼ ਫਰੀ ਸਟੇਟ	10	0	0
ਬੰਬਈ	0	0	7

ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਹ ਬੜੀ ਚਕਰਾ ਦੇਣ ਵਾਲੀ ਤਸਵੀਰ ਹੈ। ਇਹ ਇਕ ਤਸਵੀਰ ਹੈ, ਇਹ ਇਕ ਮੁਕਾਬਲਾ ਹੈ ਜਿਸ ਨਾਲ ਕੋਈ ਵੀ ਵਿੱਤ ਮੰਤਰੀ ਜੋ ਇਸ ਪ੍ਰਾਂਤ ਦੇ ਜਨ ਸਮੂਹ ਦੀ ਭਲਾਈ ਕਰਨ ਦੀ ਜ਼ਿਮੇਵਾਰੀ ਲੈਣਾ ਚਾਹੁੰਦਾ ਹੈ, ਡਰ ਮਹਿਸੂਸ ਕਰੇਗਾ।

ਹੁਣ ਦੂਜਾ ਪੱਖ ਜਿਸ ਵੱਲ ਪ੍ਰਾਂਤ ਦੀ ਮਾਲੀ ਸਥਿਤੀ ਦੇ ਸਬੰਧ ਵਿਚ ਧਿਆਨ ਦੇਣਾ ਹੈ, ਉਹ ਇਹ ਹੈ ਕਿ ਸਾਡੀ ਆਮਦਨ (ਮਾਲੀਆ) ਬਿਲਕੁਲ ਗਤੀਹੀਣ ਰਹੀ ਹੈ। ਮੈਂ ਵਿੱਤ ਮੰਤਰੀ ਦਾ ਜ਼ਿਕਰ ਕਰ ਰਿਹਾ ਹਾਂ। ਪਿਛਲੇ ਸਾਲ ਦੇ ਬਜਟ ਭਾਸ਼ਣ ਵਿਚ ਉਨ੍ਹਾਂ ਨੇ ਸਾਨੂੰ ਅੰਕੜਿਆਂ ਦਾ ਇਕ ਬਹੁਤ ਲਾਭਦਾਇਕ ਸੈੱਟ ਦਿੱਤਾ ਜਿਸ ਵਿਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ 1922 ਅਤੇ 1935 ਵਿਚਕਾਰ ਆਮਦਨ ਦੀ ਤੁਲਨਾ ਕੀਤੀ ਗਈ ਸੀ। ਵਾਧਾ ਆਮਦਨ ਇਸ ਤਰ੍ਹਾਂ ਸੀ:----

	ਪ੍ਰਤਿਸ਼ਤ
ਮਦਰਾਸ	26.7
ਪੰਜਾਬ	28.6

ਸੰਯੁਕਤ ਪ੍ਰਾਂਤ	16.7
ਆਸਾਮ	14.7
ਬੰਗਾਲ	11.9
ਬੰਬਈ	3

ਇਸ 3 ਪ੍ਰਤੀਸ਼ਤ ਵਿਚੋਂ ਵੀ ਹੋਰ ਕਟੋਤੀ ਕਰਨੀ ਪੈਣੀ ਹੈ।

ਇਸ ਵਾਧੇ ਦੇ ਆਧਾਰ ਬਾਰੇ ਵੀ ਤਾਂ ਪਤਾ ਲਗਦਾ ਹੈ ਜੇ ਤੁਸੀਂ ਉਨ੍ਹਾਂ ਸਾਰੇ ਵਾਧੂ ਟੈਕਸਾਂ ਦਾ ਖ਼ਿਆਲ ਕਰੋ ਜੋ 1922 ਤੋਂ ਲਗਾਏ ਗਏ ਸਨ। ਜੇਕਰ ਤੁਸੀਂ ਉਹ ਸਾਰੇ ਵਾਧੂ ਟੈਕਸ ਜੋ 1922 ਤੋਂ 1935 ਤਕ ਲਗਾਏ ਗਏ ਸਨ, ਘਟਾ ਦਿਉ, ਤਾਂ ਬੰਬਈ ਪ੍ਰੈਜ਼ੀਡੈਂਸੀ ਦੀ ਆਮਦਨ ਸਾਢੇ ਪੰਜ ਪ੍ਰਤੀਸ਼ਤ ਘੱਟ ਹੋ ਜਾਵੇਗੀ। ਇਸ ਲਈ ਅਸੀਂ ਆਪਣੇ ਆਪ ਨੂੰ ਇਸ ਸਥਿਤੀ ਵਿਚ ਪਾਉਂਦੇ ਹਾਂ ਕਿ ਸਾਡੀ ਸਰਕਾਰੀ ਆਮਦਨ ਵਿਚ ਉਕਾ ਹੀ ਵਾਧਾ ਨਹੀਂ ਹੋ ਰਿਹਾ, ਇਹ ਅਮਲੀ ਤੌਰ ਤੇ ਇਕ ਖੜੋਤ ਵਾਲੀ ਸਥਿਤੀ ਵਿਚ ਹੈ। ਹੁਣ ਉਸ ਵਿਚ ਦੋ ਜੁਜ਼ ਜਮ੍ਹਾ ਕਰ ਲਉ। ਪਹਿਲਾ ਇਹ, ਕਿ ਹੁਣ ਇਸ ਸਰਕਾਰ ਦੁਆਰਾ ਅਪਣਾਈ ਗਈ ਨਸ਼ਾਬੰਦੀ ਦੀ ਨੀਤੀ ਨਾਲ ਇਹ ਸਥਿਤੀ ਹੋਰ ਵੀ ਭੈੜੀ ਹੋ ਜਾਵੇਗੀ। ਦੂਜੇ, ਸਾਨੂੰ ਇਸ ਗੱਲ ਦਾ ਧਿਆਨ ਰੱਖਣਾ ਪਵੇਗਾ ਕਿ ਇਸ ਸਰਕਾਰ ਨੇ ਜ਼ਮੀਨ ਮਾਲੀਏ ਨੂੰ ਘੱਟ ਕਰਨ ਦੀ ਆਪਣੀ ਨੀਤੀ ਦਾ ਐਲਾਨ ਕੀਤਾ ਹੈ। ਇਹ ਇਕ ਸੱਚਾਈ ਹੈ ਕਿ ਸਰਕਾਰੀ ਆਮਦਨ ਦੀਆਂ ਇਨ੍ਹਾਂ ਦੋ ਮੱਦਾਂ ਤੋਂ ਲਗਭਗ 7 ਕਰੋੜ ਰੁਪਏ ਪ੍ਰਾਪਤ ਹੁੰਦੇ ਹਨ। ਸਰਕਾਰ ਦੁਆਰਾ ਬਣਾਈ ਗਈ ਨੀਤੀ ਦਾ ਖ਼ਿਆਲ ਕਰਦਿਆਂ ਹੋਇਆਂ, ਇਹ ਸਮਝਿਆ ਜਾਣਾ ਚਾਹੀਦਾ ਹੈ ਕਿ ਇਹ ਸੱਤ ਕਰੋੜ ਰੁਪਏ ਇਸ ਪ੍ਰਾਂਤ ਦੇ ਲੋਪ ਹੋ ਰਹੇ ਅਸਾਸੇ ਹਨ। ਇਸ ਲਈ ਕਿਸੇ ਵੀ ਚੀਜ਼ ਦਾ ਨਿਰਮਾਣ ਕਰਨ ਲਈ ਜੋ ਸਥਾਈ ਹੋਵੇ, ਤੁਸੀਂ ਸਥਾਈ ਆਧਾਰ ਵਜੋਂ ਜਿਸ ਸਮੁੱਚੀ ਆਮਦਨ ਦਾ ਹਿਸਾਬ ਲਗਾ ਸਕਦੇ ਹੋ, ਉਹ ਕੇਵਲ ਪੰਜ ਕਰੋੜ ਰੁਪਏ ਹੈ। ਇਸਦੇ ਮੁਕਾਬਲੇ ਤੁਸੀਂ, ਜਿਵੇਂ ਮੈਂ ਕਿਹਾ ਸੀ, 24 ਕਰੋੜ ਰੁਪਏ ਦੀ ਬੁਨਿਆਦੀ ਜ਼ਿੰਮੇਵਾਰੀ ਦਾ ਪ੍ਰਬੰਧ ਕਰਨਾ ਹੈ।

ਸ੍ਰੀਮਾਨ ਜੀ, ਹੁਣ ਪ੍ਰਸ਼ਨ ਇਹ ਹੈ: ਇਕ ਪ੍ਰਾਂਤ ਦੇ ਵਿੱਤੀ ਸਾਧਨਾਂ ਵਿਚ ਸੁਧਾਰ ਕਰਨ ਦੇ ਢੰਗ ਕੀ ਹਨ ? ਮੈਨੂੰ ਇਹ ਕਹਿਣ ਵਿਚ ਬੜਾ ਖੇਦ ਹੈ, ਪਰ ਵਿੱਤੀ ਵਿਵਰਣ ਅਤੇ ਬਜਟ ਭਾਸ਼ਣ ਜੋ ਮੇਰੇ ਮਾਨਯੋਗ ਦੋਸਤ ਨੇ ਦਿੱਤਾ ਹੈ, ਉਸ ਨੂੰ ਦੇਖਦਿਆਂ ਮੈਨੂੰ ਸਚਮੁਚ ਇਹ ਆਖਣਾ ਚਾਹੀਦਾ ਹੈ ਕਿ ਇਹ ਬਜਟ ਬਹੁਤ ਪਿਛੇ ਨੂੰ ਚਲਣ ਵਾਲਾ ਬਜਟ ਹੈ। ਇਹ ਉਹ ਬਜਟ ਹੈ ਜੋ ਇਹ ਦਰਸਾਉਂਦਾ ਹੈ ਕਿ ਇਹ ਸਰਕਾਰ ਆਪਣੇ ਕੀਤੇ ਹੋਏ ਵਾਅਦਿਆਂ ਤੋਂ ਮੁੱਕਰ ਗਈ ਹੈ। ਸ੍ਰੀਮਾਨ ਜੀ, ਪਿਛਲੇ ਭਾਸ਼ਣ ਵਿਚ, ਜੋ ਮਾਨਯੋਗ ਵਿੱਤ ਮੰਤਰੀ ਨੇ ਦਿੱਤਾ ਸੀ, ਮੈਂ ਕਹਿੰਦਾ ਹਾਂ------ਅਤੇ ਮੇਰਾ ਖ਼ਿਆਲ ਹੈ ਕਿ ਜਿਥੇ ਲੋੜ ਹੋਵੇ ਉਸਦੀ ਪ੍ਰਸ਼ੰਸਾ ਕਰਨੀ

ਚਾਹੀਦੀ ਹੈ--ਸਾਹਸ ਦਾ, ਗਰਮ-ਖ਼ਿਆਲੀ ਦਾ ਤੱਤ ਸੀ ਜਿਸ ਨਾਲ ਸਾਡੇ ਵਿਚੋਂ ਉਨ੍ਹਾਂ ਦੇ ਦਿਲਾਂ ਨੂੰ ਬਹੁਤ ਖੁਸ਼ੀ ਮਿਲੀ ਜੋ ਸਦਨ ਦੇ ਇਸ ਪਾਸੇ ਬੈਠੇ ਸਨ। ਪਿਛਲੇ ਮੌਕੇ ਤੇ ਉਨ੍ਹਾਂ ਵਲੋਂ ਦਿੱਤੇ ਗਏ ਭਾਸ਼ਣ ਦਾ ਮੁਕਾਬਲਾ ਮੈਂ ਉਨ੍ਹਾਂ ਵਲੋਂ ਦੂਜੇ ਦਿਨ ਦਿਤੇ ਗਏ ਭਾਸ਼ਣ ਨਾਲ ਕੀਤਾ ਹੈ ਅਤੇ ਮੈਂ ਦੋਹਾਂ ਭਾਸ਼ਣਾਂ ਵਿਚਕਾਰ ਬੜਾ ਦੁਖਦਾਈ ਫ਼ਰਕ ਦੇਖਿਆ। ਸ੍ਰੀਮਾਨ ਜੀ, ਪਿਛਲੇ ਸਾਲ, ਮੇਰੇ ਮਾਨਯੋਗ ਦੋਸਤ ਨੇ--ਹਰ ਹਾਲਤ ਵਿਚ ਉਨ੍ਹਾਂ ਵਲੋਂ ਦਿੱਤੇ ਗਏ ਭਾਸ਼ਣ ਤੋਂ ਅੰਦਾਜ਼ਾ ਲਗਾਉਂਦੇ ਹੋਏ--ਮੇਰੇ ਉੱਤੇ ਇਹ ਪ੍ਰਭਾਵ ਪਾਇਆ ਕਿ ਉਹ ਸਭ ਤੋਂ ਕਠਿਨ ਅਤੇ ਸਭ ਤੋਂ ਮਹੱਤਵਪੂਰਨ ਸਮੱਸਿਆ ਜੋ ਸਾਡੇ ਸਾਰਿਆਂ ਨੂੰ ਪੇਸ਼ ਆ ਰਹੀ ਹੈ-ਅਰਥਾਤ ਪੈਸੇ ਹਾਸਲ ਕਰਨ ਦੀ ਸਮੱਸਿਆ-ਤੋਂ ਸੁਚੇਤ ਹੈ। ਉਹ ਕੇ ਇਸ ਤੱਥ ਤੋਂ ਜਾਣੂ ਨਹੀਂ ਸਨ ਕਿ ਇਹ ਸਾਡੀ ਇਕ ਉਚਤਮ ਸਮੱਸਿਆ ਹੈ, ਪਰ ਉਨ੍ਹਾਂ ਨੇ ਸਾਡੇ ਨਾਲ ਵਾਅਦਾ ਕੀਤਾ ਕਿ ਉਹ ਇਸ ਨੂੰ ਅਜਿਹੇ ਢੰਗ ਨਾਲ ਨਜਿੱਠਣਗੇ ਕਿ ਕੇਵਲ ਇਸ ਪ੍ਰਾਂਤ ਦੀ ਭਲਾਈ ਵਾਸਤੇ ਵਧੇਰੇ ਸਾਧਨ ਹੀ ਪ੍ਰਾਪਤ ਨਹੀਂ ਹੋਣਗੇ ਬਲਕਿ ਇਸਦਾ ਬੋਝ ਇਸ ਤਰ੍ਹਾਂ ਬਰਾਬਰ ਵੰਡਿਆ ਜਾਵੇਗਾ ਕਿ ਜੋ ਇਸ ਬੋਝ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਉਨ੍ਹਾਂ ਨੂੰ ਛੱਡ ਦਿੱਤਾ ਜਾਵੇਗਾ ਅਤੇ ਜੋ ਬੋਝ ਸਹਾਰ ਸਕਦੇ ਹਨ ਉਨ੍ਹਾਂ ਤੇ ਟੈਕਸ ਲਗਾਇਆ ਜਾਵੇਗਾ। ਮੈਂ ਉਨ੍ਹਾਂ ਵਾਸਤੇ ਉਸ ਭਾਸ਼ਣ ਦੇ ਕੁਝ ਪੈਰੇ ਪੜ੍ਹਦਾ ਹਾਂ ਜੋ ਉਨ੍ਹਾਂ ਨੇ ਪਿਛਲੇ ਸਲ ਦਿੱਤਾ। ਪੈਰਾ 14 ਵਿਚ, ਇਹ ਉਹ ਹੈ ਜੋ ਮੇਰੇ ਵਿਦਵਾਨ ਦੋਸਤ----------

ਇਕ ਮਾਨਯੋਗ ਮੈਂਬਰ: "ਮਾਨਯੋਗ ਦੋਸਤ"।

ਡਾ. ਬੀ. ਆਰ. ਅੰਬੇਡਕਰ: ਮੈਨੂੰ ਹਾਈ ਕੋਰਟ ਦੀ ਆਦਤ ਪਈ ਹੋਈ ਹੈ ਜਿਥੇ ਅਸੀਂ ਆਪਣੇ ਦੋਸਤਾਂ ਨੂੰ "ਵਿਚਾਰਵਾਨ" ਆਖਦੇ ਹਾਂ। ਇਹ ਹੈ ਜੋ ਮੇਰੇ ਮਾਨਯੋਗ ਦੋਸਤ ਨੇ ਕਿਹਾ ਸੀ: "ਅੰਤ ਵਿਚ ਅਸੀਂ ਟੈਕਸ ਲਗਾਉਣ ਵੱਲ ਆਉਂਦੇ ਹਾਂ ਜੋ ਉਸ ਵਾਧੂ ਪੂੰਜੀ ਦਾ ਸਾਧਨ ਹੈ ਜਿਸਦੀ ਵਧੇਰੇ ਲੋੜ ਹੈ। ਇਸ ਸਬੰਧ ਵਿਚ, ਸਾਡਾ ਪਹਿਲਾ ਉਦੇਸ਼ ਮੌਜੂਦਾ ਟੈਕਸਾਂ ਦੇ ਪ੍ਰਭਾਵ-ਖੇਤਰ ਨੂੰ ਲੋੜੀਂਦੀ ਤਰਤੀਬ ਦੇਣਾ ਹੈ। ਪਹਿਲਾਂ ਭੂਮੀ ਕਰ ਨੂੰ ਲੈ ਲਉ। ਸਾਡਾ ਅੰਤਮ ਉਦੇਸ਼ ਉਨ੍ਹਾਂ ਗ਼ੈਰ-ਕਫ਼ਾਇਤੀ ਜੋਤਾਂ ਤੇ ਟੈਕਸ ਨਾ ਲਗਾਉਣਾ ਹੈ ਜਿਨ੍ਹਾਂ ਵਿਚ ਸਾਡੀ ਜ਼ਮੀਨ ਇਸ ਵੇਲੇ ਵੰਡੀ ਹੋਈ ਹੈ। ਸ਼ੁਰੂ ਵਿਚ, ਅਸੀਂ ਇਹ ਜ਼ਰੂਰੀ ਸਮਝਦੇ ਹਾਂ ਕਿ ਵਧੇਰੇ ਜ਼ਰਾਇਤੀ ਆਮਦਨਾਂ ਤੇ ਦਰਜੇ ਵਾਰ ਟੈਕਸ ਲਗਾਇਆ ਜਾਵੇ। ਅਸਲ ਕਾਸ਼ਤਕਾਰ ਦੀ ਬੇਦਖ਼ਲੀ ਨਾਲ ਜ਼ਮੀਨਾਂ ਦਾ ਬਹੁਤਾ ਹਿੱਸਾ ਗ਼ੈਰ-ਕਾਸ਼ਤਕਾਰ, ਕਿਰਾਇਆ ਵਸੂਲਣ ਵਾਲੇ, ਦੂਰਵਾਸੀ ਜ਼ਿਮੀਂਦਾਰਾਂ ਪਾਸ ਆ ਗਿਆ ਹੈ। ਕੀ ਉਨ੍ਹਾਂ ਦੀਆਂ ਆਮਦਨਾਂ ਨੂੰ, ਚਾਹੇ ਉਹ ਘੱਟ ਹੋਣ ਚਾਹੇ ਵੱਧ, ਟੈਕਸ ਤੋਂ ਛੋਟ ਦੇਣ ਜਾਂ ਟੈਕਸ ਘੱਟ ਕਰਨ ਦੇ ਸਬੰਧ ਵਿਚ ਉਸੇ ਤਰੀਕੇ ਨਾਲ ਮੰਨਿਆ ਜਾਣਾ ਹੈ ਜਿਵੇਂ ਜ਼ਮੀਨ ਦੇ ਅਸਲ ਕਾਸ਼ਤਕਾਰ ਦੀ ਆਮਦਨ ਨੂੰ ਮੰਨਿਆ ਜਾਂਦਾ ਹੈ? ਫਿਰ ਇੰਤਕਾਲ ਕੀਤੀਆਂ ਜ਼ਮੀਨਾਂ ਤੋਂ ਵੀ ਆਮਦਨ ਦਾ ਬਹੁਤ ਘਾਟਾ ਹੈ। ਇਨ੍ਹਾਂ ਆਮਦਨਾਂ ਨਾਲ ਇਸ ਸੂਬੇ ਨੂੰ 70 ਲੱਖ ਰੁਪਏ ਸਾਲਾਨਾ ਦੀ ਹਾਨੀ ਹੁੰਦੀ ਹੈ। ਜਦੋਂ ਅਸੀਂ ਆਪਣੇ ਰੱਜੇ ਪੁੱਜੇ ਖਾਤੇਦਾਰਾਂ ਦੀਆਂ ਵੱਧ ਸ਼੍ਰੇਣੀਆਂ ਤੇ ਟੈਕਸ ਲਾਉਣ ਦਾ ਪ੍ਰਸਤਾਵ ਕਰਦੇ

ਹਾਂ ਤਾਂ ਇਨ੍ਹਾਂ ਆਮਦਨਾਂ ਨੂੰ ਕਿਵੇਂ ਮੰਨਿਆ ਜਾਣਾ ਹੈ ? ਅਜਿਹੇ ਪ੍ਰਸ਼ਨਾਂ ਬਾਰੇ ਇਸ ਸਦਨ ਦੇ ਸਾਰੇ ਪਾਸਿਆਂ ਦੇ ਮਾਨਯੋਗ ਮੈਂਬਰਾਂ ਦੇ ਵਿਚਾਰ ਸਰਕਾਰ ਦੁਆਰਾ ਨਿਸ਼ਚਿਤ ਪ੍ਰਸਤਾਵ ਤਿਆਰ ਕਰਨ ਲਈ ਬਹੁਤ ਜ਼ਿਆਦਾ ਸਹਾਈ ਹੋਣਗੇ। ਸਾਡਾ ਵਿਚਾਰ ਹੈ ਕਿ ਇਸ ਬੋਝ ਨੂੰ ਸਹਾਰ ਸਕਣ ਵਾਲੀਆਂ ਜ਼ਮੀਨ ਦੀਆਂ ਆਮਦਨਾਂ ਤੇ ਵਧੇਰੇ ਟੈਕਸ ਲਗਾਉਣ ਦੀ ਨੀਤੀ ਅਪਣਾਏ ਜਾਣ ਨਾਲ ਉਪਲਬਧ ਸਾਧਨਾਂ ਦੀ ਵਧੇਰੇ ਵਰਤੋਂ, ਵਧੇਰੇ ਕਰਕੇ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਅਸਲ ਕਾਸ਼ਤਕਾਰ ਜ਼ਮੀਨ ਕਰ ਦਾ ਬੋਝ ਆਸਾਨੀ ਨਾਲ ਸਹਿ ਸਕਣ ਅਤੇ ਉਨ੍ਹਾਂ ਦਾ ਜੀਵਨ ਸੁਖੀ ਬਣ ਸਕੇ। ਇਸ ਬਾਰੇ ਪੜਤਾਲਾਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ ਕਿ ਖੇਤੀਬਾੜੀ ਦੀਆਂ ਜ਼ਿਆਦਾ ਅਤੇ ਨਿਆਇਸੰਗਤੀ ਨਾਲ ਕਰ ਲਗਾਉਣ ਯੋਗ ਆਮਦਨਾਂ ਦੇ ਦਰਜੇਵਾਰ ਕਰ ਲਗਾਉਣ ਦੇ ਸਿੱਟੇ ਕੀ ਹੋਣਗੇ ? ਇਸੇ ਤਰ੍ਹਾਂ ਦੂਜੇ ਟੈਕਸ ਜਿਨ੍ਹਾਂ ਤੋਂ ਅਸੀਂ ਸਰਕਾਰੀ ਆਮਦਨ ਹਾਸਲ ਕਰ ਰਹੇ ਹਾਂ, ਉਨ੍ਹਾਂ ਦੇ ਪ੍ਰਭਾਵ ਖੇਤਰ ਦੇ ਸਬੰਧ ਵਿਚ ਅਤੇ ਲੋਕ ਹਿੱਤ ਉੱਤੇ ਉਨ੍ਹਾਂ ਦੇ ਅਸਰ ਦੇ ਸਬੰਧ ਵਿਚ ਉਨ੍ਹਾਂ, ਦੀ ਵੀ ਧਿਆਨ ਪੂਰਬਕ ਮੁੜ ਜਾਂਚ ਕਰਨ ਅਤੇ ਉਨ੍ਹਾਂ ਨੂੰ ਮੁੜ ਤਰਤੀਬ ਦੇਣ ਦੀ ਲੋੜ ਹੈ। ਅਸੀਂ ਇਹ ਕੰਮ ਉਤਨੀ ਫੁਰਤੀ ਨਾਲ ਕਰ ਰਹੇ ਹਾਂ ਜਿੰਨਾ ਸੰਭਵ ਹੋ ਸਕੇ ਅਤੇ ਸਰਕਾਰ ਨੂੰ ਹਰ ਉਮੀਦ ਹੈ ਕਿ ਇਸ ਸਦਨ ਵਿਚ ਅਗਲਾ ਬਜਟ ਪੇਸ਼ ਕਰਨ ਵਾਸਤੇ ਤਿਆਰ ਹੋਣ ਤੱਕ ਸਾਡੇ ਨਿਸ਼ਚਿਤ ਨਤੀਜਿਆਂ ਦਾ ਐਲਾਨ ਕਰ ਦਿੱਤਾ ਜਾਵੇਗਾ।

"ਮੈਨੂੰ ਉਮੀਦ ਹੈ ਕਿ ਇਸ ਤੋਂ ਇਲਾਵਾ ਜੋ ਮੈਂ ਇਸ ਸ਼ਾਮ ਕਿਹਾ ਹੈ, ਕੋਈ ਵੀ ਚੀਜ਼ ਇਸ ਵਿਸ਼ਵਾਸ ਦਾ ਸਮਰਥਨ ਨਹੀਂ ਕਰੇਗੀ ਕਿ ਸਰਕਾਰ ਸਮਾਜਕ ਉਪਯੋਗਤਾ ਵਾਲੀਆਂ ਸਕੀਮਾਂ ਲਈ ਪੈਸਾ ਜੁਟਾਉਣ ਵਾਸਤੇ ਨਵੇਂ ਟੈਕਸਾਂ ਦੀ ਤਜਵੀਜ਼ ਕਰਨ ਲਈ ਤਿਆਰ ਨਹੀਂ। ਮੈਂ ਕਹਿ ਸਕਦਾ ਹਾਂ, ਕਿ ਅਜਿਹਾ ਪ੍ਰਭਾਵ ਅਸਲੀਅਤ ਤੋਂ ਕੋਹਾਂ ਦੂਰ ਹੋਵੇਗਾ। ਭਾਵੇਂ ਇਸ ਪ੍ਰਾਂਤ ਵਿਚ ਟੈਕਸ ਬਹੁਤ ਜ਼ਿਆਦਾ ਹਨ, ਸਾਨੂੰ ਇਹ ਸਾਫ਼ ਪਤਾ ਹੈ ਕਿ ਇਨ੍ਹਾਂ ਟੈਕਸਾਂ ਦਾ ਵਧੇਰੇ ਭਾਰ ਇਸ ਪ੍ਰਾਂਤ ਦੇ ਗ਼ਰੀਬ ਲੋਕਾਂ ਤੇ ਪੈ ਰਿਹਾ ਹੈ। ਜ਼ਮੀਨ ਕਰ, ਆਬਕਾਰੀ ਕਰ, ਅਸ਼ਟਾਮ ਅਤੇ ਅਦਾਲਤੀ ਫ਼ੀਸ, ਜਨਤਕ ਗੱਡੀਆਂ ਤੇ ਕਰ, ਪਿੰਡਾਂ ਵਿਚ ਪੈਦਾ ਕੀਤੇ ਜਾਂਦੇ ਤੰਮਾਕੂ ਤੇ ਕਰ--ਇਹ ਸਾਰੇ ਵਧੇਰੇ ਕਰਕੇ ਗ਼ਰੀਬ ਵਰਗਾਂ ਦੁਆਰਾ ਅਦਾ ਕੀਤੇ ਜਾਂਦੇ ਹਨ। ਆਮਦਨ ਕਰ ਹੀ ਕੇਵਲ ਅਜਿਹਾ ਕਰ ਹੈ ਜੋ ਅਮੀਰ ਲੋਕਾਂ ਦੁਆਰਾ ਅਦਾ ਕੀਤਾ ਜਾਂਦਾ ਹੈ ਅਤੇ ਜੋ ਇਸ ਸਮੇਂ ਸੂਬਾਈ ਸਰਕਾਰ ਦੀ ਪਹੁੰਚ ਤੋਂ ਪਰ੍ਹੇ ਹੈ। ਪ੍ਰਾਂਤਿਕ ਕਰਾਂ ਦਾ ਵਧੇਰੇ ਹਿਸਾ ਅਦਾ ਕਰਦੇ ਗ਼ਰੀਬ ਵਰਗਾਂ ਅਤੇ ਕੇਂਦਰੀ ਸਰਕਾਰ ਨੂੰ ਆਮਦਨ ਕਰ ਅਦਾ ਕਰਦੇ ਅਮੀਰ ਵਰਗ, ਦੇ ਵਿਚਕਾਰ ਅਜਿਹੇ ਕਾਫ਼ੀ ਲੋਕ ਹਨ ਜਿਨ੍ਹਾਂ ਨੂੰ ਆਪਣੇ ਸੂਬੇ ਦੀਆਂ ਵਿੱਤੀ ਜ਼ਿੰਮੇਵਾਰੀਆਂ ਦਾ ਕੁਝ ਹਿੱਸਾ ਬਰਦਾਸ਼ਤ ਕਰਨਾ ਚਾਹੀਦਾ ਹੈ। ਅਮੀਰ ਵਰਗ ਜਿਨ੍ਹਾਂ ਦਾ ਪ੍ਰਾਂਤਿਕ ਆਮਦਨ ਪ੍ਰਤੀ ਅੰਸ਼ਦਾਨ ਨਾਕਾਫ਼ੀ ਹੈ, ਉਨ੍ਹਾਂ ਨੂੰ ਵੀ ਆਪਣਾ ਮੁਨਾਸਬ ਹਿੱਸਾ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਜਿਵੇਂ ਅਸੀਂ ਕਈ ਪਾਬੰਦੀਆਂ ਦੁਆਰਾ ਪ੍ਰਤਿਬੱਧ ਹਾਂ, ਅਜਿਹੇ ਟੈਕਸਾਂ ਦੀ ਵਿਉਂਤ ਬਣਾਉਣਾ ਕੋਈ ਸੌਖਾ ਕੰਮ ਨਹੀਂ ਜਿਨ੍ਹਾਂ ਦਾ

ਪ੍ਰਭਾਵ ਕੇਵਲ ਉਨ੍ਹਾਂ ਉੱਤੇ ਹੀ ਪਵੇਗਾ ਜੋ ਟੈਕਸ ਯੋਗ ਹਨ ਪਰ ਉਨ੍ਹਾਂ ਤੇ ਟੈਕਸ ਨਹੀਂ ਲੱਗਾ ਹੋਇਆ। ਭਾਵੇਂ ਅੱਜ ਮੈਂ ਆਉਣ ਵਾਲੇ ਸਮੇਂ ਦੇ ਫ਼ੈਸਲਿਆਂ ਬਾਰੇ ਪੂਰਵ ਅਨੁਮਾਨ ਲਗਾਉਣ ਦੀ ਸਥਿਤੀ ਵਿਚ ਨਹੀਂ ਹਾਂ, ਤਾਂ ਵੀ ਮੈਂ ਇਹ ਕਹਿਸਕਦਾ ਹਾਂ ਕਿ ਅਸੀਂ ਇਸ ਸਦਨ ਵਿਚ ਪੇਸ਼ ਕਰਨ ਦੇ ਉਦੇਸ਼ ਨਾਲ ਕਈ ਪ੍ਰਸਤਾਵਾਂ ਦੀਆ ਸੰਭਾਵਨਾਵਾਂ ਦਾ ਪਤਾ ਲਗਾ ਰਹੇ ਹਾਂ ਜਿਨ੍ਹਾਂ ਨਾਲ ਲੋੜੀਂਦੇ ਫ਼ੰਡ ਉਪਲਬਧ ਹੋਣਗੇ ਜੋ ਨਸ਼ਾਬੰਦੀ ਦੀ ਨੀਤੀ ਨਾਲ ਹੋਣ ਵਾਲੇ ਘਾਟੇ ਦੀ ਹੀ ਪ੍ਰਤਿਪੂਰਤੀ ਨਹੀਂ ਕਰਨਗੇ ਸਗੋਂ ਸਾਨੂੰ ਕੁਝ ਵਿਸਤਾਰ ਕਰਨ ਦੇ ਯੋਗ ਵੀ ਬਣਾਉਂਣਗੇ ਭਾਵੇਂ ਸਮਾਜ ਸੇਵਾ (ਸਮਾਜ ਸੇਵਾ ਤੋਂ ਭਾਵ ਹੈ ਵਿਸਤ੍ਰਿਤ ਸਮਾਜ ਸੇਵਾ) ਦੇ ਕਈ ਖੇਤਰਾਂ ਦਾ ਸਾਡੀ ਇੱਛਾ ਅਨੁਸਾਰ ਵਿਸਤਾਰ ਨਹੀਂ ਹੋਵੇਗਾ।

ਸ੍ਰੀਮਾਨ ਜੀ, ਉਨ੍ਹਾ ਨੇ ਇਹ ਵਿਚਾਰ ਵੀ ਪ੍ਰਗਟ ਕੀਤੇ ਸਨ, "ਇਕ ਹੋਰ ਪਾਸਾ ਵੀ ਹੈ ਜਿਸ ਵੱਲ ਸਰਕਾਰ ਦੇ ਸਾਧਨਾਂ ਵਿਚ ਵਾਧਾ ਕਰਨ ਲਈ ਸਰਕਾਰੀ ਸਰਗਰਮੀਆਂ ਵਧਾਉਣੀਆਂ ਚਾਹੀਦੀਆਂ ਹਨ। ਕਈ ਜਨ-ਉਪਯੋਗੀ ਸੇਵਾਵਾਂ ਵੀ ਹਨ ਜਿਨ੍ਹਾਂ ਦੀ ਵਰਤੋਂ ਇਸ ਸਮੇਂ ਸਮੁੱਚੇ ਸਮਾਜ ਦਾ ਨੁਕਸਾਨ ਸਹਿ ਕੇ ਥੋੜ੍ਹੇ ਜਿਹੇ ਲੋਕਾਂ ਦੇ ਭਲੇ ਲਈ ਕੀਤੀ ਜਾ ਰਹੀ ਹੈ। ਇਸ ਵਿਚ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਰਾਜ ਇਨ੍ਹਾਂ ਸਰਗਰਮੀਆਂ ਦਾ ਕੌਮੀਕਰਨ ਕਿਉਂ ਨਾ ਕਰੇ ਅਤੇ ਜੋ ਲਾਭ ਉਨ੍ਹਾਂ ਤੋਂ ਪ੍ਰਾਪਤ ਹੋਣ ਉਹ ਸਮੁੱਚੇ ਸਮਾਜ ਦੇ ਭਲੇ ਲਈ ਰੱਖੇ ਜਾਣ। ਮਿਸਾਲ ਵਜੋਂ ਲੋਕਾਂ ਨੂੰ ਬਿਜਲੀ ਦੀ ਸਪਲਾਈ ਇਸ ਵੇਲੇ ਪ੍ਰਾਈਵੇਟ ਏਜੰਸੀਆਂ ਦੁਆਰਾ ਸੁਰੱਖਿਆ ਹੇਠ ਕੀਤੀ ਜਾਂਦੀ ਹੈ ਜੋ ਕੇਵਲ ਸਰਕਾਰ ਦੁਆਰਾ ਹੀ ਲੋਕਾਂ ਦੀ ਤਰਫੋਂ ਕੀਤੀ ਜਾ ਸਕਦੀ ਹੈ। ਇਸ ਵਿਚ ਕੋਈ ਜਾਇਜ਼ ਕਾਰਨ ਨਹੀਂ ਹੈ ਕਿ ਇਸ ਜਨ-ਉਪਯੋਗੀ ਸਰਗਰਮੀ ਦਾ ਲਾਭ ਮਾਨਤਾ ਪ੍ਰਾਪਤ ਏਜੰਸੀ, ਸਰਕਾਰ ਰਾਹੀਂ ਸਾਰੇ ਲੋਕਾਂ ਦੀ ਜੇਬਾਂ ਵਿਚ ਕਿਉਂ ਨਾ ਪਵੇ। ਇਸ ਪਾਸੇ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ। ਆਮਦਨ ਦੇ ਕਈ ਹੋਰ ਸੰਭਾਵੀ ਸਾਧਨ, ਜੋ ਚੰਗੇ ਢੰਗ ਨਾਲ ਸਰਕਾਰ ਦੁਆਰਾ ਆਪਣੇ ਹੱਕ ਵਿਚ ਲਏ ਜਾ ਸਕਦੇ ਸਨ, ਅਣਵਰਤੇ ਪਏ ਹਨ ਜਾਂ ਕੁਝ ਇਕ ਲੋਕਾਂ ਦੇ ਲਾਭ ਲਈ ਉਨ੍ਹਾਂ ਦੀ ਵਰਤੋਂ ਕਰਨ ਦਿੱਤੀ ਜਾਂਦੀ ਹੈ। ਇਕ ਬਹੁਤ ਵੱਡਾ ਖੇਤਰ ਹੈ ਜਿਸਦੀ ਸਾਨੂੰ ਖੋਜ ਕਰਨੀ ਚਾਹੀਦੀ ਹੈ, ਜਿਸ ਵੱਲ ਰਾਜ ਦੀਆਂ ਸਰਗਰਮੀਆਂ ਦਾ ਵਿਸਤਾਰ ਕੀਤਾ ਜਾ ਸਕਦਾ ਹੈ, ਅਤੇ ਸਰਕਾਰ ਹੌਸਲੇ ਨਾਲ ਇਸ ਪ੍ਰਕਾਰ ਦੀਆਂ ਸਰਗਰਮੀਆਂ ਦੀ ਉਡੀਕ ਕਰ ਰਹੀ ਹੈ ਜੋ ਲੋਕਾਂ ਦੇ ਲਾਭ ਦਾ ਇਕ ਸਾਧਨ ਹਨ"।

ਕੀ ਮੇਰੇ ਮਾਨਯੋਗ ਦੋਸਤ ਵਲੋਂ ਦਿੱਤੇ ਗਏ ਬਜਟ ਭਾਸ਼ਣ ਵਿਚ ਇਹੋ ਜਿਹੀ ਕੋਈ ਚੀਜ਼ ਹੈ ? ਉਨ੍ਹਾਂ ਨੇ ਆਪਣੇ ਸ਼ਬਦ ਹੀ ਖਾ ਲਏ ਹਨ, ਆਪਣੇ ਪਿਛਲੇ ਬਜਟ ਭਾਸ਼ਣ ਵਿਚ ਉਨ੍ਹਾਂ ਵਲੋਂ ਦਿੱਤੇ ਗਏ ਕਿਸੇ ਵੀ ਬਿਆਨ ਵੱਲ ਸਰਸਰੀ ਇਸ਼ਾਰਾ ਵੀ ਨਹੀਂ ਹੈ। ਮੈਂ ਉਨ੍ਹਾਂ ਪਾਸੋਂ ਇਹ ਸਵਾਲ ਪੁੱਛਦਾ ਹਾਂ : ਉਨ੍ਹਾਂ ਨੇ ਆਪਣੇ ਸ਼ਬਦ ਕਿਉਂ ਖਾ ਲਏ ਹਨ ? ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਕਿਸ ਨੇ ਮਜਬੂਰ ਕੀਤਾ ਹੈ ? (ਮਾਨਯੋਗ ਮੈਂਬਰ; ਵੱਲਭਭਾਈ। "ਸ਼ੇਗਾਓ")। ਇਸ ਦੇ ਪਿੱਛੇ ਕੋਈ ਨਾ ਕੋਈ ਜ਼ਰੂਰ ਹੈ, ਮੈਂ ਉਸ ਗੱਲ ਵਿਚ ਨਹੀਂ ਜਾਂਦਾ।

ਪਰ ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ, ਅਤੇ ਮੈਂ ਇਹ ਗੱਲ ਆਪਣੀ ਪੂਰੀ ਵਫ਼ਾਦਾਰੀ ਨਾਲ ਕਹਿੰਦਾ ਹਾਂ। ਮੇਰੇ ਮਾਨਯੋਕ ਦੋਸਤ ਨੂੰ ਵਧਾਈ ਦਿੱਤੀ ਗਈ ਹੈ, ਮੇਰਾ ਖ਼ਿਆਲ ਹੈ ਕਿ ਸ਼ਾਇਦ ਇਸ ਕਰਕੇ ਕਿ ਕੋਈ ਨਵਾਂ ਕਰ ਨਹੀਂ ਲਗਾਇਆ ਗਿਆ। ਮੈਂ ਆਪਣੇ ਵਲੋਂ ਸਰਕਾਰ ਤੇ ਸਭ ਤੋਂ ਵੱਡਾ ਦੋਸ਼ ਲਾਉਂਦਾ ਹਾਂ ਕਿ ਟੈਕਸ ਲਾਉਣ ਲਈ ਉਹ ਮੈਦਾਨ ਵਿਚ ਕਿਉਂ ਨਹੀਂ ਆਈ ? ਇਸ ਲਈ, ਮੈਂ ਕਹਿੰਦਾ ਹਾਂ ਕਿ ਇਹ ਬਜਟ ਇਕ ਅਮੀਰ ਆਦਮੀ ਲਈ ਬਜਟ ਹ, ਇਹ ਗ਼ਰੀਬ ਆਦਮੀ ਵਾਲਾ ਬਜਟ ਨਹੀਂ। ਗ਼ਰੀਬ ਆਦਮੀ ਤਾਂ ਹੋਰ ਵੱਧ ਚਾਹੁੰਦਾ ਹੈ। ਅਮੀਰ ਆਦਮੀ ਸਰਕਾਰ ਤੋਂ ਬਿਨਾਂ ਰਹਿਣਾ ਬਰਦਾਸ਼ਤ ਕਰ ਸਕਦਾ ਹੈ। ਇਕ ਅਮੀਰ ਆਦਮੀ ਨੂੰ ਕਿਸੇ ਸਕੂਲ ਦੀ ਲੋੜ ਨਹੀਂ ? ਉਹ ਇਕ ਸਕੂਲ ਮਾਸਟਰ ਰੱਖ ਸਕਦਾ ਹੈ ਅਤੇ ਆਪਣੇ ਲੜਕੇ ਨੂੰ ਸਕੂਲ ਜਾਂ ਕਾਲਜ ਵਿਚ ਭੇਜਣ ਤੋਂ ਬਿਨਾਂ ਹੀ ਬੀ.ਏ. ਜਾਂ ਐਮ.ਏ ਤਕ ਸਿੱਖਿਆ ਦੇ ਸਕਦਾ ਹੈ। ਅਮੀਰ ਆਦਮੀ ਨੂੰ ਕਿਸੇ ਡਿਸਪੈਂਸਰੀ ਦੀ ਲੋੜ ਨਹੀ ; ਜੇਕਰ ਕੋਈ ਬਿਮਾਰੀ ਹੋਵੇ ਤਾਂ ਉਹ ਡਾਕਟਰ ਨੂੰ ਬੁਲਾ ਕੇ, 30 ਰੁਪਏ ਅਦਾ ਕਰਕੇ ਆਪਣੇ ਆਪ ਦੀ, ਆਪਣੀ ਪਤਨੀ ਅਤੇ ਬੱਚਿਆਂ ਦੀ ਜਾਂਚ ਕਰਵਾ ਸਕਦਾ ਹੈ। ਗ਼ਰੀਬ ਆਦਮੀ ਹੀ ਚਾਹੁੰਦਾ ਹੈ ਕਿ ਸਰਕਾਰ ਉਸਦੇ ਸਹਾਰੇ ਲਈ ਆਵੇ ਗ਼ਰੀਬ ਆਦਮੀ ਨੂੰ ਹੀ ਵਧੇਰੇ ਸੇਵਾ ਦੀ ਜ਼ਰੂਰਤ ਹੈ। ਕੋਈ ਵੀ ਯੋਗ ਸਰਕਾਰ, ਕੋਈ ਵੀ ਸਰਕਾਰ ਜਿਸ ਵਿਚ ਥੋੜ੍ਹੀ ਬਹੁਤ ਵਫ਼ਾਦਾਰੀ ਹੈ, ਗ਼ਰੀਬ ਸ਼੍ਰੇਣੀਆਂ ਨੂੰ ਇਹ ਨਹੀਂ ਕਹਿ ਸਕਦੀ ਕਿ ਉਹ ਇਹ ਸਹੂਲਤਾਂ ਮਹੁੱਈਆਂ ਨਹੀਂ ਕਰ ਸਕਦੀ, ਕਿਉਂਕਿ ਉਸ ਵਿਚ ਟੈਕਸ ਲਾਉਣ ਦਾ ਹੌਸਲਾ ਨਹੀਂ। ਅਜਿਹੀ ਸਰਕਾਰ ਜਿੰਨੀ ਛੇਤੀ ਗੱਦੀ ਛੱਡੇ ਉਨਾਂ ਹੀ ਸਭਨਾਂ ਦਾ ਭਲਾ ਹੈ।

ਮਾਨਯੋਗ ਸ਼੍ਰੀ ਮੁਰਾਰ ਜੀ ਆਰ. ਦੇਸਾਈ : ਇਹੀ ਤਾਂ ਮੁਸ਼ਕਲ ਹੈ।

ਡਾ. ਬੀ. ਆਰ. ਅੰਬੇਡਕਰ : ਇਕ ਹੋਰ ਨੁਕਤਾ ਹੈ ਜਿਸਦਾ ਜ਼ਿਕਰ ਵੀ ਮੈਂ ਕਰਨਾ ਚਾਹੁੰਦਾ ਹਾਂ। ਮੈਨੂੰ ਨਹੀਂ ਪਤਾ ਕਿ ਜੋ ਕੁਝ ਮੈਂ ਕਹਿਣ ਲੱਗਾ ਹਾਂ ਉਸ ਨਾਲ ਇਸ ਸਦਨ ਦੇ ਕਿੰਨੇ ਕੁ ਮੈਂਬਰ ਸਹਿਮਤ ਹੋਣਗੇ, ਪਰ ਮੈ ਇਸ ਵਿਚਾਰ ਤੇ ਦ੍ਰਿੜ ਹਾਂ ਕਿ ਜੇਕਰ ਭਾਰਤ ਵਿਚਲੀਆਂ ਸਰਕਾਰਾਂ (ਸੂਬਾ ਭਾਵੇਂ ਕੋਈ ਵੀ ਹੋਵੇ), ਆਪਣਾ ਧਿਆਨ ਦੇਸ਼ ਵਿਚ ਸਮਾਜ ਸੇਵਾਵਾਂ ਦੇ ਕੇਵਲ ਨਾਂ ਨਾਲ ਹੀ ਜਾਣੀਆਂ ਜਾਂਦੀਆਂ ਸੇਵਾਵਾਂ ਤੱਕ ਸੀਮਤ ਰੱਖਣ ਗੀਆਂ ਤਾਂ ਕੋਈ ਵੀ ਚੰਗਾ ਕੰਮ ਨਹੀਂ ਕਰ ਸਕਣਗੀਆਂ। ਮੈਂ ਇਸੇ ਗੱਲ ਤੇ ਕਾਇਮ ਹਾਂ ਅਤੇ ਦ੍ਰਿੜ੍ਹਤਾ ਨਾਲ ਕਹਿੰਦਾ ਹਾਂ ਕਿ ਇਸ ਸਰਕਾਰ ਦੇ ਮੁੱਖ ਫ਼ਰਜ਼ਾਂ ਵਿਚੋਂ ਇਕ ਫ਼ਰਜ਼ ਗ਼ਰੀਬੀ ਦੀ ਸਮੱਸਿਆ ਨੂੰ ਹੱਲ ਕਰਨਾ ਹੋਣਾ ਚਾਹੀਦਾ ਹੈ। ਸਰਕਾਰ ਨੂੰ ਲਾਜ਼ਮੀ ਤੌਰ ਤੇ ਚਾਹੀਦਾ ਹੈ ਕਿ ਉਹ ਅਜਿਹੇ ਉਪਾਅ ਅਤੇ ਸਾਧਨ ਅਪਣਾਵੇ ਜਿਨ੍ਹਾਂ ਨਾਲ ਇਸ ਸੂਬੇ ਦੀ ਕੌਮੀ ਆਮਦਨ ਕਾਫ਼ੀ ਵੱਧ ਜਾਵੇ, ਜਿਸ ਨਾਲ ਵੱਡੀ ਸੰਖਿਆ ਵਿਚ ਲੋਕਾਂ ਨੂੰ ਉਹ ਸਹੂਲਤਾਂ ਮਿਲ ਸਕਣ ਜੋ ਅੱਜ ਦੇ ਸਭਿਅ ਲੋਕਾਂ ਵਾਸਤੇ ਹਨ। ਸਮਾਜ ਸੇਵਾਵਾਂ ਦੀ ਜੋ ਪ੍ਰਣਾਲੀ ਹੁਣ ਤਕ ਯੂਰਪੀ ਦੇਸ਼ਾਂ ਵਿਚ ਪ੍ਰਚੱਲਤ ਹੈ (ਜਿਸ ਤਰ੍ਹਾਂ ਸਰਕਾਰ ਬੇਰੁਜ਼ਗਾਰੀ ਸਹਾਇਤਾ ਜਾਂ ਲਾਭ, ਪ੍ਰਸੂਤੀ ਲਾਭ ਅਤੇ ਹੋਰ ਸਹੂਲਤਾਂ ਦਿੰਦੀ ਹੈ), ਇਸ ਨਾਲ ਇਸ ਚੀਜ਼ ਦਾ ਪੂਰਵ-ਅਨੁਮਾਨ

ਲਗਾਇਆ ਜਾਂਦਾ ਹੈ ਕਿ ਲੋਕਾਂ ਦੀ ਬਹੁ-ਗਿਣਤੀ ਨੂੰ ਕਿਸੇ ਚੀਜ਼ ਦੀ ਕਮੀ ਤਾਂ ਨਹੀਂ ਹੈ, ਉਹ ਗ਼ਰੀਬੀ ਦੀ ਰੇਖਾ ਤੋਂ ਉਤੇ ਹਨ, ਅਤੇ ਥੋੜ੍ਹੇ ਜਿਹੇ ਹੀ ਆਦਮੀ ਹਨ ਜੋ ਆਰਥਿਕ ਪ੍ਰਣਾਲੀ ਜਾਂ ਕਿਸੇ ਬਦਨਸੀਬੀ ਤੋਂ ਪ੍ਰੇਸ਼ਾਨੀ ਦੇ ਮਾਰੇ ਹੋਏ, ਗ਼ਰੀਬੀ ਦੀ ਰੇਖਾ ਤੋਂ ਹੇਠਾਂ ਆਉਂਦੇ ਹਨ, ਜਿਨ੍ਹਾਂ ਨੂੰ ਸਰਕਾਰ ਦੀ ਸਹਾਇਤਾ ਦੀ ਲੋੜ ਹੈ। ਇਸ ਲਈ ਯੂਰਪੀ ਸਰਕਾਰਾਂ ਲਈ ਇਹ ਪੂਰੀ ਤਰ੍ਹਾਂ ਸੰਭਵ ਹੈ, ਅਤੇ ਪੂਰੀ ਤਰ੍ਹਾਂ ਉਚਿਤ ਹੈ ਕਿ ਉਹ ਸਾਰੇ ਲੋਕਾਂ ਦੇ ਆਮ ਆਰਥਿਕ ਸੁਧਾਰ ਦੀ ਸਮੱਸਿਆ ਦੀ ਪ੍ਰਵਾਹ ਨਾ ਕਰਨ। ਪਰ ਜੋ ਸਮੱਸਿਆਵਾਂ ਸਾਨੂੰ ਆਪਣੇ ਦੇਸ ਵਿਚ ਪੇਸ਼ ਆ ਰਹੀਆਂ ਹਨ, ਉਹ ਬਿਲਕੁਲ ਵੱਖਰੀ ਕਿਸਮ ਦੀਆਂ ਹਨ। ਮੈਨੂੰ ਇਹ ਆਖਣ ਵਿਚ ਕੋਈ ਝਿਜਕ ਨਹੀਂ ਅਤੇ ਮੈਂ ਇਹ ਅਨੁਮਾਨ ਨਹੀਂ ਲਾਉਂਦਾ ਕਿ ਜੇਕਰ ਮੈਂ ਇਹ ਗੱਲ ਆਖੀ ਤਾਂ ਇਸ ਸਦਨ ਵਿਚੋਂ ਕੋਈ ਵੀ ਵਿਅਕਤੀ ਮੇਰੇ ਨਾਲ ਝਗੜਾ ਕਰੇਗਾ ਕਿ ਅਸੀਂ ਸਾਰੇ ਮੰਗਤਿਆਂ ਅਤੇ ਕੁਲੀਆਂ ਦੀ ਕੌਮ ਹਾਂ। ਇਸ ਬਾਰੇ ਜਨ-ਸਮੂਹ ਦਾ ਵਿਵਰਨ ਕੋਈ ਵੀ ਬੰਦਾ ਇਸੇ ਤਰ੍ਹਾਂ ਦੇ ਸਕਦਾ ਹੈ। ਇਸ ਲਈ ਸਰਕਾਰ ਨਾਂ ਦੀ ਕੋਈ ਚੀਜ਼ ਚੁਪ ਕਰਕੇ ਨਹੀਂ ਬੈਠ ਸਕਦੀ ਅਤੇ ਇਹ ਨਹੀਂ ਹੋ ਸਕਦਾ ਕਿ ਇਸ ਗੰਭੀਰ ਸੱਮਸਿਆ ਦਾ ਜਾਇਜ਼ਾ ਨਾ ਲਵੇ।

ਸ੍ਰੀਮਾਨ ਜੀ, ਬਜਟ ਪ੍ਰਸਤਾਵਾਂ ਦਾ ਖ਼ਿਆਲ ਕਰਦੇ ਹੋਏ, ਜੋ ਸਾਡੇ ਸਾਹਮਣੇ ਹਨ, ਕੋਈ ਅਜਿਹੀ ਚੀਜ਼ ਹੈ ਜਿਸ ਤੋਂ ਇਹ ਪਤਾ ਲਗਦਾ ਹੋਵੇ ਕਿ ਸਰਕਾਰ ਨੂੰ ਇਸ ਸਮੱਸਿਆ ਦਾ ਪਤਾ ਹੈ ਅਤੇ ਇਹ ਇਸ ਪਾਸੇ ਧਿਆਨ ਦਿੰਦੀ ਹੈ, ਕਿ ਛੇਕੜ ਇਕ ਵੱਡਾ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਇਸ ਦੇਸ਼ ਦੀ ਕੌਮੀ ਆਮਦਨ ਵਧੇ, ਕਿ ਕੌਮੀ ਲਾਭਅੰਸ਼ ਵਧੇ ? ਮੈਨੂੰ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਚਾਰੇ ਪਾਸੇ ਇਕੋ ਹੀ ਵਿਚਾਰ ਵਿਆਪਕ ਜਾਪਦਾ ਹੈ ਜਿਸ ਦੀ ਮੈਂ ਅਸਲ ਵਿਚ ਹੀ ਇਸ ਪੜਾਅ ਤੇ ਜਾਂਚ ਕਰਨੀ ਚਾਹੁੰਦਾ ਹਾਂ। ਸਾਰਿਆਂ ਦਾ ਇਹੀ ਵਿਚਾਰ ਹੈ ਕਿ ਜ਼ਿਮੀਦਾਰਾਂ ਦੀ ਗ਼ਰੀਬੀ ਦਾ ਕਾਰਨ ਜ਼ਮੀਨ ਮਾਲੀਏ ਦਾ ਵਧੇਰੇ ਬੋਝ ਹੈ। ਇਸ ਲਈ ਸਭ ਦਾ ਵਿਚਾਰ ਹੈ----ਅਤੇ ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਵਿੱਤ ਮੰਤਰੀ ਦਾ ਵਿਚਾਰ ਹੈ----ਕਿ ਲੋਕਾਂ ਦੀ ਆਮਦਨ ਵਧਾਉਣ ਲਈ ਜੋ ਕੁਝ ਕਰਨ ਦੀ ਲੋੜ ਹੈ, ਉਹ ਇਹ ਹੈ ਕਿ ਜ਼ਮੀਨ ਮਾਲੀਏ ਦਾ ਬੋਝ ਘਟਾਇਆ ਜਾਵੇ। ਸ੍ਰੀਮਾਨ ਜੀ, ਮੈਂ ਇਹ ਕਹਿਣ ਦਾ ਹੌਸਲਾ ਕਰਦਾ ਹਾਂ ਕਿ ਇਸ ਵਿਚਾਰ ਤੋਂ ਵਧ ਭੁਲੇਖਾ ਪਾਉਣ ਵਾਲੀ ਹੋਰ ਕੋਈ ਚੀਜ਼ ਨਹੀਂ ਹੋ ਸਕਦੀ। ਇਸਦਾ ਮਤਲਬ ਇਹ ਨਹੀਂ ਕਿ ਮੈਂ ਜ਼ਮੀਨ ਮਾਲੀਆ ਘੱਟ ਕਰਨ ਦੇ ਵਿਰੁਧ ਹਾਂ, ਮੈਂ ਇਸਦੇ ਹੱਕ ਵਿਚ ਹਾਂ, ਮੈਂ ਇਸ ਨੂੰ ਘੱਟ ਕਰਨ ਲਈ ਜ਼ੋਰ ਪਾਵਾਂਗਾ ਕਿਉਂਕਿ ਮੈਂ ਕੰਹਿਦਾ ਹਾਂ ਕਿ ਇਸ ਸਰਕਾਰ ਨੂੰ ਜ਼ਮੀਨ ਦੇ ਲਾਭ ਹਾਸਲ ਕਰਨ ਦਾ ਅਸਲ ਵਿਚ ਕੋਈ ਅਧਿਕਾਰ ਨਹੀਂ ਜਿਸ ਨੂੰ ਜ਼ਮੀਨ ਦੀ ਵਰਤੋਂ ਬਦਲੇ ਕੇਵਲ ਕਿਰਾਏ ਤੋਂ ਵੱਖਰਿਆਇਆ ਕੀਤਾ ਗਿਆ ਹੈ। ਪਰ ਹਾਲ ਦੀ ਘੜੀ ਮੈਂ ਉਸ ਵਿਚਾਰ ਦੀ ਜਾਂਚ ਕਰਦਾ ਹਾਂ ਜੋ ਵਿਆਪਕ ਹੈ ਅਤੇ ਉਹ ਵਿਚਾਰ ਜਿਸ ਨੂੰ ਲੈ ਕੇ ਇਹ ਸਰਕਾਰ ਅੱਗੇ ਵੱਧ ਰਹੀ ਹੈ, ਅਰਥਾਤ, ਜਨ-ਸਮੂਹ ਨੂੰ ਗ਼ਰੀਬੀ ਤੋਂ ਰਾਹਤ ਦੇਣ ਲਈ ਜੋ ਕੁਝ ਕਰਨ ਦੀ ਲੋੜ ਹੈ ਉਹ

ਹੈ-ਜ਼ਮੀਨ ਮਾਲੀਆ ਮਾਫ਼ ਕਰ ਦਿਉ, ਇਸ ਨੂੰ ਘੱਟ ਕਰ ਦਿਉ। ਸ੍ਰੀਮਾਨ ਜੀ, ਆਉ ਅਸੀਂ ਇਸ ਗੱਲ ਦੀ ਜਾਂਚ ਕਰੀਏ ਤੇ ਦੇਖੀਏ ਕਿ ਇਸ ਢੰਗ ਨਾਲ ਕੀ ਰਾਹਤ ਦਿੱਤੀ ਜਾ ਸਕਦੀ ਹੈ ? ਕੁੱਲ ਜਿੰਨਾ ਜ਼ਮੀਨ ਮਾਲੀਆ ਅਸੀਂ ਇੱਕਠਾ ਕਰਦੇ ਹਾਂ ਉਹ ਲਗਭਗ ਸਾਢੇ ਤਿੰਨ ਕਰੋੜ ਰੁਪਏ ਹੈ ਅਤੇ ਇਸ ਸੂਬੇ ਦੀ ਕੁਲ ਆਬਾਦੀ 2 ਕਰੋੜ ਦੇ ਨੇੜੇ ਨੇੜੇ ਹੈ। ਹੁਣ ਦਲੀਲ ਵਾਸਤੇ ਜੇਕਰ ਮੰਨ ਲਈਏ ਅਤੇ ਮੈਂ ਇਸ ਨੂੰ ਆਪਣੇ ਆਪ ਦੇ ਵਿਰੁਧ ਮੰਨਦਾ ਹਾਂ, ਕਿ ਇਹ ਸਰਕਾਰ ਬਹੁਤ ਦਿਆਲੂ ਹੈ ਅਤੇ ਸਾਢੇ ਤਿੰਨ ਕਰੋੜ ਰੁਪਏ ਦਾ ਸਾਰਾ ਜ਼ਮੀਨ ਮਾਲੀਆ ਮਾਫ਼ ਕਰਨ ਦੇ ਸਮੱਰਥ ਹੈ। ਆਉ ਹੁਣ ਅਸੀਂ ਸਾਢੇ ਤਿੰਨ ਕਰੋੜ ਰੁਪਏ ਦੀ ਕੀਮਤੀ ਰਕਮ ਨੂੰ ਦੋ ਕਰੋੜ ਦੀ ਆਬਾਦੀ ਵਿਚ ਵੰਡੀਏ। ਹੁਣ, ਇਕ ਮੋਟੇ ਹਿਸਾਬ ਨਾਲ ਮੈਨੂੰ ਲਗਦਾ ਹੈ ਕਿ ਇਨ੍ਹਾਂ ਹਾਲਾਤ ਵਿਚ ਇਕ ਵਿਅਕਤੀ ਦੀ ਕੁਲ ਆਮਦਨ ਵਿਚ ਇਕ ਰੁਪਏ ਅੱਠ ਆਨੇ ਦਾ ਵਾਧਾ ਹੋਵੇਗਾ। ਇਹ ਵੱਧ ਤੋਂ ਵੱਧ ਹੈ। ਇਸ ਨੂੰ ਮਹਾਵਾਰੀ ਭੱਤੇ ਵਿਚ ਤਬਦੀਲ ਕਰੀਏ ਤਾਂ ਮੈਨੂੰ ਪਤਾ ਲਗਦਾ ਹੈ ਕਿ ਜੋ ਵਾਧਾ ਹਰ ਇਕ ਆਦਮੀ ਦੀ ਆਮਦਨ ਵਿਚ ਹੋਵੇਗਾ ਉਹ ਢਾਈ ਆਨੇ ਹੋਵੇਗਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਗੰਭੀਰਤਾ ਨਾਲ ਇਸ ਗੱਲ ਦਾ ਦਾਅਵਾ ਕਰੇਗਾ ਕਿ ਢਾਈ ਆਨੇ ਦਾ ਵਾਧਾ, ਜੋ ਸਾਰੇ ਦੇ ਸਾਰੇ ਜ਼ਮੀਨ ਮਾਲੀਏ ਨੂੰ ਮਾਫ਼ ਕਰਨ ਦਾ ਨਤੀਜਾ ਹੋਵੇਗਾ, ਇਸ ਢੰਗ ਨਾਲ ਸਾਡੀ ਆਰਥਿਕ ਭਲਾਈ ਵਿਚ ਵਾਧਾ ਕਰੇਗਾ ਕਿ ਸਾਡੇ ਵਿਚੋਂ ਗ਼ਰੀਬੀ ਦੀ ਸਮੱਸਿਆ ਖ਼ਤਮ ਹੋ ਜਾਵੇਗੀ। ਸ੍ਰੀਮਾਨ ਜੀ, ਇਸ ਸਮੱਸਿਆ ਨੂੰ ਦੂਜੇ ਉਪਾਵਾਂ ਦੀ ਲੋੜ ਹੈ----ਬਿਲਕੁੱਲ ਵੱਖਰੇ ਉਪਾਵਾਂ ਦੀ ਲੋੜ ਹੈ। ਹੁਣ ਮੈਂ ਉਸ ਵੱਲ ਜਾਣਾ ਨਹੀਂ ਚਾਹੁੰਦਾ, ਮੈਂ ਸ਼ਾਇਦ ਸਦਨ ਨੂੰ ਵਧੇਰੇ ਉਕਤਾ ਦਿੱਤਾ ਹੈ। ਪਰ, ਮੈਂ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਹ ਇਕ ਅਜਿਹੀ ਚੀਜ਼ ਹੈ ਜਿਸਦਾ ਸ਼ਾਇਦ ਇਸ ਸਰਕਾਰ ਨੂੰ ਪਤਾ ਨਹੀਂ, ਅਤੇ ਮੈਂ ਇਹ ਕਹਿੰਦਾ ਹਾਂ ਕਿ ਜੋ ਸਰਕਾਰ ਇਸ ਸਮੱਸਿਆ ਤੋਂ ਜਾਣੂ ਨਹੀਂ, ਜਿਸ ਸਰਕਾਰ ਪਾਸ ਇਸ ਸਮੱਸਿਆ ਨੂੰ ਹੱਲ ਕਰਨ ਦੇ ਉਪਾਅ ਅਤੇ ਸਾਧਨ ਨਹੀਂ ਹਨ, ਉਹ ਕੋਈ ਰਾਹਤ ਨਹੀਂ ਦੇ ਸਕਦੀ, ਇਸ ਸੂਬੇ ਦੇ ਲੋਕਾਂ ਦੀ ਖ਼ੁਸ਼ੀ ਦਾ ਕੋਈ ਸਾਧਨ ਨਹੀਂ ਬਣ ਸਕਦੀ, ਅਤੇ ਇਸ ਲਈ ਮੈਂ ਸਿੱਟੇ ਵਜੋਂ ਆਖਾਂਗਾ ਕਿ ਇਹ ਅਜਿਹਾ ਬਜਟ ਹੈ ਜੋ ਬਹੁਤ ਨਿਰਾਸ਼ਾਜਨਕ ਹੈ, ਇਕ ਅਜਿਹਾ ਬਜਟ, ਜੋ ਅਮੀਰਾਂ ਨੂੰ ਰਾਹਤ ਦੇਣ ਲਈ ਅਤੇ ਲੱਖਾਂ ਲੋਕਾਂ ਨੂੰ ਭੁੱਖੇ ਮਾਰਨ ਲਈ ਤਿਆਰ ਕੀਤਾ ਗਿਆ ਹੈ। (ਤਾੜੀਆਂ)

4

* ਬਜਟ ਚਰਚਾ : 4

ਡਾ. ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ): ਸਪੀਕਰ ਸਾਹਿਬ, ਹੁਣ ਇਹ ਤੀਜਾ ਬਜਟ ਹੈ, ਜੋ ਮਾਨਯੋਗ ਵਿੱਤ ਮੰਤਰੀ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ। ਮੇਰਾ ਖ਼ਿਆਲ ਹੈ ਕਿ

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 5, ਭਾਗ 1, ਛਪੇ ਹੋਏ ਪੰਨੇ 903-16, ਮਿਤੀ 21 ਫਰਵਰੀ, 1939।

ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਪਹਿਲੇ ਦੋ ਬਜਟ ਜੋ ਉਨ੍ਹਾਂ ਨੇ ਇਸ ਸਦਨ ਵਿਚ ਪੇਸ਼ ਕੀਤੇ ਸਨ, ਬਹੁਤ ਸੰਤਖਜਨਕ ਨਹੀਂ ਸਨ, ਅਤੇ ਪਹਿਲੇ ਦੋ ਬਜਟਾਂ ਦੇ ਅਸੰਤੋਖਜਨਕ ਹੋਣ ਦੇ ਕਾਫ਼ੀ ਬਹਾਨੇ ਸਨ। ਉਨ੍ਹਾਂ ਦੁਆਰਾ ਪੇਸ਼ ਕੀਤਾ ਗਿਆ ਪਹਿਲਾ ਬਜਟ, ਦਰ ਅਸਲ ਉਨ੍ਹਾਂ ਦਾ ਬਜਟ ਨਹੀਂ ਸੀ, ਸ਼ਾਇਦ ਇਹ ਬਜਟ ਅੰਤਰਿਮ ਸਰਕਾਰ ਦੁਆਰਾ ਤਿਆਰ ਕੀਤਾ ਗਿਆ ਸੀ ਅਤੇ ਬਿਨਾਂ ਕਿਸੇ ਸ਼ੱਕ ਦੇ ਵਿੱਤ ਮੰਤਰੀ ਨੂੰ ਉਨ੍ਹਾਂ ਤਰੁੱਟੀਆਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਜੋ ਪਹਿਲੇ ਬਜਟ ਵਿਚ ਸਨ। ਦੂਜੇ ਬਜਟ ਬਾਰੇ ਬਹਾਨਾ ਸੀ ਕਿ ਇਹ ਕਾਹਲੀ ਕਾਹਲੀ ਵਿਚ ਤਿਆਰ ਕੀਤਾ ਗਿਆ ਹੈ, ਅਤੇ ਸਰਕਾਰ ਪਾਸ ਸਾਰੀਆਂ ਯੋਜਨਾਵਾਂ ਅਤੇ ਸਾਰੀਆਂ ਚੀਜ਼ਾਂ ਤੇ ਚੰਗੀ ਤਰ੍ਹਾਂ ਵਿਚਾਰ ਕਰਨ ਦਾ ਸਮਾਂ ਨਹੀਂ ਸੀ। ਪਰ ਮੈਨੂੰ ਯਕੀਨ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਬਹਾਨਾ ਮੌਜੂਦਾ ਬਜਟ ਬਾਰੇ ਨਹੀਂ ਲਾਇਆ ਜਾ ਸਕਦਾ ਜੋ ਸਾਨੂੰ ਪੇਸ਼ ਕੀਤਾ ਗਿਆ ਹੈ। ਇਹ ਕਹਿਣਾ ਚਾਹੀਦਾ ਹੈ ਕਿ ਇਹ ਅਜਿਹਾ ਬਜਟ ਹੈ ਜੋ ਸਿਆਣਪ ਨਾਲ ਚੰਗੀ ਤਰ੍ਹਾਂ ਵਿਚਾਰ ਕਰਕੇ ਤਿਆਰ ਕੀਤਾ ਗਿਆ ਹੈ। ਇਹ ਆਪਣੇ ਵਿਚ ਉਸ ਸਾਰੀ ਯੋਜਨਾ ਨੂੰ ਰੂਪਮਾਨ ਕਰਦਾ ਹੈ ਜੋ ਇਸ ਮੰਤਰੀ ਮੰਡਲ ਪਾਸ ਟੈਕਸ ਲਗਾਉਣ ਅਤੇ ਖ਼ਰਚ ਦੇ ਪ੍ਰਸਤਾਵਾਂ ਦੇ ਸਬੰਧ ਵਿਚ ਹੈ, ਜੋ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਅਤਿ ਲੋੜੀਂਦੇ ਮਾਮਲੇ ਹਨ। ਇਸ ਲਈ ਮੇਰਾ ਵਿਚਾਰ ਹੈ ਕਿ ਇਸ ਬਜਟ ਦੀ ਵਿਸ਼ੇਸ਼ ਤੌਰ ਤੇ ਵਧੇਰੇ ਛਾਣਬੀਣ ਕਰਨ ਦੀ ਲੋੜ ਹੈ। ਹਰ ਕੋਈ ਜਾਣਦਾ ਹੈ ਕਿ ਇਹ ਉਹ ਬਜਟ ਰਿਹਾ ਹੈ ਜਿਸਨੇ ਕਾਫ਼ੀ ਹਲਚਲ ਮਚਾਈ ਹੈ। ਜਿਨ੍ਹਾਂ ਨੂੰ ਕੋਈ ਉਮੀਦ ਸੀ, ਉਹ ਨਿਰਾਸ਼ ਹੋ ਗਏ ਹਨ ਅਤੇ ਜੋ ਇਸਤੋਂ ਪ੍ਰਭਾਵਿਤ ਹੋਏ ਹਨ ਉਨ੍ਹਾਂ ਨੇ ਇਸ ਬਜਟ ਨੂੰ ਕ੍ਰਾਂਤੀਕਾਰੀ ਬਜਟ ਕਿਹਾ ਹੈ। ਆਪਣੇ ਵਾਸਤੇ ਬੋਲਦਿਆਂ ਹੋਇਆਂ ਜਦੋਂ ਮੈਂ ਇਸ ਬਜਟ ਦੇ ਸਰਕਾਰੀ ਆਮਦਨ ਵਾਲੇ ਪਾਸੇ ਅਤੇ ਖ਼ਰਚ ਵਾਲੇ ਪਾਸੇ ਦਾ ਜ਼ਿਕਰ ਕਰਦਾ ਹਾਂ ਤਾਂ ਮੇਰਾ ਆਪਣਾ ਵਿਚਾਰ ਹੈ ਕਿ ਇਸ ਬਜਟ ਦਾ ਸਹੀ ਵਰਣਨ ਇਹ ਹੋਵੇਗਾ ਕਿ ਆਮਦਨ ਵਾਲੇ ਪਾਸੇ ਇਹ ਬਜਟ ਬੇਪਰਵਾਹ ਹੈ ਅਤੇ ਖ਼ਰਚ ਵਾਲੇ ਇਹ ਬਜਟ ਵਿਅਰਥ ਬਜਟ ਹੈ। ਇਹ ਮੌਕਾ ਵਿੱਤ ਬਿਲ ਵਿਚ ਰੂਪਮਾਨ ਕੀਤੇ ਗਏ ਪ੍ਰਸਤਾਵਾਂ (ਜੋ ਕਿ ਇਸ ਬਜਟ ਦਾ ਹਿੱਸਾ ਹਨ), ਦੇ ਲਾਭ ਅਤੇ ਹਾਨੀਆਂ ਤੇ ਵਿਚਾਰ ਕਰਨ ਦਾ ਨਹੀਂ : ਉਨ੍ਹਾਂ ਪ੍ਰਸਤਾਵਾਂ ਦੀ ਵਿਸਥਾਰ ਨਾਲ ਆਲੋਚਨ ਕਰਨ ਵਾਸਤੇ ਉਦੋਂ ਤੱਕ ਉਡੀਕ ਕੀਤੀ ਜਾਣੀ ਚਾਹੀਦੀ ਹੈ ਜਦੋਂ ਤੱਕ ਇਸ ਸਦਨ ਵਿਚ ਵਿਚਾਰ ਕਰਨ ਲਈ ਵਿੱਤ ਬਿਲ ਪੇਸ਼ ਨਹੀਂ ਕਰ ਦਿੱਤਾ ਜਾਂਦਾ। ਐਪਰ, ਆਮ ਤੌਰ ਤੇ ਇਹ ਕਹਿਣਾ ਮੂਰਖਤਾ ਨਹੀਂ ਹੋਵੇਗੀ ਕਿ ਵਿੱਤ ਮੰਤਰੀ ਦੁਆਰਾ ਵਿੱਤ ਬਿੱਲ ਵਿਚ ਰੂਪਮਾਨ ਕੀਤੇ ਗਏ ਟੈਕਸ ਦੇ ਪ੍ਰਸਤਾਵਾਂ ਬਾਰੇ ਮੇਰਾ ਵਿਚਾਰ ਕੀ ਹ ?

ਵਿੱਤ ਬਿਲ ਵਿਚ ਛੇ ਵੱਖੋ ਵੱਖ ਪ੍ਰਸਤਾਵ ਹਨ। ਸਭ ਤੋਂ ਪਹਿਲਾਂ, ਬਿਲ ਵਿਚ 1923 ਦੇ ਬੰਬਈ ਵਿੱਤ ਐਕਟ 2 ਦੁਆਰਾ ਕੀਤੇ ਗਏ ਅਸ਼ਟਾਮ ਕਰ ਅਤੇ ਅਦਾਲਤੀ ਫ਼ੀਸ ਵਿਚ ਕੀਤੇ ਗਏ ਵਾਧਿਆਂ ਨੂੰ ਇਕ ਸਾਲ ਲਈ ਹੋਰ ਜਾਰੀ ਰੱਖਣ ਦਾ ਪ੍ਰਸਤਾਵ ਹੈ। ਦੂਜੇ, ਇਸ ਨਾਲ ਬਿਜਲੀ ਦੀ ਖਪਤ ਵਿਚ ਕਰ ਦਾ ਵਾਧਾ ਕੀਤਾ ਗਿਆ ਹੈ। ਤੀਜੇ, ਇਸ ਨਾਲ

ਕੁਝ ਸ਼ਹਿਰਾਂ ਅਤੇ ਸ਼ਹਿਰੀ ਇਲਾਕਿਆਂ ਵਿਚ ਅਚੱਲ ਸੰਪਤੀ ਦੇ ਇੰਤਕਾਲ ਉੱਤੇ ਅਸ਼ਟਾਮ ਕਰ ਵਿਚ ਵਾਧਾ ਕੀਤਾ ਗਿਆ ਹੈ। ਚੌਥੇ, ਇਸ ਨਾਲ ਅਚੱਲ ਸੰਪਤੀ ਨੂੰ ਪਟੇ ਤੇ ਦੇਣ ਲਈ ਇਕ ਕਰ ਲਗਾਇਆ ਗਿਆ ਹੈ। ਪੰਜਵੇਂ, ਇਸ ਨਾਲ ਬੰਬਈ, ਬੰਬਈ ਦੇ ਉਪ ਨਗਰੀ ਜ਼ਿਲ੍ਹੇ ਅਤੇ ਅਹਿਮਦਾਬਾਦ ਸ਼ਹਿਰ ਵਿਚ ਇਮਾਰਤਾਂ ਦੇ ਕਿਰਾਏ ਦੀ ਸਾਲਾਨਾ ਲਾਗਤ ਤੇ 10 ਪ੍ਰਤੀਸ਼ਤ ਕਰ ਲਗਾਇਆ ਗਿਆ ਹੈ, ਅਤੇ ਛੇਵੇਂ, ਇਸ ਨਾਲ ਤਿੰਨਾਂ ਚੀਜ਼ਾਂ ਅਰਥਾਤ ਮੋਟਰ ਸਪਿਰਿਟ, ਜਾਂ ਵਾਂਗਣਾਂ, ਤਿਆਰ ਕੀਤੇ ਕੱਪੜੇ ਅਤੇ ਰੇਸ਼ਮੀ ਧਾਗੇ ਤੇ ਵਿਕਰੀ ਕਰ ਲਗਾਇਆ ਗਿਆ ਹੈ ਜੋ ਸਵਾ ਛੇ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਵੇਗਾ। ਜਿਵੇਂ ਮੈਂ ਕਿਹਾ ਸੀ, ਮੈਂ ਟੈਕਸ ਦੇ ਇਨ੍ਹਾਂ ਪ੍ਰਸਤਾਵਾਂ ਦੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਹੁਣ ਮੈਂ ਕੇਵਲ ਸਰਸਰੀ ਤੌਰ ਤੇ, ਆਮ ਸਿਧਾਂਤਾਂ ਤੇ ਆਲੋਚਨਾ ਕਰਾਂਗਾ। ਹੁਣ ਅਸ਼ਟਾਮ ਅਤੇ ਅਦਾਲਤੀ ਫ਼ੀਸ ਜਾਰੀ ਰੱਖਣ ਦੇ ਸਬੰਧ ਵਿਚ ਮੈਂ ਮਾਨਯੋਗ ਵਿੱਤ ਮੰਤਰੀ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ; ਕਿ ਇਹ ਉਹ ਟੈਕਸ ਹੈ, (ਜੇਕਰ ਮੇਰੀ ਯਾਦਦਾਸ਼ਤ ਠੀਕ ਠਾਕ ਹੈ), ਜਿਸ ਬਾਰੇ ਕਾਂਗਰਸੀਆਂ ਵਲੋਂ ਪੁਰਾਣੀ ਵਿਧਾਨ ਪਰਿਸ਼ਦ ਵਿਚ ਸਦਾ ਇਤਰਾਜ਼ ਉਠਾਇਆ ਜਾਂਦਾ ਸੀ। ਸ੍ਰੀਮਾਨ ਜੀ, ਮੈਨੂੰ ਯਾਦ ਹੈ ਕਿ ਕੋਈ ਵੀ ਬਜਟ ਸਮਾਗਮ ਅਜਿਹਾ ਨਹੀਂ ਹੋਵੇਗਾ ਜਦੋਂ ਕਾਂਗਰਸੀਆਂ ਨੇ ਉਸ ਬਜਟ ਸਮਾਗਮ ਨੂੰ ਇਕ ਪਾਸੇ ਵਿੱਤ ਮੈਂਬਰਾਂ ਅਤੇ ਦੂਜੇ ਪਾਸੇ ਕਾਂਗਰਸੀਆਂ ਦੇ ਵਿਚਕਾਰ ਹਰ ਸਾਲ ਉਠਣ ਵਾਲਾ ਮਾਮਲਾ ਨਾ ਬਣਾਇਆ ਹੋਵੇ। ਉਹ ਟੈਕਸ ਜਿਸਦੀ ਹਰ ਸਾਲ ਸਖ਼ਤ ਵਿਰੋਧਤਾ ਕੀਤੀ ਜਾਂਦੀ ਸੀ, ਅਤੇ ਜਿਸ ਨੂੰ ਕਾਂਗਰਸੀ ਖ਼ੁਦ ਇਕ ਸਦੀਵੀ ਜਵੀਨ ਦੇਣ ਲਈ ਤਿਆਰ ਨਹੀਂ ਸਨ, ਉਸ ਬਾਰੇ ਕਾਂਗਰਸੀ ਮੰਤਰੀਆਂ ਦਾ ਇਹ ਵਿਚਾਰ ਹੋਵੇ ਕਿ ਇਹ ਅਜਿਹਾ ਟੈਕਸ ਹੈ ਜਿਸ ਨੂੰ ਸਾਲ ਦਰ ਸਾਲ ਸਦੀਵੀ ਤੌਰ ਤੇ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਇਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਉਹੀ ਨੀਤੀ ਹੈ ਜਿਸ ਤੇ ਕਾਂਗਰਸੀ ਚਲਦੇ ਰਹੇ ਹਨ ਅਤੇ ਹੁਣ ਕਿਉਂਕਿ ਉਹ ਤਾਕਤ ਵਿਚ ਹਨ ਇਸ ਲਈ ਜਿਹੜੀਆਂ ਚੀਜ਼ਾਂ ਪਹਿਲਾਂ ਮਾੜੀਆਂ ਸਨ, ਹੁਣ ਉਹ ਚੰਗੀਆਂ ਬਣ ਗਈਆਂ ਹਨ, ਕਿਉਂਕਿ ਉਹ ਕਾਂਗਰਸ ਦੁਆਰਾ ਚਲਾਈਆਂ ਜਾ ਰਹੀਆਂ ਹਨ। ਇਸ ਤਰ੍ਹਾਂ ਸੋਚਣੀ ਦੀ ਤਬਦੀਲੀ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਅਸੀਂ ਉਨ੍ਹਾਂ ਕਾਂਗਰਸੀਆਂ ਨੂੰ ਜਾਣਦੇ ਹਾਂ ਜੋ ਇਸਦੀ ਕੱਟੜ ਵਿਰੋਧਤਾ ਕਰਦੇ ਸਨ ਕਿਉਂਕਿ ਉਦੋਂ ਕਾਰਜਪਾਲਿਕਾ ਨੂੰ ਨਿਆਂਪਾਲਿਕਾ ਤੋਂ ਵੱਖ ਨਹੀਂ ਸੀ ਕੀਤਾ ਗਿਆ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਬਹੁਤ ਦਮਨਕਾਰੀ ਪ੍ਰਣਾਲੀ ਹੈ ਅਤੇ ਹੁਣ ਸਾਡੇ ਪਾਸ ਉਹੀ ਕਾਂਗਰਸੀ ਹਨ ਜੋ ਇਸਦਾ ਸਮਰਥਨ ਕਰਦੇ ਹਨ ਕਿ ਇਹ ਬਹੁਤ ਆਦਰਸ਼ ਪ੍ਰਣਾਲੀ ਹੈ। ਮੈਂ ਇਸ ਤੋਂ ਵੱਧ ਕੁਝ ਨਹੀਂ ਕਹਾਂਗਾ। ਪਰ, ਮੈਂ ਇਹ ਜ਼ਰੂਰ ਕਹਿ ਦਿਆਂ ਕਿ ਇਹ ਨਿਸ਼ਚੇ ਹੀ ਸਾਰੇ ਕਾਂਗਰਸੀਆਂ ਦੀ ਐਲਾਨ ਕੀਤੀ ਹੋਈ ਨੀਤੀ ਦੇ ਉਲਟ ਹੈ।

ਬਿਜਲੀ ਉਤਲੇ ਕਰ (ਡਿਊਟੀ) ਵੱਲ ਆਉਂਦਿਆਂ, ਮੇਰੇ ਵਿਚਾਰ ਵਿਚ ਇਹ ਇਕ ਮਾੜਾ ਕਰ ਹੈ। ਮੈਂ ਉਨ੍ਹਾਂ ਵਿਚੋਂ ਇਕ ਹਾਂ ਜਿਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਬਿਜਲੀ ਦੀ

ਵਧੇਰੇ ਵਰਤੋਂ ਨੂੰ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਬਿਜਲੀ ਦੀ ਅਣਹੋਂਦ ਵਿਚ ਲੋਕ ਕੀ ਕਰਨਗੇ ? ਉਹ ਮਿੱਟੀ ਦਾ ਤੇਲ ਬਾਲਣਗੇ ਜਿਸ ਤੋਂ ਧੂਆਂ ਪੈਦਾ ਹੁੰਦਾ ਹੈ, ਜੋ ਸਿਹਤ ਲਈ ਹਾਨੀਕਾਰਕ ਹੈ ਅਤੇ ਜੋ ਸਭ ਤੋਂ ਚੰਗੇ ਸੰਭਵ ਢੰਗ ਨਾਲ ਰੋਕਿਆ ਜਾਣਾ ਚਾਹੀਦਾ ਹੈ। ਮਿੱਟੀ ਦੇ ਤੇਲ ਦੀ ਖਪਤ ਨੂੰ ਵਰਜਣ ਦਾ ਇਕੋ ਇਕ ਢੰਗ ਇਹੋ ਹੈ ਕਿ ਬਿਜਲੀ ਨੂੰ ਏਨਾ ਸਸਤਾ ਕਰ ਦਿਉ ਜਿੰਨਾ ਇਸ ਦੀ ਸੰਭਾਵਨਾ ਹੋਵੇ। ਇਸ ਲਈ ਮੇਰੀ ਬੇਨਤੀ ਹੈ ਕਿ, ਆਮ ਸਿਧਾਂਤ ਅਨੁਸਾਰ ਇਹ ਇਕ ਮਾੜਾ ਕਰ ਹੈ। ਕਰ ਦੇ ਪ੍ਰਸਤਾਵਾਂ ਦੇ ਇਸ ਹਿਸੇ ਬਾਰੇ ਮੇਰੀ ਦੂਜੀ ਟਿਪਣੀ ਇਹ ਹੈ ਕਿ ਇਹ ਇਕ ਅਜਿਹਾ ਕਰ ਹੈ ਜਿਸਦੀ ਵੰਡ ਦੋਸ਼ ਪੂਰਨ ਢੰਗ ਨਾਲ ਕੀਤੀ ਗਈ ਹੈ। ਇਸ ਬਿਜਲੀ ਕਰ ਬਾਰੇ ਇਕ ਸਭ ਤੋਂ ਵੱਧ ਅਸਾਧਾਰਨ ਚੀਜ਼ ਇਹ ਹੈ ਕਿ ਸਿਨੇਮਿਆਂ ਅਤੇ ਥੀਏਟਰਾਂ ਦੁਆਰਾ ਵਰਤੀ ਗਈ ਬਿਜਲੀ ਦੇ ਕਰ ਵਿਚ ਵਾਧਾ ਨਹੀਂ ਕੀਤਾ ਗਿਆ। ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਜੇਕਰ ਇਹ ਕੋਈ ਵਿਅਕਤੀਗਤ ਜਾਂ ਨਿਜੀ ਕਰ ਹੈ ਤਾਂ ਇਹ ਨਿਸਚੇ ਹੀ ਸਿਨੇਮਾ ਅਤੇ ਥੀਏਟਰ ਕਰ ਹੈ। ਕਿਉਂਕਿ ਜੇਕਰ ਸਿਨਮੇ ਤੇ ਜਾਂ ਥੀਏਟਰ ਤੇ ਟੈਕਸ ਲਗਾ ਦਿਤਾ ਜਾਂਦਾ ਹੈ, ਤਾਂ ਇਹ ਨਿਸ਼ਚਿਤ ਰੂਪ ਵਿਚ (ਜੇਕਰ ਖਪਤਕਾਰ ਦੁਆਰਾ ਬਰਦਾਸ਼ਤ ਨਹੀਂ ਕੀਤਾ ਜਾਂਦਾ) ਉਨ੍ਹਾਂ ਵਿਅਕਤੀਆਂ ਤੇ ਲਗ ਜਾਵੇਗਾ ਜੋ ਥੀਏਟਰ ਵਿਚ ਜਾਂਦੇ ਹਨ ਜਾਂ ਸਿਨੇਮਾ ਦੇਖਣ ਜਾਂਦੇ ਹਨ। ਇਹ ਟੈਕਸ ਤਾਂ ਸੁੱਖ-ਸਾਧਨਾਂ ਤੇ ਟੈਕਸ ਹੈ, ਅਤੇ ਮੈਨੂੰ ਭਰੋਸਾ ਹੈ, ਭਾਵੇਂ ਮੈਂ ਬਿਲਕੁਲ ਸਹੀ ਨਹੀਂ ਵੀ ਹੋ ਸਕਦਾ, ਕਿ ਘਰ ਵਾਲਿਆਂ ਤੇ ਟੈਕਸ ਲਗਾਉਣ ਦੀ ਥਾਂ, ਜਿਵੇਂ ਮਾਨਯੋਗ ਵਿੱਤ ਮੰਤਰੀ ਨੇ ਕੀਤਾ ਹੈ, ਜੇਕਰ ਉਹ ਸਿਨੇਮੇ ਜਾਂ ਥੀਏਟਰ ਦੀ ਦਰ ਵਿਚ ਵਾਧਾ ਕਰ ਦਿੰਦੇ ਤਾਂ ਉਨ੍ਹਾਂ ਨੂੰ ਉਹ ਸਾਰਾ ਮਾਲੀਆ ਹਾਸਲ ਹੋ ਜਾਣਾ ਸੀ ਜੋ ਉਨ੍ਹਾਂ ਦਾ ਇਹ ਕਰ ਲਗਾ ਕੇ ਹਾਸਲ ਕਰਨ ਦਾ ਇਰਾਦਾ ਸੀ। ਪਰ, ਜਿਵੇਂ ਮੈਂ ਕਿਹਾ ਸੀ ਕਿ ਇਹ ਇਕ ਆਸਾਧਾਰਨ ਚੀਜ਼ ਹੈ ਕਿ ਉਹ ਪਾਰਟੀ ਜੋ ਸਹਿਣਯੋਗ ਹੈ, ਉਸ ਨੂੰ ਛੋਟ ਦੇ ਦਿੱਤੀ ਗਈ ਹੈ। ਇਹ ਕੀ ਕੀਤਾ ਗਿਆ ਹੈ ? ਜੋ ਕੀਤਾ ਗਿਆ ਹੈ ਉਹ ਇਹ ਹੈ: ਉਹ ਵਿਅਕਤੀ ਜੋ ਹੁਣ ਤਕ 12 ਯੂਨਿਟ ਤੋਂ ਘੱਟ ਦੀ ਖਪਤ ਕਰਦੇ ਸਨ ਉਨ੍ਹਾਂ ਤੇ ਹੁਣ ਟੈਕਸ ਲਾ ਦਿੱਤਾ ਗਿਆ ਹੈ, ਅਤੇ ਜੋ 12 ਯੂਨਿਟ ਤੋਂ ਵੱਧ ਦੀ ਖਪਤ ਕਰਦੇ ਹਨ, ਉਨ੍ਹਾਂ ਦਾ ਟੈਕਸ 9 ਪਾਈ ਕਰ ਦਿੱਤਾ ਗਿਆ ਹੈ। ਸ੍ਰੀਮਾਨ ਜੀ, ਮੈਨੂੰ ਇਸ ਟੈਕਸ ਦੀ ਵੰਡ ਦੀ ਨਿਆਏਸੰਗਤੀ ਬਾਰੇ ਸਮਝ ਨਹੀਂ ਆਉਂਦੀ। ਐਸਾ ਕਿਉਂ ਹੈ ਕਿ ਜਿਨ੍ਹਾਂ ਲੋਕਾਂ ਨੂੰ ਹੁਣ ਤਕ ਛੋਟ ਦਿੱਤੀ ਗਈ ਸੀ ਕਿਉਂਕਿ ਉਹ 12 ਯੂਨਿਟਾਂ ਤੋਂ ਘੱਟ ਬਿਜਲੀ ਫੂਕਦੇ ਸਨ, ਉਨ੍ਹਾਂ ਤੋ ਹੁਣ ਟੈਕਸ ਲਗਾ ਦਿੱਤਾ ਗਿਆ ਹੈ ? ਐਸਾ ਕਿਉਂ ਹੈ ਕਿ ਜੋ 9 ਪਾਈ (5 ਨਵੇਂ ਪੈਸੇ) ਬਰਦਾਸ਼ਤ ਕਰਦੇ ਸਨ ਹੁਣ ਉਨ੍ਹਾਂ ਨੂੰ 15 ਪਾਈ (8 ਨਵੇਂ ਪੈਸੇ) ਬਰਦਾਸ਼ਤ ਕਰਨਾ ਪੈਣਾ ਹੈ, ਜਦਕਿ ਥੀਏਟਰਾਂ ਅਤੇ ਸਿਨਮਿਆਂ ਨੂੰ ਇਸ ਟੈਕਸ ਤੋਂ ਛੋਟ ਦੇ ਦਿੱਤੀ ਗਈ ਹੈ। ਟੈਕਸ ਲਗਾਉਣ ਦੀ ਤੀਜੀ ਮੱਦ ਦੇ ਸਬੰਧ ਵਿਚ, ਜੋ ਇੰਤਕਾਲਾਂ ਉਤੇ ਅਸ਼ਟਾਮ ਕਰ ਹੈ, ਮੇਰੇ ਵਿਚਾਰ ਵਿਚ ਵਾਧਾ ਬਿਲਕਲ ਅਣਉਚਿਤ ਹੈ। ਬੰਬਈ ਸ਼ਹਿਰ ਵਿਚ, ਮਾਨਯੋਗ ਵਿੱਤ ਮੰਤਰੀ ਦਾ ਪ੍ਰਸਤਾਵ ਹੈ ਕਿ ਟੈਕਸ ਨੂੰ ਸਾਢੇ ਤਿੰਨ ਪ੍ਰਤੀਸ਼ਤ ਤੋਂ ਵਧਾ ਕੇ ਚਾਰ ਪ੍ਰਤੀਸ਼ਤ

ਕਰ ਦਿੱਤਾ ਜਾਵੇ। ਇਹ ਵਾਧਾ ਮੌਜੂਦਾ ਆਧਾਰ ਤੇ 20 ਪ੍ਰਤੀਸ਼ਤ ਬਣਦਾ ਹੈ। ਪੂਨਾ ਅਤੇ ਅਹਿਮਦਾਬਾਦ ਵਿਚ ਉਨ੍ਹਾਂ ਦਾ ਪ੍ਰਸਤਾਵ ਹੈ ਕਿ ਕਰ ਢਾਈ ਪ੍ਰਤੀਸ਼ਤ ਤੋਂ ਤਿੰਨ ਪ੍ਰਤੀਸ਼ਤ ਕਰ ਦਿੱਤਾ ਜਾਵੇ। ਇਹ ਵਾਧਾ ਵੀ 20 ਪ੍ਰਤੀਸ਼ਤ ਬਣਦਾ ਹੈ। ਦੂਜੇ, ਕਸਬਿਆਂ ਵਿਚ ਜੋ ਸਰਕਾਰ ਦੁਆਰਾ ਅਧਿਸੂਚਤ ਕੀਤੇ ਜਾਣੇ ਹਨ, ਕਰ, ਡੇਢ ਪ੍ਰਤੀਸ਼ਤ ਤੋਂ ਵਧਾ ਕੇ ਤਿੰਨ ਪ੍ਰਤੀਸ਼ਤ ਕਰ ਦਿੱਤਾ ਜਾਣਾ ਹੈ। ਇਹ ਵਾਧਾ 50 ਪ੍ਰਤੀਸ਼ਤ ਹੈ, ਅਤੇ ਬਾਕੀ ਦੇ ਕਸਬਿਆਂ ਵਿਚ ਡੇਢ ਪ੍ਰਤੀਸ਼ਤ ਤੋਂ ਵਧਾਕੇ 2 ਪ੍ਰਤੀਸ਼ਤ ਕਰਨ ਦਾ ਪ੍ਰਸਤਾਵ ਹੈ ਜੋ ਕਿ 33/1/3 ਪ੍ਰਤੀਸ਼ਤ ਹੈ। ਮਾਨਯੋਗ ਮੰਤਰੀ ਦੇ ਉਦੇਸ਼ਾਂ ਅਤੇ ਕਾਰਨਾਂ ਦੇ ਵਿਵਰਣ ਨੂੰ ਪੜ੍ਹ ਕੇ, ਜਿਹੜਾ ਕਿ ਵਿੱਤ ਬਿਲ ਦੇ ਨਾਲ ਨੱਥੀ ਕੀਤਾ ਹੋਇਆ ਹੈ, ਮੈਨੂੰ ਕੋਈ ਸਪਸ਼ਟੀਕਰਨ ਨਹੀਂ ਮਿਲਦਾ ਕਿ ਟੈਕਸਾਂ ਵਿਚ ਇਹ ਵਾਧਾ ਕਿਉਂ ਕੀਤਾ ਗਿਆ ਹੈ ? ਵਿੱਤ ਮੰਤਰੀ ਨੇ ਜੋ ਕੁਝ ਵੀ ਕਹਿਣਾ ਹੈ ਉਹ ਇਹ ਹੈ ; ਇਹ ਉਚਿਤ ਸਮਝਿਆ ਗਿਆ ਹੈ ਕਿ ਇੰਤਕਾਲਾਂ ਉਤੇ ਅਸ਼ਟਾਮ ਕਰ ਸ਼ਹਿਰੀ ਇਲਾਕਿਆਂ ਵਿਚ ਦਿਹਾਤੀ ਇਲਾਕਿਆਂ ਨਾਲੋਂ ਵੱਧ ਹੋਣਾ ਚਾਹੀਦਾ ਹੈ। ਇਹ ਉਚਿਤ ਕਿਉਂ ਹੈ ? ਸ਼ਹਿਰੀ ਇਲਾਕੇ ਵੱਧ ਗੁਨਾਹਗਾਰ ਕਿਉਂ ਹਨ ਕਿ ਉਹ ਹੁਣ ਤੱਕ ਜੋ ਕੁਝ ਅਦਾ ਕਰਦੇ ਰਹੇ ਹਨ ਉਨ੍ਹਾਂ ਨੂੰ ਉਸ ਨਾਲੋਂ ਵੱਧ ਅਦਾ ਕਰਨਾ ਪਵੇ ? ਸਾਨੂੰ ਮਾਨਯੋਗ ਮੰਤਰੀ ਪਾਸੋਂ ਕੋਈ ਵੀ ਉਤਰ ਨਹੀਂ ਮਿਲਿਆ। ਇਹ ਕੰਹਿਦੇ ਹੋਏ ਕਿ ਟੈਕਸ ਬਿਨਾਂ ਕਿਸੇ ਤੁਕ ਦੇ ਵਧਾ ਦਿੱਤਾ ਜਾਵੇਗਾ, ਇਕ ਮਨ-ਮਰਜ਼ੀ ਵਾਲੀ ਕਾਰਵਾਈ ਹੈ।

ਹੁਣ ਅਸੀਂ ਪੰਜਵੇਂ ਪ੍ਰਸਤਾਵ ਵਲ ਆਉਂਦੇ ਹਾਂ। ਇਹ ਸੰਪਤੀ ਕਰ ਹੈ। ਨਿਰਸੰਦੇਹ ਇਹ ਸਾਰੇ ਕਰ-ਪ੍ਰਸਤਾਵ ਦੀ ਮੂਲ ਸਮੱਸਿਆ ਹੈ। ਮੇਰੇ ਖ਼ਿਆਲ ਵਿਚ ਇਹ ਪ੍ਰਸਤਾਵ ਕਈ ਦਿਸ਼ਟੀਕੋਣਾਂ ਤੋਂ ਇਤਰਾਜ਼ਯੋਗ ਹੈ। ਮੇਰੇ ਮਾਨਯੋਗ ਦੋਸਤ ਸ੍ਰੀ ਜਮਨਾ ਦਾਸ ਮਹਿਤਾ ਨੇ ਪਹਿਲਾਂ ਹੀ ਇਸ ਉਪਾਅ ਬਾਰੇ ਇਕ ਇਤਰਾਜ਼ ਉਠਾਇਆ ਹੈ ; ਅਤੇ ਇਤਰਾਜ਼ ਇਹ ਹੈ, ਕਿ ਇਹ ਸਰਕਾਰ ਹੁਣ ਕਰ ਲਗਾਉਣ ਦੇ ਇਕ ਆਧਾਰ ਤੇ ਨਾਜਾਇਜ਼ ਕਬਜ਼ਾ ਕਰ ਰਹੀ ਹੈ ਜੋ ਹੁਣ ਤਕ ਨਗਰਪਾਲਿਕਾ ਸਰਕਾਰਾਂ ਵਾਸਤੇ ਛੱਡਿਆ ਗਿਆ ਸੀ। ਬੰਬਈ ਸ਼ਹਿਰ ਦੀ ਨਗਰਪਾਲਿਕਾ ਨੂੰ ਸਪੰਤੀ-ਕਰ ਤੋਂ ਇਸਦੀ ਆਮਦਨ ਦਾ ਵੱਡਾ ਹਿੱਸਾ ਪ੍ਰਾਪਤ ਹੁੰਦਾ ਹੈ। ਕੇਵਲ ਬੰਬਈ ਦੀ ਨਗਰਪਾਲਿਕਾ ਨੂੰ ਹੀ ਸੰਪਤੀ ਕਰ ਤੋਂ ਆਮਦਨ ਹਾਸਲ ਨਹੀਂ ਹੁੰਦੀ, ਬਲਕਿ ਇਸੇ ਤਰ੍ਹਾਂ ਸਾਰੀਆਂ ਸ਼ਹਿਰੀ ਨਗਰਪਾਲਿਕਾਵਾਂ ਨੂੰ ਸੰਪੰਤੀ ਤੇ ਕਰ ਲਗਾਉਣ ਦੀ ਆਗਿਆ ਹੈ। ਸ੍ਰੀਮਾਨ ਜੀ, ਕਰ ਲਗਾਉਣ ਦੇ ਉਸ ਖੇਤਰ ਵਿਚ, ਜੋ ਨਗਰਪਾਲਿਕਾਵਾਂ ਲਈ ਰਾਖਵਾਂ ਹੈ, ਸਰਕਾਰ ਦੁਆਰਾ ਇਹ ਮੁਕਾਬਲਾ, ਮੈਨੂੰ ਯਕੀਨ ਹੈ, ਲੋਕਲ-ਸੈਲਫ਼ ਗੌਰਮਿੰਟ ਦੇ ਵਿਕਾਸ ਲਈ ਬਹੁਤ ਹਾਨੀਕਾਰਕ ਸਿੱਧ ਹੋਵੇਗਾ। ਮੈਂ ਉਸ ਨੁਕਤੇ ਬਾਰੇ ਬਹੁਤਾ ਹੋਰ ਕੁਝ ਨਹੀਂ ਕਹਾਂਗਾ। ਪਰ ਮੈਂ ਇਸ ਪ੍ਰਸਤਾਵ ਦੇ ਕੁਝ ਦੂਜੇ ਦ੍ਰਿਸ਼ਟੀਕੋਣਾਂ ਦਾ ਜ਼ਿਕਰ ਕਰਾਂਗਾ, ਅਤੇ ਪਹਿਲਾ ਦ੍ਰਿਸ਼ਟੀਕੋਣ ਇਹ ਹੈ: ਬੰਬਈ ਸ਼ਹਿਰ ਦੇ ਕਿਰਾਏਦਾਰ ਇਕ ਅੰਦੋਲਨ ਕਰਦੇ ਰਹੇ ਹਨ ਕਿ ਬੰਬਈ ਸ਼ਹਿਰ ਵਿਚ ਕਿਰਾਏ ਬਹੁਤ ਜ਼ਿਆਦਾ ਹਨ ਅਤੇ ਇਨ੍ਹੇ ਨੂੰ ਘੱਟ ਕਰਨਾ ਚਾਹੀਦਾ ਹੈ। ਸ੍ਰੀਮਾਨ ਜੀ, ਹੁਣ ਜੇਕਰ ਸਰਕਾਰ (ਜਿਵੇਂ ਇਹ ਟੈਕਸ ਦੇ ਇਸ ਉਪਾਅ

ਰਾਹੀਂ ਕਰਨ ਜਾ ਰਹੀ ਹੈ) ਨੇ ਸੰਪਤੀ ਦੀ ਲਾਗਤ ਦਾ 10 ਪ੍ਰਤੀਸ਼ਤ ਲੈ ਲੈਣਾ ਹੈ, ਤਾਂ ਉਸੇ ਸਾਹ ਮਕਾਨ ਮਾਲਕ ਨੂੰ ਇਹ ਨਹੀਂ ਆਖ ਸਕਦੀ ਕਿ ਉਸਨੂੰ ਕਿਰਾਏਦਾਰਾਂ ਦਾ ਕਿਰਾਇਆ ਘੱਟ ਕਰ ਦੇਣਾ ਚਾਹੀਦਾ ਹੈ ਜੋ ਵਰਤਮਾਨ ਵੱਧ ਕਿਰਾਏ ਵਿਰੁੱਧ ਅੰਦੋਲਨ ਕਰਦੇ ਰਹੇ ਹਨ। ਇਸ ਲਈ ਸਰਕਾਰ ਜੋ ਕੁਝ ਕਰ ਰਹੀ ਹੈ ਉਹ ਅਸਲ ਵਿਚ ਬੰਬਈ ਸ਼ਹਿਰ ਅਤੇ ਇਸੇ ਤਰ੍ਹਾਂ ਅਹਿਮਦਾਬਾਦ ਅਤੇ ਪੂਨਾ ਸ਼ਹਿਰਾਂ ਦੇ ਕਿਰਾਏਕਾਰਾਂ ਪਾਸੋਂ ਜੋ ਜਾਇਜ਼ ਤੌਰ ਤੇ ਉਨ੍ਹਾਂ ਦਾ ਬਣਦਾ ਸੀ, ਹਾਸਲ ਕਰਕੇ ਉਥੋਂ ਦੇ ਕਿਰਾਏਦਾਰਾਂ ਨਾਲ ਫ਼ਰੇਬ ਕਰਨ ਤੋਂ ਵੱਧ ਕੁਝ ਵੀ ਨਹੀਂ ; ਅਤੇ ਮੇਰਾ ਖ਼ਿਆਲ ਹੈ ਕਿ ਕਰ ਦੇ ਇਸ ਉਪਾਅ ਬਾਰੇ ਨਿਸ਼ਚੇ ਹੀ ਇਹ ਬਹੁਤ ਗੰਭੀਰ ਇਤਰਾਜ਼ ਹੈ ਜਿਸਦਾ ਸਮਰਥਨ ਕੀਤਾ ਜਾ ਸਕਦਾ ਹੈ।

ਦੂਜੇ, ਇਸ ਜਾਇਦਾਦ ਨੂੰ, ਜਿਸਨੇ ਸਰਕਾਰੀ ਪ੍ਰਸਤਾਵ ਅਧੀਨ ਟੈਕਸ ਦਾ ਵਿਸ਼ਾ ਬਣਨਾ ਹੈ, ਅਜਿਹੀ ਜਾਇਦਾਦ ਨਹੀਂ ਕਿਹਾ ਜਾ ਸਕਦਾ ਜਿਸ ਤੇ ਹੁਣ ਟੈਕਸ ਨਹੀਂ ਲਗਾਇਆ ਜਾ ਸਕਦਾ, ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਉਹ ਜਾਇਦਾਦ ਹੈ ਜਿਸ ਤੇ ਥੋੜ੍ਹਾ ਟੈਕਸ ਲਗਾਇਆ ਗਿਆ ਹੈ ਅਤੇ, ਇਸ ਲਈ ਇਹ ਹੋਰ ਟੈਕਸ ਦਾ ਬੋਝ ਸਹਿ ਸਕਦੀ ਹੈ। ਮੈਂ ਬੰਬਈ ਸ਼ਹਿਰ ਦਾ ਹੀ ਕੇਸ ਲੈਂਦਾ ਹਾਂ।

ਮਾਨਯੋਗ ਸਪੀਕਰ : ਮੇਰਾ ਖ਼ਿਆਲ ਹੈ ਕਿ ਆਪ ਨੂੰ ਕੁਝ ਗ਼ਲਤ ਫ਼ਹਿਮੀ ਹੈ ; ਪੂਨਾ ਸ਼ਹਿਰ ਇਸ ਟੈਕਸ ਦੇ ਪ੍ਰਸਤਾਵ ਵਿਚ ਸ਼ਾਮਲ ਨਹੀਂ।

ਡਾ. ਬੀ. ਆਰ. ਅੰਬੇਡਕਰ : ਮੈਨੂੰ ਅਫਸੋਸ ਹੈ--ਕੇਵਲ ਬੰਬਈ ਅਤੇ ਅਹਿਮਦਾਬਾਦ ਹਨ। ਹੁਣ ਬੰਬਈ ਵਿਚ ਕੀ ਸਥਿਤੀ ਹੈ ? ਜੋ ਸਾਨੂੰ ਪਤਾ ਲਗਦਾ ਹੈ ਉਹ ਇਹ ਹੈ: ਬੰਬਈ ਨਗਰਪਾਲਿਕਾ, ਜਾਇਦਾਦ ਕਰ ਲਗਣ ਯੋਗ ਮੁੱਲ ਤੇ ਕੁਲ ਸਾਢੇ ਅਠਾਰਾਂ ਪ੍ਰਤੀਸ਼ਤ ਕਰ ਆਪਣੀ ਵਰਤੋਂ ਲਈ ਲਗਾਉਂਦੀ ਹੈ। ਇਸਤੋਂ ਇਲਾਵਾ, ਜੇਕਰ ਜਾਇਦਾਦ ਪਟੇ ਤੇ ਲਈ ਹੋਈ ਜਾਇਦਾਦ ਹੈ ਤਾਂ ਮਕਾਨ ਦੇ ਮਾਲਕ ਨੂੰ ਜ਼ਮੀਨ ਦਾ ਕਿਰਾਇਆ(Ground Rent) ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਉਸਨੂੰ ਆਪਣੀ ਸੰਪਤੀ ਦੇ ਕੁੱਲ ਕਿਰਾਏ ਤੋਂ ਹਾਸਲ ਹੋਈ ਆਮਦਨ ਉਤੇ ਭਾਰਤ ਸਰਕਾਰ ਨੂੰ ਆਮਦਨ ਕਰ ਦੇਣਾ ਪੈਂਦਾ ਹੈ। ਜੇਕਰ ਸਾਰਿਆਂ ਨੂੰ ਇੱਕਠਾ ਕਰੀਏ ਤਾਂ ਮੇਰਾ ਵਿਚਾਰ ਹੈ ਕਿ ਇਹ ਸਾਰਾ ਬੋਝ ਨਿਸ਼ਚਤ ਤੌਰ ਤੇ ਲਗਭਗ 22 ਤੋਂ 23 ਪ੍ਰਤੀਸ਼ਤ ਬਣ ਜਾਵੇਗਾ।

(ਇਕ ਮਾਨਯੋਗ ਮੈਂਬਰ : 50 ਪ੍ਰਤੀਸ਼ਤ) । ਮੇਰਾ ਮਾਨਯੋਗ ਦੋਸਤ ਕਹਿੰਦਾ ਹੈ 50 ਪ੍ਰਤੀਸ਼ਤ ਬਣ ਜਾਵੇਗਾ ; ਸ਼ਾਇਦ ਉਹ ਬਾਅਦ ਵਿਚ ਸਪਸ਼ਟ ਕਰਨਗੇ। ਜੋ ਮੈਂ ਕਹਿੰਦਾ ਹਾਂ ਉਹ ਇਹ ਹੈ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਸੰਪਤੀ ਤੇ ਟੈਕਸ ਥੋ ਾ ਜਿਹਾ ਲੱਗਿਆ ਹੋਇਆ ਹੈ ; ਇਸ ਜਾਇਦਾਦ ਤੇ ਪਹਿਲਾਂ ਹੀ ਕਾਫ਼ੀ ਟੈਕਸ ਲੱਗਾ ਹੋਇਆ ਹੈ ਅਤੇ ਇਸ ਉੱਤੇ 10 ਪ੍ਰਤੀਸ਼ਤ ਹੋਰ ਬੋਝ ਪਾਉਣਾ ਬਿਲਕੁਲ ਹੀ ਅਣਉਚਿਤ ਹੋਵੇਗਾ।

ਦੂਜੀ ਚੀਜ਼ ਜੋ ਮੈਂ ਮਾਨਯੋਗ ਵਿੱਤ ਮੰਤਰੀ ਨੂੰ ਦੱਸਣਾ ਚਾਹੁੰਦਾ ਹਾਂ ਉਹ ਇਹ ਹੈ: ਲਗਦਾ

ਹੈ ਕਿ ਉਹ ਇਸਨੂੰ ਟੈਕਸ ਨਹੀਂ ਮੁੱਲ (ਭਾਅ) ਸਮਝਦੇ ਹਨ। ਇਸ ਨੁਕਤੇ ਤੇ ਮੈਨੂੰ ਉਨ੍ਹਾਂ ਨਾਲ ਇਕ ਗਿਲਾ ਹੈ। ਜੋ ਕੁਝ ਉਹ ਲਗਾ ਰਹੇ ਹਨ ਉਹ ਮੁੱਲ ਨਹੀਂ ਬਲਕਿ ਟੈਕਸ ਹੈ। ਮੁੱਲ ਅਤੇ ਟੈਕਸ ਵਿਚ ਫ਼ਰਕ ਇਹ ਹੈ: ਮੁੱਲ ਉਹ ਚੀਜ਼ ਹੈ ਜਿਸ ਦੇ ਬਦਲੇ ਤੁਹਾਨੂੰ ਕੋਈ ਵਿਸ਼ੇਸ਼ ਸੇਵਾ ਮਿਲੇ। ਅਸੀਂ ਨਗਰਪਾਲਿਕਾ ਨੂੰ ਮੁੱਲ ਅਦਾ ਕਰਦੇ ਹਾਂ ਕਿਉਂਕਿ ਜੋ ਕੁਝ ਅਸੀਂ ਨਗਰਪਾਲਿਕਾ ਨੂੰ ਅਦਾ ਕਰਦੇ ਹਾਂ ਉਸਦੇ ਬਦਲੇ ਅਸੀਂ ਸਿੱਧੀ ਸੇਵਾ ਹਾਸਲ ਕਰਦੇ ਹਾਂ---ਸਾਨੂੰ ਪਾਣੀ ਮਿਲਦਾ ਹੈ, ਸਾਨੂੰ ਮਲ-ਸਫ਼ਾਈ ਮਿਲਦੀ ਹੈ, ਸਾਨੂੰ ਬਿਜਲੀ ਮਿਲਦੀ ਹੈ, ਸਾਨੂੰ ਵੱਖ ਵੱਖ ਕਈ ਹੋਰ ਤਰ੍ਹਾਂ ਦੀਆਂ ਸੇਵਾਵਾਂ ਮਿਲਦੀਆਂ ਹਨ। ਇਹ ਅਸਲ ਵਿਚ ਹੀ ਕੀਤੀਆਂ ਗਈਆਂ ਸੇਵਾਵਾਂ ਦਾ ਮੁੱਲ ਹੈ, ਪਰ ਜੋ ਮਾਨਯੋਗ ਮੰਤਰੀ ਕਰ ਰਹੇ ਹਨ ਉਸ ਕੇਸ ਵਿਚ ਕੋਈ ਸੇਵਾਵਾਂ ਨਹੀਂ। ਇਸ ਲਈ ਇਹ ਟੈਕਸ ਹੈ। ਇਸ ਲਈ ਭਾਵੇਂ ਮੰਤਰੀ ਜੀ ਇਸ ਨੂੰ ਜਾਇਦਾਦ ਕਰ ਆਖਣ ਪਰ ਮੈਂ ਕਹਿੰਦਾ ਹਾਂ ਕਿ ਇਹ ਆਮਦਨ ਕਰ ਹੈ ਕਿਉਂਕਿ ਮੈਂ ਉਨ੍ਹਾਂ ਨੂੰ ਇਹ ਦਸੱਣਾ ਚਾਹੁੰਦਾ ਹਾਂ ਕਿ ਕਿਤੇ ਵੀ ਕੋਈ ਚੀਜ਼ ਕਿਸੇ ਚੀਜ਼ ਦੀ ਅਦਾਇਗੀ ਨਹੀਂ ਕਰਦੀ। ਹਰ ਤਰ੍ਹਾਂ ਵਿਸ਼ਲੇਸ਼ਣ ਕਰਕੇ ਵੀ ਦੇਖੀਏ ਤਾਂ ਇਹ ਆਦਮੀ ਹੈ ਜੋ ਅਦਾ ਕਰਦਾ ਹੈ, ਚੀਜ਼ਾਂ ਅਦਾ ਨਹੀਂ ਕਰਦੀਆਂ। ਜੇਕਰ ਆਦਮੀ ਅਦਾ ਕਰਦੇ ਹਨ। ਤਾਂ ਉਹ ਆਪਣੀ ਆਮਦਨ ਵਿਚੋਂ ਅਦਾ ਕਰਦੇ ਹਨ। ਇਸ ਲਈ ਇਹ ਇਕ ਆਮਦਨ ਕਰ ਹੈ। ਹੁਣ ਮੈਂ ਮਾਨਯੋਗ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨਿਆਂ ਸੰਗਤ ਸਿਧਾਂਤ, ਜਿਨ੍ਹਾਂ ਨੂੰ ਆਮਦਨ ਕਰ ਦੀ ਆਮ ਸਕੀਮ ਦੇ ਇਕ ਹਿੱਸੇ ਵਜੋਂ ਹਮੇਸ਼ਾ ਮਾਨਤਾ ਦਿੱਤੀ ਜਾਂਦੀ ਹੈ, ਉਨ੍ਹਾਂ ਨੂੰ ਇਸ ਟੈਕਸ ਦਾ ਹਿੱਸਾ ਕਿਉਂ ਨਹੀਂ ਬਣਾਇਆ ਜਾਂਦਾ ? ਦੋ ਚੀਜ਼ਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਕ ਚੀਜ਼ ਜਿਸਦਾ ਜ਼ਿਕਰ ਕਰਨ ਦੀ ਲੋੜ ਹੈ ਉਹ ਇਹ ਹੈ ਕਿ ਆਮਦਨ ਕਰ ਦੀ ਹਰ ਇਕ ਸਕੀਮ ਅੰਦਰ ਛੋਟ ਦਾ ਇਕ ਆਧਾਰ ਹੁੰਦਾ ਹੈ। ਕਿਸੇ ਖ਼ਾਸ ਘੱਟ ਤੋਂ ਘੱਟ ਆਮਦਨ ਤੇ ਕਰ ਨਹੀਂ ਲਗਾਇਆ ਜਾਂਦਾ। ਮੌਜੂਦਾ ਆਮਦਨ ਕਰ ਵਿਚ ਮੇਰਾ ਖ਼ਿਆਲ ਹੈ ਕਿ ਘੱਟ ਤੋਂ ਘੱਟ ਸੀਮਾ 2000 ਰੁਪਏ ਹੈ। ਜੇਕਰ ਇਹ ਆਮਦਨ ਕਰ ਹੈ, ਮੈਂ ਜ਼ੋਰ ਪਾਵਾਂਗਾ ਅਤੇ ਕਹਿੰਦਾ ਹਾਂ ਕਿ ਇਹ ਆਮਦਨ ਕਰ ਹੈ ਅਤੇ ਹੋਰ ਕੁਝ ਨਹੀਂ, ਤਾਂ ਅਜਿਹਾ ਕਿਉਂ ਹੈ ਕਿ ਕੋਈ ਛੋਟ ਨਹੀਂ ਦਿੱਤੀ ਗਈ ? ਸਾਰੇ ਮਕਾਨ ਮਾਲਕਾਂ ਨੂੰ ਇਕਸਮਾਨ ਸਮਝਣ ਦਾ ਕੋਈ ਲਾਭ ਨਹੀਂ। ਮੈਂ ਹਿੰਦੂ ਕਾਲੋਨੀ ਵਿਚ ਰਹਿੰਦਾ ਹਾਂ ; ਉਥੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੇ ਸਰਕਾਰ ਤੋਂ ਆਪਣੀਆਂ ਗ੍ਰੈਚੁਇਟੀਆਂ ਲਈਆਂ ਹਨ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਨੇ ਜਮ੍ਹਾ ਹੋਇਆ ਪ੍ਰਾਵੀਡੈਂਟ ਫ਼ੰਡ ਲਿਆ ਹੈ। ਇਨ੍ਹਾਂ ਲੋਕਾਂ ਨੇ ਛੋਟੇ ਮਕਾਨ ਬਣਾਏ ਹੋਏ ਹਨ। ਮਕਾਨ ਦੇ ਇਕ ਹਿੱਸੇ ਵਿਚ ਇਹ ਰਹਿੰਦੇ ਹਨ ਅਤੇ ਮਕਾਨ ਦੇ ਬਾਕੀ ਦੇ ਹਿੱਸੇ ਵਿਚ ਕਿਰਾਏਦਾਰ ਰਹਿੰਦੇ ਹਨ। ਇਹ ਲੋਕ ਜ਼ਮੀਨ ਦਾ ਕਿਰਾਇਆ ਅਦਾ ਕਰਦੇ ਹਨ ; ਉਹ ਨਗਰਪਾਲਿਕਾ ਦੇ ਟੈਕਸ ਅਦਾ ਕਰਦੇ ਹਨ। ਕੀ ਉਨ੍ਹਾਂ ਬਾਰੇ ਕੁਝ ਨਹੀਂ ਸੋਚਿਆ ਜਾਣਾ ? ਫੇਰ, ਕੁਝ ਲੋਕ ਅਜਿਹੇ ਹਨ ਜਿਨ੍ਹਾਂ ਨੇ ਇਮਾਰਤਾਂ ਤੇ ਲੱਖਾਂ ਰੁਪਏ ਲਗਾਏ ਹੋਏ ਹਨ ਅਤੇ ਉਹ ਫੇਰ ਕੁਝ ਵੀ ਨਹੀਂ ਕਰਦੇ ਅਤੇ ਇਨ੍ਹਾਂ ਸੰਪਤੀਆਂ ਤੋਂ ਪ੍ਰਾਪਤ ਹੋਈ ਆਮਦਨ ਨਾਲ

ਗੁਜ਼ਾਰਾ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਇਸ ਕਿਸਮ ਦੇ ਮਕਾਨ ਮਾਲਕ ਦਾ ਦੂਜੀ ਕਿਸਮ ਦੇ ਮਕਾਨ ਮਾਲਕ ਤੋਂ ਫ਼ਰਕ ਹੈ ਅਤੇ ਫ਼ਰਕ ਕੀਤਾ ਜਾਣਾ ਚਾਹੀਦਾ ਹੈ। ਇਥੇ ਇਹ ਫ਼ਰਕ ਕਿਉਂ ਨਹੀਂ ਕੀਤਾ ਗਿਆ ?

ਇਕ ਹੋਰ ਵਿਚਾਰ ਲੈ ਲਵੋ। ਬਹੁਤ ਸਾਰੀਆਂ ਇਹ ਸੰਪਤੀਆਂ--ਮੈਨੂੰ ਨਹੀਂ ਪਤਾ ਕਿ ਕਿੰਨੀਆਂ, ਪਰ ਬਹੁਤ ਸਾਰੀਆਂ ਹਨ--ਨਿਸ਼ਚਤ ਰੂਪ ਵਿਚ ਅਜਿਹੀਆਂ ਜਾਇਦਾਦਾਂ ਹਨ ਜੋ ਖ਼ੈਰਾਤੀ ਸੰਗਠਨਾਂ ਦੀਆਂ ਸੰਪਤੀਆਂ ਹਨ। ਉਦਾਹਰਣ ਦੇ ਤੌਰ ਤੇ ਬੰਬਈ ਸ਼ਹਿਰ ਨੂੰ ਲੈ ਲਵੋ। ਇਥੇ ਸੋਸ਼ਲ ਸਰਵਿਸ ਲਈ, ਸਰਵੈਂਟਸ ਆਫ਼ ਇੰਡੀਆ ਸੁਸਾਇਟੀ ਅਤੇ ਬਹੁਤ ਸਾਰੇ ਹੋਰ ਸੰਗਠਨ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਪ੍ਰਾਪਤ ਹੁੰਦੀ ਆਮਦਨ ਵਿਚੋਂ ਗ਼ਰੀਬ ਵਿਧਵਾਵਾਂ, ਯਤੀਮ ਬੱਚਿਆਂ, ਉਨ੍ਹਾਂ ਲੋਕਾਂ ਦੀ, ਜਿੰਨ੍ਹਾ ਨੇ ਸਿੱਖਿਆ ਹਾਸਲ ਨਹੀਂ ਕੀਤੀ, ਸਹਾਇਤਾ ਕਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਡਾਕ ਟਰੀ ਸਹਾਇਤਾ ਪ੍ਰਦਾਨ ਕਰਦੇ ਹਨ। ਮੈਂ ਇਹ ਨਹੀਂ ਸਮਝ ਸਕਦਾ ਕਿ ਇਸ ਵਰਗੀ ਸਰਕਾਰ, ਜਿਸ ਨੇ ਸਾਰੀਆਂ ਸਮਾਜ ਸੇਵਾਵਾਂ ਨਾਲ ਸਬੰਧਤ ਆਪਣੀ ਜ਼ਿੰਮੇਵਾਰੀ--ਉਹ ਮੈਂ ਬਾਅਦ ਵਿਚ ਦਸਦਾ ਹਾਂ--ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਅਜਿਹੀਆਂ ਸੇਵਾਵਾਂ ਦਾ ਉਪਬੰਧ ਖ਼ੈਰਾਤ ਵਿਚੋਂ ਕਰਨ ਲਈ ਸਾਰਾ ਬੋਝ ਜਨਤਾ ਤੇ ਪਾ ਦਿੱਤਾ ਹੈ, ਖ਼ੈਰਾਤੀ ਸੰਗਠਨਾਂ ਨੂੰ ਕੋਈ ਛੋਟ ਕਿਉਂ ਨਾ ਦੇਵੇ ? ਆਮਦਨ ਕਰ ਐਕਟ ਧਾਰਾ 4 ਵਿਚ ਹੀ ਕਿਹਾ ਗਿਆ ਹੈ ਕਿ ਖ਼ੈਰਾਤ ਤੋਂ ਪ੍ਰਾਪਤ ਕੀਤੀ ਆਮਦਨ ਤੇ ਕਰ ਨਹੀਂ ਲਗਾਇਆ ਜਾਵੇਗਾ। ਮੈਨੂੰ ਸਮਝ ਨਹੀਂ ਆਉਂਦੀ ਕਿ ਮਾਨਯੋਗ ਵਿੱਤ ਮੰਤਰੀ ਨੇ ਇਨ੍ਹਾਂ ਸਾਰੀਆਂ ਗੱਲਾਂ ਵਿਚੋਂ ਕਿਸੇ ਤੇ ਵੀ ਵਿਚਾਰ ਨਹੀਂ ਕੀਤਾ। ਮੈਨੂੰ ਯਕੀਨ ਹੈ ਕਿ ਜਦੋਂ ਅਸੀਂ ਬਿਲ ਤੇ ਵਿਚਾਰ ਕਰਾਂਗੇ ਤਾਂ ਉਹ ਜ਼ਰੂਰ ਕੁਝ ਆਖਣਗੇ।

ਵਿਕਰੀ ਕਰ ਵਾਲੇ ਪਾਸੇ ਆਈਏ। ਮੈਂ ਜ਼ਾਤੀ ਤੌਰ ਤੇ ਇਸ ਨੂੰ ਪਸੰਦ ਨਹੀਂ ਕਰਦਾ। ਮੈਂ ਜਾਣਦਾ ਹਾਂ ਕਿ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਦਾ ਵਿਸ਼ਵਾਸ ਹੈ ਕਿ ਇਹ ਇਕ ਚੰਗਾ ਕਰ ਹੈ ਅਤੇ ਲਾਇਆ ਜਾ ਸਕਦਾ ਹੈ। ਮੇਰੀ ਰਾਇ ਇਸ ਤੋਂ ਵੱਖਰੀ ਹੈ। ਮੇਰੇ ਖ਼ਿਆਲ ਵਿਚ ਇਸ ਵਿਚ ਉਸਦੀ ਝਲਕ ਨਜ਼ਰ ਆਉਂਦੀ ਹੈ ਜੋ ਅਸੀਂ 1894 ਤੋਂ ਭਾਰਤ ਵਿਚ ਭਾਰਤੀ ਮਿੱਲਾਂ ਤੇ ਲਗਾਉਂਦੇ ਸੀ ਜਿਸਨੂੰ ਸੂਤੀ ਕਪੜਾ ਤਿਆਰ ਕਰਨ ਵਾਲਿਆਂ ਤੇ ਆਬਕਾਰੀ ਕਰ ਕਿਹਾ ਜਾਂਦਾ ਸੀ। ਇਹ ਉਸ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ। ਜੇਕਰ ਇਹ ਕਾਰਖ਼ਾਨੇਦਾਰ ਦੁਆਰਾ ਜਾਂ ਵਿਕਰੇਤਾ ਦੁਆਰਾ ਦਿੱਤਾ ਜਾਂਦਾ ਹੈ ਤਾਂ ਇਸ ਦਾ ਪ੍ਰਭਾਵ ਨਿਸ਼ਚਤ ਤੌਰ ਤੇ ਖਪਤਕਾਰ ਉਤੇ ਪਵੇਗਾ। ਇਸ ਨਾਲ ਉਸਦੇ ਜੀਵਨ-ਪੱਧਰ ਤੇ ਲਾਜ਼ਮੀ ਪ੍ਰਭਾਵ ਪਵੇਗਾ। ਜੇਕਰ ਇਹ ਬਦਲਿਆ ਨਹੀਂ ਜਾਂਦਾ, ਜੇਕਰ ਇਹ ਕਾਰਖ਼ਾਨੇਦਾਰ ਦੁਆਰਾ ਬਰਦਾਸ਼ਤ ਕੀਤਾ ਜਾਂਦਾ ਹੈ, ਤਾਂ ਇਸਦਾ ਅਸਰ ਉਨ੍ਹਾਂ ਕਾਰਖ਼ਾਨਿਆਂ ਤੇ ਪਵੇਗਾ ਜਿਨ੍ਹਾਂ ਤੇ ਇਹ ਲਗਾਇਆ ਜਾਂਦਾ ਹੈ। ਕਿਸੇ ਵੀ ਸੂਰਤ ਵਿਚ ਇਹ ਇਕ ਸੰਤਖਜਨਕ ਕਰ ਨਹੀ ਹੈ।

ਸ੍ਰੀਮਾਨ ਜੀ, ਮੈਂ ਉਨ੍ਹਾਂ ਵਿਚੋਂ ਇਕ ਹਾਂ ਜਿਨ੍ਹਾਂ ਦਾ ਸਦਾ ਇਹ ਵਿਚਾਰ ਰਿਹਾ ਹੈ ਕਿ ਜੀਵਨ ਦੀਆਂ ਚੰਗੀਆਂ ਚੀਜ਼ਾਂ ਮੰਨਤ ਵਾਂਗ ਆਸਮਾਨ ਤੋਂ ਨਹੀਂ ਆਉਂਦੀਆਂ। ਇੰਜ ਕਦੇ ਵੀ, ਕਿਧਰੇ ਵੀ ਨਹੀਂ ਹੋਇਆ। ਦਰਅਸਲ ਜੇਕਰ ਤੁਹਾਨੂੰ ਜੀਵਨ ਦੀ ਕਿਸੇ ਚੰਗੀ ਚੀਜ਼ ਦੀ ਲੋੜ ਹੈ ਤਾਂ ਤੁਹਾਨੂੰ ਉਸਦੇ ਬਦਲੇ ਮੁੱਲ ਚੁਕਾਉਣਾ ਪਵੇਗਾ। ਜਦ ਤੱਕ ਤੁਸੀਂ ਉਸਦਾ ਮੁੱਲ ਨਹੀਂ ਚੁਕਾਉਂਦੇ, ਤੁਸੀਂ ਉਸਨੂੰ ਹਾਸਲ ਨਹੀਂ ਕਰ ਸਕਦੇ। ਇਸ ਲਈ ਮੈਂ ਉਨ੍ਹਾਂ ਵਿਚੋਂ ਇਕ ਹਾਂ ਜੋ ਕਰ ਲਗਾਉਣ ਬਾਰੇ ਨੈਤਿਕ ਉਜ਼ਰ ਨਹੀਂ ਕਰ ਸਕਦੇ ਕਿਉਂਕਿ ਮੈਂ ਨਿਸ਼ਚੇ ਹੀ ਉਨ੍ਹਾਂ ਵਿਚੋਂ ਇਕ ਹਾਂ ਜੋ ਜੀਵਨ ਦੀਆਂ ਚੰਗੀਆਂ ਚੀਜ਼ਾਂ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਉਨ੍ਹਾਂ ਲਈ ਮੁੱਲ ਤਾਰਨਾ ਪਵੇਗਾ। ਇਸ ਲਈ, ਜਿਸ ਪ੍ਰਸ਼ਨ ਤੇ ਅਸੀਂ ਵਿਚਾਰ ਕਰਨੀ ਹੈ ਉਹ ਇਹ ਹੈ: ਇਹ ਸਾਰੇ ਟੈਕਸ ਕਿਸ ਵਾਸਤੇ ਲਗਾਏ ਜਾਂਦੇ ਹਨ? ਇਨ੍ਹਾਂ ਦਾ ਮੰਤਵ ਕੀ ਹੈ? ਇਹ ਕਰ ਲਗਾਕੇ ਕਿਸ ਪ੍ਰਕਾਰ ਭਲਾ ਕਰਨ ਦਾ ਸਰਕਾਰ ਦਾ ਪ੍ਰਸਤਾਵ ਹੈ? ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਹ ਕੁਝਕੁ ਮਾਲੀਆ ਜੋ ਵਿੱਤ ਮੰਤਰੀ ਕਰ ਦੀ ਇਸ ਸਕੀਮ ਰਾਹੀਂ ਇੱਕਠਾ ਕਰਨਾ ਚਾਹੁੰਦੇ ਹਨ, 169 ਲੱਖ ਰੁਪਏ ਹੈ। ਸ੍ਰੀਮਾਨ ਜੀ, ਹੁਣ ਬਜਟ ਵੱਲ ਆਉਂਦੇ ਹੋਏ, ਪਹਿਲਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਖ਼ਰਚ ਦੀਆਂ ਨਵੀਆਂ ਮੱਦਾਂ ਕਿਹੜੀਆਂ ਹਨ ਜੋ ਇਸ ਬਜਟ ਵਿਚ ਸ਼ਾਮਲ ਹਨ? ਮੈਂ ਬਜਟ ਵਿਚੋਂ ਖ਼ਰਚ ਦੀਆਂ ਕੁਝ ਉਹ ਮੱਦਾਂ ਕੱਢ ਦਿੱਤੀਆਂ ਹਨ ਜਿਨ੍ਹਾਂ ਵਿਚ ਕੇਵਲ ਪ੍ਰਸ਼ਾਸਕੀ ਵਿਭਾਗਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਜਿਨ੍ਹਾਂ ਦੇ ਸਿੱਟੇ ਵਜੋਂ ਲੋਕਾਂ ਦੀ ਸਮਾਜਕ ਭਲਾਈ ਨੂੰ ਸਿੱਧਾ ਲਾਭ ਨਹੀਂ ਹੋਵੇਗਾ। ਮੈਂ ਬਜਟ ਵਿਚੋਂ ਨਵੇਂ ਖ਼ਰਚੇ ਦੀਆਂ ਅਜਿਹੀਆਂ ਮੱਦਾਂ ਲਈਆਂ ਹਨ ਜਿਨ੍ਹਾਂ ਨੂੰ ਮੇਰੇ ਵਿਚਾਰ ਵਿਚ ਉਹ ਮੱਦਾਂ ਕਿਹਾ ਜਾ ਸਕਦਾ ਹੈ ਜੋ ਲੋਕ ਭਲਾਈ ਦੇ ਮਾੜਾ ਅਸਰ ਪਾਉਂਦੀਆਂ ਹਨ। ਮੈਂ ਦੇਖਦਾ ਹਾਂ ਕਿ ਸਿੰਜਾਈ ਲਈ ਬਜਟ ਵਿਚ ਸਾਢੇ ਸੱਤ ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਿੱਖਿਆ ਵਾਸਤੇ ਇਸ ਵਿਚ ਸਾਢੇ ਸੋਲ੍ਹਾਂ ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਨ੍ਹਾਂ ਸਾਢੇ ਸੋਲ੍ਹਾਂ ਲੱਖਾਂ ਵਿਚੋਂ 5 ਲੱਖ ਪ੍ਰਾਇਮਰੀ ਸਿੱਖਿਆ ਦੇ ਪਸਾਰ ਲਈ ਰੱਖੇ ਗਏ ਹਨ, 5 ਲੱਖ ਇਮਾਰਤਾਂ ਲਈ ਰੱਖੇ ਗਏ ਹਨ, ਅਤੇ 1.81 ਲੱਖ ਰੁਪਏ ਬੇਸਿਕ ਕ੍ਰਾਫਟ ਸ਼ੁਰੂ ਕਰਨ ਲਈ ਰੱਖੇ ਗਏ ਸਨ। ਜਨ ਸਿਹਤ ਹੇਠ ਪਿੰਡਾਂ ਲਈ ਜਲ ਸਪਲਾਈ ਵਾਸਤੇ 5 ਲੱਖ ਦੀ ਮੱਦ ਤੋਂ ਇਲਾਵਾ ਹੋਰ ਕੁਝ ਨਹੀਂ, ਖੇਤੀਬਾੜੀ ਵਾਸਤੇ ਕੁਝ ਨਹੀਂ: ਸਹਿਕਾਰਤਾ ਲਈ 7 ਲੱਖ ਹੈ। ਦਿਹਾਤੀ ਵਿਕਾਸ ਲਈ, ਜਿਸ ਦਾ ਭਾਵ 7000 ਮਾਰਗ ਦਰਸ਼ਕ ਆਦਮੀਆਂ ਨੂੰ ਨੌਕਰੀ ਤੇ ਲਾਏ ਜਾਣ ਤੋਂ ਵੱਧ ਕੁਝ ਵੀ ਨਹੀਂ ਜੋ ਥੋੜ੍ਹਾ ਬਹੁਤ ਪ੍ਰਚਾਰ ਕਰਦੇ ਹੋਏ ਸਾਰੀ ਪ੍ਰੈਜ਼ੀਡੈਂਸੀ ਵਿਚ ਘੁੰਮਣਗੇ, ਜੋ ਮਾਨਯੋਗ ਮੰਤਰੀ ਦੀ ਸੋਚ ਅਨੁਸਾਰ ਲੋਕਾਂ ਲਈ ਲਾਭਕਾਰੀ ਹੋਵੇਗਾ।

ਦੂਜੇ ਨਬੰਰ ਤੇ ਇਸ ਵਿਚ ਕਰਜ਼ਾ ਚੁਕਾਉਣ ਲਈ ਦੋ ਲੱਖ ਰੁਪਏ ਦਾ ਉਪਬੰਧ ਹੈ। ਇਕ ਗੱਲ ਜੋ ਮੈਂ ਕਹਿਣੀ ਚਾਹੁੰਦਾ ਹਾਂ, ਇਹ ਹੈ: ਇਸ ਪ੍ਰਸ਼ਨ ਤੋਂ ਇਲਾਵਾ ਕਿ ਕੀ ਸੂਬੇ ਦੀਆਂ ਜ਼ਰੂਰਤਾਂ ਦਾ ਖ਼ਿਆਲ ਕਰਦਿਆਂ ਜਿਸ ਖ਼ਰਚੇ ਦਾ ਇਸ ਬਜਟ ਵਿਚ ਉਪਬੰਧ ਕੀਤਾ ਗਿਆ

ਹੈ, ਉਹ ਕਾਫ਼ੀ ਹੈ ? ਇਕ ਚੀਜ਼ ਜੋ ਇਸ ਸਦਨ ਨੂੰ ਮਹਿਸੂਸ ਕਰਨੀ ਚਾਹੀਦੀ ਹੈ, ਇਹ ਹੈ ਕਿ ਨਵੇਂ ਟੈਕਸ ਨਵੇਂ ਖ਼ਰਚ ਵਾਸਤੇ ਬਿਲਕੁਲ ਜ਼ਰੂਰੀ ਨਹੀਂ ਹਨ। ਜਿਵੇਂ ਮਾਨਯੋਗ ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿੱਚ ਆਪ ਕਿਹਾ ਹੈ ਕਿ 169 ਲੱਖ ਰੁਪਏ ਦੇ ਕੁੱਲ ਟੈਕਸਾਂ ਵਿਚੋਂ, ਕੇਵਲ 44 ਲੱਖ ਰੁਪਏ ਦੋ ਸਕੀਮਾਂ, ਅਰਥਾਤ, ਇਕ ਦਿਹਾਤੀ ਸਿੱਖਿਆ ਦੇ ਪਸਾਰ ਅਤੇ ਦੂਜੇ ਦਿਹਾਤੀ ਆਰਥਿਕ ਉਨਤੀ ਲਈ, ਜ਼ਰੂਰੀ ਸਮਝੇ ਗਏ ਹਨ। ਬਾਕੀ ਦੇ 125 ਲੱਖ ਰੁਪਏ ਨਵੇਂ ਖ਼ਰਚ ਵਾਸਤੇ ਨਹੀਂ ਚਾਹੀਦੇ। ਜਿਵੇਂ ਮੰਤਰੀ ਮੰਡਲ ਨੇ ਸੋਚਿਆ ਹੈ ਇਹ 125 ਲੱਖ ਰੁਪਏ ਮੰਤਰੀ ਮੰਡਲ ਨੂੰ ਕਿਸੇ ਹੋਰ ਮੰਤਵ ਲਈ ਨਹੀਂ ਚਾਹੀਦੇ ਬਲਕਿ ਉਨ੍ਹਾਂ ਦੀ ਨਸ਼ਾਬੰਦੀ ਦੀ ਨੀਤੀ ਤੋਂ ਪਏ ਘਾਟੇ ਨੂੰ ਪੂਰਾ ਕਰਨ ਲਈ ਚਾਹੀਦੇ ਹਨ ਅਤੇ ਇਸ ਲਈ ਵਿਚਾਰ ਕਰਨ ਵਾਸਤੇ ਜੋ ਪ੍ਰਸ਼ਨ ਪੈਦਾ ਹੁੰਦਾ ਹੈ ਉਹ ਬਿਲਕੁੱਲ ਇਕ ਸਾਦਾ ਪ੍ਰਸ਼ਨ ਹੈ। ਇਸ ਮਸਲੇ ਨੂੰ ਬਿਲਕੁਲ ਹੀ ਸੀਮਿਤ ਕਰ ਦਿੱਤਾ ਗਿਆ ਹੈ ਅਤੇ ਉਹ ਮਾਮਲਾ ਇਹ ਹੈ: ਕੀ ਸ਼ਰਾਬ ਪੀਣਾ ਇਕ ਸਮੱਸਿਆ ਹ ? ਅਤੇ, ਜੇਕਰ ਸ਼ਰਾਬ ਪੀਣਾ ਇਕ ਸਮੱਸਿਆ ਹੈ ਤਾਂ ਕੀ ਇਹ ਬਹੁਤ ਗੰਭੀਰ ਸਮੱਸਿਆ ਹੈ ? ਜਦ ਤੱਕ ਇਹ ਸਦਨ ਇਨ੍ਹਾਂ ਦੋਹਾਂ ਪ੍ਰਸ਼ਨਾਂ ਦਾ ਉਤਰ ਹਾਂ ਵਿਚ ਦੇਣ ਲਈ ਤਿਆਰ ਨਹੀਂ ਹੁੰਦਾ, ਉਦੋਂ ਤੱਕ ਵਿੱਤ ਮੰਤਰੀ ਦੁਆਰਾ ਤਜਵੀਜ਼ ਕੀਤੇ ਗਏ ਟੈਕਸਾਂ ਤੇ ਵੋਟ ਕਰਨਾ ਉਚਿਤ ਨਹੀਂ ਹੋਵੇਗਾ। ਸ੍ਰੀਮਾਨ ਜੀ, ਸਾਨੂੰ ਸਥਿਤੀ ਦਾ ਵਿਸ਼ਲੇਸ਼ਣ ਕਰਨ ਵਿਚ ਕੋਈ ਗ਼ਲਤੀ ਨਹੀਂ ਕਰਨੀ ਚਾਹਦੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਰਾਬ ਪੀਣਾ ਇਕ ਬੁਰਾਈ ਹੈ ਅਤੇ ਇਸ ਦੇ ਸਿੱਟੇ ਬੜੇ ਮਾੜੇ ਨਿਕਲਦੇ ਹਨ। ਪਰ ਇਹ ਗੱਲ ਮੰਨ ਲੈਣ ਨਾਲ ਕਿ ਸ਼ਰਾਬ ਪੀਣਾ ਇਕ ਬੁਰਾਈ ਹੈ ਇਹ ਗੱਲ ਤਾਂ ਪਾਸੇ ਰਹੀ ਕਿ ਸ਼ਰਾਬ ਪੀਣਾ ਇਕ ਗੰਭੀਰ ਸਮੱਸਿਆ ਹੈ, ਇਹ ਵੀ ਨਹੀਂ ਮੰਨਿਆ ਜਾਂਦਾ ਕਿ ਇਹ ਇਕ ਸਮੱਸਿਆ ਹੈ। ਸ੍ਰੀਮਾਨ ਜੀ, ਆਉ ਹੁਣ ਅਸੀਂ ਇਸ ਸਥਿਤੀ ਨੂੰ ਤੁਲਨਾਤਮਕ ਢੰਗ ਨਾਲ ਵੇਖੀਏ। ਬੰਬਈ ਪ੍ਰੈਜ਼ੀਡੈਂਸੀ ਵਿਚ ਕੀ ਸਥਿਤੀ ਹੈ ? ਸਾਨੂੰ ਇਸ ਵੇਲੇ ਬਾਕੀ ਦੇ ਭਾਰਤ ਬਾਰੇ ਬਿਲਕੁਲ ਨਹੀਂ ਸੋਚਣਾ ਚਾਹੀਦਾ ਕਿਉਂਕਿ ਅਸੀਂ ਬੰਬਈ ਮੰਤਰੀ ਮੰਡਲ ਦੇ ਬਜਟ ਬਾਰੇ ਵਿਚਾਰ ਕਰ ਰਹੇ ਹਾਂ। ਜਿਥੋਂ ਤੱਕ ਸ਼ਰਾਬ ਪੀਣ ਦੇ ਸਵਾਲ ਦਾ ਸਬੰਧ ਹੈ ਬੰਬਈ ਪ੍ਰੈਜ਼ੀਡੈਂਸੀ ਅਤੇ ਦੂਜੇ ਦੇਸਾਂ ਵਿਚ ਸਥਿਤੀ ਕੀ ਹੈ ? ਸਭ ਤੋਂ ਪਹਿਲਾਂ ਮੈਂ ਉਸ ਸਮੁੱਚੇ ਆਬਕਾਰੀ ਮਾਲੀਏ ਸਬੰਧੀ ਅੰਕੜੇ ਦੱਸਦਾ ਹਾਂ ਜੋ ਵੱਖ ਵੱਖ ਦੇਸਾਂ ਵਿਚ ਪ੍ਰਾਪਤ ਕੀਤਾ ਜਾਂਦਾ ਹੈ, ਕਿਉਂਕਿ ਕਿਸੇ ਦੇਸ ਵਿਚ ਆਬਕਾਰੀ ਤੋਂ ਪ੍ਰਾਪਤ ਕੀਤੇ ਜਾਂਦੇ ਮਾਲੀਏ ਤੋਂ ਇਸ ਸਮੱਸਿਆ ਦੇ ਆਕਾਰ ਦਾ ਸੰਕੇਤ ਮਿਲਦਾ ਹੈ ਜਿਸ ਦਾ ਉਸ ਦਸ ਨੂੰ ਸਾਹਮਣਾ ਕਰਨਾ ਪੈਂਦਾ ਹੈ। ਮੈਂ ਇਹ ਅੰਕੜੇ ਉਸ ਸਰਕਾਰੀ ਰਿਪੋਰਟ ਤੋਂ ਲਏ ਹਨ ਜੋ ਰਾਸ਼ਟਰ -ਸੰਘ (League of Nations) ਦੁਆਰਾ ਜਾਰੀ ਕੀਤੀ ਗਈ ਹੈ ਅਤੇ ਇਹ ਅੰਕੜੇ 1931 ਨਾਲ ਸਬੰਧਤ ਹਨ। ਗ੍ਰੇਟ ਬ੍ਰਿਟੇਨ ਤੋਂ ਆਰੰਭ ਕਰਦੇ ਹਾਂ। ਉਥੇ ਜਨਸੰਖਿਆ 44,937,44 ਅਤੇ ਆਬਕਾਰੀ 1,504,895,000 ਹੈ। ਆਸਟਰੀਆ ਵਿਚ ਜੋ ਹੁਣ ਨਹੀਂ ਰਿਹਾ ਪਰ 1937 ਵਿਚ ਮੌਜੂਦ ਸੀ-ਆਬਾਦੀ 6,760,233 ਅਤੇ ਆਬਕਾਰੀ ਤੋਂ ਪ੍ਰਾਪਤ ਹੋਇਆ ਸਮੁੱਚਾ ਮਾਲੀਆ 15.96 ਲੱਖ ਜਾਂ ਇਸ ਦੇ ਲਗਭਗ ਸੀ। ਕੈਨੇਡਾ

ਵਿਚ ਆਬਾਦੀ ਇਕ ਕਰੋੜ ਹੈ, ਜਦ ਕਿ ਆਬਾਕਾਰੀ ਮਾਲੀਆ 57,19 ਲੱਖ ਪ੍ਰਾਪਤ ਹੁੰਦਾ ਹੈ। ਆਇਰਿਸ਼ ਫ੍ਰੀ ਸਟੇਟ ਦੀ ਕੁੱਲ ਆਬਾਦੀ 2,965,854 ਹੈ ਜਦ ਕਿ ਆਬਕਾਰੀ ਤੋਂ ਹਾਸਲ ਕੀਤਾ ਜਾਂਦਾ ਕੁੱਲ ਮਾਲੀਆ 665 ਲੱਖ ਹੈ। ਫਿਰ ਡੈਨਮਾਰਕ ਨੂੰ ਲੈ ਲਉ। ਇਸ ਦੀ ਆਬਾਦੀ 37 ਲੱਖ ਹੈ ਜਦ ਕਿ ਹਾਸਲ ਕੀਤਾ ਜਾਂਦਾ ਆਬਾਕਾਰੀ ਮਾਲੀਆ 5,34,80,000 ਹੈ। ਫ਼ਰਾਂਸ ਦੀ ਕੁੱਲ ਆਬਾਦੀ 419 ਲੱਖ ਜਾਂ ਇਸ ਦੇ ਨੇੜੇ ਤੇੜੇ ਹੈ ਜਦ ਕਿ ਆਬਕਾਰੀ ਤੋਂ ਪ੍ਰਾਪਤ ਕੀਤਾ ਜਾਂਦਾ ਕੁੱਲ ਮਾਲੀਆ 207,079,650 ਹੈ। ਹੁਣ ਨਾਰਵੇ ਦੇ ਅੰਕੜੇ ਲੈ ਲਉ। ਨਾਰਵੇ ਦੀ ਕੁੱਲ ਆਬਾਦੀ 2,814,194 ਹੈ ਅਤੇ ਆਬਾਕਾਰੀ ਤੋਂ ਹਾਸਲ ਹੁੰਦਾ ਇਸ ਦਾ ਕੁਲ ਮਾਲੀਆ (ਇਹ ਉਹ ਦੇਸ ਹੈ ਜਿੱਥੇ ਸਥਾਨਕ ਸ਼ਰਾਬਬੰਦੀ ਦਾ ਅਧਿਕਾਰ ਹੈ) 1,66,72,000 ਹੈ। ਸ੍ਰੀਮਾਨ ਜੀ, ਹੁਣ ਇਸ ਦੀ ਰੋਸ਼ਨੀ ਵਿਚ ਆਪਣੀ ਪ੍ਰੈਜ਼ੀਡੈਂਸੀ ਦੇ ਅੰਕੜਿਆਂ ਦੀ ਤੁਲਨਾ ਕਰੋ। ਬੰਬਈ ਪ੍ਰੈਜ਼ੀਡੈਂਸੀ ਦੀ ਆਬਾਦੀ 180 ਲੱਖ ਹੈ। ਆਬਕਾਰੀ ਤੋਂ ਕੁੱਲ ਮਾਲੀਆ 325 ਲੱਖ ਹੈ। ਕੀ ਕੋਈ ਇਹ ਆਖ ਸਕਦਾ ਹੈ ਕਿ ਬੰਬਈ ਪ੍ਰੈਜ਼ੀਡੈਂਸੀ ਵਿਚ ਸ਼ਰਾਬ ਦੀ ਇਸ ਖਪਤ ਨਾਲ ਇਕ ਅਜਿਹੀ ਸਮੱਸਿਆ ਪੈਦਾ ਹੋ ਜਾਵੇਗੀ ਜਿਸ ਨੂੰ ਖ਼ਤਮ ਕਰਨ ਲਈ ਰਾਜ ਨੂੰ ਫੌਰੀ ਤੌਰ ਤੇ ਕਾਰਵਾਈ ਕਰਨੀ ਚਾਹੀਦੀ ਹੈ? ਜਿਹੜਾ ਵੀ ਆਦਮੀ "ਹਾਂ" ਆਖੇ ਅਤੇ ਹਾਂ ਵਿਚ ਉੱਤਰ ਦੇਵੇ ਨਿਸਚਿਤ ਰੂਪ ਵਿਚ ਇਕ ਭਟਕਿਆ ਹੋਇਆ ਆਦਮੀ ਹੋਵੇਗਾ (ਹਾਸਾ)। ਇਕ ਜਾਂਚ ਹੋਰ ਕਰਕੇ ਦੇਖਦੇ ਹਾਂ। ਸ਼ਰਾਬ ਦੀ ਖਪਤ ਨੂੰ ਲੈ ਲਓ। ਮੈਂ ਇਹ ਅੰਕੜੇ ਬੰਬਈ ਸਰਕਾਰ ਦੁਆਰਾ ਖ਼ੁਦ ਪੇਸ਼ ਕੀਤੀ ਗਈ ਰਿਪੋਰਟ ਵਿਚੋਂ ਲੈਂਦਾ ਹਾਂ। ਸ਼ਰਾਬ ਦੀ ਕੁੱਲ ਕਿੰਨੀ ਮਾਤਰਾ ਹੈ ਜੋ ਲੋਕ ਪੀਂਦੇ ਹਨ? ਹੁਣ, ਬੰਬਈ ਸਰਕਾਰ ਦੁਆਰਾ ਜਾਰੀ ਕੀਤੀ ਗਈ ਸਰਕਾਰੀ ਰਿਪੋਰਟ ਜਾਂ ਪ੍ਰਸ਼ਾਸਕੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਰੀ ਪ੍ਰੈਜ਼ੀਡੈਂਸੀ ਲਈ ਔਸਤਨ ਖਪਤ 3 ਡਰਾਮ ਪ੍ਰਤੀ ਜੀਅ ਬਣਦੀ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਹ ਇਕ ਤੋਂ ਵੀ ਘੱਟ ਹੈ। ਅਸਲ ਵਿਚ ਇਹ ਇਕ ਔਂਸ ਦਾ 1 4 ਹੈ, ਅਤੇ ਸਾਹਮਣੇ ਬੈਠੇ ਮੇਰੇ ਮਾਣਯੋਗ ਦੋਸਤ ਇਸ ਨੂੰ ਸਮੱਸਿਆ ਆਖਦੇ ਹਨ। ਦਿਹਾਤੀ ਇਲਾਕੇ ਵਿਚ ਖਪਤ 1.8 ਡਰਾਮ ਹੈ ਅਤੇ ਜੇਕਰ ਕਸਬਿਆਂ ਨੂੰ ਵੀ ਵਿਚ ਮਿਲਾ ਲਿਆ ਜਾਵੇ ਤਾਂ ਇਹ 8.2 ਡਰਾਮ ਬਣੀ ਹੈ ਜੋ ਇਕ ਔਂਸ ਵੀ ਨਹੀਂ ਬਣਦੀ। ਦੁਬਾਰਾ ਫਿਰ ਬੰਬਈ ਪ੍ਰੈਜ਼ੀਡੈਂਸੀ ਦੇ ਮਾਲੀਏ ਦਾ ਆਧਾਰ ਲਉ ਅਤੇ ਮੈਂ ਹੁਣ ਖਪਤ ਦੀ ਸਭ ਤੋਂ ਵੱਡੀ ਮੱਦ ਅਰਥਾਤ ਦੇਸੀ ਸ਼ਰਾਬ ਨੂੰ ਲੈਂਦਾ ਹਾਂ ਜੋ ਸ਼ਾਇਦ ਸਾਡੀ ਆਬਕਾਰੀ ਵਿਚ ਸਭ ਤੋਂ ਵੱਡੀ ਮੱਦ ਹੈ। ਇਸ ਪ੍ਰੈਜ਼ੀਡੈਂਸੀ ਨੂੰ ਦਸੀ ਸ਼ਰਾਬ ਤੋਂ ਕਿੰਨਾ ਮਾਲੀਆ ਪ੍ਰਾਪਤ ਹੁੰਦਾ ਹੈ? ਰਿਪੋਰਟ ਦੱਸਦੀ ਹੈ ਕਿ ਦੇਸੀ ਸ਼ਰਾਬ ਤੋਂ ਕੁੱਲ 1,54,43,750 ਰੁ: ਦੀ ਰਕਮ ਪ੍ਰਾਪਤ ਹੁੰਦੀ ਹੈ। ਇਹ ਸਮੁੱਚੀ ਰਕਮ ਸਾਰੀ ਪ੍ਰੈਜ਼ੀਡੈਂਸੀ ਵਾਸਤੇ ਹੈ। ਹੁਣ ਅਸੀਂ ਇਸ ਨੂੰ ਸ਼ਹਿਰੀ ਇਲਾਕੇ ਅਤੇ ਦਿਹਾਤੀ ਇਲਾਕੇ ਵਿਚ ਵੰਡਦੇ ਹਾਂ। ਪ੍ਰਸ਼ਾਸਕੀ ਰਿਪੋਰਟ ਦੇ ਅਨੁਸਾਰ ਬੰਬਈ ਪ੍ਰੈਜ਼ੀਡੈਂਸੀ ਵਿਚ 33 ਕਸਬੇ ਹਨ। ਇਨ੍ਹਾਂ 33 ਕਸਬਿਆਂ ਦੀ ਕੁੱਲ ਆਬਾਦੀ ਲਗਭਗ 29,00,000 ਹੈ। ਇਨ੍ਹਾਂ 33 ਕਸਬਿਆਂ ਤੋਂ ਦੇਸੀ ਸ਼ਰਾਬ ਤੋਂ ਕਿੰਨਾ ਮਾਲੀਆ ਪ੍ਰਾਪਤ ਹੁੰਦਾ ਹੈ? ਇਨ੍ਹਾਂ 33 ਕਸਬਿਆਂ ਤੋਂ ਪੂਰਾ ਇਕ ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਬਾਕੀ ਦੀ ਆਬਾਦੀ

ਜੋ ਕਸਬਿਆਂ ਵਿਚ ਨਹੀਂ ਰਹਿੰਦੀ, ਬਲਕਿ ਪਿੰਡਾਂ ਵਿਚ ਰਹਿੰਦੀ ਹੈ(ਅਤੇ ਉਹ ਮੇਰੇ ਹਿਸਾਬ ਨਾਲ 1,52,00,000 ਹੈਂ)------ 54 ਲੱਖ ਰੁਪਏ ਤੋਂ ਵੱਧ ਦੀ ਕੀਮਤ ਦੀ ਦੇਸੀ ਸ਼ਰਾਬ ਨਹੀਂ ਪੀਂਦੀ। ਜੇਕਰ ਪ੍ਰਤੀ ਜੀਅ ਹਿਸਾਬ ਲਾਇਆ ਜਾਵੇ ਤਾਂ ਇਸ ਦਾ ਮਤਲਬ ਹੈ ਕਿ ਹਰ ਵਿਅੱਕਤੀ ਸਾਲ ਵਿਚ 5 ਆਨੇ(31ਨਵੇਂ ਪੈਸੇ) ਤੋਂ ਵੱਧ ਕੀਮਤ ਦੀ ਸ਼ਰਾਬ ਨਹੀਂ ਪੀਂਦਾ। ਆਉ ਅਸੀਂ ਕਸਬਿਆਂ ਵਾਲੇ ਅੰਕੜਿਆਂ ਦਾ ਥੋੜ੍ਹਾ ਹੋਰ ਵਿਸ਼ਲੇਸ਼ਣ ਕਰੀਏ। ਕਸਬਿਆਂ ਵਿਚ, ਜਿਵੇਂ ਮੈਂ ਕਿਹਾ ਸੀ, 29,00,000 ਲੋਕ ਇਕ ਕਰੋੜ ਰੁਪਏ ਦੀ ਕੀਮਤ ਦੀ ਸ਼ਰਾਬ ਪੀਂਦੇ ਹਨ। ਕੀ ਇਹ ਠੀਕ ਹੈ ? ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਦੇਸ ਵਿਚ ਔਰਤਾਂ ਸ਼ਰਾਬ ਨਹੀਂ ਪੀਂਦੀਆਂ, ਅਤੇ ਪੱਕਾ ਆਦੀ ਸ਼ਰਾਬੀ ਆਦਮੀ ਵੀ ਇਹ ਬਰਦਾਸ਼ਤ ਨਹੀਂ ਕਰੇਗਾ ਕਿ ਉਸ ਦੀ ਪਤਨੀ ਇਕ ਡਰਾਮ ਸ਼ਰਾਬ ਵੀ ਪੀਵੇ। ਬੱਚੇ ਵੀ ਨਹੀਂ ਪੀਂਦੇ, ਇਸ ਲਈ ਔਰਤਾਂ ਬੱਚਿਆਂ ਨੂੰ ਛੋਟ ਦੇਂਦੇ ਹੋਏ, ਮੇਰਾ ਖ਼ਿਆਲ ਹੈ ਕਿ ਸਾਡੇ ਲਈ ਉਚਿਤ ਹੋਵੇਗਾ ਕਿ ਕਸਬਿਆਂ ਦੀ ਆਬਾਦੀ ਦੇ 75 ਪ੍ਰਤੀਸ਼ਤ ਦੀ, ਸ਼ਰਾਬ ਨਾ ਪੀਣ ਵਾਲੀ ਆਬਾਦੀ ਵਜੋਂ ਕਟੌਤੀ ਕਰ ਦਿੱਤੀ ਜਾਵੇ। ਜੇਕਰ ਤੁਸੀਂ ਇਹ ਕਟੌਤੀ ਕਰ ਦੇਵੋ ਤਾਂ ਇਸ ਦਾ ਭਾਵ ਇਹ ਹੋਇਆ ਕਿ ਲਗਭਗ 10,00,000 ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸ਼ਰਾਬ ਪੀਣ ਦੀ ਬੁਰਾਈ ਚਿੰਬੜੀ ਹੋਈ ਹੈ। ਸ੍ਰੀਮਾਨ ਜੀ, ਇਨ੍ਹਾਂ ਅੰਕੜਿਆਂ ਨਾਲ ਜੋ ਮੇਰੇ ਪਾਸ ਹਨ, ਮੈਂ ਇਹ ਆਖਣ ਦਾ ਦਾਅਵਾ ਕਰਦਾ ਹਾਂ ਕਿ ਜੇਕਰ ਇਹੀ ਅੰਕੜੇ ਉਸ ਦੇ ਪਾਸ ਹੋਣ ਤਾਂ ਕੋਈ ਵੀ ਵਿਅਕਤੀ ਜੋ ਨਿਰਪੱਖ ਵਿਅਕਤੀ ਹੈ ਇਹ ਨਹੀਂ ਕਹਿ ਸਕਦਾ ਕਿ ਸ਼ਰਾਬ ਪੀਣਾ ਇਸ ਦੇਸ ਵਿਚ ਅਜਿਹੀ ਸਮੱਸਿਆ ਹੈ ਜਿਸ ਤੇ ਛੇਤੀ ਕਾਬੂ ਪਾਉਣ ਦੀ ਲੋੜ ਹੈ।

ਸ੍ਰੀਮਾਨ ਜੀ, ਮੈਂ ਜਾਣਦਾ ਹਾਂ ਕੁੱਝ ਲੋਕ ਅਜਿਹੇ ਹਨ ਜਿਨ੍ਹਾਂ ਨੇ ਸੰਯੁਕਤ ਰਾਜ ਅਮਰੀਕਾ ਨੂੰ ਆਪਣਾ ਆਦਰਸ਼ ਮੰਨਿਆ ਹੋਇਆ ਹੈ, ਅਤੇ ਜੋ ਸੋਚਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਨੇ 1919 ਵਿਚ ਆਪਣੇ ਦੇਸ ਦੇ ਸੰਵਿਧਾਨ ਵਿਚ ਸੋਧਨਾ ਕਰਕੇ ਨਸ਼ਾਬੰਦੀ ਦੀ ਨੀਤੀ ਲਾਗੂ ਕਰ ਲਈ ਹੈ, ਸੋ ਇਸ ਦੇਸ ਨੂੰ ਵੀ ਉਸ ਅਗਵਾਈ ਦਾ ਪਿੱਛਾ ਕਰਨਾ ਚਾਹੀਦਾ ਹੈ। ਪਰ ਸ੍ਰੀਮਾਨ ਜੀ, ਇਸ ਤੋਂ ਪਹਿਲਾਂ ਕਿ ਅਸੀਂ ਉਨ੍ਹਾਂ ਦੇ ਪਿੱਛੇ ਅੰਨ੍ਹੇਵਾਹ ਦੌੜੀਏ ਸਾਨੂੰ ਇਸ ਗੱਲ ਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਸੰਯੁਕਤ ਰਾਜਾਂ ਵਿਚ ਸਥਿਤੀ ਕੀ ਸੀ। ਜਿਵੇਂ ਇਹ ਸਮੱਸਿਆ ਉਥੇ ਮੌਜੂਦ ਸੀ, 1919 ਵਿਚ ਸੰਵਿਧਾਨ ਵਿਚ ਸੋਧਨਾ ਕਰਨ ਤੋਂ ਪਹਿਲਾਂ ਸੰਯੁਕਤ ਰਾਜਾਂ ਵਿਚ ਇਹ ਸਮੱਸਿਆ ਜਿੰਨੀ ਵਿਸ਼ਾਲਤਾ ਨਾਲ ਮੌਜੂਦ ਸੀ, ਉਸ ਬਾਰੇ ਮੇਰੇ ਪਾਸ ਕੁਝ ਅੰਕੜੇ ਹਨ। ਸੰਯੁਕਤ ਰਾਜਾਂ ਵਿਚ ਕੁੱਲ ਕਿੰਨੀ ਮਾਤਰਾ ਵਿਚ ਸ਼ਰਾਬ ਪੀਤੀ ਜਾਂਦੀ ਸੀ ? ਫੈਲਡਮੈਨ (feldman) ਦੀ ਪੁਸਤਕ "ਨਸ਼ਾਬੰਦੀ) " ਦੇ ਅਨੁਸਾਰ ਸਥਿਤੀ ਇਹ ਸੀ: 1910 ਅਤੇ 1914 ਦੇ ਵਿਚਕਾਰ ਕਸ਼ੀਦ ਕੀਤੀ ਸ਼ਰਾਬ, ਵਾਈਨ ਅਤੇ ਬੀਅਰ ਦੀ ਗੈਲਨਾਂ ਵਿਚ ਜੀਅ ਪ੍ਰਤੀ ਖਪਤ 22.43 ਪ੍ਰਤੀ ਵਿਅਕਤੀ ਸੀ; 1905 ਅਤੇ 1910 ਦੇ ਵਿਚਕਾਰ ਇਹ 21 ਸੀ। 1900 ਅਤੇ 1904 ਵਿਚਕਾਰ ਇਹ 18.17 ਸੀ। ਇਹ ਦੇਖਿਆ ਜਾਵੇਗਾ ਕਿ ਜੀਅ ਪ੍ਰਤੀ ਖਪਤ ਤੇਜ਼ੀ ਨਾਲ ਵੱਧ ਰਹੀ ਸੀ। 1900 ਅਤੇ

1901 ਦੇ ਵਿਚਕਾਰ ਇਹ 18,1905 ਅਤੇ1909 ਵਿਚਕਾਰ 19.46 ਅਤੇ 1910 ਅਤੇ 1914 ਵਿਚਕਾਰ ਇਹ 22.43 ਸੀ। ਯਕੀਨੀ ਤੌਰ ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਸਾਡੇ ਹਾਲਾਤ ਸੰਯੁਕਤ ਰਾਜਾਂ ਦੀ ਸਥਿਤੀ ਦੇ ਮੁਕਾਬਲੇ ਦੇ ਹਨ।

ਇਕ ਹੋਰ ਸੰਕੇਤ ਲੈ ਲਉ ।ਕੀ ਅਸੀਂ ਇਹ ਕਹਿ ਸਕਦੇ ਹਾਂ ਕਿ ਇਥੇ ਅਜਿਹੇ ਵੀ ਲੋਕ ਹਨ ਜੋ ਕੇਵਲ ਸ਼ਰਾਬ ਦੀ ਆਦਤ ਨਾਲ ਹੀ ਮਰੋ ਹਨ, ਅਜਿਹੇ ਲੋਕ ਹਨ ਜੋ ਜਿਗਰ ਦੀ ਤਕਲੀਫ ਨਾਲ ਮਰੇ ਹਨ ਕਿਉਂਕਿ ਉਹ ਬਹੁਤ ਜ਼ਿਆਦਾ ਸ਼ਰਾਬ ਪੀਂਦੇ ਸਨ ? ਮੈਂ ਇਸ ਸੂਬੇ ਦੀਆਂ ਜਨ-ਸਿਹਤ ਰਿਪੋਰਟਾ ਵਿਚ ਛਪੇ ਅੰਕੜੇ ਅਤੇ ਭਾਰਤ ਸਰਕਾਰ ਦੁਆਰਾ ਨਿਯੁੱਕਤ ਕੀਤੇ ਗਏ ਸਿਹਤ ਕਮਿਸ਼ਨਰ ਦੁਆਰਾ ਛਾਪੇ ਗਏ ਅੰਕੜੇ ਵੀ ਲੱਭੇ ਹਨ, ਅਤੇ ਮੈਂ ਕਹਿਣਾ ਚਾਹੁੰਦਾ ਹਾਂ ਕਿਸੇ ਨੇ ਵੀ ਅਜਿਹੀ ਚੀਜ਼ ਨੂੰ ਦੇਖਣਾ ਵੀ ਜ਼ਰੂਰੀ ਨਹੀਂ ਸਮਝਿਆ। ਇਸ ਦਾ ਕਾਰਨ ਹੈ ਕਿ ਉਹ ਸ਼ਰਾਬ ਪੀਣ ਦੇ ਅਮਲ ਤੋਂ ਜਾਂ ਜਿਗਰ ਦੀ ਤਕਲੀਫ ਤੋਂ ਹੋਈਆਂ ਮੌਤਾਂ ਵੱਲ ਧਿਆਨ ਨਹੀਂ ਦਿੰਦੇ ਕਿਉਂਕਿ ਅਜਿਹੀ ਚੀਜ਼ ਭਾਰਤ ਵਿਚ ਬਿਲਕੁਲ ਮੌਜੂਦ ਹੀ ਨਹੀਂ ।ਦੂਜੇ ਪਾਸੇ, ਦੇਖੋ ਸੰਯੁਕਤ ਰਾਜਾਂ ਵਿਚ ਕੀ ਵਾਪਰਿਆ ਹੈ ? ਸੰਯੁਕਤ ਰਾਜਾਂ ਵਿਚ 1917 ਵਿੱਚ1000 ਵਿੱਚੋਂ 5 ਲੋਕ ਕੇਵਲ ਸ਼ਰਾਬ ਪੀਣ ਦੇ ਅਮਲ ਨਾਲ ਮਰੇ; 1916 ਵਿਚ5.8 1915ਵਿਚ5.2 1914 ਵਿਚ 4.9 1913ਵਿਚ5.10ਲੋਕ ਮਰੇ। ਇਕ ਹੋਰ ਸੰਕੇਤ ਲਉ। ਅਰਥਾਤ ,ਜਿਗਰ ਦੇ ਸੂਤਰਣ ਰੋਗ (cirrhorsis of the liver)ਕਾਰਨ ਹੋਈਆਂ ਮੌਤਾਂ 1917ਵਿਚ1000 ਵਿਚੋਂ 11 ਵਿਅੱਕਤੀ 1916 ਵਿਚ 12 1915 ਵਿਚ12.6, 1914 ਵਿਚ 13 1913 ਵਿਚ 13. 4 ਇਸ ਬਿਮਾਰੀ ਨਾਲ ਮਰੇ। ਇਹੋ ਜਿਹੇ ਹਾਲਾਤ ਦੇਸ ਦੇ ਸਾਡੇ ਹਿੱਸੇ ਵਿਚ ਬਿਲਕੁਲ ਨਹੀਂ ਹਨ। ਇਸ ਲਈ ਮੇਰਾ ਤਕਰਾਰ ਇਹ ਹੈ ਕਿ ਮੰਤਰੀ ਮੰਡਲ ਵਾਸਤੇ ਇਹ ਕਹਿਣਾ ਠੀਕ ਨਹੀਂ ਕਿ ਇਹ ਇਕ ਸਮੱਸਿਆ ਹੈ ਜਿਸ ਤੇ ਕਾਬੂ ਪਾਉਣਾ ਚਾਹੀਦਾ ਹੈ। ਮੇਰਾ ਤਕਰਾਰ ਇਹ ਹੈ ਕਿ ਦੇਸ ਦੇ ਸਾਡੇ ਹਿੱਸੇ ਵਿਚ ਇਹ ਸਚਮੁੱਚ ਹੀ ਦੋ ਬਹੁਤ ਚੰਗੇ ਕਾਰਣਾਂ ਕਰਕੇ ਇਕ ਸਮੱਸਿਆ ਨਹੀਂ ਬਣ ਸਕਦੀ। ਇਕ ਚੰਗਾ ਕਾਰਨ ਇਹ ਹੈ ਕਿ ਭਾਰਤ ਵਿਚ ਸਾਰੇ ਧਰਮ ਲੋਕਾਂ ਤੇ ਇਹ ਮਨਾਹੀ ਹੁਕਮ ਲਾਗੂ ਕਰਨ ਵਾਸਤੇ ਸਹਿਮਤ ਹਨ ਕਿ ਸ਼ਰਾਬ ਪੀਣਾ ਇਕ ਪਾਪ ਹੈ । ਧਰਮ ਨੇ ਹੋਰ ਕਈ ਹਾਨੀਕਾਰਕ ਚੀਜ਼ਾਂ ਕੀਤੀਆਂ ਹੋਣਗੀਆਂ ਪਰ ਇਸ ਵਿਚ ਕੋਈ ਸ਼ੱਕ ਨਹੀ ਕਿ ਭਾਰਤ ਦੇ ਧਰਮਾਂ ਨੇ ,ਹਿੰਦੂ, ਮੁਸਲਮਾਨ ਅਤੇ ਪਾਰਸੀ ਧਰਮਾਂ ਨੇ ਇਕ ਚੰਗੀ ਚੀਜ਼ ਜ਼ਰੂਰ ਕੀਤੀ ਹੈ। ਉਹ ਇਹ ਹੈ ਕਿ ਉਹ ਅਜਿਹਾ ਮਨਾਹੀ ਹੁਕਮ ਲਾਗੂ ਕਰਦੇ ਹਨ ਜਿਸ ਤੇ ਸਾਡੇ ਬਹੁਤ ਸਾਰੇ ਲੋਕਾਂ ਨੇ ਬੜੀ ਸਖ਼ਤੀ ਨਾਲ ਅਮਲ ਕੀਤਾ ਹੈ।

ਦੂਜੀ ਵਿਸ਼ੇਸ਼ਤਾ ਜੋ ਸਾਡੇ ਦਸ ਨੂੰ ਦੂਜੇ ਦੇਸਾਂ ਨਾਲੋਂ ਵੱਖਰਾ ਕਰਦੀ ਹੈ ਅਤੇ ਜਿੱਥੋਂ ਤੱਕ ਸ਼ਰਾਬ ਪੀਣ ਦਾ ਸਬੰਧ ਹੈ ਇਹ ਕੋਈ ਸਮੱਸਿਆ ਪੈਦਾ ਨਹੀਂ ਕਰ ਸਕਦੀ , ਉਹ ਇਹ ਹੈ ਕਿ ਸ਼ਰਾਬ ਦੀ ਆਵਾਜਾਈ ਸਰਕਾਰ ਦੇ ਹੱਥਾਂ ਵਿਚ ਹੈ, ਇਹ ਨਿਜੀ ਮੁਨਾਫ਼ਾ ਖੋਰਾਂ ਦੇ ਹੱਥਾਂ ਵਿਚ ਨਹੀਂ, ਜਿਵੇਂ ਇਹ ਅਮਰੀਕਾ ਵਿਚ ਹੈ ਜਾਂ ਜਿਵੇਂ ਇਹ ਦੂਜੇ ਯੂਰਪੀ ਦੇਸਾਂ ਵਿਚ ਹੈ। ਸਰਕਾਰ ਇਕ ਜ਼ਿੰਮਵਾਰ ਸੰਸਥਾ ਹੈ, ਲੋਕ ਰਾਇ ਤੇ ਨਿਰਭਰ ਹੈ, ਇਸ ਸਦਨ ਦੀ ਰਾਇ ਤੇ

ਨਿਰਭਰ ਹੈ ਅਤੇ ਇਸ ਲਈ ਕਦੇ ਵੀ ਕੋਈ ਅਜਿਹੀ ਸ਼ਰਾਰਤ ਨਹੀਂ ਕਰ ਸਕਦੀ ਜੋ ਇਕ ਨਿੱਜੀ ਮੁਨਾਫ਼ਾਖੋਰ ਕਰ ਸਕਦਾ ਹੈ। ਜਿਵੇਂ ਮੈਂ ਕਿਹਾ ਹੈ, ਜੇਕਰ ਇਸ ਤੇ ਹਰ ਪਖੋਂ ਤੋਂ ਝਾਤ ਮਾਰੀਏ ਤਾਂ ਮੈਂ ਇਹ ਗੱਲ ਮੰਨਣ ਤੋਂ ਇਨਕਾਰੀ ਹਾਂ ਕਿ ਇਹ ਇਕ ਅਜਿਹੀ ਸਮੱਸਿਆ ਹੈ ਜਿਸ ਤੇ ਕਾਬੂ ਪਾਉਣ ਦੀ ਲੋੜ ਹੈ।

ਸ੍ਰੀਮਾਨ ਜੀ, ਅਗਲਾ ਸਵਾਲ ਜੋ ਮੈਂ ਪੁੱਛਣਾ ਚਾਹੁੰਦਾ ਹਾਂ ਇਹ ਹੈ: ਕੀ ਇਹ ਇਕ ਅਜਿਹੀ ਜ਼ਰੂਰੀ ਸਮੱਸਿਆ ਹੈ ਕਿ ਅਸੀਂ ਸਾਰਾ ਕੁਝ ਇਕ ਪਾਸੇ ਰੱਖਕੇ ਪਹਿਲਾਂ ਇਸ ਨੂੰ ਨਜਿੱਠੀਏ ? ਇਸ ਪ੍ਰਸ਼ਨ ਦਾ ਉਤਰ ਦੇਣ ਲਈ ਇਹ ਗੱਲ ਧਿਆਨ ਵਿਚ ਰੱਖਣੀ ਜ਼ਰੂਰੀ ਹੈ ਕਿ ਇਸ ਸੂਬੇ ਦੇ ਲੋਕਾਂ ਦੀਆਂ ਵੱਖ ਵੱਖ ਲੋੜਾਂ ਕੀ ਹਨ ? ਕੀ ਦੂਜੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਗਈਆਂ ਹਨ ? ਕੀ ਉਹ ਕੁਝ ਹੱਦ ਤਕ ਪੂਰੀਆਂ ਹੋ ਗਈਆਂ ਹਨ, ਅਤੇ ਜੋ ਕਿਉਂਕਿ ਉਹ ਕੁਝ ਹੱਦ ਤਕ ਪੂਰੀਆਂ ਹੋ ਗਈਆਂ ਹਨ ਇਸ ਲਈ ਹਾਲ ਦੀ ਘੜੀ ਉਨ੍ਹਾਂ ਨੂੰ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ। ਇਸ ਇਕੋ ਇਕ ਪ੍ਰਸ਼ਨ ਦਾ ਹੱਲ ਲੱਭਣਾ ਚਾਹੀਦਾ ਹੈ ? ਮੈਂ ਕੁੱਝ ਮਿਸਾਲਾਂ ਦਿੰਦਾ ਹਾਂ। ਸਭ ਤੋਂ ਪਹਿਲਾਂ ਸਿਖਿਆ ਦਾ ਪ੍ਰਸ਼ਨ ਲੈ ਲਉ। ਬਾਲਗ਼ ਸਿਖਿਆ ਦੇ ਸਬੰਧ ਵਿਚ ਇਸ ਪ੍ਰਾਂਤ ਦੀ ਸਥਿਤੀ ਇਸ ਪ੍ਰਕਾਰ ਹੈ: ਜਿੱਥੇ ਤੱਕ ਆਦਮੀਆਂ ਦਾ ਸਬੰਧ ਹੈ, ਆਦਮੀਆਂ ਦੀ ਆਬਾਦੀ 14.3 ਪ੍ਰਤੀਸ਼ਤ ਹੀ ਪੜ੍ਹੇ ਲਿਖਿਆਂ ਦੀ ਹੈ। ਜਿਥੋਂ ਤਕ ਇਸਤਰੀਆਂ ਦੀ ਆਬਾਦੀ ਦਾ ਸਵਾਲ ਹੈ, ਇਸਤਰੀਆਂ ਦੀ ਕੇਵਲ 2.4 ਪ੍ਰਤੀਸ਼ਤ ਹੀ ਪੜ੍ਹੀਆਂ ਲਿਖੀਆਂ ਹਨ। ਇਸ ਦਾ ਅਰਥ ਇਹ ਹੋਇਆ ਕਿ ਅਮਲੀ ਤੌਰ ਤੇ ਆਦਮੀਆਂ ਦੀ ਆਬਾਦੀ ਦੇ 86 ਪ੍ਰਤੀਸ਼ਤ ਅਤੇ ਔਰਤਾਂ ਦੀ ਆਬਾਦੀ ਦੇ 98 ਪ੍ਰਤੀਸ਼ਤ ਨੂੰ ਅਜੇ ਵੀ ਪ੍ਰਾਰੰਭਕ ਸਿੱਖਿਆ ਦੇਣ ਦੀ ਲੋੜ ਹੈ ਤਾਂ ਜੋ ਉਹ ਦੂਜੀਆਂ ਸ਼੍ਰੇਣੀਆਂ ਦੀਆਂ ਸਾਜ਼ਸਾਂ ਦਾ ਸ਼ਿਕਾਰ ਹੋਏ ਬਿਨਾਂ ਆਪਣਾ ਜੀਵਨ ਚੰਗੀ ਤਰ੍ਹਾਂ ਬਿਤਾ ਸਕਣ। ਇਸ ਮਾਮਲੇ ਤੇ ਰਿਪੋਰਟ ਦੇਣ ਲਈ ਸਰਕਾਰ ਦੁਆਰਾ ਨਿਯੁਕਤ ਕੀਤੀ ਗਈ ਸਾਡੀ ਇਕ ਕਮੇਟੀ ਸੀ। ਉਸ ਕਮੇਟੀ ਨੇ ਆਪਣੀ ਰਿਪੋਰਟ ਦੇ ਦਿੱਤੀ ਹੈ। ਪਰ ਉਸ ਕਮੇਟੀ ਦੁਆਰਾ ਦਿੱਤੇ ਗਏ ਪ੍ਰਸਤਾਵਾਂ ਨੂੰ ਲਾਗੂ ਕਰਨ ਲਈ ਇਸ ਬਜਟ ਵਿਚ ਕੀਤਾ ਗਿਆ ਕੋਈ ਉਪਬੰਧ ਮੈਨੂੰ ਨਜ਼ਰ ਨਹੀਂ ਆਉਂਦਾ। ਬੱਚਿਆਂ ਦੀ ਸਿਖਿਆ ਲੈ ਲਉ। ਇਸ ਸੂਬੇ ਵਿਚ ਸਥਿਤੀ ਕੀ ਹੈ ? ਇਸ ਸੂਬੇ ਵਿਚ ਇਕ ਚੀਜ਼ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਇਹ ਹੈ, ਕਿ ਇਸ ਸਰਕਾਰ ਨੇ ਕਾਲਜ ਦੀ ਪੜ੍ਹਾਈ ਦੇ ਸਬੰਧ ਵਿਚ ਆਪਣੀ ਜ਼ਿੰਮੇਵਾਰੀ ਤੋਂ ਇਨਕਾਰ ਕਰ ਦਿੱਤਾ ਹੈ। ਮੇਰਾ ਵਿਚਾਰ ਹੈ ਕਿ ਇਸ ਨੁਕਤੇ ਬਾਰੇ ਕੋਈ ਸ਼ੱਕ ਨਹੀਂ ਹੋ ਸਕਦਾ। ਇਸ ਸੂਬੇ ਦੇ ਲੜਕਿਆਂ ਨੂੰ ਉਚੀ ਸਿਖਿਆ ਦੇਣਾ ਇਹ ਸਰਕਾਰ ਆਪਣਾ ਕੰਮ ਨਹੀਂ ਸਮਝਦੀ। ਇਹ ਕੰਮ ਸਰਕਾਰ ਨੇ ਪ੍ਰਾਈਵੇਟ ਏਜੰਸੀਆਂ ਤੇ ਛੱਡ ਦਿੱਤਾ ਹੈ। ਸੈਕੰਡਰੀ ਸਿਖਿਆ ਦੇ ਸਬੰਧ ਵਿਚ ਮਾਮਲਾ ਲਗਭਗੋ ਉਹੋ ਜਿਹਾ ਹੀ ਹੈ। ਸਰਕਾਰ ਆਪਣੇ ਤੇ ਇਹ ਜ਼ਿੰਮੇਵਾਰੀ ਨਹੀਂ ਲੈਂਦੀ, ਪਰ ਉਹ ਪ੍ਰਾਈਵੇਟ ਏਜੰਸੀਆਂ ਦੁਆਰਾ ਇਕੱਠੇ ਕੀਤੇ ਗਏ ਪੈਸੇ ਵਿਚ, ਸਰਕਾਰੀ ਖ਼ਜ਼ਾਨੇ ਵਿਚੋਂ ਛੋਟੀਆਂ ਛੋਟੀਆਂ ਗ੍ਰਾਂਟਾਂ ਰਾਹੀਂ ਵਾਧਾ ਕਰਦੀ ਹੈ। ਇਸ ਲਈ ਜਿਥੋਂ ਤੱਕ ਸਿਖਿਆ ਦਾ

ਸਬੰਧ ਹੈ, ਅਸੀਂ ਅਸਲ ਵਿਚ ਹੀ ਸਰਗਰਮੀ ਦੇ ਇਕ ਬਹੁਤ ਸੀਮਤ ਖੇਤਰ ਅਧੀਨ ਹਾਂ। ਫੇਰ ਪ੍ਰਾਇਮਰੀ ਸਿਖਿਆ ਨੂੰ ਲੈ ਲਉ । ਸਰਕਾਰ ਨੇ ਪ੍ਰਾਈਮਰੀ ਸਿਖਿਆ ਦੇ ਸਬੰਧ ਵਿਚ ਕੀ ਕੀਤਾ ਹੈ ? ਮੈਂ ਕੱਲ੍ਹ ਜੋ ਅੰਕੜੇ ਇਕੱਠੇ ਕਰ ਸਕਿਆ ਹਾਂ ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਵਰਤਮਾਨ ਸਥਿਤੀ ਇਸ ਤਰ੍ਹਾਂ ਹੈ: ਪ੍ਰਾਇਮਰੀ ਸਿਖਿਆ ਐਕਟ ਉਨ੍ਹਾਂ ਬੱਚਿਆਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੀ ਉਮਰ 6 ਤੋਂ 11 ਸਾਲ ਦੇ ਵਿਚਕਾਰ ਹੈ। 6 ਤੋਂ 11 ਸਾਲ ਦੀ ਉਮਰ ਦੇ ਕੁੱਲ ਬੱਚੇ 2,479,000ਹਨ। ਇਨ੍ਹਾਂ ਬੱਚਿਆਂ ਵਿਚੋਂ ਮੇਰਾ ਵਿਚਾਰ ਹੈ 754,000 ਬੱਚੇ ਸਕੂਲਾਂ ਵਿਚ ਹਨ; ਅਤੇ ਬਾਕੀ ਦੇ ਸਕੂਲਾਂ ਵਿਚ ਨਹੀਂ । ਇਹ ਅਨੁਪਾਤ ਅਨੁਸਾਰੈ। ਹਰ ਤਿੰਨ ਬੱਚਿਆਂ ਵਿਚੋਂ ਇਕ ਸਕੂਲ ਵਿਚ ਹੈ ਅਤੇ ਦੋ ਅਜੇ ਵੀ ਸਕੂਲ ਤੋਂ ਬਾਹਰ ਹਨ। ਇਸ ਪ੍ਰਸ਼ਨ ਦੀ ਦੂਜੇ ਦ੍ਰਿਸ਼ਟੀਕੋਣ ਤੋਂ, ਪ੍ਰਾਇਮਰੀ ਸਿਖਿਆ ਲਈ ਸਰਕਾਰ ਦੁਆਰਾ ਦਿੱਤੀਆਂ ਗਈਆਂ ਸਹੂਲਤਾਂ ਦੇ ਦ੍ਰਿਸ਼ਟੀਕੋਣ ਤੋਂ ਜਾਂਚ ਕਰੋ। ਸਰਕਾਰੀ ਅੰਕੜਿਆਂ ਅਨੁਸਾਰ ਇਸ ਸੂਬੇ ਦੇ ਕਸਬਿਆਂ ਵਿਚ 184 ਪ੍ਰਾਇਮਰੀ ਸਕੂਲ ਹਨ। ਇਹ ਕਸਬਿਆਂ ਦੇ ਸਬੰਧ ਵਿਚ ਹੈ। ਪਿੰਡਾਂ ਦੇ ਸਬੰਧ ਵਿਚ ਸਥਿਤੀ ਕੀ ਹੈ ? ਇਸ ਸੂਬੇ ਵਿਚ ਪਿੰਡਾਂ ਦੀ ਕੁਲ ਗਿਣਤੀ 21484 ਹੈ। ਇਨ੍ਹਾਂ ਵਿਚੋਂ ਕੇਵਲ 8599 ਪਿੰਡਾਂ ਵਿਚ ਸਕੂਲ ਹਨ; ਅਤੇ 12885ਪਿੰਡਾਂ ਵਿਚ ਕੋਈ ਵੀ ਸਕੂਲ ਨਹੀਂ । ਸਥਿਤੀ ਇਸ ਤਰ੍ਹਾਂ ਹੈ : ਪ੍ਰਾਇਮਰੀ ਸਿਖਿਆ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਦੇ ਪ੍ਰਸ਼ਨ ਤੋਂ ਇਲਾਵਾ ਸਰਕਾਰ ਉਨ੍ਹਾਂ ਨੂੰ ਸਹੂਲਤਾਂ ਦੇਣ ਦੀ ਪਰਵਾਹ ਤਕ ਨਹੀਂ ਕਰਦੀ। ਸ੍ਰੀਮਾਨਜੀ, ਇਕ ਉਤਸੁਕਤਾ ਭਰੀ ਚੀਜ਼ ਜੋ ਹਰ ਹਾਲਤ ਵਿਚ ਮੇਰਾ ਧਿਆਨ ਖਿਚਦੀ ਹੈ, ਅਤੇ ਮੈਨੂੰ ਨਹੀਂ ਪਤਾ ਕੀ ਇਹ ਮਾਨਯੋਗ ਵਿੱਤ ਮੰਤਰੀ ਦਾ ਧਿਆਨ ਵੀ ਖਿਚਦੀ ਹੈ, ਇਹ ਸਵਾਲ ਹੈ ਕਿ ਪ੍ਰਾਇਮਰੀ ਸਿਖਿਆ ਨੂੰ ਲਾਜ਼ਮੀ ਕਰਨ ਨਾਲ ਕਿੰਨਾ ਕੁ ਖ਼ਰਚਾ ਆਵੇਗਾ ? ਪ੍ਰਾਇਮਰੀ ਸਿਖਿਆ ਕਮੇਟੀ ਦੁਆਰਾ ਤਿਆਰ ਕੀਤੇ ਗਏ ਅੰਕੜਿਆਂ ਮੁਤਾਬਕ ਪ੍ਰਾਇਮਰੀ ਸਿਖਿਆ ਨੂੰ ਲਾਜ਼ਮੀ ਕਰਨ ਵਾਸਤੇ ਬੰਬਈ ਸਰਕਾਰ ਨੂੰ 1.30 ਲੱਖ ਰੁਪਏ ਦੀ ਲੋੜ ਹੈ। ਸ੍ਰੀਮਾਨ ਜੀ, ਇਹ ਮੁਸ਼ਕਲ ਨਾਲ ਉਨੀ ਹੀ ਰਕਮ ਹੈ ਜੋ ਮਾਨਯੋਗ ਵਿੱਤ ਮੰਤਰੀ ਆਪਣੇ ਕਰ ਪ੍ਰਸਤਾਵਾਂ ਨਾਲ ਇਕੱਠੀ ਕਰ ਰਹੇ ਹਨ। ਇਸ ਪ੍ਰਸ਼ਨ ਤੋਂ ਇਲਾਵਾ ਕਿ ਕੀ ਇਹ ਪ੍ਰਸਤਾਵ ਚੰਗੇ ਹਨ ਜਾਂ ਨਹੀਂ, ਆਪਣਾ ਧਿਆਨ ਇਸ ਪ੍ਰਸ਼ਨ ਤਕ ਹੀ ਸੀਮਤ ਕਰਦੇ ਹੋਏ ਮਾਨਯੋਗ ਵਿੱਤ ਮੰਤਰੀ ਨੂੰ ਮੈਂ ਜੋ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਚੰਗਾ ਢੰਗ ਕੀ ਹੈ ? ਉਹ ਉਚਿਤ ਮੰਤਵ ਕੀ ਹੈ ਜਿਸ ਲਈ ਇਹ ਪੂੰਜੀ ਖ਼ਰਚੀ ਜਾਣੀ ਚਾਹੀਦੀ ਹੈ ? ਤੁਸੀਂ ਅਮਲੀ ਤੌਰ ਤੇ 1.30 ਲੱਖ ਰੁਪੱਏ ਇਕੱਠੇ ਕਰ ਰਹੇ ਹੋ। ਕੀ ਇਹ ਜ਼ਰੂਰੀ ਹੈ ਕਿ ਤੁਸੀਂ ਇਕ ਸ਼ਰਾਬੀ ਦਾ ਸੁਧਾਰ ਕਰਨ ਲਈ ਇਹ ਪੈਸਾ ਖ਼ਰਚੋ ਜਾਂ ਤੁਸੀਂ ਉੱਨਾਂ ਬੱਚਿਆਂ ਨੂੰ ਸਿਖਿਆ ਦੇਣ ਲਈ ਇਹ ਪੈਸਾ ਖ਼ਰਚੋ ਜਿਨ੍ਹਾਂ ਨੂੰ ਸਿਖਿਆ ਨਹੀਂ ਮਿਲਦੀ ? ਤੁਸੀਂ ਕਿਹੜੀ ਚੀਜ਼ ਪਸੰਦ ਕਰੋਗੇ ? ਅਸਲ ਵਿਚ ਇਹੀ ਸਾਰਾ ਪ੍ਰਸ਼ਨ ਹੈ। ਕੀ ਬੱਚਿਆਂ ਦੀ ਸਿੱਖਿਆ ਵਧੇਰੇ ਜ਼ਰੂਰੀ ਹੈ ? ਕੀ 17-18 ਲੱਖ ਬੱਚਿਆਂ ਦੀ ਸਿਖਿਆ 10 ਲੱਖ ਲੋਕਾਂ ਨਾਲੋਂ ਜੋ ਸ਼ਰਾਬ ਪੀਂਦੇ ਹਨ, ਘੱਟ ਜ਼ਰੂਰੀ ਹੈ ? ਸ੍ਰੀਮਾਨ ਜੀ, ਮੈਂ ਇਸ ਵਿਚ ਵਿਸ਼ਵਾਸ ਨਹੀਂ ਕਰਦਾ। ਮੈਂ ਨਸ਼ਾ ਨਾ

ਵਰਤਣ ਵਾਲਾ ਆਦਮੀ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਸਾਰੇ ਅਜਿਹੇ ਹੀ ਹੋਣ। ਪਰ ਇਹੀ ਤਾਂ ਸਮੱਸਿਆ ਹੈ। ਜੇਕਰ ਤੁਸੀਂ ਮੈਨੂੰ ਇਕ ਪੜ੍ਹਿਆ ਲਿਖਿਆ ਆਦਮੀ ਦੇਵੋ ਜੋ ਸੋਫ਼ੀ ਵੀ ਹੈ, ਮੈਂ ਉਸ ਦਾ ਸਵਾਗਤ ਕਰਦਾ ਹਾਂ। ਪਰ ਜੇਕਰ ਤੁਸੀਂ ਮੈਨੂੰ ਸੋਫ਼ੀ ਆਦਮੀ ਲੈਣ ਲਈ ਕਹੋ ਜੋ ਮੂਰਖ ਹੋਵੇ, ਜੋ ਨਿਕੰਮਾ ਹੋਵੇ, ਜੋ ਕੋਈ ਵੀ ਗੱਲ ਨਾ ਸਮਝੇ, ਤਾਂ ਮੈਂ ਖ਼ੁਦ ਇਕ ਅਜਿਹਾ ਆਦਮੀ ਲੈਣਾ ਪਸੰਦ ਕਰਾਂਗਾ ਜੋ ਸ਼ਰਾਬ ਪੀਂਦਾ ਹੋਵੇ ਪਰ ਜਿਸ ਨੂੰ ਕੁਝ ਇਲਮ ਵੀ ਹੋਵੇ। ਮੇਰੀ ਪੋਜ਼ੀਸ਼ਨ ਇਹ ਹ। ਕਿ ਮੇਰਾ ਖ਼ਿਆਲ ਹੈ ਕਿ ਇਸੇ ਪੁਜ਼ੀਸ਼ਨ ਬਾਰੇ ਮਾਨਯੋਗ ਵਿੱਤ ਮੰਤਰੀ ਨੂੰ ਇਸ ਸੂਬੇ ਤੇ ਲਗਾਏ ਜਾ ਰਹੇ ਵਿਸ਼ਾਲ ਟੈਕਸਾਂ ਦੀ ਵੰਡ ਕਰਦੇ ਸਮੇਂ ਵਿਚਾਰ ਕਰਨਾ ਚਾਹੀਦਾ ਹੈ।

ਇਸ ਦੇ ਬਦਲੇ ਇਕ ਹੋਰ ਚੀਜ਼ ਲੈ ਲਉ । ਮੈਂ ਜਨ ਸਿਹਤ ਦਾ ਜ਼ਿਕਰ ਕਰਦਾ ਹਾਂ। ਇਹ ਸੂਬਾ ਜਨ ਸਿਹਤ ਤੇ ਜੋ ਕੁੱਲ ਖ਼ਰਚ ਕਰਦਾ ਹੈ ਉਹ ਕੇਵਲ ਇਕ ਛੋਟੀ ਜਿਹੀ 31,48,000 ਰੁਪਏ ਦੀ ਰਕਮੇ ਹੈ। ਇਹ ਸਾਡੇ ਕੁਲ ਖ਼ਰਚ ਦਾ ਢਾਈ ਪ੍ਰਤੀਸ਼ਤ ਬਣਦਾ ਹੈ। ਸ੍ਰੀਮਾਨ ਜੀ, ਪਿੰਡਾਂ ਵਿਚ ਜਲ-ਸਪਲਾਈ ਬਿਲਕੁਲ ਨਹੀਂ ਹੈ। ਜੇਕਰ ਕੋਈ ਵਿਅਕਤੀ ਪਿੰਡਾਂ ਵਿਚ ਜਾਵੇ ਤਾਂ ਦੇਖੇਗੋ ਕਿ ਇਸ ਸੂਬੇ ਦੇ ਪਿੰਡ ਰੂੜ੍ਹੀ ਦੇ ਢੇਰ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹਨ। ਇਨ੍ਹਾਂ ਨੂੰ ਪਿੰਡ ਕਹਿਣਾ ਇਕ ਗ਼ਲਤੀ ਹੈ, ਇਨ੍ਹਾਂ ਨੂੰ ਆਦਮੀਆਂ ਦੇ ਰਹਿਣ ਯੋਗ ਥਾਂ ਕਹਿਣਾ ਇਕ ਗ਼ਲਤੀ ਹੈ । ਗੰਦਗੀ ਭਰੀ ਹਾਲਤ ਅਤੇ ਨਫਰਤ ਜੋ ਪਿੰਡਾਂ ਵਿਚ ਮੌਜੂਦ ਹੈ ਉਸ ਦਾ ਸੁਧਾਰ ਕਰਨਾ ਨਿਸ਼ਚੇ ਹੀ ਸਾਡੇ ਸੂਬੇ ਦੀ ਜ਼ੋਰਦਾਰ ਲੋੜ ਹੈ। ਸੈਂਕੜੇ ਲੋਕ ਮਲੇਰੀਏ ਅਤੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਮਰ ਰਹੇ ਹਨ। ਉਨ੍ਹਾਂ ਵਿਚ ਮਸਾਂ ਹੀ ਕੋਈ ਡਿਸਪੈਂਸਰੀਆਂ ਹਨ। ਦਵਾਈਆਂ ਦੀ ਵੰਡ ਲਈ ਡਾਕਟਰੀ ਇਲਾਜ ਲਈ, ਮਸਾਂ ਹੀ ਕੋਈ ਉਪਬੰਧ ਕੀਤਾ ਗਿਆ ਹੈ। ਜਿਵੇਂ ਮੈਂ ਕਿਹਾ ਹੈ, ਕੋਈ ਜਲ-ਸਪਲਾਈ ਨਹੀਂ ਹੈ। ਪਿਛਲੇ ਸਾਲ 10 ਲੱਖ ਦਾ ਉਪਬੰਧ ਕੀਤਾ ਗਿਆ ਸੀ। ਸਾਨੂੰ ਨਹੀਂ ਪਤਾ ਕਿ ਉਹ ਪੈਸਾ ਕਿਵੇਂ ਖ਼ਰਚ ਕੀਤਾ ਗਿਆ ਹੈ ? ਮੈਂ ਦੇਖ ਰਿਹਾ ਹਾਂ ਕਿ ਇਸ ਸਾਲ ਕੁਝ ਉਪਬੰਧ ਕੀਤਾ ਗਿਆ ਹੈ। ਲਗਭਗ 8,55,000 ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਗੱਲ ਦਾ ਖ਼ਿਆਲ ਕਰਦਿਆਂ ਕਿ ਜ਼ਰੂਰਤ ਬਹੁਤ ਜ਼ੋਰਦਾਰ ਹੈ, ਇਸ ਨਾਲ ਕੀ ਬਣੇਗਾ ? ਸੈਂਕੜੇ ਲੋਕ ਇਸ ਕਾਰਨ ਕਰਕੇ ਮਰ ਰਹੇ ਹਨ ਕਿ ਕੋਈ ਡਾਕਟਰੀ ਸਹਾਇਤਾ ਨਹੀਂ, ਪੀਣ ਲਈ ਸਾਫ਼ ਪਾਣੀ ਪ੍ਰਾਪਤ ਨਹੀਂ । ਵਿੱਤ ਮੰਤਰੀ ਨੇ ਇਸ ਪਾਸੇ ਜਾਨਾਂ ਬਚਾਉਣ ਲਈ, ਅੰਜੀਲ ਸਬੰਧੀ ਇਕ ਮੁਹਾਵਰਾ ਵਰਤਦੇ ਹੋਏ--ਬੰਬਈ ਅਤੇ ਅਹਿਮਦਾਬਾਦ ਵਿਚ 10 ਲੱਖ ਜਾਨਾਂ ਦਾ ਇਲਾਜ ਕਰਨ ਲਈ ਜਾਂ ਉਨ੍ਹਾਂ ਦਾ ਸਹਾਇਕ ਪਾਦਰੀ ਬਣਨ ਲਈ, ਖ਼ਰਚ ਕਰਨ ਵਾਸਤੇ ਚੁਣਿਆ ਹੈ।

ਸ੍ਰੀ ਮਾਨ ਜੀ, ਇਕ ਹੋਰ ਨੁਕਤਾ ਲੈ ਲਉ। ਇਸੇ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਅਸੀਂ ਸ਼ਹਿਰ ਵਿਚ ਰਹਿਣ ਵਾਲਿਆਂ ਤੇ ਟੈਕਸ ਲਾ ਰਹੇ ਹਾਂ। ਅਸੀਂ ਸ਼ਹਿਰੀ ਆਬਾਦੀ ਤੇ ਕਰ ਕਿਉਂ ਲਗਾ ਰਹੇ ਹਾਂ ? ਇਸ ਦਾ ਕਾਰਨੇ ਇਹ ਹੈ ਕਿ ਅਸੀਂ ਪਿੰਡ ਵਾਸੀਆਂ ਦੀਆਂ

ਸਹੂਲਤਾਂ ਵਿਚ ਸੁਧਾਰ ਕਰਨਾ ਚਾਹੁੰਦੇ ਹਾਂ। ਕੀ ਇਸ ਬਜਟ ਵਿਚ ਇਸ ਪ੍ਰਕਾਰ ਦੀ ਕੋਈ ਚੀਜ਼ ਕੀਤੀ ਗਈ ਹੈ ? ਜੇਕਰ ਮਾਨਯੋਗ ਮੰਤਰੀ ਅਸਲ ਵਿਚ ਹੀ ਕੋਈ ਅਜਿਹੀ ਚੀਜ਼ ਕਰ ਰਿਹਾ ਹੈ ਜਿਸ ਵਾਸਤੇ ਮੇਰੇ ਕੁਝ ਦੋਸਤਾਂ ਨੇ ਬਹੁਤ ਜ਼ਿਆਦਾ ਧਿਆਨ ਦਿੱਤਾ ਹੈ ਤਾਂ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ। ਇਹ 1.69 ਲੱਖ ਰੁਪਏ ਦਾ ਟੈਕਸ ਕਿਸ ਉਤੇ ਖ਼ਰਚਿਆ ਜਾਂਦਾ ਹੈ ? ਉਹ ਇਹ ਪੈਸਾ ਸ਼ਰਾਬੀ ਤੇ ਖ਼ਰਚ ਰਿਹਾ ਹੈ ਜੋ ਕਸਬੇ ਵਿਚ ਰਹਿੰਦਾ ਹੈ। ਪਿੰਡ ਵਿਚ ਗ਼ਰੀਬ ਆਦਮੀ ਨੂੰ ਇਸ ਦਾ ਕੋਈ ਲਾਭ ਨਹੀਂ ਹੁੰਦਾ। ਮਿਸਾਲ ਦੇ ਤੌਰ ਤੇ ਇਕ ਮੱਦ ਜ਼ਮੀਨ ਕਰ ਲੈ ਲਉ। ਇਸ ਸੂਬੇ ਵਿਚ ਜ਼ਮੀਨ ਕਰ ਦਾ ਕੁੱਲ ਜੋੜ 3,38,63,000 ਰੁਪਏ ਹੈ। ਦਸ ਲੱਖ ਪਿਛਲੇ ਸਾਲ ਮਾਫ਼ ਕਰ ਦਿੱਤੇ ਗਏ ਸਨ। ਪਰ ਇਹ ਛੋਟ ਸਥਾਈ ਨਹੀਂ ਹੈ। ਬਜਟ ਵਿਚ ਇਸ ਗੱਲ ਦਾ ਸੰਕੇਤ ਦਿੱਤਾ ਗਿਆ ਹੈ ਕਿ ਲਗਭਗ ਕੁੱਲ 40 ਲੱਖ ਰੁਪਏ ਦੀ ਸਥਾਈ ਛੋਟ ਦਿੱਤੀ ਜਾਵੇਗੀ। ਇਸ ਦਾ ਭਾਵ ਇਹ ਹੋਇਆ ਕਿ ਦਿਹਾਤੀ ਆਬਾਦੀ ਨੂੰ ਫੇਰ ਵੀ ਤਿੰਨ ਕਰੋੜ ਰੁਪਏ ਦਾ ਜ਼ਮੀਨ ਮਾਲੀਆ ਦੇਣਾ ਪਵੇਗਾ। ਮੈਂ ਵਿੱਤ ਮੰਤਰੀ ਤੋਂ ਇਹ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ। ਜੇਕਰ ਉਹ ਸ਼ਹਿਰ ਵਿਚ ਰਹਿਣ ਵਾਲਿਆਂ ਪਾਸੋਂ ਇਹ 169 ਕਰੋੜ ਦਾ ਟੈਕਸ ਇਕੱਠਾ ਕਰ ਰਹੇ ਹਨ, ਤਾਂ ਉਹ ਜ਼ਮੀਨ ਮਾਲੀਏ ਨੂੰ ਉਕਾ ਹੀ ਖ਼ਤਮ ਕਿਉਂ ਨਹੀਂ ਕਰ ਦਿੰਦੇ ? ਜ਼ਾਤੀ ਤੌਰ ਤੇ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ ਜੇਕਰ ਉਹ ਇਹ ਸਾਰਾ ਪੈਸਾ ਜ਼ਮੀਨ ਮਾਲੀਏ ਨੂੰ ਖ਼ਤਮ ਕਰਨ ਤੇ ਖਰਚ ਕਰ ਦੇਣ, ਮੈਂ ਟੈਕਸ ਦੇ ਇਨ੍ਹਾਂ ਸਾਧਨਾਂ ਦੀ ਮੁਖ਼ਾਲਫਤ ਵਾਪਸ ਲੈ ਲਵਾਂਗਾ। ਕੀ ਉਹ ਅਜਿਹਾ ਕਰ ਰਹੇ ਹਨ ? ਉਹ ਅਜਿਹਾ ਕਿਉਂ ਨਹੀਂ ਕਰਦੇ ?

ਸ੍ਰੀ ਮਾਨ ਜੀ, ਹੁਣ ਇਕ ਜਾਂ ਦੋ ਨੁਕਤੇ ਅਜਿਹੇ ਹਨ ਜਿਨ੍ਹਾਂ ਬਾਰੇ ਮੈਂ ਬੋਲਣਾ ਚਾਹੁੰਦਾ ਹਾਂ। ਇਸ ਬਜਟ ਵਿਚ, ਜਾਪਦਾ ਹੈ, ਮਾਨਯੋਗ ਵਿੱਤ ਮੰਤਰੀ ਨੂੰ ਦੋ ਗੱਲਾਂ ਦਾ ਮਾਣ ਹਾਸਲ ਹੈ। ਇਕ ਇਹ ਹੈ ਕਿ ਉਹ ਇਹ ਸਾਰੇ ਟੈਕਸ ਸ਼ਹਿਰੀ ਇਲਾਕਿਆਂ ਤੇ ਲਗਾ ਰਹੇ ਹਨ। ਦੂਜੀ ਇਹ, ਕਿ ਜੇਕਰ ਸਾਰੀਆਂ ਚੀਜ਼ਾਂ ਨੂੰ ਸਮੁੱਚੇ ਤੌਰ ਤੇ ਦੇਖਿਆ ਜਾਵੇ, ਤਾਂ ਕੋਈ ਵਾਧੂ ਬੋਝ ਨਹੀਂ ਪਾਇਆ ਗਿਆ, ਕਿਉਂਕਿ ਨਵੇਂ ਟੈਕਸ ਦੇ ਰੂਪ ਵਿਚ ਜੋ ਕੁਝ ਲਗਾਇਆ ਗਿਆ ਹੈ ਉਹੀ ਨਸ਼ਾਬੰਦੀ ਦੁਆਰਾ ਮਾਫ਼ ਕੀਤਾ ਗਿਆ ਹੈ। ਇਸ ਲਈ ਕੁੱਲ ਜੋੜ ਵਿਚ ਰਕਮਾਂ ਬਰਾਬਰ ਹਨ। ਹੁਣ ਪਹਿਲੇ ਪ੍ਰਸ਼ਨ ਦੇ ਸਬੰਧ ਵਿਚ ਮੈਂ ਕੁਝ ਜ਼ਰੂਰੀ ਅੰਕੜਿਆਂ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਹ ਮੇਰਾ ਵਿਚਾਰ ਰਿਹਾ ਹੈ ਅਤੇ ਮੇਰੇ ਇਸ ਵਿਚਾਰ ਦੀ ਪੁਸ਼ਟੀ ਅਜਿਹੇ ਅਧਿਐਨ ਦੁਆਰਾ ਕੀਤੀ ਗਈ ਹੈ ਜੋ ਮੈਂ ਸੂਬੇ ਦੇ ਹਾਲਾਤ ਬਾਰੇ ਕਰ ਸਕਿਆ ਹਾਂ। ਜਿਥੋਂ ਤੱਕ ਸਾਡੇ ਸੂਬੇ ਦਾ ਸਬੰਧ ਹੈ, ਖੇਤੀਬਾੜੀ ਇਕ ਬਹੁਤ ਭੀੜ ਭੜੱਕੇ ਵਾਲਾ ਕਿੱਤਾ ਹੈ। ਅਰਥਾਤ, ਚੱਪੇ ਚੱਪੇ ਤੇ ਖੇਤੀ ਹੁੰਦੀ ਹੈ। ਮੈਂ ਇਸ ਕਥਨ ਦੇ ਸਮਰਥਨ ਵਿਚ ਕੁਝ ਅੰਕੜੇ ਪੇਸ਼ ਕਰਦਾ ਹਾਂ। ਦੇਖਣ ਵਾਲੀ ਪਹਿਲੀ ਚੀਜ਼ ਇਹ ਹੈ ਕਿ ਰਕਬੇ ਦੇ ਲਿਹਾਜ਼ ਨਾਲ ਬੰਬਈ ਇਕ ਛੋਟਾ ਪ੍ਰਾਂਤ ਹੈ। ਇਸ ਪ੍ਰਾਂਤ ਦਾ ਕੁੱਲ ਰਕਬਾ 76,735 ਵਰਗ ਮੀਲ ਹੈ, ਜੋ ਅਸਲ ਵਿਚ ਮਦਰਾਸ ਪ੍ਰੈਜ਼ੀਡੈਂਸੀ ਨਾਲੋਂ ਅੱਧਾ, ਪੰਜਾਬ, ਸੰਯੁਕਤ-ਪ੍ਰਾਂਤਾਂ ਅਤੇ ਕੇਂਦਰੀ ਪ੍ਰਾਂਤਾਂ ਦਾ ਦੋ ਤਿਹਾਈ ਅਤੇ ਬਿਹਾਰ ਅਤੇ ਉੜੀਸਾ ਨਾਲੋਂ ਥੋੜ੍ਹਾ ਜਿਹਾ ਘੱਟ ਹੈ। ਹੁਣ, ਇਸ ਗੱਲ ਨੂੰ

ਧਿਆਨ ਵਿੱਚ ਰਖਦਿਆਂ, ਉਸ ਰਕਬੇ ਦੀ ਤੁਲਨਾ ਕਰੋ ਜੋ ਅਸਲ ਵਿਚ ਕਾਸ਼ਤ ਵਾਸਤੇ, ਅਨਾਜ ਉਗਾਉਣ ਵਾਸਤੇ ਵਰਤਿਆ ਜਾਂਦਾ ਹੈ। ਬੰਬਈ ਵਿਚ ਕੁੱਲ 32,801,971 ਏਕੜ ਰਕਬੇ ਦੀ ਬਿਜਾਈ ਹੁੰਦੀ ਹੈ। ਜਿਵੇਂ ਮੈਂ ਕਿਹਾ ਹੈ, ਭਾਵੇਂ ਸਾਡਾ ਸੂਬਾ ਰਕਬੇ ਵਿਚ ਛੋਟਾ ਹੈ ਪਰ ਸਾਡੇ ਸੂਬੇ ਵਿਚ ਜਿੰਨੇ ਰਕਬੇ ਦੀ ਬਿਜਾਈ ਕੀਤੀ ਜਾਂਦੀ ਹੈ ਉਹ ਮਦਰਾਸ (ਜਿਹੜਾ ਸੂਬਾ ਬੰਬਈ ਨਾਲੋਂ ਦੋ ਗੁਣਾਂ ਹੈ ਅਤੇ ਸੰਯੁਕਤ ਪ੍ਰਾਂਤਾਂ ਵਿਚ ਬਿਜਾਈ ਹੇਠਲੇ ਰਕਬੇ ਦੇ ਬਰਾਬਰ ਹੀ ਹੈ) ਇਸ ਸੂਬੇ ਵਿਚ ਬਿਹਾਰ, ਉੜੀਸਾ ਅਤੇ ਕੇਂਦਰੀ ਪ੍ਰਾਂਤਾਂ ਨਾਲੋਂ ਤਕਰੀਬਨ 80 ਲੱਖ ਏਕੜ ਵੱਧ ਰਕਬੇ ਵਿਚ ਅਤੇ ਪੰਜਾਬ ਨਾਲੋਂ 60 ਲੱਖ ਏਕੜ ਵੱਧ ਰਕਬੇ ਵਿਚ ਬਿਜਾਈ ਕੀਤੀ ਜਾਂਦੀ ਹੈ। ਮੇਰਾ ਨੁਕਤਾ ਇਹ ਹੈ ਕਿ ਇਸ ਤੋਂ ਪਤਾ ਲਗਦਾ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਖੇਤੀਬਾੜੀ ਬਹੁਤ ਸੰਘਣਾ ਉਦਯੋਗ ਹੈ, ਰਕਬੇ ਦਾ ਤਕਰੀਬਨ ਹਰ ਇੰਚ ਖੇਤਰ ਜੋ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ, ਪਹਿਲਾਂ ਹੀ ਇਸਤੇਮਾਲ ਕੀਤਾ ਜਾ ਚੁੱਕਾ ਹੈ ਅਤੇ ਇਸ ਲਈ ਲੋਕਾਂ ਨੂੰ ਖੇਤੀਬਾੜੀ ਵੱਲ ਲਗਾਉਣ ਦਾ ਕੋਈ ਲਾਭ ਨਹੀਂ। ਕਾਸ਼ਤਯੋਗ ਬੰਜਰ ਜ਼ਮੀਨਾਂ ਬਾਰੇ ਇਕ ਹੋਰ ਮੁਕਾਬਲਾ ਕਰ ਲਉ। ਸੰਯੁਕਤ ਪ੍ਰਾਂਤਾਂ ਵਿਚ ਵਾਹੀਯੋਗ ਬੰਜਰ ਜ਼ਮੀਨ ਇੱਕ ਕਰੋੜ ਏਕੜ ਹੈ ਮਦਰਾਸ ਵਿਚ 113 ਲੱਖ ਏਕੜ ਕੇਂਦਰੀ ਪ੍ਰਾਂਤਾਂ ਵਿਚ 140 ਲੱਖ ਏਕੜ ਪੰਜਾਬ ਵਿਚ 140 ਲੱਖ ਏਕੜ ਅਤੇ ਬੰਬਈ ਵਿਚ ਕੇਵਲ 60 ਲੱਖ ਏਕੜ ਹੈ। ਸ੍ਰੀਮਾਨ ਜੀ, ਇਸ ਸਥਿਤੀ ਦੇ ਹੁੰਦੇ ਹੋਏ, ਮੇਰਾ ਵਿਚਾਰ ਹੈ ਅਤੇ ਮੈਂ ਪੂਰੀ ਤਰ੍ਹਾਂ ਸੋਚ ਵਿਚਾਰ ਕੇ ਕਹਿੰਦਾ ਹਾਂ--ਕਿ ਇਸ ਪ੍ਰਾਂਤ ਦੀ ਮੁਕਤੀ ਮੈਂ ਤਾਂ ਇਹ ਆਖਾਂਗਾ ਕਿ ਸਾਰੇ ਭਾਰਤ ਦੀ ਮੁਕਤੀ-ਵੱਡੇ ਪੈਮਾਨੇ ਤੇ ਸ਼ਹਿਰੀਕਰਨ ਕਾਰਨ, ਆਪਣੇ ਕਸਬਿਆਂ ਨੂੰ ਮੁੜ ਸਰਗਰਮ ਕਰਨ, ਆਪਣੇ ਉਦਯੋਗ ਲਗਾਉਣ, ਜਿੰਨਾ ਵੀ ਸੰਭਵ ਹੋ ਸਕੇ ਉਨੀਂ ਆਬਾਦੀ ਨੂੰ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਲੈ ਜਾਣ ਵਿਚ ਹੀ ਹੈ। ਪਿੰਡਾਂ ਵਿਚ ਕੀ ਰੱਖਿਆ ਹੈ ? ਆਖ਼ਰਕਾਰ ਸਾਡੇ ਪਿੰਡ ਵਾਸੀਆਂ ਪਾਸ ਵਧੀਆ ਢੰਗ ਨਾਲ ਖੇਤੀਬਾੜੀ ਕਰਨ ਲਈ, ਜਿਵੇਂ ਕਿ ਖੇਤੀਬਾੜੀ ਕਰਨੀ ਚਾਹੀਦੀ ਹੈ, ਪੈਸਾ ਵੀ ਨਹੀਂ। ਆਬਾਦੀ ਹਰ ਦਹਾਕੇ ਵੱਧ ਰਹੀ ਹੈ ਅਤੇ ਹਰ ਵਾਰੀ ਜਦੋਂ ਵੀ ਆਦਮੀ ਅਤੇ ਉਸ ਦੇ ਵਾਰਸ ਮੌਕੇ ਤੇ ਆਉਂਦੇ ਹਨ, ਜ਼ਮੀਨ ਦੇ ਟੁਕੜੇ ਹੋ ਰਹੇ ਹਨ। ਹਰ ਥਾਂ ਸਥਿਤੀ ਇੰਨੀ ਮਾੜੀ ਹੈ ਜਿੰਨੀ ਵੀ ਕੋਈ ਸਮਝ ਲਵੇ। ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਕਰਨ ਲਈ ਇਕੋ ਇਕ ਰਾਹ ਇਹ ਨਹੀਂ ਕਿ ਉਨ੍ਹਾਂ ਨੂੰ ਚਰਖੇ ਵਰਗੀ ਪੁਰਾਣੇ ਢੰਗ ਦੀ ਮਸ਼ੀਨ ਦੇ ਦਿਉ ਜਾਂ ਉਨ੍ਹਾਂ ਨੂੰ ਕੱਪੜਾ ਬੁਣਨ ਲਈ ਮਜਬੂਰ ਕਰੋ ਜਿਹੜਾ ਕਿ ਉਹ ਮੁਕਾਬਲੇ ਦੀ ਮਾਰਕੀਟ ਵਿਚ ਵੇਚ ਨਹੀਂ ਸਕਦੇ। ਜੀਵਨ ਮਿਆਰ ਉੱਚਾ ਚੁਕਣ ਲਈ ਰਸਤਾ ਇਹ ਨਹੀਂ ਕਿ ਸ਼ਹਿਰਾਂ ਵਿਚ ਕਾਰਖ਼ਾਨਿਆਂ ਅਤੇ ਆਮਦਨ ਦੀਆਂ ਹੋਰ ਸੇਵਾਵਾਂ ਨੂੰ ਖ਼ਤਮ ਕਰ ਦਿਉ ਅਤੇ ਉਨ੍ਹਾਂ ਨੂੰ ਪਿੰਡਾਂ ਵਿਚ ਜਾਣ ਲਈ ਮਜਬੂਰ ਕਰ ਦਿਉ। ਇਸ ਦਾ ਰਸਤਾ ਹੋਰ ਹ। ਅਰਥਾਤ, ਪਿੰਡਾਂ ਵਿਚੋਂ ਜਿੰਨੇ ਲੋਕਾਂ ਨੂੰ ਤੁਸੀਂ ਸ਼ਹਿਰਾਂ ਵਿਚ ਲਿਆ ਸਕਦੇ ਹੋ, ਲੈ ਆਉ, ਉਨ੍ਹਾਂ ਨੂੰ ਕਾਰਖ਼ਾਨਿਆਂ ਵਿਚ ਨੌਕਰੀ ਦਿਉ ਅਤੇ ਆਰਥਿਕ ਜੀਵਨ ਦੇ ਚੰਗੇ ਰਸਤੇ ਕਾਇਮ ਕਰੋ। ਸਹੀ ਰਸਤਾ ਇਹ ਹੈ। ਸ੍ਰੀ ਮਾਨ ਜੀ, ਮੈਨੂੰ ਇਹ ਆਖਣ ਵਿਚ ਕੋਈ

ਝਿਜਕ ਨਹੀਂ ਕਿ ਇਕ ਆਦਮੀ ਜੋ ਅਜਿਹੇ ਛੋਟੇ ਜਿਹੇ ਉਦਯੋਗ ਅਤੇ ਛੋਟੇ ਜਿਹੇ ਸ਼ਹਿਰੀਕਰਨ (ਜੋ ਸਾਡੇ ਪਾਸ ਹੈ) ਨੂੰ ਖ਼ਤਮ ਕਰਨ ਤੇ ਤੁਲਿਆ ਹੋਇਆ ਹੈ, ਉਹ ਨਿਸ਼ਚਿਤ ਰੂਪ ਵਿਚ ਲੋਕਾਂ ਦਾ ਦੋਸਤ ਨਹੀਂ। ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਉਸ ਨੂੰ ਲੋਕਾਂ ਦੇ ਦੁਸ਼ਮਣ ਵਜੋਂ ਦੇਖਦਾ ਹਾਂ।

ਹੁਣ ਦੂਜੇ ਨੁਕਤੇ ਦੇ ਸਬੰਧ ਵਿਚ। ਮੇਰਾ ਮਾਨਯੋਗ ਦੋਸਤ ਕਹਿੰਦਾ ਹੈ; "ਆਖ਼ਰਕਾਰ ਮੈਂ ਕਰ ਕੀ ਰਿਹਾ ਹਾਂ ? ਕੀ ਮੈਂ ਕੁਲ ਜੋੜ ਵਿਚ ਕੁਝ ਹੋਰ ਜਮ੍ਹਾ ਕਰ ਰਿਹਾ ਹਾਂ ? ਨਹੀਂ, ਮੈਂ 169 ਲੱਖ ਰੁਪਏ ਇਕੱਠੇ ਕਰ ਰਿਹਾ ਹਾਂ, ਪਰ ਮੈਂ ਸ਼ਰਾਬ ਦੇ ਮਾਲੀਏ ਦੇ 125 ਲੱਖ ਰੁਪਏ ਅਤੇ ਜ਼ਮੀਨ ਮਾਲੀਏ ਦੇ 40 ਲੱਖ ਰੁਪਏ ਛੱਡ ਵੀ ਰਿਹਾ ਹਾਂ। ਮੈਨੂੰ ਨਹੀਂ ਪਤਾ ਕਿ ਕੀ ਉਹ ਇਸ ਵਾਸਤੇ ਮਾਣ ਪ੍ਰਾਪਤ ਕਰਨ ਲਈ ਗੰਭੀਰ ਹਨ। ਜੇਕਰ ਉਹ ਗੰਭੀਰ ਹਨ ਤਾਂ ਮੈਂ ਉਨ੍ਹਾਂ ਨੂੰ ਉਸ ਘੁਮਿਆਰ ਦੀ ਯਾਦ ਕਰਾਉਂਦਾ ਹਾਂ ਜਿਸ ਨੂੰ ਥੋੜ੍ਹੀ ਜਿਹੀ ਮਿੱਟੀ ਦੇ ਦਿੱਤੀ ਜਾਵੇ। ਸ੍ਰੀਮਾਨ ਜੀ, ਜੇਕਰ ਘੁਮਿਆਰ ਉਸ ਮਿੱਟੀ ਦਾ ਇਕ ਗਣਪਤੀ ਦੀ ਥਾਂ ਇਕ ਬਾਂਦਰ ਬਣਾ ਦੇਵੇ ਜਾਂ ਇਕ ਚੰਗਾ ਹਾਥੀ ਬਣਾਉਣ ਦੀ ਥਾਂ ਇਕ ਖੋਤਾ ਬਣਾ ਦੇਵੇ ਤਾਂ ਕੀ ਤੁਸੀਂ ਆਖੋਗੇ ਕਿ ਉਹ ਘੁਮਿਆਰ ਇਕ ਚੰਗਾ ਘੁਮਿਆਰ ਹੈ, ਕਿਉਂਕਿ ਉਸ ਨੇ ਵੱਧ ਮਿੱਟੀ ਦੀ ਵਰਤੋਂ ਨਹੀਂ ਕੀਤੀ ? ਇਸ ਦਾ ਕੀ ਜਵਾਬ ਹੋ ਸਕਦਾ ਹੈ ? ਇਹ ਕਿਸੇ ਚੀਜ਼ ਵਿਚੋਂ ਇਕ ਬਾਂਦਰ ਬਣਾਉਣ ਤੋਂ ਇਲਾਵਾ ਕੁਝ ਨਹੀਂ , ਹੋਰ ਕੁੱਝ ਵੀ ਨਹੀਂ ਕੇਵਲ ਇਹੀ ਹੈ। ਸ੍ਰੀਮਾਨ ਜੀ, ਇਸ ਲਈ ਮੇਰੇ ਖ਼ਿਆਲ ਮੁਤਾਬਕ ਜਿਵੇਂ ਮੈਂ ਆਪਣੇ ਭਾਸ਼ਣ ਦੇ ਸ਼ੁਰੂ ਵਿਚ ਕਿਹਾ ਸੀ, ਜਿਥੋਂ ਤੱਕ ਟੈਕਸ ਲਗਾਉਣ ਦਾ ਸਬੰਧ ਹੈ, ਇਹ ਬਜਟ ਲਾਪਰਵਾਹੀ ਵਾਲਾ ਬਜਟ ਹੈ ਅਤੇ ਜਿੱਥੋਂ ਤੱਕ ਖ਼ਰਚੇ ਦਾ ਸਬੰਧ ਹੈ, ਇਹ ਬੇਸਮਝੀ ਵਾਲਾ ਬਜਟ ਹੈ। ਸ੍ਰੀਮਾਨ ਜੀ, ਸਾਨੂੰ ਸਾਰਿਆਂ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਇਸ ਪ੍ਰੈਜ਼ੀਡੰਸੀ ਵਿਚ ਬਹੁਤ ਜ਼ਿਆਦਾ ਟੈਕਸ ਲਗਾਏ ਹੋਏ ਹਨ। ਬਰਤਾਨਵੀ ਭਾਰਤ ਦੇ ਸੂਬਿਆਂ ਵਿਚ ਜੀਅ ਪ੍ਰਤੀ ਟੈਕਸ ਹੇਠ ਲਿਖੇ ਅਨੁਸਾਰ ਹੈ-- ਇਹ ਅੰਕੜੇ ਮੇਰੇ ਨਹੀਂ ਹਨ, ਇਹ ਅੰਕੜੇ ਮੈਂ ਆਪਣੇ ਮਾਨਯੋਗ ਦੋਸਤ ਵਿੱਤ ਮੰਤਰੀ ਦੁਆਰਾ ਪਿਛਲੇ ਸਾਲ ਕੀਤੇ ਗਏ ਭਾਸ਼ਣ ਤੋਂ ਲਏ ਹਨ:---

	ਰੁਪਏ
ਬਿਹਾਰ ਅਤੇ ਉੜੀਸਾ	1.29
ਬੰਗਾਲ	1.78
ਆਸਾਮ	2.26
ਕੇਂਦਰੀ ਪ੍ਰਾਂਤ	2.72
ਸੰਯੁਕਤ ਪ੍ਰਾਂਤ	2.29
ਪੰਜਾਬ	4.43
ਮਦਰਾਸ	3.26
ਸਿੰਧ	4.90

ਬੰਬਈ 6.00

ਕੇਵਲ ਇਸ ਤੋਂ ਹੀ ਪਤਾ ਲੱਗ ਜਾਵੇਗਾ ਕਿ ਸਾਡੇ ਤੇ ਬਹੁਤ ਜ਼ਿਆਦਾ ਟੈਕਸ ਲਗੇ ਹੋਏ ਹਨ। ਦਰਅਸਲ, ਸਾਡਾ ਖ਼ਰਚਾ ਵੀ ਇਸ ਤਰ੍ਹਾਂ ਨਿਯਮਤ ਕੀਤਾ ਹੋਇਆ ਹੈ ਕਿ ਅਸਲ ਵਿਚ ਸਾਡੇ ਪਾਸ ਖ਼ਰਚ ਕਰਨ ਲਈ ਵੀ ਬਹੁਤ ਘੱਟ ਪੈਸਾ ਹੈ। ਦਰਅਸਲ, ਸਹੀ ਮਾਅਨਿਆਂ ਵਿਚ ਸਾਡੇ ਪਾਸ ਸਾਡੇ ਖ਼ਰਚੇ ਦੇ ਮੰਤਵ ਲਈ ਬਹੁਤ ਘੱਟ ਗੁੰਜਾਇਸ਼ ਹੈ। ਅਮਲੀ ਤੌਰ ਤੇ ਇਸ ਸੂਬੇ ਵਿੱਚ ਪੈਸਾ ਇਕੱਠਾ ਕਰਨ ਦੀ ਲਾਗਤ ਮਾਲੀਏ ਦਾ 15 ਪ੍ਰਤੀਸ਼ਤ, ਸੇਵਾ ਨਿਵ੍ਰਿਤੀ ਦੀ ਪੈਨਸ਼ਨ 10 ਪ੍ਰਤੀਸ਼ਤ ਬਣ ਜਾਂਦੀ ਹ ਅਤੇ ਵਿਆਜ ਸਾਢੇ ਦਸ ਪ੍ਰਤੀਸ਼ਤ ਬਣ ਜਾਂਦਾ ਹੈ। ਨਿਆਂ ਸਮੇਤ ਅਮਨ ਕਾਨੂੰਨ, ਪੁਲਿਸ ਅਤੇ ਜੇਲ੍ਹਾਂ ਸਾਡੇ ਮਾਲੀਏ ਦਾ 18 ਪ੍ਰਤੀਸ਼ਤ ਲੈ ਜਾਂਦੀਆਂ ਹਨ ਅਤੇ ਜੋ ਥੋੜ੍ਹਾ ਬਹੁਤ ਬਚ ਜਾਂਦਾ ਹੈ ਉਹ ਦੂਜੇ ਵਿਸ਼ਿਆਂ ਤੇ, ਜਿਨ੍ਹਾਂ ਨੂੰ ਲੋਕ ਭਲਾਈ ਦੇ ਵਿਸ਼ੇ ਕਿਹਾ ਜਾ ਸਕਦਾ ਹੈ, ਖ਼ਰਚ ਕਰ ਦਿੱਤਾ ਜਾਂਦਾ ਹੈ। ਸਥਿਤੀ ਇਸ ਪ੍ਰਕਾਰ ਹੈ। ਅਸਲ ਵਿਚ, ਇਹ ਸਕੰਟ ਵਾਲੀ ਸਥਿਤੀ ਹੈ। ਜਿਥੋਂ ਤੱਕ ਮਾਲੀਏ ਦਾ ਸਬੰਧ ਹੈ, ਸਾਡੀ ਸਮਰੱਥਾ ਘੱਟ ਹੈ ਅਤੇ ਜਿੱਥੋਂ ਤੱਕ ਸਾਡੀਆਂ ਨਿਮਿਤਣਾਂ ਦਾ ਸਬੰਧ ਹੈ, ਕਈਆਂ ਮੱਦਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਸਾਨੂੰ ਲੋਕ ਭਲਾਈ ਵਜੋਂ ਅਸਲ ਵਿਚ ਹੀ ਕੁਝ ਨਹੀਂ ਮਿਲਦਾ। ਅਜਿਹੀ ਸਥਿਤੀ ਵਿਚ, ਮੇਰਾ ਵਿਚਾਰ ਹੈ ਕਿ ਇਹ ਬਹੁਤ ਜ਼ਰੂਰੀ ਸੀ ਕਿ ਮਾਨਯੋਗ ਵਿੱਤ ਮੰਤਰੀ ਜਿੰਨਾ ਸੁਚੇਤ ਰਹੇ ਹਨ ਉਨ੍ਹਾਂ ਨੂੰ ਉਸ ਤੋਂ ਵਧੇਰੇ ਸੁਚੇਤ ਹੋਣਾ ਚਾਹੀਦਾ ਸੀ। ਮੈਨੂੰ ਇਹ ਕਹਿੰਦਿਆਂ ਖੇਦ ਹੁੰਦਾ ਹੈ ਕਿ ਉਹ ਸੁਚੇਤ ਨਹੀਂ ਰਹੇ(ਤਾੜੀਆਂ)।

2

* ਵਿੱਤ ਕਮੀਸ਼ਨ-ਸੋਧਨਾ ਬਿਲ

ਡਾ.ਬੀ.ਆਰ.ਅੰਬੇਡਕਰ (ਬੰਬਈ ਸ਼ਹਿਰ): ਸਪੀਕਰ ਸਾਹਿਬ ਮਾਨਯੋਗ ਵਿੱਤ ਮੰਤਰੀ ਦੁਆਰਾ ਪੇਸ਼ ਕੀਤੇ ਗਏ ਬਿਲ ਤੇ ਦਿਮਾਗ਼ ਲੜਾਉਣ ਤੋਂ ਬਾਅਦ ਮੈਨੂੰ ਪਤਾ ਲੱਗਾ ਹੈ ਕਿ ਇਹ ਬਿਲ ਤਿੰਨ ਉਪਬੰਧ ਕਰਨ ਲਈ ਲਿਆਂਦਾ ਗਿਆ ਹੈ। ਪਹਿਲਾ ਉਪਬੰਧ ਜੋ ਬਿਲ ਦੁਆਰਾ ਕੀਤਾ ਜਾਣਾ ਹੈ, ਉਹ ਹੈ-ਸੰਪਤੀ ਕਰ ਨੂੰ ਪਹਿਲਾਂ ਬੋਝ ਬਣਾਉਣਾ, ਦੂਜਾ ਉਪਬੰਧ ਟੈਕਸ ਦੀ ਅਦਾਇਗੀ ਨਾ ਕੀਤੇ ਜਾਣ ਦੇ ਸਬੰਧ ਵਿਚ ਦੰਡ ਬਾਰੇ ਹੈ ਅਤੇ ਇਸ ਵਿਚ ਤੀਜਾ ਉਪਬੰਧ ਦੰਡ ਦੇ ਖੰਡ ਨੂੰ ਪਿਛਿਉਂ ਲਾਗੂ ਕਰਨ ਬਾਰੇ ਹੈ। ਸ਼ੁਰੂ ਵਿਚ ਮੈਨੂੰ ਇਹ ਆਖਣ ਵਿਚ ਖ਼ੁਸ਼ੀ ਹੁੰਦੀ ਹੈ ਕਿ ਮੈਨੂੰ ਮਾਨਯੋਗ ਵਿੱਤ ਮੰਤਰੀ ਨੂੰ ਵਧਾਈ ਦੇਣ ਦਾ ਮੌਕਾ ਮਿਲਿਆ ਹੈ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਦੇ ਦੌਰਾਨ ਇਹ ਐਲਾਨ ਕੀਤਾ ਸੀ ਕਿ ਜਿਹੜਾ ਕਿ ਅਸੀਂ ਹੁਣ ਸੁਣਿਆ ਹੈ, ਅਰਥਾਤ ਉਹ ਦੰਡ ਨੂੰ ਪਿਛਿਉਂ ਲਾਗੂ ਕਰਨ ਦੇ ਖੰਡ ਨੂੰ ਵਾਪਸ ਲੈਣ ਲਈ ਸੋਧਨਾ ਸਵੀਕਾਰ ਕਰਨ ਵਾਸਤੇ ਤਿਆਰ ਹਨ। ਹੁਣ ਠੀਕ ਹੈ। ਇਹ ਸਭ ਕੁਝ ਹੁੰਦੇ ਹੋਏ। ਮੇਰੇ ਵਾਸਤੇ ਇਹ ਹੈਰਾਨੀ ਪ੍ਰਗਟ ਕਰਨ ਤੋਂ ਬਿਨਾਂ ਕਿ ਇਕ ਸਰਕਾਰ ਨੇ, ਜਿਸ ਵਿਚ ਪੰਜ ਉਘੇ ਵਕੀਲ ਸ਼ਾਮਲ ਹਨ, ਸ਼ੁਰੂ ਵਿਚ ਹੀ ਸਹੀ ਸੋਚਿਆ ਹੋਵੇ ਕਿ ਇਕ ਅਜਿਹਾ ਬਿਲ ਲਿਆਂਦਾ ਜਾਵੇ ਜਿਸ ਵਿਚ ਦੰਡ ਨੂੰ ਪਿਛਿਉਂ ਲਾਗੂ ਕਰਨ ਦਾ ਖੰਡ ਹੋਵੇ। ਬਿਲ ਦੇ ਇਸ ਨੁਕਤੇ ਤੋਂ ਅਗਲੇ ਨੁਕਤਿਆਂ ਤੇ ਜਾਣਾ ਸੰਭਵ ਨਹੀਂ। ਮੇਰਾ ਖ਼ਿਆਲ ਹੈ ਕਿ ਇਹ ਬਹੁਤ ਠੇਸ ਪਹੁੰਚਾਉਣ ਵਾਲੀ ਚੀਜ਼ ਹੈ। ਇਸ ਨੂੰ ਇਸ ਰੂਪ ਵਿਚ ਕਦੇ ਨਹੀਂ ਸੀ ਲਿਆਂਦਾ ਜਾਣਾ ਚਾਹੀਦਾ। ਐਪਰ, ਮਾਮਲੇ ਨੂੰ ਪਾਸੇ ਛੱਡਦੇ ਹੋਏ, ਬਿਲ ਵਿਚਲੇ ਦੂਜੇ ਉਪਬੰਧ ਜਿਨ੍ਹਾਂ ਵੱਧ ਧਿਆਨ ਦੇਣ ਦੀ ਲੋੜ ਹੈ, ਉਹ ਬਾਕੀ ਦੇ ਦੋ ਉਪਬੰਧ ਹਨ; ਅਰਥਾਤ, ਕੀ ਸੰਪਤੀ ਕਰ ਨੂੰ ਪਹਿਲਾ ਭਾਗ(ਬੋਝ) ਬਣਾਇਆ ਜਾਣਾ ਚਾਹੀਦਾ ਹੈ ਅਤੇ ਕੀ ਇਸ ਨੂੰ ਅਦਾ ਨਾ ਕਰਨ ਦੀ ਸੂਰਤ ਵਿਚ ਕੋਈ ਦੰਡ ਹੋਣਾ ਚਾਹੀਦਾ ਹੈ ?

ਮੈਂ ਦੰਡ ਦੇ ਪ੍ਰਸ਼ਨ ਬਾਰੇ ਦੂਜਾ ਨੁਕਤਾ ਪਹਿਲਾਂ ਲੈਂਦਾ ਹਾਂ। ਮੇਰਾ ਖ਼ਿਆਲ ਹੈ ਕਿ ਜੇਕਰ ਮੈਂ ਸਦਨ ਦਾ ਧਿਆਨ ਬਿਲ ਦੇ ਇਸ ਪੱਖ ਨਾਲ ਸਬੰਧਤ ਇਕ ਜਾਂ ਦੋ ਨੁਕਤਿਆਂ ਵੱਲ ਦਿਵਾਵਾਂ ਤਾਂ ਇਹ ਉਚਿਤ ਹੋਵੇਗਾ। ਮੇਰੇ ਵਿਦਵਾਨ ਦੋਸਤ ਨੇ ਦੇਖਿਆ ਹੋਣਾ ਹੈ-- ------ ਸ਼ਾਇਦ ਉਸ ਨੇ ਇਸ ਵੱਲ ਵਧੇਰੇ ਧਿਆਨ ਨਹੀਂ ਦਿੱਤਾ------ ਕਿ ਖ਼ੁਦ ਨਗਰਪਾਲਿਕਾ ਐਕਟ ਵਿਚ ਵੀ ਸੰਪਤੀ ਕਰ ਦੇ ਨਗਰਪਾਲਿਕਾ ਵਾਲੇ ਹਿੱਸੇ ਦੀ

---

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ V। ਛਪੇ ਹੋਏ ਪੰਨੇ 1033-37
ਮਿਤੀ 28 ਅਗਸਤ, 1939 .

ਅਦਾਇਗੀ ਨਾ ਕਰਨ ਕਾਰਨ ਦੰਡ ਦਾ ਕੋਈ ਉਪਬੰਧ ਨਹੀਂ ਕੀਤਾ ਗਿਆ। ਬੰਬਈ ਸ਼ਹਿਰ ਦੇ ਨਗਰਪਾਲਿਕਾ ਐਕਟ ਦੀ ਧਾਰਾ 200 ਵਿਚ ਉਪਬੰਧ ਕੀਤਾ ਗਿਆ ਹੈ ਕਿ ਜਿਉਂ ਹੀ ਕਰ ਨਿਰਧਾਰਣ ਕੀਤਾ ਜਾਂਦਾ ਹੈ, ਬਿਲ ਕਿਰਾਏਦਾਰ ਨੂੰ ਦੇ ਦਿੱਤਾ ਜਾਵੇਗਾ ਜਿਸ ਨੇ ਕਰ ਦੀ ਅਦਾਇਗੀ ਕਰਨੀ ਹੈ। ਫਿਰ ਧਾਰਾ 202 ਵਿਚ ਉਪਬੰਧ ਕੀਤਾ ਗਿਆ ਹੈ ਕਿ ਅਜਿਹਾ ਬਿਲ ਪੇਸ਼ ਕੀਤੇ ਜਾਣ ਤੋਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਅਦਾ ਕੀਤਾ ਜਾਵੇਗਾ। ਫਿਰ ਧਾਰਾ 203 ਵਿਚ ਉਪਬੰਧ ਕੀਤਾ ਗਿਆ ਹੈ ਕਿ ਜੇਕਰ ਬਿਲ ਪੇਸ਼ ਕਰਨ ਦੀ ਤਰੀਕ ਤੋਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਅਦਾ ਨਹੀਂ ਕੀਤਾ ਜਾਂਦਾ ਤਾਂ ਉਸ ਤੋਂ ਬਾਅਦ ਮੰਗ ਸਬੰਧੀ ਨੋਟਿਸ(ਨੋਟਿਸ ਆਫ਼ ਡਿਮਾਂਡ) ਭੇਜਿਆ ਜਾਵੇਗਾ। ਫੇਰ ਧਾਰਾ 203 ਵਿਚ ਕਿਹਾ ਗਿਆ ਹੈ ਕਿ ਜੇਕਰ ਬਕਾਇਆ ਰਕਮ ਜੋ ਉਸ ਮੰਗ ਸਬੰਧੀ ਨੋਟਿਸ ਵਿਚ ਦਰਸਾਈ ਗਈ ਹੈ, 15 ਦਿਨਾਂ ਦੇ ਅੰਦਰ ਅੰਦਰ ਅਦਾ ਨਹੀਂ ਕੀਤੀ ਜਾਂਦੀ ਤਾਂ ਬਕਾਇਆ ਰਕੰਮ ਦੀ ਵਸੂਲੀ ਵਾਸਤੇ ਨਗਰਪਾਲਿਕਾ ਨੂੰ ਕੁੱਝ ਅਧਿਕਾਰ ਹੋਣਗੇ। ਨਗਰਪਾਲਿਕ ਐਕਟ ਅਧੀਨ , ਕਸੂਰਵਾਰ ਵਿਅਕਤੀ ਪਾਸੋਂ ਨਗਰਪਾਲਿਕਾ ਨੂੰ ਸੰਪਤੀ ਕਰ ਦੀ ਰਕਮ ਲਾਗੂ ਕਰਨ ਦੇ ਯੋਗ ਬਣਾਉਣ ਲਈ ਇਸ ਵਿਚ ਕੇਵਲ ਦੋ ਉਪਬੰਧ ਸ਼ਾਮਲ ਕੀਤੇ ਗਏ ਹਨ। ਪਹਿਲਾ ਕਦਮ ਹੈ ਕਸੂਰਵਾਰ ਵਿਅਕਤੀ ਦੀ ਸੰਪਤੀ ਦੀ ਕੁਰਕੀ ਕਰਨਾ। ਦੂਜਾ ਤਰੀਕਾ, ਜਿਸ ਦੀ ਨਗਰਪਾਲਿਕਾ ਨੂੰ ਆਗਿਆ ਦਿੱਤੀ ਗਈ ਹੈ, ਉਹ ਹੈ-ਸਾਧਾਰਨ ਤਰੀਕੇ ਨਾਲ ਮੁਕੱਦਮਾ ਦਾਇਰ ਕਰਨਾ। ਪਰ, ਜਿੱਥੋਂ ਤਕ ਦੰਡ ਦਾ ਸਬੰਧ ਹੈ, ਨਗਰਪਾਲਿਕਾ ਐਕਟ ਵਿਚ ਵੀ ਅਜਿਹਾ ਕੁਝ ਨਹੀਂ। ਦੂਜੇ ਵਿੱਤੀ ਉਪਾਵਾਂ ਵੱਲ ਆਉਂਦੇ ਹੋਏ, ਮੈਂ ਆਮਦਨ ਕਰ ਐਕਟ ਵਿਚ ਕੀਤੇ ਗਏ ਉਪਬੰਧ ਦਾ ਜ਼ਿਕਰ ਕਰਦਾ ਹਾਂ। ਮੇਰੇ ਮਾਨਯੋਗ ਦੋਸਤ ਨੇ ਦੇਖਿਆ ਹੋਵੇਗਾ ਕਿ ਆਮਦਨ ਕਰ ਐਕਟ ਅਧੀਨ ਇਕ ਖ਼ਾਸ ਕਿਸਮ ਦੇ ਦੰਡ ਦਾ ਉਪਬੰਧ ਕੀਤਾ ਗਿਆ ਹੈ ਜੋ ਕਿ ਕਸੂਰਵਾਰ ਵਿਅਕਤੀਆਂ ਤੇ ਲਾਇਆ ਜਾ ਸਕਦਾ ਹੈ। ਇਹ ਇਸ਼ ਐਕਟ ਦੀ ਧਾਰਾ45 ਅਧੀਨ ਕੀਤਾ ਗਿਆ ਹੈ। ਇਹ ਇਕ ਵੱਡੀ ਧਾਰਾ ਹੈ ਅਤੇ ਮੈਂ ਇਸ ਦੇ ਵੇਰਵਿਆਂ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਇਸ ਦੇ ਨਿਚੋੜ ਬਾਰੇ ਹੀ ਦੱਸ ਸਕਦਾ ਹਾਂ ਕਿ ਲਗਾਤਾਰ ਕਸੂਰਵਾਰ ਹੋਣ ਕਰਕੇ ਧਾਰਾ 45 ਅਧੀਨ ਸ਼ਾਮਲ ਕੀਤੀ ਗਈ ਰਕਮ ਹੈ ਕੀ ? ਜੇਕਰ ਤੁਸੀਂ ਇਕ ਦਿਨ ਅਣਗਹਿਲੀ ਕਰਦੇ ਹੋ ਤਾਂ ਤੁਹਾਨੂੰ ਇਕ ਨਿਸ਼ਚਿਤ ਦੰਡ ਅਦਾ ਕਰਨਾ ਪਵੇਗਾ, ਜੇਕਰ ਤੁਸੀਂ ਦੋ ਦਿਨ ਅਣਗਹਿਲੀ ਕਰਦੇ ਹੋ ਤਾਂ ਦੰਡ ਦੀ ਹੋਰ ਰਕਮ ਅਦਾ ਕਰਨੀ ਪਵੇਗੀ। ਇਹ ਦੰਡ ਪ੍ਰਗਤੀਸ਼ੀਲ ਢੰਗ ਨਾਲ ਲਗਾਇਆ ਜਾਂਦਾ ਹੈ। ਇਥੇ ਵੱਧ ਤੋਂ ਵੱਧ ਜਿਸ ਦੰਡ ਦਾ ਜ਼ਿਕਰ ਕੀਤਾ ਗਿਆ ਹੈ ਉਹ ਹੈ ਕਰ ਦੀ ਰਕਮ ਦੇ ਬਰਾਬਰ ਦੀ ਰਕਮ। ਇਸ ਵਿਚ ਜੋ ਉਪਬੰਧ ਦਰਜ ਹੈ ਉਹ ਨਿਰੰਤਰ ਅਣਗਹਿਲੀ ਵਾਸਤੇ ਨਿਰੰਤਰ ਦੰਡ ਦਾ ਉਪਬੰਧ ਨਹੀਂ। ਹੁਣ ਮੈਂ ਬੰਬਈ ਜ਼ਮੀਨ ਮਾਲੀਆ ਦੰਡਾਵਲੀ ਵੱਧ ਆਉਂਦਾ ਹਾਂ। ਧਾਰਾ 148 ਵਿਹ ਦੰਡ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿਚ ਕੇਵਲ ਇਹੀ ਉਪਬੰਧ ਕੀਤਾ ਗਿਆ ਹੈ ਕਿ ਜੇਕਰ ਕੋਈ ਵਿਅਕਤੀ ਅਣਗਹਿਲੀ ਕਰਦਾ ਹੈ, ਭਾਵ, ਉਸ ਨੇ ਆਪਣੀ ਕਿਸ਼ਤ ਮਿਥੇ ਗਏ ਸਮੇਂ ਵਿਚ ਜਮ੍ਹਾਂ ਨਹੀਂ

ਕਰਵਾਈ ਤਾਂ ਜਾਂ ਤਾਂ ਕੁਲੈਕਟਰ ਦੇਣਯੋਗ ਰਕਮ ਤੇ ਦੰਡ ਲਗਾਵੇਗਾ ਜਾਂ ਵਿਆਜ ਲਗਾਵੇਗਾ। ਨਿਯਮਾਂ ਅਨੁਸਾਰ ਇਹ ਇਕ ਅਜਿਹਾ ਨਿਯਮ ਹੈ ਜੋ ਸਰਕਾਰ ਨੂੰ ਇਸ ਬਾਰੇ ਨਿਯਮ ਬਣਾਉਣ ਦਾ ਅਧਿਕਾਰ ਦਿੰਦਾ ਹੈ। ਜ਼ਮੀਨ ਮਾਲੀਆ ਦੰਡਾਵਲੀ ਅਧੀਨ ਬੰਬਈ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਨੂੰ ਪੜ੍ਹ ਕੇ ਮੈਨੂੰ ਪਤਾ ਲੱਗਾ ਹੈ ਕਿ ਸਰਕਾਰ ਨੇ ਦੰਡ ਲਗਾਉਣ ਜਾਂ ਵਿਆਜ਼ ਵਸੂਲ ਕਰਨ ਸਬੰਧੀ ਕੋਈ ਵੀ ਨਿਯਮ ਨਹੀਂ ਬਣਾਏ ਹਨ। ਮੰਗ ਦੇ ਨੋਟਿਸ ਵਿਚ ਹੀ ਸਰਸਰੀ ਤੌਰ ਤੇ ਜ਼ਿਕਰ ਕੀਤਾ ਹੋਇਆ ਹੈ, ਜਿਸ ਅਨੁਸਾਰ, ਦੇਣੀ ਬਣਦੀ ਰਕਮ ਦਾ ਇਕ ਚੌਥਾਈ ਹਿੱਸਾ ਦੰਡ ਵਜੋਂ ਨਿਸ਼ਚਿਤ ਕੀਤਾ ਗਿਆ ਹੈ। ਸ਼੍ਰੀਮਾਨ ਜੀ, ਮੈਂ ਸਹਿਜੇ ਹੀ ਇਹ ਗੱਲ ਮੰਨਦਾ ਹਾਂ ਕਿ ਦੰਡ ਦਾ ਸਿਧਾਂਤ ਨਵਾਂ ਹੈ, ਪਰ ਇਹ ਕੁਝ ਇਹੋ ਜਿਹਾ ਹੈ ਜੋ ਕਈ ਵਿੱਤੀ ਉਪਬੰਧਾਂ ਵਿਚ ਮੌਜੂਦ ਹੈ। ਹੁਣ ਜਿੰਨ੍ਹਾਂ ਪ੍ਰਸ਼ਨਾਂ ਤੇ ਅਸੀਂ ਵਿਚਾਰ ਕਰਨਾ ਹੈ ਉਹ ਉਸ ਢੰਗ ਨਾਲ ਸਬੰਧ ਰਖਦੇ ਹਨ ਜਿਸ ਢੰਗ ਨਾਲ ਇਹ ਨਿਰਧਾਰਣ ਕੀਤਾ ਗਿਆ ਹੈ ਅਤੇ ਵੱਧ ਤੋਂ ਵੱਧ ਦੰਡ ਦੀ ਰਕਮ ਜੋ ਨਿਰਧਾਰਤ ਕੀਤੀ ਗਈ ਹੈ।

ਬਿਲ ਦੇ ਦੂਜੇ ਉਪਬੰਧਾਂ ਦੇ ਸਬੰਧ ਵਿਚ, ਮਾਨਯੋਗ ਮੰਤਰੀ ਨੇ ਸਾਨੂੰ ਦੱਸਿਆ ਹੈ ਕਿ ਉਹ ਕੇਵਲ ਪਰਿਣਾਮੀ ਸਨ। ਆਪਣੇ ਵਲੋਂ ਬੋਲਦਿਆਂ ਮੈਨੂੰ ਇਹ ਸੋਚ ਲੈਣਾ ਚਾਹੀਦਾ ਸੀ ਕਿ ਉਹ ਬਿਲ ਦਾ ਸਭ ਤੋਂ ਵੱਧ ਵਿਵਾਦ ਵਾਲਾ ਹਿੱਸਾ ਹਨ। ਜੇਕਰ ਬਿਲ ਵਿਚ ਕੋਈ ਅਜਿਹਾ ਉਪਬੰਧ ਹੈ ਜਿਸ ਦਾ ਮੈਨੂੰ ਵਿਰੋਧ ਕਰਨਾ ਪੈਂਦਾ ਹੈ ਉਹ ਅਸਲ ਵਿਚ ਧਾਰਾ 24 ਅ ਹੈ, ਜਿਹੜੀ ਕਿ ਮੇਰਾ ਮਾਨਯੋਗ ਦੋਸਤ ਪੇਸ਼ ਕਰਨੀ ਚਾਹੁੰਦਾ ਹੈ। ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦਲੀਲਾਂ ਨਾਲ ਨਜਿੱਠਦਾ ਹਾਂ ਕਿ ਇਹ ਕੇਵਲ ਪਰਿਣਾਮੀ ਹੈ। ਕੀ ਇਹ ਪਰਿਣਾਮੀ ਹੈ ਜਾਂ ਕੀ ਇਸ ਨਾਲ ਵਧੇਰੇ ਮੌਲਿਕ, ਜੇਕਰ ਮੈਂ ਇਹ ਆਖਾਂ ਕਿ ਕ੍ਰਾਂਤੀਕਾਰੀ, ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ-----

ਮਾਨਯੋਗ ਸ਼੍ਰੀ ਏ.ਬੀ.ਲਾਠੇ: ਮੈਂ ਇਹ ਕਦੇ ਨਹੀਂ ਕਿਹਾ ਕਿ ਇਹ ਪਰਿਣਾਮੀ ਹੈ--

ਡਾ. ਬੀ.ਆਰ.ਅੰਬੇਡਕਰ: ਮੈਂ ਆਪਣੇ ਸ਼ਬਦ ਵਾਸ ਲੈਂਦਾ ਹਾਂ।

ਮਾਨਯੋਗ ਸ਼੍ਰੀ.ਏ.ਬੀ.ਲਾਠੇ: ਮੈਂ ਕਿਹਾ ਸੀ ਕਿ ਇਹ ਇੰਸ ਉਪਬੰਧ ਨੂੰ ਸਪਸ਼ਟ ਕਰਨ ਵਾਸਤੇ ਹੈ।

ਡਾ.ਬੀ.ਆਰ.ਅੰਬੇਡਕਰ : ਮੈਨੂੰ ਕੋਈ ਸ਼ੱਕ ਨਹੀਂ ਕਿ ਸਥਿਤੀ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹੋਏ, ਮੇਰੇ ਮਾਨਯੋਗ ਦੋਸਤ ਮੰਤਰੀ ਨੇ ਬੰਬਈ ਸ਼ਹਿਰ ਦੀ ਨਗਰਪਾਲਿਕਾ ਨੂੰ ਇਸ ਮਾਮਲੇ ਵਿਚ ਲਿਆਂਦਾ ਹੈ। ਅਸੀਂ ਹੁਣ ਇਸ ਸਥਿਤੀ ਵਿਚ ਹਾਂ। ਸਥਿਤੀ ਕੁਝ ਇਸ ਤਰ੍ਹਾਂ ਦੀ ਜਾਪਦੀ ਹੈ: ਕੀ ਬੰਬਈ ਨਗਰ ਨਿਗਮ ਨੂੰ ਦੇਣੀ ਬਣਦੀ ਸ਼ਹਿਰੀ ਸੰਪਤੀ ਕਰ ਦੀ ਰਕਮ ਪਹਿਲਾਂ ਭਾਰ ਹੋਣੀ ਚਾਹੀਦੀ ਹੈ ਜਾਂ ਨਹੀਂ। ਆਪ ਨੂੰ ਯਾਦ ਹੋਵੇਗਾ ਕਿ ਇਸ ਬਿਲ ਤੇ ਜਦੋਂ ਪਹਿਲੀ ਵਾਰ ਫ਼ਰਵਰੀ ਵਿਚ ਬਹਿਸ ਕੀਤੀ ਗਈ ਸੀ ਤਾਂ ਇਸ ਵਿਰੁੱਧ ਇਕ ਦੋਸ਼ ਇਹ ਲਾਇਆ ਗਿਆ ਸੀ ਕਿ ਸਰਕਾਰ ਸੂਬਾਈ ਟੈਕਸ ਲਾਉਣ ਸਬੰਧੀ ਸ਼ਹਿਰੀ

ਜਾਇਦਾਦ ਨੂੰ ਆਧਾਰ ਬਣਾ ਕੇ ਅਸਲ ਵਿਚ ਉਸ ਪ੍ਰਭਾਵ ਖੇਤਰ ਤੇ ਹਮਲਾ ਕਰ ਰਹੀ ਹੈ ਜੋ ਟੈਕਸ ਲਗਾਉਣ ਲਈ ਰਵਾਇਤ ਦੁਆਰਾ, ਜਾਂ ਆਮ ਰਾਇ ਦੁਆਰਾ ਨਗਰਪਾਲਿਕਾ ਵਾਸਤੇ ਰਾਖਵਾਂ ਰੱਖਿਆ ਹੋਇਆ ਹੈ। ਆਲੋਚਨਾ ਲਈ ਉਸ ਦੇ ਪਾਸੇ ਵਾਲੇ ਬਹੁਤ ਸਾਰੇ ਮੈਂਬਰ ਅਤੇ ਖ਼ਾਸ ਕਰਕੇ ਸ਼੍ਰੀ ਜਮਨਾ ਦਾਸ ਮਹਿਤਾ ਦੁਆਰਾ ਇਕ ਨੁਕਤਾ ਜੋ ਬਿਆਨ ਕੀਤਾ ਗਿਆ ਸੀ ਇਹ ਸੀ, ਕਿ ਟੈਕਸ ਲਗਾਉਣ ਲਈ ਉਨ੍ਹਾਂ ਦੇ ਪ੍ਰਭਾਵ ਖੇਤਰ ਵਿਚ ਬੇ-ਜਾ ਦਖ਼ਲ ਦੇਕੇ ਸਰਕਾਰ ਨੇ ਨਗਰਪਾਲਿਕਾ ਨੂੰ ਅਪਾਹਜ ਬਣਾ ਦਿੱਤਾ ਹੈ। ਆਲੋਚਨਾ ਦਾ ਦੂਜਾ ਨੁਕਤਾ ਇਹ ਸੀ ਕਿ ਉਨ੍ਹਾਂ ਟੈਕਸਾਂ ਨੂੰ ਉਗਰਾਉਣ ਵਾਸਤੇ ਬੰਬਈ ਨਗਰਪਾਲਿਕਾ ਨੂੰ ਇਕ ਏਜੰਟ ਵਜੋਂ ਇਸਤੇਮਾਲ ਕਰਨਾ ਇਸ ਸਰਕਾਰ ਦੀ ਬੜੀ ਵੱਡੀ ਗ਼ਲਤੀ ਹੈ। ਪੇਸ਼ ਕੀਤੇ ਗਏ ਨੁਕਤਿਆਂ ਵਿਚੋਂ ਇਕ ਇਹ ਸੀ ਕਿ ਜਿਵੇਂ ਕੇਂਦਰ ਸਰਕਾਰ ਇਸ ਵਲੋਂ ਲਗਾਏ ਗਏ ਟੈਕਸਾਂ (ਮਿਸਾਲ ਵਜੋਂ ਆਬਕਾਰੀ, ਮਾਲੀਆ, ਆਮਦਨ ਕਰ, ਨਮਕ ਕਰ ਆਦਿ) ਨੂੰ ਉਗਰਾਉਣ ਵਾਸਤੇ ਆਪਣੀ ਮਸ਼ੀਨਰੀ ਦੀ ਵਰਤੋਂ ਕਰਦੀ ਹੈ, ਇਸੇ ਤਰ੍ਹਾਂ ਬੰਬਈ ਸਰਕਾਰ ਨੂੰ ਆਪਣੀਆਂ ਏਜੰਸੀਆਂ ਦੁਆਰਾ ਇਹ ਕਰ ਉਗਰਾਉਣੇ ਚਾਹੀਦੇ ਹਨ। ਮੇਰਾ ਮਾਨਯੋਗ ਦੋਸਤ ਉਸ ਮੰਨੇ ਪ੍ਰਮੰਨੇ ਸਿਧਾਂਤ ਤੋਂ, ਉਸ ਕਾਰਗਰ ਪ੍ਰਥਾ ਤੋਂ, ਵੱਖ ਹੋ ਗਏ ਅਤੇ ਇਸ ਮਾਲੀਏ ਨੂੰ ਉਗਰਾਉਣ ਦੇ ਮੰਤਵ ਲਈ ਨਗਰਪਾਲਿਕਾ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ। ਖ਼ੁਸ਼ ਕਿਸਮਤੀ ਨਾਲ ਉਨ੍ਹਾਂ ਨੇ ਉਦੋਂ ਨਗਰਪਾਲਿਕਾ ਦੀਆਂ ਸਮੱਸਿਆਵਾਂ ਵਿਚ ਵਾਧਾ ਨਹੀਂ ਕੀਤਾ ਜੋ ਉਹ ਹੁਣ ਕਰ ਰਹੇ ਹਨ। ਉਸ ਸਮੇਂ ਉਨ੍ਹਾਂ ਵਿਚ ਇਹ ਕਹਿਣ ਦਾ ਹੌਸਲਾ ਨਹੀਂ ਸੀ ਕਿ ਬੰਬਈ ਸਰਕਾਰ ਦੀ ਤਰਫ਼ੋਂ ਸ਼ਹਿਰੀ ਜਾਇਦਾਦ ਤੋਂ ਕਰ ਅਧੀਨ ਨਗਰਪਾਲਿਕਾ ਦੁਆਰਾ ਉਗਰਾਇਆ ਗਿਆ ਟੈਕਸ ਪਹਿਲਾ ਭਾਰ ਹੋਵੇਗਾ। ਅਜਿਹਾ ਉਨ੍ਹਾਂ ਨੇ ਨਹੀਂ ਕਿਹਾ। ਮੈਂ ਬਿਲ ਨੂੰ ਪੜ੍ਹਿਆ ਹੈ। ਮੈਨੂੰ ਇਸ ਬਾਰੇ ਕੋਈ ਵੀ ਉਪਬੰਧ ਨਜ਼ਰ ਨਹੀਂ ਆਉਂਦਾ। ਇਸ ਲਈ, ਮੈਂ ਨਿਸ਼ਚੇ ਨਾਲ ਕਹਿੰਦਾ ਹਾਂ ਕਿ ਅਸੀਂ ਇਹ ਨਵੀਂ ਲੀਹ ਪਾ ਰਹੇ ਹਾਂ ਹੈ।

ਇਸ ਬਿਲ ਤੋਂ ਪਹਿਲਾਂ ਸਥਿਤੀ ਕੀ ਸੀ ? ਜੇਕਰ ਕੋਈ ਬੰਬਈ ਸ਼ਹਿਰ ਦੀ ਨਗਰਪਾਲਿਕਾ ਐਕਟ ਦੀ ਧਾਰਾ 212 ਨੂੰ ਦੇਖੇ ਤਾਂ ਸਥਿਤੀ ਇਸ ਪ੍ਰਕਾਰ ਸੀ ਉਸ ਧਾਰਾ ਦੇ ਅਨੁਸਾਰ ਬੰਬਈ ਸ਼ਹਿਰ ਵਿਚ ਸਥਿਤ ਜਾਇਦਾਦ ਤੇ ਜ਼ਮੀਨ ਮਾਲੀਆ ਪਹਿਲਾ ਭਾਰ ਸੀ ਜੋ ਨਗਰਪਾਲਿਕਾ ਦੁਆਰਾ ਨਗਰਪਾਲਿਕਾ ਟੈਕਸ ਲਗਾਏ ਜਾਣ ਦੇ ਯੋਗ ਹੈ। ਜ਼ਮੀਨ ਮਾਲੀਏ ਤੋਂ ਬਾਅਦ ਪਹਿਲ ਦੇ ਕ੍ਰਮ ਅਨੁਸਾਰ ਪਹਿਲੀ ਚੀਜ਼ ਜੋ ਆਉਂਦੀ ਹੈ ਉਹ ਹੈ ਨਗਰਪਾਲਿਕਾ ਦਾ ਦਾਅਵਾ। ਸਥਿਤੀ ਇਹ ਸੀ। ਹੁਣ ਸਥਿਤੀ ਕੀ ਹੋਵੇਗੀ ? ਸਥਿਤੀ ਇਸ ਪ੍ਰਕਾਰ ਹੋਵੇਗੀ: ਜ਼ਮੀਨ ਮਾਲੀਆ ਪਹਿਲਾ ਭਾਰ ਹੋਵੇਗਾ ਸਰਕਾਰ ਨੂੰ ਦੇਣਾ ਬਣਦਾ ਸ਼ਹਿਰੀ ਜਾਇਦਾਦ ਤੇ ਕਰ ਦੂਜਾ ਭਾਰ ਹੈ ਅਤੇ ਨਗਰਪਾਲਿਕਾ ਜਿਸ ਦਾ ਇਸ ਸੰਪਤੀ ਕਰ ਵਿਚ ਅਨਿਖੜਵਾਂ ਹਿੱਤ ਹੈ ਬਾਅਦ ਵਿਚ ਆਵੇਗੀ। ਸ੍ਰੀਮਾਨ ਜੀ, ਬੰਬਈ ਨਗਰਪਾਲਿਕਾ ਜਿਸ ਨੇ ਅਮਲੀ ਤੌਰ ਤੇ 13 ਲੱਖ ਲੋਕਾਂ ਦੀ ਭਲਾਈ ਦਾ ਬੋਝ ਆਪਣੇ ਮੋਢਿਆਂ ਤੇ ਚੁਕੱਣਾ ਹੈ ਕੀ ਉਸ ਦੇ ਦ੍ਰਿਸ਼ਟੀਕੋਣ ਤੋਂ ਇਹ ਈਰਖਾਯੋਗ ਸਥਿਤੀ ਹੈ ? ਕੀ ਇਹ ਠੀਕ ਅਤੇ ਉਚਿਤ ਹੈ ਕਿ ਅਸੀਂ

ਉਸ ਬਿਲ ਨੂੰ ਸਹਿਮਤੀ ਦੇਈਏ ਜੋ ਨਗਰਪਾਲਿਕਾ ਦੇ ਦਾਅਵੇ ਨੂੰ ਅੰਤ ਵਿਚ ਰੱਖਦਾ ਹੈ ? ਮੇਰੇ ਮਾਨਯੋਗ ਦੋਸਤ ਇਹ ਸ਼ਹਿਰੀ ਕਰ ਲਗਾਉਣ ਲਈ ਜ਼ਿੰਮੇਵਾਰ ਹਨੈ। ਜਿਵੇਂ ਸ਼ੁਰੂ ਸ਼ੁਰੂ ਵਿਚ ਉਨ੍ਹਾਂ ਨੇ ਖ਼ੁਦ ਕਿਹਾ ਸੀ ਕਿ ਲੋਕਾਂ ਦੁਆਰਾ ਇਸ ਕਾਰਵਾਈ ਦੀ ਵਿਰੋਧਤਾ ਕੀਤੀ ਜਾ ਰਹੀ ਹੈ--------

ਮਾਨਯੋਗ ਸ਼੍ਰੀ .ਏ.ਬੀ.ਲਾਠੇ: ਮੈਂ ਕਿਹਾ ਸੀ ਲੋਕਾਂ ਦੇ ਇਕ ਵਰਗ ਦੁਆਰਾ-----

ਡਾ ਬੀ.ਆਰ.ਅੰਬੇਡਕਰ : ਮੇਰੇ ਲਈ ਇਹੀ ਕਾਫ਼ੀ ਹੈ।(ਹਾਸਾ) ਉਨ੍ਹਾਂ ਨੇ ਕਿਹਾ ਸੀ ਕਿ ਇਸ ਕਾਦਰਵਾਈ ਦੀ ਵਿਰੋਧਤਾ ਹੋ ਰਹੀ ਹੈ। ਜੇਕਰ ਇਸ ਕਾਰਵਾਈ ਦਾ ਵਿਰੋਧਤਾ ਹੋ ਰਹੀ ਹੈ ਤਾਂ ਇਹ ਵਿਰੋਧ ਕਿਸ ਪ੍ਰਕਾਰ ਦਾ ਹੈ ? ਸਾਨੂੰ ਇਸ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ। ਮੇਰਾ ਵਿਚਾਰ ਨਹੀਂ ਕਿ ਮੈਂ ਗ਼ਲਤ ਬਿਆਨੀ ਕਰ ਰਿਹਾ ਹਾਂ ਜਾਂ ਉਹ ਕਹਿ ਰਿਹਾ ਹਾਂ ਜਿਸ ਬਾਰੇ ਮਾਨਯੋਗ ਮਾਲ ਮੰਤਰੀ ਨੂੰ ਪਤਾ ਨਹੀਂ ਅਤੇ ਬਿਆਨ ਇਹ ਹੈ--------- ਅਤੇ ਮੇਰਾ ਖ਼ਿਆਲ ਹੈ ਕਿ ਮੇਰੇ ਮਾਨਯੋਗ ਦੋਸਤ, ਵਿਰੋਧੀ ਧਿਰ ਦੇ ਨੇਤਾ, ਮੇਰੇ ਨਾਲ ਸਹਿਮਤ ਹੋਣਗੇ ਕਿ ਇਸ ਬਿਲ ਦਾ ਵਿਰੋਧ ਕਰਨ ਵਾਲੇ ਜ਼ਿਮੀਦਾਰਾਂ ਦੇ ਛੋਟੇ ਜਿਹੇ ਵਰਗ ਤੋਂ ਇਲਾਵਾ ਸਾਰਾ ਮੁਸਲਮਾਨ ਭਾਈਚਾਰਾ ਇਸ ਦੀ ਵਿਰੋਧਤਾ ਕਰ ਰਿਹਾ ਹੈ। ਮੇਰਾ ਵਿਚਾਰ ਹੈ ਕਿ ਇਸ ਵਿਚ ਰੱਤੀ ਭਰ ਵੀ ਅਤਿ ਕਥਨੀ ਨਹੀਂ। ਉਹ ਵਿਰੋਧਤਾ ਕਰ ਰਹੇ ਹਨ: ਠੀਕ ਕਰ ਰਹੇ ਹਨ ਜਾਂ ਗ਼ਲਤ ਕਰ ਰਹੇ ਹਨ, ਮੈਂ ਇਸ ਸਮੇਂ ਇਸ ਗੱਲ ਦੀ ਜਾਂਚ ਨਹੀਂ ਕਰਨੀ। ਇਸ ਲਈ ਇਹ ਇਕ ਅਜਿਹੇ ਅਜ਼ੂਬਆਦਮੀ ਦਾ ਕੇਸ ਨਹੀਂ ਜੋ ਅਦਾਇਗੀ ਕਰਨ ਲਈ ਤਿਆਰ ਨਹੀਂ, ਇਹ ਸਾਰਾ ਫ਼ਿਰਕਾ ਹੀ ਹੈ ਜੋ ਇਸ ਦੀ ਵਿਰੋਧਤਾ ਕਰਦਾ ਹੈ। ਸ਼੍ਰੀ ਮਾਨ ਜੀ, ਇਸ ਬਿਲ ਦੇ ਸਿੱਟੇ ਵਜੋਂ ਸਥਿਤੀ ਸਾਡੇ ਸਾਹਮਣੇ ਕੀ ਹੋਵੇਗੀ ? ਇਹ ਸਥਿਤੀ ਇਸ ਤਰ੍ਹਾਂ ਦੀ ਹੋਵੇਗੀ: ਨਗਰਪਾਲਿਕਾ ਨੂੰ ਜਾਇਦਾਦਾਂ ਤੇ ਆਪਣੇ ਦੁਆਰਾ ਖ਼ੁਦ ਲਗਾਏ ਗਏ ਅਤੇ ਬੰਬਈ ਸਰਕਾਰ ਦੁਆਰਾ ਲਗਾਏ ਗਏ ਦੋਵੇਂ ਟੈਕਸ ਵਸੂਲ ਕਰਨ ਲਈ ਬੰਬਈ ਸਰਕਾਰ ਦੀ ਤਰਫ਼ੋਂ ਕਿਹਾ ਜਾਂਦਾ ਹੈ। ਮੇਰਾ ਮਾਣਯਗ ਦੋਸਤ, ਇਸ ਗੱਲ ਤੇ ਸਹਿਮਤ ਨਹੀਂ ਹੋਵੇਗਾ, ਜ਼ੇਕਰ ਮੈਂ ਇਹ ਆਖਾਂ ਕਿ ਉਹ ਇਕ ਚੋਰ ਵਾਂਗ ਅੱਗੇ ਆਉਂਦਾ ਹੈ ਅਤੇ ਨਗਰਪਾਲਿਕਾ ਦੁਆਰਾ ਇਕੱਠੀ ਕੀਤੀ ਗਈ ਰਕਮ ਤੇ ਝਪਟਾ ਮਾਰਦਾ ਹੈ, ਭਾਵੇ ਇਕੱਠੀ ਕੀਤੀ ਗਈ ਰਕਮ ਉਸ ਦੀ ਤਰਫ਼ੋਂ ਇਕੰਠੀ ਕੀਤੀ ਗਈ ਹੈ ਭਾਵੇਂ ਇਹ ਰਕਮ ਨਗਰਪਾਲਿਕਾ ਨੇ ਆਪਣੀ ਤਰਫ਼ੋਂ ਇਕੱਠੀ ਕੀਤੀ ਹੈ। ਜਿਸ ਪਲ ਵੀ ਉਹ ਦੇਖਦਾ ਹੈ ਕਿ ਨਗਰਪਾਲਿਕਾ ਦੀ ਬੈਂਕ ਵਿਚ ਜਮ੍ਹਾਂ ਰਕਮ ਵਧ ਗਈ ਹੈ, ਉਹ ਇਸ ਗੱਲ ਦੀ ਜਾਂਚ ਕੀਤੇ ਬਿਨਾਂ ਕਿ ਨਗਰਪਾਲਿਕਾ ਦੇ ਉਧਾਰ ਖਾਤੇ ਵਾਲੇ ਪਾਸੇ ਦੀ ਪੁਜ਼ੀਸਨ ਕੀ ਹੈ, ਬੜੇ ਆਰਾਮ ਨਾਲ ਬੈਂਕ ਨੂੰ ਵਾਰੰਟ ਜਾਰੀ ਕਰ ਦਿੰਦਾ ਹੈ। ਨਗਰਪਾਲਿਕਾ ਪਾਣੀ ਤੋਂ ਬਹਾਰ ਜਹਾਜ਼ ਵਾਂਗ ਰਹਿ ਜਾਂਦੀ ਹੈ। ਨਗਰਪਾਲਿਕਾ ਕੀ ਕਰੇ ? ਬਿਲ ਦੀ ਸਕੀਮ ਅਨੁਸਾਰ ਨਗਰਪਾਲਿਕਾ ਨੂੰ ਸਾਰੇ ਸਮਾਜ ਦੇ ਵਿਰੁੱਧ ਜਾ ਕੇ ਟੈਕਸ ਇਕੱਠਾ ਕਰਨਾ ਪੈਂਦਾ ਹੈ। ਹੁਣ ਮੈਂ ਆਪਣੇ ਮਾਨਯੋਗ ਦੋਸਤ ਨੂੰ ਜੋ ਸਵਾਲ ਪੁੱਛਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜੇਕਰ ਉਸ ਵਿਚ ਹੌਸਲਾ ਹੈ ਤਾਂ ਉਹ ਆਪ ਟੈਕਸ ਇਕੱਠਾ ਕਰ ਲਵੇ।

ਜੇਕਰ ਇਹ ਟੈਕਸ ਸੰਗਠਿਤ ਵਿਰੋਧ ਦੇ ਬਾਵਜੂਦੇ ਆਉਣਾ ਹੈ---- ਸਾਨੂੰ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਿਰੋਧ ਮੁਸਲਮ ਭਾਈਚਾਰੇ ਤੋਂ ਆ ਰਿਹਾ ਹੈ, ਜੋ ਪਰਦਾ ਕਰਦੇ ਹਨ, ਤਾਂ ਨਗਰਪਾਲਿਕਾ ਇਸ ਟੈਕਸ ਨੂੰ ਕਿਵੇਂ ਇਕੱਠਾ ਕਰ ਸਕਦੀ ਹੈ ? ਉਨ੍ਹਾਂ ਨੇ ਘਰ ਵਿਚ ਦਾਖ਼ਲ ਹੋਣ ਅਤੇ ਇਹ ਪਤਾ ਲਗਾਉਣ ਲਈ ਕਿ ਉਨ੍ਹਾਂ ਪਾਸ ਕੀ ਟੂੰਮ ਛੱਲਾ ਜਾਂ ਕੀ ਜਵਾਹਰਾਤ ਹਨ, ਕੌਣ ਹੌਸਲਾ ਕਰੇਗਾ ? ਇਸ ਕੇਸ ਵਿਚ ਨਗਰਪਾਲਕਿਾ ਨੇ ਕੀ ਕਰਨਾ ਹੈ ? ਇਸ ਪਾਸ ਪੁਲਸ ਜਾਂ ਫ਼ੌਜ ਹੈ ਨਹੀਂ। ਇਸ ਪਾਸ ਲੋਕਾਂ ਨੂੰ ਮਜਬੂਰ ਕਰਨ ਲਈ ਕੋਈ ਸਮੱਗਰੀ ਜਾਂ ਕੋਈ ਸਾਧਨ ਨਹੀਂ ਹਨ। ਆਖ਼ਰਕਾਰ ਜਿਨ੍ਹਾਂ ਨੇ ਟੈਕਸ ਲਾਉਣਾ ਹੈ, ਉਹ ਅੱਗੇ ਆਉਣ ਅਤੇ ਇਕ ਸਾਹਸੀ ਆਦਮੀ ਦੀ ਤਰ੍ਹਾਂ ਆਪਣੀ ਏਜੰਸੀ ਦੀ ਵਰਤੋਂ ਕਰਕੇ ਉਨ੍ਹਾਂ ਲੋਕਾਂ ਪਾਸੋਂ, ਪੈਸਾ ਕਢਵਾਉਣ ਜੋ ਟੈਕਸ ਅਦਾ ਨਹੀਂ ਕਰਨਾ ਚਾਹੁੰਦੇ। ਨਗਰਪਾਲਿਕਾ ਨੂੰ ਕਿਸੇ ਮੁਸ਼ਕਲ ਵਿਚ ਕਿਉਂ ਪਾਇਆ ਜਾਵੇ ? ਇਹੀ ਮੇਰਾ ਨੁਕਤਾ ਹੈ। ਮੈਂ ਬਾਕੀ ਦੀ ਕਿਸੇ ਚੀਜ਼ ਤੇ ਬਹਿਸ ਨਹੀਂ ਕਰਨਾ ਚਾਹੁੰਦਾ; ਮੈਨੂੰ ਪਰਵਾਹ ਨਹੀਂ। ਪਰ ਅਸਲ ਵਿਚ ਇਹੀ ਨੁਕਤਾ ਹੈ। ਕੀ ਬੰਬਈ ਦੀ ਸਰਕਾਰ ਨੂੰ ਆਗਿਆ ਦਿੱਤੀ ਜਾ ਸਕਦੀ ਹੈ ? ਕਿ ਉਹ ਬੰਬਈ ਨਗਰਪਾਲਿਕਾ ਨੂੰ ਅਜਿਹੇ ਕਾਰਨਾਂ ਕਰਕੇ ਮੁਸ਼ਕਲ ਵਿਚ ਪਾਵੇ ਜਿਨ੍ਹਾਂ ਲਈ ਨਗਰਪਾਲਿਕਾ ਜ਼ਿੰਮੇਵਾਰ ਨਹੀਂ ਹੈ ? ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਜੀਅ ਕਿਉਂ ਚੁਰਾਓ ? ਇਹ ਕਹਿਣਾ ਅਤਿਕਥਨੀ ਨਹੀਂ ਹੈ, ਅਤੇ ਮੈਨੂੰ ਇਹ ਆਖਣ ਵਿਚ ਕੋਈ ਝਿਜਕ ਨਹੀਂ, ਕਿ ਇਹ ਇਕ ਬਹੁਤ ਬੁਜ਼ਦਿਲੀ ਵਾਲਾ ਬਿਲ ਹੈ। ਜੇਕਰ ਤੁਸੀਂ ਕਹਿੰਦੇ ਹੋ ਕਿ ਤੁਹਾਡਾ ਟੈਕਸ ਹਰਮਨ ਪਿਆਰਾ ਹੈ ਤਾਂ ਤੁਸੀਂ ਇਸ ਨੂੰ ਇਕੱਠਾ ਕਰਨ ਦੀ ਜ਼ਿੰਮੇਵਾਰੀ ਤੋਂ ਜੀਅ ਕਿਉਂ ਚੁਰਾ ਰਹੇ ਹੋ ? ਤੁਸੀਂ ਸਾਰਾ ਬੋਝ ਨਗਰਪਾਲਿਕਾ ਤੇ ਕਿਉਂ ਪਾ ਰਹੇ ਹੋ ? ਤੁਸੀਂ ਉਨ੍ਹਾਂ ਦੇ ਸਾਧਨਾਂ ਦੀ ਵਰਤੋਂ ਕਿਉਂ ਕਰ ਰਹੇ ਹੋ ? ਉਸ ਦ੍ਰਿਸ਼ਟੀਕੋਣ ਤੋਂ ਨਿਸ਼ਚੇ ਹੀ ਮੇਰਾ ਵਿਚਾਰ ਹੈ ਕਿ ਇਹ ਬੁਜ਼ਦਿਲੀ ਵਾਲਾ ਬਿਲ ਹੈ ਜਿਸ ਦਾ ਸਮਰਥਨ ਨਹੀਂ ਕੀਤਾ ਜਾਣਾ ਚਾਹੀਦਾ।

3

ਸਿੱਖਿਆ ਲਈ ਗਰਾਂਟਾ *

ਡਾ.ਬੀ.ਆਰ.ਅੰਬੇਡਕਰ: ਪ੍ਰੈਜ਼ੀਡੈਂਟ ਸਾਹਿਬ, ਮੈਂ ਬਹੁਤ ਸਮਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਮੈਨੂੰ ਪਤਾ ਹੈ ਕਿ ਸਾਡੇ ਪਾਸ ਸਮਾਂ ਬਹੁਤ ਥੋੜ੍ਹਾ ਹੈ, ਫਿਰ ਵੀ ਮੈਂ ਮਾਨਯੋਗ ਸਿਖਿਆ ਮੰਤਰੀ ਦੇ ਵਿਚਾਰ ਹਿਤ ਕੁਝ ਨੁਕਤੇ ਪੇਸ਼ ਕਰਨਾ ਚਾਹੁੰਦਾ ਹਾਂ।

ਪਹਿਲਾ ਨੁਕਤਾ ਜੋ ਮੈਂ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਉਹ ਇਹ ਸਚਾਈ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਸਿਖਿਆ ਦੇਣ ਦੇ ਮਾਮਲੇ ਵਿਚ ਬਹੁਤ ਧੀਮੀ ਪ੍ਰਗਤੀ ਕਰ ਰਹੇ ਹਾਂ। ਸਿਖਿਆ ਦੀ ਪ੍ਰਗਤੀ ਬਾਰੇ ਭਾਰਤ ਸਰਕਾਰ ਦੁਆਰਾ ਹਾਲ ਹੀ ਵਿਚ ਜਾਰੀ ਕੀਤੀ ਗਈ ਰਿਪੋਰਟ ਬੜੀ ਭੈੜੀ ਰਾਇ ਪੇਸ਼ ਕਰਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੇਕਰ ਸਿਖਿਆ ਦੀ ਪ੍ਰਗਤੀ ਇਸੇ ਰਫ਼ਤਾਰ ਨਾਲ ਹੁੰਦੀ ਰਹੀ ਜਿਸ ਰਫ਼ਤਾਰ ਨਾਲ ਇਹ ਹੁਣ ਚਲ ਰਹੀ ਹੈ ਤਾਂ ਸਕੂਲ ਜਾਣ ਵਾਲੀ ਉਮਰ ਦੇ ਲੜਕਿਆਂ ਨੂੰ ਸਿਖਿਆ ਦੇਣ ਲਈ 40 ਸਾਲ ਅਤੇ ਲੜਕੀਆਂ ਨੂੰ ਸਿਖਿਆ ਦੇਣ ਲਈ 300 ਸਾਲ ਲੱਗ ਜਾਣਗੇ। ਸ੍ਰੀਮਾਨ ਜੀ, ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਸਦਨ ਦੇ ਵਿਚਾਰਨ ਵਾਸਤੇ ਇਹ ਇਕ ਬਹੁਤ ਧੁੰਦਲਾ -ਆਸਾਰ ਹੈ। ਜਿਸ ਦਿਨ ਮਾਨਯੋਗ ਵਿੱਤ ਮੈਂਬਰ ਨੇ ਆਪਣਾ ਬਜਟ ਪੇਸ਼ ਕੀਤਾ ਸੀ, ਸਾਨੂੰ ਦੱਸਿਆ ਸੀ ਕਿ ਸਾਲ 1921-1922 ਤੋਂ ਅੱਜ ਤੱਕ ਸਿਖਿਆ ਤੇ ਕੀਤਾ ਜਾਣ ਵਾਲਾ ਖ਼ਰਚਾ ਲਗਭਗ 39 ਲੱਖ ਰੁਪਏ ਵੱਧ ਗਿਆ ਹੈ। ਸ੍ਰੀਮਾਨ ਜੀ, ਜੇਕਰ ਅਸੀਂ ਸਿਖਿਆ ਤੇ ਵਧੇ ਹੋਏ ਖ਼ਰਚੇ ਦੀ ਰਕਮ ਅਤੇ ਸਕੂਲਾਂ ਵਿਚ ਵਧੀ ਬੱਚਿਆਂ ਦੀ ਗਿਣਤੀ ਦੇਖੀਏ ਤਾਂ ਮੈਂ ਦੇਖਦਾ ਹਾਂ ਕਿ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਸਿਖਿਆ ਦੇ ਖ਼ਰਚੇ ਵਿਚ ਵਾਧੇ ਬਰਾਬਰ ਨਹੀਂ ਹੈ। ਜੇਕਰ ਅਸੀਂ 1916-17 ਤੋਂ 1922-23 ਤੱਕ ਦੇ ਅੰਕੜੇ ਲਈਏ ਤਾਂ ਅਸੀਂ ਦੇਖਦੇ ਹਾਂ ਕਿ ਸਿਖਿਆ ਤੇ ਖ਼ਰਚੇ ਵਿਚ ਲਗਭਗ 100 ਪ੍ਰਤੀਸ਼ਤ ਵਾਧਾ ਹੋਇਆ ਹੈ, ਜਦ ਕਿ ਇਸੇ ਸਮੇਂ ਦੇ ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਿਚ ਕੇਵਲ 29 ਪ੍ਰਤੀਸ਼ਤ ਵਾਧਾ ਹੋਇਆ ਹੈ। ਸ੍ਰੀ ਮਾਨ ਜੀ, ਮੈਨੂੰ ਪਤਾ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਪੈਸੇ ਦੀ ਬੜੀ ਕਿੱਲਤ ਹੈ, ਅਤੇ ਅਸੀਂ ਇਸ ਸਮੇਂ ਇਸ ਸਥਿਤੀ ਵਿਚ ਨਹੀਂ ਹਾਂ ਕਿ ਸਿਖਿਆ ਵਿਚ ਤੇਜ਼ ਰਫਤਾਰ ਨਾਲ ਵਾਧਾ ਕਰਨ ਲਈ ਆਖੀਏ, ਪਰ ਅਸੀਂ ਨਿਸ਼ਚੇ ਹੀ ਇਕ ਚੀਜ਼ ਵਾਸਤੇ ਵਕਾਲਤ ਕਰ ਸਕਦੇ ਹਾਂ। ਸਾਡੀ ਇਸ ਪ੍ਰੈਜ਼ੀਡੈਂਸੀ ਵਿਚ ਦੋ ਵਿਭਾਗ ਅਜਿਹੇ ਹਨ, ਜੇਕਰ ਮੈਂ ਇਹ ਆਖਾਂ, ਜੋ ਦੋ ਪ੍ਰਸਪਰ ਵਿਰੋਧੀ ਉਦੇਸ਼ਾਂ ਲਈ ਕੰਮ ਕਰ ਰਹੇ

---

* ਬੰਬਈ ਵਿਧਾਨ ਪ੍ਰਸ਼ੀਦ ਡਿਬੇਟਸ, ਜਿਲਦ XIX ਛਪੇ ਹੋਏ ਪੰਨੇ 971-76, ਮਿਤੀ 12 ਮਾਰਚ,1927

ਹਨ। ਇਸ ਪਾਸੇ ਸਿਖਿਆ ਵਿਭਾਗ ਹੈ ਜਿਸ ਦਾ ਉਦੇਸ਼ ਲੋਕਾਂ ਨੂੰ ਸਦਾਚਾਰੀ ਅਤੇ ਸਮਾਜੀ ਬਣਾਉਣਾ ਹੈ। ਦੂਜੇ ਪਾਸੇ ਸਾਡੇ ਕੋਲ ਆਬਾਕਾਰੀ ਵਿਭਾਗ ਹੈ ਜੋ ਕੰਮ ਕਰ ਰਿਹਾ ਹੈ। ਸ੍ਰੀਮਾਨ ਜੀ, ਮੇਰਾ ਵਿਚਾਰ ਹੈ ਕਿ ਜੇਕਰ ਮੈਂ ਇਸ ਗੱਲ ਦੇ ਪੱਖ ਵਿਚ ਸਫ਼ਾਈ ਪੇਸ਼ ਕਰਾਂ ਕਿ ਜਿੰਨੀ ਰਕਮ ਅਸੀਂ ਲੋਕਾਂ ਪਾਸੋਂ ਆਬਕਾਰੀ ਮਾਲੀਏ ਦੇ ਰੂਪ ਵਿਚ ਇਕੱਠੀ ਕਰਦੇ ਹਾਂ, ਸਾਨੂੰ ਘੱਟ ਤੋਂ ਘੱਟ ਉਸ ਦੇ ਬਰਾਬਰ ਦੀ ਰਕਮ ਸਿਖਿਆ ਤੇ ਖ਼ਰਚ ਕਰਨੀ ਚਾਹੀਦੀ ਹੈ ਤਾਂ ਇਹ ਬਹੁਤੀ ਵੱਡੀ ਮੰਗ ਨਹੀਂ ਹੋਵੇਗੀ। ਇਸ ਪ੍ਰੈਜ਼ੀਡੈਂਸੀ ਵਿਚ ਹਰ ਇਕ ਆਦਮੀ ਦੀ ਸਿਖਿਆ ਤੇ ਅਸੀਂ ਕੇਵਲ 14 ਆਨੇ ਖ਼ਰਚ ਕਰਦੇ ਹਾਂ ਪਰ ਆਬਕਾਰੀ ਮਾਲੀਏ ਦੇ ਰੂਪ ਵਿਚ ਅਸੀਂ 2-2-9(2.17 ਰੁ.) ਵਸੂਲ ਕਰਦੇ ਹਾਂ। ਮੇਰਾ ਵਿਚਾਰ ਹੈ ਕਿ ਸਿਖਿਆ ਤੇ ਅਸੀਂ ਖ਼ਰਚੇ ਨੂੰ ਇਸ ਤਰ੍ਹਾਂ ਤਰਤੀਬ ਦੇਈਏ ਕਿ ਅਸੀਂ ਲੋਕਾਂ ਪਾਸੋਂ ਜਿੰਨੀ ਰਕਮ ਆਬਕਾਰੀ ਦੇ ਰੂਪ ਵਿਚ ਵਸੂਲ ਕਰੀਏ ਉੱਨੀ ਹੀ ਰਕਮ ਅਸੀਂ ਉਨ੍ਹਾਂ ਦੀ ਸਿਖਿਆ ਤੇ ਖ਼ਰਚ ਕਰੀਏ।

ਇਕ ਹੋਰ ਗੱਲ ਜੋ ਲਗਭਗ ਇਸ ਦੇ ਬਰਾਬਰ ਹੀ ਹੈ ਅਤੇ ਜਿਸ ਵੱਲ ਮੈਂ ਆਪਣੇ ਮਾਨਯੋਗ ਦੋਸਤ ਸਿਖਿਆ ਮੰਤਰੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ ਸਮੇਂ ਜਿਹੜੀ ਰਕਮ ਅਸੀਂ ਪ੍ਰਾਇਮਰੀ ਸਿਖਿਆ ਤੇ ਖ਼ਰਚ ਕਰ ਰਹੇ ਹਾਂ, ਅਸਲ ਵਿਚ ਵਧੇਰੇ ਕਰਕੇ ਬੇਕਾਰ ਜਾਂਦੀ ਹੈ। ਪ੍ਰਾਇਮਰੀ ਸਿਖਿਆ ਦਾ ਉਦੇਸ਼ ਇਹ ਦੇਖਣਾ ਹੈ ਕਿ ਹਰ ਇਕ ਬੱਚਾ ਜੋ ਪ੍ਰਾਇਮਰੀ ਸਕੂਲ ਦੇ ਦਰਵਾਜ਼ੇ ਵਿਚ ਦਾਖ਼ਲ ਹੁੰਦਾ ਹੈ ਉਸ ਵੇਲੇ ਹੀ ਇਸ ਤੋਂ ਬਾਹਰ ਜਾਵੇ ਜਦੋਂ ਉਹ ਪੜ੍ਹ ਲਿਖ ਜਾਵੇ ਅਤੇ ਆਪਣੀ ਬਾਕੀ ਦੀ ਸਾਰੀ ਉਮਰ ਪੜ੍ਹਦਾ ਰਹੇ। ਪਰ ਜੇਕਰ ਅਸੀਂ ਅੰਕੜੇ ਇਕੱਠੇ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਪ੍ਰਾਇਮਰੀ ਸਕੂਲ ਵਿਚ ਦਾਖਲ ਹੋਣ ਵਾਲੇ ਹਰ ਸੌ ਬੱਚਿਆਂ ਵਿਚੋਂ ਕੇਵਲ 18 ਬੱਚੇ ਚੌਥੀ ਜਮਾਤ ਤਕ ਅੱਪੜਦੇ ਹਨ ਅਤੇ ਬਾਕੀ ਦੇ ਅਰਥਾਤ 100 ਵਿਚੋਂ 82 ਬੱਚੇ ਮੁੜ ਅਨਪੜ੍ਹਤਾ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਹਾਲਾਤ ਦਾ ਇਲਾਜ ਕੀ ਹੈ ? ਸ੍ਰੀਮਾਨ ਜੀ, ਮੇਰਾ ਖ਼ਿਆਲ ਹੈ ਕਿ ਸਿਖਿਆ ਦੀ ਸਮੀਖਿਆ ਬਾਰੇ ਭਾਰਤ ਸਰਕਾਰ ਦੁਆਰਾ ਆਪਣੀ ਰਿਪੋਰਟ ਵਿਚ ਕੀਤੀਆਂ ਟਿਪਣੀਆਂ ਬਿਨਾਂ ਕਿਸੇ ਸਫ਼ਾਈ ਦੇ ਇਸ ਸਦਨ ਵਿਚ ਪੜ੍ਹੀਆਂ ਜਾ ਸਕਦੀਆਂ ਹਨ। ਰਿਪੋਰਟ ਵਿਚ ਲਿਖਿਆ ਹੈ:--

"ਸਿਖਿਆ ਦੇਣ ਲਈ ਕੀਤੇ ਗਏ ਉਪਰਾਲੇ ਵਿਚ ਬਹੁਤ ਪੈਸਾ ਫ਼ਜ਼ੂਲ ਜ਼ਾਇਆ ਹੁੰਦਾ ਹੈ ਅਤੇ ਬਹੁਤ ਸਾਰੇ ਸਿਖਿਆ ਸ਼ਾਸਤਰੀਆਂ ਦੀ ਇਹ ਰਾਇ ਹੈ ਕਿ ਭਾਰਤ ਵਿਚ ਸਿਖਿਆ ਦੇਣ ਦੇ ਇਸ ਉਪਰਾਲੇ ਵਿਚ ਪੈਸਾ ਫ਼ਜ਼ੂਲ ਜ਼ਾਇਆ ਹੋਣ ਦੀ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਬਲਕਿ ਇਕ ਮਜਬੂਰੀ ਹੈ। ਸਿਖਿਆ ਫ਼ੰਡਾਂ ਦੇ ਸਮਾਨਾਂਤਰ ਫ਼ਜ਼ੂਲ ਖ਼ਰਚੀ ਗਈ ਪੂਰੀ ਸ਼ਕਤੀ ਦਾ ਲਗਭਗ ਪੰਜਾਹ ਪ੍ਰਤੀਸ਼ਤ ਹੈ।"

ਇਸ ਲਈ ਮੈਂ ਮਾਨਯੋਗ ਸਿਖਿਆ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਪ੍ਰਾਇਮਰੀ ਸਿਖਿਆ ਤੇ ਵਧੇਰੇ ਪੈਸਾ ਖ਼ਰਚ ਕੀਤਾ ਜਾਵੇ, ਜੇਕਰ ਹੋਰ ਕਿਸੇ ਮੰਤਵ ਲਈ ਨਹੀਂ ਤਾਂ ਘੱਟ

ਤੋਂ ਘੱਟ ਇਹ ਦੇਖਣ ਦੇ ਮੰਤਵ ਲਈ ਕਿ ਜੋ ਪੈਸਾ ਉਚ ਖ਼ਰਚ ਕਰਨ, ਅੰਤ ਵਿਚ ਉਸ ਦਾ ਕੁਝ ਫਲ ਜ਼ਰੂਰ ਮਿਲੇ। ਸ੍ਰੀਮਾਨ ਜੀ, ਇਹ ਦਲੀਲ ਉਸ ਨਾਲੋਂ ਬਹੁਤੀ ਵੱਖਰੀ ਨਹੀਂ ਹੈ ਜੋ ਬੈਕ ਬੇ ਸੁਧਾਰਾਂ(back bahrelamations)ਦੇ ਮਾਮਲੇ ਵਿਚ ਸਰਕਾਰੀ ਬੈਂਚਾਂ ਵਲੋਂ ਦਿੱਤੀ ਗਈ ਸੀ। ਸਾਡੇ ਤੇ ਇਹ ਜ਼ੋਰ ਪਾਇਆ ਗਿਆ ਸੀ ਕਿ ਅਸੀਂ ਬੈਕ ਬੇ ਤੇ ਵੱਧ ਪੈਸਾ ਖ਼ਰਚ ਕਰੀਏ ਕਿਉਂਕਿ ਸਾਨੂੰ ਕਿਹਾ ਗਿਆ ਸੀ ਕਿ ਜੇਕਰ ਅਸੀਂ ਬਕ ਬੇ ਤੇ ਜ਼ਿਆਦਾ ਪੈਸਾ ਖ਼ਰਚ ਨਾ ਕੀਤਾ ਤਾਂ ਜੋ ਕੁੱਝ ਵੀ ਅਸੀਂ ਖ਼ਰਚ ਕੀਤਾ ਹੈ ਉਹ ਨਿਰਾ ਨੁਕਸਾਨ ਹੀ ਹੋਵੇਗਾ। ਮੇਰਾ ਵਿਚਾਰ ਹੈ ਕਿ ਇਸ ਕੇਸ ਵਿਚ ਵੀ ਉਹੀ ਦਲੀਲ ਇਸਤੇਮਾਲ ਕੀਤੀ ਜਾ ਸਕਦੀ ਹੈ, ਅਤੇ ਅਸੀਂ ਕਹਿ ਸਕਦੇ ਹਾਂ ਕਿ ਜਦ ਤਕ ਅਸੀਂ ਇਹ ਦੇਖਣ ਲਈ ਕਿ ਹਰ ਇਕ ਬੱਚਾ ਜੋ ਸਕੂਲ ਵਿਚ ਦਾਖ਼ਲ ਹੁੰਦਾ ਹੈ ਉਹ ਚੌਥੀ ਜਮਾਤ ਤੱਕ ਪਹੁੰਚ ਜਾਵੇ, ਵੱਧ ਪੈਸਾ ਖ਼ਰਚ ਨਹੀਂ ਕਰਦੇ, ਉਦੋਂ ਤੱਕ ਉਸ ਤੇ ਪਹਿਲਾਂ ਖ਼ਰਚੇ ਹੋਏ ਪੈਸੇ ਦਾ ਕੋਈ ਵੀ ਅਰਥ ਨਹੀਂ ਹੋਵੇਗਾ।

ਸ੍ਰੀਮਾਨ ਜੀ, ਤੀਜੀ ਗੱਲ ਜਿਸ ਵੱਲ ਮੈਂ ਮਾਨਯੋਗ ਸਿਖਿਆ ਮੰਤਰੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਇਹ ਹੈ: ਉਨ੍ਹਾਂ ਅੰਕੜਿਆਂ ਨੂੰ ਘੋਖਦਿਆਂ, ਜਿਨ੍ਹਾਂ ਤੋਂ ਸਾਨੂੰ ਇਹ ਪਤਾ ਲੱਗਦਾ ਹੈ ਕਿ ਅਸੀਂ ਇਸ ਪ੍ਰੈਜ਼ੀਡੈਂਸੀ ਵਿਚ ਸਿਖਿਆ ਤੇ ਪੈਸਾ ਕਿਸ ਢੰਗ ਨਾਲ ਖ਼ਰਚ ਕਰਦੇ ਹਾਂ, ਮੈਂ ਦੇਖਦਾ ਹਾਂ ਕਿ ਆਰਟਸ ਕਾਲਜਾਂ ਤੇ ਸਾਡੇ ਵਲੋਂ ਕੀਤੇ ਜਾਂਦੇ ਕੁੱਲ ਖ਼ਰਚੇ ਵਿਚੋਂ ਲਗਭਗ 36 ਪ੍ਰਤੀਸ਼ਤ ਫ਼ੀਸਾਂ ਵਿਚੋਂ ਦਿੱਤਾ ਜਾਂਦਾ ਹੈ; ਹਾਈ ਸਕੂਲਾਂ ਤੇ ਕੀਤੇ ਜਾਂਦੇ ਖ਼ਰਚੇ ਵਿਚੋਂ ਲਗਭਗ 31 ਪ੍ਰਤੀਸ਼ਤ ਫ਼ੀਸਾਂ ਵਿਚੋਂ ਦਿੱਤਾ ਜਾਂਦਾ ਹੈ; ਮਿਡਲ ਸਕੂਲਾਂ ਤੇ ਸਾਡੇ ਵਲੋਂ ਕੀਤੇ ਜਾਂਦੇ ਖ਼ਰਚੇ ਵਿਚੋਂ ਤਕਰੀਬਨ 26 ਪ੍ਰਤੀਸ਼ਤ ਫ਼ੀਸਾਂ ਵਿਚੋਂ ਲਿਆ ਜਾਂਦਾ ਹੈ। ਸ੍ਰੀਮਾਨ ਜੀ ਮੇਰੀ ਬੇਨਤੀ ਹੈ ਕਿ ਇਹ ਸਿਖਿਆ ਦਾ ਵਪਾਰੀਕਰਨ ਹੈ। ਸਿਖਿਆ ਇਕ ਅਜਿਹੀ ਚੀਜ਼ ਹੈ ਜਿਹੜੀ ਹਰ ਇਕ ਦੀ ਪਹੁੰਚ ਦੇ ਅੰਦਰ ਹੋਣੀ ਚਾਹੀਦੀ ਹੈ। ਸਿਖਿਆ ਵਿਭਾਗ ਇਕ ਅਜਿਹਾ ਵਿਭਾਗ ਨਹੀਂ ਹੈ ਜਿਸ ਨੂੰ ਮੁਆਵਜ਼ੇ ਦੇ ਆਧਾਰ ਤੇ ਸਮਝਿਆ ਜਾਵੇ। ਸਿਖਿਆ ਹਰ ਸੰਭਵ ਢੰਗ ਨਾਲ ਅਤੇ ਵੱਧ ਤੋਂ ਵੱਧ ਸੰਭਵ ਹੱਦ ਤੱਕ ਸਸਤੀ ਹੋਣੀ ਚਾਹੀਦੀ ਹੈ। ਮੈਂ ਇਸ ਦਲੀਲ ਤੇ ਇਸ ਕਰਕੇ ਜ਼ੋਰ ਦੇ ਰਿਹਾ ਹਾਂ ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਉਸ ਪੜਾਅ ਤੇ ਪਹੁੰਚ ਰਹੇ ਹਾਂ ਜਦੋਂ ਸਮਾਜ ਦੇ ਹੇਠਲੇ ਵਰਗ ਹਾਈ ਸਕੂਲਾਂ, ਮਿਡਲ ਸਕੂਲਾਂ ਅਤੇ ਕਾਲਜਾਂ ਵਿਚ ਦਾਖ਼ਲ ਹੋ ਰਹੇ ਹਨ ਅਤੇ ਇਸ ਵਿਭਾਗ ਦੀ ਨੀਤੀ, ਉਚੇਰੀ ਸਿਖਿਆ ਨੂੰ ਹੇਠਲੇ ਵਰਗਾਂ ਲਈ ਇੰਨਾ ਸਸਤਾ ਬਣਾਉਣ ਦੀ ਹੋਣੀ ਚਾਹੀਦੀ ਹੈ ਜਿੰਨਾ ਵੀ ਇਸ ਨੂੰ ਸਸਤਾ ਬਣਾਉਣਾ ਸੰਭਵ ਹੋਵੇ। ਇਸ ਲਈ ਮੈਂ ਮਾਣਯੋਗ ਸਿਖਿਆ ਮੰਤਰੀ ਦਾ ਧਿਆਨ ਇਸ ਪ੍ਰੈਜ਼ੀਡੈਂਸੀ ਵਿਚ ਸਿਖਿਆ ਦੇਣ ਦੇ ਮੰਤਵ ਲਈ ਇਸ ਸਪਸ਼ਟ ਤੱਥ ਵੱਲ ਦਿਵਾਉਣਾ ਚਾਹੁੰਦਾ ਹਾਂ।

ਸ੍ਰੀਮਾਨ ਜੀ, ਚੌਥਾ ਨੁਕਤਾ ਜੋ ਮੈਂ ਆਪਣੇ ਮਾਣਯੋਗ ਦੋਸਤ ਸਿਖਿਆ ਮੰਤਰੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਇਹ ਉਹ ਹੈ: ਇਸ ਪ੍ਰੈਜ਼ੀਡੈਂਸੀ ਵਿਚ ਸਿਖਿਆ ਦੀ ਤੁਲਨਾਤਮਕ ਪ੍ਰਗਤੀ ਵਿਚ ਵੱਖ ਵੱਖ ਵਰਗਾਂ ਵਿਚ ਵੱਡਾ ਅੰਤਰ ਹੈ ਪਰੰਤੂ ਉਸ ਬਾਰੇ

ਕਹਿਣ ਤੋਂ ਪਹਿਲਾਂ, ਮੈਂ ਇਕ ਤੱਥ ਬਿਆਨ ਕਰਨਾ ਚਾਹੁੰਦਾ ਹਾਂ। ਅਰਥਾਤ, ਇਸ ਪ੍ਰੈਜ਼ੀਡੈਂਸੀ ਦੀ ਮਰਦਮਸ਼ੁਮਾਰੀ ਬਾਰੇ ਰਿਪੋਰਟ ਵਿਚ ਸਿਖਿਆ ਦੇ ਮਾਮਲੇ ਵਿੱਚ ਵਖ ਵਖ ਫ਼ਿਰਕਿਆਂ ਦੀ ਪ੍ਰਗਤੀ ਦੀ ਤੁਲਨਾ ਵਾਸਤੇ ਸਾਰੀ ਆਬਾਦੀ ਨੂੰ ਚਾਰ ਵੱਖ ਵੱਖ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ। ਪਹਿਲੀ ਸ਼੍ਰੇਣੀ ਨੂੰ "ਉਨਤ ਹਿੰਦੂ" ਕਿਹਾ ਜਾਂਦਾ ਹੈ ਅਤੇ ਇਨ੍ਹਾਂ ਵਿਚ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਰਾਜਸੀ ਮਨੋਰਥਾਂ ਲਈ ਗ਼ੈਰ-ਬ੍ਰਾਹਮਣ ਅਰਥਾਤ ਮਰਾਠੇ ਅਤੇ ਸਮਵਰਗੀ ਜਾਤਾਂ ਕਿਹਾ ਜਾਂਦਾ ਹੈ।

ਇਕ ਤੀਜੀ ਸ਼੍ਰੇਣੀ ਹੈ, ਜਿਸ ਨੂੰ ਪੱਛੜੀਆਂ ਸ਼੍ਰੇਣੀਆਂ ਕਿਹਾ -ਜਾਂਦਾ ਹੈ। ਇਸ ਵਿਚ ਦਲਿਤ ਸ਼੍ਰੇਣੀਆਂ, ਪਹਾੜੀ ਕਬੀਲੇ ਅਤੇ ਅਪਰਾਧੀ ਕਬੀਲੇ ਸ਼ਾਮਲ ਹਨ। ਫਿਰ ਸਾਡੇ ਪਾਸ ਚੌਥੀ ਸ਼੍ਰੇਣੀ ਹੈ, ਜਿਸ ਵਿਚ ਮੁਸਲਮਾਨ ਆਉਂਦੇ ਹਨ। ਇਨ੍ਹਾਂ ਵੱਖ ਵੱਖ ਫ਼ਿਰਕਿਆਂ ਦੀ ਤੁਲਨਾਤਮਕ ਪ੍ਰਗਤੀ ਵਿਚ ਬਹੁਤ ਅੰਤਰ ਹੈ। ਜੇਕਰ ਲੋਕਾਂ ਦੀਆਂ ਇਨ੍ਹਾਂ ਸ਼੍ਰੇਣੀਆਂ ਦੀ, ਆਬਾਦੀ ਦੇ ਹਿਸਾਬ ਨਾਲ ਅਤੇ ਸਿਖਿਆ ਦੀ ਪ੍ਰਗਤੀ ਦੇ ਹਿਸਾਬ ਨਾਲ ਤੁਲਨਾ ਕਰੀਏ ਤਾਂ ਸਾਨੂੰ ਕੀ ਮਿਲਦਾ ਹੈ ? ਮੈਨੂੰ ਪਤਾ ਲਗਦਾ ਹੈ ਕਿ ਮੱਧ ਵਰਗ, ਅਰਥਾਤ ਗ਼ੈਰ-ਬ੍ਰਾਹਮਣ, ਜੋ ਆਬਾਦੀ ਦੇ ਆਧਾਰ ਤੇ ਪਹਿਲੇ ਨੰਬਰ ਤੇ ਹਨ, ਕਾਲਜ ਦੀ ਸਿਖਿਆ ਵਿਚ ਤੀਜੇ ਨੰਬਰ ਤੇ, ਸੈਕੰਡਰੀ ਸਿਖਿਆ ਵਿਚ ਤੀਜੇ ਨੰਬਰ ਤੇ ਅਤੇ ਪ੍ਰਾਇਮਰੀ ਸਿਖਿਆ ਵਿਚ ਵੀ ਤੀਜੇ ਨੰਬਰ ਤੇ ਹਨ। ਪੱਛੜੀਆਂ ਹੋਈਆਂ ਸ਼੍ਰੇਣੀਆਂ ਜੋ ਆਬਾਦੀ ਦੇ ਹਿਸਾਬ ਨਾਲ ਦੂਜੇ ਨੰਬਰ ਤੇ ਹਨ, ਕਾਲਜ ਦੀ ਸਿਖਿਆ ਵਿਚ ਚੌਥੇ ਨੰਬਰ ਤੇ, ਸੈਕੰਡਰੀ ਸਿਖਿਆ ਵਿਚ ਵੀ ਚੌਥੇ ਨੰਬਰ ਤੇ ਅਤੇ ਪ੍ਰਾਇਮਰੀ ਸਿਖਿਆ ਵਿਚ ਚੌਥੇ ਨੰਬਰ ਤੇ ਹਨ। ਮੁਸਲਮਾਨ, ਜੋ ਆਬਾਦੀ ਦੇ ਮਬੁਤਾਬਕ ਤੀਜੇ ਨੰਬਰ ਤੇ ਹਨ, ਉਹ ਕਾਲਜ ਦੀ ਸਿਖਿਆ ਵਿਚ ਦੂਜੇ ਨੰਬਰ ਤੇ, ਸੈਕੰਡਰੀ ਸਿਖਿਆ ਵਿਚ ਦੂਜੇ ਨੰਬਰ ਤੇ ਪ੍ਰਾਇਮਰੀ ਸਿਖਿਆ ਵਿਚ ਦੂਜੇ ਨੰਬਰ ਤੇ ਹਨ। ਉੱਨਤ ਹਿੰਦੂ ਜੋ ਆਬਾਦੀ ਅਨੁਸਾਰ ਚੌਥੇ ਨੰਬਰ ਤੇ ਹਨ, ਉਹ ਕਾਲਜ ਦੀ ਸਿਖਿਆ ਵਿਚ ਪਹਿਲੇ ਨੰਬਰ ਤੇ, ਸੈਕੰਡਰੀ ਸਿਖਿਆ ਵਿਚ ਪਹਿਲੇ ਨੰਬਰ ਤੇ ਅਤੇ ਪ੍ਰਾਇਮਰੀ ਸਿਖਿਆ ਵਿਚ ਪਹਿਲੇ ਨੰਬਰ ਤੇ ਹਨ। ਸ੍ਰੀਮਾਨ ਜੀ, ਮੈਂ ਵੱਖ ਵੱਖ ਫ਼ਿਰਕਿਆਂ ਦੀ ਸਿਖਿਆ ਦੀ ਪ੍ਰਗਤੀ ਵਿਚ ਤੁਲਨਾਤਮਕ ਅੰਤਰ ਬਾਰੇ ਵਿਚਾਰ ਦਿਤਾ ਹੈ। ਪਰ ਅੰਕੜਿਆਂ ਤੋਂ ਸਾਨੂੰ ਆਪਣੀ ਪ੍ਰੈਜ਼ੀਡੈਂਸੀ ਵਿਚ ਵੱਖ ਵੱਖ ਫ਼ਿਰਕਿਆਂ ਦੀ ਪ੍ਰਗਤੀ ਦੇ ਅੰਤਰ ਦੀ ਹੱਦ ਦਾ ਪਤਾ ਨਹੀਂ ਲਗਦਾ। ਇਸ ਲਈ ਮੈਂ ਹੇਠ ਲਿਖੇ ਅੰਕੜੇ ਮਾਨਯੋਗ ਸਿਖਿਆ ਮੰਤਰੀ ਦੁਆਰਾ ਗੰਭੀਰਤਾ ਨਾਲ ਵਿਚਾਰ ਕੀਤੇ ਜਾਣ ਲਈ ਪੇਸ਼ ਕਰਦਾ ਹਾਂ। ਪ੍ਰਾਇਮਰੀ ਸਿਖਿਆ ਨੂੰ ਪਹਿਲਾਂ ਲੈਂਦੇ ਹੋਏ, ਅਸੀਂ ਦੇਖਦੇ ਹਾਂ ਕਿ ਇਹ ਇਸ ਤਰ੍ਹਾਂ ਹੈ:

ਉੱਨਤ ਹਿੰਦੂ	ਆਪਣੀ ਪ੍ਰਤੀ 1000 ਆਬਾਦੀ ਪਿਛੇ 119 ਵਿਦਿਆਰਥੀ
ਮੁਸਲਮਾਨ	ਆਪਣੀ ਪ੍ਰਤੀ 1000 ਆਬਾਦੀ ਪਿਛੇ 92 ਵਿਦਿਆਰਥੀ
ਮੱਧ ਵਰਗ	ਆਪਣੀ ਪ੍ਰਤੀ 1000 ਆਬਾਦੀ ਪਿਛੇ 38 ਵਿਦਿਆਰਥੀ

ਪੱਛੜੀਆਂ ਸ਼੍ਰੇਣੀਆਂ ..... ਆਪਣੀ ਪ੍ਰਤੀ 1000 ਆਬਾਦੀ ਪਿਛੇ 18 ਵਿਦਿਆਰਥੀ

ਇਹ ਪ੍ਰਾਇਮਰੀ ਸਿਖਿਆ ਦੀ ਹਾਲਤ ਹੈ। ਸੈਕੰਡਰੀ ਸਿਖਿਆ ਵੱਲ ਆਉਂਦੇ ਹੋਏ, ਅਸੀਂ ਦੇਖਦੇ ਹਾਂ:

ਉਨਤ ਹਿੰਦੂ ..... ਆਪਣੀ ਇਕ ਲੱਖ ਦੀ ਆਬਾਦੀ ਪਿਛੇ 3,000

ਮੁਸਲਮਾਨ ..... ਆਪਣੀ ਇਕ ਲੱਖ ਦੀ ਆਬਾਦੀ ਪਿਛੇ 5,00

ਮੱਧ ਵਰਗ ..... ਆਪਣੀ ਇਕ ਲੱਖ ਦੀ ਆਬਾਦੀ ਪਿਛੇ 140

ਪੱਛੜੀਆਂ ਸ਼੍ਰੇਣੀਆਂ 14

ਇਹ ਸੈਕੰਡਰੀ ਸਿਖਿਆ ਦੀ ਹਾਲਤ ਹੈ। ਹੁਣ ਕਾਲਜ ਦੀ ਸਿਖਿਆ ਵੱਲ ਆਉਂਦੇ ਹੋਏ, ਅਸੀਂ ਦੇਖਦੇ ਹਾਂ:

ਉਨਤ ਹਿੰਦੂ ..... ਆਪਣੀ ਦੋ ਲੱਖ ਦੀ ਆਬਾਦੀ ਪਿਛੇ 1000

ਮੁਸਲਮਾਨ ..... ਆਪਣੀ ਦੋ ਲੱਖ ਦੀ ਆਬਾਦੀ ਪਿਛੇ 52

ਮੱਧ ਵਰਗ ਆਪਣੀ ਦੋ ਲੱਖ ਦੀ ਆਬਾਦੀ ਪਿਛੇ 14

ਪੱਛੜੀਆਂ ਸ਼੍ਰੇਣੀਆਂ ਆਪਣੀ ਦੋ ਲੱਖ ਦੀ ਆਬਾਦੀ ਪਿਛੇ ਕੋਈ ਨਹੀਂ(ਜਾਂ ਜੇਕਰ ਕੋਈ ਹੋਵੇ ਤਾਂ ਇਕ)

ਜਿੱਥੋਂ ਤੱਕ ਕਾਲਜ ਦੀ ਸਿਖਿਆ ਦਾ ਸਬੰਧ ਹੈ, ਪੱਛੜੀਆਂ ਸ਼੍ਰੇਣੀਆਂ ਦੀ ਇਹ ਹਾਲਤ ਹੈ ਜਦ ਕਿ ਉਨ੍ਹਾਂ ਦੀ ਕੁੱਲ ਆਬਾਦੀ ਸਾਢੇ ਸੈਂਤੀ ਲੱਖ ਹੈ। ਸ੍ਰੀਮਾਨ ਜੀ, ਇਨ੍ਹਾਂ ਅੰਕੜਿਆਂ ਤੋਂ ਨਿਰਣਾਂ ਇਕ ਰੂਪ ਵਿਚ ਦੋ ਚੀਜ਼ਾਂ ਦਾ ਪਤਾ ਲਗਦਾ ਹੈ। ਇਕ ਇਹ, ਕਿ ਵੱਖ ਵੱਖ ਫ਼ਿਰਕੇ ਸਿਖਿਆ ਦੇ ਮਾਮਲੇ ਵਿਚ ਬਰਾਬਰ ਨਹੀਂ ਹਨ। ਇਨ੍ਹਾਂ ਤੋਂ ਇਕ ਹੋਰ ਚੀਜ਼ ਦਾ ਵੀ ਪਤਾ ਲਗਦਾ ਹੈ ਜਿਸ ਵੱਲ ਮੈਂ ਮਾਨਯੋਗ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਅਰਥਾਤ, ਮੁਸਲਮਾਨ ਸਿਖਿਆ ਦੇ ਮਾਮਲੇ ਵਿਚ ਕਾਫ਼ੀ ਅੱਗੇ ਵੱਧ ਗਏ ਹਨ। ਸ੍ਰੀਮਾਨ ਜੀ, ਇਹ ਫ਼ਰਜ਼ੀ ਬਿਆਨ ਨਹੀਂ ਹੈ। ਜੋ ਅੰਕੜੇ ਮੈਂ ਇਸ ਮਾਨਯੋਗ ਸਦਨ ਨੂੰ ਦਿਤੇ ਹਨ ਉਹ ਬੰਬਈ ਦੇ ਡਾਇਰੈਕਟਰ, ਸਿਖਿਆ ਵਿਭਾਗ, ਦੀ ਸਾਲ 1923-24 ਦੀ ਰਿਪੋਰਟ ਤੋਂ ਲਏ ਹਨ, ਅਤੇ ਇਸ ਦਲੀਲ ਦੇ ਸਮਰਥਨ ਵਿਚ ਮੈਂ ਸਰ ਇਬਰਾਹੀਮ ਰਹੀਮਤੁੱਲਾ ਵਰਗੀ ਹਸਤੀ ਦੁਆਰਾ ਪ੍ਰਗਟਾਈ ਗਈ ਰਾਇ ਦਾ ਹਵਾਲਾ ਦਿੰਦਾ ਹਾਂ ਜਿਨ੍ਹਾਂ ਨੇ ਇਹ ਸ਼ਬਦ ਮੁਸਲਮਾਨ ਕਾਨਫ਼ਰੰਸ ਦੀ ਪ੍ਰਧਾਨਗੀ ਕਰਦੇ ਹੋਏ ਆਖੇ ਹਨ। ਇਹ ਚੇਤੇ ਰੱਖਿਆ ਜਾਵੇ ਕਿ ਮੈਂ ਇਹ ਬਿਆਨ ਕਿਸੇ ਨੁਕਤਾਚੀਨੀ ਦੀ ਭਾਵਨਾ ਨਾਲ ਨਹੀਂ ਦੇ ਰਿਹਾ ਅਤੇ ਨਾ ਹੀ ਸਰਕਾਰ ਵਲੋਂ ਮੁਸਲਮਾਨਾਂ ਨੂੰ ਸਿਖਿਆ ਦੇਣ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਪ੍ਰਤੀ ਮੇਨੂੰ ਕੋਈ ਦੋਖ ਹੈ। ਮੈਂ ਇਥੇ ਇਸ ਗੱਲ ਤੇ ਜ਼ੋਰ ਦਿੰਦਾ ਹਾਂ ਕਿ ਇਸ ਦੇਸ ਵਿਚ ਕਈ ਵੱਖ ਵੱਖ ਫ਼ਿਰਕੇ ਹਨ। ਇਹ ਸਾਰੇ ਫ਼ਿਰਕੇ ਆਪਣੇ ਰੁਤਬੇ ਅਤੇ ਵਿਕਾਸ ਵਿਚ ਬਰਾਬਰ ਨਹੀਂ ਹਨ। ਜੇਕਰ ਉਨ੍ਹਾਂ ਨੂੰ ਸਮਾਨਤਾ ਦੀ ਪੱਧਰ ਤੇ ਲਿਆਂਦਾ ਜਾਣਾ ਹੈ ਤਾਂ ਇਕੋ ਇਲਾਜ ਕਰਨਾ ਪੈਣਾ ਹੈ ਅਤੇ ਉਹ ਹੈ-ਅਸਮਾਨਤਾ ਦਾ ਸਿਧਾਂਤ ਅਪਣਾਉਣਾ ਅਤੇ ਜੋ ਪੱਧਰ ਤੋਂ ਥੱਲੇ

ਹਨ ਉਨ੍ਹਾਂ ਨਾਲ ਤਰਫ਼ਦਾਰੀ ਵਾਲਾ ਵਰਤਾਉ ਕਰਨਾ। ਮੈਂ ਜਾਣਦਾ ਹਾਂ, ਕੁਝ ਵਿਅਕਤੀ ਅਜਿਹੇ ਹਨ ਜੋ ਇਸ ਬਾਰੇ ਇਤਰਾਜ਼ ਕਰਦੇ ਹਨ ਅਤੇ ਬਰਾਬਰ ਸਲੂਕ ਕਰਨ ਦੇ ਸਿਧਾਂਤ ਦੀ ਪਾਲਣਾ ਕਰਦੇ ਹਨ। ਪਰ ਮੈਂ ਕਹਿੰਦਾ ਹਾਂ ਕਿ ਸਰਕਾਰ ਨੇ ਮੁਸਲਮਾਨਾਂ ਉੱਤੇ ਇਹ ਸਿਧਾਂਤ ਲਾਗੂ ਕਰਕੇ ਚੰਗਾ ਕੀਤਾ ਹੈ, ਕਿਉਂਕਿ ਮੈਂ ਸੱਚੇ ਦਿਲੋਂ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਹਾਂ ਕਿ ਜੋ ਲੋਕ ਬਰਾਬਰ ਨਹੀਂ ਹਨ ਉਨ੍ਹਾਂ ਨਾਲ ਬਰਾਬਰ ਦਾ ਸਲੂਕ ਕਰਨਾ ਹੀ ਉਦਾਸੀਨਤਾਵਾਦ ਅਤੇ ਨਜ਼ਰ ਅੰਦਾਜ਼ ਕਰਨ ਦਾ ਦੂਜਾ ਨਾਂ ਹੈ। ਮੇਰੀ ਸ਼ਿਕਾਇਤ ਕੇਵਲ ਇਹੀ ਹੈ ਕਿ ਸਰਕਾਰ ਨੇ ਅਜੇ ਇਸ ਸਿਧਾਂਤ ਨੂੰ ਪੱਛੜੀਆਂ ਸ਼੍ਰੇਣੀਆਂ ਤੇ ਲਾਗੂ ਕਰਨਾ ਮੁਨਾਸਬ ਨਹੀਂ ਸਮਝਿਆ। ਆਰਥਿਕ ਜਾਂ ਸਮਾਜਕ ਤੌਰ ਤੇ ਬੋਲਦਿਆਂ, ਪੱਛੜੀਆਂ ਸ਼੍ਰੇਣੀਆਂ ਇਸ ਤਰ੍ਹਾਂ ਨਾਲ ਅਪਾਹਜ ਹਨ ਜਿਸ ਤਰ੍ਹਾਂ ਕੋਈ ਦੂਜਾ ਫ਼ਿਰਕਾ ਅਪਾਹਜ ਨਹੀਂ ਹੈ। ਇਸ ਲਈ, ਮੇਰਾ ਵਿਚਾਰ ਹੈ ਕਿ ਉਨ੍ਹਾਂ ਦੇ ਕੇਸ ਵਿਚ ਤਰਫ਼ਦਾਰੀ ਵਾਲਾ ਸਿਧਾਂਤ ਅਪਣਾਇਆ ਜਾਣਾ ਚਾਹੀਦਾ ਹੈ। ਜਿਵੇਂ ਮੈਂ ਦਿਖਾਇਆ ਹੈ, ਉਨ੍ਹਾਂ ਦੀ ਹਾਲਤ ਮੁਸਲਮਾਨਾਂ ਦੀ ਹਾਲਤ ਨਾਲੋਂ ਵੀ ਭੈੜੀ ਹੈ ਅਤੇ ਮੇਰੀ ਇਹੋ ਦਲੀਲ ਹੈ ਕਿ ਜੇਕਰ ਵੱਧ ਤਰਫ਼ਦਾਰੀ ਵਾਲਾ ਸਲੂਕ ਉਨ੍ਹਾਂ ਨਾਲ ਕਰਨਾ ਚਾਹੀਦਾ ਹੈ ਜੋ ਇਸ ਦੇ ਵਧੇਰੇ ਹੱਕਦਾਰ ਹਨ ਅਤੇ ਜਿਨ੍ਹਾਂ ਨੂੰ ਇਸ ਦੀ ਵਧੇਰੇ ਲੋੜ ਹੈ ਤਾਂ ਮੁਸਲਮਾਨਾਂ ਨਾਲੋਂ ਪੱਛੜੀਆਂ ਸ਼੍ਰੇਣੀਆਂ ਸਰਕਾਰ ਦੁਆਰਾ ਵਧੇਰੇ ਧਿਆਨ ਦਿੱਤੇ ਜਾਣ ਦੀਆਂ ਹੱਕਦਾਰ ਹਨ। ਇਹੀ ਪ੍ਰਸ਼ਨ ਹੈ ਜੋ ਮੈਂ ਸਪਸ਼ਟ ਰੂਪ ਵਿਚ ਇਸ ਸਦਨ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ, ਅਤੇ ਮੈਂ ਮਾਨਯੋਗ ਸਿਖਿਆ ਮੰਤਰੀ ਤੇ ਜ਼ੋਰ ਦਿੰਦਾ ਹਾਂ ਕਿ ਉਨ੍ਹਾਂ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਉੱਨਤੀ ਲਈ ਉਹੀ ਢੰਗ ਅਤੇ ਸਿਧਾਂਤ ਅਪਣਾਉਣੇ ਚਾਹੀਦੇ ਹਨ ਜੋ ਕਿ ਮੁਸਲਮਾਨ ਭਾਈਚਾਰੇ ਦੀ ਉਨੱਤੀ ਲਈ ਅਪਣਾਏ ਗਏ ਹਨ। ਸ੍ਰੀ ਮਾਨ ਜੀ, ਮੈਂ ਮਾਨਯੋਗ ਮੰਤਰੀ ਨੂੰ 1885 ਵਿਚ ਭਾਰਤ ਸਰਕਾਰ ਦੁਆਰਾ, 1882 ਦੇ ਸਿਖਿਆ ਕਮਿਸ਼ਨ ਦੀ ਰਿਪੋਰਟ ਤੇ ਜਾਰੀ ਕੀਤੀਆਂ ਗਈਆਂ ਹਿਦਾਇਤਾਂ ਦਾ ਹਵਾਲਾ ਦਿੰਦਾ ਹਾਂ। ਮੁਸਲਮਾਨ ਭਾਈਚਾਰੇ ਦੀ ਸਿਖਿਆ ਵਿਚ ਸੁਧਾਰ ਕਰਨ ਵਾਸਤੇ ਕਈ ਤਜਵੀਜ਼ਾਂ ਲਿਆਂਦੀਆਂ ਗਈਆਂ ਸਨ। ਉਹ ਤਜਵੀਜ਼ ਜਿਸ ਤੇ ਭਾਰਤ ਸਰਕਾਰ ਨੇ ਜ਼ੋਰ ਪਾਇਆ, ਉਹ ਸੀ-ਮੁਸਲਮਾਨ ਭਾਈਚਾਰੇ ਦੀਆਂ ਸਿਖਿਆ ਬਾਰੇ ਲੋੜਾਂ ਦਾ ਪਤਾ ਕਰਨ ਲਈ ਵਿਸ਼ੇਸ਼ ਨਿਰਿਖਣ ਸਟਾਫ਼ ਦੀ (special inspecting staff) ਨਿਯੁਕਤੀ ਅਤੇ ਇਹ ਸਾਬਤ ਕਰਨਾ ਸੀ ਕਿ ਇਸ ਨੂੰ ਸਿਖਿਆ ਦੀ ਜ਼ਰੂਰਤ ਹੈ। ਮੇਰਾ ਵਿਚਾਰ ਹੈ ਕਿ ਦਲਿਤ ਵਰਗਾਂ ਦੀ ਸਿਖਿਆ ਵੱਲ ਧਿਆਨ ਦੇਣ ਲਈ ਵੀ ਵਿਸ਼ੇਸ਼ ਨਿਰਿਖਣ ਸਟਾਫ਼ ਦੀ ਉਤਨੀ ਹੀ ਲੋੜ ਹੈ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਪ੍ਰਾਇਮਰੀ ਸਿਖਿਆ ਐਕਟ ਇਕ ਵੱਡੀ ਗ਼ਲਤੀ ਹੈ। ਸ਼ਾਇਦ ਮਾਨਯੋਗ ਮੈਂਬਰ ਮੇਰੇ ਨਾਲ ਸਹਿਮਤ ਨਾ ਹੋਣ, ਪਰ ਮੈਂ ਕਹਿੰਦਾ ਹਾਂ ਕਿ ਇਹ ਗ਼ਲਤੀ ਹੈ। ਇਹ ਦੂਹਰੀ ਗਲਤੀ ਹੈ। ਇਹ ਗ਼ਲਤ ਹੈ ਕਿਉਂਕਿ ਸਿਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਹੱਥਾਂ ਵਿਚ ਚਲੀ ਗਈ ਹੈ ਜਿਨ੍ਹਾਂ ਨੂੰ ਇਹ ਗੱਲ ਸਮਝਣ ਦੀ ਸੋਝੀ ਵੀ ਨਹੀਂ ਕਿ ਸਿਖਿਆ ਦੀ ਬਹੁਤ ਸਖ਼ਤ ਜ਼ਰੂਰਤ ਹੈ। ਜੇਕਰ ਕੋਈ ਲੋਕ ਅਜਿਹ ਹਨ ਜਿਹੜੇ

ਸਿਖਿਆ ਦੀ ਲੋੜ ਨੂੰ ਮਹਿਸੂਸ ਕਰਦੇ ਹਨ ਉਹ ਇਸ ਪਰਿਸ਼ਦ ਵਿਚ ਨਹੀਂ ਹਨ। ਸਥਾਨਕ ਬੋਰਡਾਂ ਦੇ ਮੈਂਬਰ ਇੰਨੇ ਅਨਪੜ੍ਹ ਹਨ ਕਿ ਉਹ ਇੰਨਾ ਮਹਿਸੂਸ ਹੀ ਨਹੀਂ ਕਰ ਸਕਦੇ ਕਿ ਸਿਖਿਆ ਇਕ ਜ਼ਰੂਰਤ ਹੈ। ਇਸ ਲਈ, ਮੈਂ ਕਹਿੰਦਾ ਹਾਂ ਕਿ ਪਰਿਸ਼ਦ ਨੇ ਸਿਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਲੋਕਾਂ ਨੂੰ ਸਪੁਰਦ ਕਰਕੇ ਇਕ ਬੜੀ ਵੱਡੀ ਭੁੱਲ ਕੀਤੀ ਹੈ ਜਿਨ੍ਹਾਂ ਲੋਕਾਂ ਨੂੰ ਸਿਖਿਆ ਦਾ ਅਹਿਸਾਸ ਨਹੀਂ ਹੈ। ਸਥਾਨਕ ਸੰਸਥਾਵਾਂ ਨੂੰ ਸਿਖਿਆ ਦੀ ਜ਼ਿੰਮੇਵਾਰੀ ਤਬਦੀਲ ਕਰਨਾ ਇਸ ਕਰਕੇ ਵੀ ਗ਼ਲਤ ਹੈ ਕਿਉਂਕਿ ਇਸ ਨਾਲ ਇਹ ਬੋਝ ਉਨ੍ਹਾਂ ਮੋਢਿਆਂ ਤੇ ਚਲਾ ਗਿਆ ਜੋ ਇਸ ਬੋਝ ਨੂੰ ਸਹਾਰਨ ਵਾਸਤੇ ਘੱਟ ਚੌੜੇ ਹਨ। ਸ੍ਰੀਮਾਨ ਜੀ, ਜਨ ਸਮੂਹ ਨੂੰ ਸਿਖਿਆ ਦੇਣਾ, ਅਸੀਂ ਸਾਰੇ ਮਹਿਸੂਸ ਕਰਦੇ ਹਾਂ, ਬੜੀ ਲਾਗਤ ਵਾਲਾ ਮਾਮਲਾ ਹੈ ਅਤੇ ਜੇਕਰ ਕੋਈ ਅਜਿਹਾ ਵਿਅਕਤੀ ਹੈ ਜੋ ਇਸ ਲਾਗਤ ਨੂੰ ਸਹਾਰ ਸਕਦਾ ਹੈ ਤਾਂ ਇਹ ਪਰਿਸ਼ਦ ਹੈ, ਜਿਸ ਦਾ ਮਾਲੀਆ ਸਾਢੇ ਪੰਦਰਾਂ ਕਰੋੜ ਹੈ ਨਾ ਕਿ ਸਥਾਨਕ ਸੰਸਥਾਵਾਂ, ਜਿਨ੍ਹਾਂ ਦਾ ਮਾਲੀਆ ਥੋੜ੍ਹਾ ਜਿਹਾ, ਕੁਝ ਲੱਖ ਰੁਪਏ ਹੈ। ਸ੍ਰੀਮਾਨ ਜੀ, ਮੈਂ ਮਹਿਸੂਸ ਕਰਦਾ ਹਾਂ ਕਿ ਇਸ ਪਰਿਸ਼ਦ ਨੇ ਸਿਖਿਆ ਨੂੰ ਸਥਾਨਕ ਸੰਸਥਾਵਾਂ ਨੂੰ ਤਬਦੀਲ ਕਰਕੇ ਜਨ ਸਮੂਹ ਵਿਚ ਸਿਖਿਆ ਦੇ ਫੈਲਾਉ ਨੂੰ ਅਮਲੀ ਤੌਰ ਤੇ ਅਣ-ਮਿੱਥੇ ਸਮੇਂ ਲਈ ਅੱਗੇ ਪਾ ਦਿੱਤਾ ਹੈ ਅਤੇ ਇਸ ਤਰ੍ਹਾਂ ਕਰਕੇ ਇਸ ਨੇ ਗੰਭੀਰ ਗ਼ਲਤੀ ਕੀਤੀ ਹੈ। ਪਰ ਸ੍ਰੀਮਾਨ ਜੀ, ਜੋ ਨੁਕਤਾ ਮੈਂ ਉਠਾਉਣਾ ਚਾਹੁੰਦਾ ਹਾਂ ਇਹ ਤਾਂ ਉਸਦਾ ਆਰੰਭ ਹੀ ਹੈ। ਅਰਥਾਤ, ਜਿਹੜੇ ਲੋਕ ਇਸ ਗ਼ਲਤੀ ਕਾਰਨ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ, ਉਹ ਦਲਿਤ ਸ਼੍ਰੇਣੀਆਂ ਹਨ। ਮਾਨਯੋਗ ਸਥਾਨਕ ਮੰਤਰੀ ਪ੍ਰਤੀ ਪੂਰਾ ਆਦਰ ਦਰਸਾਉਂਦੇ ਹੋਏ ਮੈਨੂੰ ਇਹ ਗੱਲ ਮਜਬੂਰ ਹੋ ਕੇ ਕਹਿਣੀ ਪੈਂਦੀ ਹੈ ਕਿ ਉਨ੍ਹਾਂ ਦੇ ਸਥਾਨਕ ਬੋਰਡ ਇਕ ਅਜਾਇਬ ਘਰ ਵਿਚ ਸਿਖਿਕਆਂ ਵਾਲੇ ਕਮਰੇ ਵਾਂਗ ਹਨ, ਜਿਥੇ ਸੰਗ੍ਰਿਹਪਾਲ ਦਾ ਇਹੀ ਟੀਚਾ ਹੁੰਦਾ ਹੈ ਕਿ ਉਹ ਉਥੇ ਹਰ ਇਕ ਕਿਸਮ ਦੇ ਸਿੱਕੇ ਨੂੰ ਸਜਾ ਕੇ ਰੱਖੇ।

ਸ੍ਰੀਮਾਨ ਜੀ, ਹਰ ਇਕ ਸਥਾਨਕ ਸੰਸਥਾ ਵਿਚ ਦਲਿਤ ਸ਼੍ਰੇਣੀਆਂ ਦੇ ਕੇਵਲ ਇਕ ਪ੍ਰਤਿਨਿਧੀ ਦਾ ਉਪਬੰਧ ਕੀਤਾ ਗਿਆ ਹੈ। ਇਨ੍ਹਾਂ ਸ਼੍ਰੇਣੀਆਂ ਦਾ ਕੇਵਲ ਇਕ ਪ੍ਰਤਿਨਿਧੀ ਲੈਣ ਦਾ ਕੀ ਲਾਭ ਹੈ? ਮੈਨੂੰ ਇਸ ਦੀ ਸਮਝ ਨਹੀਂ ਆਉਂਦੀ। ਮਿਸਾਲ ਦੇ ਤੌਰ ਤੇ, ਜੇਕਰ, ਸਥਾਨਕ ਬੋਰਡ ਵਿਚ ਦਲਿਤ ਸ਼੍ਰੇਣੀਆਂ ਦੀ ਪ੍ਰਤਿਨਿਧਤਾ ਸਥਾਨਕ ਬੋਰਡ ਤੇ ਉਹ ਨੀਤੀ ਠੋਸਣ ਵਾਸਤੇ ਰੱਖੀ ਗਈ ਹੈ ਜੋ ਦਲਿਤ ਸ਼੍ਰੇਣੀਆਂ ਦੇ ਹਿੱਤ ਵਿਚ ਹੈ ਤਾਂ ਇਹ ਬੇਕਾਰ ਹੈ ਕਿਉਂਕਿ ਦਸ ਜਾਂ ਬਾਰਾਂ ਵਿਅਕਤੀਆਂ ਦੀ ਸੰਸਥਾ ਵਿਚ ਇਕ ਆਦਮੀ ਦੀ ਗਿਣਤੀ ਕੋਈ ਮਹੱਤਵ ਨਹੀਂ ਰੱਖਦੀ। ਮੈਨੂੰ ਪ੍ਰੈਜ਼ੀਡੈਂਸੀ ਦੇ ਸਾਰੇ ਹਿਸਿਆਂ ਵਿਚ ਸ਼ਿਕਾਇਤਾਂ ਮਿਲਦੀਆਂ ਹਨ ਕਿ ਵਰਤਮਾਨ ਰਾਜ ਹੇਠ ਦਲਿਤ ਸ਼੍ਰੇਣੀਆਂ ਬੜੀ ਲਾਚਾਰੀ ਵਾਲੀ ਹਾਲਤ ਵਿਚ ਹਨ। ਉਹ ਅਜਿਹੇ ਲੋਕਾਂ ਵਿਚਕਾਰ ਘਿਰੇ ਹੋਏ ਹਨ ਜੋ ਕਿਸੇ ਵੀ ਤਰ੍ਹਾਂ ਉਨ੍ਹਾਂ ਦੀਆਂ ਖ਼ਾਹਿਸ਼ਾਂ ਜਾਂ ਉਨੱਤੀ ਕਰਨ ਲਈ ਉਨ੍ਹਾਂ ਦੀ ਇੱਛਾ ਜਾਂ ਉਨ੍ਹਾਂ ਦੀ ਭਲਾਈ ਵਾਸਤੇ ਭਾਈਵਾਲ ਨਹੀਂ ਹੁੰਦੇ। ਇਸ ਲਈ ਮੈਂ ਕਹਿੰਦਾ ਹਾਂ, ਇਸ ਗੱਲ ਦੀ ਬਹੁਤ ਜ਼ੋਰਦਾਰ ਲੋੜ

ਹੈ ਕਿ ਇਹ ਸਰਕਾਰ ਆਪਣੇ ਸਿੱਧੇ ਕੰਟਰੋਲ ਹੇਠ ਕੋਈ ਅਜਿਹੀ ਨਿਰਿਖਣ ਏਜੰਸੀ ਨੂੰ ਵਰਤੋਂ ਵਿਚ ਲਿਆਵੇ ਜੋ ਇਹ ਦੇਖੇ ਕਿ ਉਨ੍ਹਾਂ ਸੰਸਥਾਵਾਂ ਦੁਆਰਾ ਦਲਿਤ ਸ਼੍ਰੇਣੀਆਂ ਨੂੰ ਨਜ਼ਰ ਅੰਦਾਜ਼ ਨਾ ਕੀਤਾ ਜਾਵੇ ਜਿਨ੍ਹਾਂ ਨੂੰ ਸਿਖਿਆ ਵਰਗੇ ਜ਼ਰੂਰੀ ਵਿਸ਼ੇ ਦਾ ਭਾਰ ਸੌਂਪਿਆ ਗਿਆ ਹੈ।

ਦਲਿਤ ਸ਼੍ਰੇਣੀਆਂ ਬਾਰੇ ਦੂਜੀ ਗੱਲ ਜੋ ਮੈਂ ਕਹਿਣੀ ਚਾਹੁੰਦਾ ਹਾਂ, ਇਹ ਹੈ: ਮੈਂ ਦੇਖਦਾ ਹਾਂ ਕਿ ਬਜਟ ਵਿਚ ਇਕ ਖ਼ਾਸ ਰਕਮ ਪੱਛੜੇ ਹੋਏ ਫ਼ਿਰਕਿਆਂ ਨੂੰ ਵਜ਼ੀਫੇ ਦੇਣ ਲਈ ਰੱਖੀ ਗਈ ਹੈ। ਸ੍ਰੀਮਾਨ ਜੀ, ਮੈਨੂੰ "ਪੱਛੜੀਆਂ ਸ਼੍ਰੇਣੀਆਂ" ਸ਼ਬਦਾਂ ਦਾ ਭਾਵਅਰਥ, ਜਿਵੇਂ ਕਿ ਇਹ ਬਜਟ ਵਿਚ ਵਰਤਿਆ ਗਿਆ ਹੈ, ਸਮਝ ਨਹੀਂ ਆਉਂਦਾ।

ਮੇਰੀ ਤਾਂ ਇਹੀ ਤਮੰਨਾ ਹੈ ਕਿ ਮਾਨਯੋਗ ਮੰਤਰੀ ਵੀ ਉਹੀ ਸ਼ਬਦਾਵਲੀ ਅਪਣਾਉਂਦੇ ਜੋ ਡਾਇਰੈਕਟਰ, ਸਿਖਿਆ ਵਿਭਾਗ, ਨੇ ਆਪਣੀ ਰਿਪੋਰਟ ਵਿਚ ਅਪਣਾਈ ਹੈ ਅਤੇ ਮੇਰੀ ਇਹ ਦੇਖਣ ਦੀ ਖ਼ਾਹਸ਼ ਹੈ ਕਿ ਉਹ ਹਰ ਇਕ ਵੱਖ ਵੱਖ ਫ਼ਿਰਕੇ ਲਈ, ਜਿਨ੍ਹਾਂ ਨੂੰ ਸ਼ਬਦ "ਪੱਛੜੀਆਂ ਸ਼੍ਰੇਣੀਆਂ" ਵਿਚ ਸ਼ਾਮਲ ਕਰਨ ਦੀ ਉਨ੍ਹਾਂ ਦੀ ਤਜਵੀਜ਼ ਹੈ, ਵੱਖਰੀ ਅਤੇ ਖ਼ਾਸ ਰਕਮ ਰੱਖਣ। ਫਿਰ ਅਸੀਂ ਇਹ ਜਾਣਨ ਦੀ ਪੁਜ਼ੀਸ਼ਨ ਵਿਚ ਹੋਵਾਂਗੇ ਕਿ ਮੱਧ ਵਰਗੀ ਹਿੰਦੂ, ਪੱਛੜੇ ਹੋਏ ਹਿੰਦੂ ਅਤੇ ਮੁਸਲਮਾਨ ਕਿਵੇਂ ਸਾਲ ਦਰ ਸਾਲ ਉਨਤੀ ਕਰਦੇ ਹਨ। ਅੱਜ ਕੱਲ੍ਹ ਅਸੀਂ ਇਕ ਥਾਂ ਤੇ ਇਕਠੇ ਕਰ ਦਿੱਤੇ ਜਾਂਦੇ ਹਾਂ, ਜਦ ਕਿ ਅਸਲ ਵਿਚ ਸਾਨੂੰ ਸਾਰਿਆਂ ਨੂੰ ਬਰਾਬਰ ਸਮਝੇ ਜਾਣ ਦਾ ਕੋਈ ਕਾਰਨ ਨਹੀਂ। ਅਸੀਂ ਇਹ ਕਹਿਣ ਦੀ ਜਿੰਨੀ ਮਰਜ਼ੀ ਇੱਛਾ ਕਰੀਏ ਕਿ ਅਸੀਂ ਇਕ ਹਾਂ, ਪਰ ਨਿਸ਼ਚਿਤ ਰੂਪ ਵਿਚ ਅਸੀਂ ਇਕ ਦੂਜੇ ਤੋਂ ਵੱਖਰੇ ਹਾਂ।

ਤੀਜੀ ਗੱਲ ਜੋ ਮੈਂ ਕਹਿਣੀ ਚਾਹੁੰਦਾ ਹਾਂ ਅਤੇ ਜਿਸ ਤੋਂ ਮੈਨੂੰ ਉਮੀਦ ਹੈ ਕਿ ਮਾਨਯੋਗ ਮੰਤਰੀ ਚੰਗੀ ਤਰ੍ਹਾਂ ਵਿਚਾਰ ਕਰਨਗੇ, ਉਹ ਹੈ–ਦਲਿਤ ਸ਼੍ਰੇਣੀਆਂ ਦੇ ਲੜਕਿਆਂ ਨੂੰ ਵਜ਼ੀਫ਼ੇ ਦੇਣਾ। ਇਸ ਵੇਲੇ ਸਹਾਇਤਾ ਵਜੋਂ ਵਜ਼ੀਫਾ ਦੇਣਾ ਉਕਾ ਹੀ ਸਹਾਇਤਾ ਨਾ ਦੇਣ ਨਾਲੋਂ ਚੰਗਾ ਹੈ, ਪਰ ਮੇਰੇ ਮਾਨਯੋਗ ਦੋਸਤ ਸਿਖਿਆ ਮੰਤਰੀ ਮੇਰੀ ਗੱਲ ਮੰਨਣਗੇ ਕਿ ਮੇਰੀ ਪੜਤਾਲ ਅਤੇ ਮੇਰਾ ਤਜਰਬਾ ਦੱਸਦਾ ਹੈ ਕਿ ਵਜ਼ੀਫੇ ਦੇਣ ਦਾ ਢੰਗ ਸਰਕਾਰੀ ਪੈਸੇ ਨੂੰ ਜ਼ਾਇਆ ਕਰਨਾ ਹੈ। ਦਲਿਤ ਵਰਗਾਂ ਦੇ ਮਾਪੇ ਇੰਨੇ ਗ਼ਰੀਬ ਅਤੇ ਇੰਨੇ ਭੋਲੇ ਭਾਲੇ ਹਨ ਕਿ ਉਹ ਇਹ ਨਹੀਂ ਸਮਝ ਸਕਦੇ ਕਿ ਸਰਕਾਰ ਦੁਆਰਾ ਦਿਤੀ ਗਈ ਸਹਾਇਤਾ ਅਸਲ ਵਿਚ ਬੱਚੇ ਦੀ ਸਿਖਿਆ ਵਾਸਤੇ ਦਿਤੀ ਗਈ ਸਹਾਇਤਾ ਹੈ। ਮਾਪੇ ਇਸ ਵਜ਼ੀਫੇ ਨੂੰ ਉਨ੍ਹਾਂ ਦੇ ਖ਼ਰਚਿਆਂ ਵਾਸਤੇ ਪਰਿਵਾਰਕ ਸਹਾਇਤਾ ਸਮਝਦੇ ਹਨ। ਇਸ ਸਹਾਇਤਾ ਨੂੰ ਨਿਸ਼ਚਿਤ ਰੂਪ ਵਿਚ ਲੜਕੇ ਦੀ ਸਿਖਿਆ ਵਾਸਤੇ ਉਪਲਬਧ ਨਹੀਂ ਕਰਾਇਆ ਜਾਂਦਾ, ਜੋ ਕਿ ਇਸ ਵਜ਼ੀਫੇ ਦਾ ਪ੍ਰਮੁੱਖ ਉਦੇਸ਼ ਹੈ। ਸ੍ਰੀਮਾਨ ਜੀ, ਦੂਜੀ ਗੱਲ ਇਹ ਹੈ ਕਿ ਮੈਂ ਦੇਖਿਆ ਹੈ ਕਿ ਇਸ ਵਜ਼ੀਫੇ ਨਾਲ ਲੜਕਾ ਨਿਸ਼ਾਨੇ ਤੇ ਨਹੀਂ ਅੱਪੜ ਸਕਦਾ। ਉਸ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਤਾਂ ਇਹ ਕਿ ਦਲਿਤ ਸ਼੍ਰੇਣੀਆਂ ਦਾ ਲੜਕਾ ਇਕ ਘਟੀਆ ਚੌਗਿਰਦੇ ਵਿਚ ਵੱਡਾ ਹੁੰਦਾ ਹੈ--

ਇਕ ਮਾਨਯੋਗ ਮੈਂਬਰ: ਉਸ ਦੇ ਲਈ ਕੌਣ ਜ਼ਿੰਮੇਵਾਰ ਹੈ ?

ਡਾ.ਬੀ. ਆਰ. ਅੰਬੇਦਕਰ: ਪ੍ਰਮਾਤਮਾ ਜਾਣੇ। ਉਸਦਾ ਪਾਲਣ-ਪੋਸ਼ਣ ਅਜਿਹੇ ਹਾਲਾਤ ਵਿਚ ਹੁੰਦਾ ਹੈ ਜੋ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹਨ, ਅਤੇ ਜਦੋਂ ਕਿਸੇ ਲੜਕੇ ਨੂੰ ਵਜ਼ੀਫਾ ਮਿਲ ਜਾਂਦਾ ਹੈ ਤਾਂ ਉਹ ਬੜੀ ਆਸਾਨੀ ਨਾਲ ਹਰ ਭੈੜੇ ਅਸਰ ਦਾ ਸ਼ਿਕਾਰ ਹੋ ਜਾਂਦਾ ਹੈ। ਉਚਿਤ ਸੇਧ ਤੋਂ ਬਿਨਾਂ ਉਹ ਭੈੜੇ ਪ੍ਰਭਾਵਾਂ ਦੀ ਤਾਬ ਨਹੀਂ ਝੱਲ ਸਕਦਾ ਅਤੇ ਪੜ੍ਹਨਾ ਲਿਖਣਾ ਛੱਡ ਦਿੰਦਾ ਹੈ ਅਤੇ ਉਸਤੇ ਖ਼ਰਚ ਕੀਤਾ ਹੋਇਆ ਪੈਸਾ ਬੇਕਾਰ ਜਾਂਦਾ ਹੈ। ਇਸ ਲਈ ਮੈਂ ਇਹ ਗੱਲ ਮਾਨਯੋਗ ਮੰਤਰੀਆਂ ਤੇ ਹੀ ਛੱਡਦਾ ਹਾਂ ਕਿ ਕੀ ਉਨ੍ਹਾਂ ਲਈ ਇਹ ਚੰਗਾ ਨਹੀਂ ਹੋਵੇਗਾ ਕਿ ਉਹ ਇਹ ਪੈਸਾ ਹੋਸਟਲਾਂ ਨੂੰ ਉਤਸਾਹਿਤ ਕਰਨ ਵਾਸਤੇ ਖ਼ਰਚ ਕਰਨ ਜੋ ਪਛੜੇ ਵਰਗਾਂ ਨੂੰ ਸਿਖਿਆ ਦੇਣ ਲਈ ਜਾਂ ਤਾਂ ਸਰਕਾਰ ਆਪਣੀ ਮਰਜ਼ੀ ਨਾਲ ਖੋਲ੍ਹੇ ਜਾਂ ਇਹ ਪ੍ਰਾਈਵੇਟ ਏਜੰਸੀ ਦੁਆਰਾ ਖੋਲ੍ਹੇ ਜਾਣ। ਸ੍ਰੀਮਾਨ ਜੀ, ਇਸ ਨਾਲ ਦੂਹਰੀ ਬੱਚਤ ਹੋਵੇਗੀ। ਹੋਸਟਲ ਨਾਲ ਸਭ ਤੋਂ ਪਹਿਲਾਂ ਤਾਂ ਲੜਕੇ ਦੀ ਘਟੀਆ ਚੌਗਿਰਦੇ ਵਾਲੀ ਸੰਗਤ ਛੁਟਦੀ ਹੈ। ਇਸ ਨਾਲ ਮੁਆਇਨਾ ਅਸਰਦਾਰ ਢੰਗ ਨਾਲ ਹੋ ਸਕੇਗਾ।ਅਤੇ, ਜਦੋਂ ਹੋਸਟਲ ਦਾ ਪ੍ਰਬੰਧ ਪ੍ਰਾਈਵੇਟ ਏਜੰਸੀ ਦੁਆਰਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਸਰਕਾਰ ਨੂੰ ਕੁਝ ਪੈਸੇ ਦੀ ਬੱਚਤ ਹੋਵੇਗੀ।

ਸ੍ਰੀਮਾਨ ਜੀ, ਇਹ ਤਿੰਨ ਸੁਝਾਅ ਹਨ ਜੋ ਮੈਂ ਆਪਣੇ ਥੋੜ੍ਹੇ ਜਿਹੇ ਸਮੇਂ ਵਿਚ ਜੋ ਮੇਰੇ ਪਾਸ ਹੈ, ਦੇਣਾ ਚਾਹੁੰਦਾ ਹਾਂ। ਮੈਨੂੰ ਉਮੀਦ ਹੈ ਕਿ ਮੇਰੇ ਮਾਨਯੋਗ ਦੋਸਤ ਸਿਖਿਆ ਮੰਤਰੀ ਬੜੇ ਗਹੁ ਨਾਲ ਇਨ੍ਹਾਂ ਤੋਂ ਵਿਚਾਰ ਕਰਨਗੇ ਅਤੇ ਇਹ ਮਾਮਲੇ ਵਿਚ ਜ਼ਰੂਰੀ ਕਾਰਵਾਈ ਕਰਨਗੇ।

4

* ਬੰਬਈ ਯੂਨੀਵਰਸਿਟੀ ਐਕਟ

ਸੋਧਨਾ ਬਿਲ :

I

ਡਾ. ਬੀ. ਆਰ. ਅੰਬੇਦਕਰ: ਪ੍ਰੈਜ਼ੀਡੈਂਟ ਸਾਹਿਬ, ਮੈਂ ਉਸ ਭਾਸ਼ਣ ਨੂੰ ਬੜੇ ਗਹੁ ਨਾਲ ਸੁਣਿਆ ਹੈ ਜੋ ਮੇਰੇ ਮਾਨਯੋਗ ਦੋਸਤ, ਬੰਬਈ ਯੂਨੀਵਰਸਿਟੀ ਦੇ ਮੈਂਬਰ ਨੇ ਦਿਤਾ ਹੈ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਇਸ ਵਿਸ਼ੇ ਨੂੰ ਇਸ ਤਰ੍ਹਾਂ ਪੂਰਨ ਤੌਰ ਤੇ ਬਿਆਨ ਕੀਤਾ ਹੈ ਕਿ ਉਨ੍ਹਾਂ ਨੂੰ ਭਾਸ਼ਣ ਦੇਣ ਵਿਚ ਇਕ ਘੰਟਾ ਵੀਹ ਮਿੰਟ ਦਾ ਸਮਾਂ ਲੱਗਾ ਅਤੇ ਮੇਰੇ ਲਈ ਹੋਰ ਕੁਝ ਆਖਣ ਲਈ ਬਹੁਤ ਘੱਟ ਬਚਿਆ ਹੈ। ਫਿਰ ਵੀ, ਮੈਂ ਸਮਝਦਾ ਹਾਂ ਕਿ ਇਹ ਖ਼ੁਸ਼ਕਿਸਮਤੀ ਵਾਲੀ ਗੱਲ ਹੈ ਕਿ ਇਕ ਦ੍ਰਿਸ਼ਟੀਕੋਣ ਐਸਾ ਹੈ ਜੋ ਅਜੇ ਤਕ ਨਾ ਤਾਂ ਮੇਰੇ ਮਾਨਯੋਗ ਦੋਸਤ ਯੂਨੀਵਰਸਿਟੀ ਦੇ ਪ੍ਰਤਿਨਿਧ ਦੁਆਰਾ ਇਸ ਸਦਨ ਦੇ ਸਾਹਮਣੇ ਪੇਸ਼ ਕੀਤਾ ਗਿਆ ਹੈ ਅਤੇ ਨਾ ਹੀ ਮੇਰੇ ਮਾਨਯੋਗ ਦੋਸਤ ਪ੍ਰੋਫ਼ੈਸਰ ਹੈਮਿਲ ਦੁਆਰਾ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਇਸ ਜ਼ਰੂਰੀ ਬਿਲ ਤੇ ਸਲਾਹ ਦੇਣ ਲਈ ਬੁਲਾਇਆ ਗਿਆ ਸੀ, ਜਿਸ ਤੇ ਅਸੀਂ ਅੱਜ ਬਹਿਸ ਕਰ ਰਹੇ ਹਾਂ। ਸ੍ਰੀਮਾਨ ਜੀ, ਮੇਰੇ ਮਾਨਯੋਗ ਦੋਸਤ ਸ਼੍ਰੀ ਮੁਨਸ਼ੀ ਨੇ ਆਪਣੇ ਭਾਸ਼ਣ ਦਾ ਕਾਫ਼ੀ ਹਿਸਾ ਬੰਬਈ ਯੂਨੀਵਰਸਿਟੀ ਦੇ ਸੰਗਠਨ ਤੇ ਲਗਾ ਦਿਤਾ। ਉਨ੍ਹਾਂ ਨੇ ਕਿਹਾ ਕਿ ਜਿਵੇਂ ਬਿਲ ਵਿਚ ਦਿਤਾ ਗਿਆ ਹੈ, ਸਿੰਡੀਕੇਟ, ਸੈਨੇਟ ਅਤੇ ਅਕਾਦਮਿਕ ਪਰਿਸ਼ਦ ਦੇ ਸਬੰਧ ਬੜੇ ਨੇੜਤਾ ਵਾਲੇ ਹੁੰਦੇ ਹਨ। ਮੇਰੀ ਕਿਸਮਤ ਇੰਨੀ ਚੰਗੀ ਕਿਥੇ ਹੈ ਕਿ ਮੈਂ ਯੂਨੀਵਰਸਿਟੀ ਦਾ ਮੈਂਬਰ ਬਣ ਸਕਾਂ। ਇਸ ਲਈ ਮੈਂ ਉਸੇ ਅਧਿਕਾਰ ਨਾਲ ਨਹੀਂ ਕਹਿ ਸਕਦਾ ਕਿ, ਜੋ ਉਪਬੰਧ ਇਸ ਬਿਲ ਵਿਚ ਜੋੜੇ ਗਏ ਹਨ ਉਨ੍ਹਾਂ ਦਾ ਨਤੀਜਾ ਉਹੀ ਹੋਵੇਗਾ ਜੋ ਅਸੀਂ ਸਾਰੇ ਚਾਹੁੰਦੇ ਹਾਂ ਕਿ ਇਨ੍ਹਾਂ ਦਾ ਇਹੀ ਨਤੀਜਾ ਹੋਣਾ ਚਾਹੀਦਾ ਹੈ। ਪਰ, ਸ੍ਰੀਮਾਨ ਜੀ, ਮੈਂ ਯੂਨੀਵਰਸਿਟੀ ਦੇ ਮੈਂਬਰ, ਆਪਣੇ ਮਾਨਯੋਗ ਦੋਸਤ ਪ੍ਰਤੀ ਪੂਰੇ ਆਦਰ ਸਹਿਤ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ ਇਨ੍ਹਾਂ ਤਿੰਨਾਂ ਸੰਸਥਾਵਾਂ ਵਿਚਕਾਰ ਉਸੇ ਢੰਗ ਨਾਲ ਜਿਸ ਢੰਗ ਨਾਲ, ਮੇਰਾ ਮਾਨਯੋਗ ਦੋਸਤ ਚਾਹੁੰਦਾ ਹੈ, ਸਬੰਧ ਸਥਾਪਤ ਕਰਨ ਲਈ ਕਾਮਯਾਬ ਵੀ ਹੋ ਜਾਂਦੇ ਹਾਂ ਤਾਂ ਮੈਨੂੰ ਡਰ ਹੈ ਕਿ ਅੰਤ ਵਿਚ ਸਾਨੂੰ ਕੇਵਲ ਪਰਛਾਈਂ ਹੀ ਪ੍ਰਾਪਤ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ XX, ਛਪੇ ਹੋਏ ਪੰਨੇ 825-33, ਮਿਤੀ 27 ਜੁਲਾਈ, 1927।

ਹੋਵੇਗੀ ਨਾ ਕਿ ਮੂਲ ਮੁੱਦਾ। ਸ੍ਰੀਮਾਨ ਜੀ, ਜੇਕਰ ਮੈਂ ਮਾਨਯੋਗ ਸਿਖਿਆ ਮੰਤਰੀ ਨੂੰ ਠੀਕ ਢੰਗ ਨਾਲ ਸਮਝਦਾ ਹਾਂ, ਤਾਂ ਇਸ ਬਿਲ ਦਾ ਪ੍ਰਮੁੱਖ ਉਦੇਸ਼ ਬੰਬਈ ਯੂਨੀਵਰਸਿਟੀ ਨੂੰ ਇਕ ਚੰਗੇਰੀ ਸਿਖਿਆ ਦੇਣ ਵਾਲੀ ਯੂਨੀਵਰਸਿਟੀ ਵਜੋਂ ਸੰਗਠਿਤ ਕਰਨਾ ਹੈ। ਮੈਂ ਸਮਝਦਾ ਹਾਂ ਕਿ ਇਹ ਇਸ ਬਿਲ ਦੇ ਪ੍ਰਮੁੱਖ ਉਦੇਸ਼ਾਂ ਵਿਚੋਂ ਇਕ ਹੈ। ਸ੍ਰੀਮਾਨ ਜੀ, ਜਦੋਂ ਮੈਂ ਇਸ ਬਿਲ ਵਿਚ ਜੋੜੇ ਗਏ ਉਪਬੰਧਾਂ ਦਾ ਵਿਸ਼ਲੇਸ਼ਣ ਕਰਦਾ ਹਾਂ, ਮੈਨੂੰ ਇਹ ਕਰਾਂਗਾ ਕਿ ਇਕ ਖ਼ਾਸ ਮਾਮਲੇ ਵਿਚ ਸਾਨੂੰ ਯਕੀਨੀ ਤੌਰ ਤੇ ਨਿਰਾਸ਼ਾ ਦਾ ਸਾਹਮਣਾ ਕਰਨਾ ਪਵੇਗਾ। ਇਸ ਯੂਨੀਵਰਸਿਟੀ ਦੇ ਸਥਾਪਿਤ ਹੋਣ ਦੇ ਸਮੇਂ ਤੋਂ ਲੈ ਕੇ ਇਸ ਵਿਚ ਇਕ ਬੜਾ ਵੱਡਾ ਨੁਕਸ ਰਿਹਾ ਹੈ ਕਿ ਇਸ ਨੂੰ ਬੁਨਿਆਦੀ ਤੌਰ ਤੇ ਇਕ ਪਰੀਖਿਆ ਲੈਣ ਵਾਲੀ ਸੰਸਥਾ ਵਜੋਂ ਬਣਾਇਆ ਗਿਆ ਸੀ।

ਸ੍ਰੀਮਾਨ ਜੀ, ਇਹ ਜ਼ਰੂਰ ਮਹਿਸੂਸ ਕਰਨਾ ਚਾਹੀਦਾ ਹੈ ਕਿ ਜੇਕਰ ਕੋਈ ਯੂਨੀਵਰਸਿਟੀ ਇਮਤਿਹਾਨ ਦੀ ਪ੍ਰਣਾਲੀ ਨੂੰ ਹੀ ਆਪਣੇ ਵਜੂਦ ਦਾ ਸਭ ਕੁਝ ਮੰਨ ਲਵੇ ਤਾਂ ਉਹ ਯੂਨੀਵਰਸਿਟੀ, ਖੋਜ ਅਤੇ ਉਚੇਰੀ ਸਿਖਿਆ ਨੂੰ ਉਨੱਤ ਕਰਨ ਵਿਚ ਕਾਮਯਾਬ ਨਹੀਂ ਹੋ ਸਕਦੀ। ਇਹ ਤੱਥ 1902 ਦੇ ਯੂਨੀਵਰਸਿਟੀ ਕਮਿਸ਼ਨ ਦੁਆਰਾ ਸਵੀਕਾਰ ਕੀਤਾ ਗਿਆ ਸੀ ਅਤੇ ਉਸ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਜੋ ਬਿਲ ਲਿਆਂਦਾ ਗਿਆ ਸੀ ਉਸ ਵਿਚ ਇਹ ਸਵੀਕਾਰ ਕੀਤਾ ਗਿਆ ਸੀ ਕਿ ਉਹ ਕਾਨੂੰਨ ਜਿਸ ਨੇ ਯੂਨੀਵਰਸਿਟੀ ਨੂੰ ਹੋਂਦ ਵਿਚ ਲਿਆਂਦਾ, ਲਾਜ਼ਮੀ ਤੌਰ ਤੇ ਬਦਲ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ ਇਮਤਿਹਾਨ ਦੇਣ ਵਾਲੇ ਵਿਦਵਾਨ, ਇਮਤਿਹਾਨ ਲੈਣ ਦੇ ਸਾਧਾਰਨ ਕੰਮ ਤੋਂ ਇਲਾਵਾ ਯੂਨੀਵਰਸਿਟੀ ਪੜ੍ਹਾਈ ਦਾ ਕੰਮ ਸਿੱਧੇ ਤੌਰ ਤੇ ਆਪਣੇ ਜ਼ਿੰਮੇ ਲੈਣ ਦੇ ਯੋਗ ਹੋ ਸਕਣ। ਸ੍ਰੀਮਾਨ ਜੀ, ਜਦੋਂ 1904 ਦਾ ਉਹ ਵਿਸ਼ੇਸ਼ ਐਕਟ ਲਾਗੂ ਹੋਇਆ, ਤਾਂ ਯੂਨੀਵਰਸਿਟੀ ਦੁਆਰਾ ਉਚੇਰੀ ਸਿਖਿਆ ਦੇਣ ਦਾ ਕੰਮ ਆਪਣੇ ਜ਼ਿੰਮੇ ਲੈਣ ਦੇ ਰਸਤੇ ਵਿਚ ਕਈ ਕਾਲਜਾਂ ਦੀ ਹੋਂਦ ਕਾਰਨ ਜੋ ਉਸ ਸਮੇਂ ਪਹਿਲਾਂ ਹੀ ਮੌਜੂਦ ਸਨ, ਨਿਰਸੰਦੇਹ ਰੁਕਾਵਟ ਪੈ ਗਈ। ਇਸ ਲਈ, ਸ੍ਰੀਮਾਨ ਜੀ, ਸਪਸ਼ਟ ਤੌਰ ਤੇ, ਜਿਹੜਾ ਕੰਮ ਯੂਨੀਵਰਸਿਟੀ ਕਰ ਸਕਦੀ ਸੀ ਉਹ ਸੀ-ਗ੍ਰੈਜੂਏਸ਼ਨ ਤੋਂ ਬਾਅਦ (ਪੋਸਟ ਗ੍ਰੈਜੂਏਟ) ਦੇ ਕੰਮ ਦਾ ਖੇਤਰ ਆਪਣੇ ਅਧਿਕਾਰ ਵਿਚ ਲੈਣਾ-ਅਤੇ 1912 ਤੋਂ ਬੰਬਈ ਯੂਨੀਵਰਸਿਟੀ ਇਨ੍ਹਾਂ ਲੀਹਾਂ ਤੇ ਚਲਦੀ ਰਹੀ ਹੈ ਅਤੇ ਉਸਨੇ ਖ਼ਾਸ ਕਰਕੇ ਉਨ੍ਹਾਂ ਵਿਦਿਆਰਥੀਆਂ ਵਾਸਤੇ ਜੋ ਉਸ ਵਿਭਾਗ ਵਿਚ ਪੋਸਟ-ਗਰੈਜੂਏਟ ਕੰਮ ਕਰਨਾ ਚਾਹੁੰਦੇ ਹਨ, ਸਮਾਜ ਵਿਗਿਆਨ ਅਤੇ ਅਰਥ ਸ਼ਾਸਤਰ ਵਿਭਾਗ ਸਥਾਪਤ ਕਰ ਲਿਆ ਹੈ। ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਯੂਨੀਵਰਸਿਟੀ ਇਸ ਨੂੰ 1904 ਦੇ ਐਕਟ ਦੁਆਰਾ ਸੌਂਪੇ ਗਏ ਮਿਸ਼ਨ ਨੂੰ ਪੂਰਾ ਕਰਨ ਲਈ ਕੁਝ ਦੂਜੇ ਪੋਸਟ-ਗਰੈਜੂਏਟ ਵਿਭਾਗ ਕਾਇਮ ਕਰਨ ਦੀ ਵੀ ਚਾਹਵਾਨ ਹੈ। ਉਨ੍ਹਾਂ ਪ੍ਰਤੀ ਪੂਰੇ ਸਨਮਾਨ ਨਾਲ, ਜਿਨ੍ਹਾਂ ਨੇ ਇਸ ਬਿਲ ਨੂੰ ਤਿਆਰ ਕੀਤਾ ਹੈ, ਸ੍ਰੀਮਾਨ ਜੀ, ਮੈਂ ਇਹ ਲਾਜ਼ਮੀ ਤੌਰ ਤੇ ਆਖਾਂਗਾ ਕਿ ਉਨ੍ਹਾਂ ਨੇ ਦੁਵੰਡ ਦੀ ਇਸ ਨੀਤੀ (ਜੋ ਯੂਨੀਵਰਸਿਟੀ ਦੁਆਰਾ ਇਕ ਪੜ੍ਹਾਉਣ ਵਾਲੀ ਯੂਨੀਵਰਸਿਟੀ ਵਜੋਂ ਆਪਣਾ ਕੰਮ ਕਾਰ

ਕਰਨ ਵਿਚ ਅਪਣਾਈ ਗਈ ਹੈ) ਦੇ ਨਤੀਜਿਆਂ ਵੱਲ ਜ਼ਰਾ ਵੀ ਧਿਆਨ ਨਹੀਂ ਦਿਤਾ। ਸ੍ਰੀਮਾਨ ਜੀ, ਮੇਰਾ ਖ਼ਿਆਲ ਹੈ ਕਿ ਮੇਰੇ ਮਾਨਯੋਗ ਦੋਸਤ ਸ਼੍ਰੀ ਹੈਮਿਲ ਅਤੇ ਮੇਰੇ ਮਾਨਯੋਗ ਦੋਸ਼ਤ ਸ਼੍ਰੀ ਮੁਨਸ਼ੀ, ਤਾਂ ਮੇਰੇ ਨਾਲ ਸਹਿਮਤ ਹੋਣਗੇ ਜਦੋਂ ਮੈਂ ਆਖਾਂ ਕਿ ਇਹ ਦੁਵੰਡ 1904 ਦੇ ਐਕਟ ਦੁਆਰਾ ਹੋਂਦ ਵਿਚ ਲਿਆਂਦੀ ਗਈ ਸੀ, ਜਿਸ ਦੁਆਰਾ ਯੂਨੀਵਰਸਿਟੀ ਨੇ ਬੀ. ਏ. ਤੋਂ ਬਾਅਦ ਦਾ ਕੰਮ ਆਪਣੇ ਅਧਿਕਾਰ ਵਿਚ ਲੈ ਲਿਆ ਹੈ ਅਤੇ ਪੂਰਵ-ਸਨਾਤਕ ਸਿਖਿਆ ਦਾ ਕੰਮ ਕਾਲਜਾਂ ਦਾ ਹਵਾਲੇ ਕਰ ਦਿਤਾ ਹੈ ਅਤੇ ਇਸ ਤਰ੍ਹਾਂ ਦੋਨਾਂ ਸੰਸਥਾਵਾਂ ਨੂੰ ਕੁਝ ਹੱਦ ਤਕ ਸ਼ਰੀਕ--ਮੈਂ ਤਾਂ ਆਖਾਂਗਾ ਕਿ ਕੁਝ ਦਰਜੇ ਤਕ ਦੁਸ਼ਮਣ----ਬਣਾ ਦਿੱਤਾ ਹੈ। ਭਾਵੇਂ ਇਸ ਬਾਰੇ ਮੇਰਾ ਅਨੁਭਵ ਸੀਮਤ ਹੈ, ਫਿਰ ਵੀ ਮੈਂ ਇਕ ਕਾਲਜ ਵਿਚ ਕੁਝ ਸਮੇਂ ਲਈ ਪ੍ਰੋਫ਼ੈਸਰ ਸਾਂ, ਅਤੇ ਭਾਵੇਂ ਮੈਂ ਹੁਣ ਪ੍ਰੋਫ਼ੈਸਰ ਨਹੀਂ ਰਿਹਾ, ਮੈਨੂੰ ਮੇਰੇ ਪੁਰਾਣੇ ਸਾਥੀ ਮਿਲਦੇ ਰਹਿੰਦੇ ਹਨ ਅਤੇ ਉਹ ਮੈਨੂੰ ਦੱਸਦੇ ਹਨ ਕਿ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਅਤੇ ਕਾਲਜਾਂ ਦੇ ਪ੍ਰੋਫ਼ੈਸਰਾਂ ਦੇ ਸਬੰਧ ਇੰਨੇ ਸੁਹਿਰਦ ਨਹੀਂ ਹਨ ਜਿੰਨੇ ਕਿ ਹੋਣੇ ਚਾਹੀਦੇ ਹਨ। ਸ੍ਰੀਮਾਨ ਜੀ, ਯਕੀਨੀ ਤੌਰ ਤੇ ਇਸ ਤਰ੍ਹਾਂ ਹੀ ਹੋਵੇਗਾ। ਮਿਸਾਲ ਦੇ ਤੌਰ ਤੇ, ਜਦੋਂ ਯੂਨੀਵਰਸਿਟੀ ਦੂਜੇ ਕਾਲਜਾਂ ਨਾਲੋਂ ਜੋ ਪਹਿਲਾਂ ਹੀ ਉਸੇ ਤਰ੍ਹਾਂ ਦੀ ਸਿਖਿਆ ਆਪਣੇ ਢੰਗ ਨਾਲ ਦੇ ਰਹੇ ਹਨ, ਖ਼ੁਦ ਕੁਝ ਉੱਚੀ ਅਤੇ ਵਰਿਸ਼ਟ ਸੰਸਥਾ ਕਾਇਮ ਕਰ ਲੈਂਦੀ ਹੈ ਤਾਂ ਇਕ ਬੰਦੇ ਦਾ ਦੂਜੇ ਨਾਲ ਈਰਖਾ ਕਰਨਾ ਕੁਦਰਤੀ ਹੈ। ਸ੍ਰੀਮਾਨ ਜੀ, ਜਿਥੇ ਕਾਲਜ ਦੇ ਪ੍ਰੋਫ਼ੈਸਰਾਂ ਦੇ ਸਬੰਧ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਨਾਲ ਦੋਸਤਾਨਾ ਨਾ ਹੋਣ, ਮੇਰਾ ਖ਼ਿਆਲ ਹੈ ਕਿ ਕਾਲਜਾਂ, ਯੂਨੀਵਰਸਿਟੀ ਜਾਂ ਲੋਕਾਂ ਦੇ ਲਾਭ ਲਈ ਕਿਸੇ ਖੋਜ ਜਾਂ ਗਿਆਨ ਵਿਚ ਵਾਧਾ ਨਹੀਂ ਕੀਤਾ ਜਾ ਸਕਦਾ। ਸ੍ਰੀਮਾਨ ਜੀ, ਦੂਜੀ ਗੱਲ ਮੈਂ ਇਹ ਕਹਿਣੀ ਹੈ ਕਿ ਜਦ ਤਕ ਯੂਨੀਵਰਸਿਟੀ ਬੀ. ਏ. ਤੋਂ ਪਹਿਲੀ (ਅੰਡਰ ਗਰੈਜੂਏਟ) ਤਕ ਦੀ ਪੜ੍ਹਾਈ ਦਾ ਕੰਮ ਆਪਣੇ ਜ਼ਿੰਮੇ ਨਹੀਂ ਲੈਂਦੀ, ਉਦੋਂ ਤਕ ਪੋਸਟ ਗ੍ਰੈਜੂਏਟ ਕੰਮ ਨੂੰ ਆਪਣੇ ਜ਼ਿੰਮੇ ਲੈਣ ਦਾ ਕੋਈ ਵੀ ਲਾਭ ਨਹੀਂ ਹੋਵੇਗਾ। ਸ੍ਰੀਮਾਨ ਜੀ, ਜਿਹੜੇ ਵੱਖ ਵੱਖ ਕਾਲਜ ਅਸੀਂ ਲੈਣ ਹਨ, ਉਨ੍ਹਾਂ ਦੀ ਕੀ ਸਥਿਤੀ ਹੈ ? ਸ੍ਰੀਮਾਨ ਜੀ, ਮੈਂ ਗੁਜ਼ਾਰਸ਼ ਕਰਦਾ ਹਾਂ ਕਿ ਸਰਕਾਰੀ ਕਾਲਜਾਂ ਤੋਂ ਇਲਾਵਾ ਬਹੁਤ ਸਾਰੇ ਕਾਲਜ ਅਜਿਹੇ ਹਨ ਜੋ ਨਿਜੀ ਜਤਨਾਂ ਸਦਕਾ ਹੀ ਸਥਾਪਿਤ ਹੋਏ ਹਨ, ਅਤੇ ਮੇਰਾ ਉਨ੍ਹਾਂ ਲੋਕਾਂ ਪ੍ਰਤੀ ਜੋ ਇਨ੍ਹਾਂ ਕਾਲਜਾਂ ਵਿਚ ਕੰਮ ਕਰਦੇ ਹਨ ਨਿਰਾਦਰ ਦਿਖਾਉਣ ਦਾ ਭਾਵ ਨਹੀਂ। ਜਦੋਂ ਮੈਂ ਇਹ ਕਹਿੰਦਾ ਹਾਂ ਕਿ ਮੇਰਾ ਖ਼ਿਆਲ ਨਹੀਂ ਕਿ ਕਾਲਜ ਪੂਰਵ-ਸਨਾਤਕ ਦੀ ਸਿਖਲਾਈ ਦਾ ਕੰਮ ਸੰਤਖਜਨਕ ਢੰਗ ਨਾਲ ਪੂਰਾ ਕਰਨ ਦੇ ਯੋਗ ਹਨ ਤਾਂ ਕੁਝ ਕਾਰਨ ਹਨ। ਸਭ ਤੋਂ ਪਹਿਲਾਂ, ਉਨ੍ਹਾਂ ਵਿਚ ਸਟਾਫ਼ ਕਾਫ਼ੀ ਨਹੀਂ ਹੈ। ਉਦਾਹਰਨ ਵਜੋਂ ਦੋ ਵਿਸ਼ੇ ਲੈ ਲਉ ਜੋ ਮੇਰੇ ਖ਼ਾਸ ਵਿਸ਼ੇ ਸਨ। ਅਰਥਾਤ, ਇਤਿਹਾਸ ਅਤੇ ਰਾਜਨੀਤਕ ਆਰਥਿਕਤਾ। ਮੈਂ ਦੇਖਦਾ ਹਾਂ ਕਿ ਆਮ ਤੌਰ ਤੇ ਕਾਲਜ ਵਿਚ ਇਨ੍ਹਾਂ ਵਿਸ਼ਿਆਂ ਨੂੰ ਪੜ੍ਹਾਉਣ ਲਈ ਦੋ ਪ੍ਰੋਫ਼ੈਸਰ ਹੁੰਦੇ ਹਨ। ਮੇਰਾ ਵਿਚਾਰ ਹੈ ਕਿ ਇਹ ਵਿਸ਼ਵਾਸ ਕਰਨਾ ਬੇਤੁਕਾ ਹੋਵੇਗਾ ਕਿ ਇਕ ਕਾਲਜ ਵਿਚ ਦੋ ਪ੍ਰੋਫ਼ੈਸਰ ਰਾਜਨੀਤਕ ਆਰਥਿਕਤਾ ਜਾਂ ਇਤਿਹਾਸ ਵਰਗੇ ਵਿਸ਼ਾਲ ਵਿਸ਼ਿਆਂ ਨੂੰ ਚੰਗੀ

ਤਰ੍ਹਾਂ ਪੜ੍ਹਾ ਸਕਦੇ ਹਨ। ਮੇਰਾ ਵਿਚਾਰ ਹੈ ਕਿ ਜਦੋਂ ਮੈਂ ਇਹ ਆਖਾਂ ਤਾਂ ਮੇਰੇ ਮਾਨਯੋਗ ਦੋਸਤ ਪ੍ਰੋਫੈਸਰ ਹੈਮਿਲ ਮੇਰੇ ਨਾਲ ਸਹਿਮਤ ਹੋਣਗੇ ਕਿ ਹਰ ਇਕ ਪ੍ਰੋਫੈਸਰ ਨੂੰ ਇਕ ਹਫ਼ਤੇ ਵਿਚ 13 ਘੰਟੇ ਲੈਕਚਰ ਦੇਣੇ ਪੈਂਦੇ ਹਨ। ਮੈਂ ਕਹਿੰਦਾ ਹਾਂ ਕਿ ਇਕ ਪ੍ਰੋਫੈਸਰ ਜਿਸ ਤੋਂ ਵਗਾਰ ਕਰਾਉਣ ਵਾਂਗ ਕੰਮ ਕਰਵਾਇਆ ਜਾਂਦਾ ਹੈ, ਅਸਲੀ ਮਾਅਨਿਆਂ ਵਿਚ ਇਕ ਅਧਿਆਪਕ ਨਹੀਂ ਬਣ ਸਕਦਾ। ਉਹ ਤਾਂ ਭਾੜੇ ਦੇ ਟੱਟੂ ਵਾਂਗ, ਬਣੇ-ਬਣਾਏ ਨੋਟਸ ਦੀ ਸਹਾਇਤਾ ਨਾਲ ਕੰਮ ਕਰਨ ਵਾਲਾ ਪ੍ਰੋਫੈਸਰ ਹੋਵੇਗਾ। ਅਸੀਂ ਉਸ ਪਾਸੋਂ ਕਿਸੇ ਮੌਲਿਕਤਾ ਦੀ ਆਸ ਨਹੀਂ ਕਰ ਸਕਦੇ ਅਤੇ ਉਹ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਨਾ ਨਹੀਂ ਦੇ ਸਕਦਾ ਜੋ ਬਦਕਿਸਮਤੀ ਨਾਲ ਉਸ ਨੂੰ ਸੁਣਨਗੇ, ਸਾਰਾ ਅਧਿਐਨ ਕੇਵਲ ਇਕ ਮਕਾਨਕੀ ਪ੍ਰਕਿਰਿਆ ਹੋਵੇਗੀ। ਕਾਲਜਾਂ ਵਿਚ ਸਟਾਫ਼ ਕੇਵਲ ਘੱਟ ਹੀ ਨਹੀਂ ਬਲਕਿ ਆਮ ਤੌਰ ਤੇ ਸਟਾਫ਼ ਵਿਚ ਅਜਿਹੇ ਆਦਮੀ ਹੁੰਦੇ ਹਨ ਜੋ ਇਸ ਕਰਕੇ ਨਹੀਂ ਕਿ ਉਨ੍ਹਾਂ ਪਾਸ ਕਾਲਜ ਨੂੰ ਦੇਣ ਲਈ ਬਹੁਤ ਕੁਝ ਹੈ, ਬਲਕਿ ਇਸ ਕਰਕੇ ਕਿ ਉਹ ਘੱਟ ਲੈਣ ਲਈ ਤਿਆਰ ਹਨ। ਅੰਡਰ ਗਰੈਜੂਏਟਾਂ ਦੀ ਫ਼ੌਜ ਦੀ ਸਹਾਇਤਾ ਨਾਲ ਕੋਈ ਵੀ ਸਾਹਸੀ ਆਦਮੀ ਕਾਲਜ ਬਣਾ ਸਕਦਾ ਹੈ ਅਤੇ ਅੰਡਰ ਗਰੈਜੂਏਟਾਂ ਨੂੰ ਪੜ੍ਹਾਉਣ ਲਈ ਉਨ੍ਹਾਂ ਤੇ ਕੰਟਰੋਲ ਕਰ ਸਕਦਾ ਹੈ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਜੇਕਰ ਅੰਡਰ ਗਰੈਜੂਏਟ ਸਬੰਧੀ ਤੁਹਾਡਾ ਕੰਮ ਇੰਨਾ ਭੈੜਾ ਹੈ ਜਿੰਨਾ ਮੈਂ ਬਿਆਨ ਕੀਤਾ ਹੈ ਤਾਂ ਇਕ ਯੂਨੀਵਰਸਿਟੀ, ਜੋ ਕੇਵਲ ਪੋਸਟ-ਗਰੈਜੂਏਟ ਵਿਦਿਆਰਥੀ ਨੂੰ ਹੀ ਪੜ੍ਹਾਉਣ ਦਾ ਜ਼ਿੰਮਾ ਲੈਂਦੀ ਹੈ, ਅਸਲੀ ਗਿਆਨ ਅਤੇ ਖੋਜ ਨੂੰ ਉਨੱਤ ਕਰਨ ਵਿਚ ਸਫਲ ਨਹੀਂ ਹੋ ਸਕਦੀ। ਤੀਜੀ ਗੱਲ ਇਹ ਹੈ ਕਿ ਮੌਜੂਦਾ ਪ੍ਰਣਾਲੀ ਨਾਲ ਫ਼ਜ਼ੂਲ ਖ਼ਰਚੀ ਬਹੁਤ ਹੁੰਦੀ ਹੈ ਅਤੇ ਮੇਰਾ ਵਿਚਾਰ ਹੈ ਕਿ ਯੂਨੀਵਰਸਿਟੀ ਅਤੇ ਕਾਲਜਾਂ ਨੂੰ ਚੰਗੇ ਢੰਗ ਨਾਲ ਸੰਗਠਿਤ ਕਰਨ ਨਾਲ ਇਸ ਫ਼ਜ਼ੂਲ ਖ਼ਰਚੀ ਤੋਂ ਬਚਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਬੰਬਈ ਸ਼ਹਿਰ ਵਿਚ ਹੀ ਰਾਜਨੀਤਕ ਆਰਥਿਕਤਾ ਪੜ੍ਹਾਉਣ ਦੇ ਪ੍ਰਸ਼ਨ ਨੂੰ ਲੈ ਲਉ। ਸ੍ਰੀਮਾਨ ਜੀ, ਮੇਰੀ ਸੂਚਨਾ ਮੁਤਾਬਕ ਸਿਡੰਨਹੈਮ ਕਾਲਜ ਆਫ਼ ਕਾਮਰਸ (Sydenham College of Commerce) ਵਿਚ ਲਗਭਗ ਛੇ ਪ੍ਰੋਫੈਸਰ ਹਨ ਜੋ ਖ਼ਾਸ ਤੌਰ ਤੇ ਇਤਿਹਾਸ, ਰਾਜਨੀਤਕ ਆਰਥਿਕਤਾ ਅਤੇ ਵਪਾਰਕ ਭੂਗੋਲ ਦੇ ਵਿਸ਼ੇ ਪੜ੍ਹਾਉਂਦੇ ਹਨ। ਵਿਲਸਨ ਕਾਲਜ ਵਿਚ ਦੋ ਪ੍ਰੋਫੈਸਰ ਹਨ ਜੋ ਇਹੀ ਵਿਸ਼ੇ ਪੜ੍ਹਾਉਂਦੇ ਹਨ। ਦੋ ਪ੍ਰੋਫੈਸਰ ਐਲਫਿਨਿਸਟਨ ਵਿਚ ਅਤੇ ਦੋ ਪ੍ਰੋਫੈਸਰ ਜ਼ੇਵੀਅਰਜ਼ ਵਿਚ ਹਨ। ਸ੍ਰੀਮਾਨ ਜੀ, ਬੰਬਈ ਵਰਗੇ ਸ਼ਹਿਰ ਵਿਚ ਸਾਡੇ ਪਾਸ ਅਜਿਹਾ ਅਧਿਆਪਕ ਵਰਗ ਹੈ ਜੋ ਇਤਿਹਾਸ ਅਤੇ ਰਾਜਨੀਤਕ ਆਰਥਿਕਤਾ ਪੜ੍ਹਾਉਣ ਦੇ ਕੰਮ ਵਿਚ ਰੁੱਝਾ ਹੋਇਆ ਹੈ। ਇਸ ਵਿਚ 12 ਅਧਿਆਪਕ ਹਨ। ਸ੍ਰੀਮਾਨ ਜੀ, ਯਕੀਨੀ ਤੌਰ ਤੇ ਜੇਕਰ ਇਨ੍ਹਾਂ ਚਾਰਾਂ ਕਾਲਜਾਂ ਨੂੰ, ਜਿਨ੍ਹਾਂ ਵਿਚ 12 ਪ੍ਰੋਫੈਸਰ ਹਨ, ਇਸ ਢੰਗ ਨਾਲ ਸੰਗਠਿਤ ਕੀਤਾ ਜਾਵੇ ਕਿ ਲੈਕਚਰ ਦੇਣ ਦੀ ਪ੍ਰਣਾਲੀ ਨੂੰ ਸਾਂਝਾ ਕਰ ਦਿੱਤਾ ਜਾਵੇ ਅਤੇ ਵੱਖ ਵੱਖ ਕਾਲਜਾਂ ਦੇ ਵਿਦਿਆਰਥੀਆਂ ਨੂੰ ਕਿਸੇ ਇਕ ਖ਼ਾਸ ਕਾਲਜ ਵਿਚ ਦਿਤੇ ਜਾਣ ਵਾਲੇ ਲੈਕਚਰਾਂ ਨੂੰ ਸੁਣਨ ਅਤੇ ਉਥੇ ਹਾਜ਼ਰ ਹੋਣ ਦੀ ਆਗਿਆ ਦੇ ਦਿੱਤੀ

ਜਾਵੇ ਤਾਂ ਉਨ੍ਹਾਂ ਪ੍ਰੋਫ਼ੈਸਰਾਂ ਨੂੰ ਜੋ ਲੈਕਚਰ ਦੇ ਰਹੇ ਹਨ, ਕਿਸੇ ਹੋਰ ਤਰ੍ਹਾਂ ਦਾ ਖ਼ਾਸ ਕੰਮ ਕਰਨ ਲਈ ਬੜੀ ਆਸਾਨੀ ਨਾਲ ਛੱਡਿਆ ਜਾ ਸਕੇਗਾ। ਜੇਕਰ ਇਸ ਤਰ੍ਹਾਂ ਕਰ ਲਿਆ ਜਾਵੇ, ਤਾਂ ਮੈਨੂੰ ਪੱਕਾ ਨਿਸ਼ਚਾ ਹੈ ਕਿ ਇਹ 12 ਪ੍ਰੋਫ਼ੈਸਰ ਜੋ ਇਸ ਵੇਲੇ ਵੱਖ ਵੱਖ ਕਾਲਜਾਂ ਵਿਚ ਇਕੋ ਜਿਹੇ ਵਿਸ਼ਿਆਂ ਤੇ ਲੈਕਚਰ ਦਿੰਦੇ ਹਨ, ਕੇਵਲ ਅੰਡਰ ਗਰੈਜੂਏਟ ਪੜ੍ਹਾਈ ਦਾ ਪ੍ਰਬੰਧ ਕਰਨ ਦੇ ਯੋਗ ਹੀ ਨਹੀਂ ਹੋ ਜਾਣਗੇ ਬਲਕਿ ਪੋਸਟ-ਗਰੈਜੂਏਟ ਪੜ੍ਹਾਈ ਦਾ ਪ੍ਰਬੰਧ ਵੀ ਕਰ ਸਕਦੇ ਹਨ ਤਾਂ ਜੋ ਉਹ ਖ਼ਰਚਾ ਜੋ ਸਾਨੂੰ ਹੁਣ ਸਮਾਜ ਵਿਗਿਆਨ ਅਤੇ ਅਰਥ ਸ਼ਾਸਤਰ ਵਿਭਾਗ ਦੇ ਪਸਾਰ ਤੇ ਕਰਨਾ ਪੈਂਦਾ ਹੈ, ਨਿਸ਼ਚਿਤ ਤੌਰ ਤੇ ਦੂਜੇ ਵਿਸ਼ਿਆਂ ਤੇ ਚੰਗੇਰੀ ਵਰਤੋਂ ਕਰਨ ਵਾਸਤੇ ਬਚ ਜਾਵੇਗਾ। ਸ੍ਰੀਮਾਨ ਜੀ, ਇਹ ਫ਼ਜ਼ੂਲ ਖ਼ਰਚੀ ਇਤਿਹਾਸ ਅਤੇ ਰਾਜਨੀਤਕ ਆਰਥਿਕਤਾ ਦੀ ਪੋਸਟ-ਗਰੈਜੂਏਟ ਦੀ ਪੜ੍ਹਾਈ ਦੇ ਸਬੰਧ ਵਿਚ ਹੀ ਨਹੀਂ ਹੁੰਦੀ ਬਲਕਿ ਮੈਂ ਕਹਿੰਦਾ ਹਾਂ ਕਿ ਇਹ ਫ਼ਜ਼ੂਲ ਖ਼ਰਚੀ ਕਿਸੇ ਵੀ ਉਸ ਵਿਸ਼ੇ ਦੇ ਸਬੰਧ ਵਿਚ ਹੋਵੇਗੀ ਜਿਸ ਨੂੰ ਪੋਸਟ-ਗਰੈਜੂਏਟ ਖੋਜ ਦੇ ਵਿਸ਼ੇ ਵਜੋਂ ਯੂਨੀਵਰਸਿਟੀ ਆਪਣੇ ਜ਼ਿੰਮੇ ਲੈ ਲਵੇਗੀ। ਇਹੀ ਕਾਰਨ ਹੈ ਕਿ ਸਾਡੇ ਕਾਲਜ ਆਪਣੇ ਆਪ ਵਿਚ ਛੋਟੀਆਂ ਯੂਨੀਵਰਸਿਟੀਆਂ ਬਣੇ ਹੋਏ ਹਨ। ਹਰ ਇਕ ਕਾਲਜ ਵਿਚ ਲਗਭਗ ਹਰ ਸੰਭਵ ਵਿਸ਼ਾ ਪੜ੍ਹਾਇਆ ਜਾਂਦਾ ਹੈ ਅਤੇ ਕਾਲਜ ਨਾਲ ਸਬੰਧਤ ਇਸਦੇ ਸਟਾਫ਼ ਵਿਚ ਅਜਿਹੇ ਪ੍ਰੋਫ਼ੈਸਰ ਹਨ ਜੋ ਉਹ ਸਾਰੇ ਵਿਸ਼ੇ ਪੜ੍ਹਾ ਲੈਂਦੇ ਹਨ ਜੋ ਯੂਨੀਵਰਸਿਟੀ ਇਮਤਿਹਾਨਾਂ ਲਈ ਨਿਰਧਾਰਤ ਕੀਤੇ ਗਏ ਹਨ। ਇਸ ਤਰ੍ਹਾਂ ਹੁੰਦੇ ਹੋਏ ਜੇਕਰ ਬੀ.ਏ. ਤੋਂ ਬਾਅਦ ਦੇ ਕੰਮ ਲਈ ਯੂਨੀਵਰਸਿਟੀ ਵੱਖਰੇ ਪ੍ਰੋਫ਼ੈਸਰ ਮੁਕੱਰਰ ਕਰਦੀ ਹੈ ਤਾਂ ਉਨ੍ਹਾਂ ਵੱਖ ਵੱਖ ਨੁਕਸਾਨਾਂ ਤੋਂ ਇਲਾਵਾ, ਜੋ ਮੈਂ ਆਪਣੇ ਭਾਸ਼ਣ ਦੇ ਪਹਿਲੇ ਹਿਸੇ ਵਿਚ ਦੱਸੇ ਹਨ, ਦੋਹਰ ਅਤੇ ਫ਼ਜ਼ੂਲ ਖ਼ਰਚੀ ਦਾ ਹੋਣਾ ਲਾਜ਼ਮੀ ਹੈ। ਇਸ ਲਈ, ਸ੍ਰੀਮਾਨ ਜੀ, ਮੈਂ ਬੇਨਤੀ ਕਰਦਾ ਹਾਂ ਕਿ ਜੇਕਰ ਇਸ ਬਿਲ ਦਾ ਉਦੇਸ਼ ਉਚੇਰੀ ਸਿਖਿਆ ਅਤੇ ਖੋਜ ਨੂੰ ਉਨੱਤ ਕਰਨਾ ਹੈ ਤਾਂ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਕਾਲਜਾਂ ਨੂੰ ਯੂਨੀਵਰਸਿਟੀ ਤੋਂ ਵੱਖ ਨਾ ਕੀਤਾ ਜਾਵੇ ਜਿਵੇਂ ਹੁਣ ਕੀਤਾ ਗਿਆ ਹੈ, ਬਲਕਿ ਇਕ ਸੰਯੋਜਨ ਕੀਤਾ ਜਾਵੇ ਜਿਸ ਵਿਚ ਕਾਲਜ ਅਤੇ ਯੂਨੀਵਰਸਿਟੀ ਬਰਾਬਰ ਦੇ ਹਿਸੇਦਾਰ ਹੋਣ ਅਤੇ ਅੰਡਰ ਗਰੈਜੂਏਟ ਅਤੇ ਪੋਸਟ-ਗਰੈਜੂਏਟ ਪੜ੍ਹਾਈ ਨੂੰ ਉਨੱਤ ਕਰਨ ਲਈ ਇਸ ਵਿਚ ਇਕੱਠੇ ਸ਼ਾਮਲ ਹੋਣ। ਸ੍ਰੀਮਾਨ ਜੀ, ਜੋ ਕੁਝ ਮੈਂ ਕਿਹਾ ਹੈ ਉਹ ਅਸਲ ਵਿਚ ਮੈਂ ਆਪਣੇ ਕੋਲੋਂ ਨਹੀਂ ਕਿਹਾ। ਇਹ ਉਹ ਹੈ ਜੋ ਸੈਡਲਰ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤਾ ਗਿਆ ਸੀ ਜਿਸ ਨੇ ਕਲਕੱਤਾ ਯੂਨੀਵਰਸਿਟੀ ਨੂੰ ਦਰਪੇਸ਼ ਆਈ ਇਸੇ ਤਰ੍ਹਾਂ ਦੀ ਸਮੱਸਿਆ ਦਾ ਵਿਸ਼ਲੇਸ਼ਣ ਕੀਤਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੈਡਲਰ ਕਮਿਸ਼ਨ ਇਕ ਅਜਿਹਾ ਮਾਹਰ ਕਮਿਸ਼ਨ ਸੀ ਜਿਹੜਾ ਕਿ ਇਸ ਮੁਲਕ ਵਿਚ ਸੰਭਾਵੀ ਤੌਰ ਤੇ ਹੋ ਸਕਦਾ ਹੈ। ਮੈਨੂੰ ਜ਼ਾਤੀ ਤੌਰ ਤੇ ਇਹ ਸਮਝ ਨਹੀਂ ਆਉਂਦੀ ਕਿ ਇਹ ਸਰਕਾਰ ਇਕ ਅਜਿਹੀ ਰਿਪੋਰਟ ਨਾਲ ਆਕੜ ਕੇ ਕਿਵੇਂ ਚਲ ਸਕਦੀ ਹੈ ਜੋ ਅਜਿਹੇ ਆਦਮੀਆਂ ਦੁਆਰਾ ਤਿਆਰ ਕੀਤੀ ਗਈ ਸੀ ਜੋ ਆਪਣੇ ਕੰਮ ਵਿਚ ਬਿਲਕੁਲ ਅਪ੍ਰਬੀਨ ਸਨ ਅਤੇ ਇਸ ਨੂੰ ਅਜਿਹੇ ਮਾਹਿਰਾਂ ਦੁਆਰਾ ਮਿਹਨਤ ਨਾਲ

ਤਿਆਰ ਕੀਤੀ ਗਈ ਰਾਇ ਦੇ ਮੁਕਾਬਲੇ ਤੇ ਲਿਆ ਸਕਦੀ ਹੈ। ਜੋ ਸੈਡਲਰ ਕਮਿਸ਼ਨ ਵਿਚ ਸਨ, ਮਿਹਨਤ ਨਾਲ ਤਿਆਰ ਕੀਤੀ ਗਈ ਰਾਇ ਦੇ ਮੁਕਾਬਲੇ ਤੇ ਲਿਆ ਸਕਦੀ ਹੈ।

ਮੈਂ ਬੰਬਈ ਯੂਨੀਵਰਸਿਟੀ ਦੇ ਪੁਨਰਗਠਨ ਵਾਸਤੇ ਯੂਨੀਵਰਸਿਟੀ ਕਮੇਟੀ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਨੂੰ ਬੜੇ ਧਿਆਨ ਨਾਲ ਪੜ੍ਹਿਆ ਹੈ। ਪਰ, ਮੈਨੂੰ ਇਸ ਵਿਚ ਅਜਿਹੀ ਕੋਈ ਚੀਜ਼ ਨਜ਼ਰ ਨਹੀਂ ਆਈ ਜੋ ਮੇਰੀ ਰਾਇ ☆ਬਦਲ ਦੇਵੇ ਕਿ ਸੈਡਲਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ, ਬੰਬਈ ਯੂਨੀਵਰਸਿਟੀ ਕਮੇਟੀ ਦੀਆਂ ਸਿਫ਼ਾਰਸ਼ਾਂ ਨਾਲੋਂ ਕਿਤੇ ਵਧੇਰੇ ਪ੍ਰਭਾਵਕਾਰੀ ਅਤੇ ਲਾਭਦਾਇਕ ਹੋਣਗੀਆਂ। ਇਸ ਲਈ ਮੇਰਾ ਵਿਚਾਰ ਹੈ ਕਿ ਬਹੁਤ ਚੰਗਾ ਹੋਵੇਗਾ ਜੇਕਰ ਮੇਰਾ ਮਾਨਯੋਗ ਦੋਸਤ ਸਿਖਿਆ ਮੰਤਰੀ ਅਜੇ ਵੀ ਕਿਸੇ ਨਾ ਕਿਸੇ ਤਰ੍ਹਾਂ ਜਾਂ ਤਾਂ ਇਸੇ ਬਿਲ ਵਿਚ ਕੋਈ ਉਪਬੰਧ ਸ਼ਾਮਲ ਕਰਕੇ ਜਾਂ ਵਿਨਿਯਮ ਬਣਾਉਣ ਦੇ ਮਾਮਲੇ ਵਿਚ ਸੈਨੇਟ ਨੂੰ ਸ਼ਕਤੀਆਂ ਦੇ ਕੇ, ਕਾਲਜਾਂ ਉੱਤੇ ਵਧੇਰੇ ਕੰਟਰੋਲ ਦੇ ਕੇ ਯੂਨੀਵਰਸਿਟੀ ਨੂੰ ਪੜ੍ਹਾਈ ਦਾ ਸਥਾਨੀਕਰਨ ਕਰਨ ਦੀ ਆਗਿਆ ਦੇ ਦੇਵੇ ਜਿਨ੍ਹਾਂ ਨੂੰ ਭੂਗੋਲਿਕ ਕੇਂਦਰਾਂ ਵਿਚ ਸਥਿਤ "ਸੰਘਟਕ ਕਾਲਜ" ਕਿਹਾ ਜਾ ਸਕਦਾ ਹੈ। ਮੇਰਾ ਖ਼ਿਆਲ ਹੈ ਕਮੇਟੀ ਨੇ ਇਹ ਗੱਲ ਮੰਨ ਲਈ ਹੈ ਕਿ ਪੂਨਾ ਇਕ ਅਜਿਹੀ ਥਾਂ ਹੈ ਜੋ ਇਕ ਵੱਖਰੀ ਯੂਨੀਵਰਸਿਟੀ ਕਾਇਮ ਕਰਨ ਲਈ ਢੁੱਕਵੀਂ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ਲਈ ਇਕ ਵੱਖਰੀ ਯੂਨੀਵਰਸਿਟੀ ਵਾਸਤੇ ਬੰਬਈ ਖ਼ੁਦ ਇਕ ਢੁੱਕਵੀਂ ਥਾਂ ਹੈ ਅਤੇ ਮੇਰਾ ਵਿਚਾਰ ਹੈ ਕਿ ਜੇਕਰ ਇਨ੍ਹਾਂ ਦੋ ਕੇਂਦਰਾਂ ਵਿਚ ਸਥਿਤ ਕਾਲਜਾਂ ਨੂੰ ਵੱਖ ਕਰ ਕੇ ਇਕ ਯੂਨੀਵਰਸਿਟੀ ਵਿਚ ਇਕੱਠਾ ਕਰ ਦਿੱਤਾ ਜਾਵੇ, ਤਾਂ ਅਸੀਂ ਉਚੇਰੀ ਸਿਖਿਆ ਅਤੇ ਖੋਜ ਦੇ ਕੰਮ ਨੂੰ ਉਨੱਤ ਕਰਨ ਦੀ ਸਮੱਸਿਆ ਨੂੰ ਹੱਲ ਕਰ ਲਵਾਂਗੇ। ਪ੍ਰੈਜ਼ੀਡੈਂਸੀ ਵਿਚ ਖਿਲਰੇ ਹੋਏ ਮੁੱਢਸਿਲ ਕਾਲਜਾਂ ਦੇ ਸਬੰਧ ਵਿਚ, ਅਸੀਂ ਸੈਡਲਰ ਕਮਿਸ਼ਨ ਦਾ ਸੁਝਾਅ ਪ੍ਰਵਾਨ ਕਰਕੇ ਬੜੀ ਆਸਾਨੀ ਨਾਲ ਨਜਿਠ ਸਕਦੇ ਹਾਂ, ਜਿਸ ਨੇ ਇਕ "ਮੁੱਢਸਿਲ ਬੋਰਡ" ਕਾਇਮ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਮੈਂ ਕਹਿੰਦਾ ਹਾਂ ਕਿ ਸੈਡਲਰ ਕਮਿਸ਼ਨ ਦੁਆਰਾ ਸੁਝਾਈ ਗਈ ਸਕੀਮ ਇਸ ਸੁਧਾਰ ਕਮੇਟੀ ਦੁਆਰਾ ਸਿਫ਼ਾਰਸ਼ ਕੀਤੀ ਗਈ ਸਕੀਮ, ਅਰਥਾਤ, ਇਕ ਰੈਕਟਰ ਦੀ ਨਿਯੁਕਤੀ, ਨਾਲੋਂ ਸੌ ਦਰਜੇ ਚੰਗੀ ਹੈ। ਸ੍ਰੀਮਾਨ ਜੀ, ਮੈਂ ਯੂਨੀਵਰਸਿਟੀ ਦੇ ਸੰਗਠਨ ਬਾਰੇ ਬਸ ਇਹੀ ਕੁਝ ਕਹਿਣਾ ਸੀ। ਹੁਣ ਮੈਂ ਸੈਨੇਟ ਦੀ ਬਣਤਰ ਦੇ ਪ੍ਰਸ਼ਨ ਵੱਲ ਆਉਂਦਾ ਹਾਂ। ਕੱਲ੍ਹ ਮੇਰੇ ਮਾਨਯੋਗ ਦੋਸਤ ਸ਼੍ਰੀ ਜਾਧਵ ਦੇ ਭਾਸ਼ਣ ਨਾਲ ਕਾਫ਼ੀ ਗਰਮਾ-ਗਰਮੀ ਹੋਈ ਸੀ ਜਦੋਂ ਉਨ੍ਹਾਂ ਨੇ ਕਿਹਾ ਕਿ ਉਦੇਸ਼ਾਂ ਅਤੇ ਕਾਰਣਾਂ ਦੇ ਵਿਵਰਣ ਵਿਚ ਬੰਬਈ ਯੂਨੀਵਰਸਿਟੀ ਦੀ ਸੈਨੇਟ ਵਿਚ ਪੱਛੜੇ ਹੋਏ ਫ਼ਿਰਕਿਆਂ ਦੀ ਪ੍ਰਤਿਨਿਧਤਾ ਦੀ ਲੋੜ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ। ਇਹ ਦੇਖਕੇ ਮੈਂ ਥੋੜ੍ਹਾ ਬਹੁਤ ਹੈਰਾਨ ਹੋਇਆ ਕਿ ਮੇਰਾ ਮਾਨਯੋਗ ਦੋਸਤ ਬੰਬਈ ਯੂਨੀਵਰਸਿਟੀ ਦਾ ਮੈਂਬਰ ਇਕ ਦਮ ਤੈਸ਼ ਵਿਚ ਆ ਗਿਆ। ਪਰ ਸ੍ਰੀਮਾਨ ਜੀ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ

☆ ਬੰਬਈ ਯੂਨੀਵਰਸਿਟੀ ਰਿਫ਼ਾਰਮਜ਼ ਕਮੇਟੀ ਵਾਸਤੇ ਡਾ. ਅੰਬੇਡਕਰ ਦੀ ਲਿਖਤੀ ਗਵਾਹੀ ਅੰਤਿਕਾ 111 ਵਜੋਂ ਛਪੀ ਹੋਈ ਹੈ।

ਅਸੀਂ ਜਿਸ ਪੌੜੀ ਰਾਹੀਂ ਉਪਰ ਚੜ੍ਹਦੇ ਹਾਂ ਉਸੇ ਨੂੰ ਠੋਕਰ ਮਾਰਦੇ ਹਾਂ ਅਤੇ ਮੇਰਾ ਮਾਨਯੋਗ ਦੋਸਤ, ਯੂਨੀਵਰਸਿਟੀ ਦਾ ਮੈਂਬਰ, ਜਿਸ ਨੇ ਆਪਣੇ ਭਾਸ਼ਣ ਵਿਚ ਫ਼ਿਰਕਾਪ੍ਰਸਤੀ ਨੂੰ ਜ਼ੋਰਦਾਰ ਢੰਗ ਨਾਲ ਸਵੀਕਾਰ ਕੀਤਾ ਹੈ, ਉਸ ਨੂੰ ਛੋਟ ਨਹੀਂ ਦਿੱਤੀ ਜਾ ਸਕਦੀ। ਸ੍ਰੀਮਾਨ ਜੀ, ਮੈਂ ਉਸ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਉਸਨੇ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਨੂੰ ਖ਼ੁਦ ਇਕ ਮਨੋਰਥ ਪੱਤਰ ਜਾਰੀ ਕੀਤਾ ਸੀ ਕਿ ਉਸਦਾ ਸਮਰਥਨ ਇਸ ਆਧਾਰ ਤੇ ਕੀਤਾ ਜਾਵੇ ਕਿ ਗੁਜਰਾਤ, ਗੁਜਰਾਤੀਆਂ ਲਈ ਹੈ। ਹੁਣ ਮੈਂ ਉਸਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਹ ਫ਼ਿਰਕਾਪ੍ਰਸ਼ਤੀ ਨਹੀਂ, ਤਾਂ ਫ਼ਿਰਕਾਪ੍ਰਸਤੀ ਕੀ ਹੈ ? ਮੈਂ ਚਾਹੁੰਦਾ ਹਾਂ ਕਿ ਉਸ ਦਾ ਜਵਾਬ ਦੇਵੇ--------

ਸ਼੍ਰੀ. ਕੇ.ਐਮ.ਮੁਨਸ਼ੀ: ਸ੍ਰੀਮਾਨ ਜੀ, ਮੈਨੂੰ ਇਹ ਆਖਣ ਵਿਚ ਖੁਸ਼ੀ ਹੈ ਕਿ ਬਿਆਨ ਬਿਲਕੁਲ ਗ਼ਲਤ ਹੈ।

ਡਾ.ਬੀ.ਆਰ.ਅੰਬੇਡਕਰ: ਇਹ ਬਿਲਕੁਲ ਵੀ ਗਲਤ ਨਹੀਂ। ਮੈਂ ਖ਼ੁਦ ਤੁਹਾਡਾ ਮਨੋਰਥ ਪੱਤਰ ਪੜ੍ਹਿਆ ਹੈ। ਫਿਰ ਵੀ, ਸਿਆਸੀ ਆਦਮੀਆਂ ਦੀ ਯਾਦਾਸ਼ਤ ਬਹੁਤ ਕਮਜ਼ੋਰ ਹੁੰਦੀ ਹੈ। ਮੈਂ ਇਸ ਸਦਨ ਵਿਚ ਜੋ ਕੁਝ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਮੈਂ ਨਹੀਂ ਸਮਝਦਾ ਕਿ ਹਿੰਦੂ ਅਤੇ ਮੁਸਲਮਾਨ, ਜਿਵੇਂ ਵੀ ਉਹ ਬਣਾਏ ਗਏ ਹਨ, ਈਮਾਨਦਾਰੀ ਨਾਲ ਕਹਿ ਸਕਦੇ ਹਨ ਕਿ ਇਕ ਦੂਜੇ ਪ੍ਰਤੀ ਆਪਣੇ ਵਤੀਰੇ ਵਿਚ ਉਹ ਫ਼ਿਰਕੂ ਨਹੀਂ ਹਨ। ਇਸ ਸਦਨ ਦਾ ਕੋਈ ਵੀ ਮੈਂਬਰ ਇਹ ਨਹੀਂ ਕਹਿ ਸਕਦਾ ਕਿ ਆਪਣੇ ਵਤੀਰੇ ਵਿਚ ਉਹ ਗ਼ੈਰ-ਫ਼ਿਰਕੂ ਹੈ। ਮੈਂ ਵੰਗਾਰ ਕੇ ਆਖਦਾ ਹਾਂ ਕਿ ਕੋਈ ਵੀ ਮਾਨਯੋਗ ਮੈਂਬਰ ਇਸ ਤੋਂ ਇਨਕਾਰ ਕਰੇ-------

ਰਾਓ. ਬਹਾਦਰ. ਆਰ.ਆਰ.ਕਾਲੇ: ਮੈਂ ਇਸ ਬਿਆਨ ਨੂੰ ਚੁਣੌਤੀ ਦਿੰਦਾ ਹਾਂ।

ਮਾਨਯੋਗ ਮੈਂਬਰਜ਼: ਅਸੀਂ ਵੀ ਇਸ ਬਿਆਨ ਨੂੰ ਚੁਣੌਤੀ ਦਿੰਦੇ ਹਾਂ।

ਮਾਨਯੋਗ ਪ੍ਰੈਜ਼ੀਡੈਂਟ: ਆਰਡਰ, ਆਰਡਰ,। ਮੇਜ਼ ਦੇ ਆਰ ਪਾਰ ਕੋਈ ਗੱਲਬਾਤ ਨਾ ਹੋਵੇ।

ਰਾਓ ਬਹਾਦਰ.ਆਰ.ਆਰ.ਕਾਲੇ: ਪਰ ਮਾਨਯੋਗ ਮੈਂਬਰ ਡਾ. ਅੰਬੇਡਕਰ ਨੇ ਕਿਹਾ ਸੀ ਕਿ ਉਹ ਚੁਣੌਤੀ ਦਿੰਦੇ ਹਨ ਕਿ ਕੋਈ ਵੀ ਮਾਨਯੋਗ ਮੈਂਬਰ ਉਨ੍ਹਾਂ ਦੇ ਬਿਆਨ ਤੋਂ ਇਨਕਾਰ ਕਰੇ।

ਡਾ. ਬੀ.ਆਰ. ਅੰਬੇਡਕਰ: ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹਰ ਇਕ ਹਿੰਦੂ ਅਤੇ ਹਰ ਇਕ ਮੁਸਲਮਾਨ ਇਕ ਖ਼ਾਸ ਜਾਤ ਅਤੇ ਫ਼ਿਰਕੇ ਵਿਚ ਪੈਦਾ ਹੋਇਆ ਹੈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਸੀਂ ਇਕ ਫ਼ਿਰਕੂ ਚੌਗਿਰਦੇ ਵਿਚ ਜੰਮੇ ਪਲੇ ਹਾਂ। ਅਸੀਂ ਉਸ ਫ਼ਿਰਕੇ ਦੀ ਅਭਿਲਾਸ਼ਾ ਅਤੇ ਉਤਸਾਹ ਵਿਚ ਹਿੱਸਾ ਵੰਡਾਉਂਦੇ ਹਾਂ, ਅਸੀਂ ਉਸ ਫ਼ਿਰਕੇ ਦੀਆਂ ਲਾਚਾਰੀਆਂ ਨੂੰ ਮਹਿਸੂਸ ਕਰਦੇ ਹਾਂ ਅਤੇ ਸਿਟੇ ਵਜੋਂ, ਮੇਰੇ

ਮਨ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਇਸ ਸਦਨ ਦੇ ਅੰਦਰ ਅਤੇ ਸਦਨ ਦੇ ਬਾਹਰ ਹਰ ਕੋਈ ਮੈਂਬਰ ਹਰ ਇਕ ਪ੍ਰਸ਼ਨ ਤੇ ਜਾਣ ਬੁਝ ਕੇ ਜਾਂ ਅਣਜਾਣਪੁਣੇ ਵਿਚ ਫ਼ਿਰਕੂ ਦ੍ਰਿਸ਼ਟੀਕੋਣ ਤੋਂ ਹੀ ਝਾਤ ਮਾਰੇਗਾ।

ਮਾਨਯੋਗ ਮੈਂਬਰਜ਼ : ਨਹੀਂ, ਨਹੀਂ।

ਡਾ. ਬੀ.ਆਰ. ਅੰਬੇਡਕਰ : ਮੈਂ ਨਾਂਹ ਵਿਚ ਵਿਸ਼ਵਾਸ ਕਰਨ ਤੋਂ ਬਿਲਕੁਲ ਇਨਕਾਰ ਕਰਦਾ ਹਾਂ--"ਨਹੀਂ" ਚਿੱਲਾਉਣਾ ਬਿਲਕੁਲ ਹੀ ਪਖੰਡ ਹੈ, ਸ੍ਰੀਮਾਨ ਜੀ, ਹਰ ਇਕ ਪ੍ਰਸ਼ਨ ਜੋ ਇਸ ਸਦਨ ਦੇ ਸਾਹਮਣੇ ਆਉਂਦਾ ਹੈ, ਮੈਂ ਖ਼ੁਦ----ਮੈਂ ਇਮਾਨਦਾਰੀ ਨਾਲ ਇਹ ਸਵੀਕਾਰ ਕਰਦਾ ਹਾਂ ਕਿ ਉਸ ਤੇ ਫ਼ਿਰਕੂ ਦ੍ਰਿਸ਼ਟੀਕੋਣ ਤੋਂ ਨਿਗ੍ਹਾ ਮਾਰਦਾ ਹਾਂ ਅਤੇ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਕੀ ਇਹ ਦਲਿਤ ਸ਼੍ਰੇਣੀਆਂ ਲਈ ਚੰਗਾ ਹੋਵੇਗਾ ਜਾਂ ਨਹੀਂ।

ਸ਼੍ਰੀ. ਕੇ.ਐਫ. ਨਾਰੀਮਨ : ਅਫ਼ਸੋਸ ਹੈ।

ਡਾ. ਬੀ.ਆਰ.ਅੰਬੇਡਕਰ : ਜੋ ਕਹਿੰਦੇ ਹਨ ਕਿ ਅਫ਼ਸੋਸ ਹੈ ਉਹ ਆਪ ਵੀ ਫ਼ਿਰਕਾਪ੍ਰਸਤੀ ਤੋਂ ਆਜ਼ਾਦ ਨਹੀਂ ਹਨ। ਗ਼ੈਰ-ਫ਼ਿਰਕਾਪ੍ਰਸਤੀ ਬਾਰੇ ਗੱਲਾਂ ਕਰਨਾ ਬਹੁਤ ਸੌਖਾ ਹੈ, ਕਿਉਂਕਿ ਇਹ ਨਿਰੀਆਂ ਗੱਲਾਂ ਹੀ ਹੁੰਦੀਆਂ ਹਨ। ਸ੍ਰੀਮਾਨ ਜੀ, ਅਸੀਂ ਜਾਣਦੇ ਹਾਂ ਕਿ ਸਾਡੇ ਦਿਲ ਇਹੋ ਜਿਹੇ ਹਨ ਕਿ ਅਸੀਂ ਬਰਾਬਰੀ ਦੇ ਰੂਪ ਵਿਚ ਦੂਜੇ ਫ਼ਿਰਕਿਆਂ ਦੇ ਭਾਈਵਾਲ ਨਹੀਂ ਹੋ ਸਕਦੇ, ਜਦੋਂ ਵੀ ਅਸੀਂ ਆਪਣੀਆਂ ਧੀਆਂ ਦੀ ਸ਼ਾਦੀ ਕਰਨੀ ਹੁੰਦੀ ਹੈ ਤਾਂ ਅਸੀਂ ਇਹ ਪੁੱਛਣਾ ਸ਼ੁਰੂ ਕਰ ਦਿੰਦੇ ਹਾਂ ਕਿ ਹੋਣ ਵਾਲਾ ਵਰ ਸਾਡੀ ਆਪਣੀ ਜ਼ਾਤ ਦਾ ਹੈ ਕਿ ਨਹੀਂ (ਹਾਸਾ), ਜਦੋਂ ਅਸੀਂ ਖਾਣੇ ਵਾਸਤੇ ਮਹਿਮਾਨਾਂ ਨੂੰ ਬੁਲਾਉਣਾ ਚਾਹੁੰਦੇ ਹਾਂ ਤਾਂ ਅਸੀਂ ਇਹ ਪੜਤਾਲ ਕਰਨੀ ਸ਼ੁਰੂ ਕਰ ਦਿੰਦੇ ਹਾਂ ਕਿ ਕੀ ਉਹ ਸਾਡੀ ਆਪਣੀ ਬਰਾਦਰੀ ਦੇ ਹਨ--------

ਸ੍ਰੀ. ਜੀ.ਬੀ.ਪਹਲਾਜਨੀ: ਮੈਂ ਇਸ ਨੂੰ ਵੰਗਾਰਦਾ ਹਾਂ।

ਡਾ.ਬੀ.ਆਰ.ਅੰਬੇਡਕਰ : ਇਹ ਕਹਿਣਾ ਬਿਲਕੁਲ ਪਖੰਡ ਹੈ ਕਿ ਅਸੀਂ ਇਹੋ ਜਿਹੀਆਂ ਗੱਲਾਂ ਨਹੀਂ ਕਰਦੇ। ਮੇਰੀ ਤਮੰਨਾ ਹੈ ਕਿ ਮਾਨਯੋਗ ਮੈਂਬਰ ਇਹ ਮਹਿਸੂਸ ਕਰਨ ਕਿ ਇਹ ਇਕ ਔਗੁਣ ਹੈ ਜਿਸ ਵਾਸਤੇ ਮੈਂ ਕਿਸੇ ਇਕ ਫ਼ਿਰਕੇ ਨੂੰ ਦੋਸ਼ ਨਹੀਂ ਦਿੰਦਾ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਹ ਸਾਡੇ ਸਾਰਿਆਂ ਤੇ ਇਕ ਕਲੰਕ ਹੈ। ਇਸ ਤਰ੍ਹਾਂ ਹੁੰਦੇ ਹੋਏ ਇਹ ਗੱਲ ਮੰਨਣੀ ਚਾਹੀਦੀ ਹੈ ਕਿ ਕੋਈ ਵੀ ਫ਼ਿਰਕਾ, ਭਾਵੇਂ ਬੌਧਿਕ ਤੌਰ ਤੇ ਉਹ ਕਿੰਨਾ ਵੀ ਅਗਾਂਹ ਵਧੂ ਹੋਵੇ, ਦੂਜੇ ਫ਼ਿਰਕਿਆਂ ਦਾ ਰਖਵਾਲਾ ਨਹੀਂ ਬਣ ਸਕਦਾ। ਇਸ ਤੱਥ ਨੂੰ ਉਨ੍ਹਾਂ ਵਿਧਾਨਕਾਰਾਂ ਨੇ ਵੀ ਮੰਨਿਆ ਹੈ ਜਿਨ੍ਹਾਂ ਨੇ ਰਿਫ਼ਾਰਮਜ਼ ਐਕਟ ਤਿਆਰ ਕੀਤਾ। ਜੇਕਰ ਇਸ ਤਰ੍ਹਾਂ ਨਾ ਹੁੰਦਾ ਤਾਂ ਸਾਨੂੰ ਇਸ ਵਿਧਾਨ ਪਰਿਸ਼ਦ ਵਿਚ ਮੁਸਲਮਾਨਾਂ ਵਾਸਤੇ ਵੱਖਰੀ ਪ੍ਰਤਿਨਿਧਤਾ, ਪੱਛੜੀਆਂ ਸ਼੍ਰੇਣੀਆਂ ਲਈ ਵੱਖਰੀ ਪ੍ਰਤਿਨਿਧਤਾ ਅਤੇ ਦਲਿਤ ਸ਼੍ਰੇਣੀਆਂ ਵਾਸਤੇ ਵੱਖਰੀ ਪ੍ਰਤਿਨਿਧਤਾ ਦੇਖਣ ਨੂੰ ਨਾ ਮਿਲਦੀ। ਇਹ ਇਸ ਕਰਕੇ ਹੈ ਕਿ ਅਸੀਂ

ਸੰਵਿਧਾਨਕ ਤੌਰ ਤੇ ਸਥਿਤੀ ਦਾ ਵਿਸ਼ਾਲ ਦ੍ਰਿਸ਼ਟੀਕੋਣ ਅਖਵਾਉਣ ਦੇ ਯੋਗ ਨਹੀਂ ਹਾਂ ਅਤੇ ਇਸ ਲਈ ਕਿ ਫ਼ਿਰਕਾਪ੍ਰਸਤੀ ਦੀਆਂ ਪ੍ਰਭਾਵਕਾਰੀ ਸ਼ਕਤੀਆਂ ਨੂੰ ਠੱਲ੍ਹ ਪਾਈ ਜਾ ਸਕੇ। ਮੈਂ ਸਮਝਦਾ ਹਾਂ ਕਿ ਬੜੀ ਸਿਆਣਪ ਨਾਲ ਇਨ੍ਹਾਂ ਮੈਂਬਰਾਂ ਦੁਆਰਾ ਇਸ ਪ੍ਰਤੀਰੋਧ ਦਾ ਉਪਬੰਧ ਕੀਤਾ ਗਿਆ ਹੈ। ਸ੍ਰੀਮਾਨ ਜੀ, ਇਸ ਨੁਕਤੇ ਬਾਰੇ ਮੈਂ ਈਮਾਨਦਾਰ ਹਾਂ ਅਤੇ ਮੈਂ ਆਸ ਕਰਦਾ ਹਾਂ ਕਿ ਕਿ ਮਾਨਯੋਗ ਮੈਂਬਰ ਵੀ ਇਸ ਨੁਕਤੇ ਬਾਰੇ ਈਮਾਨਦਾਰ ਹੋਣਗੇ। ਇਸ ਗੱਲ ਦਾ ਕੋਈ ਲਾਭ ਨਹੀਂ ਕਿ ਅਸੀਂ ਕਹੀਏ ਕੁੱਝ ਤੇ ਕਰੀਏ ਕੁੱਝ ਹੋਰ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੇ ਫ਼ਿਰਕੇ ਬੌਧਿਕ ਤੌਰ ਤੇ ਅਗਾਂਹਵਧੂ ਨਹੀਂ ਹਨ, ਬੰਬਈ ਯੂਨੀਵਰਸਿਟੀ ਦੀ ਸੈਨੇਟ ਵਿਚ ਉਨ੍ਹਾਂ ਦੀ ਪ੍ਰਤਿਨਿਧਤਾ ਦੀ ਕਿਉਂ ਲੋੜ ਹੈ ? ਸ੍ਰੀਮਾਨ ਜੀ, ਮੈਂ ਬੇਨਤੀ ਕਰਦਾ ਹਾਂ ਕਿ ਮੈਂ ਸੈਨੇਟ ਤੇ ਜਾਣ-ਬੁਝ ਕੇ ਕੋਈ ਤਰਫ਼ਦਾਰੀ ਕਰਨ ਦਾ ਦੋਸ਼ ਨਹੀਂ ਲਾਉਣਾ ਚਾਹੁੰਦਾ। ਫਿਰ ਵੀ ਮੈਂ ਕਹਿੰਦਾ ਹਾਂ ਕਿ ਹੁਣ ਤਕ ਬੰਬਈ ਯੂਨੀਵਰਸਿਟੀ ਦੀ ਨੀਤੀ ਪੱਛੜੀਆਂ ਅਤੇ ਦਲਿਤ ਸ਼੍ਰੇਣੀਆਂ ਵਾਸਤੇ ਉਤਸਾਹ ਜਨਕ ਨਹੀਂ ਰਹੀ। ਮੈਂ ਕੇਵਲ ਇਕ ਮਿਸਾਲ ਦਿੰਦਾ ਹਾਂ। ਯੂਨੀਵਰਸਿਟੀ ਦੁਆਰਾ ਅਪਣਾਈ ਗਈ ਸਿਖਿਆ ਦੀ ਪ੍ਰਣਾਲੀ ਦੀ ਹੀ ਉਦਾਹਰਨ ਲੈ ਲਉ। ਇਸ ਬਾਰੇ ਮੇਰੇ ਮਨ ਵਿਚ ਕੋਈ ਸ਼ੱਕ ਨਹੀਂ ਅਤੇ ਮੇਰਾ ਖ਼ਿਆਲ ਹੈ ਕਿ ਜੋ ਯੂਨੀਵਰਸਿਟੀ ਦੀ ਪ੍ਰਤਿਨਿਧਤਾ ਕਰਦੇ ਹਨ ਉਹ ਇਸ ਤੱਥ ਤੋਂ ਇਨਕਾਰ ਨਹੀਂ ਕਰਨਗੇ ਕਿ ਇਮਤਿਹਾਨ ਲੈਣ ਦੀ ਪ੍ਰਣਾਲੀ ਜੋ ਅੱਜ ਭਾਰਤ ਵਿਚ ਮੌਜੂਦ ਹੈ, ਇਹ ਬਹੁਤ ਸਖ਼ਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨੂੰ ਭਾਰਤ ਦੇ ਉਨ੍ਹਾ ਕੁਝ ਸਿਖਿਆ ਸ਼ਾਸਤਰੀਆਂ ਨੇ ਉਚਿਤ ਠਹਿਰਾਇਆ ਹੈ, ਜਿਨ੍ਹਾਂ ਦਾ ਇਹ ਵਿਸ਼ਵਾਸ ਹੈ ਕਿ ਇਮਤਿਹਾਨਾਂ ਦਾ ਮਿਆਰ ਵਧਾਉਣਾ ਸਿਖਿਆ ਦਾ ਮਿਆਰ ਵਧਾਉਣ ਦੇ ਬਰਾਬਰ ਹੈ। ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ। ਇਮਤਿਹਾਨ, ਸਿਖਿਆ ਨਾਲੋਂ ਬਿਲਕੁਲ ਵਖਰੀ ਚੀਜ਼ ਹੈ, ਪਰ ਸਿਖਿਆ ਦਾ ਮਿਆਰ ਵਧਾਉਣ ਦੀ ਆੜ ਹੇਠ ਉਹ ਇਮਤਿਹਾਨਾਂ ਨੂੰ ਏਨਾ ਅਸੰਭਵ ਅਤੇ ਇੰਨਾ ਕਠੋਰ ਬਣਾ ਰਹੇ ਹਨ ਕਿ ਪੱਛੜੇ ਹੋਏ ਫ਼ਿਰਕੇ ਜਿਨ੍ਹਾਂ ਨੇ ਹੁਣ ਤਕ ਯੂਨੀਵਰਸਿਟੀ ਦੀ ਚਾਰਦੀਵਾਰੀ ਅੰਦਰ ਪੈਰ ਵੀ ਨਹੀਂ ਧਰਿਆ, ਬਿਲਕੁਲ ਬਾਹਰ ਰਹਿ ਜਾਂਦੇ ਹਨ। ਪਰ ਮੈਂ ਉਸ ਬਾਰੇ ਗੱਲ ਨਹੀਂ ਕਰਨੀ, ਕਿਉਂਕਿ ਇਹ ਪ੍ਰਣਾਲੀ ਸਾਰੇ ਫ਼ਿਰਕਿਆਂ ਤੇ ਇਕੋ ਤਰ੍ਹਾਂ ਲਾਗੂ ਹੁੰਦੀ ਹੈ। ਪਰ ਸ੍ਰੀਮਾਨ ਜੀ, ਜ਼ਰਾ ਇਸ ਬਾਰੇ ਸੋਚੋ। ਕੀ ਯੂਨੀਵਰਸਿਟੀ ਨੇ ਕਦੇ ਪੱਛੜੇ ਹੋਏ ਫ਼ਿਰਕਿਆਂ ਦੀ ਸਿਖਿਆ ਦੇ ਵਿਕਾਸ ਉਤੇ ਸਮਕਾਲਕ ਇਮਤਿਹਾਨਾਂ ਦੇ ਪ੍ਰਭਾਵ ਬਾਰੇ ਵਿਚਾਰ ਕੀਤਾ ਹੈ ? ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਸ ਗੱਲ ਦੀ ਮੰਗ ਕਰਨ ਵਿੱਚ ਕੀ ਚੰਗਿਆਈ ਹੈ ਕਿ ਇਕ ਖ਼ਾਸ ਉਮੀਦਵਾਰ ਜੋ ਇਕ ਇਮਤਿਹਾਨ ਵਿਚ ਬੈਠਦਾ ਹੈ, ਇਕੋ ਵਾਰੀ ਸਾਰੇ ਪਰਚਿਆਂ ਵਿਚ ਪਾਸ ਹੋ ਜਾਵੇ। ਮਿਸਾਲ ਵਜੋਂ, ਇਹ ਉਨ੍ਹਾਂ ਵਿਦਿਆਰਥੀਆਂ ਲਈ ਮਹੱਤਵਹੀਣ ਗੱਲ ਹੋਵੇਗੀ ਜਿਨ੍ਹਾਂ ਦੇ ਮਾਪੇ ਕਾਫ਼ੀ ਅਮੀਰ ਹਨ, ਜੋ ਦਿਨ ਵਿਚ ਕਾਲਜ ਜਾਣ ਵਾਸਤੇ ਸਮਾਂ ਕੱਢ ਸਕਦੇ ਹਨ, ਅਤੇ ਜੋ ਆਪਣਾ ਸਾਰਾ ਸਮਾਂ ਪੜ੍ਹਾਈ ਕਰਨ ਤੇ ਲਾ ਸਕਦੇ ਹਨ। ਪਰ ਗ਼ਰੀਬ ਵਿਦਿਆਰਥੀਆਂ ਦਾ ਕੀ ਬਣੇਗਾ ? ਗ਼ਰੀਬੀ ਦਾ ਮਾਰਿਆ ਹੋਇਆ ਮਾਂ-ਬਾਪ, ਔਖੇ

ਸੌਖੇ ਗੁਜ਼ਾਰਾ ਕਰਨ ਲਈ ਪਰਵਾਰ ਦੀ ਕਮਾਈ ਵਿਚ ਵਾਧਾ ਕਰਨ ਵਾਸਤੇ ਦਿਨ ਵੇਲੇ ਆਪਣੇ ਲੜਕੇ ਤੋਂ ਕਮਾਈ ਕਰਾਉਂਦਾ ਹੈ। ਉਸ ਲੜਕੇ ਦਾ ਕੀ ਬਣੇਗਾ ਜੋ ਯੂਨੀਵਰਸਿਟੀ ਦੀ ਪੜ੍ਹਾਈ ਲਈ ਦਿਨ ਦੇ 12 ਘੰਟਿਆਂ ਵਿਚੋਂ ਬਹੁਤ ਥੜ੍ਹਾ ਸਮਾਂ ਕੱਢਦਾ ਹੈ ? ਯਕੀਨਨ, ਜੇਕਰ ਯੂਨੀਵਰਸਿਟੀ ਨੂੰ ਪੱਛੜੇ ਹੋਏ ਫ਼ਿਰਕਿਆਂ ਦੀ ਆਰਥਿਕ ਹਾਲਤ ਦਾ ਪਤਾ ਹੁੰਦਾ ਤਾਂ ਇਸਨੇ ਨਿਸਚੇ ਹੀ ਸਮਕਾਲਿਕ ਇਮਤਿਹਾਨਾਂ ਦੀ ਪ੍ਰਣਾਲੀ ਤੇ ਕਾਇਮ ਨਹੀਂ ਸੀ ਰਹਿਣਾ ਜੋ ਮੇਰੀ ਰਾਇ ਮੁਤਾਬਕ ਬਿਲਕੁਲ ਅਣਉਚਿਤ ਅਤੇ ਬੇਤੁਕੀ ਹੈ। ਮੈਂ ਤੁਹਾਨੂੰ ਇਕ ਮਿਸਾਲ ਹੋਰ ਦਿੰਦਾ ਹਾਂ ਜੋ ਮੇਰੇ ਮਨ ਵਿਚ ਹੁਣ ਆਈ ਹੈ, ਕਿਉਂਕਿ ਮੇਰੇ ਮਾਨਯੋਗ ਦੋਸਤ ਸ਼੍ਰੀ ਮੁਨਸ਼ੀ ਕਹਿੰਦੇ ਹਨ ਕਿ ਯੂਨੀਵਰਸਿਟੀ ਕਿਸੇ ਲਈ ਵੀ ਕਿਸੇ ਤਰ੍ਹਾਂ ਦੀ ਕੋਈ ਪਹਿਲ ਦਰਸਾਏ ਬਿਨਾਂ ਹੁਣ ਤਕ ਸਭ ਕੁਝ ਕਰਦੀ ਰਹੀ ਹੈ। ਮੇਰੇ ਇਕ ਦੋਸਤ ਨੇ, ਜਿਸ ਨੂੰ ਯੂਨੀਵਰਸਿਟੀ ਦੀ ਸੈਨੇਟ ਲਈ ਨਾਮਜ਼ਦ ਕੀਤਾ ਗਿਆ ਹੈ, ਇਕ ਦਿਨ ਮੈਨੂੰ ਦੱਸਿਆ ਕਿ ਉਸਨੇ ਸੈਨੇਟ ਵਿਚ ਦੋ ਵਾਰੀ ਇਹ ਮਤਾ ਰੱਖਿਆ ਕਿ ਦਲਿਤ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ, ਜੋ ਯੂਨੀਵਰਸਿਟੀ ਦੇ ਇਮਤਿਹਾਨ ਦਿੰਦੇ ਹਨ, ਫ਼ੀਸਾਂ ਦੇ ਮਾਮਲੇ ਵਿਚ ਕੁਝ ਰਿਆਇਤ ਦੇਣੀ ਚਾਹੀਦੀ ਹੈ। ਮੈਨੂੰ ਉਸ ਤੋਂ ਪਤਾ ਲੱਗਾ ਹੈ ਕਿ ਇਹ ਤਜਵੀਜ਼ ਸੈਨੇਟ ਦੁਆਰਾ ਦੋ ਵਾਰੀ ਰੱਦ ਕਰ ਦਿੱਤੀ ਗਈ।

ਇਕ ਮਾਨਯੋਗ ਮੈਂਬਰ : ਸਾਰੇ ਫ਼ਿਰਕਿਆਂ ਵਿਚ ਗ਼ਰੀਬ ਲੋਕ ਹਨ।

ਮਾਨਯੋਗ ਪ੍ਰੈਜ਼ੀਡੈਂਟ : ਮਾਨਯੋਗ ਮੈਂਬਰ, ਰੁਕਾਵਟ ਦਾ ਖ਼ਿਆਲ ਕੀਤੇ ਬਿਨਾਂ ਬੋਲਦੇ ਰਹਿਣ।

ਡਾ. ਬੀ. ਆਰ. ਅੰਬੇਡਕਰ : ਇਹ ਗੱਲ ਸਭ ਥਾਂ ਮੰਨੀ ਗਈ ਹੈ। ਸਰਕਾਰ ਨੇ ਵੀ ਮੰਨੀ ਹੈ, ਕਿ ਕੁਝ ਫ਼ਿਰਕੇ ਅਜਿਹੇ ਹਨ ਜੋ ਆਰਥਿਕ ਤੌਰ ਤੇ ਗ਼ਰੀਬ ਹਨ ਅਤੇ ਜਿਨ੍ਹਾਂ ਨੂੰ ਸਰਕਾਰ ਪਾਸੋਂ ਕੁਝ ਰਿਆਇਤਾਂ ਦੀ ਲੋੜ ਹੈ ਤਾਂ ਜੋ ਉਹ ਵੀ ਉਸੇ ਪੱਧਰ ਤੇ ਆ ਜਾਣ ਜਿਸ ਪੱਧਰ ਤੇ ਬਾਕੀ ਦੇ ਫ਼ਿਰਕੇ ਹਨ। ਜੇਕਰ ਸੈਨੇਟ ਦੁਆਰਾ ਇਸ ਅਕਲਮੰਦੀ ਵਾਲੇ ਸਿਧਾਂਤ ਦੀ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ ਅਤੇ ਇਸ ਨੂੰ ਸਮਝਿਆ ਨਹੀਂ ਜਾ ਸਕਦਾ, ਤਾਂ ਮੈਂ ਕਹਿੰਦਾ ਹਾਂ ਕਿ ਅਜਿਹੀ ਸੈਨੇਟ ਕਦੇ ਵੀ ਪੱਛੜੀਆਂ ਸ਼੍ਰੇਣੀਆਂ ਦੇ ਹਿਤਾਂ ਦੀ ਰਖਵਾਲੀ ਨਹੀਂ ਬਣ ਸਕਦੀ।

ਮੇਰੇ ਮਾਨਯੋਗ ਦੋਸਤ ਪ੍ਰੋਫੈਸਰ ਹੈਮਿਲ ਨੇ ਆਪਣੇ ਭਾਸ਼ਣ ਦੇ ਦੌਰਾਨ ਕੁਝ ਟਿਪਣੀਆਂ ਕੀਤੀਆਂ ਸਨ। ਮੈਂ ਉਨ੍ਹਾਂ ਨਾਲ ਨਿਪਟਣਾ ਜ਼ਰੂਰੀ ਸਮਝਦਾ ਹਾਂ, ਭਾਵੇਂ ਮੈਂ ਸਦਨ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਦਲਿਤ ਵਰਗ ਅਤੇ ਪੱਛੜੀਆਂ ਸ਼੍ਰੇਣੀਆਂ ਯੂਨੀਵਰਸਿਟੀ ਦੀ ਕਾਰਜ ਕੁਸ਼ਲਤਾ ਵਿਚ ਸਹਾਇਤਾ ਕਰਨ ਤਾਂ ਨਿਸਚੇ ਹੀ ਉਹ ਸੈਨੇਟ ਵਿਚ ਨਾਮਜ਼ਦਗੀ ਹਾਸਲ ਕਰ ਸਕਦੇ ਹਨ। ਮੇਰਾ ਵਿਚਾਰ ਹੈ ਕਿ ਇਹ ਦਲੀਲ ਦੇਣ ਦਾ ਇਕ ਮਾਰਗ ਹੈ ਜੋ ਉਨ੍ਹਾਂ ਨੇ ਇਖ਼ਤਿਆਰ ਕੀਤਾ ਹੈ ਕਿ ਜੇਕਰ ਦਲਿਤ

ਵਰਗਾਂ ਦੇ ਲੋਕ ਸਿਖਿਆ ਦੇ ਮਾਮਲੇ ਵਿਚ ਮਾਹਰ ਹੋਣ ਤਾਂ ਉਨ੍ਹਾਂ ਨੂੰ ਬੰਬਈ ਯੂਨੀਵਰਸਿਟੀ ਦੇ ਸੈਨੇਟ ਵਿਚ ਨਿਸਚੇ ਹੀ ਥਾਂ ਮਿਲਣੀ ਚਾਹੀਦੀ ਹੈ। ਹੁਣ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰਾ ਮਾਨਯੋਗ ਦੋਸਤ ਪ੍ਰੋਫੈਸਰ ਹੈਮਿਲ ਜਦੋਂ ਅਜਿਹਾ ਬਿਆਨ ਦਿੰਦਾ ਹੈ ਤਾਂ ਉਹ ਸੈਨੇਟ ਦੇ ਵਾਸਤਵਿਕ ਕਰੱਤਵ ਨੂੰ ਭੁਲ ਜਾਂਦਾ ਹੈ। ਸੈਨੇਟ ਯੂਨੀਵਰਸਿਟੀ ਦੀ ਕਾਰਜਕਾਰੀ ਸੰਸਥਾ ਨਹੀਂ ਹੈ। ਪੱਛੜੀਆਂ ਸ਼ੇਣੀਆਂ ਦੇ ਕਿਸੇ ਵੀ ਮੈਂਬਰ ਨੇ ਸਿੰਡੀਕੇਟ ਜਾਂ ਅਕਾਦਮਿਕ ਪਰਿਸ਼ਦ ਦੀ ਕਿਸੇ ਵਿਸ਼ੇਸ਼ ਪ੍ਰਤਿਨਿਧਤਾ ਲਈ ਨਹੀਂ ਆਖਿਆ। ਮੈਂ ਮੰਨਦਾ ਹਾਂ, ਮੈਂ ਇਹ ਚੰਗੀ ਤਰ੍ਹਾਂ ਮਹਿਸੂਸ ਕਰਦਾ ਹਾਂ ਅਤੇ ਮੇਰਾ ਮਾਨਯੋਗ ਦੋਸਤ ਪ੍ਰੋਫੈਸਰ ਹੈਮਿਲ ਵੀ ਮਹਿਸੂਸ ਕਰਦਾ ਹੈ ਕਿ ਇਸ ਵਿਚ ਵਿਚ ਕੋਈ ਸ਼ੱਕ ਨਹੀਂ ਕਿ ਇਹ ਦੋ ਸੰਸਥਾਵਾਂ ਅਜਿਹੀਆਂ ਸੰਸਥਾਵਾਂ ਹਨ, ਜਿਨ੍ਹਾਂ ਵਿਚ ਮਾਹਿਰ ਵਿਅਕਤੀ ਹੋਣੇ ਚਾਹੀਦੇ ਹਨ ਜੋ ਯੂਨੀਵਰਸਿਟੀ ਦਾ ਕੰਮ ਕਾਰ ਚਲਾਉਣਗੇ। ਪਰ ਮੈਂ ਉਨ੍ਹਾਂ ਨੂੰ ਚੇਤੇ ਕਰਾਉਣਾ ਹੈ ਕਿ ਸੈਨੇਟ ਪੂਰਨ ਤੌਰ ਤੇ ਇਕ ਵਿਧਾਨਕ ਸੰਸਥਾ ਹੁੰਦੀ ਹੈ, ਇਕ ਅਜਿਹੀ ਸੰਸਥਾ ਹੁੰਦੀ ਹੈ ਜਿਸ ਨੇ ਪੱਛੜੇ ਹੋਏ ਫ਼ਿਰਕਿਆਂ ਦੀਆਂ ਲੋੜਾਂ ਨੂੰ ਪੇਸ਼ ਕਰਨਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਸੁਵਿਧਾਵਾਂ ਦਾ ਸੁਝਾਅ ਦੇਣਾ ਹੁੰਦਾ ਹੈ। ਮੇਰੀ ਰਾਇ ਵਿਚ ਸੈਨੇਟ ਬਿਲਕੁਲ ਸਾਡੀ ਵਿਧਾਨ ਪਰਿਸ਼ਦ ਦੇ ਅਨੁਰੂਪ ਹੈ ਅਤੇ ਸਾਡੇ ਪਾਸ ਇਸ ਵਿਧਾਨ ਪਰਿਸ਼ਦ ਵਿਚ ਦਲਿਤ ਵਰਗਾਂ ਦੇ ਮੈਂਬਰ ਵੀ ਹਨ ਜਿਨ੍ਹਾਂ ਨੂੰ ਇਸ ਕਰਕੇ ਨਿਯਕੁਤ ਨਹੀਂ ਕੀਤਾ ਗਿਆ ਕਿ ਉਹ ਸਰਕਾਰ ਵਾਲੇ ਪਾਸੇ ਬੈਠੇ ਕਿਸੇ ਮਾਨਯੋਗ ਮੈਂਬਰਾਂ ਦੀ ਥਾਂ ਲੈਣਾ ਚਾਹੁੰਦੇ ਹਨ ਬਲਕਿ ਇਥੇ ਉਨ੍ਹਾਂ ਦਾ ਕੰਮ ਏਨਾ ਹੀ ਹੈ ਕਿ ਉਹ ਸਰਕਾਰ ਨੂੰ ਇਹ ਦੱਸਣ ਕਿ ਜਿਹੜੇ ਫ਼ਿਰਕੇ ਲਾਚਾਰ ਹੋਕੇ ਕਸ਼ਟ ਸਹਿ ਰਹੇ ਹਨ ਉਨ੍ਹਾਂ ਦੀਆਂ ਲੋੜਾਂ ਕੀ ਕੀ ਹਨ। ਇਹੀ ਅਸੀਂ ਪੁੱਛ ਰਹੇ ਹਾਂ ਅਤੇ ਮੇਰਾ ਖ਼ਿਆਲ ਹੈ ਕਿ ਮੇਰੇ ਦੋਸਤ ਜਦੋਂ ਕੋਈ ਗੱਲ ਕਰਦੇ ਹਨ ਤਾਂ ਉਹ ਇਹ ਭੁੱਲ ਜਾਂਦੇ ਹਨ ਕਿ ਸੈਨੇਟ ਕਿਸ ਲਈ ਹੈ।

ਸ੍ਰੀ ਮਾਨ ਜੀ, ਇਸ ਤੋਂ ਪਹਿਲਾਂ ਕਿ ਮੈਂ ਖ਼ਤਮ ਕਰਾਂ, ਮੈਂ ਇਕ ਗੱਲ ਬਹੁਤ ਦ੍ਰਿੜ੍ਹਤਾ ਨਾਲ ਕਹਿਣੀ ਚਾਹੁੰਦਾ ਹਾਂ। ਸ੍ਰੀਮਾਨ ਜੀ, ਸਵਰਾਜ ਪਾਰਟੀ ਦੇ ਮਾਨਯੋਗ ਮੈਂਬਰਾਂ ਵਲੋਂ ਮੰਗ ਆਈ ਹੈ ਕਿ ਸਾਨੂੰ ਪ੍ਰਾਂਤਿਕ ਖ਼ੁਦ-ਮਖ਼ਤਾਰੀ ਮਿਲਣੀ ਚਾਹੀਦੀ ਹੈ। ਸ੍ਰੀਮਾਨ ਜੀ, ਇਹ ਅਜਿਹੀ ਮੰਗ ਹੈ ਜਿਸਦਾ ਸਵਾਗਤ ਕਰਨਾ ਚਾਹੀਦਾ ਹੈ। ਪਰ ਸ੍ਰੀਮਾਨ ਜੀ, ਮੈਂ ਗੁਜ਼ਾਰਸ਼ ਕਰਦਾ ਹਾਂ ਕਿ ਜਦੋਂ ਤਿੰਨ-ਚੌਥਾਈ ਆਬਾਦੀ ਜਹਾਲਤ ਨਾਲ ਲਥਪਥ ਹੈ ਅਤੇ ਇਸ ਨੂੰ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਪਤਾ ਨਹੀਂ ਹੈ ਤਾਂ ਖ਼ੁਦ-ਮੁਖ਼ਤਾਰੀ ਦੀ ਆਸ ਨਹੀਂ ਕੀਤੀ ਜਾ ਸਕਦੀ। ਜੇਕਰ ਸਾਨੂੰ ਸਵੈ-ਸ਼ਾਸਨ ਦਾ ਅਧਿਕਾਰ ਮਿਲ ਵੀ ਜਾਵੇ ਤਾਂ ਇਸ ਗੱਲ ਦੇ ਹੁੰਦੇ ਹੋਇਆਂ ਕਿ ਤਿੰਨ-ਚੌਥਾਈ ਆਬਾਦੀ ਜਹਾਲਤ ਨਾਲ ਲਥਪਥ ਹੈ, ਸਾਡੀ ਪ੍ਰਤਿਨਿਧ ਪ੍ਰਣਾਲੀ ਇਕ ਫ਼ਰੇਬ ਹੋਵੇਗੀ ਅਤੇ ਇਥੇ ਦੌਲਤ ਦਾ ਗ਼ਰੀਬੀ ਉੱਤੇ, ਅਤੇ ਤਾਕਤ ਦਾ ਕੰਮਜ਼ੋਰੀ ਉੱਤੇ ਰਾਜ ਹੋਵੇਗਾ। ਠੀਕ ਇਸੇ ਤਰ੍ਹਾਂ ਹੀ ਹੋਵੇਗਾ। ਸ੍ਰੀਮਾਨ ਜੀ, ਇਸ ਲਈ, ਮੈਂ ਕਹਿੰਦਾ ਹਾ ਕਿ ਜੇਕਰ ਅਸੀਂ ਪ੍ਰਾਂਤਿਕ ਖ਼ੁਦ ਮਖ਼ਤਾਰੀ ਲੈਣਾ ਚਾਹੁੰਦੇ ਹਾਂ ਤਾਂ ਸਾਨੂੰ ਦੋ

ਗੱਲਾਂ ਲਾਜ਼ਮੀ ਤੌਰ ਤੇ ਯਕੀਨੀ ਬਣਾਉਣੀਆਂ ਪੈਣਗੀਆਂ। ਇਕ ਗੱਲ ਤਾਂ ਇਹ ਹੈ ਕਿ ਸਿਖਿਆ ਦੇ ਪੱਖੋਂ ਪੱਛੜੇ ਹੋਏ ਫ਼ਿਰਕਿਆਂ ਦੀ, ਹਰ ਦਰਜੇ ਦੀ ਆਧੁਨਿਕ ਸਿਖਿਆ ਤੱਕ ਹਰ ਪ੍ਰਕਾਰ ਦੀ ਪਹੁੰਚ ਹੋਣੀ ਚਾਹੀਦੀ ਹੈ ਤਾਂ ਜੋ ਉਹ ਨਾਗਰਿਕਤਾ ਦੇ ਆਪਣੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਦਾ ਅਹਿਸਾਸ ਕਰ ਸਕਣ ਦੂਜੀ ਗੱਲ ਇਹ ਹੈ: ਇਨ੍ਹਾਂ ਫ਼ਿਰਕਿਆਂ ਨੂੰ ਹਰ ਪ੍ਰਕਾਰ ਦੀ ਪਹੁੰਚ ਦੇਣੀ ਚਾਹੀਦੀ ਹੈ, ਇਸ ਲਈ ਮੌਜੂਦਾ ਹਾਲਾਤ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਲਈ ਵਿਸ਼ੇਸ਼ ਪ੍ਰਤਿਨਿਧਤਾ ਦਾ ਉਪਬੰਧ ਕੀਤਾ ਜਾਵੇ।

ਇਸ ਤੋਂ ਪਹਿਲਾਂ ਕਿ ਮੈਂ ਬੈਠਾਂ, ਸ੍ਰੀਮਾਨ ਜੀ, ਮੈਂ ਚਾਹੁੰਦਾ ਹਾਂ ਕਿ ਇਕ ਮਾਮਲਾ ਸਪਸ਼ਟ ਹੋ ਜਾਵੇ। ਸ੍ਰੀਮਾਨ ਜੀ, ਤੁਸੀਂ ਕੱਲ੍ਹ ਸਾਨੂੰ ਇਕ ਫ਼ੈਸਲਾ ਦਿੱਤਾ ਹੈ ਜਿਸ ਦੀ ਮੈਨੂੰ ਚੰਗੀ ਤਰ੍ਹਾਂ ਸਮਝ ਨਹੀਂ ਆਈ। ਸ੍ਰੀਮਾਨ ਜੀ, ਮੈਂ ਤੁਹਾਡੇ ਕੱਲ੍ਹ ਵਾਲੇ ਫ਼ੈਸਲੇ ਤੋਂ ਸਮਝਦਾ ਹਾਂ ਕਿ ਫ਼ਿਰਕੂ ਪ੍ਰਤਿਨਿਤਾ ਦਾ ਸਿਧਾਂਤ ਰੱਦ ਕਰ ਦਿੱਤਾ ਗਿਆ ਹੈ। ਮੈਂ ਇਸ ਤੋਂ ਇਹ ਸਮਝਦਾ ਹਾਂ ਕਿ ਫ਼ਿਰਕੂ ਪ੍ਰਤਿਨਿਧਤਾ ਦੇ ਸਿਧਾਂਤ ਨੂੰ ਉਸ ਸ਼ਬਦ ਦੇ ਸਾਧਾਰਨ ਅਰਥਾਂ ਵਿੱਚ, ਅਰਥਾਤ ਖ਼ਾਸ ਫ਼ਿਰਕਿਆਂ ਦੇ ਵੋਟਰਾਂ ਨੂੰ, ਉਸੇ ਫ਼ਿਰਕੇ ਦਾ ਮੈਂਬਰ ਚੁਣਨ ਲਈ, ਇਕ ਗਰੁੱਪ ਵਜੋਂ ਇੱਕਠਾ ਕੀਤੇ ਜਾਣ ਨੂੰ ਰੱਦ ਕਰ ਦਿੱਤਾ ਗਿਆ ਹੈ। ਆਪ ਦੇ ਫ਼ੈਸਲੇ ਦੀ ਇਹ ਮੇਰੀ ਵਿਆਖਿਆ ਹੈ। ਇਸ ਸ਼ਬਦ ਦੇ ਅਰਥਾਂ ਵਿਚ, ਹੁਣ ਯੂਨੀਵਰਸਿਟੀ ਦੀਆਂ ਵੱਖ ਵੱਖ ਸੰਸਥਾਵਾਂ ਵਿਚ ਫ਼ਿਰਕੂ ਪ੍ਰਤਿਨਿਧਤਾ ਦਾ ਪ੍ਰਸ਼ਨ ਉਠਾਉਣ ਲਈ ਸਾਡੇ ਤੇ ਬੰਦਸ਼ ਲਗਾ ਦਿਤੀ ਗਈ ਹੈ। ਮੇਰਾ ਖ਼ਿਆਲ ਨਹੀਂ ਕਿ ਆਪ ਦੇ ਫੈਸਲੇ ਦਾ ਭਾਵ ਇਹ ਹੋਵੇਗਾ ਕਿ ਅਸੀਂ ਇਸ ਮਾਮਲੇ ਵਿਚ ਨਹੀਂ ਆਖ ਸਕਾਂਗੇ ਕਿ ਉਨ੍ਹਾਂ 40 ਸੀਟਾਂ ਦੀ ਵੰਡ ਕਿਵੇਂ ਕੀਤੀ ਜਾਵੇਗੀ ਜੋ ਪ੍ਰਤਿਨਿਧਤਾ ਵਾਸਤੇ ਰਾਖਵੀਆਂ ਰੱਖੀਆਂ ਹੋਈਆਂ ਹਨ। ਮੇਰੀ ਬੇਨਤੀ ਹੈ ਕਿ ਇਸ ਸਦਨ ਦੇ ਮਾਨਯੋਗ ਮੈਂਬਰ ਸਿਲੈਕਟ ਕਮੇਟੀ ਵਿਚ ਜਾਂ ਦੂਜੀ ਪੜ੍ਹਤ ਸਮੇਂ ਅਜੇ ਵੀ ਇਸ ਖ਼ਾਸ ਮਾਮਲੇ ਤੇ ਬਹਿਸ ਕਰ ਸਕਦੇ ਹਨ। ਇਸ ਲਈ, ਮੈਂ ਆਪਣੇ ਮਾਨਯੋਗ ਦੋਸਤ ਸਿਖਿਆ ਮੰਤਰੀ ਨੂੰ ਆਖਣਾ ਚਾਹੁੰਦਾ ਹਾਂ ਕਿ ਇਸ ਨੁਕਤੇ ਬਾਰੇ ਆਪਣੀਆਂ ਅੰਤਿਮ ਟਿਪਣੀਆਂ ਦੇ ਦੌਰਾਨ ਉਨ੍ਹਾਂ ਨੂੰ ਆਪਣੀ ਸਥਿਤੀ ਸਪਸ਼ਟ ਕਰ ਦੇਣੀ ਚਾਹੀਦੀ ਹੈ। ਕਿ ਮੈਂ ਬੜੇ ਜ਼ੋਰ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਦ ਤਕ ਸੈਨੇਟ ਵਿਚ ਇਨ੍ਹਾਂ ਪੱਛੜੇ ਹੋਏ ਫ਼ਿਰਕਿਆਂ ਨੂੰ ਪ੍ਰਤਿਨਿਧਤਾ ਦੇਣ ਦਾ ਉਪਬੰਧ ਨਹੀ ਕੀਤਾ ਜਾਂਦਾ, ਉਦੋਂ ਤਕ ਇਸ ਬਿਲ ਦੀ ਸਾਡੇ ਵਾਸਤੇ ਕੋਈ ਕੀਮਤ ਨਹੀਂ ਹੋਵੇਗੀ, ਅਤੇ ਮੈਂ ਇਸ ਦੇ ਵਿਰੁੱਧ ਵੋਟ ਪਾਵਾਂਗਾ।

II*

ਡਾ.ਭ.ਰ. ਅੰਬੇਡਕਰ : ਸ੍ਰੀਮਾਨ ਜੀ, ਇਸ ਤੋਂ ਪਹਿਲਾਂ ਕਿ ਮੈਂ ਖੰਡ 3 ਲਈ ਆਪਣੀ ਸੋਧਨਾ ਦਾ ਪ੍ਰੋਸਤਾਵ ਰੱਖਾਂ, ਮੈਂ ਟਾਈਪਕਾਰ ਦੀ ਇਕ ਗ਼ਲਤੀ ਠੀਕ ਕਰਨੀ ਚਾਹੁੰਦਾ ਹਾਂ ਜੋ ਇਸ ਸੋਧਨਾ ਵਿਚ ਆ ਗਈ ਹੈ। ਸੋਧਨਾ ਇਸ ਤਰ੍ਹਾਂ ਹੋਣੀ ਚਾਹੀਦੀ ਹੈ :

"ਇਕ ਨਿਗਮਿਤ ਕਾਲਜ ਕੋਈ ਅਜਿਹੀ ਸੰਸਥਾ ਹੈ ਜਿਸ ਨੂੰ ਯੂਨੀਵਰਸਿਟੀ ਉਨ੍ਹਾਂ ਵਿਸ਼ਿਆਂ ਦੇ ਇਕ ਖ਼ਾਸ ਗਰੁੱਪ ਦੇ ਅਧਿਐਨ ਲਈ ਸਥਾਪਿਤ ਕਰੇ ਅਤੇ ਚਲਾਵੇ ਜਿਨ੍ਹਾਂ ਦਾ ਉਪਬੰਧ ਦੂਜੇ ਕਾਲਜਾਂ ਵਿਚ ਉਚਿਤ ਤਰੀਕੇ ਨਾਲ ਨਹੀਂ ਕੀਤਾ ਗਿਆ, ਆਦਿ।"

ਸ੍ਰੀਮਾਨ ਜੀ, ਇਹ ਸੋਧਨਾ ਜਿਸ ਨੂੰ ਪੇਸ਼ ਕਰਨ ਦਾ ਮੇਰਾ ਪ੍ਰਸਤਾਵ ਹੈ, ਇਕ ਪਰਿਣਾਮੀ ਸੋਧਨਾ ਹੈ ਜੋ ਬਿਲ ਦੇ ਖੰਡ 25 ਦੀ ਮੁੱਖ ਸੋਧਨਾ (ਜਿਸਦਾ ਮੈਂ ਪ੍ਰਸਤਾਵ ਕਰਾਂਗਾ) ਨੂੰ ਪਾਸ ਕੀਤੇ ਜਾਣ ਤੇ ਨਿਰਭਰ ਕਰਦੀ ਹੈ। ਜੇਕਰ ਉਹ ਸੋਧਨਾ ਪਾਸ ਨਹੀਂ ਕੀਤੀ ਜਾਂਦੀ ਤਾਂ ਮੇਰੇ ਲਈ ਇਸ ਸੋਧਨਾ ਦਾ ਪ੍ਰਸਤਾਵ ਕਰਨਾ ਜ਼ਰੂਰੀ ਨਹੀਂ ਹੋਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਮੈਨੂੰ ਖੰਡ 25 ਦੀ ਮੇਰੀ ਮੁੱਖ ਸੋਧਨਾ ਪਾਸ ਹੋਣ ਤੋਂ ਬਾਅਦ, ਇਸ ਸੋਧਨਾ ਦਾ ਪ੍ਰਸਤਾਵ ਰੱਖਣ ਦੀ ਆਗਿਆ ਦਿੱਤੀ ਜਾਵੇ। ਜੇਕਰ ਮੈਂ ਹੁਣ ਇਸ ਸੋਧਨਾ ਦਾ ਪ੍ਰਸਤਾਵ ਰਖਦਾ ਹਾਂ ਅਤੇ ਬਾਅਦ ਵਿਚ ਮੇਰੀ ਮੁੱਖ ਸੋਧਨਾ ਅਪ੍ਰਵਾਨ ਹੋ ਜਾਂਦੀ ਹੈ ਤਾਂ ਮੈਂ ਸਦਨ ਦਾ ਸਮਾਂ ਖ਼ਰਾਬ ਕਰਾਂਗਾ।

ਕਾਲਜਾਂ ਦਾ ਯੂਨੀਵਰਸਿਟੀ ਨਾਲ ਸਬੰਧ:

ਡਾ.ਭ.ਰ. ਅੰਬੇਡਕਰ : ਪ੍ਰੈਜ਼ੀਡੈਂਟ ਸਾਹਿਬ, ਖੰਡ 7 ਦੀ ਮੇਰੀ ਸੋਧਨਾ ਦਾ ਪਹਿਲਾ ਹਿੱਸਾ ਪਰਿਣਾਮੀ ਸੋਧਨਾ ਹੈ ਜੋ ਖੰਡ 25 ਦੀ ਸੋਧਨਾ ਤੇ ਨਿਰਭਰ ਕਰਦਾ ਹੈ। ਸ੍ਰੀਮਾਨ ਜੀ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਜਦ ਤਕ ਖੰਡ 25 ਦੀ ਸੋਧਨਾ ਦਾ ਨਿਪਟਾਰਾ ਨਹੀਂ ਹੋ ਜਾਂਦਾ, ਉਦੋਂ ਤਕ ਇਸ ਨੂੰ ਰੋਕ ਲਿਆ ਜਾਵੇ।

ਮਾਨਯੋਗ ਪ੍ਰੈਜ਼ੀਡੈਂਟ : ਮੈਂ ਇਸ ਨੂੰ ਰੋਕ ਰੱਖਾਂਗਾ।

ਡਾ.ਬੀ.ਆਰ. ਅੰਬੇਡਕਰ : ਜਿਥੋਂ ਤੱਕ ਖੰਡ 7 ਦੀ ਮੇਰੀ ਦੂਜੀ ਸੋਧਨਾ ਦਾ ਸਬੰਧ ਹੈ, ਮੈਂ ਸਮਝਦਾ ਹਾਂ ਕਿ ਮਾਨਯੋਗ ਮੰਤਰੀ ਜੀ ਚਾਹੁੰਦੇ ਹਨ ਕਿ ਇਸ ਗੱਲ ਤੇ ਵਿਚਾਰ ਕਰਨ ਲਈ ਉਨ੍ਹਾਂ ਨੂੰ ਕੁਝ ਸਮਾਂ ਮਿਲ ਜਾਏ ਤਾਂ ਜੋ ਉਹ ਮੇਰੀ ਸੋਧਨਾ ਦੀ ਕੋਈ ਅਜਿਹੀ ਸੋਧਨਾ ਤਿਆਰ ਕਰ ਸੱਕਣ ਜਿਸ ਬਾਰੇ ਅਸੀਂ ਦੋਵੇਂ ਸਹਿਮਤ ਹੋ ਜਾਈਏ।

ਮਾਨਯੋਗ ਪ੍ਰੈਜ਼ੀਡੈਂਟ : ਮਾਨਯੋਗ ਮੈਂਬਰ ਆਪਣੀ ਸੋਧਨਾ ਦਾ ਪ੍ਰਸਤਾਵ ਰੱਖਣ।

ਡਾ.ਬੀ.ਰ. ਅੰਬੇਡਕਰ : ਖੰਡ 7 ਦੀ ਮੇਰੀ ਦੂਜੀ ਸੋਧਨਾ ਇਸ ਤਰ੍ਹਾਂ ਹੈ :

---

*ਬੰਬਈ ਵਿਧਾਨ ਪਰਿਸ਼ਦ ਵਾਦਵਿਵਾਦ, ਜਿਲਦ 1011, ਪੰਨੇ 250-53, ਮਿਤੀ 1 ਅਕਤੂਬਰ, 1927.

ਬਿਲ ਵਿੱਚ ਹੇਠ ਲਿਖਿਆ ਖੰਡ ਜੋੜ ਦਿੱਤਾ ਜਾਵੇ :-

"7(ਅ) ਸਰਕਾਰੀ ਖ਼ਜ਼ਾਨੇ ਵਿਚੋਂ ਸਹਾਇਤਾ ਗਰਾਂਟਾਂ ਦੇ ਮੰਤਵ ਲਈ ਸਰਕਾਰ ਕੇਵਲ ਯੂਨੀਵਰਸਿਟੀ ਨੂੰ ਹੀ ਮਾਨਤਾ ਦੇਵੇਗੀ ਅਤੇ ਕਿਸੇ ਵੀ ਕਾਲਜ ਨੂੰ ਸਹਾਇਤਾ ਗ੍ਰਾਂਟਾਂ ਕੇਵਲ ਯੂਨੀਵਰਸਿਟੀ ਰਾਹੀਂ ਹੀ ਦਿੱਤੀਆਂ ਜਾਣਗੀਆਂ।"

ਮੈ ਉਸ ਸੋਧਨਾ ਵਿੱਚ, ਜਿਸਦਾ ਮੈਂ ਨੋਟਿਸ ਦਿੱਤਾ ਹੈ ਸ਼ਬਦ "ਸਹਾਇਤਾ ਗ੍ਰਾਂਟਾਂ" ਤੋਂ ਬਾਅਦ ਸ਼ਬਦ "ਕੇਵਲ" ਦਰਜ ਕਰਨਾ ਚਾਹੁੰਦਾ ਹਾਂ। ਇਹ ਟਾਈਪਕਾਰ ਦੀ ਗ਼ਲਤੀ ਕਾਰਣ ਰਹਿ ਗਿਆ ਸੀ।

ਸ੍ਰੀਮਾਨ ਜੀ, ਇਸ ਸੋਧਨਾ ਦਾ ਪ੍ਰਸਤਾਵ ਪੇਸ਼ ਕਰਨ ਦੇ ਮੇਰੇ ਕਾਰਨ ਇਹ ਹਨ : ਨਵੇਂ ਐਕਟ ਅਧੀਨ, ਯੂਨੀਵਰਸਿਟੀ ਉੱਤੇ ਸਿਖਿਆ ਦੇਣ ਦੀ ਜ਼ਿੰਮੇਵਾਰੀ ਪਹਿਲਾਂ ਨਾਲੋਂ ਵਧੇਰੇ ਸਿੱਧੇ ਤੌਰ ਤੇ ਪਾਈ ਗਈ ਹੈ। ਹੁਣ, ਭਾਵੇਂ ਇਸ ਐਕਟ ਦੇ ਉਪਬੰਧਾਂ ਦੁਆਰਾ, ਪੜ੍ਹਾਉਣ ਦੀ ਜ਼ਿੰਮੇਵਾਰੀ ਯੂਨੀਵਰਸਿਟੀ ਅਜਿਹੀਆਂ ਮੁਢਲੀਆਂ ਸੰਸਥਾਵਾਂ ਹੋਣਗੇ ਜੋ ਇਸ ਯੂਨੀਵਰਸਿਟੀ ਅਧੀਨ ਪੜ੍ਹਾਉਣ ਦਾ ਕੰਮ ਵਿਹਾਰਕ ਰੂਪ ਵਿੱਚ ਕਰਿਆ ਕਰਨਗੇ। ਇਸ ਲਈ, ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਜਦ ਤਕ ਕਾਲਜਾਂ ਵਿਚ ਕੀਤੇ ਜਾਂਦੇ ਪੜ੍ਹਾਈ ਦੇ ਕੰਮ ਨੂੰ ਨਿਯਮਤ ਕਰਨ ਲਈ ਯੂਨੀਵਰਸਿਟੀ ਨੂੰ ਕਾਲਜਾਂ ਉਤੇ ਕੁਝ ਵਸੀਕਾਰ ਨਹੀਂ ਦਿੱਤਾ ਜਾਂਦਾ, ਮੈਂ ਸਮਝਦਾ ਹਾਂ ਸਿੱਖਿਆ ਦਾ ਮਿਆਰ ਕਾਇਮ ਰੱਖਣ ਲਈ ਯੂਨੀਵਰਸਿਟੀ ਨੂੰ ਜ਼ਿੰਮੇਵਾਰ ਠਹਿਰਾਉਣਾ ਮੁਨਾਸਬ ਨਹੀਂ ਹੋਵੇਗਾ। ਜੇਕਰ ਯੂਨੀਵਰਸਿਟੀ ਨੇ ਇਹ ਜ਼ਿੰਮੇਵਾਰੀ ਨਿਭਾਉਣੀ ਹੈ ਤਾਂ ਇਸ ਨੂੰ ਕਾਲਜਾਂ ਨੂੰ ਕੰਟਰੋਲ ਕਰਨ ਲਈ ਅਤੇ ਉਨ੍ਹਾਂ ਦੇ ਪੜ੍ਹਾਈ ਦੇ ਕੰਮ ਨੂੰ ਨਿਯਮਿਤ ਕਰਨ ਲਈ ਸ਼ਕਤੀ ਦੇਣੀ ਚਾਹੀਦੀ ਹੈ। ਸ੍ਰੀਮਾਨ ਜੀ, ਮੌਜੂਦਾ ਕਾਨੂੰਨ ਅਧੀਨ, ਇਨ੍ਹਾਂ ਕਾਲਜਾਂ ਉੱਤੇ ਯੂਨੀਵਰਸਿਟੀ ਦੇ ਕੰਟਰੋਲ ਦਾ ਸਾਧਨ ਕੇਵਲ ਇਹੋ ਹੈ ਕਿ ਯੂਨੀਵਰਸਿਟੀ ਇਕ ਜਾਂਚ ਕਮੇਟੀ ਨਿਯੁਕਤ ਕਰਦੀ ਹੈ ਜੋ ਮਿਥੇ ਹੋਏ ਖ਼ਾਸ ਨਿਯਮਿਤ ਵਕਫ਼ਿਆਂ ਤੇ ਕਾਲਜਾਂ ਦਾ ਦੌਰਾ ਕਰਦੀ ਹੈ, ਮੁਆਇਨਾਂ ਕਰਦੀ ਹੈ ਅਤੇ ਪਤਾ ਲਗਾਉਂਦੀ ਹੈ ਕਿ ਉਨ੍ਹਾਂ ਦੇ ਸੰਗਠਨ ਅਤੇ ਸਾਜ਼ੋ-ਸਮਾਨ ਵਿਚ ਕੀ ਨੁਕਸ ਹਨ। ਮੇਰਾ ਵਿਚਾਰ ਹੈ, ਇਹ ਕਮੇਟੀ---------

ਸ੍ਰੀ ਪ.ਰ.ਚਿਕੋਡੀ : ਮੇਰਾ ਇਕ ਪੁਆਇੰਟ ਆਫ਼ ਆਰਡਰ ਹੈ।

ਮੈਂ ਜਾਣਨਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਦੀ ਸੋਧਨਾ ਦੇ ਠੀਕ ਠੀਕ ਸ਼ਬਦ ਕੀ ਹਨ ?

ਮਾਨਯੋਗ ਪ੍ਰੈਜੀਡੈਂਟ : ਇਹ ਪੜ੍ਹ ਕੇ ਸੁਣਾਈ ਗਈ ਸੀ, ਸ਼ਬਦ "ਕੇਵਲ" ਜੋੜਿਆ ਗਿਆ ਹੈ।

ਡਾ.ਭ.ਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਦੇਖਦਾ ਹਾਂ ਕਿ ਇਨ੍ਹਾਂ ਕਾਲਜਾਂ ਉੱਤੇ ਯੂਨੀਵਰਸਿਟੀ ਦੇ ਵਸੀਕਾਰ ਦਾ ਜੋ ਇਕੋ ਇਕ ਸਾਧਨ ਹੈ, ਜਿਸ ਦੁਆਰਾ ਇਹ ਆਪਣੇ ਵਿਨਿਯਮ ਕਾਲਜਾਂ ਤੇ ਲਾਗੂ ਕਰ ਸਕਦੀ ਹੈ, ਉਹ ਹੈ-ਇਸ ਜਾਂਚ ਕਮੇਟੀ ਦੀ ਰਿਪੋਰਟ। ਮੈਂ ਸਮਝਦਾ ਹਾਂ ਕਿ ਇਹ ਜਾਂਚ ਕਮੇਟੀ ਕਦੇ ਕਦਾਈਂ ਹੀ ਦੌਰੇ ਤੇ ਜਾਂਦੀ ਹੈ ਅਤੇ ਕਾਲਜਾਂ ਦੇ ਸੰਗਠਨ ਬਾਰੇ ਜੋ ਨੁਕਸ ਨਜ਼ਰ ਆਉਂਦੇ ਹਨ ਉਨ੍ਹਾਂ ਦੇ ਸਬੰਧ ਵਿਚ ਆਪਣੀਆਂ ਰਿਪੋਰਟਾਂ ਤਿਆਰ ਕਰਦੀ ਹੈ। ਮੇਰਾ ਖ਼ਿਆਲ ਹੈ ਉਹ ਰਿਪੋਰਟ ਯੂਨੀਵਰਸਿਟੀ ਦੀ ਸਥਾਈ ਕਮੇਟੀ ਨੂੰ ਪੇਸ਼ ਕੀਤੀ ਜਾਂਦੀ ਹੈ ਅਤੇ ਸਥਾਈ ਕਮੇਟੀ, ਜਾਂਚ ਕਮੇਟੀ ਦੁਆਰਾ ਦਰਸਾਏ ਗਏ ਨੁਕਸਾਂ ਬਾਰੇ ਆਪਣੀ ਰਾਇ ਬਾਰੇ ਸਿੰਡੀਕੇਟ ਨੂੰ ਰਿਪੋਰਟ ਦਿੰਦੀ ਹੈ। ਕਾਲਜਾਂ ਤੇ ਕੰਟਰੋਲ ਰੱਖਣ ਲਈ ਯੂਨੀਵਰਸਿਟੀ ਦੁਆਰਾ ਤਿਆਰ ਕੀਤੇ ਗਏ ਜ਼ਾਬਤੇ ਦੇ ਨਿਯਮ ਨੂੰ ਲਾਗੂ ਕਰਨ ਵਾਸਤੇ ਅੱਜ ਜੋ ਕੁਝ ਕੀਤਾ ਜਾ ਰਿਹਾ ਹੈ ਉਹ ਇਹੀ ਕੁਝ ਹੈ। ਮੈਂ ਕਹਿੰਦਾ ਹਾਂ ਕਿ ਇਹ ਕਾਫ਼ੀ ਨਹੀਂ, ਕਿਉਂਕਿ ਜੇਕਰ ਇਸ ਜਾਂਚ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਯੂਨੀਵਰਸਿਟੀ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਾਲਜ ਨਹੀਂ ਕਰਦੇ ਤਾਂ ਯੂਨੀਵਰਸਿਟੀ ਪਾਸ ਇਨ੍ਹਾਂ ਕਾਲਜਾਂ ਤੇ ਕੰਟਰੋਲ ਕਰਨ ਦੀ ਕੇਵਲ ਇਕੋ ਪ੍ਰਭਾਵਕਾਰੀ ਸ਼ਕਤੀ ਹੈ। ਇਹ ਸ਼ਕਤੀ ਹੈ-ਉਨ੍ਹਾਂ ਕਾਲਜਾਂ ਨੂੰ ਵੱਖ ਕਰਨ (ਅਸੰਬੱਧ ਕਰਨ) ਦੀ। ਸ੍ਰੀਮਾਨ ਜੀ, ਮੈਂ ਬੇਨਤੀ ਕਰਦਾ ਹਾਂ ਕਿ ਇਹ ਸ਼ਕਤੀ ਬਹੁਤ ਕਠੋਰ ਹੈ, ਇਹ ਸ਼ਕਤੀ ਵਿਨਾਸ਼ ਦੀ ਸ਼ਕਤੀ ਹੈ। ਅਸਲ ਵਿੱਚ ਯੂਨੀਵਰਸਿਟੀ ਪਾਸ ਕਾਲਜਾਂ ਦੇ ਤੌਰ ਤਰੀਕਿਆਂ ਨੂੰ ਸੁਧਾਰਨ ਦੀ ਕੋਈ ਸ਼ਕਤੀ ਨਹੀਂ। ਦੂਜੇ ਸ਼ਬਦਾਂ ਵਿਚ, ਯੂਨੀਵਰਸਿਟੀ ਪਾਸ ਕਾਲਜਾਂ ਦਾ ਵਤੀਰਾ ਠੀਕ ਕਰਨ ਦੀ ਕੋਈ ਸ਼ਕਤੀ ਨਹੀਂ। ਮੌਜੂਦਾ ਪ੍ਰਣਾਲੀ ਅਧੀਨ ਅੱਜ ਯੂਨੀਵਰਸਿਟੀ ਕਿਸੇ ਕਾਲਜ ਨੂੰ ਸੰਬੱਧਤਾ ਦੇ ਕੇ ਜਾਂ ਤਾਂ ਬਣਾ ਸਕਦੀ ਹੈ ਜਾਂ ਕਾਲਜ ਨੂੰ ਆਪਣੇ ਤੋਂ ਵੱਖ ਕਰਕੇ ਖ਼ਤਮ ਕਰ ਸਕਦੀ ਹੈ। ਵਰਤਮਾਨ ਪ੍ਰਣਾਲੀ ਅਧੀਨ, ਯੂਨੀਵਰਸਿਟੀ ਪਾਸ ਸ਼ਕਤੀ ਹੈ, ਜਿਸ ਰਾਹੀਂ ਇਹ ਆਪਣੇ ਜ਼ਾਬਤੇ ਨੂੰ ਲਾਗੂ ਕਰਵਾ ਸਕਦੀ ਹੈ ਅਤੇ ਕਾਲਜਾਂ ਨੂੰ ਅਸੰਬੱਧ ਕਰਨ ਦਾ ਓੜਕ ਦਾ ਦੰਡ ਦਿੱਤੇ ਬਿਨਾਂ ਉਨ੍ਹਾਂ ਤੋਂ ਜ਼ਾਬਤੇ ਦੇ ਨਿਯਮਾਂ ਦੀ ਪਾਲਣਾ ਕਰਵਾ ਸਕਦੀ ਹੈ। ਸ੍ਰੀਮਾਨ ਜੀ, ਮੇਰੀ ਸੋਧਨਾ ਅਜਿਹੀ ਹੈ ਜਿਹੜੀ ਯੂਨੀਵਰਸਿਟੀ ਨੂੰ ਅਸੰਬੱਧਤਾ ਦਾ ਓੜਕ ਦਾ ਦੰਡ ਦਿੱਤੇ ਬਿਨਾਂ ਕਾਲਜਾਂ ਦੇ ਤੌਰ ਤਰੀਕੇ ਸੁਧਾਰਨ ਅਤੇ ਯੂਨੀਵਰਸਿਟੀ ਦੁਆਰਾ ਦਿੱਤੀਆਂ ਗਈਆਂ ਹਦਾਇਤਾਂ ਦੀ ਕਾਲਜਾਂ ਦੁਆਰਾਂ ਪਾਲਣਾ ਕਰਵਾਉਣ ਦੀ ਸ਼ਕਤੀ ਦਿੰਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਜੇਕਰ ਸਰਕਾਰ ਦੁਆਰਾ ਯੂਨੀਵਰਸਿਟੀ ਨੂੰ ਇਕ ਇਕਾਈ ਵਜੋਂ ਮਾਨਤਾ ਦੇ ਦਿੱਤੀ ਜਾਵੇ-ਅਤੇ ਮੈਂ ਕਹਿੰਦਾ ਹਾਂ ਕਿ ਇਹ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ--ਅਤੇ ਜੇਕਰ ਸਰਕਾਰ ਦੁਆਰਾ ਵੱਖ ਵੱਖ ਕਾਲਜਾਂ ਨੂੰ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਯੂਨੀਵਰਸਿਟੀ ਰਾਹੀਂ ਵੰਡੀਆਂ ਜਾਣ ਜਾਂ ਜੇਕਰ ਸੰਭਵ ਹੋ ਸਕੇ, ਇਹ ਯੂਨੀਵਰਸਿਟੀ ਦੀ ਸਿਫ਼ਾਰਸ਼ ਤੇ ਵੰਡੀਆ ਜਾਣ, ਤਾਂ ਮੇਰੀ ਗੁਜ਼ਾਰਸ਼ ਹੈ ਕਿ ਯੂਨੀਵਰਸਿਟੀ

ਇਕ ਅਜਿਹੀ ਸ਼ਕਤੀ ਹਾਸਲ ਕਰ ਲਵੇਗੀ ਜੋ ਇਸ ਦੇ ਲਈ ਕਾਲਜਾਂ ਉੱਤੇ ਆਪਣਾ ਜ਼ਾਬਤਾ ਲਾਗੂ ਕਰਵਾਉਣ ਲਈ ਬਹੁਤ ਜ਼ਰੂਰੀ ਹੈ। ਮੇਰਾ ਵਿਚਾਰ ਹੈ ਕਿ ਹੋਰ ਕੋਈ ਅਜਿਹੀ ਸ਼ਕਤੀ ਨਹੀਂ ਜੋ ਇਸ ਉਦੇਸ਼ ਦੀ ਪ੍ਰਾਪਤੀ ਲਈ ਯੂਨੀਵਰਸਿਟੀ ਨੂੰ ਦਿੱਤੀ ਜਾ ਸਕਦੀ ਹੈ। ਮੈਂ ਕਹਿੰਦਾ ਹਾਂ ਕਿ ਕਿਸੇ ਅੜ੍ਹਬ ਕਾਲਜ ਉੱਤੇ ਆਪਣੇ ਜ਼ਾਬਤੇ ਦੇ ਨਿਯਮ ਲਾਗੂ ਕਰਨ ਲਈ ਯੂਨੀਵਰਸਿਟੀ ਨੂੰ ਯੋਗ ਬਣਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਸ੍ਰੀਮਾਨ ਜੀ, ਇਹ ਦ੍ਰਿਸ਼ਟੀਕੋਣ ਕਿ ਯੂਨੀਵਰਸਿਟੀ ਨੂੰ ਇਨ੍ਹਾਂ ਕਾਲਜਾਂ ਤੇ ਵਿੱਤੀ ਕੰਟਰੋਲ ਦਿੱਤਾ ਜਾਣਾ ਚਾਹੀਦਾ ਹੈ, ਇਕ ਅਜਿਹਾ ਦ੍ਰਿਸ਼ਟੀਕੋਣ ਹੈ ਜੋ ਲੰਡਨ ਵਿਚ ਯੂਨੀਵਰਸਿਟੀ ਸਿੱਖਿਆ ਸਬੰਧੀ ਰਾਇਲ ਕਮਿਸ਼ਨ ਦੁਆਰਾ ਨਿਰਧਾਰਤ ਕੀਤਾ ਗਿਆ ਹੈ।

ਆਪਣੀ ਰਿਪੋਰਟ ਦੇ ਪੈਰਾ 41 ਵਿੱਚ ਉਹ ਕਹਿੰਦੇ ਹਨ---

"ਜੇਕਰ ਯੂਨੀਵਰਸਿਟੀ ਨੇ ਪੜ੍ਹਾਈ ਦਾ ਪ੍ਰਬੰਧ ਕਰਨਾ ਹੈ, ਜਿਸਦਾ ਇਸ ਨਾਲ ਸਬੰਧ ਹੈ, ਤਾਂ ਸ਼ਕਤੀ ਨਿਸ਼ਚੇ ਹੀ ਕੰਟਰੋਲ ਦਾ ਇਕ ਬਹੁਤ ਜ਼ਰੂਰੀ ਸਾਧਨ ਹੈ ਜੋ ਇਸ ਪਾਸ ਹੋਣਾ ਚਾਹੀਦਾ ਹੈ। ਵੇਲਜ਼ ਅਤੇ ਸਕਾਟਲੈਂਡ ਤੋਂ ਇਲਾਵਾ ਸਾਰੀਆਂ ਦੂਜੀਆਂ ਆਧੁਨਿਕ ਯੂਨੀਵਰਸਿਟੀਆਂ ਰਾਜ ਅਤੇ ਨਗਰਪਾਲਿਕਾ ਦੀਆਂ ਗ੍ਰਾਂਟਾਂ ਵੰਡਣ ਦੇ ਕੰਮ ਵਿਚ ਮਾਲਕ ਹਨ ਕਿਉਂਕਿ ਯੂਨੀਵਰਸਿਟੀ ਇਕ ਇਕਾਈ ਹੈ, ਬਹੁਤ ਸਾਰੀਆਂ ਇਕਾਈਆਂ ਦਾ ਇਕ ਢੇਰ ਨਹੀਂ।"

ਇਸ ਰਿਪੋਰਟ ਵਿਚ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਲੰਡਨ ਯੂਨੀਵਰਸਿਟੀ ਦੇ ਸਬੰਧ ਵਿੱਚ ਵੀ ਇਹ ਅਸੂਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ ਮੇਰੀ ਸੋਧਨਾ ਲੰਡਨ ਵਿੱਚ ਯੂਨੀਵਰਸਿਟੀ ਸਬੰਧੀ ਸਿਖਿਆ ਬਾਰੇ ਰਾਇਲ ਕਮਿਸ਼ਨ ਦੀ ਇਸੇ ਮਹੱਤਵਪੂਰਨ ਸਿਫ਼ਾਰਸ਼ ਤੇ ਆਧਾਰਿਤ ਹੈ। ਮੈਂ ਇਸ ਸਬੰਧ ਵਿਚ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸ਼ੁਰੂ ਵਿਚ ਬੰਬਈ ਯੂਨੀਵਰਸਿਟੀ ਦਾ ਸੰਗਠਨ ਬੁਨਿਆਦੀ ਤੌਰ ਤੇ ਲੰਡਨ ਯੂਨੀਵਰਸਿਟੀ ਦੇ ਸੰਗਠਨ ਤੇ ਆਧਾਰਿਤ ਸੀ। ਮੇਰਾ ਖ਼ਿਆਲ ਹੈ ਕਿ ਇਸ ਬਿਲ ਵਿਚ ਸਾਡਾ ਝੁਕਾਉ ਵੀ ਬੰਬਈ ਯੂਨੀਵਰਸਿਟੀ ਦੇ ਅਧੀਨ ਕਾਲਜਾਂ ਦੀ ਸਥਿਤੀ ਨੂੰ, ਰਾਇਲ ਕਮਿਸ਼ਨ ਦੇ ਸਿੱਟੇ ਵਜੋਂ ਕੀਤੇ ਗਏ ਸੁਧਾਰਾਂ ਅਧੀਨ ਲੰਡਨ ਯੂਨੀਵਰਸਿਟੀ ਦੇ ਕਾਲਜਾਂ ਦੀ ਸਥਿਤੀ ਦੇ ਬਰਾਬਰ ਲਿਆਉਣਾ ਹੈ। ਦੋਹਾਂ ਹਾਲਤਾਂ ਵਿੱਚ ਸਥਿਤੀ ਇਕੋ ਜਿਹੀ ਹੈ, ਅਤੇ ਮੇਰਾ ਵਿਚਾਰ ਹੈ ਕਿ ਲੰਡਨ ਯੂਨੀਵਰਸਿਟੀ ਹੇਠਲੇ ਕਾਲਜਾਂ ਦੇ ਸਬੰਧਾਂ ਨੂੰ ਉਸੇ ਯੂਨੀਵਰਸਿਟੀ ਨਾਲ ਨਿਯਮਿਤ ਕਰਨ ਲਈ ਨਿਰਧਾਰਿਤ ਕੀਤੇ ਨਿਯਮਾਂ ਨੂੰ ਬਰਾਬਰ ਦੀ ਸਹੂਲਤ ਨਾਲ ਬੰਬਈ ਯੂਨੀਵਰਸਿਟੀ ਹੇਠਲੇ ਕਾਲਜਾਂ ਦੇ ਸਬੰਧਾਂ ਨੂੰ ਉਸ ਯੂਨੀਵਰਸਿਟੀ ਨਾਲ ਨਿਯਮਿਤ ਕਰਨ ਲਈ--ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਆਧਾਰ ਤੇ ਕੋਈ ਇਤਰਾਜ਼ ਹੋ ਸਕਦਾ ਹੈ ਕਿ ਸ਼ਾਇਦ ਸਹਾਇਤਾ-ਗ੍ਰਾਂਟਾਂ ਦੀ ਸਿਫ਼ਾਰਸ਼ ਕਰਨ ਸਮੇਂ ਯੂਨੀਵਰਸਿਟੀ ਕੋਈ ਬੁਰਾ ਵਰਤਾਉ ਕਰੇ। ਮੈਂ ਸਮਝਦਾ ਹਾਂ ਇਹ ਗੱਲ ਮੰਨ ਲੈਣੀ ਉਚਿਤ ਨਹੀਂ ਕਿ ਯੂਨੀਵਰਸਿਟੀ

ਨੂੰ ਕਿਸੇ ਖ਼ਾਸ ਕਾਲਜ ਵਿਰੁਧ ਕੋਈ ਨਿੱਜੀ ਦਵੇਖ ਹੋਵੇਗਾ। ਮੈਂ ਨਹੀਂ ਸਮਝਦਾ ਕਿ ਨਵੇਂ ਐਕਟ ਅਧੀਨ ਯੂਨੀਵਰਸਿਟੀ ਵਿਚ ਅਜਿਹੇ ਗ਼ੈਰ-ਜ਼ਿੰਮੇਵਾਰ ਵਿਅਕਤੀ ਹੋਣਗੇ ਕਿ ਉਹ ਆਪਣੀ ਸਨਕ ਜਾਂ ਨਿਜੀ ਮਨੋਰਥਾਂ ਲਈ ਕਿਸੇ ਖ਼ਾਸ ਕਾਲਜ ਦੇ ਹਿਤਾਂ ਦੀ ਬਲੀ ਦੇਣਗੇ। ਇਸ ਲਈ, ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਆਧਾਰਾਂ ਤੇ ਮੇਰੀ ਸੋਧਨਾ ਪ੍ਰਵਾਨ ਕੀਤੀ ਜਾਵੇ।

*ਬਹਿਸ ਜਾਰੀ ਰੱਖੀ ਗਈ

ਜੋ ਵੀ ਮੈਂ ਕਹਿੰਦਾ ਹਾਂ ਉਹ ਕੇਵਲ ਇਹ ਹੈ ਕਿ ਗ੍ਰਾਂਟ ਯੂਨੀਵਰਸਿਟੀ ਦੇ ਰਾਹੀਂ ਵੰਡੀ ਜਾਵੇ। ਇਸ ਨਾਲ ਗ੍ਰਾਂਟ ਦੇਣ ਵਾਲੇ ਮੰਤਰੀ ਦੇ ਹੱਥੋਂ ਕੰਟਰੋਲ ਦੀ ਸ਼ਕਤੀ ਨਹੀਂ ਖੁਸਦੀ। ਇਸ ਸੋਧਨਾ ਦੇ ਹੁੰਦਿਆ ਹੋਇਆਂ ਵੀ ਗ੍ਰਾਂਟਾਂ ਦੇਣ ਦੇ ਮਾਮਲੇ ਨਿਰਧਾਰਿਤ ਕਰਨ ਦਾ ਉਸਨੂੰ ਅੰਤਮ ਅਧਿਕਾਰ ਹੈ। ਮੇਰਾ ਵਿਚਾਰ ਨਹੀਂ ਕਿ ਮਾਨਯੋਗ ਸਿਖਿਆ ਮੰਤਰੀ ਨੂੰ ਗ੍ਰਾਂਟਾਂ ਦੇਣ ਦੇ ਮਾਮਲੇ ਵਿਚ ਯੂਨੀਵਰਸਿਟੀ ਵਰਗੀ ਮਹੱਤਵਪੂਰਨ ਸੰਸਥਾ ਨਾਲ ਵਿਚਾਰ ਵਟਾਂਦਰਾ ਕਰਨ ਵਿੱਚ ਕੋਈ ਇਤਰਾਜ਼ ਹੋਵੇਗਾ। ਮੈਨੂੰ ਭਰੋਸਾ ਹੈ ਕਿ ਉਹ ਮਾਨਯੋਗ ਮੈਂਬਰ ਜੋ ਮੁਫ਼ੱਸਲ ਕਾਲਜਾਂ ਦੇ ਹੱਕ ਵਿਚ ਖੜ੍ਹੇ ਹੋਏ ਹਨ ਅਤੇ ਉਨਾਂ ਡਰ ਹੈ ਕਿ ਯੂਨੀਵਰਸਿਟੀ ਦੇ ਅਧਿਕਾਰੀ ਇਸ ਤਰ੍ਹਾਂ ਜੋੜ ਤੋੜ ਕਰਨਗੇ ਜਿਸ ਨਾਲ ਮੁਫ਼ਸਲ ਕਾਲਜਾਂ ਦੇ ਹਿਤਾਂ ਤੇ ਮਾੜਾ ਪ੍ਰਭਾਵ ਪੈ ਸਕੇ। ਤਾਂ ਮੇਰੇ ਨਾਲ ਮੁਫਸਲ ਕਾਲਜਾਂ ਦੇ ਪੱਖੀ ਮੈਂਬਰ ਮੇਰੇ ਨਾਲ ਸਹਿਮਤ ਹੋਣਗੇ ਜਦੋਂ ਮੈਂ ਇਹ ਕਹਿੰਦਾ ਹਾਂ ਕਿ ਇਹ ਉਨ੍ਹਾਂ ਦਾ ਵੀ ਉਤਨਾ ਹੀ ਫ਼ਰਜ਼ ਹੈ ਜਿਤਨਾ ਕਿ ਇਸ ਸਦਨ ਵਿਚਲੇ ਹਰ ਇਕ ਮੈਂਬਰ ਦਾ, ਕਿ ਇਹ ਦੇਖਿਆ ਜਾਵੇ ਕਿ ਸਰਕਾਰੀ ਪੈਸਾ ਜੋ ਸਹਾਇਤਾ ਗ੍ਰਾਂਟ ਵਜੋਂ ਦਿੱਤਾ ਜਾਂਦਾ ਹੈ, ਕਾਲਜ ਉਸ ਨੂੰ ਠੀਕ ਢੰਗ ਨਾਲ ਖਰਚ ਕਰਨ। ਮੇਰਾ ਵਿਚਾਰ ਹੈ ਕਿ ਯੂਨੀਵਰਸਿਟੀ ਨਾਲੋਂ ਹੋਰ ਕੋਈ ਸੰਸਥਾ ਚੰਗੀ ਨਹੀਂ ਹੋ ਸਕਦੀ ਜੋ ਮੰਤਰੀ ਨੂੰ ਸਲਾਹ ਦੇਵੇ ਕਿ ਕੀ ਜੋ ਪੈਸਾ ਟੈਕਸਾਂ ਦੁਆਰਾ ਇਕਠਾ ਕੀਤਾ ਗਿਆ ਹੈ ਅਤੇ ਸਹਾਇਤਾ ਗ੍ਰਾਂਟਾਂ ਵਜੋਂ ਮੁਫ਼ੱਸਲ ਕਾਲਜਾਂ ਨੂੰ ਦਿੱਤਾ ਗਿਆ ਹੈ, ਉਹ ਚੰਗੀ ਤਰ੍ਹਾਂ ਖ਼ਰਚ ਕੀਤਾ ਜਾਂਦਾ ਹੈ ਜਾਂ ਨਹੀਂ। ਮੈਂ ਸਮਝਦਾ ਹਾਂ ਕਿ ਮਾਨਯੋਗ ਮੰਤਰੀ, ਇੱਕ ਮਹੱਤਵਪੂਰਨ ਸੰਸਥਾ ਦੇ ਵਿਚਾਰਾਂ ਨੂੰ ਰੱਦ ਨਹੀਂ ਕਰਨਗੇ। ਜਿਸ ਦੇ ਇਸ ਬਿਲ ਦੇ ਪਾਸ ਹੋਣ ਤੇ ਉਹ ਪਿਤਾਮਾ ਬਣਨ ਜਾ ਰਹੇ ਹਨ, ਵਿਚਾਰਾਂ ਨੂੰ ਰੱਦ ਨਹੀਂ ਕਰਨਗੇ।

ਮਾਨਯੋਗ ਮੈਂਬਰ ਸ੍ਰੀ ਜੈ ਰਾਮ ਦਾਸ ਨੇ ਇਕ ਗੱਲ ਆਖੀ ਸੀ ਜਿਸਦੀ ਸਰਕਾਰੀ ਪੱਖ ਨੇ ਬਹੁਤ ਸ਼ਲਾਘਾ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਇਸ ਸੋਧਨਾ ਨਾਲ ਮੰਤਰੀ ਉੱਤੇ ਇਸ ਸਦਨ ਦਾ ਵਸੀਕਾਰ ਘੱਟ ਜਾਵੇਗਾ। ਮੈਨੂੰ ਸਮਝ ਨਹੀਂ ਆਉਂਦੀ ਕਿ ਮੇਰੀ ਸੋਧਨਾ ਦਾ ਨਤੀਜਾ ਇਹੋ ਜਿਹਾ ਕਿਵੇਂ ਹੋਵੇਗਾ ? ਜਿਵੇਂ ਕਿ ਮੈਂ ਹੁਣੇ ਕਿਹਾ ਹੈ, ਮੇਰੀ ਸੋਧਨਾ ਦਾ ਇਕੋ ਇਕ ਉਦੇਸ਼ ਮੰਤਰੀ ਦੇ ਹੱਥ ਮਜ਼ਬੂਤ ਕਰਨਾ ਹੈ। ਜੇਕਰ ਇਹ ਉਦੇਸ਼ ਸਪੱਸ਼ਟ ਨਹੀਂ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 21, ਪੰਨੇ 264-265 . ਮਿਤੀ 1 ਅਕਤੂਬਰ, 1927।

ਹੈ ਤਾਂ ਮੈਂ ਕੋਈ ਵੀ ਸੋਧਨਾ ਤੇ ਮਾਨਯੋਗ ਮੰਤਰੀ ਜੀ ਇਸ ਦਾ ਅਰਥ ਸਪਸ਼ਟ ਕਰਨ ਲਈ ਰੱਖਣਾ ਚਾਹੁਣ ਸਵੀਕਾਰ ਕਰਨ ਲਈ ਤਿਆਰ ਹਾਂ। ਮੈਨੂੰ ਪਤਾ ਨਹੀਂ ਲਗਦਾ ਕਿ ਇਸ ਨਾਲ ਮੰਤਰੀ ਤੇ ਇਸ ਸਦਨ ਦੀ ਸ਼ਕਤੀ ਜਾਂ ਇਸ ਮੰਤਰੀ ਦੀ ਸ਼ਕਤੀ ਘੱਟ ਕਿਵੇਂ ਜਾਵੇਗੀ ? ਇਸ ਸੋਧਨਾ ਦੇ ਅਧੀਨ ਵੀ ਗ੍ਰਾਂਟਾਂ ਦੇਣ ਵਾਸਤੇ ਮੰਤਰੀ ਅੰਤਮ ਅਧਿਕਾਰੀ ਹੋਵੇਗਾ। ਇਸ ਸੋਧਨਾ ਦਾ ਇਕੋ ਇਕ ਉਦੇਸ਼ ਇਹ ਹੈ ਕਿ ਗ੍ਰਾਂਟਾਂ ਦੇਣ ਲਈ ਯੂਨੀਵਰਸਿਟੀ ਨਾਲ, ਵਿਚੋਲੇ ਵਜੋਂ ਮਸ਼ਵਰਾ ਕਰ ਲਿਆ ਜਾਵੇ। ਮੇਰਾ ਖ਼ਿਆਲ ਨਹੀਂ ਕਿ ਇਹ ਮੰਤਰੀ ਦੀ ਸ਼ਕਤੀ ਉੱਤੇ ਜਾਂ ਮੰਤਰੀ ਉੱਤੇ ਸਦਨ ਦੇ ਵਸੀਕਾਰ ਉੱਤੇ ਕੋਈ ਗੰਭੀਰ ਪਾਬੰਦੀ ਹੈ। ਦੂਜੇ ਪਾਸੇ, ਇਸ ਗੱਲ ਦਾ ਨਿਰਨਾ ਕਰਨ ਲਈ ਕਿ ਸਦਨ ਇੱਕ ਚੰਗੇਰੀ ਸਥਿਤੀ ਵਿਚ ਹੋਵੇਗਾ ਕਿ ਮੰਤਰੀ ਦੁਆਰਾ ਦਿੱਤਾ ਗਿਆ ਪੈਸਾ ਠੀਕ ਤਰ੍ਹਾਂ ਖ਼ਰਚਿਆ ਗਿਆ ਹੈ ਜਾਂ ਨਹੀਂ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਸੋਧਨਾ ਦੀ ਸਿਫ਼ਾਰਸ਼ ਕਰਦਾ ਹਾਂ।

* III

ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਆਪਣੇ ਮਾਨਯੋਗ ਦੋਸਤ ਮਿੱਤਰ ਸ੍ਰੀ ਜਾਦਵ ਦੀ ਸੋਧਨਾ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਜੋ ਮਾਨਯੋਗ ਮੈਂਬਰ ਮੇਰੇ ਤੋਂ ਪਹਿਲਾਂ ਆਏ ਸਨ, ਉਨ੍ਹਾਂ ਇਹ ਕਿਹਾ ਹੈ ਕਿ ਯੂਨੀਵਰਸਿਟੀ ਦੇ ਮੌਜੂਦਾ ਮਾਲੀ ਹਾਲਾਤ ਵਿਚ ਇਹ ਅਹੁੱਦਾ ਯੂਨੀਵਰਸਿਟੀ ਦੇ ਘੱਟ ਸਾਧਨਾਂ ਉੱਤੇ ਇਕ ਵਾਧੂ ਬੋਝ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ ਦਲੀਲ ਆਪਣੇ ਆਪ ਵਿਚ ਬੜੀ ਢੁੱਕਵੀਂ ਹੈ, ਅਤੇ ਇਸ ਬਾਰੇ ਜੋ ਕੁਝ ਥੋੜ੍ਹਾ ਬਹੁਤ ਮੈਂ ਕਹਿਣਾ ਚਾਹੁੰਦਾ ਹਾਂ, ਇਹ ਹੈ: ਪ੍ਰਸ਼ਾਸਨੀ ਤੌਰ ਤੇ ਇਹ ਅਹੁੱਦਾ ਇਕ ਫ਼ਾਲਤੂ ਅਹੁੱਦਾ ਹੋਵੇਗਾ। ਸ੍ਰੀਮਾਨ ਜੀ, ਮੈਂ ਦੇਖਦਾ ਹਾਂ ਕਿ ਸੰਨ 1914 ਵਿੱਚ ਬੰਬਈ ਯੂਨੀਵਰਸਿਟੀ ਨੇ, ਯੂਨੀਵਰਸਿਟੀ ਵਲੋਂ ਤਜਵੀਜ਼ ਕੀਤੀ ਗਈ ਖੋਜ ਦੀ ਇਕ ਸਕੀਮ ਬਾਰੇ ਸਲਾਹ ਲੈਣ ਲਈ ਮਾਨਚੈਸਟਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਰ ਐਲਫ਼ਰਡ ਹਾਪਕਿਨਸਨ ਨੂੰ ਸੱਦਾ ਪੱਤਰ ਭੇਜਿਆ। ਸ੍ਰੀਮਾਨ ਜੀ, ਮੈਨੂੰ ਪਤਾ ਲੱਗਿਆ ਹੈ ਕਿ ਉਸ ਅਫ਼ਸਰ ਨੇ ਰਿਪੋਰਟ ਦਿੱਤੀ ਸੀ ਕਿ ਇਸ ਅਫ਼ਸਰ ਦੀ ਲੋੜ ਨਹੀਂ। ਯੂਨੀਵਰਸਿਟੀ ਸੁਧਾਰਾਂ ਬਾਰੇ ਕਮੇਟੀ ਨੇ ਪੰਨਾ 9 ਤੇ ਇਸ ਤਰ੍ਹਾਂ ਉਸਦੀ ਰਿਪੋਰਟ ਦਿੱਤੀ ਹੈ :

"ਉਹ ਯੂਨੀਵਰਸਿਟੀ ਦੇ ਤਨਖ਼ਾਹਦਾਰ ਪ੍ਰਸ਼ਾਸਨੀ ਮੁੱਖੀ ਦੇ ਹੱਕ ਵਿਚ ਨਹੀਂ ਸਨ ਅਤੇ ਉਨ੍ਹਾਂ ਨੇ ਸਲਾਹ ਦਿੱਤੀ ਕਿ ਵਧ ਰਹੇ ਕੰਮ ਨੂੰ ਕਰਵਾਉਣ ਦੀ ਕਠਿਨਾਈ ਨੂੰ ਦੂਰ ਕਰਨ ਲਈ ਇਕ ਪੂਰਨ-ਕਾਲੀ ਰਜਿਸਟਰਾਰ ਅਤੇ ਸਯੁੰਕਤ ਮੈਟ੍ਰਿਕੁਲੇਸ਼ਨ ਬੋਰਡ ਦੇ ਲਈ ਅਦਾਇਗੀ ਤੇ ਇਕ ਪੂਰਨ-ਕਾਲੀ ਸਕੱਤਰ ਨਿਯੁਕਤ ਕੀਤਾ ਜਾਏ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਕੰਮ ਵਾਸਤੇ ਯੂਨੀਵਰਸਿਟੀ ਅਤੇ ਕਾਲਜਾਂ ਦੇ ਪੋਫ਼ੈਸਰਾਂ ਦੀ ਵਧੇਰੇ ਵਰਤੋਂ ਕੀਤੀ ਜਾਏ।

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ xxi, ਪੰਨੇ 286-87, 3 ਅਕਤੂਬਰ, 1927

ਜੇਕਰ 1914 ਵਿਚ ਸਰ ਐਲਫ਼ਰਡ ਹਾਪਕਿਨਸਨ ਵਰਗੇ ਮਾਹਰ ਦੀ ਇਹ ਰਾਇ ਸੀ, ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਦਰਮਿਆਨੀ ਸਮੇਂ ਵਿਚ ਕਿਹੜੇ ਨਵੇਂ ਹਾਲਾਤ ਪੈਦਾ ਹੋ ਗਏ ਹਨ, ਜੋ ਅਸੀਂ ਇਹ ਅਹੁੱਦਾ ਯੂਨੀਵਰਸਿਟੀ ਉੱਤੇ ਠੋਸਣ ਲਈ ਮਜਬੂਰ ਹਾਂ। ਹੋਰ ਮੈਨੂੰ ਇਹ ਵੀ ਪਤਾ ਲਗਾ ਹੈ ਕਿ ਰੈਕਟਰ ਦੇ ਅਹੁੱਦੇ ਦੇ ਕੋਈ ਨਿਸ਼ਚਤ ਕਰੱਤਵ ਨਹੀਂ ਹਨ ਜੋ ਉਸ ਨੇ ਨਿਭਾਉਣੇ ਹਨ। ਯੂਨੀਵਰਸਿਟੀ ਸੁਧਾਰ ਕਮੇਟੀ ਦੀ ਰਿਪੋਰਟ ਦੇ ਪੰਨਾ 162 ਤੇ ਲਿਖਿਆ ਹੈ ਕਿ ਵਾਈਸ ਚਾਂਸਲਰ ਨੇ ਯੂਨੀਵਰਸਿਟੀ ਦੀ ਆਮ ਨਿਗਰਾਨੀ ਕਰਨੀ ਹੈ ਅਤੇ ਉਸ ਕੋਲ ਇਹ ਦੇਖਣ ਦੀ ਸ਼ਕਤੀ ਹੋਵੇਗੀ ਕਿ ਐਕਟ, ਕਾਨੂੰਨ ਅਤੇ ਆਰਡੀਨੈਂਸਾਂ ਦੀ ਪਾਲਣਾ ਕੀਤੀ ਜਾਏ। ਸ੍ਰੀਮਾਨ ਜੀ, ਰੈਕਟਰ ਦੀ ਸਥਿਤੀ ਦਾ ਵਰਣਨ ਕਰਦਿਆਂ ਯੂਨੀਵਰਸਿਟੀ ਸੁਧਾਰ-ਕਮੇਟੀ ਦੀ ਰਿਪੋਰਟ ਵਿਚ ਉਸੇ ਪੰਨੇ ਤੇ ਇਹ ਵੀ ਲਿਖਿਆ ਹੈ ਕਿ ਉਹ ਪੰਜ ਸਾਲ ਅਹੁੱਦੇ ਤੇ ਰਹੇਗਾ ਅਤੇ ਦੁਬਾਰਾ ਨਿਯੁਕਤੀ ਦੇ ਯੋਗ ਹੋਵੇਗਾ, ਉਹ ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜਕਾਰੀ ਅਤੇ ਆਦਮਿਕ ਅਫ਼ਸਰ ਹੋਵੇਗਾ ਅਤੇ ਇਹ ਦੇਖਣਾ ਉਸਦਾ ਫ਼ਰਜ਼ ਹੋਵੇਗਾ ਕਿ ਐਕਟ, ਕਾਨੂੰਨਾਂ ਅਤੇ ਆਰਡੀਨੈਂਸਾਂ ਦੀ ਦਿਆਨਤਦਾਰੀ ਨਾਲ ਪਾਲਣਾ ਕੀਤੀ ਜਾਂਦੀ ਹੈ, ਅਤੇ ਇਸ ਮੰਤਵ ਲਈ ਉਸ ਪਾਸ ਸਾਰੀਆਂ ਸ਼ਕਤੀਆਂ ਹੋਣੀਆਂ ਚਾਹੀਦੀਆਂ ਹਨ। ਮੈਨੂੰ ਇਹ ਨਹੀਂ ਪਤਾ ਲਗਦਾ ਕਿ ਵਾਈਸ ਚਾਂਸਲਰ ਦੇ ਅਹੁੱਦੇ ਦੇ ਫ਼ਰਜ਼ਾਂ ਅਤੇ ਰੈਕਟਰ ਦੇ ਅਹੁੱਦੇ ਨੂੰ ਸੌਂਪੇ ਜਾਣ ਵਾਲੇ ਫਰਜ਼ਾਂ ਵਿਚ ਫ਼ਰਕ ਕੀ ਹੈ? ਜੇਕਰ ਯੂਨੀਵਰਸਿਟੀ ਸੁਧਾਰ ਕਮੇਟੀ ਦੀ ਰਿਪੋਰਟ ਵਿਚ ਬਿਆਨ ਕੀਤੀ ਗਈ ਸਥਿਤੀ ਉਹੀ ਹੈ ਜੋ ਮੈ ਹੁਣੇ ਜਿਹੇ ਸਦਨ ਦੇ ਸਾਹਮਣੇ ਰੱਖੀ ਹੈ, ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਅਹੁੱਦੇ ਦਾ ਇਕ ਪਾਸੇ ਤਾਂ ਵਾਈਸ ਚਾਂਸਲਰ ਦੇ ਅਹੁੱਦੇ ਨਾਲੋਂ ਅਤੇ ਦੂਜੇ ਪਾਸੇ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਅਹੁੱਦੇ ਨਾਲੋਂ ਫ਼ਰਕ ਕਿਵੇਂ ਹੈ? ਮੈਂ ਦੇਖਦਾ ਹਾਂ ਕਿ ਉਸੇ ਕਮੇਟੀ ਦੀ ਰਿਪੋਰਟ ਦੇ ਪੰਨਾ 163 ਤੇ ਲਿਖਿਆ ਹੈ ਕਿ ਰੈਕਟਰ ਦੀ ਗ਼ੈਰ-ਹਾਜ਼ਰੀ ਵਿਚ ਰਿਜਸਟਰਾਰ ਉਸ ਵਾਲੇ ਫ਼ਰਜ਼ ਨਿਭਾਏਗਾ। ਇਸ ਲਈ ਸਪਸ਼ਟ ਤੌਰ ਤੇ ਮੈਨੂੰ ਇਹ ਨਹੀਂ ਜਾਪਦਾ ਕਿ ਰੈਕਟਰ ਦਾ ਅਹੁੱਦਾ ਕਿਸੇ ਵੀ ਤਰ੍ਹਾਂ ਵਾਈਸ ਚਾਂਸਲਰ ਅਤੇ ਰਜਿਸਟਰਾਰ ਦੇ ਅਹੁੱਦੇ ਨਾਲੋਂ ਵੱਖ ਹੋਵੇਗਾ, ਅਤੇ ਇਸ ਦੇ ਲਈ ਇਕ ਵੱਖਰੇ ਅਫ਼ਸਰ ਦੀ ਨਿਯੁਕਤੀ ਦੀ ਲੋੜ ਹੈ। ਇਹ ਅਹੁੱਦਾ ਫ਼ਾਲਤੂ ਹੈ ਅਤੇ ਵਰਤਮਾਨ ਹਾਲਾਤ ਵਿਚ ਯੂਨੀਵਰਸਿਟੀ ਉੱਤੇ ਇਕ ਬੋਝ ਹੈ। ਇਨ੍ਹਾਂ ਕਾਰਨਾਂ ਕਰਕੇ ਮੈਂ ਆਪਣੇ ਮਾਨਯੋਗ ਦੋਸਤ ਜਾਦਵ ਦੀ ਸੋਧਨਾ ਦਾ ਸਮਰੱਥਨ ਕਰਦਾ ਹਾਂ।

*ਬਹਿਸ ਜਾਰੀ

ਡਾ.ਬੀ.ਆਰ.ਅੰਬੇਡਕਰ: ਮੈਂ ਇਸ ਸੋਧਨਾ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਮੈਂ ਇਸ ਗੱਲ ਦੇ ਅਸਲੋਂ ਹੀ ਹੱਕ ਵਿਚ ਨਹੀਂ ਕਿ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ ਯੂਨੀਵਰਸਿਟੀ ਵਿਚ ਆਉਣ, ਕਿਉਂਕਿ ਮੈਂ ਵੀ ਉਨ੍ਹਾਂ ਵਿਚੋਂ ਇਕ ਹਾਂ ਜਿਨ੍ਹਾਂ ਦਾ ਇਹ ਵਿਚਾਰ ਹੈ ਕਿ ਜੇਕਰ ਯੂਨੀਵਰਸਿਟੀ ਨੇ ਵਿਕਾਸ ਕਰਨਾ ਹੈ ਤਾਂ ਕਾਲਜ ਸੰਗਠਨ ਨੂੰ ਫ਼ੈਕਲਟੀ ਸੰਗਠਨ ਦੇ ਅਧੀਨ ਕਰਨਾ ਚਾਹੀਦਾ ਹੈ। ਇਹ ਮੇਰੀ ਆਪਣੀ ਭਾਵਨਾ ਹੈ ਅਤੇ ਮੈਂ ਨਹੀਂ ਜਾਣਦਾ ਕਿ ਕਿਤਨੇ ਮਾਨਯੋਗ ਮੈਂਬਰਾਂ ਦੀ ਇਹ ਭਾਵਨਾ ਹੈ। ਜੇਕਰ ਸਾਰੇ ਪ੍ਰਿੰਸੀਪਲਾਂ ਨੂੰ ਯੂਨੀਵਰਸਿਟੀ ਵਿਚ ਆਉਣ ਦੀ ਆਗਿਆ ਦੇ ਦਿੱਤੀ ਜਾਵੇ ਤਾਂ ਉਹ ਯੂਨੀਵਰਸਿਟੀ ਦੇ ਸੰਗਠਨ ਵਿਚ ਇਕ ਅਲਹਿਦਗੀ ਵਾਲੀ ਭਾਵਨਾ ਲੈ ਆਉਣਗੇ ਅਤੇ ਉਹ ਯੂਨੀਵਰਸਿਟੀ ਨੂੰ ਇਕ ਏਕੀਕ੍ਰਿਤ ਸੰਗਠਨ ਬਣਾਉਣ ਦੀ ਥਾਂ ਇੱਕ ਖੰਡਿਤ ਸੰਸਥਾ ਬਣਾ ਦੇਣਗੇ। ਪਰ, ਮੇਰੇ ਮਾਨਯੋਗ ਦੋਸਤ ਸ੍ਰੀ ਹੈਮਿਲ ਨੇ ਇਹ ਵਿਚਾਰ ਪੇਸ਼ ਕੀਤਾ ਹੈ ਕਿ ਯੂਨੀਵਰਸਿਟੀ ਵਿਚ ਵਿਦਿਅਕ ਤੱਤ ਦੀ ਘੱਟ ਤੋਂ ਘੱਟ ਮਿਕਦਾਰ ਜ਼ਰੂਰੀ ਹੋਣੀ ਚਾਹੀਦੀ ਹੈ ਜੋ ਯੂਨੀਵਰਸਿਟੀ ਦਾ ਕੰਮ ਕਾਰ ਚਲਾਉਣ ਲਈ ਲੋੜੀਂਦੀ ਹੋਵੇ। ਉਨ੍ਹਾਂ ਨੇ ਇਹ ਵੀ ਦੱਸਿਆ ਹੈ ਕਿ ਇਸ ਸਮੇਂ ਯੂਨੀਵਰਸਿਟੀ ਦੀ ਜੋ ਰਚਨਾ ਹੈ ਉਸ ਵਿੱਚ ਵਿਦਿਅਕ ਤੱਤ ਚੌਖੀ ਮਾਤਰਾ ਵਿਚ ਮੌਜੂਦ ਨਹੀਂ। ਸ੍ਰੀਮਾਨ ਜੀ, ਮੇਰਾ ਵਿਚਾਰ ਹੈ ਕਿ ਮਾਨਯੋਗ ਮੈਂਬਰ ਸ੍ਰੀ ਹੈਮਿਲ ਦੁਆਰਾ ਉਠਾਇਆ ਗਿਆ ਨੁਕਤਾ ਵਿਚਾਰਨ ਯੋਗ ਹੈ, ਕਿਉਂਕਿ ਮੈਂ ਸੋਚਦਾ ਹਾਂ ਕਿ ਅਸੀਂ ਯੂਨੀਵਰਸਿਟੀ ਨੂੰ ਲੋਕਤੰਤਰੀ ਬਣਾ ਰਹੇ ਹਾਂ ਤਾਂ ਸਾਨੂੰ ਇਹ ਨਹੀਂ ਚਾਹੀਦਾ ਕਿ ਯੂਨੀਵਰਸਿਟੀ ਨੂੰ, ਜਿਸ ਨੂੰ ਕਿ ਇਸ ਪ੍ਰੈਜ਼ੀਡੈਂਸੀ ਦੇ ਵਿਦਿਅਕ ਮਾਮਲੇ ਸੌਂਪੇ ਗਏ ਹਨ, ਇਕ ਸੰਸਥਾ ਵਜੋਂ ਕੰਮ ਕਰਨ ਦੇ ਯੋਗ ਬਣਾਉਣ ਲਈ ਯੂਨੀਵਰਸਿਟੀ ਪਾਸ ਚੌਖੀ ਮਾਤਰਾ ਵਿਚ ਵਿਦਿਅਕ ਤੱਤ ਹੋਣ ਹੋਣਾ ਚਾਹੀਦਾ ਹੈ। ਮੇਰੀ ਖ਼ਾਹਿਸ਼ ਹੈ ਕਿ ਯੂਨੀਵਰਸਿਟੀ ਵਿਚ ਇਸ ਵਿਦਿਅਕ ਤੱਤ ਦੀ ਹੋਂਦ ਦਾ ਉਪਬੰਧ ਕਰਦੇ ਸਮੇਂ ਅਸੀਂ, ਯੂਨੀਵਰਸਿਟੀ ਵਿਚ ਪ੍ਰਿੰਸੀਪਲਾਂ ਦੇ ਦਾਖ਼ਲੇ ਨੂੰ ਟਾਲ ਸਕਦੇ ਸੀ। ਇਸਦੇ ਕਾਰਨ ਮੇਰੇ ਵਲੋਂ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ। ਪਰ ਮੈਂ ਦੇਖਦਾ ਹਾਂ ਕਿ ਹੁਣ ਅਜਿਹਾ ਕਰਨਾ ਸੰਭਵ ਨਹੀਂ ਕਿਉਂਕਿ ਖੰਡ 3 ਵਿੱਚ ਦਿੱਤ ਗਈ ਪਰਿਭਾਸ਼ਾ ਅਨੁਸਾਰ ਅਧਿਆਪਕਾਂ ਵਿਚ ਪ੍ਰੋਫ਼ੈਸਰ ਵੀ ਸ਼ਾਮਲ ਹਨ। ਪ੍ਰਿੰਸੀਪਲ, ਪ੍ਰੋਫ਼ੈਸਰ ਹੁੰਦੇ ਹਨ ਅਤੇ ਉਹ ਆ ਸਕਦੇ ਹਨ, ਭਾਵੇਂ ਮਾਨਯੋਗ ਮੈਂਬਰ ਸ੍ਰੀ ਦਸਤੂਰ ਦੀ ਸੋਧਨਾ ਪ੍ਰਵਾਨ ਕੀਤੀ ਜਾਂਦੀ ਹੈ ਭਾਵੇਂ ਨਹੀਂ। ਉਨ੍ਹਾਂ ਦੀ ਸੋਧਨਾ ਕੇਵਲ ਵਿਆਖਿਆਤਮਕ ਹੈ ਅਤੇ ਇਸ ਨਾਲ ਕੋਈ ਨਵੀਂ ਤਬਦੀਲੀ ਨਹੀਂ ਆਉਂਦੀ। ਇਸ ਲਈ ਮੈਂ ਇਸਦਾ ਸਮਰਥਨ ਕਰਦਾ ਹਾਂ।

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ XXI, ਪੰਨੇ 326-27, ਮਿਤੀ 3 ਅਕਤੂਬਰ, 1927. ਇਹ ਭਾਸ਼ਣ ਯੂਨੀਵਰਸਿਟੀ ਵਿੱਚ ਵਿਦਿਅਕ ਤੱਤ ਲਿਆਉਣ ਲਈ ਸ੍ਰੀ ਹੈਮਿਲ ਦੀ ਸੋਧਨਾ ਦੇ ਸਮੱਰਥਨ ਵਿੱਚ ਦਿੱਤਾ ਗਿਆ ਸੀ।

*IV

ਡਾ.ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਮੈਂ ਇਸ ਸੋਧਨਾ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਹਾਂ। ਜੇਕਰ ਮੈਂ ਯੂਨੀਵਰਸਿਟੀ ਸੁਧਾਰਾਂ ਅਤੇ ਯੂਨੀਵਰਸਿਟੀ ਦੇ ਕੰਮ ਕਾਰ ਬਾਰੇ ਆਪਣੇ ਮਾਨਯੋਗ ਦੋਸਤ ਸ੍ਰੀ ਮੁਨਸ਼ੀ ਦੇ ਵਿਚਾਰਾਂ ਨਾਲ ਸਹਿਮਤ ਹੁੰਦਾ ਤਾਂ ਮੈਂ ਨਿਸ਼ਚੇ ਹੀ ਇਸ ਸੋਧਨਾ ਦਾ ਸਮਰਥਨ ਕਰਨ ਲਈ ਖੜ੍ਹਾ ਹੋਇਆ ਨਾ ਹੁੰਦਾ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਇਕ ਅਜਿਹੇ ਵਿਅਕਤੀ ਵਜੋਂ ਜੋ ਯੂਨੀਵਰਸਿਟੀ ਸੁਧਾਰਾਂ ਵਿਚ ਦਿਲਚਸਪੀ ਲੈਂਦਾ ਹੈ ਅਤੇ ਜੋ ਪੱਛੜੇ ਹੋਏ ਫ਼ਿਰਕਿਆਂ ਵਿਚੋਂ ਹੈ, ਮੇਰੇ ਮਾਨਯੋਗ ਦੋਸਤ ਸ੍ਰੀ ਮੁਨਸ਼ੀ ਨਾਲ ਬੁਨਿਆਦੀ ਤੌਰ ਤੇ ਮਤ ਭੇਦ ਹਨ। ਸ੍ਰੀਮਾਨ ਜੀ, ਮੇਰੇ ਮਾਨਯੋਗ ਦੋਸਤ ਸ੍ਰੀ ਮੁਨਸ਼ੀ ਦੀ ਰਾਇ ਹੈ ਕਿ ਯੂਨੀਵਰਸਿਟੀ ਕਾਨੂੰਨ ਅਤੇ ਵਿਨਿਯਮ ਬਣਾਉਣ ਦੇ ਮੰਤਵ ਲਈ ਕੇਵਲ ਇਕ ਸੰਸਥਾ ਹੈ। ਇਹ ਇਕ ਅਜਿਹੀ ਸੰਸਥਾ ਹੈ ਜਿਸਦਾ ਸਬੰਧ ਕੇਵਲ ਇਮਤਿਹਾਨ ਲੈਣ ਅਤੇ ਇਸ ਅਧੀਨ ਸ਼ੁਰੂ ਕੀਤੇ ਜਾਣ ਵਾਲੇ ਯੂਨੀਵਰਸਿਟੀ ਦੇ ਸਿਖਿਆ ਵਿਭਾਗ ਵਿਚ ਪੋਸਟ ਗ੍ਰੈਜੂਏਟ ਕੋਰਸਾਂ ਦਾ ਉਪਬੰਧ ਕਰਨ ਤਕ ਹੀ ਹੈ। ਸ੍ਰੀਮਾਨ ਜੀ, ਮੇਰਾ ਖ਼ਿਆਲ ਹੈ ਕਿ ਇਹ ਯੂਨੀਵਰਸਿਟੀ ਸਬੰਧੀ ਬੜਾ ਸੌੜਾ ਦ੍ਰਿਸ਼ਟੀਕੋਣ ਹੈ। ਜਿਵੇਂ ਮੈਂ ਸਮਝਦਾ ਹਾਂ, ਯੂਨੀਵਰਸਿਟੀ ਦੇ ਮੁੱਢਲੇ ਕੰਮਾਂ ਵਿਚੋਂ ਇਕ ਹੈ-ਜ਼ਰੂਰਤਮੰਦਾਂ ਅਤੇ ਗ਼ਰੀਬਾਂ ਲਈ ਉੱਚੀ ਤੋਂ ਉੱਚੀ ਵਿਦਿਆ ਦੀ ਸਹੂਲਤ ਦਾ ਉਪਬੰਧ ਕਰਨਾ। ਮੇਰਾ ਖ਼ਿਆਲ ਨਹੀਂ ਕਿ ਕਿਸੇ ਵੀ ਸਭਿਅ ਦੇਸ਼ ਵਿਚ ਕੋਈ ਵੀ ਯੂਨੀਵਰਸਿਟੀ ਆਪਣੀ ਹੋਂਦ ਨੂੰ ਉਚਿਤ ਠਹਿਰਾ ਸਕਦੀ ਹੈ ਜੇਕਰ ਉਹ ਕੇਵਲ ਇਮਤਿਹਾਨਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਅਤੇ ਡਿਗਰੀਆਂ ਦੇਣ ਦਾ ਕੰਮ ਹੀ ਕਰਦੀ ਹੈ। ਜੇਕਰ ਪੱਛੜੇ ਹੋਏ ਫ਼ਿਰਕਿਆਂ ਨੂੰ ਉੱਚੀ ਤੋਂ ਉੱਚੀ ਸਿਖਿਆ ਦੇਣ ਦੀਆਂ ਸਹੂਲਤਾਂ ਦੇਣਾ ਆਧੁਨਿਕ ਯੂਨੀਵਰਸਿਟੀ ਦਾ ਫ਼ਰਜ਼ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਗੱਲ ਉਪ-ਸਿਧਾਂਤ ਵਜੋਂ ਸ੍ਵੀਕਾਰ ਕੀਤੀ ਜਾਵੇਗੀ ਕਿ ਯੂਨੀਵਰਸਿਟੀ ਦੇ ਮਾਮਲਿਆਂ ਵਿਚ ਪੱਛੜੇ ਹੋਏ ਫ਼ਿਰਕਿਆਂ ਦਾ ਕੁਝ ਵਸੀਕਾਰ ਹੋਣਾ ਚਾਹੀਦਾ ਹੈ। ਸ੍ਰੀਮਾਨ ਜੀ, ਮੈਂ ਯੂਨੀਵਰਸਿਟੀ ਨੂੰ ਮੂਲ ਰੂਪ ਵਿਚ ਇਕ ਅਜਿਹੀ ਮਸ਼ੀਨਰੀ ਵਾਂਗ ਵੇਖਦਾ ਹਾਂ, ਜਿਸ ਨੇ ਉਨ੍ਹਾਂ ਸਾਰਿਆਂ ਨੂੰ ਵਿਦਿਅਕ ਸਹੂਲਤਾਂ ਪ੍ਰਦਾਨ ਕਰਨੀਆਂ ਹਨ ਜੋ ਬੌਧਿਕ ਤੌਰ ਤੇ ਇਨ੍ਹਾਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਵਰਤੋਂ ਕਰਨ ਦੇ ਕਾਬਲ ਹਨ, ਪਰ, ਜੋ ਪੈਸੇ ਦੀ ਘਾਟ ਕਰਕੇ ਜਾਂ ਜ਼ਿੰਦਗੀ ਵਿਚ ਕਿਸੇ ਦੂਜੀ ਕਮੀ ਕਰਕੇ ਇਨ੍ਹਾਂ ਸਹੂਲਤਾਂ ਦਾ ਲਾਭ ਨਹੀਂ ਉਠਾ ਸਕਦੇ। ਸ੍ਰੀਮਾਨ ਜੀ, ਇਹ ਕਿਹਾ ਜਾਂਦਾ ਹੈ ਕਿ ਮੂਲ ਰੂਪ ਵਿਚ ਯੂਨੀਵਰਸਿਟੀ ਦਾ ਵਾਸਤਾ ਬੁੱਧੀ ਜੀਵੀ ਵਰਗ ਅਤੇ ਪੜ੍ਹੀਆਂ ਲਿਖੀਆਂ ਸ਼੍ਰੇਣੀਆਂ ਨਾਲ ਹੀ ਪੈਂਦਾ ਹੈ, ਅਤੇ ਕਿਉਂ ਜੋ ਯੂਨੀਵਰਸਿਟੀ ਨੇ ਉਚਿਤ ਢੰਗ ਨਾਲ ਕੰਮ ਕਰਨਾ ਹੁੰਦਾ ਹੈ, ਇਸ ਲਈ ਇਹ ਜ਼ਰੂਰੀ ਹੈ

---

*ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ XXI, ਪੰਨੇ 414-16, ਮਿਤੀ 5 ਅਕਤੂਬਰ, 1927 ਇਹ ਭਾਸ਼ਣ ਨਾਮਜ਼ਦ ਕੀਤੇ ਸੈਨੇਟਰਾਂ ਦੀ ਗਿਣਤੀ 40 ਤੋਂ ਵਧਾ ਕੇ 50 ਕਰਨ ਵਾਸਤੇ ਸ੍ਰੀ ਨੂਰ ਮੁਹੰਮਦ ਦੁਆਰਾ ਪ੍ਰਸਤਾਵਿਤ ਬੰਬਈ ਯੂਨੀਵਰਸਿਟੀ ਬਿਲ ਦੀ ਸੋਧਨਾ ਦੇ ਸਮਰਥਨ ਵਿਚ ਦਿੱਤਾ ਗਿਆ ਸੀ।

ਕਿ ਇਸ ਦਾ ਕੰਟਰੋਲ, ਉਨ੍ਹਾਂ ਦੇ ਹੱਥ ਵਿਚ ਹੋਵੇ ਜਿਨ੍ਹਾਂ ਨੂੰ ਸਿਖਿਅਤ ਵਰਗ ਆਖਦੇ ਹਨ। ਯੂਨੀਵਰਸਿਟੀ ਨੂੰ ਕੰਟਰੋਲ ਕਰਨਾ ਹੈ ਤਾਂ ਜੇਕਰ ਉਸ ਪਾਸ ਸਮਾਜਕ ਸਦਗੁਣ ਹਨ ਤਾਂ ਮੈਂ ਇਹ ਸਿਧਾਂਤ ਵੀ ਸਵੀਕਾਰ ਕਰ ਲਵਾਂਗਾ। ਮਿਸਾਲ ਦੇ ਤੌਰ ਤੇ, ਜੇਕਰ ਉਨ੍ਹਾਂ ਨੂੰ ਨੀਵੇਂ ਵਰਗਾਂ ਦੀਆਂ ਖ਼ਾਹਸ਼ਾਂ ਪ੍ਰਤੀ ਹਮਦਰਦੀ ਹੈ, ਜੇਕਰ ਉਹ ਇਸ ਗੱਲ ਨੂੰ ਮੰਨਦੇ ਹਨ ਕਿ ਨੀਵੇਂ ਵਰਗਾਂ ਦੇ ਵੀ ਅਧਿਕਾਰ ਹਨ, ਜੇਕਰ ਉਹ ਇਸ ਗੱਲ ਨੂੰ ਮੰਨਦੇ ਹਨ ਕਿ ਉਨ੍ਹਾਂ ਅਧਿਕਾਰਾਂ ਦਾ ਆਦਰ ਕਰਨਾ ਚਾਹੀਦਾ ਹੈ, ਤਾਂ ਸ਼ਾਇਦ ਅਸੀਂ, ਜੋ ਪੱਛੜੇ ਹੋਏ ਫ਼ਿਰਕਿਆਂ ਵਿਚੋਂ ਹਾਂ, ਆਪਣੀ ਕਿਸਮਤ ਉਨੱਤ ਫ਼ਿਰਕਿਆਂ ਦੇ ਹਵਾਲੇ ਕਰਨ ਲਈ ਤਿਆਰ ਹੋ ਜਾਈਏ। ਪਰ, ਸ੍ਰੀਮਾਨ ਜੀ, ਸਦੀਆਂ ਤੋਂ ਸਾਨੂੰ ਇਨ੍ਹਾਂ ਉੱਚੇ ਅਤੇ ਸਿਖਿਅਤ ਆਖੇ ਜਾਂਦੇ ਵਰਗਾਂ ਦੇ ਰਾਜ ਦਾ ਤਲਖ਼-ਤਜਰਬਾ ਹੈ। ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਇਹ ਗੱਲ ਉੱਨਤ ਸ਼੍ਰੇਣੀਆਂ ਦੇ ਹੱਕ ਵਿਚ ਨਹੀਂ ਜਾਂਦੀ ਕਿ ਇਸ ਦੇਸ਼ ਵਿਚ ਆਬਾਦੀ ਦਾ ਇਕ ਅਜਿਹਾ ਵੱਡਾ ਹਿੱਸਾ ਮੌਜੂਦ ਹੋਵੇ ਜਿਸ ਨੂੰ ਅਪਰਾਧੀ ਕਬੀਲੇ ਕਿਹਾ ਜਾਂਦਾ ਹੈ। ਇਹ ਗੱਲ ਨਿਸਚੇ ਹੀ ਉਨ੍ਹਾਂ ਦੇ ਹੱਕ ਵਿਚ ਨਹੀਂ ਜਾਂਦੀ ਕਿ ਇਸ ਦੇਸ਼ ਵਿਚ ਅਜਿਹੀ ਆਬਾਦੀ ਹੋਵੇ ਜਿਸ ਨੂੰ ਅਛੂਤ ਸਮਝਿਆ ਜਾਂਦਾ ਹੈ। ਯਕੀਨੀ ਤੌਰ ਤੇ ਉਹ ਦਲਿਤ ਸ਼੍ਰੇਣੀਆਂ ਦੀ ਹੈਸੀਅਤ ਉੱਚੀ ਚੁੱਕ ਸਕਦੇ ਸਨ, ਉਹ ਅਪਰਾਧੀ ਸ਼੍ਰੇਣੀਆਂ ਦਾ ਰੁਤਬਾ ਉੱਚਾ ਕਰ ਸਕਦੇ ਸਨ। ਜੇਕਰ ਇਸ ਤਰ੍ਹਾਂ ਕਰਨ ਦੀ ਉਨ੍ਹਾਂ ਦੀ ਖ਼ਾਹਸ਼ ਹੁੰਦੀ ਤਾਂ ਉਹ ਆਪਣੀ ਸਭਿਅਤਾ ਸਾਨੂੰ ਦੇ ਸਕਦੇ ਸਨ ਅਤੇ ਸਾਨੂੰ ਆਪਣੇ ਬਰਾਬਰ ਦੇ ਬਣਾ ਸਕਦੇ ਸਨ। ਪਰ, ਉਨ੍ਹਾਂ ਨੇ ਭੂਤ ਵਿਚ ਇਸ ਤਰ੍ਹਾਂ ਕਦੇ ਨਹੀਂ ਕੀਤਾ ਅਤੇ ਭਵਿੱਖ ਵਿਚ ਇਸ ਸਬੰਧ ਵਿਚ ਕੁਝ ਕਰਨ ਦਾ ਉਨ੍ਹਾਂ ਦਾ ਇਰਾਦਾ ਵੀ ਨਹੀਂ। ਜਿਵੇਂ ਉਨ੍ਹਾਂ ਨੇ ਸਾਨੂੰ ਕਠੋਰਤਾ ਨਾਲ ਵਿਸਾਰਿਆ ਹੈ ਅਤੇ ਜਿਵੇਂ ਉਨ੍ਹਾਂ ਨੇ ਸਾਡੀ ਪ੍ਰਗਤੀ ਬਾਰੇ ਸ਼ਰਗਰਮੀ ਨਾਲ ਵੈਰ ਭਾਵ ਦਿਖਾਇਆ ਹੈ, ਉਸ ਤੋਂ, ਉਨ੍ਹਾਂ ਨੇ ਸਾਨੂੰ ਇਹ ਯਕੀਨ ਕਰਵਾ ਦਿੱਤਾ ਹੈ ਕਿ ਉਹ ਨਿਸ਼ਚਿਤ ਰੂਪ ਵਿਚ ਸਾਡੇ ਦੁਸ਼ਮਣ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਸਾਨੂੰ ਉਥੇ ਹੀ ਰੱਖਣਾ ਚਾਹੁੰਦੇ ਹਨ ਜਿਥੇ ਅਸੀਂ ਹਾਂ। ਮੈਂ ਉਸ ਵਾਦ ਵਿਵਾਦ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਜੋ ਪਿਛਲੇ ਕਈ ਦਿਨਾਂ ਤੋਂ ਹੁੰਦਾ ਆ ਰਿਹਾ ਹੈ। ਪਰ, ਇਸ ਤੱਥ ਵਿਚ ਰੱਤੀ ਭਰ ਵੀ ਸ਼ਕ ਨਹੀਂ ਕਿ ਵਿਰੋਧੀ ਬੈਂਚਾਂ ਨੇ ਜੋ ਸਰਕਾਰ ਨੂੰ ਆਪਣਾ ਦੁਸ਼ਮਣ ਸਮਝਦੇ ਸਨ, ਇਸ ਅਤਿ ਮਹੱਤਵਪੂਰਨ ਪ੍ਰਸ਼ਨ ਬਾਰੇ ਸਾਨੂੰ ਹਰਾਉਣ ਦੇ ਇਕੋ ਇਕ ਉਦੇਸ਼ ਨਾਲ ਸਰਕਾਰ ਦਾ ਸਾਥ ਦਿੱਤਾ। ਇਸ ਤੋਂ ਇਲਾਵਾ ਕਿ ਉਹ ਨਾਮਜ਼ਦਗੀ ਰਾਹੀਂ ਪ੍ਰਤਿਨਿਧਤਾ ਲਈ ਪੱਛੜੇ ਹੋਏ ਫ਼ਿਰਕਿਆਂ ਦੇ ਦਾਅਵੇ ਨੂੰ ਨਿਸਫਲ ਕਰਨਾ ਚਾਹੁੰਦੇ ਸਨ, ਉਨ੍ਹਾਂ ਦੇ ਵਤੀਰੇ ਲਈ ਕੋਈ ਦੂਜਾ ਉਜ਼ਰ ਨਹੀਂ। ਇਸੇ ਕਾਰਨ ਕਰਕੇ ਹੀ ਉਨ੍ਹਾਂ ਨੇ ਉਸ ਸਰਕਾਰ ਦਾ ਸਾਥ ਦਿੱਤਾ ਜਿਸਦੀ ਇਹੇ ਵੇਲੇ ਕੁਵੇਲੇ ਵਿਰੋਧਤਾ ਕਰਦੇ ਰਹੇ ਹਨ। ਸ੍ਰੀਮਾਨ ਜੀ, ਕੀ ਅਸੀਂ ਅਜਿਹੇ ਬੁੱਧੀਜੀਵੀ ਵਰਗ ਤੇ ਭਰੋਸਾ ਕਰ ਸਕਦੇ ਹਾਂ ਜੋ ਆਪਣੇ ਦ੍ਰਿਸ਼ਟੀਕੋਣ ਵਿੱਚ ਇਤਨਾ ਸੀਮਤ ਅਤੇ ਤੰਗ ਦਿਲ ਹੈ ?

ਮੇਰੇ ਮਾਨਯੋਗ ਦੋਸਤ ਸ੍ਰੀ ਮੁਨਸ਼ੀ ਨੇ ਕਿਹਾ ਹੈ ਕਿ ਜੇਕਰ ਇਹ ਕਿਸੇ ਪਦਾਰਥਕ ਲਾਭਾਂ

ਦੀ ਵੰਡ ਦਾ ਪ੍ਰਸ਼ਨ ਹੁੰਦਾਂ ਤਾਂ ਉਹ ਸ਼ਾਇਦ ਸੈਨੇਟ ਵਿਚ ਫ਼ਿਰਕੂ ਪ੍ਰਤਿਨਿਧਤਾ ਨੂੰ ਲਾਗੂ ਕਰਨ ਲਈ ਸਹਿਮਤ ਹੋ ਜਾਂਦੇ। ਪਰ, ਮੈਂ ਉਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਪੱਛੜੀਆਂ ਸ਼੍ਰੇਣੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਆਖ਼ਰ ਸਿਖਿਆ ਹੀ ਸਭ ਤੋਂ ਵੱਡਾ ਪਦਾਰਥਕ ਲਾਭ ਹੈ ਜਿਸ ਲਈ ਉਹ ਲੜ ਸਕਦੇ ਹਨ। ਅਸੀਂ ਪਦਾਰਥਕ ਲਾਭਾਂ ਨੂੰ ਤਿਆਗ ਸਕਦੇ ਹਾਂ, ਅਸੀਂ ਵੱਧ ਤੋਂ ਵੱਧ ਹੱਦ ਤਕ ਉੱਚੀ ਤੋਂ ਉੱਚੀ ਸਿਖਿਆ ਦਾ ਲਾਭ ਪ੍ਰਾਪਤ ਕਰਨ ਲਈ ਆਪਣੇ ਹੱਕ ਅਤੇ ਮੌਕੇ ਦਾ ਤਿਆਗ ਨਹੀਂ ਕਰ ਸਕਦੇ। ਪੱਛੜੀਆਂ ਸ਼੍ਰੇਣੀਆਂ ਦੇ ਦ੍ਰਿਸ਼ਟੀਕੋਣ ਤੋਂ ਇਸ ਪ੍ਰਸ਼ਨ ਦੀ ਇਹੀ ਮਹੱਤਾ ਹੈ, ਇਨ੍ਹਾਂ ਨੂੰ ਹੁਣੇ ਹੀ ਇਹ ਅਹਿਸਾਸ ਹੋਇਆ ਹੈ ਕਿ ਸਿਖਿਆ ਤੋਂ ਬਿਨਾਂ ਉਨ੍ਹਾਂ ਦੀ ਹੋਂਦ ਸੁਰੱਖਿਅਤ ਨਹੀਂ। ਇਸ ਕਾਰਨ ਕਰਕੇ ਹੀ ਸੀਟਾਂ ਦੀ ਗਿਣਤੀ ਵਿਚ ਵਾਧਾ ਕਰਨ ਦੀ ਲੜਾਈ ਲੜੀ ਜਾ ਰਹੀ ਹੈ।

ਇਕ ਨੁਕਤਾ ਹੋਰ ਹੈ ਜਿਸਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਕਈ ਵਾਰ ਇਹ ਕਿਹਾ ਗਿਆ ਹੈ ਕਿ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਵੱਖਰੀ ਪ੍ਰਤਿਨਿਧਤਾ ਦੇ ਦਿੱਤੀ ਗਈ ਹੈ, ਇਸ ਲਈ ਨਾਮਜ਼ਦਗੀ ਵਾਲੀਆਂ ਸੀਟਾਂ ਦੀ ਗਿਣਤੀ ਵਿਚ ਵਾਧਾ ਕਰਨਾ ਜ਼ਰੂਰੀ ਨਹੀਂ ਹੋਵੇਗਾ। ਜੇਕਰ ਪ੍ਰਿੰਸੀਪਲਾਂ ਨੂੰ ਯੂਨੀਵਰਸਿਟੀ ਵਿਚ ਸਿੱਧੀ ਪ੍ਰਤਿਨਿਧਤਾ ਨਾ ਦਿੱਤੀ ਜਾਂਦੀ ਤਾਂ ਸਰਕਾਰ ਨੂੰ ਉਨ੍ਹਾ ਲਈ ਘੱਟ ਤੋਂ ਘੱਟ 10 ਸੀਟਾਂ ਰੱਖਣ ਲਈ ਮਜਬੂਰ ਹੋਣਾ ਪੈਂਦਾ ਸੀ ਅਤੇ ਕਿਉਂ ਜੋ ਹੁਣ ਉਨ੍ਹਾਂ ਲਈ ਵੱਖਰਾ ਉਪਬੰਧ ਕਰ ਲਿਆ ਗਿਆ ਹੈ, ਇਹ ਸਾਰੀਆਂ 40 ਦੀਆਂ 40 ਸੀਟਾਂ ਪੱਛੜੀਆ ਸ਼੍ਰੇਣੀਆਂ ਨੂੰ ਜਾਣਗੀਆਂ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਸੇ ਕਾਰਨ ਪੱਛੜੀਆਂ ਸ਼੍ਰੇਣੀਆਂ ਦੀ ਚੋਖੀ ਮਾਤਰਾ ਵਿਚ ਪ੍ਰਤਿਨਿਧਤਾ ਨੂੰ ਯਕੀਨੀ ਬਣਾਉਣ ਲਈ ਨਾਮਜ਼ਦਗੀ ਵਾਲੀਆਂ ਸੀਟਾਂ ਦੀ ਗਿਣਤੀ ਵਿਚ ਵਾਧਾ ਕਰਨਾ ਚਾਹੀਦਾ ਹੈ। ਸਾਨੂੰ ਇਸ ਗੱਲ ਦੀ ਜ਼ਾਮਨੀ ਕਦੇ ਵੀ ਨਹੀਂ ਦਿੱਤੀ ਜਾ ਸਕਦੀ ਕਿ ਵੱਖ ਵੱਖ ਕਾਲਜਾਂ ਦੇ ਪ੍ਰਿੰਸੀਪਲ, ਜਿਨ੍ਹਾਂ ਨੇ ਮਾਨਯੋਗ ਮੈਂਬਰ ਸ੍ਰੀ ਹੈਮਿਲ ਦੀ ਸੋਧਨਾ ਸਦਕੇ ਸਿੱਧੀ ਪ੍ਰਤਿਨਿਧਤਾ ਹਾਸਲ ਕਰ ਲਈ ਹੈ, ਲਾਜ਼ਮੀ ਤੌਰ ਤੇ ਪੱਛੜੇ ਹੋਏ ਫ਼ਿਰਕਿਆਂ ਦੇ ਦੋਸਤ ਬਣ ਜਾਣਗੇ। ਮੈਨੂੰ ਇਨ੍ਹਾਂ ਪ੍ਰਿੰਸੀਪਲਾਂ ਦਾ ਕਾਫ਼ੀ ਤਜਰਬਾ ਰਿਹਾ ਹੈ ਅਤੇ ਮੈਨੂੰ ਯਕੀਨ ਹੈ ਕਿ ਜੋ ਪ੍ਰਿੰਸਿਪਲ ਸੈਨੇਟ ਲਈ ਚੁਣ ਲਏ ਜਾਣਗੇ ਉਹ ਉੱਚੀਆਂ ਸ੍ਰੇਣੀਆਂ ਵਿਚੋਂ ਹੋਣਗੇ, ਅਤੇ ਉਹ ਕਦੇ ਵੀ ਇਨ੍ਹਾਂ ਪੱਛੜੀਆਂ ਸ਼ੇਣੀਆਂ ਦੇ ਉਧਾਰ ਲਈ ਨਹੀਂ ਆਉਣਗੇ, ਜੋ ਸਿੱਖਿਆ ਲਈ ਦੁਹਾਈ ਦੇ ਰਹੀਆਂ ਹਨ। ਜੇਕਰ ਮਾਨਯੋਗ ਮੰਤਰੀ ਨੇ ਸੈਨੇਟ ਵਿਚ ਉਚੀਆਂ ਸ੍ਰੇਣੀਆਂ ਦੀ ਨਫ਼ਰੀ ਵਿਚ 10 ਸੀਟਾਂ ਦਾ ਵਾਧਾ ਕੀਤਾ ਹੈ ਤਾਂ ਉਨ੍ਹਾਂ ਨੂੰ ਪੱਛੜੇ ਫ਼ਿਰਕਿਆਂ ਦੇ ਉਧਾਰ ਲਈ ਵੀ ਅੱਗੇ ਆਉਣਾ ਚਾਹੀਦਾ ਹੈ ਅਤੇ ਸੰਤੁਲਨ ਬਰਾਬਰ ਕਰਨਾ ਚਾਹੀਦਾ ਹੈ। ਅਜੇਹਾ ਕੇਵਲ, ਬਿਲ ਵਿਚ ਜਿਨ੍ਹਾਂ 10 ਸੀਟਾਂ ਦਾ ਪਹਿਲਾਂ ਹੀ ਉਪਬੰਧ ਕੀਤਾ ਗਿਆ ਹੈ, ਉਨ੍ਹਾਂ ਵਿਚ 10 ਹੋਰ ਸੀਟਾਂ ਦਾ ਵਾਧਾ ਕਰਕੇ ਹੀ ਕੀਤਾ ਜਾ ਸਕਦਾ ਹੈ। ਸ੍ਰੀਮਾਨ ਜੀ, ਅਸੀਂ ਆਪਣੇ ਡਰ ਅਤੇ ਸ਼ੰਕੇ ਬਿਆਨ ਕਰ ਦਿੱਤੇ ਹਨ। ਮੈਂ ਸਮਝਦਾ ਹਾਂ ਕਿ ਅਜਿਹੇ ਮਾਮਲੇ ਵਿਚ ਜਿਥੇ ਪੱਛੜੇ ਹੋਏ ਫ਼ਿਰਕਿਆਂ ਦੀਆਂ ਭਾਵਨਾਵਾਂ ਇੰਨੀਆਂ ਪ੍ਰਬਲ ਹਨ ਅਤੇ ਜਿਥੇ ਉਹ ਸਮਝਦੇ ਹਨ

ਕਿ ਜਦ ਤਕ ਉਨ੍ਹਾਂ ਨੂੰ ਸੈਨੇਟ ਵਿਚ ਪ੍ਰਤਿਨਿਧਤਾ ਨਹੀਂ ਮਿਲਦੀ, ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਨਹੀਂ ਹੋ ਸਕੇਗੀ, ਕੇਵਲ ਇਹੀ ਉਚਿਤ ਹੋਵੇਗਾ ਕਿ ਸਰਕਾਰ ਇਸ ਗੱਲ ਤੇ ਵਿਚਾਰ ਕਰੇ ਕਿ ਕੀ ਇਹ ਉਚਿਤ ਹੈ ਕਿ ਸਰਕਾਰ ਪੱਛੜੀਆਂ ਸ਼੍ਰੇਣੀਆਂ ਦੇ ਰਹਿਮ ਦੇ ਛੱਡਣ ਲਈ ਆਪਣੀ ਸਰਕਾਰੀ ਬਲ ਦੀ ਵਰਤੋਂ ਕਰੇ ? ਮੈਂ ਸਮਝਦਾ ਹਾਂ ਕਿ ਇਹ ਸਿਆਣੀ ਗੱਲ ਹੋਵੇਗੀ ਅਤੇ ਮੈਂ ਮਾਨਯੋਗ ਸਦਨ ਦੇ ਨੇਤਾ ਨੂੰ ਅਪੀਲ ਕਰਦਾ ਹਾਂ ਕਿ ਇਸ ਪ੍ਰਸ਼ਨ ਨੂੰ ਇਸ ਸਦਨ ਦੀ ਸੁਤੰਤਰ ਵੋਟ ਲਈ ਛੱਡ ਦਿੱਤਾ ਜਾਵੇ। ਇਸ ਪ੍ਰਸ਼ਨ ਦਾ ਫ਼ੈਸਲਾ ਸਦਨ ਜਿਵੇਂ ਚਾਹੁੰਦਾ ਹੈ, ਕਰੇ। ਇਨ੍ਹਾਂ ਟਿੱਪਣੀਆਂ ਨਾਲ ਮੈਂ ਇਸ ਸੋਧਨਾ ਦਾ ਸਮਰਥਨ ਕਰਦਾ ਹਾਂ।

5

*ਬੰਬਈ ਪ੍ਰਾਇਮਰੀ ਸਿੱਖਿਆ ਐਕਟ ਸੋਧਨਾ ਬਿਲ ਸਬੰਧੀ :

I

ਡਾ .ਬੀ .ਆਰ .,ਅੰਬੇਡਕਰ : ਮੈਨੂੰ ਇਸ ਧਾਰਾ ਨੂੰ ਸਮਝਣ ਵਿਚ ਬੜੀ ਮੁਸ਼ਕਲ ਪੇਸ਼ ਆ ਰਹੀ ਹੈ। ਜੋ ਕੁਝ ਉਨ੍ਹਾਂ ਨੇ ਕਿਹਾ, ਜੇਕਰ ਮੈਂ ਉਨ੍ਹਾਂ ਨੂੰ ਠੀਕ ਠੀਕ ਸੁਣਿਆ ਹੈ ਕਿ ਸਾਨੂੰ ਬੋਰਡ ਲਈ ਲੋਕਤੰਤਰੀ ਬਣਤਰ ਬਾਰੇ ਨਹੀਂ ਸੋਚਣਾ ਚਾਹੀਦਾ ਜਿਵੇਂ ਕਿ ਧਾਰਾ 2-ਓ ਅਧੀਨ ਚਿਤਵਿਆ ਗਿਆ ਹੈ, ਤਾਂ ਮੈਂ ਇਸ ਨੁਕਤੇ ਤੇ ਉਨ੍ਹਾਂ ਨਾਲ ਸਹਿਮਤ ਹਾਂ।

ਮਨਸ਼ਾ ਇਹ ਹੈ ਕਿ ਬੋਰਡ, ਮਾਹਰ ਵਿਅਕਤੀਆਂ ਦੀ ਸੰਸਥਾ ਹੋਵੇ। ਉਹ ਮੈਂਬਰ ਜਿਨ੍ਹਾਂ ਬਾਰੇ ਕਿਆਸ ਹੈ ਕਿ ਉਹ ਸਕੂਲ ਬੋਰਡਾਂ ਦੁਆਰਾ ਪ੍ਰਾਂਤਕ ਬੋਰਡ ਵਾਸਤੇ ਕਲਪਨਾ ਤੋਂ ਬਿਨਾ ਚੁਣੇ ਜਾਣੇ ਹਨ, ਅਜਿਹੇ ਵਿਅਕਤੀ ਹੋ ਸਕਦੇ ਹਨ ਜੋ ਕੇਵਲ ਆਮ ਜਨਤਾ ਦੇ ਵਿਚਾਰ ਪ੍ਰਗਟ ਕਰਨਗੇ। ਉਹ ਇਸ ਬੋਰਡ ਦੇ ਕੰਮ ਕਾਰ ਲਈ ਮਾਹਰ ਸੂਝ ਨਹੀਂ ਲਿਆ ਸਕਦੇ। ਸਪਸ਼ਟ ਹੈ ਕਿ ਆਪਣੇ ਦੁਆਰਾ ਉਹ ਅਜਿਹਾ ਨਹੀਂ ਕਰ ਸਕਦੇ। ਦੂਜੇ 6 ਮੈਂਬਰ ਸਰਕਾਰ ਨੇ ਨਿਯੁਕਤ ਕਰਨੇ ਹਨ। ਇਸ ਧਾਰਾ ਵਿੱਚ ਇਹ ਸੁਝਾਉਣ ਲਈ ਕੁਝ ਵੀ ਨਹੀਂ ਕਿ ਸਰਕਾਰ ਕੇਵਲ ਅਜਿਹੇ ਵਿਅਕਤੀਆਂ ਦੀ ਨਿਯੁਕਤੀ ਕਰਨ ਲਈ ਵਚਨਬੱਧ ਹੈ ਜੋ ਸਿਖਿਆ ਸਬੰਧੀ ਮਾਮਲਿਆਂ ਦੇ ਮਾਹਰ ਹੋਣਗੇ। ਖੰਡ ਵਿਚ ਕੇਵਲ ਇਹੀ ਕਿਹਾ ਗਿਆ ਹੈ ਕਿ ਤਿੰਨ, ਪ੍ਰਾਂਤਕ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ। ਕੋਈ ਵੀ ਚੀਜ਼ ਇਹ ਨਹੀਂ ਦਰਸਾਉਂਦੀ ਕਿ ਉਹ ਤਿੰਨ ਸਿਖਿਆ ਸਬੰਧੀ ਮਾਮਲਿਆਂ ਦੇ ਮਾਹਰ ਹੋਣਗੇ। ਇਸ ਲਈ, ਪ੍ਰਾਂਤਕ ਬੋਰਡ ਦੀ ਸਮੁੱਚੀ ਬਣਤਰ ਦਾ ਵਿਸ਼ਲੇਸ਼ਣ ਕਰੀਏ ਤਾਂ ਤਿੰਨ ਸਰਕਾਰੀ ਅਫ਼ਸਰਾਂ ਤੋਂ ਇਲਾਵਾ, ਜੋ ਉਥੇ ਹੋਣਗੇ, ਨਿਸ਼ਚੇ ਹੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਬੋਰਡ ਵਿਚ ਮਾਹਰ ਵਿਅਕਤੀ ਬਹੁੱਮਤ ਵਿਚ ਹੋਣਗੇ। ਇਸ ਲਈ ਮੇਰੇ ਮਾਨਯੋਗ ਦੋਸਤ ਨੂੰ ਮਾਨਯੋਗ ਮੈਂਬਰ ਸ੍ਰੀ ਭੋਲੇ ਦੁਆਰਾ ਸੁਝਾਇਆ ਗਿਆ ਸਿਧਾਂਤ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਕਿ ਇਸ ਤੇ ਇਕ ਲੋਕਤੰਤਰ ਸੰਸਥਾ ਵਜੋਂ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਚੌਣਾਤਮਕ ਸਿੱਧਾਂਤ, ਨਾਮਜ਼ਦਗੀ ਵਾਲੇ ਸਿਧਾਂਤ ਤੇ ਭਾਰੂ ਹੋਣਾ ਚਾਹੀਦਾ ਹੈ। ਜੇਕਰ ਮੇਰਾ ਮਾਨਯੋਗ ਦੋਸਤ ਕਹਿੰਦਾ ਹੈ ਕਿ ਇਸ ਤੇ ਇਕ ਲੋਕਤੰਤਰੀ ਸੰਸਥਾ ਵਜੋਂ ਵਿਚਾਰ ਨਹੀਂ ਕੀਤਾ ਜਾਣਾ ਚਾਹੀਦਾ ਸਗੋਂ ਇਕ ਸਲਾਹਕਾਰ ਸੰਸਥਾ ਵਜੋਂ ਵਿਚਾਰ ਕੀਤੀ ਜਾਣਾ ਚਾਹੀਦਾ ਹੈ ਤਾਂ ਉਸਨੂੰ ਇਹ ਕਹਿ ਕੇ ਕਿ ਬੋਰਡ ਵਿਚ ਸਿਖਿਆ ਮਾਹਰਾਂ ਦਾ ਬਹੁੱਮਤ ਹੋਵੇਗਾ, ਇਸਦਾ ਉਪਬੰਧ ਕਰਨਾ ਚਾਹੀਦਾ ਹੈ। ਮੈਂ ਉਨ੍ਹਾਂ ਨੂੰ ਸੁਝਾਉ ਦਿੰਦਾ ਹਾਂ ਕਿ ਕੀ ਉਹ ਅਜਿਹੀ

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨੇ 2176-77, ਮਿਤੀ 21 ਅਪ੍ਰੈਲ, 1938.

ਸੋਧਨਾ ਸਵੀਕਾਰ ਕਰਨਗੇ ?

"ਪ੍ਰਾਂਤਕ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣ ਵਾਲੇ ਤਿੰਨ ਮੈਂਬਰ ਉਨ੍ਹਾਂ ਲੋਕਾਂ ਵਿਚੋਂ ਨਿਯੁਕਤ ਕੀਤੇ ਜਾਣਗੇ ਜੋ ਸਿਖਿਆ ਮਾਹਰਾਂ ਵਜੋਂ ਜਾਣੇ ਜਾਂਦੇ ਹਨ।" ਉਸਨੂੰ ਇਹ ਮਾਮਲੇ ਗੋਲਮੋਲ (ਅਸਪਸ਼ਟ) ਨਹੀਂ ਛੱਡ ਦੇਣਾ ਚਾਹੀਦਾ। ਸਰਕਾਰ ਆਪਣੇ ਕਮਜ਼ੋਰ ਲਮ੍ਹਿਆਂ ਵਿਚ--ਸਰਕਾਰਾਂ ਦਾ ਹਕੂਮਤ ਵਾਲਾ ਸਮਾ ਹੁੰਦਾ ਹੈ ਜਿਵੇਂ ਸਾਡਾ ਕਮਜ਼ੋਰੀ ਦਾ ਸਮਾਂ ਹੁੰਦਾ ਹੈ----ਅਜਿਹੇ ਵਿਅਕਤੀਆਂ ਨੂੰ ਨਿਯੁਕਤ ਕਰ ਸਕਦੀ ਹੈ ਜੋ ਮਾਹਰ ਨਾ ਹੋਣ। ਇਸ ਨਾਲ ਇਸ ਖੰਡ ਦਾ ਆਧਾਰੀ ਮਕਸਦ ਹੀ ਨਿਸਫਲ ਹੋ ਜਾਵਗਾ।

ਮਾਨਯੋਗ ਸ੍ਰੀ ਬੀ.ਜੀ.ਖੇੜ: ਮੈਂ ਮਾਨਯੋਗ ਮੈਂਬਰ ਡਾ.ਭ.ਰ.ਅੰਬੇਡਕਰ ਦਾ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਆਪਣੀ ਪਾਰਟੀ ਦੇ ਹੀ ਮੈਂਬਰ ਦੁਆਰਾ ਪੇਸ਼ ਕੀਤੀ ਗਈ ਇਸ ਸੋਧਨਾ ਦਾ ਅਸ਼ਰਦਾਰ ਢੰਗ ਨਾਲ ਉੱਤਰ ਦਿੱਤਾ ਹੈ। ਮੈਂ ਇਹ ਗੱਲ ਮੰਨਦਾ ਹਾਂ ਕਿ ਮੈਂ ਖ਼ੁਦ ਵੀ ਇਸ ਸੋਧਨਾ ਦੇ ਵਿਰੁਧ ਵਧੇਰੇ ਮੰਨਣਯੋਗ ਦਲੀਲਾਂ ਪੇਸ਼ ਨਹੀਂ ਸੀ ਕਰ ਸਕਦਾ।

II

(ਖੰਡ ਪੜ੍ਹਤ)

ਮਾਨਯੋਗ ਸਪੀਕਰ : ਹੁਣ ਅਸੀਂ ਬਿਲ ਨੂੰ ਪ੍ਰਾਇਮਰੀ ਸਿੱਖਿਆ ਐਕਟ ਸੋਧਨਾ ਬਿਲ ਨੰ: 15 ਲੈਂਦੇ ਹਾਂ। ਮੇਰਾ ਖ਼ਿਆਲ ਹੈ ਕਿ ਪਿਛਲੇ ਮੰਗਲਵਾਰ, ਸਦਨ ਇਸ ਬਿਲ ਤੇ ਵਿਚਾਰ ਕਰ ਰਿਹਾ ਸੀ ਅਤੇ ਜਦੋਂ ਸਦਨ ਸਥੱਗਿਤ ਹੋਇਆ ਤਾਂ ਸੋਧਨਾਵਾਂ ਦੀ ਸੰਚਿਤ ਸੂਚੀ ਵਿਚਲੀ ਸੋਧਨਾ ਨੰ: 91 ਤੇ ਬਹਿਸ ਹੋ ਰਹੀ ਸੀ। ਉਹ ਸੋਧਨਾ ਮਾਨਯੋਗ ਮੈਂਬਰ ਸ੍ਰੀ ਜਮਨਾਦਾਸ ਮਹਿਤਾ ਨੇ ਰੱਖੀ ਸੀ ਅਤੇ ਇਹ ਹੇਠ ਲਿਖੇ ਅਨੁਸਾਰ ਹੈ:

ਖੰਡ 12 ਦੇ ਉਪ-ਖੰਡ (2) ਵਿਚਲੇ ਸ਼ਬਦ " ਅਤੇ ਮੁਲਾਜ਼ਮ ਹੋਵੇਗਾ" ਕੱਢ ਦਿਓ।

ਉਹ ਖੰਡ ਜਿਸ ਵਿੱਚ ਸੋਧਨਾ ਕੀਤੀ ਜਾਣੀ ਹੈ, ਫਿਰ ਇਸ ਤਰ੍ਹਾਂ ਹੋਵੇਗੀ:--

"(2) ਪ੍ਰਬੰਧਕੀ ਅਫ਼ਸਰ ਨੂੰ ਪ੍ਰਾਂਤਿਕ ਸਰਕਾਰ ਨਿਯੁਕਤ ਕਰੇਗੀ। ਉਸਦੀ ਤਨਖ਼ਾਹ, ਸ਼ਕਤੀਆਂ ਅਤੇ ਫ਼ਰਜ਼ ਉਹ ਹੋਣਗੇ ਜੋ ਨਿਰਧਾਰਿਤ ਕੀਤੇ ਜ਼ਾਣ।"

ਡਾ.ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਕੀ ਮੈਂ ਪੁਆਇੰਟ ਆਫ਼ ਆਰਡਰ ਉਠਾ ਸਕਦਾ ਹਾਂ ? ਮੈਨੂੰ ਇਹ ਸੋਧਨਾ ਅਤੇ ਇਸਦੇ ਉਦੇਸ਼ ਦੀ ਸਮਝ ਨਹੀਂ ਆਈ। ਇਸ ਲਈ ਮੈਂ ਇਸ ਨੁਕਤੇ ਤੇ ਕੁਝ ਸੂਚਨਾ ਪ੍ਰਾਪਤ ਕਰਨ ਲਈ ਖੜ੍ਹਾ ਹੋਇਆ ਹਾਂ। ਸੋਧਨਾ ਸ਼ਬਦ" ਅਤੇ ਪ੍ਰਾਂਤਿਕ ਸਰਕਾਰ ਦਾ ਅਨੁਮਾਨ ਹੋਵਗਾ। " ਨੂੰ ਲੋਪ ਕਰਨ ਵਾਸਤੇ ਹੈ।

ਕੀ ਮੈਂ ਠੀਕ ਕਿਹਾ ਹੈ ? ਇਸ ਲਈ, ਸੋਧਨਾ ਦਾ ਮੰਤਵ ਇਹ ਜਾਪਦਾ ਹੈ------

*ਬੰਬਈ ਵਿਧਾਨ ਸਭਾ ਵਾਦ ਵਿਵਾਦ ਜਿਲਦ 3, ਛਪੇ ਹੋਏ ਪੰਨੇ 2672-73 ਮਿਤੀ 30 ਅਪਰੈਲ 1938.

ਮਾਨਯੋਗ ਸਪੀਕਰ : ਲੋਪ ਕੀਤੇ ਜਾਣ ਵਾਲੇ ਸ਼ਬਦ ਹਨ, "ਅਤੇ -------ਦਾ ਮੁਲਾਜ਼ਮ ਹੋਵੇਗਾ।" ਸ਼ਬਦ "ਪ੍ਰਾਂਤਕ ਸਰਕਾਰ ਲੋਪ ਨਹੀ ਕੀਤੇ ਜਾਣ।

ਡਾ.ਬੀ.ਆਰ.ਅੰਬੇਡਕਰ : ਇਸ ਲਈ, ਜੋ ਮੈਂ ਸਮਝਦਾ ਹਾਂ ਉਹ ਇਹ ਹੈ ਕਿ ਉਸਨੂੰ ਪ੍ਰਾਂਤਕ ਸਰਕਾਰ ਨੇ ਨਿਯੁਕਤ ਕਰਨਾ ਹੈ, ਪਰ ਉਹ ਪ੍ਰਾਂਤਕ ਸਰਕਾਰ ਦਾ ਇਹ ਸ਼ਬਦ ਅਰਥਾਤ "ਅਤੇ----ਦਾ ਮੁਲਾਜ਼ਮ ਹੋਵੇਗਾ।" ਲੋਪ ਵੀ ਕਰ ਦਿੱਤੇ ਜਾਣ ਤਾਂ ਵੀ ਇਸ ਤਥ ਦੇ ਕਾਰਨ ਪ੍ਰਾਂਤਕ ਸਰਕਾਰ ਦਾ ਮੁਲਾਜ਼ਮ ਬਣਿਆ ਰਹੇਗਾ, ਕਿਉਂਕਿ ਉਸਨੂੰ ਨਿਯੁਕਤ ਕੀਤੇ ਜਾਣ ਦੀ ਆਗਿਆ ਪ੍ਰਾਂਤਕ ਸਰਕਾਰ ਦੁਆਰਾ ਦਿੱਤੀ ਜਾਂਦੀ ਹੈ। ਇਸ ਲਈ ਕਿਸੇ ਵਾਸਤੇ ਇਸ ਸਬੰਧੀ ਆਪਣਾ ਮਨ ਬਣਾਉਣਾ ਮੁਸ਼ਕਲ ਹੈ ਕਿ ਇਸ ਸੋਧਨਾ ਦੇ ਹੱਕ ਵਿਚ ਵੋਟ ਦਿੱਤੀ ਜਾਵੇ ਜਾਂ ਵਿਰੁੱਧ। ਜੇਕਰ ਸੋਧਨਾ ਪੇਸ਼ ਕਰਨ ਵਾਲਾ ਮਾਨਯੋਗ ਮੈਂਬਰ ਚਾਹੁੰਦਾ ਹੈ ਕਿ ਉਹ ਪ੍ਰਾਂਤਕ ਸਰਕਾਰ ਦੁਆਰਾ ਨਿਯੁਕਤ ਕੀਤਾ ਜਾਂਦਾ ਰਹੇ ਤਾਂ ਇਹ ਤੱਥ ਕਿ ਉਹ ਪ੍ਰਾਂਤਕ ਸਰਕਾਰ ਦਾ ਮੁਲਾਜ਼ਮ ਹੈ, ਇਸ ਦਾ ਕੇਵਲ ਪਰਿਣਾਮ ਹੈ, ਅਤੇ ਉਸਨੂੰ ਪ੍ਰਾਂਤਕ ਸਰਕਾਰ ਦਾ ਮੁਲਾਜ਼ਮ ਸਮਝੇ ਜਾਣ ਲਈ ਇਨ੍ਹਾਂ ਸ਼ਬਦਾਂ ਦਾ ਲੋਪ ਕੀਤਾ ਜਾਣਾ ਉਸਦੇ ਰਸਤੇ ਵਿਚ ਰੁਕਾਵਟ ਨਹੀਂ ਬਣਦਾ। ਮੈਨੂੰ ਇਸ ਨੁਕਤੇ ਤੇ ਕੁਝ ਹੋਰ ਰੋਸ਼ਨੀ ਦੀ ਲੋੜ ਹੈ।

ਮਾਨਯੋਗ ਸਪੀਕਰ : ਮੈਂ ਯਕੀਨੀ ਤੌਰ ਤੇ ਨਹੀਂ ਕਿ ਆਖ ਸਕਦਾ ਕਿ ਜਦੋਂ ਸੋਧਨਾ ਪੇਸ਼ ਕੀਤੀ ਗਈ ਸੀ ਉਸ ਸਮੇਂ ਮਾਨਯੋਗ ਮੈਂਬਰ ਹਾਜ਼ਰ ਸੀ ਜਾਂ ਨਹੀਂ।

ਡਾ.ਬੀ.ਆਰ.ਅੰਬੇਡਕਰ : ਮੈਂ ਹਾਜ਼ਰ ਸਾਂ।

ਮਾਨਯੋਗ ਸਪੀਕਰ : ਮੈਂ ਕਾਨੂੰਨੀ ਪਰਿਣਾਮਾਂ ਬਾਰੇ ਸਹਿਮਤ ਨਹੀਂ ਹੋ ਸਕਦਾ।

ਡਾ.ਬੀ.ਆਰ.ਅੰਬੇਡਕਰ : ਮਾਨਯੋਗ ਗ੍ਰਹਿ ਮੰਤਰੀ ਇਹ ਨੁਕਤਾ ਸਪੱਸ਼ਟ ਕਰ ਦੇਣ।

ਮਾਨਯੋਗ ਸਪੀਕਰ : ਮੇਰਾ ਖ਼ਿਆਲ ਹੈ ਕਿ ਇਰਾਦਾ ਇਹ ਸੀ ਕਿ ਜਿਸ ਢੰਗ ਨਾਲ ਸਕੂਲ ਬੋਰਡਾਂ ਦੇ ਅਫ਼ਸਰ ਚੁਣੇ ਜਾਂਦੇ ਹਨ ਜਾਂ ਨਿਯੁਕਤ ਹੁੰਦੇ ਹਨ, ਜੇ ਉਹ ਢੰਗ ਆਦਰਸ਼ ਨਹੀਂ ਜਾਂ ਉਚਿਤ ਨਹੀਂ ਤਾਂ ਨਿਯੁਕਤੀਆਂ ਕਰਨ ਦਾ ਕੰਮ ਬੰਬਈ ਦੇ ਮਿਊਨਿਸਪਲ ਕਮਿਸ਼ਨਰ ਦੀ ਨਿਯੁਕਤੀ ਕਰਨ ਵਾਂਗ, ਸਰਕਾਰ ਤੇ ਛੱਡ ਦੇਣਾ ਚਾਹੀਦਾ ਹੈ। ਪਰ, ਜਿੰਨੀ ਦੇਰ ਉਹ ਨੌਕਰੀ ਵਿਚ ਰਹਿਣਗੇ, ਕਿਸੇ ਦੂਜੇ ਮੁਲਾਜ਼ਮ ਵਾਂਗ ਸਕੂਲ ਬੋਰਡ ਦੇ ਮੁਲਾਜ਼ਮ ਰਹਿਣਗੇ ਅਤੇ ਇਸ ਲਈ ਉਸਦੇ ਅਧਿਕਾਰ ਖੇਤਰ ਵਿਚ ਹੋਣਗੇ, ਕਿਸੇ ਦੂਜੇ ਮੁਲਾਜ਼ਮ ਵਾਂਗ ਸਕੂਲ ਬੋਰਡ ਦੁਆਰਾ ਮੁਅੱਤਲ ਜਾਂ ਬਰਖ਼ਾਸਤ ਕੀਤੇ ਜਾ ਸਕਣਗੇ ਜਾਂ ਕਿਸੇ ਦੂਜੇ ਢੰਗ ਨਾਲ ਮੁਲਾਜ਼ਮਾਂ ਵਾਂਗ ਨਜਿੱਠਣਯੋਗ ਹੋਣਗੇ। ਮਨੋਰਥ ਇਹ ਜਾਪਦਾ ਹੈ ਅਤੇ ਮੇਰਾ ਵਿਸ਼ਵਾਸ ਹੈ ਕਿ ਇਹ ਸੁਝਾਉ ਵੀ ਦਿੱਤਾ ਗਿਆ ਸੀ ਕਿ ਸਰਕਾਰ ਸਕੂਲ ਬੋਰਡ ਵਾਸਤੇ ਚੋਣ ਕਰਨ ਲਈ ਉਸ ਸੰਸਥਾ ਨੂੰ ਨਾਵਾਂ ਦੀ ਇਕ ਸੂਚੀ ਵੀ ਦੇ ਸਕਦੀ ਹੈ ਅਤੇ ਨਿਯੁਕਤੀ ਇਸ ਤਰ੍ਹਾਂ ਕੀਤੀ ਜਾਣੀ ਹੈ। ਇੰਸ ਵਿਚ ਕੋਈ ਮੱਤਭੇਦ ਜਾਂ ਅਸੰਗਤੀ ਨਹੀਂ ਜਾਪਦੀ।

ਡਾ.ਬੀ.ਆਰ.ਅੰਬੇਡਕਰ : ਜੇਕਰ ਉਦੇਸ਼ ਇਹ ਹੈ ਕਿ ਉਹ ਸਕੂਲ ਬੋਰਡ ਦਾ ਮੁਲਾਜ਼ਮ

ਹੋਵੇਗਾ ਤਾਂ ਇਨ੍ਹਾਂ ਸ਼ਬਦਾਂ ਅਤੇ----ਦਾ ਮੁਲਾਜ਼ਮ ਹੋਵੇਗਾ" ਦੇ ਲੋਪ ਕੀਤੇ ਜਾਣ ਨਾਲ ਉਦੇਸ਼ ਦੀ ਪੂਰਤੀ ਨਹੀਂ ਹੋਈ ਕਿਉਂਕਿ ਕਾਨੂੰਨ ਅਨੁਸਾਰ ਉਹ ਕੇਵਲ ਇਸ ਤੱਥ ਕਰਕੇ ਪ੍ਰਾਂਤਕ ਸਰਕਾਰ ਦਾ ਮੁਲਾਜ਼ਮ ਹੋਵੇਗਾ ਕਿ ਪ੍ਰਾਂਤਕ ਸਰਕਾਰ ਉਸ ਨੂੰ ਨਿਯੁਕਤ ਕਰਦੀ ਏ। ਮੁਲਾਜ਼ਮ ਹੋਣਾ ਇਕ ਗੱਲ ਹੈ ਅਤੇ ਵਸ ਅਧੀਨ ਹੋਣ ਦੂਜੀ ਗੱਲ ਹੈ। ਕੋਈ ਵਿਅਕਤੀ ਕਿਸੇ ਦੂਜੇ ਦਾ ਮੁਲਾਜ਼ਮ ਹੋ ਸਕਦਾ ਹੈ ਪਰ ਉਹ ਕਿਸੇ ਤੀਜੀ ਪਾਰਟੀ ਦੇ ਵਸੀਕਾਰ ਹੇਠ ਹੋ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੋਨਾਂ ਵਿਚ ਬਹੁਤ ਫ਼ਰਕ ਹੈ।

ਮਾਨਯੋਗ ਸਪੀਕਰ : ਨਿਯੁਕਤੀ ਇਕ ਪਾਰਟੀ ਦੁਆਰਾ ਕੀਤੀ ਜਾਂਦੀ ਹੈ, ਤਾਂ ਇਸਦਾ ਲਾਜ਼ਮੀ ਪਰਿਣਾਮ ਨਹੀਂ ਕਿ ਉਹ ਦੂਜੀ ਪਾਰਟੀ ਦਾ ਮੁਲਾਜ਼ਮ ਨਹੀਂ ਹੋ ਸਕਦਾ। ਇਕ ਵਿਅਕਤੀ ਇਕ ਪਾਰਟੀ ਦੁਆਰਾ ਨਿਯੁਕਤ ਕੀਤਾ ਜਾ ਸਕਦਾ ਹੈ ਪਰ ਉਹ ਮੁਲਾਜ਼ਮ ਕਿਸੇ ਦੂਜੀ ਪਾਰਟੀ ਦਾ ਹੋ ਸਕਦਾ ਹੈ। ਮੈਨੂੰ ਆਸ ਹੈ ਕਿ ਮਾਨਯੋਗ ਮੈਂਬਰ ਇਸ ਨੂੰ ਆਪਣੇ ਉੱਤਰ ਵਿਚ ਸਪਸ਼ਟ ਕਰ ਦੇਣਗੇ।

ਸ਼੍ਰੀ ਜਮਨਾਦਾਸ ਐਮ. ਮਹਿਤਾ : ਜਿਥੋਂ ਤਕ ਮੇਰਾ ਸਬੰਧ ਹੈ, ਮੈਂ ਇਸ ਨੂੰ ਪੁਆਇੰਟ ਆਫ਼ ਆਰਡਰ ਵਜੋਂ ਨਹੀਂ ਲੈਂਦਾ।

ਡਾ. ਬੀ. ਆਰ. ਅੰਬੇਡਕਰ : ਜੇਕਰ ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ਤਾਂ ਇਹ ਸੂਚਨਾ ਲਈ ਇਕ ਨੁਕਤਾ ਜ਼ਰੂਰ ਹੈ। ਇਸ ਗੱਲ ਦਾ ਫ਼ੈਸਲਾ ਕਰਨ ਲਈ ਕਿ ਵੋਟ ਇਸ ਪਾਸੇ ਪਾਈਏ ਕਿ ਦੂਜੇ ਪਾਸੇ ਪਾਈਏ, ਮੈਂ ਸਥਿਤੀ ਨੂੰ ਸਮਝਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਜਿਥੋਂ ਤਕ ਸੂਚਨਾ ਦਾ ਸਬੰਧ ਹੈ ਮੈਂ ਪ੍ਰਸਤਾਵ ਰੱਖਣ ਵਾਲੇ ਮਾਨਯੋਗ ਮੈਂਬਰ ਤੇ ਹੀ ਇਹ ਗੱਲ ਛੱਡਦਾ ਹਾਂ ਕਿ ਉਹ ਇਸਦਾ ਉੱਤਰ ਦੇਣ।

* ਬੰਬਈ ਪ੍ਰਾਇਮਰੀ ਸਿੱਖਿਆ ਐਕਟ ਸੋਧਨਾ ਬਿਲ

III

ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਇਸ ਸੋਧਨਾ ਤੇ ਬੋਲਣ ਲਈ ਆਪਣਾ ਮੌਕਾ ਗੁਆ ਦਿੱਤਾ ਹੈ, ਪਰ ਜੇਕਰ ਤੁਸੀਂ ਮੈਨੂੰ ਆਗਿਆ ਦਿਉ ਤਾਂ ਮੈਂ ਇਕ ਪ੍ਰਸ਼ਨ ਕੇਵਲ ਜਾਣਕਾਰੀ ਵਾਸਤੇ ਮੁੱਖ ਮੰਤਰੀ ਪਾਸੋਂ ਪੁੱਛਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਜ਼ਿਆਦਾ ਲੰਬਾ ਪ੍ਰਸ਼ਨ ਨਾ ਪੁਛਿਓ।

ਡਾ. ਬੀ. ਆਰ. ਅੰਬੇਡਕਰ : ਉਹ ਇਸ ਤੇ ਬੋਲਣਾ ਚਾਹੁੰਦੇ ਸਨ ਪਰ ਮੇਰਾ ਖ਼ਿਆਲ ਹੈ ਉਹ ਭੁੱਲ ਗਏ ਹਨ। ਮੈਂ ਮੁੱਖ ਮੰਤਰੀ ਤੋਂ ਪੁਛੱਣਾ ਚਾਹੁੰਦਾ ਹਾਂ ਕਿ ਸਕੂਲ ਬੋਰਡ ਦਾ ਪ੍ਰਸ਼ਾਸਕੀ ਅਫ਼ਸਰ, ਸਕੂਲ ਬੋਰਡ ਦੇ ਅਨੁਸ਼ਾਸਨੀ ਕੰਟਰੋਲ ਅਧੀਨ ਹੋਵੇਗਾ ਜਾਂ ਨਹੀ। ਖੰਡ ਤੋਂ ਮੈਂ ਚੰਗੀ ਤਰ੍ਹਾਂ ਸਮਝ ਸਕਦਾ ਹਾਂ ਕਿ ਉਹ ਪ੍ਰਾਂਤਕ ਸਰਕਾਰ ਦਾ ਮੁਲਾਜ਼ਮ ਹੈ। ਪਰ, ਸਕੂਲ ਬੋਰਡ

ਵਿਚ ਹੁੰਦਿਆਂ ਹੋਇਆਂ ਕੀ ਉਹ ਸਕੂਲ ਬੋਰਡ ਦੇ ਅਨੁਸ਼ਾਸਨੀ ਕੰਟਰੋਲ ਅਧੀਨ ਹੋਵੇਗਾ ਜਾਂ ਨਹੀਂ ਹੋਵੇਗਾ ?

ਮਾਨਯੋਗ ਸ੍ਰੀ ਬੀ.ਜੀ. ਖੇੜ : ਤੁਸੀਂ ਕਿਵੇਂ ਸਮਝਦੇ ਹੋ ? ਇਹ ਆਖ ਕੇ ਕਿ ਉਸਦੀ ਤਨਖ਼ਾਹ, ਸ਼ਕਤੀਆਂ ਅਤੇ ਫ਼ਰਜ਼ ਨਿਯਮਾਂ ਦੁਆਰਾ ਨਿਰਧਾਰਿਤ ਕੀਤੇ ਜਾਣਗੇ, ਅਸੀਂ ਇਸ ਵਾਸਤੇ ਉਪਬੰਧ ਕਰ ਦਿੱਤਾ ਹੈ। ਸਕੂਲ ਬੋਰਡ ਦੀਆਂ ਸ਼ਕਤੀਆਂ ਪਹਿਲਾਂ ਹੀ ਨਿਸ਼ਚਿਤ ਹਨ। ਜਦੋਂ ਮੈਂ ਇਨ੍ਹਾਂ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਸਕੂਲ ਬੋਰਡਾਂ ਦੀਆਂ ਸ਼ਕਤੀਆਂ ਅਤੇ ਕਰੱਤਵ ਸਦਨ ਦੇ ਸਾਹਮਣੇ ਰੱਖੇ ਤਾਂ ਮਾਨਯੋਗ ਮੈਂਬਰ ਹਾਜ਼ਰ ਨਹੀਂ ਸੀ। ਹੁਣ ਇਹ ਨਿਯਮਾਂ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ ਕਿ ਪ੍ਰਸ਼ਾਸਕੀ ਅਫ਼ਸਰਾਂ ਦੀਆਂ ਸ਼ਕਤੀਆਂ ਅਤੇ ਕਰਤੱਵ ਠੀਕ ਠੀਕ ਕੀ ਹੋਣਗੇ। ਇਸ ਲਈ, ਮੈਂ ਨਹੀਂ ਸਮਝਦਾ ਕਿ ਮਹਤਵਪੂਰਨ ਮਾਮਲਿਆਂ ਵਿਚ ਸਕੂਲ ਬੋਰਡ ਦੀਆਂ ਖ਼ਾਹਸ਼ਾਂ ਨੂੰ ਪ੍ਰਸ਼ਾਸਕੀ ਅਫ਼ਸਰ ਦੁਆਰਾ ਰੱਦ ਕੀਤੇ ਜਾਣ ਦਾ ਪ੍ਰਸ਼ਨ ਇਕ ਅਜਿਹਾ ਅਟੱਲ ਖ਼ਤਰਾ ਹੈ।

ਮਾਨਯੋਗ ਸਪੀਕਰ: ਇਹ ਖ਼ਤਰੇ ਦਾ ਸਵਾਲ ਨਹੀਂ। ਪੁੱਛਿਆ ਇਹ ਗਿਆ ਹੈ ਕਿ ਕੀ ਉਸ ਉੱਤੇ ਸਕੂਲ ਬੋਰਡ ਦਾ ਅਨੁਸ਼ਾਸਨੀ ਕੰਟਰੋਲ ਹੋਵੇਗਾ ?

ਮਾਨਯੋਗ ਸ੍ਰੀ ਜੀ.ਬੀ.ਖੇੜ :ਉਹ ਉਸ ਨੂੰ ਹਟਾ ਨਹੀਂ ਸਕਣਗੇ।

ਡਾ.ਬੀ.ਆਰ.ਅੰਬੇਡਕਰ: ਮੈਂ ਇਕ ਮਿਸਾਲ ਦਿੰਦਾ ਹਾਂ। ਇਕ ਅਫ਼ਸਰ ਹੈ ਜੋ ਸਕੱਤਰੇਤ ਵਿਚ ਕੰਮ ਕਰਦਾ ਹੈ। ਮੰਤਰੀ ਇਕ ਹੁਕਮ ਜਾਰੀ ਕਰਦਾ ਹੈ , ਅਤੇ ਅਫ਼ਸਰ ਮੰਤਰੀ ਦਾ ਹੁਕਮ ਨਹੀਂ ਮੰਨਦਾ। ਮੰਤਰੀ ਨੂੰ ਹੱਕ ਹਾਸਲ ਹੈ ਕਿ ਉਸ ਨੂੰ ਸਿਵਲ ਸੇਵਾ ਵਿਨਿਯਮਾਂ ਵਿਚ ਦਿੱਤੇ ਗਏ ਚਾਰ ਜਾਂ ਪੰਜ ਵਖ ਵਖ ਤਰੀਕਿਆਂ ਨਾਲ ਸਜ਼ਾ ਦੇਵੇ। ਬੇਸ਼ੱਕ ਅਫ਼ਸਰ ਨੂੰ ਕੁਝ ਹਾਲਾਤ ਵਿਚ ਅਪੀਲ ਕਰਨ ਦਾ ਹੱਕ ਹੈ । ਜੋ ਮੈਂ ਜਾਣਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਕੀ ਅਨੁਸ਼ਾਸਨੀ ਕੰਟਰੋਲ ਦੇ ਮਾਮਲੇ ਵਿਚ ਪ੍ਰਸ਼ਾਸਕੀ ਅਫ਼ਸਰ ਅਤੇ ਸਕੂਲ ਬੋਰਡ ਦੇ ਸਬੰਧ ਠੀਕ ਉਸੇ ਤਰ੍ਹਾਂ ਦੇ ਹੋਣਗੇ ਜਿਵੇਂ ਇਕ ਮੰਤਰੀ ਅਤੇ ਕਿਸੇ ਦੂਜੇ ਵੱਡੇ ਪ੍ਰਸ਼ਾਸਕੀ ਅਫ਼ਸਰ ਦੇ ਹੁੰਦੇ ਹਨ ।

ਮਾਨਯੋਗ ਸ੍ਰੀ ਬੀ.ਜੀ.ਖੇੜ: ਨਹੀਂ, ਮੈਨੂੰ ਡਰ ਹੈ ਕਿ ਅਜਿਹਾ ਨਹੀਂ।

*ਬਹਿਸ ਜਾਰੀ

ਡਾ.ਬੀ.ਆਰ.ਅੰਬੇਡਕਰ (ਬੰਬਈ ਸ਼ਹਿਰ) : ਸ੍ਰੀਮਾਨ ਜੀ, ਮੈਨੂੰ ਮਾਨਯੋਗ ਮੈਂਬਰ ਸ੍ਰੀ ਮੇਰੇ ਦੀ ਸੋਧਨਾ ਦੀ ਸੋਧਨਾ ਦਾ ਪ੍ਰਸਤਾਵ ਰੱਖਣਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਕੀ ਇਹ ਵੱਖਰੀ ਸੋਧਨਾ ਹੈ ?

---

* ਬੰਬਈ ਵਿਧਾਨ ਸਭਾ, ਵਾਦਵਿਵਾਦ, ਜਿਲਦ 3 ਪੰਨੇ 2679-82, ਮਿਤੀ 30 ਅਪ੍ਰੈਲ 1938

ਡਾ.ਬੀ.ਆਰ.ਅੰਬੇਡਕਰ : ਜੀ ਹਾਂ , ਇਹ ਵੱਖਰੀ ਹੈ, ਮੇਰੀ ਸੋਧਨਾ ਇਸ ਤਰ੍ਹਾਂ ਹੈ:

"ਸ਼ਬਦ" ਅਜਿਹੇ ਪ੍ਰਸ਼ਾਸਕੀ ਅਫ਼ਸਰ ਵਜੋਂ ਆਪਣੇ ਅਹੁੱਦੇ ਤੋਂ ਹਟਾਏ ਜਾਣ ਯੋਗ ਦੀ ਥਾਂ ਤੇ ਨਿਮਨਲਿਖਤ ਰੱਖਿਆ ਜਾਵੇ:--

ਸਕੂਲ ਬੋਰਡ ਦੇ ਅਨੁਸ਼ਾਸਨੀ ਕੰਟਰੋਲ ਹੇਠ ਅਤੇ ਅਨੁਸ਼ਾਸਨ ਭੰਗ ਕਰਨ ਕਰਕੇ ਸਕੂਲ ਬੋਰਡ ਦੁਆਰਾ ਬਾਕਾਇਦਾ ਤੌਰ ਤੇ ਮਤਾ ਪਾਸ ਕੀਤੇ ਜਾਣ ਤੇ ਅਜਿਹੀ ਸਜ਼ਾ ਦਾ ਭਾਗੀ ਹੋਵੇਗਾ ਜਿਵੇਂ ਨਿਯਮਾਂ ਦੁਆਰਾ ਉਪਬੰਧ ਕੀਤਾ ਜਾਵੇ, ਸ਼ਰਤ ਇਹ ਹੈ ਕਿ ਪ੍ਰਸ਼ਾਸਕੀ ਅਫ਼ਸਰ ਨੂੰ ਅਪੀਲ ਦਾ ਅਧਿਕਾਰ ਹੋਵੇਗਾ।

ਇਸ ਤਰ੍ਹਾਂ ਮੇਰੀ ਸੋਧਨਾ ਨਾਲ ਇਹ ਸਾਰੀ ਸੋਧਨਾ ਇਸ ਤਰ੍ਹਾਂ ਪੜ੍ਹੀ ਜਾਵੇਗੀ--

' ਪ੍ਰਸ਼ਾਸਕੀ ਅਫ਼ਸਰ ਸਕੂਲ ਬੋਰਡ ਦੇ ਅਨੁਸ਼ਾਸਨੀ ਕੰਟਰੋਲ ਅਧੀਨ ਹੋਵੇਗਾ ਅਤੇ ਅਨੁਸ਼ਾਸਨ ਭੰਗ ਕਰਨ ਬਦਲੇ ਸਕੂਲ ਬੋਰਡ ਦੁਆਰਾ ਬਾਕਾਇਦਾ ਤੌਰ ਤੇ ਮਤਾ ਪਾਸ ਕੀਤੇ ਜਾਣ ਤੇ ਅਜਿਹੀ ਸਜ਼ਾ ਦਾ ਭਾਗੀ ਹੋਵੇਗਾ ਸ਼ਰਤ ਇਹ ਹੈ ਕਿ ਪ੍ਰਸ਼ਾਸਕੀ ਅਫ਼ਸਰ ਨੂੰ ਅਪੀਲ ਦਾ ਅਧਿਕਾਰ ਹੋਵੇਗਾ ਜਿਵੇਂ ਨਿਯਮਾਂ ਦੁਆਰਾ ਉਪਬੰਧ ਕੀਤਾ ਜਾਵੇ। "

ਮਾਨਯੋਗ ਸਪੀਕਰ: ਸਾਨੂੰ ਸ਼ਬਦਾ" ਸਕੂਲ ਬੋਰਡ ਦੁਆਰਾ" "ਪਾਸ ਕੀਤੇ ਜਾਣਗੇ" ਤੋਂ ਬਾਅਦ ਸ਼ਬਦ ਜੋੜ ਦੇਣੇ ਚਾਹੀਦੇ ਹਨ ਅਤੇ ਸ਼ਬਦ "ਉਪਬੰਧ" ਦੀ ਥਾਂ ਸ਼ਬਦ "ਨਿਰਧਾਰਿਤ" ਰੱਖ ਦੇਣਾ ਚਾਹੀਦਾ ਹੈ। ਫਿਰ ਇਹ ਸੋਧਨਾ ਇਸ ਤਰ੍ਹਾਂ ਪੜ੍ਹੀ ਜਾਵੇਗੀ--
---

"ਆਪਣੇ ਅਹੁਦੇ ਤੋਂ ਹਟਾਏ ਜਾਣਯੋਗ " ਤੋਂ ਸ਼ੁਰੂ ਹੋਣ ਵਾਲੇ ਅਤੇ " ਪ੍ਰਸ਼ਾਸਕੀ ਅਫ਼ਸਰ ਨੂੰ ਤੁਰਤ ਹਟਾ ਲਵੇਗਾ " ਨਾਲ ਖ਼ਤਮ ਹੋਣ ਵਾਲੇ ਸ਼ਬਦਾਂ ਨੂੰ ਲੋਪ ਕਰ ਦਿੱਤਾ ਜਾਵੇ ਅਤੇ ਇਸ ਦੀ ਥਾਂ ਹੇਠ ਲਿਖਿਤ ਰੱਖ ਦਿੱਤਾ ਜਾਵੇ :--

ਸਕੂਲ ਬੋਰਡ ਦੇ ਅਨੁਸ਼ਾਸਨੀ ਕੰਟਰੋਲ ਅਧੀਨ ਅਤੇ ਅਨੁਸ਼ਾਸਨ ਭੰਗ ਕਰਨ ਬਦਲੇ ਸਕੂਲ ਬੋਰਡ ਦੁਆਰਾ ਬਾਕਾਇਦਾ ਤੌਰ ਤੇ ਮਤਾ ਪਾਸ ਕੀਤੇ ਜਾਣ ਤੇ ਅਜਿਹੀ ਸਜ਼ਾ ਦਾ ਭਾਗੀ ਹੋਵੇਗਾ, ਸ਼ਰਤ ਇਹ ਹੈ ਕਿ ਪ੍ਰਸ਼ਾਸਕੀ ਅਫ਼ਸਰ ਨੂੰ ਅਪੀਲ ਦਾ ਅਧਿਕਾਰ ਹੋਵੇਗਾ ਜਿਵੇਂ ਕਿ ਨਿਯਮਾਂ ਦੁਆਰਾ ਨਿਰਧਾਰਿਤ ਕੀਤਾ ਜਾਵੇ।"

ਡਾ.ਬੀ.ਆਰ.ਅੰਬੇਡਕਰ: (ਬੰਬਈ ਸ਼ਹਿਰ) ਸ੍ਰੀਮਾਨ ਜੀ, ਜਿਹੜੀ ਸੋਧਨਾ ਦਾ ਮੈਂ ਬਿੱਲਕੁਲ ਵੱਖਰੀ ਹੈ ਜਿਸ ਦਾ ਪ੍ਰਸਤਾਵ ਮੇਰੇ ਮਾਨਯੋਗ ਦੋਸਤ ਸ੍ਰੀ ਮੋਰੇ ਮਾਨਯੋਗ ਦੋਸਤ ਸ੍ਰੀ ਮੋਰੇ ਨੇ ਰੱਖਿਆ ਹੈ। ਸ੍ਰੀ ਮੋਰੇ ਦੀ ਸੋਧਨਾ ਵਿਚ ਇਹ ਉਬੰਧ ਹੈ ਕਿ ਕੁਝ ਖ਼ਾਸ ਹਾਲਾਤ ਵਿਚ ਸਕੂਲ ਬੋਰਡ ਕੋਲ ਪ੍ਰਸ਼ਾਸਕੀ ਅਫ਼ਸਰ ਨੂੰ ਅਹੁਦੇ ਤੋਂ ਹਟਾਏ ਜਾਣ ਦਾ ਅਧਿਕਾਰ ਹੋਵੇਗਾ ਜਿਸ ਨੂੰ ਸਰਕਾਰ ਦੁਆਰਾ ਨਿਯੁਕਤ ਕੀਤਾ ਗਿਆ ਹੈ। ਮੇਰੀ ਸੋਧਨਾ, ਸ੍ਰੀ ਮੋਰੇ ਦੀ ਸੋਧਨਾ ਨਾਲੋਂ ਮੂਲ ਰੂਪ ਵਿਚ ਵਖਰੀ ਹੈ। ਮੇਰੀ ਸੋਧਨਾ, ਪ੍ਰਸ਼ਾਸਕੀ ਅਫ਼ਸਰ ਨੂੰ ਹਟਾਉਣ ਜਾਂ ਬਰਖ਼ਾਸਤ ਕਰਨ ਦਾ ਅਧਿਕਾਰ ਸਕੂਲ ਬੋਰਡ ਨੂੰ ਨਹੀਂ ਦਿੰਦੀ, ਸੋਧਨਾ ਜੋ ਕੁਝ ਕਰਨਾ

ਲੋਚਦੀ ਹੈ, ਉਹ ਇਹ ਹੈ ਕਿ ਉਸ ਸਮੇਂ ਦੇ ਦੌਰਾਨ ਜਦੋਂ ਇਕ ਪ੍ਰਸ਼ਾਸਕੀ ਅਫ਼ਸਰ ਕਿਸੇ ਖ਼ਾਸ ਸਕੂਲ ਬੋਰਡ ਅਧੀਨ ਪ੍ਰਸ਼ਾਸਕੀ ਅਫ਼ਸਰ ਵਜੋਂ ਸੇਵਾ ਕਰ ਰਿਹਾ ਹੋਵੇ, ਉਸ ਸਕੂਲ ਬੋਰਡ ਦਾ ਉਸ ਉਤੇ ਅਨੁਸ਼ਾਸਨੀ ਵਸੀਕਾਰ ਹੋਵੇਗਾ। ਸ੍ਰੀਮਾਨ ਜੀ, ਇਹ ਜ਼ਰੂਰ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ ਕਿ ਬਿਲ ਦਾ ਖੰਡ 12 ਸਿਧਾਂਤਕ ਰੂਪ ਵਿਚ ਇਕ ਬੇਤੁੱਕਾ ਖੰਡ ਹੈ। ਇਹ ਇਕ ਮੰਨਿਆ ਪ੍ਰਮੰਨਿਆ ਸਿਧਾਂਤ ਹੈ ਕਿ ਇਕ ਅਫ਼ਸਰ ਨੂੰ ਉਸ ਅਧਿਕਾਰੀ ਦੇ ਅਧੀਨ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਦਾ ਉਹ ਮੁਲਾਜ਼ਮ ਹੈ। ਹੁਣ ਇਸ ਖੰਡ 12 ਦੁਆਰਾ ਅਸੀਂ ਇਹ ਉਪਬੰਧ ਕੀਤਾ ਹੈ ਕਿ ਪ੍ਰਸ਼ਾਸਨ ਅਫ਼ਸਰ ਸੂਬਾਈ ਸਰਕਾਰ ਦਾ ਮੁਲਾਜ਼ਮ ਵੀ ਹੋਵੇਗਾ। ਇਸ ਤਰੁੱਟੀ ਦੇ ਬੁਰੇ ਅਸਰਾਂ ਬਾਰੇ ਸਦਨ ਦੇ ਵੱਖ ਵੱਖ ਮੈਂਬਰਾਂ ਵਲੋਂ, ਜੋ ਮੇਰੇ ਮਾਨਯੋਗ ਦੋਸਤ ਸ੍ਰੀ ਜਮਨਾਦਾਸ ਮਹਿਤਾ ਵਲੋਂ ਪੇਸ਼ ਕੀਤੀ ਗਈ ਸੋਧਨਾ ਤੇ ਬੋਲ ਚੁੱਕੇ ਹਨ, ਦੱਸਿਆ ਗਿਆ ਹੈ। ਇਸ ਲਈ, ਜੋ ਕੁਝ ਕਿਹਾ ਜਾ ਚੁੱਕਾ ਹੈ ਮੈਂ ਉਸ ਨੂੰ ਦੁਹਰਾ ਕੇ ਸਦਨ ਦਾ ਸਮਾਂ ਨਹੀਂ ਲੈਣਾ ਚਾਹੁੰਦਾ। ਖੰਡ 12 ਬਣਾਉਣ ਦਾ ਸਿੱਟਾ ਕੀ ਹੋਵੇਗਾ? ਜੋ ਕਾਰਜ ਵਿਧੀ ਮਾਨਯੋਗ ਮੁੱਖ ਮੰਤਰੀ ਨੇ ਅਪਣਾਈ ਹੈ, ਅਰਥਾਤ, ਪ੍ਰਸ਼ਾਸਨ ਅਫ਼ਸਰ ਸੂਬਾਈ ਸਰਕਾਰ ਦੁਆਰਾ ਨਿਯੁੱਕਤ ਕੀਤੇ ਜਾਣੇ ਚਾਹੀਦੇ ਹਨ ਅਤੇ ਉਹ ਸੂਬਾਈ ਸਰਕਾਰ ਦੇ ਮੁਲਾਜ਼ਮ ਹੋਣੇ ਚਾਹੀਦੇ ਹਨ, ਉਸ ਬਾਰੇ ਦੋ ਕਾਰਨਾਂ ਕਰਕੇ ਮੇਰੀ ਉਨ੍ਹਾਂ ਨਾਲ ਪੂਰੀ ਹਮਦਰਦੀ ਹੈ। ਇਕ ਕਾਰਨ ਜਿਸ ਕਰਕੇ ਮੈਂ ਉਨ੍ਹਾਂ ਦੇ ਉਸ ਵਿਚਾਰ ਨਾਲ ਜੋ ਉਨ੍ਹਾਂ ਨੇ ਇਥੇ ਲਿਆ ਹੈ, ਸਹਿਮਤ ਹਾਂ, ਉਹ ਇਹ ਹੈ: ਜੇਕਰ ਸਥਾਨਕ ਬੋਰਡ ਜਾਂ ਸਕੂਲ ਬੋਰਡ ਪ੍ਰਸ਼ਾਸਨ ਅਫ਼ਸਰਾਂ ਨੂੰ ਨਿਯੁਕਤ ਕਰਨਾ ਜਾਰੀ ਰੱਖਣਗੇ, ਤਾਂ ਇੱਕ ਨਤੀਜਾ ਇਹ ਹੋਵੇਗਾ ਕਿ ਪ੍ਰਸ਼ਾਸਨ ਅਫ਼ਸਰਾਂ ਨੂੰ ਆਪਣਾ ਸਾਰਾ ਜੀਵਨ ਇਕ ਥਾਂ ਤੇ ਹੀ ਗੁਜ਼ਾਰਨਾ ਪਵੇਗਾ ਜੋ ਕਿ ਅਸੂਲੀ ਤੌਰ ਤੇ ਮਾੜੀ ਗੱਲ ਹੈ, ਕਿਉਂਕਿ ਜਦੋਂ ਇਕ ਅਫ਼ਸਰ ਸਾਰੀ ਉਮਰ ਇਕ ਖ਼ਾਸ ਥਾਂ ਤੇ ਹੀ ਨੌਕਰੀ ਤੇ ਰਹਿੰਦਾ ਹੈ ਤਾਂ ਉਹ ਨਿਰਸੰਦੇਹ ਆਪਣੀ ਇਕ ਪਾਰਟੀ ਬਣਾ ਲੈਂਦਾ ਹੈ, ਦੋਸਤ ਬਣਾ ਲੈਂਦਾ ਹੈ, ਇਸ ਲਈ ਆਪਣੀ ਪ੍ਰਸ਼ਾਸਕੀ ਸ਼ਕਤੀ ਨੂੰ ਪੱਖਪਾਤੀ ਢੰਗ ਨਾਲ ਵਰਤਣ ਲਈ ਮੌਕੇ ਪੈਦਾ ਕਰ ਲੈਂਦਾ ਹੈ। ਇਸ ਲਈ ਇਹ ਬਹੁਤ ਇੱਛਤ ਹੈ ਕਿ ਇਨ੍ਹਾਂ ਪ੍ਰਸ਼ਾਸਨ ਅਫ਼ਸਰਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਭੇਜਿਆ ਜਾਏ ਜਿਵੇਂ ਕੁਲੈਕਟਰ ਜਾਂ ਜ਼ਿਲ੍ਹਾ ਜੱਜ ਵਰਗੇ ਮਹੱਤਵਪੂਰਨ ਅਫ਼ਸਰਾਂ ਨੂੰ ਇਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਵਿਚ ਭੇਜਣ ਦੀ ਪ੍ਰਥਾ ਹੈ। ਦੂਜਾ ਕਾਰਨ ਜਿਸ ਕਰਕੇ ਮੈਂ ਮਾਨਯੋਗ ਮੁੱਖ ਮੰਤਰੀ ਦੁਆਰਾ ਅਪਣਾਈ ਗਈ ਕਾਰਜਵਿਧੀ ਨਾਲ ਹਮਦਰਦੀ ਰੱਖਦਾ ਹਾਂ, ਇਹ ਹੈ ਕਿ ਜਦ ਤੱਕ ਸਰਕਾਰ ਪ੍ਰਸ਼ਾਸਨ ਅਫ਼ਸਰਾਂ ਨੂੰ ਨਿਯੁਕਤ ਨਹੀਂ ਕਰਦੀ ਉਦੋਂ ਤੱਕ ਨਿਯਮਿਤ ਸੇਵਾ, ਤਰੱਕੀ ਦੀਆਂ ਸੰਭਾਵਨਾਵਾਂ ਆਦਿ ਵਾਲੇ ਕਾਡਰ ਦਾ ਉਪਬੰਧ ਕਰਨਾ ਸੰਭਵ ਨਹੀਂ। ਮੈਨੂੰ ਇਸ ਵਿਚਾਰ ਨਾਲ ਪੂਰੀ ਹਮਦਰਦੀ ਹੈ। ਪਰ ਸ੍ਰੀਮਾਨ ਜੀ, ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਅਫ਼ਸਰਾਂ ਨੂੰ ਘੱਟ ਤੋਂ ਘੱਟ ਅਨੁਸ਼ਾਸਨੀ ਕੰਟਰੋਲ ਦੇ ਮੰਤਵ ਲਈ ਸਕੂਲ ਬੋਰਡਾਂ ਦੇ ਅਧੀਨ ਕਰਨਾ ਸਰਕਾਰ ਲਈ ਮੁਸ਼ਕਲ ਕਿਉਂ ਹੋਣਾ ਚਾਹੀਦਾ ਹੈ? ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਜਦ ਤਕ ਉਸ ਸੋਧਨਾ ਨੂੰ ਲਾਗੂ ਨਹੀਂ ਕੀਤਾ ਜਾਂਦਾ ਜਿਸਦਾ

ਮੈਂ ਸੁਝਾਉ ਦੇ ਰਿਹਾ ਹਾਂ, ਉਦੋਂ ਤੱਕ "ਸਥਾਨਕ ਬੋਰਡ ਮਸ਼ੀਨਰੀ ਦੁਆਰਾ ਨਿਰਵਿਘਨ ਰੂਪ ਵਿਚ ਕੰਮ ਕਾਰ ਕੀਤਾ ਜਾਣਾ", ਜਿਵੇਂ ਇਸ ਬਿਲ ਵਿਚ ਆਸ ਕੀਤੀ ਗਈ ਹੈ, ਸੁਰੱਖਿਅਤ ਕਿਵੇਂ ਕੀਤਾ ਜਾ ਸਕਦਾ ਹੈ ? ਜੇਕਰ ਮੇਰੇ ਦੁਆਰਾ ਪ੍ਰਸਤਾਵਿਤ ਕੀਤੀ ਜਾਂ ਰਹੀ ਤਰਮੀਮ ਨੂੰ ਅਮਲ ਵਿਚ ਨਹੀਂ ਲਿਆਇਆ ਜਾਂਦਾ, ਤਾਂ ਜੋ ਕੁਝ ਮੈਂ ਆਖਣਾ ਹੈ ਉਹ ਮੈਂ ਭਾਰਤ ਸਰਕਾਰ ਐਕਟ ਅਧੀਨ ਜੋ ਕੁਝ ਵਾਪਰਿਆ ਹੈ, ਉਸਦਾ ਹਵਾਲਾ ਦੇ ਕੇ ਸਪੱਸ਼ਟ ਕਰਨਾ ਚਾਹੁੰਦਾ ਹਾਂ। ਸਪੱਸ਼ਟ ਕਰਨ ਲਈ ਮੈਂ ਭਾਰਤੀ ਸਿਵਲ ਸੇਵਾ ਦੇ ਮੈਂਬਰਾਂ ਦੀ ਸਥਿਤੀ ਲੈਂਦਾ ਹਾਂ। ਭਾਰਤੀ ਸਿਵਲ ਸੇਵਾ ਦੇ ਮੈਂਬਰ ਰਾਜ ਸਕੱਤਰ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਜਿਸ ਸਮੇਂ ਮਾਨਟੇਗੂ ਚੈਮਸਫ਼ੋਰਡ ਰਿਪੋਰਟ ਬਣਾਈ ਗਈ ਸੀ, ਮੇਰਾ ਖ਼ਿਆਲ ਹੈ ਕਿ ਜਿਨ੍ਹਾਂ ਨੇ ਇਸ ਨੂੰ ਪੜ੍ਹਿਆ ਹੈ ਉਹ ਮਹਿਸੂਸ ਕਰਨਗੇ ਕਿ ਮੰਤਰੀਆਂ ਨੂੰ ਪ੍ਰਭਾਵਕਾਰੀ ਕੰਟਰੋਲ ਦੀ ਹੱਥ-ਬਦਲੀ ਕਰਨ ਵਿਚ ਉਸ ਸਮੇਂ ਜੋ ਸਭ ਤੋਂ ਵੱਡੀ ਮੁਸ਼ਕਲ ਮਹਿਸੂਸ ਕੀਤੀ ਗਈ ਸੀ ਉਹ ਸੀ-ਭਾਰਤੀ ਸਿਵਲ ਸੇਵਾ ਦੇ ਮੈਂਬਰਾਂ ਦੀ ਵਿਰੋਧਤਾ। ਭਾਰਤੀ ਸੇਵਾ ਦੇ ਮੈਂਬਰਾਂ ਦਾ ਕਹਿਣਾ ਸੀ, ਕਿ ਉਨ੍ਹਾਂ ਨੂੰ ਰਾਜ ਸਕੱਤਰ ਦੁਆਰਾ ਨਿਯੁਕਤ ਕੀਤਾ ਗਿਆ ਸੀ ਨਾ ਕਿ ਮੰਤਰੀਆਂ ਦੁਆਰਾ ਜੋ ਉਸ ਸਮੇਂ ਵਿਚਾਰ ਅਧੀਨ ਸੁਧਾਰਾਂ ਅਨੁਸਾਰ ਅਹੁੱਦਾ ਸੰਭਾਲਣ ਜਾ ਰਹੇ ਸਨ। ਉਨ੍ਹਾਂ ਨੇ ਰੋਸ ਪ੍ਰਗਟ ਕੀਤਾ ਕਿ ਉਹ ਆਪਣੇ ਆਪ ਨੂੰ ਮੰਤਰੀਆਂ ਦੇ ਕਿਸੇ ਵੀ ਵਸੀਕਾਰ ਵਿਚ ਨਹੀਂ ਦੇ ਸਕਦੇ। ਦੂਜੇ ਪਾਸੇ, ਉਨ੍ਹਾਂ ਲੋਕਾਂ ਨੇ ਜੋ ਪ੍ਰਭਾਵਸ਼ਾਲੀ ਸ਼ਕਤੀ ਨੂੰ ਭਾਰਤੀ ਮੰਤਰੀਆਂ ਨੂੰ ਹੱਥ-ਬਦਲੀ ਕਰਨ ਦਾ ਪੱਖ ਪੂਰ ਰਹੇ ਸਨ, ਫ਼ੈਸਲਾ ਕੀਤਾ ਕਿ ਜਦ ਤਕ ਭਾਰਤੀ ਮੰਤਰੀਆਂ ਪਾਸ ਭਾਰਤੀ ਸਿਵਲ ਸੇਵਾ ਦੇ ਮੈਂਬਰਾਂ-ਜੋ ਪ੍ਰਸ਼ਾਸਨ ਦਾ ਉਪਕਰਨ ਹਨ-ਨੂੰ ਕੰਟਰੋਲ ਕਰਨ ਦੀ ਪ੍ਰਭਾਵਕਾਰੀ ਸ਼ਕਤੀ ਨਹੀਂ ਉਦੋਂ ਤੱਕ ਭਾਰਤੀ ਮੰਤਰੀਆਂ ਨੂੰ ਸ਼ਕਤੀ ਦੀ ਪ੍ਰਭਾਵਕਾਰੀ ਹੱਥ-ਬਦਲੀ ਨਹੀਂ ਹੋ ਸਕਦੀ। ਇਹ ਕਸ਼ਮਕਸ ਕਾਫ਼ੀ ਸਮਾਂ ਚਲਦੀ ਰਹੀ ਅਤੇ ਜੇਕਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਤਾਂ ਲੀ ਕਮਿਸ਼ਨ (Lee Commission) ਦੀ ਰਿਪੋਰਟ ਦੇ ਸਿੱਟੇ ਵਜੋਂ ਰਾਜ਼ੀਨਾਮੇ ਵਜੋਂ ਇਹ ਫ਼ੈਸਲਾ ਕੀਤਾ ਗਿਆ ਕਿ ਇਸ ਦਾ ਦਰਮਿਆਨੀ ਰਾਹ ਉਹੀ ਹੋਣਾ ਚਾਹੀਦਾ ਹੈ ਜਿਸਦਾ ਮੈਂ ਆਪਣੀ ਸੋਧਨਾ ਰਾਹੀਂ ਸੁਝਾਅ ਦੇ ਰਿਹਾ ਹਾਂ। ਭਾਰਤੀ ਸਿਵਲ ਸੇਵਾ ਦੇ ਮੈਂਬਰਾਂ ਦੇ ਦ੍ਰਿਸ਼ਟੀਕੋਣ ਅਤੇ ਭਾਰਤੀ ਸਿਆਸਤਦਾਨਾਂ ਦੇ ਦ੍ਰਿਸ਼ਟੀਕੋਣ ਦੇ ਦਰਮਿਆਨ ਦਾ ਜੋ ਰਾਹ ਸੁਝਾਇਆ ਗਿਆ, ਇਹ ਸੀ ਕਿ ਆਈ.ਸੀ.ਐਸ. ਦੇ ਬੰਦੇ ਮੰਤਰੀਆਂ ਦੇ ਮੁਕੰਮਲ ਕੰਟਰੋਲ ਹੇਠ ਹੋਣੇ ਚਾਹੀਦੇ ਹਨ ਤੇ ਆਈ.ਸੀ.ਐਸ. ਦੇ ਉਹ ਆਦਮੀ ਜੋ ਤਬਦੀਲ ਕੀਤੇ ਹੋਏ ਵਿਭਾਗਾਂ ਵਿਚ ਦੋ-ਅਮਲੀ ਕੰਮ ਕਰਦੇ ਹਨ, ਉਹ ਮੰਤਰੀਆਂ ਦੇ ਅਨੁਸ਼ਾਸਨੀ ਕੰਟਰੋਲ ਹੇਠ ਹੋਣੇ ਚਾਹੀਦੇ ਹਨ। ਵਰਗੀਕਰਨ ਨਿਯਮਾਂ ਦੁਆਰਾ ਇਹ ਉਪਬੰਧ ਕੀਤਾ ਗਿਆ ਸੀ ਕਿ ਮੰਤਰੀਆਂ ਦੁਆਰਾ ਆਈ.ਸੀ.ਐਸ. ਦੇ ਉਨ੍ਹਾਂ ਅੜੀਅਲ ਕਰਮਚਾਰੀਆਂ ਨੂੰ ਪੰਜ ਪ੍ਰਕਾਰ ਦੀਆਂ ਵੱਖ ਵੱਖ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਮੰਤਰੀਆਂ ਦੀ ਆਗਿਆ ਦਾ ਪਾਲਣ ਕਰਨ ਤੋਂ ਇਨਕਾਰ ਕਰਨਗੇ। ਉਸ ਸਜ਼ਾਵਾਂ ਜੋ ਨਿਰਧਾਰਿਤ ਕੀਤੀਆਂ ਗਈਆਂ ਅਤੇ ਜੋ ਭਾਰਤੀ

ਮੰਤਰੀ, ਨਿਯਮਾਂ ਅਧੀਨ ਦੇ ਸਕਦੇ ਸਨ, ਇਹ ਸਨ: ਤਾੜਨਾ, ਦਰਜਾ-ਘਟਾਈ, ਤਰੱਕੀ ਰੋਕਣੀ, ਬਦਲੀ ਕਰਨੀ ਅਤੇ ਬਰਖ਼ਾਸਤਗੀ ਸੀ। ਇਸਦੇ ਨਾਲ ਨਾਲ ਸਿਵਲ ਕਰਮਚਾਰੀ ਨੂੰ, ਜੇਕਰ ਉਹ ਇਹ ਮਹਿਸੂਸ ਕਰੇ ਕਿ ਮੰਤਰੀ ਦੁਆਰਾ ਉਸਨੂੰ ਦਿੱਤੀ ਗਈ ਸਜ਼ਾ ਉਚਿਤ ਨਹੀਂ, ਅਨਿਆਂਪੂਰਨ ਹੈ, ਅਤੇ ਨਸਲੀ ਵਿਰੋਧ ਤੇ ਆਧਾਰਿਤ ਹੈ, ਤਾਂ ਉਸਨੂੰ ਅਪੀਲ ਕਰਨ ਦਾ ਅਧਿਕਾਰ ਵੀ ਪ੍ਰਾਪਤ ਸੀ। ਸਿਵਲ ਕਰਮਚਾਰੀ ਆਪਣੀ ਅਪੀਲ ਲੈ ਕੇ ਗਵਰਨਰ ਪਾਸ ਅਤੇ ਅੰਤ ਵਿਚ ਰਾਜ ਸਕੱਤਰ ਪਾਸ ਜਾ ਸਕਦਾ ਸੀ ਅਤੇ ਮੰਤਰੀ ਦੁਆਰਾ ਦਿੱਤੇ ਗਏ ਸਜ਼ਾ ਦੇ ਹੁਕਮ ਨੂੰ ਵੰਗਾਰ ਸਕਦਾ ਸੀ। ਇਸ ਤਰ੍ਹਾਂ ਨਾਲ ਝਗੜੇ ਵਾਲੇ ਦੋਵੇਂ ਦ੍ਰਿਸ਼ਟੀਕੋਣ ਅਰਥਾਤ, ਕੋਈ ਕੰਟਰੋਲ ਨਹੀਂ ਅਤੇ ਮੁਕੰਮਲ ਕੰਟਰੋਲ ਇਕ ਸਾਂਝੇ ਨੁਕਤੇ ਤੇ ਲੈ ਆਂਦੇ ਗਏ। ਜਿਹੜਾ ਫ਼ਾਰਮੂਲਾ ਤਿਆਰ ਕੀਤਾ ਗਿਆ, ਉਹ ਇਹ ਸੀ ਕਿ ਸਿਵਲ ਕਰਮਚਾਰੀ ਰਾਜ ਮੰਤਰੀ ਦੇ ਮੁਲਾਜ਼ਮ ਰਹਿਣੇ ਚਾਹੀਦੇ ਹਨ, ਅਤੇ ਉਸ ਅਧਿਕਾਰੀ ਦੁਆਰਾ ਬਰਖ਼ਾਸਤ ਕੀਤੇ ਜਾ ਸਕਣਗੇ ਜਿਹੜਾ ਉਨ੍ਹਾਂ ਨੂੰ ਨਿਯੁਕਤ ਕਰਦਾ ਹੈ, ਪਰ ਜਿਸ ਸਮੇਂ ਦੇ ਦੌਰਾਨ ਉਹ ਮੁਲਾਜ਼ਮਾਂ ਵਜੋਂ ਕਿਸੇ ਵਿਭਾਗ ਵਿਚ ਕੰਮ ਕਰਦੇ ਸਨ, ਉਹ ਉਸ ਵਿਭਾਗ ਦੇ ਇੰਚਾਰਜ ਮੰਤਰੀ ਦੇ ਅਨੁਸ਼ਾਸਨੀ ਵਸੀਕਾਰ ਵਿੱਚ ਰਹਿਣਗੇ। ਸ੍ਰੀਮਾਨ ਜੀ, ਜਿਹੜੀ ਸੋਧਨਾ ਮੈਂ ਪੇਸ਼ ਕੀਤੀ ਹੈ ਉਹ ਉਸ ਫ਼ਾਰਮੂਲੇ ਨੂੰ ਕੇਵਲ ਪ੍ਰਭਾਵਕਾਰੀ ਬਣਾਉਂਦੀ ਹੈ। ਇਸ ਨਾਲ ਮੰਤਰੀ ਦਾ ਨਿਯੁਕਤੀ ਅਧਿਕਾਰ ਨਹੀਂ ਖੁੱਸ ਜਾਂਦਾ; ਇਸ ਨਾਲ ਮੰਤਰੀ ਦਾ ਇਕ ਪ੍ਰਸ਼ਾਸਨ ਅਫ਼ਸਰ ਨੂੰ ਬਰਖ਼ਾਸਤ ਕਰਨ ਦਾ ਅਧਿਕਾਰ ਨਹੀਂ ਖੁੱਸ ਜਾਂਦਾ, ਨਾ ਹੀ ਸੋਧਨਾ ਇਹ ਕਹਿੰਦੀ ਹੈ ਕਿ ਉਸ ਸਮੇਂ ਦੇ ਦੌਰਾਨ ਜਦੋਂ ਪ੍ਰਸ਼ਾਸਨ ਅਫ਼ਸਰ, ਸਕੂਲ ਬੋਰਡ ਦੇ ਅਧੀਨ ਕੰਮ ਕਰਦਾ ਹੋਵੇ ਉਸਨੂੰ ਸਕੂਲ ਬੋਰਡ ਦਾ ਮੁਲਾਜ਼ਮ ਸਮਝਿਆ ਜਾਵੇਗਾ। ਇਹ ਸੋਧਨਾ ਬਹੁਤ ਸੀਮਤ ਵਿਸ਼ੇਸ਼ਤਾ ਵਾਲੀ ਹੈ; ਇਹ ਕੇਵਲ ਇੰਨਾ ਹੀ ਕਹਿੰਦੀ ਹੈ ਕਿ ਜਿਸ ਸਮੇਂ ਦੇ ਦੌਰਾਨ ਉਹ ਸਕੂਲ ਬੋਰਡ ਦੇ ਪ੍ਰਸ਼ਾਸਨ ਅਫ਼ਸਰ ਵਜੋਂ ਕੰਮ ਕਰਦਾ ਹੈ, ਸਕੂਲ ਬੋਰਡ ਨੂੰ ਉਸ ਉਪਰ ਅਨੁਸ਼ਾਸਨੀ ਵਸੀਕਾਰ ਹੋਵੇਗਾ। ਹੋਰ ਇਹ, ਕਿ ਸਕੂਲ ਬੋਰਡ ਕਿਸ ਕਿਸਮ ਦੀ ਸਜ਼ਾ ਦੇਵੇਗਾ ਅਤੇ ਪ੍ਰਸ਼ਾਸਨ ਅਫ਼ਸਰ ਕਿਸ ਤਰ੍ਹਾਂ ਦੀ ਅਪੀਲ ਕਰੇਗਾ। ਇਹ ਅਜਿਹੇ ਮਾਮਲੇ ਹਨ ਜੋ ਮੇਰੀ ਸੋਧਨਾ ਰਾਹੀਂ, ਸਰਕਾਰ ਦੁਆਰਾ ਨਿਯਮਾਂ ਰਾਹੀਂ ਨਿਰਧਾਰਿਤ ਕੀਤੇ ਜਾਣ ਲਈ ਛੱਡ ਦਿੱਤੇ ਗਏ ਹਨ। ਮੈਂ ਨਹੀਂ ਕਹਿੰਦਾ ਕਿ ਸਕੂਲ ਬੋਰਡ ਦੁਆਰਾ ਪ੍ਰਸ਼ਾਸਨ ਅਫ਼ਸਰ ਨੂੰ ਇਸ ਕਿਸਮ ਦੀ ਜਾਂ ਉਸ ਕਿਸਮ ਦੀ ਸ਼ਜ਼ਾ ਦਿੱਤੀ ਜਾਵੇ ਮੈਂ ਨਹੀਂ ਕਹਿੰਦਾ ਕਿ ਅਪੀਲ ਕਰਨ ਦਾ ਅਧਿਕਾਰ ਕੇਵਲ ਇਸ ਤਰ੍ਹਾਂ ਦਾ ਜਾਂ ਉਸ ਤਰ੍ਹਾਂ ਦਾ ਹੋਵੇ। ਸਜ਼ਾ ਦੀ ਕਿਸਮ, ਅਪੀਲ ਦੀ ਹੱਦ--ਇਹ ਸਾਰਾ ਕੁਝ ਨਿਯਮਾਂ ਦੁਆਰਾ ਉਪਬੰਧ ਕਰਨ ਲਈ ਸਰਕਾਰ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ। ਮੈਂ ਇਹ ਨਹੀਂ ਆਖਦਾ ਕਿ ਸਕੂਲ ਬੋਰਡ, ਪ੍ਰਸ਼ਾਸਨ ਅਫ਼ਸਰ ਨੂੰ ਇਸ

ਜਾਂ ਉਸ ਕਿਸਮ ਦੀ ਸਜ਼ਾ ਦੇਵੇ। ਮੈਂ ਇਹ ਨਹੀਂ ਆਖਦਾ ਇਹ ਜਾਂ ਉਹ ਹੀ ਅਪੀਲ ਦਾ ਹਕ ਹੋਵੇ, ਇਹ ਸਾਰਾ ਕੁਝ ਸਰਕਾਰ ਤੇ ਛੱਡ ਦਿੱਤਾ ਗਿਆ ਹੈ ਕਿ ਉਹ ਨਿਯਮ ਬਣਾ ਕੇ ਇਸ ਦਾ ਉਪਬੰਧ ਕਰੇ। ਜੋ ਕੁਝ ਵੀ ਸੋਧਨਾ ਕਰਦੀ ਹੈ, ਉਹ ਇਹ ਯਕੀਨੀ ਬਣਾਉਣਾ ਹੈ, ਕਿ, ਜਿਸ ਸਮੇਂ ਦੇ ਦੌਰਾਨ ਉਹ ਕੰਮ ਕਰ ਰਿਹਾ ਹੈ, ਉਹ ਇਹ ਮਹਿਸੂਸ ਕਰੇਗਾ ਕਿ ਉਸ ਤੇ ਸਕੂਲ ਬੋਰਡ ਦਾ ਵਸੀਕਾਰ ਹੈ। ਜੇਕਰ ਅਸੀਂ ਸਕੂਲ ਬੋਰਡ ਨੂੰ ਇਹ ਥੋੜ੍ਹੀ ਜਿਹੀ ਸ਼ਕਤੀ ਵੀ ਨਹੀਂ ਦਿੰਦੇ, ਤਾਂ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਪ੍ਰਸ਼ਾਸਨ ਅਫ਼ਸਰ ਇਹ ਕਿਵੇਂ ਮਹਿਸੂਸ ਕਰੇਗਾ ਕਿ ਉਹ ਸਕੂਲ ਬੋਰਡ ਦਾ ਮੁਲਾਜ਼ਮ ਹੈ। ਮੈਂ ਮਾਨਯੋਗ ਮੁੱਖ ਮੰਤਰੀ ਨੂੰ ਪੁੱਛਣਾ ਚਾਹੁੰਦਾ ਹਾਂ: ਫ਼ਰਜ਼ ਕਰੋ ਉਨ੍ਹਾਂ ਦੇ ਅਧੀਨ ਕੰਮ ਕਰਨ ਵਾਲੇ ਸਿਵਲ ਸੇਵਕ ਉਤੇ ਉਨ੍ਹਾਂ ਨੂੰ ਕੋਈ ਸ਼ਕਤੀ ਪ੍ਰਾਪਤ ਨਹੀਂ, ਜੇਕਰ ਉਸਦੀ ਆਗਿਆ ਦੀ ਪਾਲਣਾ ਬਦਲੇ ਉਹ ਉਸ ਨੂੰ ਕੋਈ ਸਜ਼ਾ ਨਹੀਂ ਦੇ ਸਕਦੇ ਤਾਂ ਉਨ੍ਹਾਂ ਦੇ ਆਪਣੇ ਵਿਭਾਗ ਦੀ ਹਾਲਤ ਕੀ ਹੋਵੇਗੀ ? ਮੈਂ ਕਹਿੰਦਾ ਹਾਂ ਕਿ ਨਿਰਵਿਘਨ ਤਰੀਕੇ ਨਾਲ ਕੰਮ ਚਲਾਉਣ ਦੇ ਸੰਬੰਧ ਵਿੱਚ ਸਕੂਲ ਬੋਰਡ ਨੂੰ ਇੰਨੀ ਕੁ ਸ਼ਕਤੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਪ੍ਰਸ਼ਾਸਨ ਅਫ਼ਸਰ ਇਹ ਮਹਿਸੂਸ ਕਰੇ ਕਿ ਉਸਨੇ ਸਕੂਲ ਬੋਰਡ ਦੇ ਨਿਆਂਕਾਰੀ ਅਤੇ ਉਚਿਤ ਹੁਕਮ ਦੀ ਪਾਲਣਾ ਲਾਜ਼ਮੀ ਤੌਰ ਤੇ ਕਰਨੀ ਹੈ। ਇਨ੍ਹਾਂ ਸ਼ਬਦਾਂ ਨਾਲ, ਮੈਂ ਆਪਣੀ ਸੋਧਨਾ ਸਦਨ ਦੇ ਹਵਾਲੇ ਕਰਦਾ ਹਾਂ।

6

ਬੰਬਈ ਪੁਸ਼ਤੈਨੀ ਅਹੁਦੇਦਾਰੀ ਐਕਟ ਨੂੰ ਸੋਧਣ ਲਈ 1928 ਦਾ ਬਿਲ ਨੰ: 12

ਹੇਠ ਲਿਖਿਆ ਬਿਲ, ਜਿਸ ਨੂੰ ਪੇਸ਼ ਕਰਨ ਦੀ ਆਗਿਆ ਡਾ. ਬੀ.ਆਰ. ਅੰਬੇਡਕਰ, ਐਮ.ਐਲ.ਸੀ. ਨੂੰ ਬੰਬਈ ਦੇ ਰਾਜਪਾਲ ਦੁਆਰਾ ਵਿਧਾਨ ਪਰਿਸ਼ਦ ਦੀ ਮੀਟਿੰਗ ਵਿੱਚ 19 ਮਾਰਚ,1928 ਨੂੰ ਦਿੱਤੀ ਗਈ ਸੀ, ਬੰਬਈ ਵਿਧਾਨ ਪਰਿਸ਼ਦ ਨਿਯਮਾਵਲੀ ਦੇ ਨਿਯਮ 20 ਅਧੀਨ ਪ੍ਰਕਾਸ਼ਤ ਕੀਤਾ ਗਿਆ ਹੈ, ਮਨਜ਼ੂਰੀ ਲੈ ਲਈ ਗਈ ਹੈ। ਇਸ ਐਕਟ ਨੂੰ ਹੇਠ ਲਿਖੇ ਅਨੁਸਾਰ ਬਣਾਇਆ ਜਾਂਦਾ ਹੈ:-

1. ਇਸ ਐਕਟ ਨੂੰ ਬੰਬਈ ਪੁਸ਼ਤੈਨੀ ਅਹੁੱਦੇਦਾਰੀ (ਸੋਧਨਾ) ਐਕਟ, 1928 ਕਿਹਾ ਜਾਵੇ।

2. 1874 ਦੇ ਬੰਬਈ ਐਕਟ. III ਦੀ ਧਾਰਾ 9 ਦੀ ਸੋਧਨਾ ਧਾਰਾ 9 ਦੇ ਖੰਡ (1) ਵਿੱਚ, ਸ਼ਬਦਾਂ "ਭਾਵੇਂ ਕਾਰਜ ਨਿਭਾਉਣ ਵਾਲੇ ਦੇ ਮਿਹਨਤਾਨੇ ਵਜੋਂ ਨਿਰਧਾਰਿਤ ਹੋਵੇ ਜਾਂ ਨਾ" ਦੀ ਥਾਂ ਹੇਠ ਲਿਖਿਆ ਰੱਖਿਆ ਜਾਵੇ:-

" ਕਾਰਜ ਨਿਭਾਉਣ ਵਾਲੇ ਦੇ ਮਿਹਨਤਾਨੇ ਵਜੋਂ ਨਿਰਧਾਰਿਤ ਨਾ ਕੀਤਾ ਗਿਆ।"

3. 1874 ਦੇ ਬੰਬਈ ਐਕਟ III ਵਿੱਚ ਨਵੀਂ ਧਾਰਾ 9-ੳ ਜੋੜਨਾ-ਧਾਰਾ 9 ਤੋਂ ਬਾਅਦ ਹੇਠ ਲਿਖਿਆ ਦਿੱਤਾ ਜਾਵੇ:-"9-ੳ (1) ਜਦ ਕਦੇ ਵੀ ਕਾਰਜ ਨਿਭਾਉਣ ਵਾਲੇ ਦੇ ਮਿਹਨਤਾਨੇ ਵਜੋਂ ਨਿਰਧਾਰਿਤ ਕੋਈ ਵਤਨ ਜਾਂ ਉਸਦਾ ਹਿੱਸਾ, ਬੰਬਈ ਪੁਸ਼ਤੈਨੀ ਅਹੁੱਦੇਦਾਰੀ, ਐਕਟ, 1874 (1874 ਦਾ ਬੰਬਈ ਐਕਟ III) ਦੇ ਲਾਗੂ ਹੋਣ ਦੀ ਮਿਤੀ ਤੋਂ ਪਹਿਲਾਂ ਕਿਸੇ ਡਿਗਰੀ ਜਾਂ ਕਿਸੇ ਬਰਤਾਨਵੀ ਅਦਾਲਤ ਦੇ ਹੁਕਮ ਕਰਕੇ ਜਾਂ ਉਨ੍ਹਾਂ ਦੀ ਪਾਲਣਾ ਤੋਂ ਇਲਾਵਾ, ਅਤੇ ਕੁਲੈਕਟਰ ਦੀ ਸਹਿਮਤੀ ਤੋਂ ਬਿਨਾਂ ਅਤੇ ਮਾਲੀਆ ਰਿਕਾਰਡਾਂ ਵਿਚ ਕਿਸੇ ਵਿਅਕਤੀ ਦੀ, ਜੋ ਉਸ ਵੇਲੇ ਵਤਨਦਾਰ ਨਾ ਹੋਵੇ, ਮਾਲਕੀ ਜਾਂ ਉਸਦੇ ਲਾਭਕਾਰੀ ਕਬਜ਼ੇ ਦੀ ਹੱਥਬਦਲੀ ਤੋਂ ਉਸ ਕੋਲ ਚਲੀ ਗਈ ਹੋਵੇ ਜੋ ਉਸ ਵਤਨ ਦਾ ਵਤਨਦਾਰ ਨਾ ਹੋ ਗਿਆ ਹੋਵੇ ਜਾਂ ਹੋਣ, ਤਾਂ ਕੁਲੈਕਟਰ ਅਜਿਹੇ ਇੰਤਕਾਲ ਨੂੰ ਰੱਦ ਕਰਾਰ ਦੇਵੇਗਾ ਅਤੇ ਹੁਕਮ ਜਾਰੀ ਕਰੇਗਾ ਕਿ ਅਜਿਹਾ ਵਤਨ ਜਾਂ ਉਸਦਾ ਕੋਈ ਹਿੱਸਾ ਜਾਂ ਉਸਦੇ ਕੋਈ ਲਾਭ ਜਾਂ ਅਜਿਹੇ ਹੁਕਮ ਦੀ ਮਿਤੀ ਤੋਂ ਉਸ ਵਤਨਦਾਰ ਦੇ ਹੋਣਗੇ ਜੋ ਪਹਿਲਾਂ ਉਨ੍ਹਾਂ ਦਾ ਹੱਕਦਾਰ ਸੀ ਅਤੇ ਉਸਦੇ ਅਨੁਸਾਰ ਵਤਨ ਤੋਂ ਹੋਏ ਲਾਭ ਵਸੂਲ ਕਰੇਗਾ ਅਤੇ ਪਹਿਲੇ

* ਇਹ ਬੰਬਈ ਪੁਸ਼ਤੈਨੀ ਅਹੁੱਦੇਦਾਰੀ ਐਕਟ, 1874 ਨੂੰ ਸੋਧਣ ਲਈ ਬਿਲ ਦਾ ਮੂਲ ਪਾਠ ਹੈ ਜਿਵੇਂ ਕਿ ਬੰਬਈ ਸਰਕਾਰੀ ਗਜ਼ਟ, ਭਾਗ V, ਮਿਤੀ, 16 ਅਪ੍ਰੈਲ, 1928 ਵਿਚ ਪ੍ਰਕਾਸ਼ਤ ਹੋਇਆ। ਇਸ ਬਿਲ ਨੂੰ ਪ੍ਰਸਤਾਵਿਤ ਕਰਦਿਆਂ ਡਾ. ਅੰਬੇਡਕਰ ਦੁਆਰਾ ਦਿੱਤਾ ਗਿਆ ਭਾਸ਼ਣ ਪੰਨਾ 75-87 ਤੇ ਛਪਿਆ ਹੋਇਆ ਹੈ।

ਵਤਨਦਾਰ ਨੂੰ ਅਦਾ ਕਰੇਗਾ।

(2) 1874 ਦੇ ਬੰਬਈ ਐਕਟ III ਦੀ ਧਾਰਾ ਦੀ ਸੋਧਨਾ----ਧਾਰਾ 15, ਖੰਡ 1 ਵਿਚ ਹੇਠ ਲਿਖੀ ਸ਼ਰਤੀ ਧਾਰਾ ਜੋੜ ਦਿੱਤੀ ਜਾਵੇ:----

" ਐਪਰ ਇਹ ਕਿ ਇਸ ਐਕਟ ਦੀ ਧਾਰਾ 63 ਅਧੀਨ ਪੁਸ਼ਤੈਨੀ ਅਹੁੱਦੇਦਾਰਾਂ ਦੇ ਪ੍ਰਤਿਨਿਧੀਆਂ ਦੀ ਸਮੁੱਚੀ ਸੰਸਥਾ ਜਾਂ ਉਨ੍ਹਾਂ ਦੀ ਬਹੁਗਿਣਤੀ ਨੂੰ, ਜਿਨ੍ਹਾਂ ਦੇ ਕਬਜ਼ੇ ਹੇਠ ਪੁਸ਼ਤੈਨੀ ਜ਼ਮੀਨਾਂ ਹੋਣ, ਜੇਕਰ ਇਸ ਬਾਰੇ ਲਿਖਤੀ ਅਰਜ਼ੀ ਕਲੈਕਟਰ ਨੂੰ ਦਿੱਤੀ ਜਾਵੇ, ਸਥਾਈ ਤੌਰ ਤੇ ਅਜਿਹੀਆਂ ਸੇਵਾਵਾਂ ਕਰਨ ਦੀ ਜ਼ਿੰਮੇਵਾਰੀ ਤੋਂ ਛੁਟਕਾਰਾ ਪਾਉਣ ਦਾ ਇਖ਼ਤਿਆਰ ਹੋਵੇਗਾ ਅਤੇ ਜੇਕਰ ਉਹ ਅਜਿਹੀਆਂ ਜ਼ਮੀਨਾਂ ਤੇ ਪੂਰਾ ਸਰਵੇਖਣ ਅਦਾ ਕਰਨ ਲਈ ਸਹਿਮਤ ਹੋਣ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਕਬਜ਼ੇ ਹੇਠਲੀਆਂ ਜ਼ਮੀਨਾਂ ਦਾ ਕਬਜ਼ਾ ਬਣਾਈ ਰੱਖਣ ਦਾ ਅਧਿਕਾਰ ਹੋਵੇਗਾ।"

5. 1874 ਦੇ ਬਬਈ ਐਕਟ III ਦੀ ਧਾਰਾ 19 ਦੀ ਸੋਧਨਾ--ਧਾਰਾ 19 ਵਿਚੋਂ ਹੇਠ ਲਿਖਿਆਂ ਨੂੰ ਲੋਪ ਕਰ ਦਿੱਤਾ ਜਾਵੇ, " ਅਤੇ ਇਹ ਫ਼ੈਸਲਾ ਕਰਨ ਲਈ ਕਿ ਕੀ ਅਦਾਇਗੀ ਜਿਨਸ ਦੇ ਰੂਪ ਵਿਚ ਜਾਂ ਨਕਦੀ ਨਾਲ ਕੀਤੀ ਜਾਵੇਗੀ।"

6. 1874 ਦੇ ਬਬਈ ਐਕਟ III ਵਿਚ ਨਵੀਆਂ ਧਾਰਾਵਾਂ 19ੳ, 19ਅ, 19ੲ ਅਤੇ 19 ਸ ਦਾ ਇਦੰਰਾਜ-- ਧਾਰਾ 19 ਤੋਂ ਬਾਅਦ ਹੇਠ ਲਿਖੀਆਂ ਧਾਰਾਵਾਂ ਜੋੜ ਦਿਓ:-

19ੳ. ਜਦੋਂ ਪ੍ਰਤਿਨਿਧ ਵਤਨਦਾਰਾਂ ਦੀ ਸਮੁੱਚੀ ਸੰਸਥਾ ਜਾਂ ਉਨ੍ਹਾਂ ਦੀ ਬਹੁਗਿਣਤੀ ਜਿਨ੍ਹਾਂ ਦੀ ਮੌਰੂਸੀ ਜਾਇਦਾਦ ਤੇ ਜਿਨਸ ਦੇ ਰੂਪ ਵਿੱਚ ਉਗਰਾਹੀ ਦਾ ਅਧਿਕਾਰ ਹੋਵੇ, ਕਲੈਕਟਰ ਨੂੰ ਅਜਿਹੇ ਅਧਿਕਾਰ ਨੂੰ ਪੈਸੇ ਦੇ ਉਪ-ਕਰ ਵਿੱਚ ਤਬਦੀਲ ਕਰਨ ਲਈ ਅਰਜ਼ੀ ਦੇਵੇ, ਤਾਂ ਕਲੈਕਟਰ ਉਸਨੂੰ ਸਮਾਨ ਮਾਇਕ ਉਪ-ਕਰ ਵਿਚ ਤਬਦੀਲ ਕਰ ਦੇਵੇ।

19ਅ. ਜਦੋਂ ਜਿਨਸ ਦੇ ਰੂਪ ਵਿੱਚ ਕਰ ਲਗਾਏ ਜਾਣ ਦੇ ਅਜਿਹੇ ਅਧਿਕਾਰ ਨੂੰ ਸਮਾਨ ਮਾਇਕ ਉਪ-ਕਰ ਵਿੱਚ ਤਬਦੀਲ ਕਰ ਦਿੱਤਾ ਜਾਵੇ ਤਾਂ ਪ੍ਰਤਿਨਿਧ ਵਤਨਦਾਰਾਂ ਦੀ ਸਮੁੱਚੀ ਸੰਸਥਾ ਜਾਂ ਉਨ੍ਹਾਂ ਦੀ ਸਬੰਧਤ ਬਹੁਗਿਣਤੀ ਉਸ ਉਪ-ਕਰ ਨੂੰ ਉਨ੍ਹਾਂ ਪਾਸੋਂ ਵਸੂਲ ਕਰਨ ਲਈ ਕਲੈਕਟਰ ਨੂੰ ਅਰਜ਼ੀ ਦੇਂ ਸਕਦੀ ਹੈ ਜੋ ਇਸਦੀ ਅਦਾਇਗੀ ਲਈ ਦੇਣਦਾਰ ਹਨ। ਫਿਰ ਕਲੈਕਟਰ, ਉਸਨੂੰ ਜ਼ਮੀਨ ਮਾਲੀਏ ਦੇ ਨਾਲ ਅਤੇ ਉਸਦੇ ਹਿੱਸੇ ਵਜੋਂ ਵਸੂਲ ਕਰੇਗਾ ਅਤੇ ਹਦਾਇਤ ਕਰੇਗਾ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਉਸਦੀ ਅਦਾਇਗੀ ਉਨ੍ਹਾਂ ਵਤਨਦਾਰਾਂ ਨੂੰ ਕੀਤੀ ਜਾਵੇ ਜੋ ਇਸਦੇ ਹੱਕਦਾਰ ਹਨ।

19ੲ. ਜਿਥੇ ਜਿਨਸ ਦੇ ਰੂਪ ਵਿੱਚ ਕਰ ਲਗਾਏ ਜਾਣ ਦੇ ਅਜਿਹੇ ਅਧਿਕਾਰ ਨੂੰ ਕਿਸਾਨਾਂ ਅਤੇ ਸਰਕਾਰ ਦੋਹਾਂ ਲਈ ਕੀਤੀਆਂ ਗਈਆਂ ਸੇਵਾਵਾਂ ਬਦਲੇ ਸਾਂਝੀ ਵਾਪਸੀ ਸਮਝਿਆ ਜਾਵੇ ਤਾਂ ਪ੍ਰਤਿਨਿਧ ਵਤਨਦਾਰਾਂ ਦੀ ਸਮੁੱਚੀ ਸੰਸਥਾ ਜਾਂ ਉਨ੍ਹਾਂ ਦੀ ਬਹੁ ਗਿਣਤੀ ਜਿਨ੍ਹਾਂ ਦਾ ਜਿਨਸ ਦੇ ਰੂਪ ਵਿੱਚ ਕਰ ਲਗਾਏ ਜਾਣ ਦਾ ਅਧਿਕਾਰ ਪੈਸੇ ਦੇ ਉਪ-ਕਰ ਵਿਚ ਤਬਦੀਲ ਕੀਤਾ ਗਿਆ ਹੈ, ਕਲੈਕਟਰ ਨੂੰ ਇਹ ਫ਼ੈਸਲਾ ਕਰਨ ਲਈ ਅਰਜ਼ੀ

ਦੇ ਸਕਦੀ ਹੈ ਸਰਕਾਰ ਦੀਆਂ ਸੇਵਾਵਾਂ ਬਦਲੇ ਅਤੇ ਕਿਸਾਨਾਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਦਾ ਪੈਸੇ ਦਾ ਕਿੰਨਾ ਉਪ-ਕਰ ਬਕਾਇਆ ਹੈ। ਫਿਰ ਕਲੈਕਟਰ ਅਜਿਹਾ ਫ਼ੈਸਲਾ ਦੇਵੇਗਾ ਜੋ ਅੰਤਮ ਸਮਝਿਆ ਜਾਵੇਗਾ।

19 ਸ. ਕਿ ਪ੍ਰਤਿਨਿਧ ਵਤਨਦਾਰਾਂ ਦੀ ਸਮੁੱਚੀ ਸੰਸਥਾ ਜਾਂ ਉਨ੍ਹਾਂ ਦੀ ਬਹੁਗਿਣਤੀ ਜਿਨ੍ਹਾਂ ਨੇ ਧਾਰਾ 19ੲ ਵਿੱਚ ਵਰਣਿਤ ਅਜਿਹੇ ਫ਼ੈਸਲੇ ਵਾਸਤੇ ਬੇਨਤੀ ਕੀਤੀ ਹੈ ਉਨ੍ਹਾਂ ਨੂੰ ਕਿਸਾਨਾਂ ਲਈ ਅਜਿਹੀਆਂ ਕੋਈ ਸੇਵਾਵਾਂ ਕਰਨ ਤੋਂ ਇਨਕਾਰ ਕਰਨ ਦਾ ਇਖ਼ਤਿਆਰ ਹੋਵੇਗਾ ਬਸ਼ਰਤੇ ਕਿ ਇਸ ਸਬੰਧ ਵਿੱਚ ਆਪਣੇ ਫ਼ੈਸਲੇ ਬਾਰੇ ਲਿਖਤੀ ਰੂਪ ਵਿਚ ਉਹ ਕਲੈਕਟਰ ਨੂੰ ਸੂਚਨਾ ਦੇਣ। ਜੇਕਰ ਅਜਿਹੇ ਇਖ਼ਤਿਆਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਅਜਿਹੇ ਇਖ਼ਤਿਆਰ ਦੀ ਵਰਤੋਂ ਕਰਨ ਵਾਲੇ ਵਤਨਦਾਰਾਂ ਦੇ ਪੈਸੇ ਦੇ ਉਪ-ਕਰ ਦਾ ਉਤਨਾ ਹਿੱਸਾ, ਜੋ ਕਿਸਾਨਾਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਦੇਣਾ ਬਣਦਾ ਸੀ, ਜ਼ਬਤ ਕਰ ਲਿਆ ਜਾਵੇਗਾ।

7. 1874 ਦੇ ਬੰਬਈ ਐਕਟ III ਦੀ ਧਾਰਾ 21 ਦੀ ਸੋਧਨਾ--ਧਾਰਾ 21 ਵਿੱਚ ਸ਼ਬਦਾਂ " ਅਜਿਹੇ ਸਮਿਆਂ" ਦੀ ਥਾਂ ਹੇਠ ਲਿਖਿਆ ਰੱਖ ਦਿੱਤਾ ਜਾਵੇਗਾ:-

" ਉਹ ਸਮਾਂ ਜੋ ਦਸ ਸਾਲ ਤੋਂ ਵੱਧ ਨਾ ਹੋਵੇ"।

8. 1874 ਦੇ ਬੰਬਈ ਐਕਟ III ਦੀ ਧਾਰਾ 83 ਦੀ ਸੋਧਨਾ----

ਧਾਰਾ 83 ਦੀ ਥਾਂ ਇਹ ਧਾਰਾ ਰੱਖ ਦਿੱਤੀ ਜਾਵੇਗੀ:-

83 ਐਕਟ ਪਾਸ ਹੋਣ ਤੋਂ ਬਾਅਦ, ਧਾਰਾ 18 ਵਿਚ ਹੋਰਵੇਂ ਉਪਬੰਧ ਕੀਤੇ ਗਏ ਤੋਂ ਸਿਵਾਏ, ਸਰਕਾਰ ਉਹ ਕਰਤੱਵ ਨਿਰਧਾਰਿਤ ਕਰਦਿਆਂ ਜੋ ਕਿਸੇ ਵੀ ਪੁਸ਼ਤੈਨੀ ਅਹੁੱਦੇ ਨਾਲ ਸਬੰਧਤ ਹੋਣਗੇ, ਨਿਯਮ ਬਣਾਵੇਗੀ:

ਐਪਰ ਇਹ ਕਿ ਇਸ ਤਰ੍ਹਾਂ ਬਣਾਏ ਗਏ ਨਿਯਮ ਉਦੋਂ ਤੱਕ ਲਾਗੂ ਨਹੀਂ ਹੋਣਗੇ ਜਦੋਂ ਤੱਕ ਬੰਬਈ ਵਿਧਾਨ ਪਰਿਸ਼ਦ ਦੇ ਅਗਲੇ ਸਮਾਗਮ ਤੋਂ ਇਕ ਮਹੀਨਾ ਪਹਿਲਾਂ ਉਨ੍ਹਾਂ ਦਾ ਬੰਬਈ ਸਰਕਾਰ ਦੇ ਗਜ਼ਟ ਵਿਚ ਅਗੇਤਾ ਪ੍ਰਕਾਸ਼ਨ ਨਹੀਂ ਕੀਤਾ ਜਾਂਦਾ, ਅਤੇ ਇਹ ਨਿਯਮ, ਉਕਤ ਪਰਿਸ਼ਦ ਦੇ ਅਗਲੇ ਸਮਾਗਮ ਵਿਚ ਰੱਖੇ ਗਏ ਮਤੇ ਰਾਹੀਂ ਰੱਦ ਕੀਤੇ ਜਾਣ ਯੋਗ ਜਾਂ ਸੋਧਣ ਯੋਗ ਹੋਣਗੇ।

ਉਦੇਸ਼ਾਂ ਅਤੇ ਕਾਰਣਾਂ ਦਾ ਵਿਵਰਣ :

ਇਸ ਬਿਲ ਦੇ ਉਦੇਸ਼ ਹਨ:-

1. ਕਾਰਜ ਨਿਭਾਉਣ ਵਾਲੇ ਵਤਨਦਾਰਾਂ ਦੇ ਮਿਹਨਤਾਨੇ ਦਾ ਚੰਗੇਰਾ ਉਪਬੰਧ ਕਰਨਾ।
2. ਪੁਸ਼ਤੈਨੀ ਕਾਮਿਆਂ ਦੇ ਘਟੀਆ ਵਤਨਾਂ ਦੀ ਅਦਲਾ ਬਦਲੀ ਦੀ ਆਗਿਆ ਦੇਣਾ।
3. ਸੇਪੀਆਂ ਦੀ ਸੇਪ ਨੂੰ ਪੈਸੇ ਦੇ ਉਪ-ਕਰ ਵਿਚ ਤਬਦੀਲ ਕਰਨ ਦਾ ਉਪਬੰਧ ਕਰਨਾ।

4. ਘਟੀਆ ਵਤਨ ਦੇ ਮਾਲਕ ਨੂੰ ਕਿਸਾਨਾਂ ਦੀ ਸੇਵਾ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਮੁਕਤ ਕਰਾਉਣ ਦੀ ਆਗਿਆ ਦੇਣਾ।

5. ਕਾਰਜ ਨਿਭਾਉਣ ਵਾਲੇ ਵਤਨਦਾਰਾਂ ਦੇ ਕਰਤੱਵ ਨਿਰਧਾਰਿਤ ਕਰਨਾ।

(ਸਹੀ) ਬੀ. ਆਰ. ਅੰਬੇਡਕਰ
ਜੀ. ਐਸ. ਰਾਜਅਧਿਅਕਸ਼,
ਬੰਬਈ ਦੇ ਗਵਰਨਰ,
ਦੀ ਵਿਧਾਨ ਪਰਿਸ਼ਦ ਦਾ ਕਾਇਮ-ਮੁਕਾਮ
ਸਕੱਤਰ।

ਬੰਬਈ, 13 ਅਪ੍ਰੈਲ, 1928.

I

*ਪੁਸ਼ਤੈਨੀ ਅਹੁੱਦੇਦਾਰੀ ਐਕਟ ਸੋਧਨਾ ਬਿਲ

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਕਰਨ ਲਈ ਖੜਾ ਹੋਇਆ ਹਾਂ ਕਿ 1928 ਦਾ ਬਿਲ ਨੰ: x (ਬੰਬਈ ਪੁਸ਼ਤੈਨੀ ਅਹੁੱਦੇਦਾਰੀ ਐਕਟ, 1874 ਨੂੰ ਹੋਰ ਸੋਧਣ ਲਈ ਬਿਲ) ਪਹਿਲੀ ਵਾਰ ਪੜ੍ਹਿਆ ਜਾਵੇ। ਇਸ ਬਿਲ ਦਾ ਪਟੇਲ ਜਾਂ ਕੁਲਕਰਨੀ ਨਾਲ ਕੋਈ ਸਬੰਧ ਨਹੀਂ। ਪੁਸ਼ਤੈਨੀ ਅਹੁੱਦੇਦਾਰ, ਜਿਨ੍ਹਾਂ ਦਾ ਇਸ ਬਿਲ ਵਿਚ ਹਵਾਲਾ ਦਿੱਤਾ ਗਿਆ ਹੈ, ਪੁਸ਼ਤੈਨੀ ਅਹੁੱਦੇਦਾਰ ਐਕਟ ਅਧੀਨ ਨੀਵੀਂ ਪੱਧਰ ਤੇ ਅਹੁੱਦੇਦਾਰ ਮੰਨੇ ਜਾਂਦੇ ਹਨ। ਇਸ ਵੇਲੇ ਦੱਖਣ ਵਿਚ ਮਹਾਰ, ਗੁਜਰਾਤ ਵਿਚ ਵੇਥੀਆ ਜਾਂ ਵਰਥਾਨੀਆ, ਕਰਨਾਟਕ ਵਿਚ ਗਮੋਸ਼ੀ ਜਾਂ ਜੁਗਲੀਆ ਅਤੇ ਹੋਲੀਆ ਅਜਿਹੇ ਨੀਵੇਂ ਦਰਜੇ ਦੇ ਅਹੁੱਦੇਦਾਰ ਹਨ। ਇਨ੍ਹਾਂ ਨੀਵੇਂ ਦਰਜੇ ਦੇ ਅਹੁੱਦੇਦਾਰਾਂ ਦਾ ਇਕ ਵੱਡਾ ਹਿੱਸਾ ਮਹਾਰ ਹਨ, ਅਤੇ ਜੋ ਸ਼ਬਦ ਮੈਂ ਇਸ ਸਦਨ ਵਿਚ ਕਹਿਣੇ ਹਨ ਉਨ੍ਹਾਂ ਵਿਚ ਮੈਂ ਵਧੇਰੇ ਕਰਕੇ ਇਨ੍ਹਾਂ ਨੀਵੇਂ ਦਰਜੇ ਦੇ ਅਹੁੱਦੇਦਾਰਾਂ ਦੇ ਪ੍ਰਤਿਨਿਧਾਂ ਵਜੋਂ ਮਹਾਰਾਂ ਬਾਰੇ ਆਖਾਂਗਾ।

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ XX111 ਪੰਨੇ 708-21, ਮਿਤੀ 3 ਅਗਸਤ, 1928.

ਸ੍ਰੀਮਾਨ ਜੀ, ਇਸ ਬਿਲ ਦੇ ਉਪਬੰਧਾਂ ਨੂੰ ਸਮਝਣ ਵਾਸਤੇ, ਇਹ ਬਹੁਤ ਜ਼ਰੂਰੀ ਹੈ ਕਿ ਸਦਨ ਉਨ੍ਹਾਂ ਬੇਇਨਸਾਫ਼ੀਆਂ ਅਤੇ ਸ਼ਿਕਾਇਤਾਂ ਬਾਰੇ ਜਾਣੇ ਜਿਨ੍ਹਾਂ ਕਰਕੇ ਇਹ ਬਿਲ ਮੈਨੂੰ ਪੇਸ਼ ਕਰਨਾ ਪਿਆ। ਬੇਇਨਸਾਫ਼ੀਆਂ ਬਹੁਤ ਸਾਰੀਆਂ ਹਨ, ਪਰ ਮੈਂ ਉਸ ਬਾਰੇ ਜੋ ਅਸਲ ਵਿਚ ਵਾਪਰਦਾ ਹੈ ਸਪੱਸ਼ਟ ਬਿਉਰਾ ਦੇਣ ਲਈ ਇਸ ਸਦਨ ਦਾ ਸਮਾਂ ਖ਼ਰਚ ਨਹੀਂ ਕਰਨਾ ਚਾਹੁੰਦਾ। ਮੈਂ ਇਸ ਪ੍ਰਥਾ ਬਾਰੇ ਅਤੇ ਉਸ ਦਮਨਕਾਰੀ ਪ੍ਰਥਾ ਦੀ ਪ੍ਰਵਿਰਤੀ ਬਾਰੇ ਆਮ ਗੱਲ ਕਰਾਂਗਾ। ਸ੍ਰੀਮਾਨ ਜੀ, ਸਭ ਤੋਂ ਪਹਿਲਾਂ ਇਹ ਚੇਤੇ ਕਰਨਾ ਹੋਵੇਗਾ ਕਿ ਇਹ ਨਿਮਨ ਪੱਧਰ ਦੇ ਵਤਨਦਾਰ, ਵਤਨ ਐਕਟ ਅਨੁਸਾਰ ਸਰਕਾਰੀ ਕਰਮਚਾਰੀ ਹਨ। ਸ੍ਰੀਮਾਨ ਜੀ, ਇਨ੍ਹਾਂ ਸਰਕਾਰੀ ਕਰਮਚਾਰੀਆਂ ਦੇ ਕਰਤੱਵ ਕਿਧਰੇ ਵੀ ਨਿਰਧਾਰਿਤ ਨਹੀਂ ਕੀਤੇ ਗਏ। ਇਹ ਨਹੀਂ ਪਤਾ, ਦਰ ਅਸਲ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਇਨ੍ਹਾਂ ਵਤਨਦਾਰਾਂ ਮਹਾਰਾਂ ਦਾ ਮਹਿਕਮਾ ਕਿਹੜਾ ਹੈ ? ਅਸਲ ਵਿੱਚ ਹਰ ਇਕ ਮਹਿਕਮਾ ਇਨ੍ਹਾਂ ਦੀਆਂ ਸੇਵਾਵਾਂ ਪ੍ਰਾਪਤ ਕਰਦਾ ਹੈ। ਉਨ੍ਹਾਂ ਨੂੰ ਸਿੰਜਾਈ ਵਿਭਾਗ ਵਿਚ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਮਾਲ ਮਹਿਕਮੇ ਵਿੱਚ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਟੀਕੇ ਲਾਉਣ ਵਾਲੇ ਵਿਭਾਗ ਵਿਚ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਸਿੱਖਿਆ ਵਿਭਾਗ ਵਿੱਚ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਸਥਾਨਕ ਸਵੈ-ਸ਼ਾਸਨ ਵਿਭਾਗ ਵਿਚ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ ਅਤੇ ਮੇਰਾ ਖ਼ਿਆਲ ਹੈ ਕਿ ਉਨ੍ਹਾਂ ਨੂੰ ਪੁਲਿਸ ਵਿਭਾਗ ਵਿੱਚ ਸੇਵਾ ਕਰਨ ਲਈ ਵੀ ਬੁਲਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਆਬਕਾਰੀ ਮਹਿਕਮੇ ਵਿਚ ਸੇਵਾ ਕਰਨ ਲਈ ਵੀ ਬੁਲਾਇਆ ਜਾ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਇਕ ਅਸਾਧਾਰਨ ਪ੍ਰਣਾਲੀ ਹੈ। ਹਰ ਇਕ ਸਰਕਾਰੀ ਕਰਮਚਾਰੀ ਨੂੰ ਪਤਾ ਹੈ, ਅਤੇ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਕਿਸ ਵਿਭਾਗ ਨਾਲ ਸਬੰਧਿਤ ਹੈ ਅਤੇ ਉਸ ਤੋਂ ਕਿਸ ਤਰ੍ਹਾਂ ਦੀ ਸੇਵਾ ਦੀ ਉਮੀਦ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਕੋਈ ਵੀ ਵਿਭਾਗ ਕਿਸੇ ਵੀ ਵਿਅਕਤੀ ਨੂੰ ਅਜਿਹੇ ਕਰਮਚਾਰੀ ਵਜੋਂ ਨਿਯੁਕਤ ਨਹੀਂ ਕਰਦਾ ਜਿਸਨੂੰ ਹਰ-ਕਾਜੀ ਦਾਸੀ ਕਿਹਾ ਜਾ ਸਕੇ ਪਰ ਮਹਾਰ ਅਮਲੀ ਰੂਪ ਵਿਚ ਹਰ ਕੰਮ ਲਈ ਸਰਕਾਰ ਦੇ ਸਾਰੇ ਵਿਭਾਗਾਂ ਦੀਆਂ ਦਾਸੀਆਂ ਹਨ ਅਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਹੀ ਵਰਤਿਆ ਜਾਂਦਾ ਹੈ। ਹੋਰ ਇਹ, ਕਿ ਮਹਾਰ ਨੂੰ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਸੇਵਾ ਕਰਨ ਲਈ ਬੁਲਾਇਆ ਜਾ ਸਕਦਾ ਹੈ। ਦੂਜੇ, ਹਰ ਇਕ ਸਰਕਾਰੀ ਕਰਮਚਾਰੀ ਨੂੰ ਖ਼ਾਸ ਸਮੇਂ ਦੇ ਦੌਰਾਨ, ਭਾਵੇਂ ਉਸਦੀ ਹੈਸੀਅਤ ਕਿੰਨੀ ਵੀ ਨੀਵੀਂ ਹੋਵੇ, ਕਲੈਕਟਰ ਦੇ ਦਫ਼ਤਰ ਜਾਂ ਕਿਸੇ ਹੋਰ ਦਫ਼ਤਰ ਦੇ ਹਰ ਇਕ ਚਪੜਾਸੀ ਨੂੰ ਵੀ ਪਤਾ ਹੈ ਕਿ ਉਸਨੇ ਆਪਣੀ ਡਿਊਟੀ ਉੱਤੇ ਖ਼ਾਸ ਸਮੇਂ ਤੇ ਜਾਣਾ ਹੈ ਅਤੇ ਉਥੋਂ ਖ਼ਾਸ ਸਮੇਂ ਤੇ ਵਾਪਸ ਆਉਣਾ ਹੈ। ਪਰ, ਇਨ੍ਹਾਂ ਮਹਾਰਾਂ ਦੀ ਸੂਰਤ ਵਿਚ ਇਸ ਤਰ੍ਹਾਂ ਕਦੇ ਵੀ ਨਹੀਂ ਹੋਇਆ। ਉਨ੍ਹਾਂ ਨੂੰ ਸੇਵਾ ਕਰਨ ਲਈ ਕੇਵਲ ਦਿਨ ਦੇ ਸਮੇਂ ਹੀ ਨਹੀਂ, ਇਥੋਂ ਤੱਕ ਕਿ ਦਿਨ ਚੜ੍ਹਨ ਅਤੇ ਦਿਨ ਛਿਪਣ ਦੇ ਦਰਮਿਆਨ ਹੀ ਨਹੀਂ ਬੁਲਾਇਆ ਜਾਂਦਾ ਬਲਕਿ ਉਨ੍ਹਾਂ ਨੂੰ ਸੇਵਾ ਕਰਨ ਲਈ ਬੁਲਾਉਣਾ ਹੈ, ਤਾਂ ਭਾਵੇਂ ਮੀਂਹ

ਪੈਂਦਾ ਹੋਵੇ ਜਾਂ ਬਿਜਲੀ ਕੜਕ ਰਹੀ ਹੋਵੇ ਜਾਂ ਕੋਈ ਹੋਰ ਮੁਸ਼ਕਲ ਹੋਵੇ, ਉਹ ਅਜਿਹਾ ਕਰਨ ਤੋਂ ਇਨਕਾਰ ਕਰਨ ਦਾ ਹੌਸਲਾ ਨਹੀਂ ਕਰ ਸਕਦਾ।

ਤੀਜੀ ਸ਼ਿਕਾਇਤ ਇਹ ਹੈ-ਕਾਰਜ ਨਿਭਾਉਣ ਵਾਲਾ ਵਿਅਕਤੀ ਤਾਂ ਉਹ ਵਿਅਕਤੀ ਹੁੰਦਾ ਹੈ ਜਿਸ ਦਾ ਨਾਂ ਸੇਵਾ ਰਜਿਸਟਰ ਵਿਚ ਦਰਜ ਕੀਤਾ ਜਾਂਦਾ ਹ। ਪਰ, ਮਹਾਰਾਂ ਦੇ ਕੇਸ ਵਿੱਚ ਉਹ ਇਕੋ ਇਕ ਵਿਅਕਤੀ ਨਹੀਂ ਹੁੰਦਾ ਜੋ ਸਰਕਾਰ ਦੀ ਸੇਵਾ ਕਰਨ ਦਾ ਜ਼ਿੰਮੇਵਾਰ ਹ। ਜੇਕਰ ਕਾਰਜ ਨਿਭਾਉਣ ਵਾਲਾ ਵਿਅਕਤੀ ਕਿਸੇ ਵੀ ਸਰਕਾਰੀ ਡਿਊਟੀ ਤੇ ਬਾਹਰ ਗਿਆ ਹੋਇਆ ਹੈ ਅਤੇ ਬੁਲਾਏ ਜਾਣ ਤੇ ਆ ਨਹੀਂ ਸਕਦਾ ਤਾਂ ਸੇਵਾ ਕਰਨ ਲਈ ਉਸਦੇ ਬਾਪ ਨੂੰ ਬੁਲਾਇਆ ਜਾ ਸਕਦਾ ਹੈ, ਜੇਕਰ ਉਸਦਾ ਬਾਪ ਵੀ ਗ਼ੈਰ-ਹਾਜ਼ਰ ਹੈ ਤਾਂ ਸੇਵਾ ਕਰਨ ਲਈ ਉਸਦੇ ਦਾਦੇ ਨੂੰ ਬੁਲਾਇਆ ਜਾ ਸਕਦਾ ਹੈ। ਰਜਿਸਟਰ ਵਿਚ ਬਾਪ ਅਤੇ ਦਾਦੇ ਦੇ ਨਾਂ, ਭਾਵੇਂ ਨਾ ਵੀ ਲਿਖੇ ਹੋਏ ਹੋਣ। ਕੇਵਲ ਪੁਰਸ਼ਾਂ ਤੋਂ ਹੀ ਨਹੀਂ; ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਇਸਤਰੀਆਂ ਤੋਂ ਵੀ ਸਰਕਾਰੀ ਸੇਵਾ ਕਰਵਾਈ ਜਾਂਦੀ ਹੈ। ਜੇਕਰ ਕਾਰਜ ਨਿਭਾਉਣ ਵਾਲਾ ਮੌਜੂਦ ਨਹੀਂ ਤਾਂ ਉਸਦੀ ਪਤਨੀ ਨੂੰ ਬੁਲਾਇਆ ਜਾ ਸਕਦਾ ਹੈ: ਜੇਕਰ ਉਸਦੀ ਪਤਨੀ ਗ਼ੈਰ-ਹਾਜ਼ਰ ਹੈ ਤਾਂ ਉਸਦੀ ਮਾਂ ਨੂੰ ਬੁਲਾਇਆ ਜਾ ਸਕਦਾ ਹੈ, ਅਤੇ ਜੇਕਰ ਮਾਂ ਵੀ ਗ਼ੈਰ-ਹਾਜ਼ਰ ਹੈ ਤਾਂ ਕਾਰਜ ਨਿਭਾਉਣ ਵਾਲੇ ਵਿਅਕਤੀ ਦੀ ਗ਼ੈਰ-ਹਾਜ਼ਰੀ ਵਿਚ ਪਰਿਵਾਰ ਦੇ ਛੋਟੇ ਇਸਤਰੀ ਮੈਂਬਰਾਂ ਤੋਂ ਸੇਵਾ ਕਰਵਾਈ ਜਾਂਦੀ ਹੈ। ਥੋੜ੍ਹੀ ਦੇਰ ਲਈ ਇਸ ਤਰ੍ਹਾਂ ਦੀ ਸਥਿਤੀ ਦੀ ਕਲਪਨਾ ਕਰੋ: ਇਕ 18 ਸਾਲਾਂ ਦੀ ਮਹਾਰ ਲੜਕੀ ਨੂੰ 18 ਸਾਲਾਂ ਦੇ ਪੁਲਿਸ ਅਫਸਰ ਦੁਆਰਾ ਉਸਦੀ ਵਿਗਾਰ ਲਈ 5-6 ਮੀਲ ਦੇ ਫ਼ਾਸਲੇ ਤੱਕ ਲੈ ਜਾਣ ਲਈ ਬੁਲਾਇਆ ਜਾਂਦਾ ਹੈ। ਇਸ ਗੱਲ ਦਾ ਅਨੁਮਾਨ ਲਗਾਉ ਕਿ ਇਹੋ ਜਿਹੀ ਸਥਿਤੀ ਵਿਚ ਉਸਨੂੰ ਕਿਹੋ ਜਿਹੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ? ਸ੍ਰੀਮਾਨ ਜੀ, ਜਿਹੜੀ ਪ੍ਰਥਾ ਅੱਜ ਮੌਜੂਦ ਹੈ ਇਸ ਤੋਂ ਬਚਿਆ ਨਹੀਂ ਜਾ ਸਕਦਾ। ਜਿਹੜੀ ਪ੍ਰਥਾ ਅੱਜ ਲਾਗੂ ਹੈ, ਇਸ ਨਾਲ ਕੇਵਲ ਕਾਰਜ ਨਿਭਾਉਣ ਵਾਲਾ ਵਿਅਕਤੀ ਹੀ ਸੇਵਾ ਕਰਨ ਲਈ ਮਜਬੂਰ ਨਹੀਂ ਬਲਕਿ ਉਸਦਾ ਸਾਰਾ ਟੱਬਰ ਸੇਵਾ ਦਾ ਪਾਬੰਦ ਹੈ। ਮੈਂ ਗੁਜ਼ਾਰਸ਼ ਕਰਦਾ ਹਾਂ ਕਿ ਇਹ ਸਭ ਤੋਂ ਵੱਧ ਦਮਨਕਾਰੀ ਪ੍ਰਣਾਲੀ ਹੈ ਜੋ ਸਰਕਾਰੀ ਸੇਵਾ ਦੇ ਕਿਸੇ ਦੂਜੇ ਮਹਿਕਮੇ ਵਿਚ ਮੌਜੂਦ ਨਹੀਂ।

ਉਜਰਤ ਦੇ ਪ੍ਰਸ਼ਨ ਵੱਲ ਆਈਏ। ਇਹ ਗ਼ਰੀਬਲੋਕ 24 ਘੰਟੇ ਸੇਵਾ ਕਰਨ ਬਦਲੇ ਆਪਣੇ ਕਠਿਨ ਅਤੇ ਔਕੜਾਂ ਭਰੇ ਕੰਮ ਵਾਸਤੇ ਕੀ ਉਜਰਤ ਹਾਸਲ ਕਰਦੇ ਹਨ? ਜੇਕਰ ਮੈਂ ਦੱਸਾਂ ਤਾਂ ਇਸ ਸਦਨ ਨੂੰ ਹੈਰਾਨੀ ਹੋਵੇਗੀ ਕਿ ਸਰਕਾਰ ਇਨ੍ਹਾਂ ਲੋਕਾਂ ਤੋਂ ਕਰਵਾਈ ਗਈ ਸੇਵਾ ਦੇ ਬਦਲੇ ਸਿੱਧੇ ਤੌਰ ਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਕੁਝ ਵੀ ਅਦਾ ਨਹੀਂ ਕਰਦੀ। ਮੇਰੇ ਪਾਸ ਖ਼ੁਦ ਸਰਕਾਰ ਦੁਆਰਾ ਦਿੱਤੇ ਗਏ ਅੰਕੜੇ ਹਨ। ਥਾਣਾ ਜ਼ਿਲ੍ਹੇ ਵਿਚ ਕਾਰਜ ਨਿਭਾਉਣ ਵਾਲੇ ਮਹਾਰ ਨੂੰ ਸਰਕਾਰ ਦੁਆਰਾ ਦਿੱਤੀ ਜਾਂਦੀ ਰਕਮ 1.50 ਰੁਪਈਆ ਪ੍ਰਤੀ ਮਹੀਨਾ ਬਣਦੀ ਹੈ, ਅਹਿਮਦਨਗਰ ਜ਼ਿਲ੍ਹੇ ਵਿੱਚ ਅਦਾ ਕੀਤੀ ਜਾਂਦੀ ਰਕਮ 1.50 ਰੁਪਈਆ ਪ੍ਰਤੀ

ਮਹੀਨਾ ਬਣਦੀ ਹ, ਪੂਰਬੀ ਪ੍ਰਦੇਸ਼ ਵਿਚ ਦਿੱਤੀ ਜਾਂਦੀ ਰਕਮ 1.75 ਰੁਪਈਆ ਪ੍ਰਤੀ ਮਹੀਨਾ ਬਣਦੀ ਹੈ, ਪੱਛਮੀ ਪ੍ਰਦੇਸ਼ ਵਿਚ ਦਿੱਤੀ ਜਾਂਦੀ ਰਕਮ 58 ਪੈਸੇ ਪ੍ਰਤੀ ਮਹੀਨਾ ਬਣਦੀ ਹੈ, ਨਾਸਿਕ ਜ਼ਿਲ੍ਹੇ ਵਿੱਚ ਰਕਮ 83 ਪੈਸੇ ਪ੍ਰਤੀ ਮਹੀਨਾ ਬਣਦੀ ਹੈ, ਪੂਨਾ ਜ਼ਿਲ੍ਹੇ ਵਿੱਚ 1.08 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ, ਸਾਤਾਰਾ ਜ਼ਿਲ੍ਹੇ ਵਿੱਚ ਦਿੱਤੀ ਜਾਂਦੀ ਰਕਮ 13 ਪੈਸੇ ਬਣਦੀ ਹੈ, ਸ਼ੋਲਾਪੁਰ ਜ਼ਿਲ੍ਹੇ ਵਿੱਚ ਦਿੱਤੀ ਜਾਂਦੀ ਰਕਮ 20 ਪੈਸੇ ਪ੍ਰਤੀ ਮਹੀਨਾ ਬਣਦੀ ਹੈ ਅਤੇ ਬੰਬਈ ਦੇ ਨੀਮ ਸ਼ਹਿਰੀ ਜ਼ਿਲ੍ਹੇ ਵਿਚ 9.50 ਤੋਂ ਲੈ ਕੇ 31 ਪੈਸੇ ਪ੍ਰਤੀ ਮਹੀਨਾ ਦੇ ਵਿਚਕਾਰ ਦਿੱਤੇ ਜਾਂਦੇ ਹਨ। ਬੇਲਗਾਮ ਵਿੱਚ ਸਰਕਾਰ ਆਪਣੇ ਖ਼ਜ਼ਾਨੇ ਵਿਚੋਂ ਕੋਈ ਤਨਖ਼ਾਹ ਨਹੀਂ ਦਿੰਦੀ। ਰਤਨਾਗਿਰੀ ਅਤੇ ਕੋਲਾਬਾ ਦੇ ਅੰਕੜੇ ਸਰਕਾਰ ਨੇ ਮਾਰਚ,1925 ਦੇ ਸਮਾਗਮ ਵਿਚ ਪੁੱਛੇ ਗਏ ਇਕ ਸਵਾਲ ਦੇ ਉਤਰ ਵਿਚ ਨਹੀਂ ਦਿੱਤੇ। ਸਦਨ ਦੇਖ ਸਕਦਾ ਹੈ ਕਿ ਸਰਕਾਰ ਉਨ੍ਹਾਂ ਤੋਂ ਕਰਵਾਈ ਗਈ ਸੇਵਾ ਦੇ ਬਦਲੇ ਕਿੰਨੀ ਥੋੜ੍ਹੀ ਰਕਮ ਉਨ੍ਹਾਂ ਨੂੰ ਗੁਜ਼ਾਰੇ ਲਈ ਦਿੰਦੀ ਹੈ। ਅਸਲ ਵਿਚ ਦੇਖਿਆ ਜਾਵੇ ਤਾਂ ਸਰਕਾਰ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਮਿਹਨਤਾਨਾ ਇਨ੍ਹਾਂ ਮਹਾਰਾਂ ਤੋਂ ਕਰਵਾਈ ਗਈ ਸੇਵਾ ਦੇ ਬਦਲੇ ਉਨ੍ਹਾਂ ਨੂੰ ਨਹੀਂ ਦਿੰਦੀ। ਇਨ੍ਹਾਂ ਵਤਨਦਾਰ ਮਹਾਰਾਂ ਦੀ ਆਮਦਨ ਦੇ ਦੋ ਸਾਧਨ ਹਨ। ਪਹਿਲਾ ਸਾਧਨ ਹੈ ਇਨਾਮ ਭੂਮੀ ਅਤੇ ਦੂਜਾ ਸਾਧਨ ਹੈ ਸੇਪ ਜਾਂ ਵਤਨਦਾਰ ਮਹਾਰਾਂ ਦੁਆਰਾ ਪਿੰਡ ਵਾਸੀਆਂ ਪਾਸੋਂ ਇਕੱਠਾ ਕੀਤਾ ਗਿਆ ਅਨਾਜ। ਇਹ ਇਨਾਮ ਭੂਮੀਆਂ (ਜ਼ਮੀਨਾਂ) ਬਰਤਾਨਵੀ ਸਰਕਾਰ ਨੇ ਨਹੀਂ ਸਨ ਦਿੱਤੀਆਂ ਬਲਕਿ ਇਹ ਇਨ੍ਹਾਂ ਮਹਾਰਾਂ ਨੂੰ ਇਸ ਦੇਸ ਦੇ ਪੁਰਾਣੇ ਰਾਜਿਆਂ ਨੇ ਦਿੱਤੀਆਂ ਸਨ। ਮਹਾਰ ਵਤਨ ਇਸ ਦੇਸ ਵਿੱਚ ਸਭ ਤੋਂ ਪੁਰਾਣਾ ਵਤਨ ਹੈ ਅਤੇ ਸਾਰੀਆਂ ਜ਼ਮੀਨਾਂ ਉਨ੍ਹਾਂ ਨੂੰ ਪੁਰਾਣੇ ਸਮਿਆਂ ਵਿੱਚ ਦਿੱਤੀਆਂ ਗਈਆਂ ਸਨ। ਮੈਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਲੋਕਾਂ ਨੂੰ ਪੁਰਾਣੇ ਸਮਿਆਂ ਵਿਚ ਇਕ ਵਾਰੀ ਦਿੱਤੀਆਂ ਗਈਆਂ ਜ਼ਮੀਨਾਂ ਦੀ ਹੱਦ ਵਿਚ ਕਦੇ ਬਰਤਾਨਵੀ ਸਰਕਾਰ ਨੇ ਆਪਣੇ ਕਾਇਮ ਹੋਣ ਤੋਂ ਲੈ ਕੇ ਵਾਧਾ ਕੀਤਾ ਹੋਵੇ। ਕੀਮਤਾਂ ਵੱਧ ਗਈਆਂ ਹਨ, ਜੀਵਨ ਪੱਧਰ ਉਚਾ ਹੋ ਗਿਆ ਹੈ, ਅਤੇ ਹਰ ਇਕ ਸਰਕਾਰੀ ਕਰਮਚਾਰੀ ਨੂੰ ਤਰੱਕੀ ਦਿੱਤੀ ਗਈ ਹੈ–ਪਤਾ ਨਹੀਂ ਕਿੰਨੀ ਵਾਰੀ–ਪਰ ਬਰਤਾਨਵੀ ਸਰਕਾਰ ਨੇ ਇਨ੍ਹਾਂ ਲੋਕਾਂ ਦੀਆਂ ਉਜਰਤਾਂ ਵੱਲ ਇਕ ਪਲ ਵੀ ਧਿਆਨ ਨਹੀਂ ਦਿੱਤਾ। ਉਨ੍ਹਾਂ ਨੇ ਇਨ੍ਹਾਂ ਗ਼ਰੀਬ ਲੋਕਾਂ ਪਾਸ ਉਹੀ ਜ਼ਮੀਨ ਰਹਿਣ ਦਿੱਤੀ ਜੋ ਇਨ੍ਹਾਂ ਨੂੰ ਪੁਰਾਣੇ ਰਾਜਿਆਂ ਨੇ ਦਿੱਤੀ ਸੀ। ਮਹਾਰ ਆਬਾਦੀ ਵਿੱਚ ਕਾਫ਼ੀ ਵਾਧਾ ਹੋਇਆ ਹੈ ਅਤੇ ਮਹਾਰਾਂ ਨੂੰ ਦਿੱਤੀ ਗਈ ਜ਼ਮੀਨ ਅੱਗੇ ਤੋਂ ਅੱਗੇ ਇਸ ਹੱਦ ਤਕ ਵੰਡੀ ਜਾ ਚੁੱਕੀ ਹੈ ਕਿ ਇਨ੍ਹਾਂ ਲੋਕਾਂ ਨੂੰ ਇਨਾਮੀ ਜ਼ਮੀਨ ਤੋਂ ਹੁੰਦੀ ਆਮਦਨ, ਨਾਂ ਨੂੰ ਵੀ ਵਿਚਾਰ ਕਰਨ ਦੇ ਯੋਗ ਨਹੀਂ। ਇਨ੍ਹਾਂ ਲੋਕਾਂ ਨੂੰ ਆਪਣੀ ਉਜਰਤ ਦਾ ਵੱਡਾ ਹਿੱਸਾ ਦੂਜੇ ਸਾਧਨ ਅਰਥਾਤ ਸੇਪ ਤੋਂ ਪ੍ਰਾਪਤ ਹੁੰਦਾ ਹੈ। ਸ੍ਰੀ ਮਾਨ ਜੀ, ਅਦਾਇਗੀ ਦੇ ਇਸ ਢੰਗ ਦੀ ਵਿਸ਼ੇਸ਼ਤਾ ਤੇ ਇਸ ਮਾਨਯੋਗ ਸਦਨ ਨੂੰ ਧਿਆਨ ਦੇਣ ਦੀ ਲੋੜ ਹੈ। ਮੈਂ ਫਿਰ ਦੁਹਰਾਵਾਂਗਾ ਕਿ ਮਹਾਰ ਸਰਕਾਰੀ ਕਰਮਚਾਰੀ ਹਨ, ਪਰ ਸਰਕਾਰ ਉਸ ਵਿਅਕਤੀ ਨੂੰ ਉਜਰਤ ਅਦਾ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਨਹੀਂ ਲੈਂਦੀ ਜਿਸ

ਨੂੰ ਇਹ ਆਪ ਨਿਯੁਕਤ ਕਰਦੀ ਹੈ। ਦੂਜੇ, ਹਰ ਇਕ ਕੇਸ ਵਿਚ ਸਰਕਾਰ ਚਪੜਾਸੀ, ਕਲਰਕ/ਅਫ਼ਸਰ ਅਤੇ ਨਿਯੁਕਤ ਵਿਅਕਤੀਆਂ ਨੂੰ ਅਦਾਇਗੀ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈਂਦੀ ਹੈ ਪਰ ਮਾਹਰਾਂ ਦੇ ਕੇਸ ਵਿਚ, ਜਿਥੋਂ ਤਕ ਸੇਪ ਦਾ ਸਬੰਧ ਹੈ, ਕਿਸੇ ਤਰ੍ਹਾਂ ਵੀ ਇਹ ਜ਼ਿੰਮੇਵਾਰੀ ਆਪਣੇ ਸਿਰ ਲੈਣ ਲਈ ਤਿਆਰ ਨਹੀਂ ਕਿ ਉਨ੍ਹਾਂ ਨੂੰ ਉਜਰਤ ਦੀ ਅਦਾਇਗੀ ਕੀਤੀ ਜਾਵੇਗੀ। ਇਸ ਦਾ ਕਾਰਨ ਇਹ ਹੈ ਕਿ ਵਤਨ ਐਕਟ ਅਧੀਨ ਸੇਪ ਦੀ ਅਦਾਇਗੀ ਦੇ ਸਬੰਧ ਵਿਚ ਮਹਾਰ ਪੂਰੀ ਤਰ੍ਹਾਂ ਕਿਸਾਨਾਂ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ। ਜੇਕਰ ਕਿਸਾਨ ਕਿਸੇ ਮਹਾਰ ਨੂੰ ਕੁਝ ਦੇਣਾ ਚਾਹੁਣ ਤਾਂ ਉਹ ਹਾਸਲ ਕਰ ਸਕਦਾ ਹੈ, ਜੇਕਰ ਕਿਸਾਨ ਪੂਰੇ ਬਾਰਾਂ ਮਹੀਨੇ ਸੇਵਾ ਕਰਵਾਉਣ ਤੋਂ ਪਿਛੇ ਮਹਾਰ ਨੂੰ ਕੁਝ ਦੇਣਾ ਨਹੀਂ ਚਾਹੁੰਦੇ ਤਾਂ ਮਹਾਰ ਨੂੰ ਪਤਾ ਲਗਦਾ ਹੈ ਕਿ ਉਸ ਨੇ ਮੁਫ਼ਤ ਵਿਚ ਹੀ ਸੇਵਾ ਕੀਤੀ ਹੈ।

ਸ੍ਰੀਮਾਨ ਜੀ, ਮੈਂ ਗੁਜ਼ਾਰਸ਼ ਕਰਦਾ ਹਾਂ ਕਿ ਇਹ ਅਤਿਆਚਾਰੀ ਪ੍ਰਥਾ ਹੈ, ਇਕ ਅਜਿਹੀ ਪ੍ਰਥਾ ਜਿਸ ਵਿਚ ਕਿਸੇ ਤਰ੍ਹਾਂ ਦਾ ਵੀ ਇਨਸਾਫ਼ ਨਹੀਂ। ਜੇਕਰ ਸਰਕਾਰ ਚਾਹੁੰਦੀ ਹੈ ਕਿ ਇਹ ਲੋਕ ਉਨ੍ਹਾਂ ਵਾਸਤੇ ਕੰਮ ਕਰਨ ਤਾਂ ਇਹ ਬਹੁਤ ਹੀ ਜ਼ਰੂਰੀ ਹੈ ਕਿ ਸਰਕਾਰ ਇਨ੍ਹਾਂ ਮਹਾਰਾਂ ਨੂੰ ਉਜਰਤ ਦੀ ਅਦਾਇਗੀ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਵੇ, ਉਸ ਨੂੰ ਇਹ ਬੋਝ ਪ੍ਰਤਿਨਿਧ ਰੂਪ ਵਿੱਚ ਬੜੀ ਬੇਪਰਵਾਹੀ ਨਾਲ ਤੀਜੀ ਧਿਰ, ਅਰਥਾਤ, ਕਿਸਾਨਾਂ ਉਤੇ ਨਹੀਂ ਸੁਟੱਣਾ ਚਾਹੀਦਾ। ਪਰ, ਇਹ ਸਭ ਕੁਝ ਮੌਜੂਦਾ ਪ੍ਰਣਾਲੀ ਵਿਚ ਹੋ ਰਿਹਾ ਹੈ।

ਸ੍ਰੀਮਾਨ ਜੀ, ਕੀ ਇਸ ਗੱਲ ਦੀ ਕੋਈ ਸੁਰੱਖਿਆ ਹੈ ਕਿ ਵਤਨ ਪ੍ਰਥਾ ਜਾਰੀ ਰੱਖੀ ਜਾਵੇਗੀ ? ਕੀ ਇਸ ਗੱਲ ਦੀ ਕੋਈ ਸੁਰੱਖਿਆ ਹੈ ਕਿ ਮਹਾਰ ਵਤਨ ਪ੍ਰਥਾ ਨੂੰ ਮੁਅੱਤਲ ਨਹੀਂ ਕੀਤਾ ਜਾਵੇਗਾ ਜਾਂ ਮੁੜ ਸ਼ੁਰੂ ਕੀਤਾ ਜਾਵੇਗਾ ? ਸ੍ਰੀਮਾਨ ਜੀ, ਇਸ ਗਲ ਦੀ ਕਿਸੇ ਤਰ੍ਹਾਂ ਦੀ ਵੀ ਕੋਈ ਗਰੰਟੀ ਨਹੀਂ। ਇਸ ਦਾ ਕਾਰਨ ਸੁਭਾਵਕ ਅਤੇ ਬੜਾ ਸਾਦਾ ਹੈ। ਹਰ ਇਕ ਕੇਸ਼ ਵਿਚ ਇਕ ਹੇਠਲੇ ਕਰਮਚਾਰੀ ਦੀ ਸੇਵਾ ਦੀ ਮਿਅਦਾ ਪੂਰੀ ਤਰ੍ਹਾਂ ਉਸ ਦੇ ਨੇੜੇ ਦੇ ਅਫ਼ਸਰਾਂ ਦੀ ਮਰਜ਼ੀ ਤੇ ਨਿਰਭਰ ਕਰਦੀ ਹੈ। ਜਿਨ੍ਹਾਂ ਹੇਠ ਉਹ ਕੰਮ ਕਰਦਾ ਹ। ਸ੍ਰੀਮਾਨ ਜੀ, ਇੱਥੇ ਪਾਟਿਲ, ਕੁਲਕਰਨੀ ਅਤੇ ਮਾਮਲਤਦਾਰ ਨੇੜੇ ਦੇ ਉਹ ਅਫ਼ਸਰ ਹਨ ਜਿਨ੍ਹਾਂ ਹੇਠ ਮਹਾਰ ਨੂੰ ਕੰਮ ਕਰਨਾ ਪੈਂਦਾ ਹੈ। ਮਹਾਰ ਇਹ ਆਸ ਨਹੀਂ ਰੱਖ ਸਕਦਾ ਕਿ ਉਸ ਦਾ ਵਤਨ ਸੁਰੱਖਿਅਤ ਰਹੇਗਾ ਜਦ ਤਕ ਕਿ ਉਹ ਸਰਕਾਰ ਦੀ ਸੇਵਾ---- ----ਮੇਰਾ ਭਾਵ ਹੈ ਜਾਇਜ਼ ਸੇਵਾ ਜਿਸ ਦੀ ਇਕ ਸਰਕਾਰੀ ਕਰਮਚਾਰੀ ਹੋਣ ਕਰਕੇ ਉਸ ਤੋਂ ਆਸ ਕੀਤੀ ਜਾਂਦੀ ਹੈ--ਤੋਂ ਇਲਾਵਾ ਉਹ ਖੁਸ਼ੀ ਖੁਸ਼ੀ ਅਤੇ ਬਿਨ੍ਹਾਂ ਕਿਸੇ ਉਜਰਤ ਦੇ ਆਪਣੇ ਨੇੜੇ ਦੇ ਸ੍ਰੇਸ਼ਠ ਲੋਕਾਂ ਦੀ ਅਰਥਾਤ ਪਾਟਿਲ, ਕੁਲਕਰਨੀ ਅਤੇ ਮਾਮਲਤਦਾਰ ਦੀ ਨਿੱਜੀ ਸੇਵਾ ਨਹੀਂ ਕਰਦਾ, ਜਦ ਤਕ ਉਹ ਉਨ੍ਹਾਂ ਦੀ ਸਹਾਇਤਾ ਦਾ ਕਿਰਪਾ-ਪਾਤਰ ਨਹੀਂ ਬਣਦਾ-- ਅਤੇ ਇਹ ਸਹਾਇਤਾ ਸਹਿਜੇ ਹੀ ਦਿੱਤੀ ਵੀ ਨਹੀਂ ਜਾਂਦੀ। ਇਹ ਸਹਾਇਤਾ ਬਿਨਾਂ ਕਿਸੇ ਉਜਰਤ ਤੋਂ ਉਨ੍ਹਾਂ ਦੀ ਸੇਵਾ ਕਰਕੇ ਮਿਲਦੀ ਹੈ। ਇਸ ਗਲ ਦੀ ਕੋਈ ਸੁਰੱਖਿਆ ਨਹੀਂ ਕਿ ਪਾਟਿਲ ਜਾਂ ਕੁਲਕਰਨੀ ਇਹ ਰਿਪੋਰਟ ਨਹੀਂ ਦੇਣਗੇ ਕਿ ਮਹਾਰ ਆਪਣੇ ਫ਼ਰਜ਼ ਚੰਗੀ ਤਰ੍ਹਾਂ ਨਹੀਂ ਨਿਭਾ ਰਿਹਾ-- ਬਿਲਕੁਲ ਝੂਠੀ ਅਤੇ ਮਨਘੜਤ ਰਿਪੋਰਟ। ਅਜਿਹੇ ਬਹੁਤ ਸਾਰੇ ਕੇਸ ਹੋਏ

ਹਨ ਜਦੋਂ ਪਾਟਿਲ ਅਤੇ ਕੁਲਕਰਨੀ ਲੋਕਾਂ ਨੇ ਅਜਿਹੀਆਂ ਰਿਪੋਰਟਾਂ ਦਿਤੀਆਂ ਅਤੇ ਮਾਲ ਅਫ਼ਸਰਾ ਨੇ ਉਨ੍ਹਾਂ ਤੇ ਅਮਲ ਕੀਤਾ ਅਤੇ ਮਹਾਰਾਂ ਦੇ ਵਤਨ ਮੁਅੱਤਲ ਕੀਤੇ ਗਏ ਜਾਂ ਜ਼ਬਤ ਕੀਤੇ ਗਏ ਹਨ। ਮੇਰੇ ਆਪਣੇ ਤਜਰਬੇ ਮੁਤਾਬਕ ਜੋ ਮੈਂ ਮੰਨਦਾ ਹਾਂ ਕਿ ਬਹੁਤ ਜ਼ਿਆਦਾ ਸਾਲ ਨਹੀਂ ਹੋਏ, ਮੈਂ ਅਜਿਹੇ ਬਹੁਤ ਸਾਰੇ ਕੇਸ ਦੇਖੇ ਹਨ ਜਿਥੇ ਮਹਾਂਰ ਵਤਨ ਮੁਅੱਤਲ ਕਰ ਦਿੱਤੇ ਗਏ ਹਨ ਜਾਂ ਜ਼ਬਤ ਕਰ ਲਏ ਗਏ ਹਨ। ਮੈਂ ਖ਼ੁਦ ਆਪਣੀ ਪੂਰੀ ਕੋਸ਼ਸ਼ ਕੀਤੀ ਹੈ ਕਿ ਵੱਡੇ ਅਫ਼ਸਰ, ਜ਼ਿਲ੍ਹਾ ਡਿਪਟੀ ਕਲੈਕਟਰ, ਸਹਾਇਕ ਕਲੈਕਟਰ, ਕਲੈਕਟਰ ਅਤੇ ਕਮਿਸ਼ਨਰ ਮਾਮਲਤਦਾਰਾਂ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਨੂੰ ਪਰਤਾਉਣ। ਪਰ ਸ੍ਰੀ ਮਾਨ ਜੀ, ਮੈਂ ਕਦੇ ਇਕ ਵੀ ਕੇਸ ਵਿਚ ਸਫ਼ਲ ਨਹੀਂ ਹੋਇਆ। ਨਤੀਜਾ ਇਹ ਹੁੰਦਾ ਹੈ ਕਿ ਹੇਠਲੇ ਅਫ਼ਸਰ ਨੂੰ ਹਮੇਸ਼ਾ ਇਹ ਪੂਰਾ ਯਕੀਨ ਹੁੰਦਾ ਹੈ ਕਿ ਉਸ ਦਾ ਫ਼ੈਸਲਾ ਭਾਵੇਂ ਇਹ ਠੀਕ ਹੋਵੇ ਭਾਵੇਂ ਨਾ, ਭਾਵੇਂ ਇਹ ਜਾਇਜ਼ ਤੱਥਾਂ ਤੇ ਆਧਾਰਿਤ ਹੋਵੇ ਭਾਵੇਂ ਨਾ, ਭਾਵੇਂ ਇਹ ਮਨ-ਘੜਤ ਗਵਾਹੀ ਤੇ ਆਧਾਰਿਤ ਹੋਵੇ ਭਾਵੇਂ ਨਾ, ਉਸ ਦੇ ਵੱਡੇ ਅਫ਼ਸਰ ਉਸ ਨੂੰ ਸਹੀ ਮੰਨਣਗੇ। ਸੁਰੱਖਿਆ ਦੇ ਅਹਿਸਾਸ ਤੇ ਆਧਾਰਤ ਇਨ੍ਹਾਂ ਲੋਕਾਂ ਦੇ ਜਬਰ ਅਤੇ ਅਤਿਆਚਾਰ ਦੀ ਕੋਈ ਸੀਮਾ ਨਹੀਂ ਜੋ ਇਹ ਇਸ ਬਦਕਿਸਮਤ ਸ਼੍ਰੇਣੀ ਦੇ ਲੋਕਾਂ ਤੇ ਕਰਦੇ ਹਨ। ਇਹ ਇਕ ਹੋਰ ਬੁਰਾਈ ਹੈ ਜੋ ਇਸ ਪ੍ਰਥਾ ਦਾ ਲਾਜ਼ਮੀ ਅੰਗ ਹੈ।

ਸ੍ਰੀਮਾਨ ਜੀ, ਜੇਕਰ ਇਸ ਪ੍ਰਥਾ ਦੀ ਬੁਰਾਈ ਦਾ ਅਸਰ ਕੇਵਲ ਕਾਰਜ ਨਿਭਾਉਣ ਵਾਲੇ ਮਹਾਰਾਂ ਤੇ ਹੀ ਪੈਂਦਾ ਅਤੇ ਬਾਕੀ ਦੀ ਦਲਿਤ ਸ਼੍ਰੇਣੀ ਉੱਤੇ ਨਾ ਪੈਂਦਾ ਤਾਂ ਮੈਂ ਇਸ ਮਾਮਲੇ ਨੂੰ ਇਤਨੀ ਮਹੱਤਾ ਨਾ ਦਿੰਦਾ। ਮੁਸੀਬਤ ਇਹ ਹੈ ਕਿ ਇਸ ਪ੍ਰਥਾ ਦੀਆਂ ਬੁਰਾਈਆਂ ਆਪਣੇ ਖੇਤਰ ਵਿਚ ਇੰਨੀਆਂ ਵਿਸ਼ਾਲ ਹਨ, ਇੰਨੀਆਂ ਫੈਲ ਚੁੱਕੀਆਂ ਹਨ ਕਿ ਉਨ੍ਹਾਂ ਦਾ ਪ੍ਰਭਾਵ ਕੇਵਲ ਕਾਰਜ ਨਿਭਾਉਣ ਵਾਲੇ ਮਹਾਰਾਂ ਤੇ ਹੀ ਨਹੀਂ ਪੈਂਦਾ ਹੈ। ਸ੍ਰੀਮਾਨ ਜੀ, ਜਦੋਂ ਮੈਂ ਇਹ ਆਖਾਂ ਤਾਂ ਸ਼ਾਇਦ ਇਹ ਸਦਨ ਯਕੀਨ ਨਾ ਕਰੇ ਕਿ ਵਤਨ ਪ੍ਰਥਾ ਦੇ ਸਿੱਟੇ ਵਜੋਂ ਪਿੰਡਾਂ ਵਿਚ ਮਹਾਰ ਆਬਾਦੀ ਡਾ.ਪਰਾਂਜਪਾਈ ਦੇ ਗਸ਼ਤੀ ਪੱਤਰ ਦਾ ਲਾਭ ਉਠਾਉਣ ਲਈ ਖੁਲ੍ਹੇਆਮ ਦਾਅਵਾ ਨਹੀਂ ਕਰ ਸਕਦੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਦੂਜੀਆਂ ਸ਼੍ਰੇਣੀਆਂ ਦੇ ਬੱਚਿਆਂ ਨਾਲ ਬਿਠਾਉਣਾ ਚਾਹੀਦਾ ਹੈ। ਭਾਵੇਂ ਇਸ ਪਰਿਸ਼ਦ ਨੇ ਇਹ ਮਤਾ ਪਾਸ ਕਰ ਦਿੱਤਾ ਹੈ ਕਿ ਦਲਿਤ ਸ਼੍ਰੇਣੀਆਂ ਨੂੰ ਧਰਮਸ਼ਾਲਾਵਾਂ ਅਤੇ ਹੋਰ ਜਨਤਕ ਸਥਾਨਾਂ ਦੀ ਵਰਤੋਂ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਦਲਿਤ ਸ਼੍ਰੇਣੀਆਂ ਖੁੱਲ੍ਹੇ ਆਮ ਇਨ੍ਹਾਂ ਵਿਸ਼ੇਸ਼ ਅਧਿਕਾਰਾਂ ਵਾਸਤੇ ਨਹੀਂ ਆਖ ਸਕਦੀਆਂ, ਜੋ ਇਸ ਪਰਿਸ਼ਦ ਨੇ ਉਨ੍ਹਾਂ ਨੂੰ ਦਿੱਤੇ ਹਨ। ਜਿਵੇਂ ਮੈਂ ਕਹਿੰਦਾ ਹਾਂ, ਇਹ ਪਰਿਸ਼ਦ ਇਸ ਗੱਲ ਦਾ ਯਕੀਨ ਨਹੀਂ ਕਰੇਗੀ, ਕਿ ਵਤਨ ਪ੍ਰਥਾ ਹੀ ਅਜਿਹੀ ਸਥਿਤੀ ਪੈਦਾ ਕਰਨ ਲਈ ਜ਼ਿੰਮੇਵਾਰ ਹੈ। ਪਰ ਸ੍ਰੀਮਾਨ ਜੀ, ਮੈਂ ਕੇਵਲ ਇਹੀ ਸਪਸ਼ਟੀਕਰਨ ਦੇ ਸਕਦਾ ਹਾਂ ਕਿ ਮਹਾਰ ਆਬਾਦੀ ਤਰੱਕੀ ਕਿਉਂ ਨਹੀਂ ਕਰ ਸਕਦੀ ? ਕਾਰਨ ਬੜਾ ਸਾਦਾ ਹੈ। ਮਿਸਾਲ ਦੇ ਤੌਰ ਤੇ ਜਦੋਂ ਕਦੇ ਵੀ ਕਿਸੇ ਖ਼ਾਸ ਪਿੰਡ ਵਿਚ ਮਹਾਰ ਬਰਾਦਰੀ ਕਿਸੇ ਖ਼ਾਸ ਖੇਤਰ ਵਿੱਚ ਉੱਨਤੀ ਕਰਨਾ ਚਾਹੁੰਦੀ ਹੈ ਅਤੇ ਉਸ ਨੂੰ ਕਿਸਾਨ ਪਸੰਦ ਨਹੀਂ

ਕਰਦੇ ਤਾਂ ਇਕ ਤੁਰਤ ਕਾਰਵਾਈ ਜੋ ਕਿਸਾਨ ਕਰਦੇ ਹਨ, ਉਹ ਸੇਪ ਬੰਦ ਕਰ ਦਿੰਦੇ ਹਨ ਅਤੇ ਸਮਾਜਕ ਤੌਰ ਤੇ ਉਨ੍ਹਾਂ ਨੂੰ ਛੇਕ ਦਿੰਦੇ ਹਨ। ਮੈਨੂੰ ਇੱਕ ਕੇਸ ਦਾ ਪਤਾ ਹੈ ਜਿਥੇ ਪਿੰਡ ਵਾਸੀਆਂ ਨੇ ਸੇਪ ਬੰਦ ਕਰ ਦਿੱਤੀ ਅਤੇ ਸਮਾਜਕ ਬਾਈਕਾਟ ਕਰ ਦਿੱਤਾ ਕਿਉਂਕਿ ਇਕ ਮਹਾਰ ਦਾ ਰਿਸ਼ਤੇਦਾਰ ਜੁਰਾਬਾਂ ਅਤੇ ਬੂਟ ਪਾ ਕੇ ਪਿੰਡ ਵਿਚ ਚਲਾ ਗਿਆ ਸੀ। ਇਸ ਹਰਕਤ ਨੂੰ ਪਿੰਡ ਵਾਲਿਆਂ ਨੇ ਪਸੰਦ ਨਹੀਂ ਕੀਤਾ। ਮੈਨੂੰ ਇਕ ਹੋਰ ਕੇਸ ਦਾ ਵੀ ਪਤਾ ਹੈ ਜਿੱਥੇ ਪਿੰਡ ਵਾਲਿਆਂ ਨੇ ਸੇਪ ਬੰਦ ਕਰ ਦਿੱਤੀ ਅਤੇ ਮਹਾਰ ਆਬਾਦੀ ਦਾ ਹੁੱਕਾ-ਪਾਣੀ ਬੰਦ ਕਰ ਦਿੱਤਾ ਕਿਉਂਕਿ ਪਿੰਡ ਵਿਚ ਇਕ ਮਹਾਰ ਆਦਮੀ ਨੇ ਆਪਣੇ ਮਕਾਨ ਵਿਚ ਟਾਈਲਾਂ ਲਗਾਉਣ ਦਾ ਹੌਸਲਾ ਕੀਤਾ। ਸ੍ਰੀਮਾਨ ਜੀ, ਅਜਿਹੀ ਪ੍ਰਥਾ ਜਿਹੜੀ ਸਾਰੀ ਆਬਾਦੀ ਨੂੰ ਗੁਲਾਮ ਬਣਾਉਂਦੀ ਹੈ, ਜਿਹੜੀ ਤਰੱਕੀ ਦੇ ਉਤਸਾਹ ਦਾ ਗਲਾ ਘੁੱਟਦੀ ਹੈ, ਜਿਹੜੀ ਅੱਗੇ ਵੱਧਣ ਦਾ ਰਸਤਾ ਰੋਕਦੀ ਹੈ, ਇਕ ਅਜਿਹੀ ਪ੍ਰਥਾ ਹੈ ਜਿਸ ਨੂੰ ਕੋਈ ਵੀ ਚੰਗਾ ਵਿਅਕਤੀ, ਸੋਝੀ ਵਾਲਾ ਕੋਈ ਵੀ ਆਦਮੀ, ਕਾਇਮ ਨਹੀਂ ਰੱਖੇਗਾ, ਨਾ ਹੀ ਜਾਇਜ਼ ਠਹਿਰਾਏਗਾ। ਸ੍ਰੀਮਾਨ ਜੀ, ਇਸ ਵਿੱਚ ਹੈਰਾਨੀ ਵਾਲੀ ਗੱਲ ਨਹੀਂ ਕਿ ਸਾਰੀ ਮਹਾਰ ਆਬਾਦੀ ਇਸ ਵਤਨ ਪ੍ਰਥਾ ਤੋਂ ਬਹੁਤ ਹੀ ਜ਼ਿਆਦਾ ਤੰਗ ਆ ਚੁੱਕੀ ਹੈ। ਮੇਰੇ ਮਾਨਯੋਗ ਦੋਸਤ ਮਾਲ ਮੰਤਰੀ ਮੇਰੀ ਇਹ ਗੱਲ ਮੰਨਣਗੇ ਕਿ ਸਾਰੀ ਮਹਾਰ ਆਬਾਦੀ -- ਮੈਂ ਇਹ ਗਲ ਬਿਨਾਂ ਕਿਸੇ ਵੰਗਾਰ ਦੇ ਡਰ ਤੋਂ ਕਹਿ ਰਿਹਾ ਹਾਂ-- ਇਸ ਪ੍ਰਥਾ ਤੋਂ ਬਿਲਕੁਲ ਤੰਗ ਆ ਚੁੱਕੀ ਹੈ ਅਤੇ ਇਸ ਤੋਂ, ਜਿੰਨੀ ਛੇਤੀ ਸੰਭਵ ਹੋ ਸਕੇ ਛੁਟਕਾਰਾ ਪਾਉਣਾ ਚਾਹੁੰਦੀ ਹੈ। ਇਨ੍ਹਾਂ ਮੁੱਢਲੀਆਂ ਟਿੱਪਣੀਆਂ ਨਾਲ ਮੈਂ ਇਸ ਬਿਲ ਦੇ ਉਪਬੰਧਾਂ ਦੀ ਵਿਆਖਿਆ ਕਰਦਾ ਹਾਂ ਜੋ ਅੱਜ ਇਸ ਸਦਨ ਦੇ ਸਾਹਮਣੇ ਹੈ।

ਸ੍ਰੀਮਾਨ ਜੀ, ਮੇਰੇ ਬਿਲ ਤੇ ਵਿਚਾਰ ਕਰਨ ਲਈ ਮਨ ਵਿੱਚ ਇਹ ਗੱਲ ਲਿਆਉਣੀ ਜ਼ਰੂਰੀ ਹੈ ਕਿ ਵਤਨਦਾਰ ਮਹਾਰ ਆਬਾਦੀ ਨੂੰ ਦੋ ਭਾਗਾਂ ਵਿਚ ਵੰਡਣ ਦਾ ਮੇਰਾ ਪ੍ਰਸਤਾਵ ਹੈ। ਇਕ ਭਾਗ ਉਹ ਹੈ ਜੋ ਵਤਨ ਤੋਂ ਬਿਲਕੁੱਲ ਤੰਗ ਆ ਚੁੱਕਾ ਹੈ ਅਤੇ ਇਸ ਨਾਲ ਕਿਸੇ ਤਰ੍ਹਾਂ ਦਾ ਵੀ ਸਰੋਕਾਰ ਰੱਖਣਾ ਨਹੀਂ ਚਾਹੁੰਦੇ। ਇਹ ਉਹ ਜਮਾਤ ਹੈ ਜੋ ਸੇਵਾ ਕਰਨ ਦੀ ਜ਼ਿੰਮੇਵਾਰੀ ਤੋਂ ਤੁਰਤ ਛੁਟਕਾਰਾ ਪਾਉਣਾ ਚਾਹੁੰਦੀ ਹੈ। ਉਨ੍ਹਾਂ ਦੀ ਕੇਵਲ ਇਕੋ ਸ਼ਰਤ ਹੈ ਕਿ ਜੇਕਰ ਉਹ ਆਪਣਾ ਵਤਨ ਛੱਡ ਦੇਣ ਅਰਥਾਤ ਸੇਵਾ ਕਰਨ ਦਾ ਪੁਸ਼ਤੈਨੀ ਅਧਿਕਾਰ ਛੱਡ ਦੇਣ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਕਬਜ਼ੇ ਹੇਠਲੀਆਂ ਜ਼ਮੀਨਾਂ ਤੋਂ ਵਾਂਝੇ ਨਹੀਂ ਕੀਤਾ ਜਾਣਾ ਚਾਹੀਦਾ। ਇਸ ਉਦੇਸ਼ ਦੀ ਪੂਰਤੀ ਲਈ ਮੈਂ ਖੰਡ 4 ਦੁਆਰਾ ਮੌਜੂਦਾ ਵਤਨ ਐਕਟ ਦੀ ਧਾਰਾ 15(1) ਵਿਚ ਸ਼ਰਤੀ-ਧਾਰਾ ਜੋੜ ਕੇ ਇਸ ਦਾ ਉਪਬੰਧ ਕੀਤਾ ਹੈ। ਇਸ ਸ਼ਰਤੀ ਧਾਰਾ ਰਾਹੀਂ ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਜੇਕਰ ਵਤਨਦਾਰ ਮਹਾਰਾਂ ਦੀ ਇਕ ਪ੍ਰਤਿਨਿਧ ਸੰਸਥਾ ਜਾਂ ਉਨ੍ਹਾਂ ਦੀ ਬਹੁਗਿਣਤੀ ਲਿਖ ਕੇ ਕਲੈਕਟਰ ਪਾਸ ਅਰਜ਼ਦਾਸਤ ਕਰੇ ਕਿ ਉਹ ਸੇਵਾ ਨਹੀਂ ਕਰਨਾ ਚਾਹੁੰਦੇ ਅਤੇ ਉਹ ਆਪਣੀਆਂ ਜ਼ਮੀਨਾਂ ਤੇ ਨਿਰਧਾਰਿਤ ਕਰ ਦਾ ਪੂਰਾ ਪੂਰਾ ਦਰ ਅਦਾ ਕਰਨ ਦੇ ਇੱਛਕ ਹਨ ਤਾਂ ਕਲੈਕਟਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੇਵਾ ਕਰਨ ਦੀ

ਜ਼ਿੰਮੇਵਾਰੀ ਤੋਂ ਮੁਕਤ ਕਰ ਦੇਵੇ । ਇਸ ਸ਼ਰਤੀ-ਧਾਰਾ ਦਾ ਅਰਥ ਇਹ ਹੈ । ਹੁਣ ਪਹਿਲੀ ਗੱਲ ਜਿਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਇਹ ਹੈ ਕਿ ਇਸ ਸ਼ਰਤੀ ਧਾਰਾ ਦਾ ਸਿਧਾਂਤ ਕੋਈ ਨਵਾਂ ਨਹੀਂ । ਇਸ ਸ਼ਰਤੀ ਧਾਰਾ ਵਿਚ ਦਰਸਾਇਆ ਗਿਆ ਸਿਧਾਂਤ ਬਹੁਤ ਪੁਰਾਣਾ ਹੈ। ਇਹ ਉਹ ਸਿਧਾਂਤ ਹੈ ਜਿਸ ਤੋਂ ਸਰਕਾਰ ਚੰਗੀ ਤਰ੍ਹਾਂ ਜਾਣੂ ਹੈ ਅਤੇ ਇਹ ਉਹ ਸਿਧਾਂਤ ਹੈ ਜਿਸ ਨੂੰ ਸਰਕਾਰ ਨੇ ਸਵੀਕਾਰ ਕੀਤਾ ਹੈ ਅਤੇ ਕਈ ਮੌਕਿਆਂ ਤੇ ਇਸ ਤੇ ਅਮਲ ਕੀਤਾ ਹੈ। ਸ੍ਰੀਮਾਨ ਜੀ, ਇਹ ਸਦਨ ਜਾਂ ਘੱਟੋ ਘੱਟ ਇਸ ਸਦਨ ਦੇ ਮਾਨਯੋਗ ਮੈਂਬਰਾਂ ਦੀ ਬਹੁਗਿਣਤੀ ਜਾਣਦੀ ਹੋਵੇਗੀ ਕਿ ਇਸ ਦਸ ਵਿਚ ਬਰਤਾਨਵੀ ਸਰਕਾਰ ਨੇ ਇਸ ਦਸ ਦਾ ਰਾਜ ਪ੍ਰਬੰਧ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਇਨ੍ਹਾਂ 12 ਨੂੰ ਤਿੰਨ ਗਰੁੱਪਾਂ ਵਿਚ ਸ਼੍ਰੇਣੀਬੱਧ ਕਰ ਦਿੱਤਾ; ਇਕ ਤਾਂ ਉਹ ਜਿਨ੍ਹਾਂ ਦੀਆਂ ਸੇਵਾਵਾਂ ਸਰਕਾਰੀ ਮੰਤਵ ਲਈ ਜ਼ਰੂਰੀ ਸਨ, ਇਕ ਉਹ ਜਿਨ੍ਹਾਂ ਦੀਆਂ ਸੇਵਾਵਾਂ ਕੇਵਲ ਕਿਸਾਨ ਦੇ ਮੰਤਵ ਲਈ ਜ਼ਰੂਰੀ ਸਨ ਅਤੇ ਇੱਕ ਉਹ ਜਿਨ੍ਹਾਂ ਦੀਆਂ ਸੇਵਾਵਾਂ ਦੋਹਾਂ ਲਈ ਜ਼ਰੂਰੀ ਹਨ । ਪਿੰਡ ਦੇ ਉਨ੍ਹਾਂ ਸੇਵਾਦਾਰਾਂ ਦੇ ਕੇਸ ਵਿਚ ਜਿਨ੍ਹਾਂ ਦੀਆਂ ਸੇਵਾਵਾਂ ਕੇਵਲ ਕਿਸਾਨ ਦੇ ਮੰਤਵ ਲਈ ਜ਼ਰੂਰੀ ਸਨ, ਸਰਕਾਰ ਨੇ ਗਾਰਡਨ ਸੈਟਲਮੈਂਟਸ (garden settlements) ਦੇ ਨਾ ਨਾਲ ਜਾਣੀ ਜਾਂਦੀ ਵਿਵਸਥਾ ਦੁਆਰਾ ਉਨ੍ਹਾਂ ਦੇ ਵਤਨਾਂ ਦਾ ਰੂਪ- ਪਰਿਵਰਤਨ ਕਰ ਦਿੱਤਾ । ਭਾਵ ਇਹ, ਕਿ ਜੇਕਰ ਉਹ ਆਪਣੀਆਂ ਜ਼ਮੀਨਾਂ ਦਾ ਪੂਰਾ ਪੂਰਾ ਨਿਰਧਾਰਿਤ ਮਾਲੀਆ ਅਦਾ ਕਰ ਦੇਣ ਤਾਂ ਉਹ ਆਪਣੀਆਂ ਜ਼ਮੀਨਾਂ ਦਾ ਪੂਰਾ ਕਬਜ਼ਾ ਰੱਖ ਸਕਦੇ ਹਨ । ਸ੍ਰੀਮਾਨ ਜੀ, ਮੇਰੇ ਬਿਲ ਦੀ ਸ਼ਰਤੀ ਧਾਰਾ ਗਾਰਡਨ ਸੈਟਲਮੈਂਟ ਵਿੱਚ ਵਿਅਕਤ ਕੀਤੇ ਗਏ ਸਿਧਾਂਤ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ।

ਆਪਣੇ ਪ੍ਰਸਤਾਵ ਦੇ ਸਮਰਥਨ ਵਿਚ ਦੂਜੀ ਮਿਸਾਲ ਮੈਂ ਇਹ ਦੇਣੀ ਚਾਹੁੰਦਾ ਹਾਂ ਕਿ ਬਿਲ ਦਾ ਸਿਧਾਂਤ ਨਵਾਂ ਨਹੀਂ, ਮੈਨੂੰ ਪਤਾ ਲੱਗਾ ਹੈ ਕਿ 1923 ਵਿੱਚ ਸਰਕਾਰ ਨੇ ਸ਼ੇਟਸਨਦੀ ਵਤਨਜ਼ (shetsahandi) ਦੇ ਸਬੰਧ ਵਿਚ ਇਕ ਮਤਾ ਜਾਰੀ ਕੀਤਾ ਸੀ । 13 ਅਕਤੂਬਰ ਦੇ ਉਸ ਮਤਾ ਨੰ: 1339 ਵਿਚ ਸਰਕਾਰ ਨੇ ਨਿਰਧਾਰਿਤ ਕੀਤਾ ਹੈ ਕਿ ਇਹ ਸ਼ੇਟਸਨਦੀ ਵਤਨਦਾਰ, ਜੋ ਸੇਵਾ ਨਹੀਂ ਕਰਦੇ, ਉਨ੍ਹਾਂ ਨੂੰ ਸੇਵਾ ਕਰਨ ਦੀ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਜਾਵੇ ਬਸ਼ਰਤੇ ਕਿ ਉਹ ਪੂਰਾ ਨਿਰਧਾਰਿਤ ਮਾਲੀਆ ਅਦਾ ਕਰਨ ਲਈ ਰਾਜ਼ੀ ਹੋਣ।

ਇਸ ਤੋਂ ਬਾਅਦ, ਸ੍ਰੀਮਾਨ ਜੀ, ਮੈਂ ਸਦਨ ਨੂੰ ਇਕ ਬਿਲਕੁਲ ਤਾਜ਼ਾ ਮਿਸਾਲ ਯਾਦ ਕਰਾਉਣੀ ਚਾਹੁੰਦਾ ਹਾਂ । ਮੇਰਾ ਭਾਵ ਹੈ , ਜੋਸ਼ੀ ਬਿਲ(joshi bill) । ਜਦੋਂ ਜੋਸ਼ੀ ਬਿਲ ਇਸ ਸਦਨ ਵਿਚ ਵਿਚਾਰ ਲਈ ਪੇਸ਼ ਕੀਤਾ ਗਿਆ ਤਾਂ ਇਹ ਸੰਕੇਤ ਕੀਤਾ ਗਿਆ ਸੀ ਕਿ ਉਹ ਜੋਸ਼ੀ ਜੋ ਸੇਵਾ ਨਹੀਂ ਕਰਨਾ ਚਾਹੁੰਦੇ , ਉਨ੍ਹਾਂ ਨੂੰ ਆਪਣੀ ਜ਼ਮੀਨ ਰੱਖਣ ਦੀ ਆਗਿਆ ਸੀ ਜੋ ਪੂਰਾ ਨਿਰਧਾਰਿਤ ਮਾਲੀਆ ਅਦਾ ਕਰਨ ਲਈ ਤਿਆਰ ਸਨ । ਮੇਰੇ ਬਿਲ ਦੀ ਸ਼ਰਤੀ ਧਾਰਾ, ਜੋਸ਼ੀ ਬਿਲ ਵਿੱਚ ਪੇਸ਼ ਕੀਤੀ ਗਈ ਸ਼ਰਤੀ ਧਾਰਾ ਤੋਂ ਵੱਖਰੀ ਨਹੀਂ ।

ਇਸ ਲਈ, ਸ੍ਰੀਮਾਨ ਜੀ, ਮੈਂ ਇਸ ਨੁਕਤੇ ਤੇ ਕਾਨੂੰਨੀ ਨਜ਼ਰੀਏ ਤੋਂ ਵੀ ਬਹਿਸ ਕਰਨੀ ਚਾਹੁੰਦਾ ਹਾਂ । ਹੁਣ ਫ਼ਰਜ਼ ਕਰੋ, ਕਿ ਅਜਿਹੀ ਸ਼ਰਤੀ ਧਾਰਾ ਨਹੀਂ ਹੈ, ਅਤੇ ਫ਼ਰਜ਼ ਕਰੋ ਕਿ

ਕੋਈ ਵਤਨਦਾਰ ਮਹਾਰ ਸੇਵਾ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਹੋਰ ਫ਼ਰਜ਼ ਕਰੋ ਕਿ ਸਰਕਾਰ ਵਤਨ ਨੂੰ ਜ਼ਬਤ ਕਰਨ ਦੀਆਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਚਾਹੁੰਦੀ ਹੈ, ਤਾਂ ਸਰਕਾਰ ਕੀ ਜ਼ਬਤ ਕਰੇਗੀ ? ਸ੍ਰੀਮਾਨ ਜੀ, ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਕੇਵਲ ਜ਼ਮੀਨ ਮਾਲੀਆ ਜ਼ਬਤ ਕਰਨ ਦਾ ਹੀ ਅਧਿਕਾਰ ਹੋਵੇਗਾ, ਹੋਰ ਕੁਝ ਨਹੀਂ। ਬੰਬਈ ਦੀ ਹਾਈ ਕੋਰਟ ਨੇ ਆਪਣੇ ਵਲੋਂ ਦਿੱਤੇ ਗਏ ਕਈ ਫੈਸਲਿਆਂ ਵਿੱਚ ਇਹੇ ਫ਼ੈਸਲਾ ਦਿੱਤਾ ਹੈ ਕਿ ਇਸ ਪ੍ਰੈਜ਼ੀਡੈਂਸੀ ਵਿੱਚ ਇਨਾਮ ਦੇ ਕੇਸ ਵਿਚ ਹਮੇਸ਼ਾ ਇਹੀ ਅਨੁਦਾਨ ਰਹਿੰਦਾ ਹੈ ਕਿ ਅਨੁਦਾਨ ਕੇਵਲ ਜ਼ਮੀਨ ਮਾਲੀਏ ਦਾ ਹੈ ਨਾ ਕਿ ਜ਼ਮੀਨ ਦਾ। ਇਹ ਵਿਚਾਰ ਬੰਬਈ ਹਾਈ ਕਰੋਟ ਦਾ ਰਿਹਾ ਹੈ। ਅਜਿਹੀ ਸਥਿਤੀ ਹੋਣ ਦੇ ਨਾਤੇ, ਸ੍ਰੀਮਾਨ ਜੀ, ਮੇਰੀ ਬੇਨਤੀ ਹੈ ਕਿ ਸਾਧਾਰਨ ਤੌਰ ਤੇ ਅਤੇ ਇਸ ਸ਼ਰਤੀ ਧਾਰਾ ਨੂੰ ਕਾਨੂੰਨ ਬਣਾਏ ਬਿਨਾਂ, ਸਰਕਾਰ ਉਨ੍ਹਾਂ ਮਹਾਰਾਂ ਦੇ ਕੇਸ ਵਿਚ ਜੋ ਸੇਵਾ ਨਹੀਂ ਕਰਨਾ ਚਾਹੁੰਦੇ , ਵੱਧ ਤੋਂ ਵੱਧ ਇਹ ਕਰ ਸਕਦੀ ਹੈ ਕਿ ਉਹ ਉਨ੍ਹਾਂ ਨੂੰ ਜ਼ਮੀਨਾਂ ਤੇ ਪੂਰਾ ਨਿਰਧਾਰਿਤ ਮਾਲੀਆ ਦੇਣ ਲਈ ਆਖੇ ਕਿਉਂਕਿ ਇਨਾਮ ਕੇਵਲ ਜ਼ਮੀਨ ਮਾਲੀਏ ਦੀ ਛੋਟ ਤੋਂ ਇਲਾਵਾ ਹੋਰ ਕੁਝ ਵੀ ਨਹੀਂ । ਅਨੁਦਾਨ ਵਿੱਚ ਜ਼ਮੀਨ ਸ਼ਾਮਲ ਨਹੀਂ । ਮੈਨੂੰ ਪਤਾ ਹੈ---

ਸਰਦਾਰ ਜੀ.ਐਨ.ਮਜਮਦਾਰ :ਮਹਾਰਾਂ ਦੇ ਕੇਸ ਵਿੱਚ ਵੀ ?

ਡਾ. ਬੀ.ਆਰ.ਅੰਬੇਡਕਰ: ਹਾਂ, ਮਹਾਰਾਂ ਦੇ ਕੇਸ ਵਿਚ ਵੀ ?

ਸ੍ਰੀਮਾਨ ਜੀ, ਮੈਨੂੰ ਪਤਾ ਹੈ ਕਿ ਪ੍ਰਿਵੀ ਕੌਂਸਲ ਦੇ ਦੋ ਫ਼ੈਸਲੇ ਹਨ ਜਿਨ੍ਹਾਂ ਵਿਚ ਜੱਜਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਦਾ ਕਿਆਸ ਲਗਾਉਣ ਦੀ ਕੋਈ ਉਚਿਤਤਾ ਨਹੀਂ ਹੈ। ਪਰ ਸ੍ਰੀ ਮਾਨ ਜੀ, ਬੰਬਈ ਹਾਈ ਕੋਰਟ ਦਾ ਇਕ ਫੈਸਲਾ ਹੈ ਜੋ ਪ੍ਰਿਵੀ ਕੌਂਸਲ ਦੇ ਫ਼ੈਸਲਿਆਂ ਤੋਂ ਬਾਅਦ ਦਿੱਤਾ ਗਿਆ ਸੀ। ਮੈਂ 22 ਬੰਬਈ ਲਾਅ ਰਿਪੋਰਟਰ , ਪੰਨਾ 275 ਦਾ ਹਵਾਲਾ ਦਿੰਦਾ ਹਾਂ ਜਿਥੇ ਹਾਈ ਕਰੋਟ ਨੇ ਫ਼ੈਸਲਾ ਦਿੱਤਾ ਹੈ ਕਿ ਪ੍ਰਿਵੀ ਕੌਂਸਲ ਦੇ ਫ਼ੈਸਲੇ ਤੋਂ ਬਾਅਦ ਵੀ ਕਿ ਉਹ ਕਿਆਸ ਸੱਹੀ ਹੈ ਅਤੇ ਜੋ ਕਾਰਨ ਉਨ੍ਹਾਂ ਨੇ ਦਿੱਤਾ ਹੈ ਉਹ ਬਹੁਤ ਮਹੱਤਵਪੂਰਨ ਹੈ। ਉਹ ਕਾਰਨ ਇਹ ਹੈ ਸਰਕਾਰ ਨੇ 1854 ਵਿੱਚ ਮਾਲੀਆ ਮੁਕਤ ਮਿਲਖਾਂ ਦੇ ਖ਼ਿਤਾਬਾਂ titles) ਬਾਰੇ ਜਾਂਚ ਕਰਨ ਲਈ 1852 ਦਾ ਐਕਟ ਪਾਸ ਕਰਨ ਤੋਂ ਬਾਅਦ ਸ਼ਬਦ "ਪੁਨਰ ਗ੍ਰਹਿਣ" (resumption) ਦੇ ਅਰਥਾਂ ਦੀ ਪਰਿਭਾਸ਼ਾ ਦਿੰਦੇ ਹੋਏ ਇਕ ਮਤਾ ਪਾਸ ਕੀਤਾ। ਮੈਂ 1854 ਦੇ ਮਤਾ ਨੰ: 2449 ਦਾ ਜ਼ਿਕਰ ਕਰਦਾ ਹਾਂ। ਮਤੇ ਵਿੱਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ ਕਿ ਪੁਨਰਗ੍ਰਹਿਣ ਦਾ ਅਰਥ ਜ਼ਮੀਨ ਲੈ ਲੈਣਾ ਨਹੀਂ ਹੈ ਬਲਕਿ ਮਾਲੀਏ ਦਾ ਪੂਰਾ ਨਿਰਧਾਰਣ ਕਰਨਾ ਹੈ। ਬੰਬਈ ਹਾਈਕੋਰਟ ਕਹਿੰਦਾ ਹੈ ਕਿ ਉਸ ਮਤੇ ਦਾ ਖ਼ਿਆਲ ਕਰਦੇ ਹੋਏ ਇਸ ਦਾ ਫ਼ੈਸਲਾ ਕਿ ਕ੍ਰਾਊਨ ਦੀ ਗ੍ਰਾਂਟ ਦੀ ਸੂਰਤ ਵਿਚ ਪੁਨਰ-ਗ੍ਰਹਿਣ ਜ਼ਮੀਨ ਦੇ ਮਾਲੀਏ ਦਾ ਹੈ, ਜ਼ਮੀਨ ਦਾ ਨਹੀਂ, ਅਣਉਚਿਤ ਨਹੀਂ ਹੋਵੇਗਾ। ਇਸ ਲਈ , ਸ੍ਰੀਮਾਨ ਜੀ, ਮੇਰੀ ਬੇਨਤੀ ਹੈ ਕਿ ਕਾਨੂੰਨੀ ਆਧਾਰ ਤੇ ਵੀ ਮਹਾਰ ਵਤਨਾਂ ਦੇ ਕੇਸ ਵਿਚ ਸਰਕਾਰ ਜੋ ਕਰ ਵਾਪਸ ਲੈ ਸਕਦੀ ਹੈ, ਉਹ ਕੇਵਲ ਜ਼ਮੀਨ ਮਾਲੀਆ ਹੀ ਹੈ, ਨਾ ਕਿ ਜ਼ਮੀਨ।

ਸਰਕਾਰ ਇਸ ਲਈ ਸ਼ਰਤੀ ਧਾਰਾ ਬਾਰੇ ਸ਼ਾਇਦ ਵਿੱਤੀ ਆਧਾਰ ਤੇ ਇਤਰਾਜ਼ ਕਰ ਸਕਦੀ ਹੈ। ਉਸ ਬਹਿਸ ਦੇ ਦੌਰਾਨ, ਜੋ ਇਸ ਬਿਲ ਤੋਂ ਪਹਿਲਾਂ ਹੋਈ ਹੈ, ਸਰਕਾਰ ਨੇ ਕਿਹਾ ਹੈ ਕਿ ਜੋ ਜੇਕਰ ਵਤਨਾਂ ਦਾ ਰੂਪ-ਪਰਿਵਰਤਨ ਕਰ ਜਾਵੇ ਦਿੱਤਾ-ਕਹਿਣ ਦਾ ਭਾਵ ਹੈ, ਜੇਕਰ ਮਹਾਰਾਂ ਨੂੰ ਜ਼ਮੀਨ ਮਾਲੀਏ ਦੀ ਅਦਾਇਗੀ ਕਰ ਦੇਣ ਤੇ ਆਪਣੀਆਂ ਵਤਨ ਜ਼ਮੀਨਾਂ ਰੱਖਣ ਦੀ ਆਗਿਆ ਦੇ ਦਿੱਤੀ ਜਾਵੇ-ਤਾਂ ਉਸ ਸੂਰਤ ਵਿਚ ਸਰਕਾਰ ਦੁਆਰਾ ਇਕ ਤਨਖ਼ਾਹਦਾਰ ਏਜੰਸੀ ਨਿਯੁਕਤ ਕਰਨੀ ਅਤੇ ਇਸ ਏਜੰਸੀ ਦੀ ਉਜਰਤ ਦੀ ਲਾਗਤ ਇਸ ਦੇ ਖ਼ਜ਼ਾਨੇ ਉਤੇ ਵਾਧੂ ਬੋਝ ਹੋਵੇਗਾ। ਸ੍ਰੀਮਾਨ ਜੀ, ਹੁਣ ਮੇਰੀ ਪਹਿਲੀ ਗੁਜ਼ਾਰਸ਼ ਇਹ ਹੈ ਕਿ ਮੇਰਾ ਖ਼ਿਆਲ ਨਹੀਂ ਕਿ ਖ਼ਜ਼ਾਨੇ ਉਤੇ ਕੋਈ ਵਾਧੂ ਬੋਝ ਪਵੇਗਾ ਅਤੇ ਉਹ ਵੀ ਇਨ੍ਹਾਂ ਕਾਰਨਾਂ ਕਰਕੇ । ਜੇਕਰ ਮਹਾਰ ਵਤਨਾਂ ਦਾ ਰੂਪ-ਪਰਿਵਰਤਨ ਵੀ ਕਰ ਦਿੱਤਾ ਜਾਵੇ ਅਤੇ ਜੇਕਰ ਮਹਾਰਾਂ ਨੂੰ ਉਹ ਸੇਵਾ ਕਰਨ ਤੋਂ ਮੁਕਤ ਵੀ ਕਰ ਦਿੱਤਾ ਜਾਵੇ ਜੋ ਉਹ ਕਰ ਰਹੇ ਹਨ, ਅਤੇ ਜੇਕਰ ਸਰਕਾਰ ਅਦਾਇਗੀ ਦੇ ਆਧਾਰ ਤੇ ਇਕ ਏਜੰਸੀ ਵੀ ਨਿਯੁਕਤ ਕਰ ਦੇਵੇ, ਤਾਂ ਵੀ ਸਰਕਾਰ ਪਾਸ ਇਕ ਫ਼ੰਡ ਹੋਵੇਗਾ ਜਿਸ ਵਿਚੋਂ ਉਹ ਨਵੀਂ ਨਿਯੁਕਤ ਕੀਤੀ ਗਈ ਏਜੰਸੀ ਨੂੰ ਅਦਾਇਗੀ ਕਰਨ ਦੀ ਸਥਿਤੀ ਵਿੱਚ ਹੋਵੇਗੀ। ਸਭ ਤੋਂ ਪਹਿਲਾਂ ਉਸ ਪਾਸ ਉਹ ਫ਼ੰਡ ਹੋਵੇਗਾ ਜੋ ਮਹਾਰਾਂ ਦੀਆ ਜ਼ਮੀਨਾਂ ਤੇ ਨਿਰਧਾਰਿਤ ਕਰ ਲਗਾ ਕੇ ਪ੍ਰਾਪਤ ਕੀਤਾ ਹੋਇਆ ਹੋਵੇਗਾ। ਉਸ ਤੋਂ ਇਲਾਵਾ ਸਰਕਾਰ ਨੂੰ ਸੇਪ ਲਗਾਉਣ ਦਾ ਅਧਿਕਾਰ ਵੀ ਹੋਵੇਗਾ ਕਿਉਂਕਿ ਸਰਕਾਰ ਦੇ ਫ਼ੈਸਲੇ ਅਨੁਸਾਰ ਪਿੰਡ ਦੀ ਆਬਾਦੀ ਨੂੰ ਨਿਗਰਾਨੀ ਦੀ ਲਾਗਤ ਦੇਣੀ ਬਣਦੀ ਹੈ। ਸ੍ਰੀਮਾਨ ਜੀ, ਇਹ ਦੋਵੇਂ ਇਕੱਠਿਆਂ ਹੋਕੇ ਇਕ ਚੋਖੀ ਰਕਮ ਬਣ ਜਾਏਗੀ ਜਿਸ ਨਾਲ ਨਵੀਂ ਅਦਾਇਗੀ ਵਾਲੀ ਏਜੰਸੀ ਦਾ ਖ਼ਰਚ ਚਲਾਇਆ ਜਾ ਸਕੇਗਾ। ਇਕ ਕਾਰਨ, ਜਿਸ ਕਰਕੇ ਮਹਾਰਕੀ ਵਤਨ ਦਾ ਰੂਪ-ਪਰਿਵਰਤਨ ਕਰਨ ਦੇ ਵਿਚਾਰ ਤੋਂ ਹੀ ਸਰਕਾਰ ਭੈ-ਭੀਤ ਹੋ ਗਈ ਸੀ, ਇਹ ਹੈ ਕਿ ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਉੱਨੇ ਹੀ ਲੋਕ ਨਿਯੁਕਤ ਕਰਨੇ ਪੈਣਗੇ ਜਿੰਨੇ ਉਨ੍ਹਾਂ ਨੇ ਇਸ ਸਮੇਂ ਨਿਯੁਕਤ ਕੀਤੇ ਹੋਏ ਹਨ। ਮੇਰਾ ਖ਼ਿਆਲ ਹੈ – ਮੇਰੇ ਕੋਲ ਸਹੀ ਅੰਕੜੇ ਮੌਜੂਦ ਨਹੀਂ-ਕਿ ਸਰਕਾਰ ਨੇ ਬੰਬਈ ਪ੍ਰੈਜ਼ੀਡੈਂਸੀ ਵਿਚ 64,000 ਮਹਾਰ ਨੌਕਰ ਰੱਖੇ ਹੋਏ ਹਨ। ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਨਵੀਂ ਗਿਣਤੀ ਵਿਚ ਨੌਕਰ ਨਹੀਂ ਰੱਖਣੇ ਪੈਣਗੇ । ਉਨ੍ਹਾਂ ਨੂੰ ਸਰਕਾਰ ਨੇ ਰੱਖਿਆ ਹੋਇਆ ਹੈ ਕਿਉਂਕਿ ਉਹ ਕਿਸਾਨਾਂ ਦੇ ਸਿਰ ਤੇ ਪ੍ਰਤਿਨਿਧ ਰੂਪ ਵਿਚ ਅਜਿਹਾ ਕਰ ਸਕਦੇ ਹਨ। ਕੁਝ ਪਿੰਡਾਂ ਵਿਚ 16 ਮਹਾਰ ਨੌਕਰ ਰਖੇ ਹੋਏ ਹਨ। ਦੂਜੇ ਪਿੰਡਾਂ ਵਿਚ, ਜਿਵੇਂ ਉਦਾਹਰਨ ਦੇ ਤੌਰ ਤੇ ਨਾਗਰ ਜ਼ਿਲ੍ਹੇ ਵਿਚ, ਇੱਕ ਪਿੰਡ ਵਿਚ 32 ਮਹਾਰ ਨਿਯੁਕਤ ਹਨ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਇਸ ਸਮੇਂ ਨਿਯੁਕਤ ਕੀਤੇ ਗਏ ਮਹਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਸ ਨੂੰ ਯਕੀਨਨ ਬਹਤੁ ਘੱਟ ਕੀਤਾ ਜਾ ਸਕਦਾ ਹੈ ਅਤੇ ਜੇਕਰ ਇਹ ਗਿਣਤੀ ਘਟ ਕੀਤੀ ਗਈ, ਜਿਸ ਦੀ ਮੈਨੂੰ ਆਸ ਹੈ ਕਿ ਇਹ ਘੱਟ ਹੋਵੇਗੀ ਹੀ, ਤਾਂ ਮੌਜੂਦਾ ਗਿਣਤੀ ਦੀ ਇਕ ਤਿਹਾਈ ਸੰਖਿਆ ਕਾਫ਼ੀ ਹੋਵੇਗੀ ਅਤੇ ਜ਼ਮੀਨ ਮਾਲੀਏ ਅਤੇ ਸੇਪ ਨਾਲ ਖ਼ਜ਼ਾਨੇ ਤੇ ਵਾਧੂ ਬੋਝ ਪਾਏ ਬਿਨਾਂ ਇਕ ਚੋਖੀ ਰਕਮ

ਬਣ ਜਾਵੇਗੀ। ਮੈਂ ਬੜੀ ਸੰਜੀਦਗੀ ਨਾਲ ਪੁੱਛਦਾ ਹਾਂ ਕਿ ਸਰਕਾਰ ਬੋਝ ਨੂੰ ਬਰਦਾਸ਼ਤ ਕਰਨ ਦੀ ਜ਼ਿੰਮੇਵਾਰੀ ਕਿਉਂ ਨਹੀਂ ਲੈਂਦੀ ? ਸਰਕਾਰ ਨੂੰ ਸੇਵਾਵਾਂ ਦਾ ਮੁੱਲ ਕਿਉਂ ਨਹੀਂ ਦੇਣਾ ਚਾਹੀਦਾ ? ਦੂਜੇ, ਹਰ ਇਕ ਸਰਕਾਰੀ ਕਰਮਚਾਰੀ ਦੀ ਸੂਰਤ ਵਿਚ ਸਰਕਾਰ ਨਿਧੜਕ ਹੋ ਕੇ ਇਸ ਪਰਿਸ਼ਦ ਤੋਂ ਵਾਧੂ ਪੈਸਾ ਮੰਗਦੀ ਹੈ। ਸ੍ਰੀਮਾਨ ਜੀ, ਸੰਨ 1921 ਵਿਚ ਸਰਕਾਰ ਪਿੰਡਾਂ ਦੇ ਅਧਿਕਾਰੀਆਂ ਦੀਆਂ ਤਨਖ਼ਾਹਾਂ ਵਧਾਉਣ ਲਈ ਸਹਿਮਤ ਹੋ ਗਈ ਸੀ। ਉਸੇ ਸਾਲ ਸਰਕਾਰ ਨੇ ਅਧੀਨ ਸੇਵਾਵਾਂ ਦੀਆਂ ਤਨਖ਼ਾਹਾਂ ਵਧਾਉਣ ਦੀਆਂ ਵੀ ਤਜਵੀਜ਼ਾਂ ਪੇਸ਼ ਕੀਤੀਆਂ। ਇਸ ਤੋਂ ਇਲਾਵਾ, ਸਰਕਾਰ ਨੇ ਤਲਾਤੀਆਂ(jalatis) ਦੀਆਂ ਤਨਖ਼ਾਹਾਂ ਵਧਾਉਣ ਲਈ ਵੀ ਤਜਵੀਜ਼ਾਂ ਪੇਸ਼ ਕਰਨ ਲਈ ਸਰਕਾਰ ਪਾਸ ਸਾਹਸ, ਹੌਸਲਾ ਅਤੇ ਹਮਦਰਦੀ ਹੈ ਤਾਂ, ਸਰਕਾਰ ਪਾਸ ਇਨ੍ਹਾਂ ਮਹਾਰਾਂ ਵਾਸਤੇ ਉਹੀ ਸਾਹਸ, ਉਹੀ ਹੌਸਲਾ ਅਤੇ ਉਹੀ ਹਮਦਰਦੀ ਕਿਉਂ ਨਹੀਂ ਹੋਣੀ ਚਾਹੀਦੀ ? ਸ੍ਰੀ ਮਾਨ ਜੀ, ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਸਰਕਾਰ ਅਜਿਹੀ ਪ੍ਰਣਾਲੀ ਨੂੰ ਜਾਰੀ ਕਿਉਂ ਰੱਖੇ ਜਾਂ ਉਸ ਵਿੱਚ ਹਿੱਸੇਦਾਰ ਕਿਉਂ ਬਣੇ ਜੋ ਪਰਜਾ ਦੀ ਇੱਕ ਸ਼੍ਰੇਣੀ ਨੂੰ ਵਸ ਵਿਚ ਰਖਦੀ ਹੈ ਅਤੇ ਗ਼ੁਲਾਮ ਬਣਾਉਂਦੀ ਹੈ ? ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਕਾਨੂੰਨੀ ਆਧਾਰ ਤੇ ਜਾਂ ਨੈਤਿਕ ਆਧਾਰ ਤੇ, ਅਤੇ ਮੈਂ ਤਾਂ ਕਹਿੰਦਾ ਹਾਂ ਕਿ ਵਿੱਤੀ ਆਧਾਰ ਤੇ ਵੀ, ਜਿਹੜਾ ਸਿਧਾਂਤ ਮੈਂ ਆਪਣੇ ਬਿਲ ਦੀ ਧਾਰਾ 4 ਵਿੱਚ ਦਰਸਾਇਆ ਹੈ ਉਹ ਵਾਜਬ ਅਤੇ ਨਿਆਂ ਸੰਗਤ ਹੈ।

ਸ੍ਰੀਮਾਨ ਜੀ, ਹੁਣ ਮੈਂ ਉਨ੍ਹਾਂ ਵਤਨਦਾਰ ਮਹਾਰਾਂ ਦੀ ਦੂਜੀ ਸ਼੍ਰੇਣੀ ਵੱਲ ਆਉਂਦਾ ਹਾਂ, ਜੋ ਵਤਨ ਨੂੰ ਜਾਰੀ ਰੱਖਣਾ ਚਾਹੁੰਦੇ ਹਨ, ਜੋ ਸੇਵਾ ਕਰਨੀ ਚਾਹੁੰਦੇ ਹਨ, ਬਸ਼ਰਤੇ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣ। ਇਨ੍ਹਾਂ ਮਹਾਰਾਂ ਬਾਰੇ ਮੈਂ ਆਪਣੇ ਬਿਲ ਦੇ ਖੰਡ 6 ਵਿੱਚ ਉਪਬੰਧ ਕੀਤਾ ਹੈ। ਇਸ ਧਾਰਾ ਵਿਚ ਉਪਬੰਧ, ਜਿਸ ਨੂੰ ਮਹਾਰ ਆਬਾਦੀ ਦੇ ਉਸ ਹਿੱਸੇ ਦੇ ਹਿੱਤਾਂ ਲਈ ਕਾਨੂੰਨ ਬਣਾਉਣ ਦਾ ਉਦੇਸ਼ ਹੈ, ਜੋ ਪਿੰਡ ਵਿਚਲੇ ਫ਼ਰਜ਼ ਨਿਭਾਉਣਾ ਚਾਹੁੰਦੇ ਹਨ ਇਸ ਵਿਚ ਮੁੱਖ ਰੂਪ ਵਿਚ ਪੁਨਰਗਠਨ ਦੀ ਵਿਵਸਥਾ ਹੈ। ਮੈਂ ਸੋਚ-ਵਿਚਾਰ ਕੇ ਇਸ ਸ਼ਬਦ ਦੀ ਵਰਤੋਂ ਕਰਦਾ ਹਾਂ ਕਿ ਉਹ ਸੇਪ ਪ੍ਰਥਾ ਦਾ ਪੁਨਰਗਠਨ ਹੈ। ਜੇਕਰ ਮਾਨਯੋਗ ਮੈਂਬਰ ਉਹ ਖੰਡ ਪੜ੍ਹਨਗੇ ਜੋ ਉਸ ਵਿੱਚ ਕਾਨੂੰਨ ਬਣਨ ਲਈ ਹਨ, ਤਾਂ ਉਨ੍ਹਾਂ ਨੂੰ ਪਤਾ ਚੱਲੇਗਾ ਕਿ ਸਭ ਤੋਂ ਪਹਿਲਾਂ ਉਸ ਵਿਚ ਸੇਪ ਨੂੰ ਵਿੱਤੀ ਕਰ (money cass) ਵਿੱਚ ਤਬਦੀਲ ਕਰਨ ਦਾ ਉਪਬੰਧ ਕੀਤਾ ਗਿਆ ਹੈ। ਦੂਜੇ, ਵਿੱਤੀ ਕਰ ਨੂੰ ਜ਼ਮੀਨ ਮਾਲੀਏ ਦੇ ਨਾਲ ਨਾਲ ਵਸੂਲ ਕਰਨ ਦਾ ਉਪਬੰਧ ਕੀਤਾ ਗਿਆ ਹੈ। ਤੀਜੇ, ਉਸ ਵਿਚ ਇਹ ਉਪਬੰਧ ਕੀਤਾ ਗਿਆ ਹੈ ਕਿ ਉਸ ਕਰ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ-ਇਕ ਹਿੱਸਾਂ ਤਾਂ ਕਿਸਾਨ ਲਈ ਕੀਤੀਆਂ ਗਈਆਂ ਸੇਵਾਵਾਂ ਵਾਲਾ ਹੋਵੇਗਾ, ਜੋ ਲਾਜ਼ਮੀ ਹੋਵੇਗਾ, ਜਦਕਿ ਕਰ ਦਾ ਦੂਜਾ ਹਿੱਸਾ ਜੋ ਕਿਸਾਨ ਲਈ ਕੀਤੀਆਂ ਗਈਆਂ ਸੇਵਾਵਾਂ ਵਾਲਾ ਹੋਵੇਗਾ, ਉਹ ਇਖ਼ਤਿਆਰੀ ਹੋਵੇਗਾ। ਉਹ ਕਿਸਾਨ ਜੋ ਮਹਾਰ ਸੇਵਾਵਾਂ ਆਪਣੇ ਨਿੱਜ ਲਈ ਹਾਸਲ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਕਰ (cess) ਦਾ ਉਹੀ ਹਿੱਸਾ ਅਦਾ ਕਰਨਾ ਲਾਜ਼ਮੀ ਹੋਵੇਗਾ ਜੋ ਨਿਜੀ ਸੇਵਾ

ਲਈ ਮਿਥਿਆ ਗਿਆ ਹੋਵੇਗਾ। ਦੂਜੇ ਪਾਸੇ, ਜੇਕਰ ਮਹਾਰ, ਕਿਸਾਨ ਦੀ ਸੇਵਾ ਨਹੀਂ ਕਰਨਾ ਚਾਹੁੰਦੇ, ਅਤੇ ਕੇਵਲ ਸਰਕਾਰ ਦੀ ਸੇਵਾ ਕਰਨਾ ਚਾਹੁੰਦੇ ਹਨ ਤਾਂ ਉਹ ਵਿੱਤੀ ਕਰ ਦੇ ਉਸ ਹਿੱਸੇ ਤੋਂ ਹੱਥ ਧੋ ਬੈਠਣਗੇ ਜੋ ਨਿੱਜੀ ਸੇਵਾ ਲਈ ਮਿਥਿਆ ਗਿਆ ਹੋਵੇਗਾ।

ਸ੍ਰੀਮਾਨ ਜੀ, ਹੋ ਸਕਦਾ ਹੈ ਕਿ ਸਦਨ ਇਹ ਸੋਚੇ ਕਿ ਮੈਂ ਨਵੀਂ ਕਿਸਮ ਦੇ ਪ੍ਰਸਤਾਵ ਪੇਸ਼ ਕਰ ਰਿਹਾ ਹਾਂ। ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਉਪਬੰਧਾਂ ਵਿਚੋਂ ਕੋਈ ਵੀ ਉਪਬੰਧ ਨਵਾਂ ਨਹੀਂ, ਉਹ ਪਹਿਲਾਂ ਹੀ ਵਤਨ ਐਕਟ ਵਿਚ ਮੌਜੂਦ ਹਨ। ਮੌਜੂਦਾ ਪ੍ਰਥਾ ਵਿਚ ਅਤੇ ਪੁਨਰਗਠਨ ਵਿਚ ਕੁਝ ਤਬਦੀਲੀ ਕੀਤੀ ਗਈ ਹੈ। ਪਹਿਲਾਂ ਉਪਬੰਧ ਕੀਤੀ ਜਿਸ ਸੇਪ ਨੂੰ ਵਿੱਤੀ ਕਰ ਵਿਚ ਤਬਦੀਲ ਕਰ ਦਿੱਤਾ ਜਾਵੇਗਾ, ਵਤਨ ਐਕਟ ਦੀ ਧਾਰਾ 19 ਵਿੱਚ ਪਹਿਲਾਂ ਹੀ ਮੌਜੂਦ ਹੈ। ਇਸ ਲਈ ਇਹ ਕੋਈ ਨਵੀਂ ਚੀਜ਼ ਨਹੀਂ। ਮੌਜੂਦਾ ਵਤਨ ਐਕਟ ਅਧੀਨ ਕਲੈਕਟਰ ਨੂੰ, ਜਦੋਂ ਵੀ ਉਹ ਮੁਨਾਸਬ ਸਮਝੇ ਸੇਪ ਨੂੰ ਵਿੱਤੀ ਕਰ ਵਿਚ ਤਬਦੀਲ ਕਰਨ ਦੀ ਸ਼ਕਤੀ ਦਿੱਤੀ ਗਈ ਹੈ। ਦੂਜਾ ਉਪਬੰਧ, ਕਿ ਵਿੱਤੀ ਕਰ ਦੀ ਵਸੂਲੀ ਜ਼ਮੀਨ ਮਾਲੀਏ ਦੇ ਨਾਲ ਨਾਲ ਕੀਤੀ ਜਾਵੇਗੀ–ਮੈਂ ਫਿਰ ਕਹਿੰਦਾ ਹਾਂ ਕਿ ਇਹ ਵੀ ਇਕ ਨਵਾਂ ਪ੍ਰਸਤਾਵ ਨਹੀਂ। ਇਹ ਵੀ ਵਤਨ ਐਕਟ ਵਿਚ ਪਹਿਲਾਂ ਹੀ ਮੌਜੂਦ ਹੈ। ਵਤਨ ਐਕਟ ਦੀ ਧਾਰਾ 81 ਨੂੰ ਦੇਖਣ ਤੋਂ ਪਤਾ ਲਗੇਗਾ ਕਿ ਮੌਜੂਦਾ ਐਕਟ ਅਧੀਨ ਕਲੈਕਟਰ ਨੂੰ ਸਾਰੇ ਹੱਕ, ਸਾਰੀਆਂ ਉਜਰਤਾਂ, ਸਾਰੀਆਂ ਤਨਖ਼ਾਹਾਂ, ਜ਼ਮੀਨ ਮਾਲੀਏ ਦੇ ਬਕਾਇਆ ਵਜੋਂ ਇਕੱਠੇ ਕਰਨ ਦੀ ਸ਼ਕਤੀ ਪ੍ਰਾਪਤ ਹੈ। ਇਸ ਲਈ ਸ੍ਰੀ ਮਾਨ ਜੀ, ਮੈਂ ਕਹਿੰਦਾ ਹਾਂ ਕਿ ਬਿਲ ਦੀ ਧਾਰਾ 16 ਵਿਚ ਕੁਝ ਵੀ ਨਵਾ ਨਹੀਂ ਹੈ। ਮੇਰੇ ਬਿਲ ਦੀ ਧਾਰਾ6 ਵਿਚ ਜੋ ਕੁਝ ਵੀ ਨਵਾਂ ਹੈ, ਉਹ ਇਹ ਹੈ, ਕਿ ਮਰਜ਼ੀ ਦਾ ਇਖ਼ਤਿਆਰ ਕਲੈਕਟਰ ਨੂੰ ਦੇਣ ਦੀ ਥਾਂ ਖ਼ੁਦ ਪਾਰਟੀਆਂ ਨੂੰ ਹੀ ਦਿੱਤਾ ਗਿਆ ਹੈ। ਮੌਜੂਦਾ ਕਾਨੂੰਨ ਇਹ ਗੱਲ ਮੰਨਦਾ ਹੈ ਕਿ ਅਜਿਹੇ ਹਾਲਾਤ ਪੈਦਾ ਹੋ ਜਾਣਗੇ, ਜਦੋਂ ਅਜਿਹੇ ਉਪਬੰਧ ਜ਼ਰੂਰੀ ਹੋ ਜਾਣਗੇ ਜਿਸ ਤਰ੍ਹਾਂ ਦੇ ਉਪਬੰਧ ਮੇਰੇ ਬਿਲ ਦੀ ਧਾਰਾ6 ਵਿੱਚ ਦਿੱਤੇ ਗਏ ਹਨ। ਅਜਿਹਾ ਨਾ ਹੁੰਦਾ ਤਾਂ ਉਹ ਉਪਬੰਧ ਮੌਜੂਦਾ ਐਕਟ ਵਿਚ ਆਉਂਦੇ ਹੀ ਨਾ। ਮੈਂ ਮਹਿਸੂਸ ਕਰਦਾ ਹਾਂ ਕਿ ਭਾਵੇਂ ਕਲੈਕਟਰ ਕੋਲ ਇਖ਼ਤਿਆਰ ਹਨ ਤਾਂ ਵੀ ਹੋ ਸਕਦਾ ਹੈ ਕਿ ਉਸ ਨੂੰ ਪਤਾ ਨਾ ਹੋਵੇ, ਉਸ ਨੂੰ ਇਸ ਬਾਰੇ ਜਾਣਕਾਰੀ ਨਾ ਹੋਵੇ ਕਿ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਜਿਨ੍ਹਾਂ ਅਨੁਸਾਰ ਮਰਜ਼ੀ ਦੇ ਇਖ਼ਤਿਆਰ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਮੈਂ ਜੋ ਕੁਝ ਵੀ ਕਹਿੰਦਾ ਹਾਂ, ਉਹ ਇਹ ਹੈ ਕਿ ਮਰਜ਼ੀ ਦੇ ਇਖ਼ਤਿਆਰ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਕਲੈਕਟਰ ਦੀ ਅਗਵਾਈ ਪਾਰਟੀਆਂ ਖ਼ੁਦ ਕਰਨ, ਤਾਂ ਜੋ, ਜੇਕਰ ਪਾਰਟੀਆਂ ਚਾਹੁਣ ਕਿ ਸੇਪ ਨੂੰ ਜ਼ਮੀਨ ਮਾਲੀਏ ਦੇ ਨਾਲ ਨਾਲ ਇਕੱਠਾ ਕੀਤਾ ਜਾਵੇ, ਤਾਂ ਕਲੈਕਟਰ ਇਹ ਜਾਣ ਜਾਵੇ ਕਿ ਉਸ ਦੁਆਰਾ ਮਰਜ਼ੀ ਦੇ ਇਖ਼ਤਿਆਰ ਦੀ ਵਰਤੋਂ ਕਰਨ ਦਾ ਮੌਕਾ ਆ ਗਿਆ ਹੈ। ਇਸ ਵਿੱਚ ਸਿਵਾਏ ਇਸ ਗੱਲ ਦੇ ਕਿ ਇਖ਼ਤਿਆਰ ਸ਼ਕਤੀ ਕਲੈਕਟਰ ਤੋਂ ਕਿਸਾਨਾਂ ਅਤੇ ਮਹਾਰਾਂ ਨੂੰ ਤਬਦੀਲ ਕਰ ਦਿੱਤੀ ਗਈ ਹੈ ਕੁਝ ਵੀ ਨਵਾਂ ਨਹੀਂ ਹੈ।

ਸ੍ਰੀਮਾਨ ਜੀ, ਇਸ ਤੋਂ ਅੱਗੇ ਸੇਪ ਨੂੰ ਦੋ ਵਿਸ਼ੇਸ਼ ਹਿੱਸਿਆਂ–ਇੱਕ ਨਿੱਜੀ ਸੇਵਾ ਲਈ ਅਤੇ ਦੂਜਾ ਸਰਕਾਰੀ ਸੇਵਾ ਲਈ–ਵਿਚ ਵੰਡਣ ਦੇ ਸਬੰਧ ਵਿਚ ਉਪਬੰਧ, ਬਿਨਾਂ ਕਿਸੇ ਸ਼ੱਕ ਦੇ, ਨਵਾਂ ਉਪਬੰਧ ਹੈ। ਪਰ ਮੇਰੀ ਬੇਨਤੀ ਹੈ ਕਿ ਹਾਲਾਤ ਨੇ ਇਸ ਨੂੰ ਬਹੁਤ ਜ਼ਰੂਰੀ ਬਣਾ ਦਿੱਤਾ ਹੈ। ਸਰਕਾਰੀ ਨਜ਼ਰੀਏ ਦੇ ਅਨੁਸਾਰ ਸੇਪ ਕਿਸਾਨਾਂ ਲਈ ਸੇਵਾਵਾਂ ਅਤੇ ਸਰਕਾਰ ਲਈ ਸੇਵਾਵਾਂ ਵਾਸਤੇ ਇੱਕ ਸਾਂਝੀ ਅਦਾਇਗੀ ਹੈ। ਸਰਕਾਰ ਨੇ 3 ਮਈ, 1899 ਨੂੰ ਇਕ ਮਤਾ ਨੰ: 3074, ਪਾਸ ਕੀਤਾ, ਜਿਸ ਵਿਚ ਉਹਨਾਂ ਨੇ ਸਪੱਸ਼ਟ ਆਖਿਆ ਹੈ ਕਿ ਸੇਪ ਕਿਸਾਨਾਂ ਅਤੇ ਸਰਕਾਰ ਦੋਹਾਂ ਪ੍ਰਤੀ ਸੇਵਾਵਾਂ ਵਾਸਤੇ ਇਕ ਸਾਂਝੀ ਉਜਰਤ ਹੈ। ਇਸ ਵਿਚਾਰ ਦਾ ਸਮਰਥਨ ਕਰਨ ਵਾਸਤੇ ਮੈਨੂੰ ਇੰਨਾ ਜ਼ਿਆਦਾ ਪਿੱਛੇ ਜਾਣ ਦੀ ਲੋੜ ਨਹੀਂ। 1919 ਵਿਚ ਵੀ ਸਰਕਾਰ ਨੇ, ਉਨ੍ਹਾਂ ਕਾਗ਼ਜ਼ ਪੱਤਰਾਂ ਵਿਚ, ਜੋ ਇਸ ਨੇ ਇਸ ਨੁਕਤੇ ਬਾਰੇ ਇਕ ਪ੍ਰਸ਼ਨ ਦੇ ਉੱਤਰ ਵਿੱਚ ਇਸ ਸਦਨ ਅੱਗੇ ਰੱਖੇ, ਸਰਕਾਰ ਦੇ ਸਹਾਇਕ ਸਕੱਤਰ ਦੁਆਰਾ ਜਾਰੀ ਕੀਤੇ ਗਏ ਹੁਕਮ ਤੇ ਨਿਰਭਰ ਕੀਤਾ ਜਿਸ ਵਿਚ ਇਸ ਤਜੀਵਜ਼ ਤੇ ਸਪੱਸ਼ਟ ਤੌਰ ਤੇ ਜ਼ੋਰ ਦਿੱਤਾ ਗਿਆ ਹੈ, ਕਿ ਸੇਪ ਕੇਵਲ ਨਿੱਜੀ ਸੇਵਾਵਾਂ ਲਈ ਅਦਾ ਨਹੀਂ ਕੀਤੀ ਜਾਂਦੀ ਬਲਕਿ ਸਰਕਾਰ ਲਈ ਕੀਤੀਆਂ ਗਈਆਂ ਸੇਵਾਵਾਂ ਬਦਲੇ ਵੀ ਅਦਾ ਕੀਤੀ ਜਾਂਦੀ ਹੈ। ਸ੍ਰੀਮਾਨ ਜੀ, ਹੁਣ ਮੈਂ ਇਹ ਕਹਿੰਦਾ ਹਾਂ ਕਿ ਮਹਾਰਾਂ ਵਿਚੋਂ ਕੁਝ ਮਹਾਰ ਸਰਕਾਰ ਲਈ ਸੇਵਾਵਾਂ ਕਰਨ ਵਾਸਤੇ ਰਜ਼ਾਮੰਦ ਹਨ, ਪਰ ਉਹ ਕਿਸਾਨਾਂ ਲਈ ਸੇਵਾਵਾਂ ਕਰਨ ਲਈ ਰਾਜ਼ੀ ਨਹੀਂ। ਮੈਂ ਜਾਣਦਾ ਹਾਂ ਕਿ ਕੁਝ ਕਿਸਾਨ ਵੀ ਐਸੇ ਹਨ, ਜੋ ਅਜਿਹੀ ਏਜੰਸੀ ਤੋਂ ਕੰਮ ਨਹੀਂ ਲੈਣਾ ਚਾਹੁੰਦੇ ਜੋ ਉਨ੍ਹਾਂ ਉੱਤੇ ਠੋਸੀ ਜਾਵੇ, ਜਿਵੇਂ ਮੌਜੂਦਾ ਕਾਨੂੰਨ ਦੁਆਰਾ ਮਹਾਰਾਂ ਨੂੰ ਠੋਸਿਆ ਗਿਆ ਹੈ। ਉਹ ਆਪ ਪਹਿਲ ਕਦਮੀ ਕਰਕੇ, ਆਪਣੀ ਮਰਜ਼ੀ ਨਾਲ, ਕਿਸੇ ਨੂੰ ਵੀ , ਜਿਸ ਤੋਂ ਉਹ ਕੰਮ ਲੈਣਾ ਚਾਹੁਣ, ਰੱਖਣਾ ਪਸੰਦ ਕਰਨਗੇ। ਇਸੇ ਤਰ੍ਹਾਂ ਕੁਝ ਮਹਾਰ ਵੀ ਹਨ, ਜੋ ਕਿਸਾਨਾਂ ਲਈ ਸੇਵਾਵਾਂ ਨਹੀਂ ਕਰਨਾ ਚਾਹੁੰਦੇ । ਉਹ ਸੇਵਾ ਕਰਨ ਜਾਂ ਨਾ ਕਰਨ ਲਈ ਆਪਣੀ ਆਜ਼ਾਦੀ ਚਾਹੁੰਦੇ ਹਨ। ਪਰ, ਮੌਜੂਦਾ ਕਾਨੂੰਨ ਹੇਠ ਉਨ੍ਹਾਂ ਨੂੰ ਇਸ ਆਜ਼ਾਦੀ ਦੀ ਮਨਾਹੀ ਹੈ। ਉਨ੍ਹਾਂ ਨੂੰ ਸੇਵਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਭਾਵੇਂ ਉਹ ਅਜਿਹਾ ਕਰਨਾ ਚਾਹੁੰਦੇ ਹੋਣ ਜਾਂ ਨਾ ਚਾਹੁੰਦੇ ਹੋਣ। ਇਹ ਇਸ ਕਾਰਨ ਕਰਕੇ ਹੈ ਕਿ ਸੇਪ ਇੱਕ ਸਾਂਝੀ ਉਜਰਤ ਹੈ ਅਤੇ ਇਹ ਪਤਾ ਲਗਾਉਣ ਦਾ ਕੋਈ ਢੰਗ ਨਹੀਂ ਕਿ ਸੇਪ ਦੀ ਸ਼ਕਲ ਵਿਚ ਕਿੰਨੀ ਉਜਰਤ ਸਰਕਾਰੀ ਸੇਵਾਵਾਂ ਬਦਲੇ ਹੈ ਅਤੇ ਕਿੰਨੀ ਉਜਰਤ ਨਿਜੀ ਸੇਵਾਵਾਂ ਬਦਲੇ ਹੈ। ਸਮਾਜਕ ਪ੍ਰਗਤੀ ਦੇ ਮੁਕਾਬਲੇ ਦੇ ਇਸ ਦੌਰ ਵਿੱਚ ਕਿਸਾਨਾਂ ਅਤੇ ਮਹਾਰਾਂ ਵਿੱਚ ਤਣਾਉ ਬਹਤੁ ਵੱਧ ਗਿਆ ਹੈ ਅਤੇ ਜੇਕਰ ਸੇਵਾ ਲਈ ਰੱਖਣ ਅਤੇ ਸੇਵਾ ਕਰਨ ਦੀ ਆਜ਼ਾਦੀ ਨਹੀਂ ਦਿੱਤੀ ਜਾਂਦੀ ਤਾਂ ਇਹ ਤਣਾਉ ਵੱਧ ਕੇ ਹੋਰ ਗੰਭੀਰ ਰੂਪ ਧਾਰ ਲਵੇਗਾ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਇਹ ਨਿਰਧਾਰਿਤ ਕਰਨਾ ਬਹੁਤ ਜ਼ਰੂਰੀ ਹੈ ਕਿ ਕਿਸਾਨਾਂ ਦੀਆਂ ਸੇਵਾਵਾਂ ਕਰਨ ਕਰਕੇ ਕਿਸਾਨਾਂ ਪਾਸੋਂ ਸੇਪ ਦਾ ਕਿੰਨਾ ਕੋਟਾ ਬਣਦਾ ਹੈ ਅਤੇ ਸਰਕਾਰ ਪਾਸੋਂ ਕਿੰਨਾ ਕੋਟਾ ਬਣਦਾ ਹੈ। ਵਰਤਮਾਨ ਹਾਲਾਤ ਵਿਚ ਇਹ ਹੁੰਦਾ ਹੈ, ਕਿ ਜੇਕਰ ਇਕ ਮਹਾਰ ਕਿਸਾਨ ਦੀ ਸੇਵਾ

ਨਹੀਂ ਕਰਦਾ, ਤਾਂ ਵੀ, ਸੇਪ ਦੀ ਕੋਈ ਵੰਡ ਨਾ ਹੋਣ ਕਰਕੇ, ਕਿਸਾਨ ਨੂੰ ਸਾਰਾ ਹਿੱਸਾ ਦੇਣਾ ਪੈਂਦਾ ਹੈ ਅਤੇ ਮਹਾਰ ਕਿਸਾਨ ਨਾਲੋਂ ਫ਼ਾਇਦੇ ਵਿਚ ਰਹਿੰਦਾ ਹੈ।

ਦੂਜੇ ਪਾਸੇ ਇਹ ਹੁੰਦਾ ਹੈ ਕਿ ਜੇਕਰ ਮਹਾਰ ਨੇ ਕਿਸਾਨ ਦੀ ਸੇਵਾ ਨਹੀਂ ਕੀਤੀ ਪਰ ਕੇਵਲ ਸਰਕਾਰ ਦੀ ਹੀ ਸੇਵਾ ਕੀਤੀ ਹੈ ਤਾਂ ਉਹ ਸਾਰੀ ਸੇਪ ਤੋਂ ਹੱਥ ਧੋ ਬਹਿੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਕਿਸਾਨ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ ਕਿ ਸਰਕਾਰੀ ਸੇਵਾਵਾਂ ਕਰਨ ਕਰਕੇ ਉਸ ਵਲੋਂ ਸੇਪੋਂ ਦਾ ਕਿੰਨਾ ਹਿੱਸਾ ਬਣਦਾ ਹੈ। ਇਸ ਬਾਰੇ ਪਤਾ ਨਾ ਹੋਣ ਕਰਕੇ ਉਹ ਸਾਰਾ ਹਿੱਸਾ ਰੋਕ ਲੈਂਦਾ ਹੈ ਅਤੇ ਇਸ ਨਾਲ ਮਹਾਰਾਂ ਨੂੰ ਨਾਜਾਇਜ਼ ਹਾਨੀ ਪਹੁੰਚਦੀ ਹੈ। ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਚੰਗੇਰੇ ਪ੍ਰਸ਼ਾਸਨ ਦੇ ਹਿੱਤ ਵਿਚ ਅਤੇ ਪਿੰਡਾਂ ਵਿਚ ਸ਼ਾਂਤੀ ਕਾਇਮ ਰੱਖਣ ਦੇ ਹਿੱਤ ਵਿਚ ਬਹੁਤ ਜ਼ਰੂਰੀ ਹੈ ਕਿ ਇਕ ਸ਼੍ਰੇਣੀ ਦੇ ਲੋਕਾਂ ਦੀਆਂ ਸੇਵਾਵਾਂ ਦੂਜੀਆਂ ਸ੍ਰੇਣੀਆਂ ਦੇ ਲੋਕਾਂ ਉੱਪਰ ਨਾ ਠੋਸੀਆਂ ਜਾਣ। ਇਕ ਅਜਿਹੀ ਪ੍ਰਥਾ ਦਾ ਪੱਖ ਪੂਰਨਾ ਬੜਾ ਜ਼ੁਲਮ ਹੋਵੇਗਾ ਜਿਸ ਅਧੀਨ ਕੇਵਲ ਇਕ ਨਾਈ ਸਾਡੀ ਹਜਾਮਤ ਕਰੇ ਅਤੇ ਦੂਜੇ ਕਿਸੇ ਵੀ ਨਾਈ ਨੂੰ ਨੇੜੇ ਨਾ ਲੱਗਣ ਦਿੱਤਾ ਜਾਵੇ। ਪਰ, ਵਤਨ ਪ੍ਰਥਾ ਇੰਨੀ ਜ਼ਾਲਮ ਪ੍ਰਥਾ ਹੈ। ਮੈਨੂੰ ਯਕੀਨ ਹੈ ਕਿ ਇਸ ਸਦਨ ਦੇ ਵਕੀਲ ਮੈਂਬਰ ਜਾਣਦੇ ਹਨ ਕਿ ਹਾਈ ਕੋਰਟ ਵਿਚ ਇਕ ਕੇਸ ਆਇਆ ਸੀ ਕਿ ਇਸ ਖ਼ਾਸ ਪਿੰਡ ਵਿਚ ਜਜਮਾਨਾਂ (ਕਿਸਾਨਾਂ) ਨੂੰ ਬਾਹਰ ਦੇ ਪਿੰਡ ਦੇ ਨਾਈ ਦੀਆਂ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ, ਭਾਵੇਂ ਉਹ ਖ਼ਾਸ ਨਾਈ ਇਕ ਕੁਸ਼ਲ ਨਾਈ ਹੋਵੇ ਭਾਵੇਂ ਨਾ ਹੋਵੇ, ਭਾਵੇਂ ਉਸ ਨੂੰ ਚੰਗੀ ਤਰ੍ਹਾਂ ਵਾਲ ਕੱਟਣੇ ਆਉਂਦੇ ਹੋਣ ਭਾਵੇਂ ਨਾ ਆਉਂਦੇ ਹੋਣ ਜਾਂ ਭਾਵੇਂ ਉਸ ਨੂੰ ਦਾੜ੍ਹੀ ਤਰਾਸ਼ਣੀ ਆਉਂਦੀ ਹੋਵੇ ਭਾਵੇਂ ਨਾ, ਕੇਵਲ ਉਸ ਨੇ ਹੀ ਸਦਾ ਕਿਸਾਨਾਂ ਦੀਆਂ ਸੇਵਾਵਾਂ ਕਰਨੀਆਂ ਹਨ। ਮਹਾਰਾਂ ਦੇ ਕੇਸ ਵਿਚ ਵੀ ਇਹੀ ਗੱਲ ਹੁੰਦੀ ਹੈ। ਮੇਰੇ ਬਿਲ ਦਾ ਟੀਚਾ ਇਕਰਾਰਨਾਮੇ ਦੀ ਆਜ਼ਾਦੀ ਹੈ। ਜੇਕਰ ਕਿਸਾਨ ਮਹਾਰਾਂ ਨੂੰ ਰਖਣਾ ਨਹੀਂ ਚਾਹੁੰਦੇ ਤਾਂ ਉਨ੍ਹਾਂ ਨੂੰ ਮਹਾਰਾਂ ਨੂੰ ਨਾ ਰੱਖਣ ਦੀ ਮੁਕੰਮਲ ਖੁਲ੍ਹ ਹੋਣੀ ਚਾਹੀਦੀ ਹੈ, ਅਤੇ ਜੇਕਰ ਮਹਾਰ ਸੇਵਾ ਨਹੀਂ ਕਰਨੀ ਚਾਹੁੰਦੇ ਤਾਂ ਮਹਾਰਾਂ ਨੂੰ ਪੂਰੀ ਖੁਲ੍ਹ ਹੋਣ ਚਾਹੀਦੀ ਹੈ ਕਿ ਉਹ ਸੇਵਾ ਨਾ ਕਰਨ। ਪਰ ਮੌਜੂਦਾ ਪ੍ਰਥਾ ਦੇ ਮੁਤਾਬਕ ਸਾਂਝੀਆਂ ਉਜਰਤਾਂ ਦੀ ਪ੍ਰਥਾ ਅਨੁਸਾਰ, ਇਹ ਇਕਰਾਰਨਾਮੇ ਦੀ ਆਜ਼ਾਦੀ ਨਾਕਾਰਾ ਹੋ ਜਾਂਦੀ ਹੈ ਅਤੇ ਪ੍ਰਾਪਤ ਨਹੀਂ ਹੈ। ਮੇਰੀ ਸਕੀਮ ਇਕਰਾਰਨਾਮੇ ਦੀ ਉਸ ਆਜ਼ਾਦੀ ਦਾ ਉਪਬੰਧ ਕਰਦੀ ਹੈ, ਅਤੇ ਮੈਂ ਸਮਝਦਾ ਹਾਂ ਕਿ ਘੱਟ ਤੋਂ ਘੱਟ ਇਸ ਸਦੀ ਵਿੱਚ, ਜਦੋਂ ਹਰ ਇਕ ਸਮਾਜ ਨੇ ਰੁਤਬੇ ਤੋਂ ਇਕਰਾਰਨਾਮੇ ਤੱਕ ਪ੍ਰਗਤੀ ਕਰ ਲਈ ਹੈ, ਸਾਨੂੰ ਉਦਾਹਰਨ ਵਜੋਂ ਮਹਾਰਾਂ ਅਤੇ ਕਿਸਾਨਾਂ ਨੂੰ ਇਕਰਾਰਨਾਮੇ ਦੀ ਆਜ਼ਾਦੀ ਤੋਂ ਇਨਕਾਰ ਕਰਕੇ ਭਾਰਤੀ ਸਮਾਜ ਦੀ ਪ੍ਰਗਤੀ ਵਿੱਚ ਰੁਕਾਵਟ ਨਹੀਂ ਪਾਉਣੀ ਚਾਹੀਦੀ।

ਇੱਕ ਗੱਲ ਜੋ ਮੈਂ ਕਹਿੱਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਮੈਂ ਇਸ ਬਿਲ ਵਿਚ ਜਿਸ ਪ੍ਰਥਾ ਦੀ ਰੂਪ ਰੇਖਾ ਦਾ ਖ਼ਾਕਾ ਖਿਚਿਆ ਹੈ, ਉਹ ਸਾਰੀ ਦੀ ਸਾਰੀ ਮੇਰੀ ਆਪਣੀ ਨਹੀਂ ਹੈ। ਇਹ ਉਹ ਪ੍ਰਥਾ ਹੈ ਜੋ ਮੈਂ ਬੇਰਾਰਾਂ (berars) ਤੋਂ ਨਕਲ ਕੀਤੀ ਹੈ। ਕੇਂਦਰੀ ਪ੍ਰਾਂਤਾਂ ਵਿਚ ਬੇਰਾਰਾਂ

ਵਿੱਚ ਕਿਸਾਨਾਂ ਅਤੇ ਮਹਾਰਾਂ ਵਿਚਕਾਰ ਇਸੇ ਤਰ੍ਹਾਂ ਦੇ ਹੀ ਝਗੜੇ ਅਤੇ ਖੁੜ੍ਹਬਾ ਖੁੜ੍ਹਬੀਆਂ ਚਲਦੀਆਂ ਰਹਿੰਦੀਆਂ ਸਨ। ਦੋਨਾਂ ਪਾਸਿਆਂ ਤੋਂ ਇਕ ਵੱਡਾ ਅੰਦੋਲਨ ਛਿੜਿਆ ਅਤੇ ਸਰਕਾਰ ਨੇ ਮਾਮਲੇ ਦੀ ਜਾਂਚ ਕਰਨ ਅਤੇ ਤਜੀਵਜ਼ਾਂ ਪੇਸ਼ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ। 1920 ਵਿਚ ਕਮੇਟੀ ਨੇ ਆਪਣੇ ਸੁਝਾਉ ਦਿੱਤੇ ਅਤੇ ਸਰਕਾਰ ਨੇ ਇਹ ਪ੍ਰਣਾਲੀ ਲਾਗੂ ਕੀਤੀ ਜਿਸ ਦੀ ਨਕਲ ਮੈਂ ਮੂਲ ਰੂਪ ਵਿਚ ਇਸ ਬਿਲ ਤੇ ਉਪਬੰਧਾਂ ਵਿਚ ਨਕਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਜੇਕਰ ਇਸ ਬਿਲ ਦੇ ਉਪਬੰਧ, ਜੋ ਬੇਰਾਰ ਕਮੇਟੀ ਦੀਆਂ ਸਿਫ਼ਾਰਸ਼ਾਂ ਦਾ ਸਿੱਟਾ ਹਨ, ਬੈਰਾਰਾਂ ਲਈ ਚੰਗੇ ਹਨ, ਤਾਂ ਮੇਰਾ ਖ਼ਿਆਲ ਹੈ ਕਿ ਉਹ ਬੰਬਈ ਪ੍ਰੈਜ਼ੀਡੈਂਸੀ ਲਈ ਮਾੜੇ ਨਹੀਂ ਹੋ ਸਕਦੇ, ਕਿਉਂਕਿ ਬੇਰਾਰ ਪ੍ਰਣਾਲੀ, ਬੰਬਈ ਪ੍ਰਣਾਲੀ ਦਾ ਹੀ ਨਮੂਨਾ ਸੀ, ਇਥੋਂ ਤਕ ਕਿ ਬੇਰਾਰ ਕਮੇਟੀ ਦੀ ਸਾਰੀ ਦੀ ਸਾਰੀ ਰਿਪੋਰਟ, ਬੰਬਈ ਸਰਕਾਰ ਦੇ ਮਤੇ ਤੇ ਹੀ ਆਧਾਰਤ ਹੈ। ਇਹ ਬਿਲ ਦੇ ਮੁੱਖ ਉਪਬੰਧ ਹਨ।

ਇਸ ਬਿਲ ਵਿਚ ਇਕ ਉਪਬੰਧ ਹੈ, ਜਿਸ ਬਾਰੇ ਸ਼ਾਇਦ ਸਪਸ਼ਟੀਕਰਨ ਦੇਣ ਦੀ ਲੋੜ ਹੈ ਅਤੇ ਉਹ ਉਪਬੰਧ, ਅਜਿਹਾ ਉਪਬੰਧ ਹੈ ਜਿਸ ਦੁਆਰਾ ਵਤਨ ਐਕਟ ਦੀ ਧਾਰਾ 9 ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ। ਮੇਰਾ ਭਾਵ, ਮੇਰੇ ਬਿਲ ਦੇ ਖੰਡ 2 ਅਤੇ 3 ਤੋਂ ਹੈ। ਵਤਨ ਐਕਟ ਦੇ ਉਪਬੰਧਾਂ ਅਧੀਨ, ਇਹ ਨਿਰਧਾਰਿਤ ਕੀਤਾ ਗਿਆ ਹੈ ਕਿ ਵਤਨ ਜ਼ਮੀਨਾਂ ਦਾ ਇੰਤਕਾਲ ਵਤਨ ਪਰਿਵਾਰ ਤੋਂ ਬਾਹਰ ਦੇ ਕਿਸੇ ਵੀ ਵਿਅਕਤੀ ਦੇ ਨਾਂ ਕੀਤਾ ਜਾਵੇਗਾ। ਧਾਰਾ 9 ਵਿਚ ਅਜਿਹਾ ਉਪਬੰਧ ਵੀ ਹੈ ਜੋ ਕਲੈਕਟਰ ਨੂੰ ਵਤਨਦਾਰ ਦੀ ਉਹ ਜ਼ਮੀਨ ਮੁੜ-ਪ੍ਰਾਪਤ ਕਰਨ ਦੀ ਸ਼ਕਤੀ ਦਿੰਦਾ ਹੈ ਜਿਸ ਦਾ ਇੰਤਕਾਲ ਗ਼ੈਰ-ਵਤਨਦਾਰ ਦੇ ਨਾਂ ਕੀਤਾ ਗਿਆ ਹੋਵੇ। ਪਰ ਧਾਰਾ 9 ਅਧੀਨ ਇੰਤਕਾਲ ਨੂੰ ਵਿਅਰਥ ਤੇ ਵਿਫਲ ਕਰਾਰ ਦੇਣ ਜਾਂ ਨਾ, ਅਤੇ ਅਜਿਹੀ ਇੰਤਕਾਲ ਕੀਤੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਦਾ ਇਖ਼ਤਿਆਰ ਪੂਰੀ ਤਰ੍ਹਾਂ ਕਲੈਕਟਰ ਦੀ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ। ਕਲੈਕਟਰ ਹਮੇਸ਼ਾ ਧਾਰਾ 9 ਅਧੀਨ ਦਿੱਤੇ ਗਏ ਇਖ਼ਤਿਆਰ ਦੀ ਮਰਜ਼ੀ ਵਤਨਦਾਰ ਦੇ ਹੱਕ ਵਿਚ ਨਹੀਂ ਵਰਤਦਾ। ਜਦੋਂ ਇਸ ਤਰ੍ਹਾਂ ਇੰਤਕਾਲ ਕੀਤੀ ਗਈ ਜ਼ਮੀਨ ਨੂੰ, ਭਾਵੇਂ ਇਹ ਵਤਨ ਦੀ ਜ਼ਮੀਨ ਹੈ, ਕਾਰਜ ਨਿਭਾਉਣ ਵਾਲੇ ਵਤਨਦਾਰ ਲਈ ਉਜਰਤ ਵਜੋਂ ਨਿਰਧਾਰਿਤ ਨਹੀਂ ਕੀਤਾ ਜਾਂਦਾ ਤਾਂ ਇਸ ਨਾਲ ਕੋਈ ਖ਼ਾਸ ਮੁਸ਼ਕਲ ਪੈਦਾ ਨਹੀਂ ਹੁੰਦੀ। ਪਰ ਸ੍ਰੀਮਾਨ ਜੀ, ਮੇਰੀ ਬੇਨਤੀ ਹੈ ਕਿ ਜੇਕਰ ਕਾਰਜ ਨਿਭਾਉਣ ਵਾਲੇ ਵਤਨਦਾਰ ਨੇ ਇਸ ਸਪੱਸ਼ਟ ਸਮਝੌਤੇ ਅਨੁਸਾਰ ਸਰਕਾਰੀ ਸੇਵਾਵਾਂ ਕਰਨੀਆਂ ਹਨ ਕਿ ਉਸ ਦੀ ਵਤਨ ਜ਼ਮੀਨ ਉਸ ਦੇ ਕੰਮ ਲਈ ਉਜਰਤ ਵਜੋਂ ਉਸ ਵਾਸਤੇ ਨਿਰਧਾਰਿਤ ਕੀਤੀ ਗਈ ਹੈ ਤੇ ਇਹ ਸਦਾ ਉਸ ਦੇ ਕਬਜ਼ੇ ਹੇਠ ਰਹੇਗੀ, ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਉਹ ਵਤਨ ਜ਼ਮੀਨਾਂ ਮੁੜ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ ਜੋ ਕਾਰਜ ਨਿਭਾਉਣ ਵਾਲੇ ਵਤਨਦਾਰ ਦੇ ਹੱਥ ਵਿਚੋਂ ਨਿਕਲ ਗਈਆਂ ਹਨ। ਜੋ ਧਾਰਾਵਾਂ ਮੈਂ ਦਾਖ਼ਲੇ ਲਈ ਪੇਸ਼ ਕੀਤੀਆਂ ਹਨ ਉਹ ਅਜਿਹੀਆਂ ਵਤਨ ਜ਼ਮੀਨਾਂ ਦੇ ਕੇਸ ਵਿਚ, ਜੋ ਕਾਰਜ ਨਿਭਾਉਣ ਵਾਲੇ ਵਤਨਦਾਰ ਨੂੰ ਉਰਜਰਤ ਵਜੋਂ ਨਿਰਧਾਰਿਤ ਕੀਤੀਆਂ ਗਈਆਂ ਹਨ, ਹੱਥ-ਬਦਲੀ ਨੂੰ ਵਿਅਰਥ ਅਤੇ ਵਿਫਲ ਗਰਦਾਨਣ ਦੇ ਐਲਾਨ

ਨੂੰ ਕਲੈਕਟਰ ਵਾਸਤੇ ਲਾਜ਼ਮੀ ਬਣਾਉਂਦੀਆਂ ਹਨ। ਇਨ੍ਹਾਂ ਧਾਰਾਵਾਂ ਨੂੰ ਪੇਸ਼ ਕਰਦਿਆਂ ਹੋਇਆਂ, ਵਤਨ ਜ਼ਮੀਨਾਂ ਦੀ ਮੰਨੀ ਪ੍ਰਮੰਨੀ ਦੋ ਭਾਗਾਂ ਵਿਚਕਾਰ ਵੰਡ ਨੂੰ ਮੈਂ ਆਪਣਾ ਆਧਾਰ ਬਣਾਇਆ ਹੈ। ਇਕ ਤਾਂ ਉਹ, ਜੋ ਉਜਰਤ ਵਜੋਂ ਨਿਯਤ ਕੀਤੀਆਂ ਗਈਆਂ ਹਨ ਅਤੇ ਦੂਜੀਆਂ ਉਹ, ਜੋ ਉਜਰਤ ਵਜੋਂ ਨਿਯਤ ਨਹੀਂ ਕੀਤੀਆਂ ਗਈਆਂ। ਉਨ੍ਹਾਂ ਜ਼ਮੀਨਾਂ ਦੇ ਮਾਮਲੇ ਵਿਚ ਜੋ ਉਜਰਤ ਵਜੋਂ ਨਿਯਤ ਨਹੀਂ ਕੀਤੀਆਂ ਗਈਆਂ, ਕਲੈਕਟਰ ਆਪਣੇ ਇਖ਼ਤਿਆਰ ਦੀ ਵਰਤੋਂ ਸ਼ਾਇਦ ਨਾ ਕਰੇ, ਕਿਉਂਕਿ ਜ਼ਮੀਨ, ਕਾਰਜ ਨਿਭਾਉਣ ਵਾਲੇ ਵੇਤਨਦਾਰ ਲਈ ਉਜਰਤ ਦੇ ਮੰਤਵ ਲਈ ਤੁਰਤ ਜ਼ਰੂਰੀ ਨਹੀਂ। ਉਸ ਸੂਰਤ ਵਿਚ ਜੇਕਰ ਕਲੈਕਟਰ ਵਤਨਦਾਰ ਦੇ ਹੱਕ ਵਿਚ ਆਪਣੀ ਇਖ਼ਤਿਆਰੀ ਮਰਜ਼ੀ ਦੀ ਵਰਤੋਂ ਨਹੀਂ ਕਰਦਾ ਅਤੇ ਇੰਤਕਾਲ ਨੂੰ ਵਿਅਰਥ ਅਤੇ ਵਿਫਲ ਕਰਾਰ ਦੇ ਦਿੰਦਾ ਹੈ ਤਾਂ ਸ਼ਿਕਾਇਤ ਦੀ ਕੋਈ ਸੂਰਤ ਨਹੀਂ ਬਣਦੀ। ਪਰ, ਜਦੋਂ ਜ਼ਮੀਨ ਸਪੱਸ਼ਟ ਤੌਰ ਤੇ ਉਜਰਤ ਵਜੋਂ ਰਾਖਵੀਂ ਅਤੇ ਨਿਰਧਾਰਿਤ ਕੀਤੀ ਜਾਂਦੀ ਹੈ, ਤਾਂ ਮੈਂ ਸਮਝਦਾ ਹਾਂ ਕਿ ਉਸ ਮਾਮਲੇ ਵਿਚ ਕਲੈਕਟਰ ਦੀ ਕੋਈ ਇਖ਼ਤਿਆਰੀ ਮਰਜ਼ੀ ਨਹੀਂ ਹੋਣੀ ਚਾਹੀਦੀ। ਪਰ, ਅਜਿਹੇ ਹਰ ਇਕ ਕੇਸ ਵਿਚ ਇਹ ਐਲਾਨ ਕੀਤਾ ਜਾਣਾ ਚਾਹੀਦਾ ਹੈ ਕਿ ਇੰਤਕਾਲ ਵਿਅਰਥ ਅਤੇ ਵਿਫਲ ਹੈ।

ਸ੍ਰੀਮਾਨ ਜੀ, ਮੈਂ ਮੰਨਦਾ ਹਾਂ ਕਿ ਮੇਰੇ ਵਲੋਂ ਤਿਆਰ ਕੀਤੇ ਇਸ ਬਿਲ ਵਿਚ ਦੋ ਨੁਕਸ ਹਨ ਅਤੇ ਮੈਂ ਇਸ ਗੱਲ ਦਾ ਇਕਬਾਲ ਕਰਦਾ ਹਾਂ ਕਿਉਂਕਿ ਮੈਂ ਬਹੁਤ ਨਿਆਂਸ਼ੀਲ ਹੋਣਾ ਚਾਹੁੰਦਾ ਹਾਂ। ਮੈਂ ਮਹਾਰਾਂ ਦੇ ਹਿੱਤ ਵਿਚ ਕਿਸਾਨ ਉਤੇ ਬਹੁਤ ਵਾਧੂ ਬੋਝ ਨਹੀਂ ਪਾਉਣਾ ਚਾਹੁੰਦਾ ਸੀ। ਇਸ ਦਾ ਮਾਮੂਲੀ ਜਿਹਾ ਕਾਰਨ ਇਹ ਹੈ ਕਿ ਮੈਂ ਵਤਨ ਪ੍ਰਥਾ ਦਾ ਦੁਸ਼ਮਣ ਹਾਂ। ਭਾਵੇਂ ਮੈਨੂੰ ਪਤਾ ਹੈ ਕਿ ਵਤਨ ਪ੍ਰਥਾ ਦੀਆਂ ਇਹ ਬੇੜੀਆਂ ਹੀ ਉਨ੍ਹਾਂ ਨੂੰ ਪੁੱਛ ਕੇ ਰੱਖਣ ਦਾ ਮੁੱਖ ਕਾਰਨ ਹਨ। ਮੈਂ ਇਸ ਮਾਮਲੇ ਵਿੱਚ ਦੂਰ ਦੀ ਸੋਚਦਾ ਹਾਂ ਅਤੇ ਇਸੇ ਕਰਕੇ ਮੈਂ ਮਹਾਰਾਂ ਨੂੰ ਆਪਣੇ ਵਤਨਾਂ ਤੋਂ ਹੋਣ ਵਾਲੇ ਹੁਣ ਦੇ ਫ਼ਾਇਦਿਆਂ ਤੋਂ ਅਵੇਸਲਾ ਹਾਂ। ਇਸ ਲਈ ਮੈਂ ਖ਼ਾਸ ਕਰਕੇ ਕਿਸਾਨਾਂ ਪਾਸੋਂ ਮੌਕੇ ਦਾ ਫ਼ਾਇਦਾ ਉਠਾਉਣ ਲਈ ਟਿੱਲ ਨਹੀਂ ਲਾ ਸਕਦਾ। ਇਸ ਸਦਨ ਦੇ ਮਾਨਯੋਗ ਮੈਂਬਰ ਦੇਖਣਗੇ ਕਿ ਸੇਪ ਪ੍ਰਥਾ ਨਾਲ, ਜਿਵੇਂ ਮੈਂ ਆਪਣੇ ਬਿਲ ਵਿਚ ਸੰਗਠਿਤ ਕੀਤਾ ਹੈ, ਕਿਸਾਨ ਤੇ ਕੋਈ ਵਾਧੂ ਬੋਝ ਨਹੀਂ ਪਵੇਗਾ। ਮੈਂ ਸਪੱਸ਼ਟ ਤੌਰ ਤੇ ਸ਼ਬਦ "ਇਕ ਸਮਾਨ" ਵਰਤਦਾ ਹਾਂ। ਉਸ ਦਾ ਅਰਥ ਇਹ ਹੈ ਕਿ ਮਹਾਰਾਂ ਦੀ ਉਜਰਤ ਲਈ ਕਿਸਾਨਾਂ ਤੇ ਕੋਈ ਵੀ ਵਾਧੂ ਬੋਝ ਨਹੀਂ ਪਾਇਆ ਜਾਵੇਗਾ। ਇਸ ਤੋਂ ਪਤਾ ਲੱਗੇਗਾ ਕਿ ਮੈਂ ਕਿੰਨਾ ਨਿਆਂਸੰਗਤ ਹੋਣਾ ਚਾਹੁੰਦਾ ਹਾਂ। ਮੈਂ ਇਹ ਗੱਲ ਮੰਨਦਾ ਹਾਂ ਕਿ ਬਿਲ ਵਿਚ ਦੋ ਨੁਕਸ ਹਨ। ਇਕ ਇਹ ਹੈ ਕਿ ਧਾਰਾ ਨੂੰ ਖੰਡਾਂ 2 ਅਤੇ 3 ਸਮੇਤ ਇਸ ਤਰ੍ਹਾਂ ਬਦਲਿਆ ਗਿਆ ਹੈ ਕਿ ਜ਼ਮੀਨ ਮੁੜ ਪ੍ਰਾਪਤ ਕਰਨਾ ਕਲੈਕਟਰ ਵਾਸਤੇ ਲਾਜ਼ਮੀ ਬਣਾਇਆ ਜਾਵੇ। ਇਕ ਉਪਬੰਧ ਹੋਣਾ ਚਾਹੀਦਾ ਹੈ ਜਿਸ ਅਨੁਸਾਰ ਬੇਦਖ਼ਲ ਕੀਤੇ-ਵਤਨਦਾਰ ਨੂੰ ਮੁਆਵਜ਼ਾ ਦੇਣ ਲਈ ਕਲੈਕਟਰ ਨੂੰ ਆਗਿਆ ਹੋਣੀ ਚਾਹੀਦੀ ਹੈ। ਮੈਂ ਇਹ ਗੱਲ ਸਹਿਜੇ ਹੀ ਮੰਨਦਾ ਹਾਂ ਕਿ ਜ਼ਮੀਨਾਂ ਦਾ ਨੇਕਨੀਤੀ ਨਾਲ ਅਤੇ ਪੂਰੇ ਮੁਆਵਜ਼ੇ ਬਦਲੇ ਕਿਸੇ ਨੂੰ ਇੰਤਕਾਲ ਕੀਤਾ ਗਿਆ ਹੋਵੇਗਾ। ਇਹ ਗੱਲ ਤਰਕਸੰਗਤ ਹੈ ਕਿ ਜਦੋਂ ਅਜਿਹਾ ਹੱਥ-ਬਦਲੀ ਪਾਤਰ ਇਸ

ਤਰ੍ਹਾਂ ਜ਼ਮੀਨ ਤੋਂ ਵਾਂਝਾ ਹੋ ਜਾਂਦਾ ਹੈ ਤਾਂ ਉਸ ਨੂੰ ਮੁਆਵਜ਼ਾ ਦੇਣਾ ਬਣਦਾ ਹੈ। ਜਦੋਂ ਮੈਂ ਪਹਿਲਾਂ ਇਸ ਬਿਲ ਨੂੰ ਤਿਆਰ ਕੀਤਾ ਸੀ, ਤਾਂ ਮੈਂ ਇਕ ਉਪਬੰਧ ਕੀਤਾ ਸੀ ਕਿ ਕਲੈਕਟਰ ਪਾਸ ਗ਼ੈਰ-ਵਤਨਦਾਰ ਨੂੰ ਮੁਆਵਜ਼ਾ ਦੇਣ ਦੀ ਸ਼ਕਤੀ ਹੋਣੀ ਚਾਹੀਦੀ ਹੈ, ਪਰ ਕੁਝ ਸਰਕਾਰੀ ਮੈਂਬਰਾਂ ਦੀ ਸਲਾਹ ਤੇ, ਮੈਂ ਉਹ ਉਪਬੰਧ ਵਾਪਸ ਲੈ ਲਿਆ। ਪਰ, ਮੈਂ ਉਹ ਸੋਧਨਾ ਸਿਲੈਕਟ ਕਮੇਟੀ ਵਿੱਚ ਕਰਨ ਲਈ ਤਿਆਰ ਹਾਂ। ਦੂਜੇ, ਮੈਨੂੰ ਇਹ ਉਪਬੰਧ ਕਰਨਾ ਚਾਹੀਦਾ ਹੈ ਕਿ ਜਿਵੇਂ ਮਹਾਰਾਂ ਲਈ ਕਿਸਾਨਾਂ ਦੀ ਸੇਵਾ ਇਖ਼ਤਿਆਰੀ ਹੋਣੀ ਚਾਹੀਦੀ ਹੈ ਉਸੇ ਤਰ੍ਹਾਂ ਕਿਸਾਨਾਂ ਲਈ ਵੀ ਮਹਾਰ ਨੂੰ ਰੱਖਣਾ ਇਖ਼ਤਿਆਰੀ ਹੋਣਾ ਚਾਹੀਦਾ ਹੈ। ਮੈਂ ਬਿਲ ਵਿਚ ਇਹ ਸੋਧਨਾ ਵੀ ਸਿਲੈਕਟ ਕਮੇਟੀ ਵਿਚ ਕਰਨ ਲਈ ਤਿਆਰ ਹਾਂ ਜਿਸ ਨੂੰ ਇਹ ਸੌਂਪਿਆ ਜਾਵੇ। ਮੇਰੇ ਖਿਆਲ ਵਿਚ ਸਾਰੀਆਂ ਇਹੋ ਹੀ ਗਲਾਂ ਹਨ, ਜਿਨ੍ਹਾਂ ਦੇ ਸਪਸ਼ਟੀਕਰਣ ਦੀ ਲੋੜ ਸੀ।

ਇਸ ਤੋਂ ਪਹਿਲਾਂ ਕਿ ਮੈਂ ਬਿਲ ਬਾਰੇ ਬੋਲਣਾ ਬੰਦ ਕਰਾਂ, ਮੈਂ ਮਾਨਯੋਗ ਮਾਲ ਮੰਤਰੀ ਨੂੰ ਇਹ ਗੱਲ ਪੂਰੀ ਤਰ੍ਹਾਂ ਸਾਫ਼ ਕਰਨਾ ਚਾਹੁੰਦਾ ਹਾਂ ਕਿ ਇਸ ਬਿਲ ਨੂੰ ਸਾਰੀ ਮਹਾਰ ਆਬਾਦੀ ਦਾ ਸਮਰਥਨ ਹਾਸਲ ਹੈ। ਇਸ ਨੁਕਤੇ ਤੇ ਕੋਈ ਦੋ ਰਾਵਾਂ ਹਨ ਹੀ ਨਹੀਂ। ਇਸ ਦੇ ਜਾਇਜ਼ ਕਾਰਨ ਹਨ। ਇਹ ਬਿਲ ਕੋਈ ਆਵੱਸ਼ਕ ਬਿਲ ਨਹੀਂ। ਇਹ ਨਿਰੋਲ ਇਖ਼ਤਿਆਰੀ ਬਿਲ ਹੈ। ਜਦ ਤੱਕ ਵਤਨਦਾਰ ਮਹਾਰ ਇਹ ਨਹੀਂ ਚਾਹੁੰਦੇ ਕਿ ਇਸ ਬਿਲ ਦੇ ਉਪਬੰਧਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ, ਉਦੋਂ ਤੱਕ ਉਹ ਲਾਗੂ ਨਹੀਂ ਕੀਤੇ ਜਾਣਗੇ ਅਤੇ ਸਾਰਾ ਕੁਝ ਉਸੇ ਤਰ੍ਹਾਂ ਚਲਦਾ ਰਹੇਗਾ ਜਿਵੇਂ ਹੁਣ ਹੈ। ਤਬਦੀਲੀ ਕੇਵਲ ਉਦੋਂ ਆਵੇਗੀ ਜਦੋਂ ਮਹਾਰਾਂ ਨੂੰ ਇਸ ਦੀ ਆਵੱਸ਼ਕਤਾ ਦਾ ਅਹਿਸਾਸ ਹੋਵੇਗਾ। ਇਹ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਉਨ੍ਹਾਂ ਤੇ ਠੋਸਿਆ ਨਹੀਂ ਜਾਵੇਗਾ।

ਸ੍ਰੀ ਪ.ਰ.ਚਿਕੌੜੀ: ਇਹ ਇਕ ਤਰਫ਼ਾ ਪ੍ਰਬੰਧ ਹੈ। ਇਹ ਦੋ ਤਰਫ਼ਾ ਹੋਣਾ ਚਾਹੀਦਾ ਹੈ।

ਡਾ. ਅੰਬੇਡਕਰ: ਮੈਂ ਜਾਣਦਾ ਹਾਂ ਕਿ ਮੈਨੂੰ ਉਹ ਸੋਧਨਾ ਕਰਨੀ ਚਾਹੀਦੀ ਹੈ ਜੋ ਸ਼ਾਮਲ ਨਹੀਂ ਕੀਤੀ ਗਈ, ਪਰ ਸਿਲੈਕਟ ਕਮੇਟੀ ਵਿਚ ਕੀਤੀ ਜਾਵੇਗੀ। ਮੈਂ ਕਹਿੰਦਾ ਹਾਂ ਕਿ ਮਹਾਰ, ਖੁਦ ਇਸ ਬਿਲ ਦਾ ਵਿਰੋਧ ਨਹੀਂ ਕਰਨਗੇ ਕਿਉਂਕਿ ਬਿਲ ਇਕ ਆਵੱਸ਼ਕ ਬਿਲ ਨਹੀਂ ਅਤੇ ਇਹ ਉਨ੍ਹਾਂ ਨੂੰ ਇਸ ਦਾ ਲਾਭ ਉਠਾਉਣ ਲਈ ਮਜਬੂਰ ਨਹੀਂ ਕਰਦਾ। ਇਸ ਵਿਚ ਉਨ੍ਹਾਂ ਦੇ ਹਿਤਾਂ ਵਾਸਤੇ, ਕੁਝ ਉਪਬੰਧ ਹੀ ਕੀਤੇ ਗਏ ਹਨ। ਇਸ ਲਈ ਮਹਾਰਾਂ ਨੇ ਬਿਲ ਤੇ ਕੋਈ ਇਤਰਾਜ਼ ਨਹੀਂ ਕੀਤਾ। ਦਰਅਸਲ ਉਨ੍ਹਾਂ ਵਲੋਂ ਬਿਲ ਤੇ ਕੋਈ ਇਤਰਾਜ਼ ਹੋ ਹੀ ਨਹੀਂ ਸਕਦਾ। ਇੰਨੀ ਗੱਲ ਨਹੀਂ ਕਿ ਉਨ੍ਹਾਂ ਨੇ ਇਸ ਬਿਲ ਦਾ ਵਿਰੋਧ ਹੀ ਨਹੀਂ ਕੀਤਾ ਸਗੋਂ ਇਸ ਦਾ ਸੱਚੇ ਦਿਲੋਂ ਸੁਆਗਤ ਹੀ ਕੀਤਾ ਹੈ। ਜਦੋਂ ਦਾ ਮੈਂ ਇਸ ਬਿਲ ਦੀ ਤਿਆਰੀ ਵੱਲ ਲੱਗਿਆਂ ਹਾਂ, ਮੈਂ ਕੋਈ ਵੀ ਚੀਜ਼ ਮਹਾਰ ਆਬਾਦੀ ਤੋਂ ਲੁਕਾ ਕੇ ਨਹੀਂ ਰੱਖੀ। ਮੈਂ ਅਨੇਕਾਂ ਮੀਟਿੰਗਾਂ ਵਿਚ ਇਸ ਬਿਲ ਦੇ ਸਿਧਾਂਤ ਅਤੇ ਉਪਬੰਧਾਂ ਨੂੰ ਸਾਰੀ ਮਹਾਰ ਆਬਾਦੀ ਅੱਗੇ ਰੱਖਿਆ ਹੈ ਤਾਂ ਜੋ ਉਹ ਇਸ ਬਿਲ ਬਾਰੇ ਆਪਣੀ ਰਾਇ ਦੇਣ ਦੇ ਯੋਗ ਹੋ ਸਕਣ ਅਤੇ ਮੈਨੂੰ ਇਹ ਕਹਿੰਦਿਆਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਾਰੇ ਦਾ ਸਾਰਾ ਬਿਲ ਅਤੇ ਇਸ ਵਿੱਚ ਸ਼ਾਮਲ

ਕੀਤੇ ਗਏ ਸਿਧਾਂਤ ਉਨ੍ਹਾਂ ਨੇ ਸਰਬ-ਸੰਮਤੀ ਨਾਲ ਸਵੀਕਾਰ ਕਰ ਲਏ ਹਨ। ਸਰਕਾਰ ਨੂੰ ਇਹ ਆਖਣ ਦਾ ਮੌਕਾ ਨਾ ਮਿਲੇ ਕਿ ਇਹ ਮੀਟਿੰਗਾਂ ਕਰਨ ਦਾ ਮਨਸੂਬਾ ਮੈਂ ਬਿਲ ਵਾਸਤੇ ਸਮਰੱਥਨ ਹਾਸਲ ਕਰਨ ਮਨੋਰਥ ਵਜੋਂ ਬਣਾਇਆ ਸੀ। ਇਸ ਵਾਸਤੇ ਮੈਂ ਬਹੁਤਾ ਕਰਕੇ ਇਨ੍ਹਾਂ ਮੀਟਿੰਗਾਂ ਵਿੱਚ ਹਾਜ਼ਰ ਹੋਣ ਤੋਂ ਗੁਰੇਜ਼ ਕੀਤਾ ਹੈ। ਇਹ ਮੀਟਿੰਗਾਂ ਦੂਜੇ ਫ਼ਿਰਕਿਆਂ ਦੇ ਵਿਅਕਤੀਆਂ ਦੀ ਪ੍ਰਧਾਨਗੀ ਅਧੀਨ ਕੀਤੀਆਂ ਗਈਆਂ ਹਨ। ਮੇਰੇ ਮਾਨਯੋਗ ਦੋਸਤ, ਸ਼੍ਰੀ ਬੋਲੇ, ਜੋ ਬਿਲਕੁਲ ਮੇਰੇ ਪਾਸ ਬੈਠੇ ਹਨ, ਇਸ ਗੱਲ ਵਿੱਚ ਮੇਰੀ ਤਾਈਦ ਕਰਨਗੇ ਕਿ ਬੰਬਈ ਸ਼ਹਿਰ ਵਿਚ 5000 ਤੋਂ ਵੱਧ ਵਤਨਦਾਰ ਮਹਾਰਾਂ ਦੀ ਇਕ ਮੀਟਿੰਗ ਇਨ੍ਹਾਂ ਦੀ ਪ੍ਰਧਾਨਗੀ ਹੇਠ ਹੋਈ ਸੀ। ਬੇਸ਼ਕ ਕੁਝ ਲੋਕਾਂ ਨੇ ਮਹਾਰਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਇਸ ਬਿਲ ਨਾਲ ਉਨ੍ਹਾਂ ਦਾ ਨੁਕਸਾਨ ਹੋਵੇਗਾ। ਪਰ, ਮੇਰਾ ਖ਼ਿਆਲ ਹੈ ਕਿ ਮਾਨਯੋਗ ਮੈਂਬਰ ਮੇਰੀ ਤਾਈਦ ਕਰਨਗੇ ਕਿ ਮਹਾਰਾਂ ਨੇ ਇਸ ਬਿਲ ਦਾ ਸਰਬ ਸੰਮਤੀ ਨਾਲ ਸਮਰੱਥਨ ਕੀਤਾ ਜਾਂ ਨਹੀਂ ਅਤੇ ਵਿਰੋਧ ਵਿਚ ਇਕ ਵੀ ਆਵਾਜ਼ ਆਈ ਜਾਂ ਨਹੀਂ। ਇਸੇ ਤਰ੍ਹਾਂ ਮੈਂ ਆਪਣੇ ਮਾਨਯੋਗ ਮਿੱਤਰ ਸ੍ਰੀ ਰਾਜਮਾਂ ਲਖਚੰਦ ਦਾ ਜ਼ਿਕਰ ਕਰਾਂਗਾ। ਖਾਂਦੇਸ਼ ਦੇ ਵਤਨਦਾਰ ਮਹਾਰਾਂ ਦੀ ਇਕ ਮੀਟਿੰਗ ਉਨ੍ਹਾਂ ਦੀ ਪ੍ਰਧਾਨਗੀ ਹੇਠ ਜਗਰਾਉਂ ਵਿਖੇ ਹੋਈ ਸੀ, ਜਿਥੇ ਮੈਂ ਇਸ ਬਿਲ ਦੇ ਸਿਧਾਂਤਾਂ ਅਤੇ ਉਪਬੰਧਾਂ ਬਾਰੇ ਭਾਸ਼ਣ ਦਿੱਤਾ ਸੀ। ਮੋਟੇ ਅਨੁਮਾਨ ਅਨੁਸਾਰ ਮੀਟਿੰਗ ਵਿਚ ਤਿੰਨ ਕੁ ਹਜ਼ਾਰ ਮਹਾਰ ਹਾਜ਼ਰ ਸਨ, ਥੀਏਟਰ ਖਚਾਖਚ, ਪੂਰੇ ਦਾ ਪੂਰਾ ਭਰਿਆ ਹੋਇਆ ਸੀ, ਅਤੇ ਜਦੋਂ ਮੜਾ ਪੇਸ਼ ਕੀਤਾ ਗਿਆ ਤਾਂ ਇਕ ਵੀ ਮਹਾਰ ਨਹੀ ਸੀ ਜਿਸ ਨੇ ਇਸ ਦਾ ਵਿਰੋਧ ਕੀਤਾ ਹੋਵੇ। ਮੇਰਾ ਵਿਚਾਰ ਹੈ ਕਿ ਮੇਰੇ ਮਾਨਯੋਗ ਦੋਸਤ ਸ੍ਰੀ ਥੋਰਾਟ(Mr Thorat) ਮੇਰੀ ਤਾਈਦ ਕਰਨਗੇ ਕਿ ਇਸੇ ਤਰ੍ਹਾਂ ਦੀ ਇਕ ਮੀਟਿੰਗ ਅਹਿਮਦਨਗਰ ਜ਼ਿਲ੍ਹੇ ਵਿਚ ਹੋਈ ਸੀ। ਉਥੇ ਵੀ ਬਿਲ ਨੂੰ ਸਰਬਸੰਮਤੀ ਪ੍ਰਾਪਤ ਹੋਈ ਸੀ। ਮੈਨੂੰ ਵੱਖ ਵੱਖ ਥਾਵਾਂ ਤੇ ਹੋਈਆਂ ਛੋਟੀਆਂ ਛੋਟੀਆਂ ਮੀਟਿੰਗਾਂ ਦਾ ਜ਼ਿਕਰ ਕਰਨ ਦੀ ਲੋੜ ਨਹੀਂ। ਮੈਂ ਸਦਨ ਨੂੰ ਯਕੀਨ ਦਿਵਾ ਸਕਦਾ ਹਾਂ ਕਿ ਮਹਾਰ ਲੋਕਾਂ ਨੇ ਇਸ ਬਿਲ ਨੂੰ ਪਾਸ ਕਰਾਉਣ ਦੀ ਠਾਣ ਲਈ ਹੈ, ਅਤੇ ਮੈਂ ਆਪਣੇ ਮਾਨਯੋਗ ਦੋਸਤਾਂ ਨੂੰ ਦੱਸ ਦੇਵਾਂ ਕਿ ਜੇਕਰ ਸਰਕਾਰ ਵਿੱਤੀ ਆਧਾਰ ਤੇ, ਸਹੂਲਤ ਦੇ ਆਧਾਰ ਤੇ ਜਾਂ ਕਿਸੇ ਵੀ ਦੂਜੇ ਆਧਾਰ ਤੇ ਇਨ੍ਹਾਂ ਲੋਕਾਂ ਨੂੰ ਮੁਕਤ ਕਰਨ ਤੋਂ ਇਨਕਾਰ ਕਰਦੀ ਹੈ ਤਾਂ ਮਾਲ ਵਿਭਾਗ ਅਤੇ ਮਹਾਰਾਂ ਵਿਚਕਾਰ ਇਕ ਜੰਗ ਛਿੜ ਜਾਵੇਗੀ। ਜੇਕਰ ਇਹ ਬਿਲ ਪਾਸ ਨਹੀਂ ਹੁੰਦਾ ਤਾਂ ਮੈਂ ਖ਼ੁਦ ਵੀ ਪਰਿਸ਼ਦ ਵਿਚ ਨਹੀਂ ਰਹਾਂਗਾ, ਮੈਂ ਆਪਣਾ ਬਾਕੀ ਦਾ ਸਮਾਂ ਇਹ ਨਿਸ਼ਚੈ ਕਰਾਉਣ ਵਿਚ ਲਾ ਦੇਵਾਂਗਾ ਕਿ ਮਹਾਰ ਇਕ ਆਮ ਹੜਤਾਲ ਕਰਨ ਅਤੇ ਮਾਨਯੋਗ ਮਾਲ ਮੰਤਰੀ ਨੂੰ ਇਹ ਮਹਿਸੂਸ ਕਰਵਾਉਣ ਕਿ ਇਸ ਬਿਲ ਦੇ ਸਿਧਾਂਤ ਮਹਾਰ ਲੋਕਾਂ ਦੀ ਭਲਾਈ ਵਾਸਤੇ ਅਤਿ ਆਵੱਸ਼ਕ ਹਨ। ਮੈਂ ਤਹਿ ਦਿਲੋਂ ਬੋਲ ਰਿਹਾ ਹਾਂ, ਮੈਂ ਕੁਝ ਵੀ ਬਾਕੀ ਨਹੀਂ ਛੱਡਣਾ ਚਾਹੁੰਦਾ। ਮੈਂ ਪੂਰੀ ਸੰਜੀਦਗੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਹੀ ਸਾਡਾ ਟੀਚਾ ਹੈ। ਸ੍ਰੀਮਾਨ ਜੀ, ਮੈਂ ਪਿਛਲੇ ਤਿੰਨਾਂ ਸਾਲਾਂ ਤੋਂ ਦਲਿਤ ਸ਼੍ਰੇਣੀਆਂ ਦੇ ਹਿਤਾਂ ਵਾਸਤੇ ਜਿੰਨਾ ਵੀ ਮੈਥੋਂ ਸੰਭਵ ਹੋ ਸਕਿਆ ਹੈ, ਜਤਨ ਕਰਦਾ ਆ ਰਿਹਾ

ਹਾਂ। ਮੇਰੇ ਰਾਹ ਵਿਚ ਬਹੁਤ ਮੁਸ਼ਕਲਾਂ ਆਈਆਂ ਹਨ ਅਤੇ ਮੈਂ ਨਿਸ਼ਚਿਤ ਰੂਪ ਵਿੱਚ ਇਹ ਜਾਣ ਗਿਆ ਹਾਂ ਕਿ ਮਹਾਰ ਆਦਮੀ ਨੂੰ ਹੋਰ ਅੱਗੇ ਲਿਜਾਣ ਦੇ ਰਾਹ ਵਿਚ ਵਤਨ ਹੀ ਸਭ ਤੋਂ ਵੱਡੀ ਮੁਸ਼ਕਲ ਹੈ ਜਿਸ ਦਾ ਮੈਨੂੰ ਸਾਹਮਣਾ ਕਰਨਾ ਪੈਂਦਾ ਹੈ। ਇਹ ਦੇਖ ਦੇ ਮੈਂ ਖ਼ੁਸ਼ ਹਾਂ ਕਿ ਮਹਾਰਾਂ ਨੂੰ ਵੀ ਯਕੀਨ ਹੋ ਗਿਆ ਹੈ ਕਿ ਇਹ ਵਤਨ ਹੀ ਉਨ੍ਹਾਂ ਦੀ ਉੱਨਤੀ ਦੇ ਰਾਹ ਦਾ ਰੋੜਾ ਹਨ। ਇਸ ਲਈ ਮੈਨੂੰ ਵਿਸ਼ਵਾਸ ਹੈ ਕਿ ਇਹ ਪਰਿਸ਼ਦ ਇਸ ਬਿਲ ਨੂੰ ਸਰਬਸੰਮਤੀ ਨਾਲ ਪਾਸ ਕਰ ਦੇਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਿਲ ਦੀ ਪਹਿਲੀ ਪੜ੍ਹਤ ਦਾ ਪ੍ਰੋਸਤਾਵ ਕਰਦਾ ਹਾਂ।

II*

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਇਸ ਸਦਨ ਦੇ ਗ਼ੈਰ-ਸਰਕਾਰੀ ਮੈਂਬਰਾਂ ਦਾ ਸਚਮੁੱਚ ਹੀ ਬਹੁਤ ਸ਼ੁਕਰ ਗੁਜ਼ਾਰ ਹਾਂ ਕਿ ਉਨ੍ਹਾਂ ਨੇ ਇਸ ਕਾਰਵਾਈ ਦਾ ਦਿਲੋਂ ਅਤੇ ਨਿਘਾ ਸਮਰਥਨ ਕੀਤਾ ਹੈ ਬਹਿਸ ਤੋਂ ਇਹ ਪਤਾ ਲੱਗਿਆ ਹੈ ਕਿ ਇਸ ਬਿਲ ਦੇ ਵਿਰੋਧੀਆਂ ਨੇ ਇਸ ਦੇ ਵਿਰੁੱਧ ਕੋਈ ਕੇਸ ਤਿਆਰ ਨਹੀਂ ਕੀਤਾ ਅਤੇ ਇਸ ਲਈ ਮੈਂ ਨਹੀਂ ਸਮਝਦਾ ਕਿ ਇਸ ਪੜਾਅ ਤੇ ਮੇਰੇ ਵਾਸਤੇ ਇਹ ਜ਼ਰੂਰੀ ਹੈ ਕਿ ਮੈਂ ਉਨ੍ਹਾਂ ਵਲੋਂ ਉਠਾਏ ਗਏ ਇਤਰਾਜ਼ਾਂ ਦੇ ਉਤਰ ਦੇਣ ਲਈ ਵਿਸਥਾਰ ਵਿਚ ਜਾਵਾਂ। ਉਨ੍ਹਾਂ ਨੇ ਜੋ ਕੁਝ ਵੀ ਕੀਤਾ ਹੈ ਉਹ ਇਹ ਹੈ ਕਿ ਕੁਝ ਮਾਮਲੇ ਉਠਾਏ ਅਤੇ ਇਸ ਸਦਨ ਅੱਗੇ ਰੱਖੇ ਹਨ, ਜਿਨ੍ਹਾਂ ਨੂੰ ਅਸੀਂ "ਪੱਖਪਾਤ ਦੇ ਮਾਮਲੇ" ਕਹਿੰਦੇ ਹਾਂ। ਇਹ ਇਸ ਬਿਲ ਦੇ ਅੰਤਰੀ ਗੁਣਾਂ ਨੂੰ ਛੋਂਹਦੇ ਵੀ ਨਹੀਂ। ਸ੍ਰੀਮਾਨ ਜੀ, ਮੈਂ ਆਪਣੇ ਅਰੰਭਕ ਭਾਸ਼ਣ ਵਿਚ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਲ ਵਿਚ ਸ਼ਾਇਦ ਕੁਝ ਨੁਕਸ ਹਨ, ਜਿਨ੍ਹਾਂ ਵੱਲ ਸਾਹਮਣੇ ਬੈਠੇ ਕੁਝ ਮਾਨਯੋਗ ਮੈਂਬਰਾਂ ਨੇ ਇਸ਼ਾਰਾ ਕੀਤਾ ਹੈ ਅਤੇ ਮੈਂ ਆਪਣੇ ਆਰੰਭਕ ਭਾਸ਼ਣ ਵਿਚ ਸਾਫ਼ ਸਾਫ਼ ਕਹਿ ਦਿੱਤਾ ਸੀ ਕਿ ਮੈਂ ਸਿਲੈਕਟ ਕਮੇਟੀ ਵਾਸਤੇ ਇਸ ਵਿੱਚ ਅਜਿਹੀਆਂ ਸੋਧਲਵਾਂ ਕਰਨ ਦਾ ਖੁੱਲ੍ਹਾ ਮੌਕਾ ਦਿੰਦਾ ਹਾਂ ਜੋ ਉਹ ਕਰਨਾ ਚਾਹੇ। ਇਸ ਬਾਰੇ ਮੈਨੂੰ ਕੋਈ ਇਤਰਾਜ਼ ਨਹੀਂ।

ਇਕ ਮਾਨਯੋਗ ਮੈਂਬਰ: ਸਿਧਾਂਤ ਸਬੰਧੀ ਸੋਧਨਾਵਾਂ ਤੇ ਵੀ ?

ਡਾ. ਬੀ. ਆਰ. ਅੰਬੇਡਕਰ: ਅਜਿਹੀਆਂ ਸੋਧਨਾਵਾਂ ਜੋ ਸਿਲੈਕਟ ਕਮੇਟੀ ਕਰਨਾ ਚਾਹੇ-ਸਿਧਾਂਤ ਦੀਆਂ ਵੀ। ਮੈਨੂੰ ਬਿਲਕੁਲ ਕੋਈ ਇਤਰਾਜ਼ ਨਹੀਂ। ਕੋਈ ਵੀ ਸੋਧਨਾਵਾਂ ਜੋ ਸਿਲੈਕਟ ਕਮੇਟੀ ਕਰਨੀਆਂ ਅਤੇ--------

ਸਰਦਾਰ ਜੀ. ਐਨ. ਮਜਮਦਾਰ: ਕੀ ਸਿਧਾਂਤ ਦੀਆਂ ਸੋਧਨਾਵਾਂ ਵੀ ?

ਡਾ. ਬੀ. ਆਰ. ਅੰਬੇਡਕਰ: ਹਾਂ, ਮੈਂ ਇਹ ਬਿਲ ਸਦਨ ਦੇ ਗ਼ੈਰ-ਸਰਕਾਰੀ ਮੈਂਬਰਾਂ ਦੀ ਬਣੀ ਹੋਈ ਸਿਲੈਕਟ ਕਮੇਟੀ ਦੇ ਹਵਾਲੇ ਤਾਂ ਕਰ ਦੇਵਾਂਗਾ ਪਰ ਇਸ ਬਿਲ ਨੂੰ ਸਰਕਾਰੀ ਮੈਂਬਰਾਂ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ xxiii, ਪੰਨੇ 191-93 ਮਿਤੀ 4 ਅਗਸਤ, 1928.

ਦੇ ਰਹਿਮ ਤੇ ਨਹੀਂ ਛੱਡਾਂਗਾ। ਮੈਂ ਇਹ ਕਰਨ ਵਾਸਤੇ ਤਿਆਰ ਹਾਂ। ਇਸ ਬਿਲ ਦਾ ਜੋ ਕੁਝ ਬਣਨਾ ਹੈ ਬਣ ਜਾਵੇ ਪਰ ਮੈਂ ਇਸ ਨੂੰ ਇਸ ਦਸਨ ਦੇ ਗ਼ੈਰ-ਸਰਕਾਰੀ ਮੈਂਬਰਾਂ ਦੀ ਸਿਲੈਕਟ ਕਮੇਟੀ ਤੇ ਹੀ ਛਡਦਾ ਹਾਂ। ਸ੍ਰੀਮਾਨ ਜੀ, ਮੇਰਾ ਖ਼ਿਆਲ ਨਹੀਂ ਕਿ ਇਸ ਵਿਧੀ ਨਾਲ ਮਾਨਯੋਗ ਮਾਲ ਮੈਂਬਰ ਨੂੰ ਅਸੁਵਿਧਾ ਹੋਵੇਗੀ। ਸ੍ਰੀਮਾਨ ਜੀ, ਮੂੰ ਇਸ ਬਿਲ ਵਿਚ ਸਰਕਾਰੀ ਮੈਂਬਰਾਂ ਦੇ ਖ਼ਿਲਾਫ਼ ਕੋਈ ਇਲਜ਼ਾਮ ਜਾਂ ਤੁਹਮਤ ਨਹੀਂ ਲਾਉਣਾ ਚਾਹੁੰਦਾ। ਪਰ, ਮੈਂ ਇਹ ਕਹਿਣ ਤੇ ਮਜਬੂਰ ਹਾਂ ਕਿ ਉਨ੍ਹਾਂ ਨੇ ਨਿਸ਼ਚਤ ਰੂਪ ਵਿਚ ਇਸ ਵਿਸ਼ੇ ਨੂੰ ਉਸੇ ਜ਼ਰੂਰਤ, ਉਸੇ ਮਹੱਤਾ ਅਤੇ ਉਸੇ ਦਿਲਚਸਪੀ ਨਾਲ ਨਹੀਂ ਲਿਆ ਜਿਵੇਂ ਦਲਿਤ ਸ਼੍ਰੇਣੀਆਂ ਨੇ ਲਿਆ ਹੈ। ਮੈਨੂੰ ਯਾਦ ਹੈ ਕਿ ਫ਼ਰਵਰੀ, 1923 ਵਿਚ ਇਸ ਸਦਨ ਸਾਹਮਣੇ ਇਕ ਮਤਾ ਵੀ ਰੱਖਿਆ ਗਿਆ ਸੀ ਜਿਸ ਵਿਚ ਖ਼ਾਸ ਤੌਰ ਤੇ ਇਸ ਬਿਲ ਦੇ ਉਪਬੰਧਾਂ ਦੇ ਉਸੇ ਹੀ ਹਿੱਸੇ ਤੇ ਬਹਿਸ ਕੀਤੀ ਗਈ ਸੀ। ਉਸ ਸਾਰੇ ਮਤੇ ਨੂੰ ਉਸ ਸਦਨ ਦੇ ਗ਼ੈਰ-ਸਰਕਾਰੀ ਮੈਂਬਰਾਂ ਨੇ ਹੱਦੋਂ ਵੱਧ ਸਮਰਥਨ ਦਿੱਤਾ ਸੀ। ਮਾਨਯੋਗ ਮਾਲ ਮੈਂਬਰ ਨੇ ਮਤੇ ਦੇ ਇੰਚਾਰਜ ਮੈਂਬਰ ਨੂੰ ਇਹ ਉਚੇਚਾ ਇਕਰਾਰ ਕਰਕੇ ਉਸ ਮਤੇ ਨੂੰ ਵਾਪਸ ਲੈ ਲੈਣ ਵਾਸਤੇ ਰਾਜ਼ੀ ਕਰ ਲਿਆ ਸੀ ਕਿ ਉਹ ਮਾਮਲੇ ਦੀ ਤੁਰਤ ਪੜਤਾਲ ਕਰਵਾਏਗਾ। ਸ੍ਰੀਮਾਨ ਜੀ, ਉਸ ਤਰੀਕ ਤੋਂ ਲੈ ਕੇ ਚਾਰ ਜਾਂ ਪੰਜ ਸਾਲਾਂ ਦਾ ਸਮਾਂ ਬੀਤ ਚੁੱਕਾ ਹੈ, ਪਰ ਕਿਸੇ ਤਰ੍ਹਾਂ ਦੀ ਕੋਈ ਵੀ ਪੜਤਾਲ ਨਹੀਂ ਕੀਤੀ ਗਈ। ਸ੍ਰੀਮਾਨ ਜੀ, ਸੰਨ 1925 ਵਿਚ ਫਿਰ ਮੈਥੋਂ ਪਹਿਲਾਂ ਇਕ ਪੂਰਵ ਪਦ-ਅਧਿਕਾਰੀ ਦੁਆਰਾ ਇਕ ਮਤਾ ਪੇਸ਼ ਕੀਤਾ ਗਿਆ ਸੀ। ਉਸ ਵਿਚ ਵੀ ਉਹੀ ਮਸਲਾ ਉਠਾਇਆ ਗਿਆ ਸੀ ਜੋ ਇਸ ਬਿਲ ਵਿੱਚ ਉਠਾਇਆ ਗਿਆ ਹੈ। ਮਤਾ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਨੂੰ ਫੇਰ ਸਰਕਾਰ ਦੁਆਰਾ ਇਕ ਨਿਸ਼ਚਿਤ ਇਕਰਾਰ ਰਾਹੀਂ ਕਿ ਉਹ ਇਸ ਮਾਮਲੇ ਦੀ ਜਾਂਚ ਕਰਵਾਉਣਗੇ, ਮਤਾ ਵਾਪਸ ਲੈਣ ਲਈ ਰਾਜ਼ੀ ਕਰ ਲਿਆ ਗਿਆ ਸੀ। ਪਰ, ਕੀਤਾ ਕੁਝ ਵੀ ਨਹੀਂ ਗਿਆ। ਮੈਂ ਨਹੀਂ ਸਮਝਦਾ ਕਿ ਮੇਰੇ ਮਾਨਯੋਗ ਦੋਸਤ ਮਾਲ ਮੈਂਬਰ ਇਹ ਕਹਿ ਸਕਦੇ ਹਨ ਕਿ ਇਹ ਬਿਲ ਕਿਸੇ ਤਰ੍ਹਾਂ ਉਨ੍ਹਾਂ ਸਾਮ੍ਹਣੇ ਅਚਾਨਕ ਹੀ ਆਇਆ ਹੈ। ਇਸ ਬਿਲ ਦੇ ਉਪਬੰਧ, ਅਰਥਾਤ ਦਲਿਤ ਸ਼੍ਰੇਣੀਆਂ ਆਪਣੇ ਵਤਨ ਦੇ ਮਾਮਲੇ ਵਿੱਚ ਜੋ ਮੰਗਾਂ ਪੇਸ਼ ਕਰ ਰਹੀਆਂ ਹਨ, ਉਹ ਉਨ੍ਹਾਂ ਦੇ ਸਾਹਮਣੇ ਬਹੁਤ ਲੰਮੇ ਸਮੇਂ ਤੋਂ ਹਨ। ਜੇਕਰ ਉਹ ਅਸਲ ਵਿੱਚ ਹੀ ਤੱਥ ਅਤੇ ਅੰਕੜੇ ਹਾਸਲ ਕਰਨਾ ਚਾਹੁੰਦੇ ਹਨ, ਜੇਕਰ ਉਹ ਮੇਰੀਆਂ ਤਜਵੀਜ਼ਾਂ ਦੀ ਥਾਂ ਆਪਣੀਆਂ ਤਜਵੀਜ਼ਾਂ ਤਿਆਰ ਕਰਨਾ ਚਾਹੁੰਦੇ ਹਨ, ਤਾਂ ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਅਜਿਹਾ ਕਰਨ ਲਈ ਉਨ੍ਹਾਂ ਪਾਸ ਬਹੁਤ ਸਮਾਂ ਹੈ। ਉਨ੍ਹਾਂ ਨੇ ਇਸ ਮੌਕੇ ਦਾ ਲਾਭ ਉਠਾਇਆ ਜੋ ਉਨ੍ਹਾਂ ਪਾਸ ਸੀ, ਫੇਰ ਵੀ ਮੈਂ ਉਨ੍ਹਾਂ ਨੂੰ ਇਕ ਮੌਕਾ ਹੋਰ ਦੇਣ ਲਈ ਤਿਆਰ ਹਾਂ ਅਤੇ ਮੈਂ ਇਹ ਕਹਿੰਦਾ ਹਾਂ ਕਿ ਜੇਕਰ ਬਿਲ ਸਿਲੈਕਟ ਕਮੇਟੀ ਪਾਸ ਜਾਂਦਾ ਹੈ ਤਾਂ ਮੈ ਇਹ ਪ੍ਰਸਤਾਵ ਕਰਨ ਲਈ ਤਿਆਰ ਹਾਂ ਕਿ ਸਿਲੈਕਟ ਕਮੇਟੀ ਅਗਲੇ ਜੂਨ ਦੇ ਮਹੀਨੇ ਵਿਚ ਇਹ ਰਿਪਰਟ ਪੇਸ਼ ਕਰੇ। ਇਸ ਤਰ੍ਹਾਂ ਮੇਰੇ ਮਾਨਯੋਗ ਦੋਸਤ ਪਾਸ ਪੜਤਾਲ ਕਰਨ ਲਈ, ਉਨ੍ਹਾਂ ਵਿਅਕਤੀਆਂ ਦੀ ਇਕ ਵੱਖਰੀ ਕਮੇਟੀ ਨਿਯੁਕਤ ਕਰਨ ਲਈ ਜਿਨ੍ਹਾਂ ਨੂੰ ਉਹ ਮਾਹਰ ਸਮਝਦਾ ਹੈ, ਅਮਲੀ ਤੌਰ ਤੇ ਨੌਂ ਜਾਂ ਦਸ ਮਹੀਨੇ ਦਾ ਸਮਾਂ ਹੋਵੇਗਾ। ਇਸ ਤਰ੍ਹਾਂ ਨਾਲ ਉਹ

ਆਪਣੀਆਂ ਤਜਵੀਜ਼ਾਂ ਬਣਾਉਣ, ਅਤੇ ਸਿਲੈਕਟ ਕਮੇਟੀ ਦੇ ਅੱਗੇ ਪਾਉਣ ਅਤੇ ਸੋਧਨਾਵਾਂ ਵਜੋਂ ਉਨ੍ਹਾਂ ਦਾ ਪ੍ਰਸਤਾਵ ਕਰਨ ਦੇ ਯੋਗ ਹੋ ਜਾਵੇਗਾ। ਮੈਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ, ਅਤੇ ਜੇਕਰ ਮੇਰਾ ਮਾਨਯੋਗ ਦੋਸਤ ਇਹ ਸਵੀਕਾਰ ਕਰ ਲੈਂਦਾ ਹੈ ਤਾਂ ਮੈਂ ਉਹ ਰਸਤਾ ਇਖ਼ਤਿਆਰ ਕਰਨ ਲਈ ਪੂਰੀ ਤਰ੍ਹਾਂ ਨਾਲ ਸਹਿਮਤ ਹਾਂ। ਆਪਣੇ ਵਿਚਾਰ ਉਸ ਨੇ ਦੱਸਣੇ ਹਨ। ਪਰ, ਜਿਵੇਂ ਮੈਂ ਸ਼ੁਰੂ ਸ਼ੁਰੂ ਵਿਚ ਕਿਹਾ ਸੀ, ਮੈਂ ਇਹ ਕਾਰਵਾਈ ਇਸ ਸਦਨ ਦੀ ਬਣੀ ਹੋਈ ਸਿਲੈਕਟ ਕਮੇਟੀ ਦੇ ਹੱਥਾਂ ਵਿਚ ਦੇਣ ਲਈ ਤਿਆਰ ਹਾਂ, ਮੈਂ ਇਹ ਕਾਰਵਾਈ ਸਰਕਾਰੀ ਪੱਖ ਤੇ ਛੱਡਣ ਲਈ ਤਿਆਰ ਨਹੀਂ। ਸ੍ਰੀਮਾਨ ਜੀ, ਉੱਤਰ ਵਿਚ ਮੈਂ ਇਹੋ ਹੀ ਕਹਿਣਾ ਹੈ।

*ਬੰਬਈ ਪੁਸ਼ਤੈਨੀ ਐਕਟ ਨੂੰ ਸੋਧਣ ਲਈ 1937 ਦਾ ਬਿਲ ਨੰ: xxiii

ਹੇਠਾਂ ਦਿੱਤਾ ਗਿਆ ਬਿਲ, ਜਿਸ ਨੂੰ ਪੇਸ਼ ਕਰਨ ਲਈ 17 ਸਤੰਬਰ, 1937 ਨੂੰ ਬੰਬਈ ਵਿਧਾਨ ਸਭਾ ਦੀ ਮੀਟਿੰਗ ਵਿਚ ਡਾ ਭ.ਰ.ਅੰਬੇਡਕਰ ਐਮ.ਐਲ.ਏ.ਨੂੰ ਆਗਿਆ ਦਿੱਤੀ ਗਈ ਸੀ, ਬੰਬਈ ਵਿਧਾਨ ਸਭਾ ਨਿਯਮਾਵਲੀ ਦੇ ਨਿਯਮ 20 ਅਧੀਨ ਪ੍ਰਕਾਸ਼ਤ ਕੀਤਾ ਜਾਂਦਾ ਹੈ:----

1937 ਦਾ ਬਿਲ ਨੰ: xxiii

1874 ਦੇ ਬੰਬਈ ਪੁਸ਼ਤੈਨੀ ਐਕਟ iii ਨੂੰ ਸੋਧਣ ਲਈ ਬਿਲ

ਕਿਉਂ ਜੋ ਬੰਬਈ ਪੁਸ਼ਤੈਨੀ ਅਹੁੱਦੇਦਾਰੀ ਐਕਟ, 1874 (1874ਦਾ iii) ਨੂੰ ਇਸ ਵਿੱਚ ਅੱਗੇ ਦਿੱਤੇ ਗਏ ਢੰਗ ਨਾਲ ਹੋਰ ਸੋਧਣਾ ਮੁਨਾਸਬ ਹੈ: ਇਸ ਲਈ ਹੇਠ ਲਿਖੇ ਅਨੁਸਾਰ ਕਾਨੂੰਨ ਦਾ ਰੂਪ ਦਿੱਤਾ ਜਾਂਦਾ ਹੈ:--

1. ਸੰਖੇਪ ਸਿਰਲੇਖ:--ਇਸ ਐਕਟ ਨੂੰ ਬੰਬਈ ਪੁਸ਼ਤੈਨੀ ਅਹੁੱਦੇਦਾਰੀ (ਸੋਧਨਾ) ਐਕਟ, 1937 ਕਿਹਾ ਜਾਵੇ।

2. 1874 ਦੇ ਬੰ. iii ਦੀ ਧਾਰਾ 15 ਦੀ ਸੋਧਨਾ:- ਧਾਰਾ 15, ਖੰਡ 1 ਦੀ ਥਾਂ ਹੇਠ ਲਿਖਿਆ ਰੱਖ ਦਿੱਤਾ ਜਾਵੇਗਾ:-

15 ਖੰਡ 1-- ਜਦੋਂ ਵਤਨ ਦਾ ਮਾਲਕ ਜਾਂ ਵਤਨ ਪਰਵਾਰ ਦਾ ਕੋਈ ਮੈਂਬਰ ਜਿਸ ਨੂੰ ਵਤਨ ਵਿੱਚ ਹੱਕ ਹੋਣ, ਲਿਖਤੀ ਰੂਪ ਵਿਚ ਕਲੈਕਟਰ ਨੂੰ ਅਰਜ਼ੀ ਦੇਵੇ ਕਿ ਉਸ ਨੂੰ ਸਥਾਈ ਤੌਰ ਤੇ ਸੇਵਾਵਾਂ ਤੋਂ ਮੁਕਤ ਕੀਤਾ ਜਾਵੇ, ਤਾਂ ਕਲੈਕਟਰ, ਇਹ ਤਸੱਲੀ ਹੋ ਜਾਣ ਤੇ ਕਿ ਅਰਜ਼ੀ ਵਾਸਤਵਿਕ ਹੈ, ਉਸ ਨੂੰ ਮੁਕਤ ਕਰ ਦੇਵੇਗਾ।

---

* ਬੰਬਈ ਸਰਕਾਰ ਗਜ਼ਟ, ਭਾਗ V ਪੰਨੇ 101-105, ਮਿਤੀ ਅਕਤੂਬਰ 21, 1937,

ਖੰਡ 2. ਸੇਵਾ ਦੀ ਜ਼ਿੰਮੇਵਾਰੀ ਤੋਂ ਮੁਕਤ ਕੀਤੇ ਜਾਣ ਦੀ ਮਿਤੀ ਤਕ, ਉਹ ਵਤਨ ਦਾ ਮਾਲਕ ਨਹੀਂ ਰਹੇਗਾ ਅਤੇ ਇਸ ਬਾਰੇ ਖੰਡ 3 ਵਿਚ ਕੀਤੇ ਗਏ ਉਪਬੰਧ ਤੋਂ ਸਿਵਾਏ ਆਪਣੇ ਵਤਨ ਦੇ ਮੌਜੂਦਾ ਅਧਿਕਾਰਾਂ ਵਿਚੋਂ ਕਿਸੇ ਤੇ ਵੀ ਉਸ ਦਾ ਹੱਕ ਨਹੀਂ ਹੋਵੇਗਾ।

ਖੰਡ 3-- ਪੂਰਾ ਨਿਰਧਾਰਿਤ ਕਰ ਅਦਾ ਕਰਨ ਲਈ ਸਹਿਮਤ ਹੋ ਜਾਣ ਤੇ ਵਤਨ ਦੇਣ ਹਰ ਇਕ ਮਾਲਕ ਨੂੰ ਜਿਸ ਨੂੰ ਇਸ ਜ਼ਿੰਮੇਵਾਰੀ ਤੋਂ ਮੁਕਤ ਕੀਤਾ ਜਾਂਦਾ ਹੈ, ਉਹ ਜ਼ਮੀਨ ਆਪਣੇ ਪਾਸ ਰੱਖਣ ਦੀ ਆਗਿਆ ਹੋਵੇਗੀ ਜਿਹੜੀ ਜ਼ਮੀਨ ਦਾ ਹੱਕ ਉਸ ਨੂੰ ਵਤਨ ਦੇ ਮਾਲਕ ਵਜੋਂ ਸੀ ਅਤੇ ਉਸ ਨੂੰ ਬੰਬਈ ਦੀ ਜ਼ਮੀਨ ਮਾਲੀਆ ਜ਼ਾਬਤਾ ਦੀ ਧਾਰਾ 3(16) ਦੇ ਅਰਥਾਂ ਵਿਚ ਇਸ ਦਾ ਕਬਜ਼ੇਦਾਰ ਸਮਝਿਆ ਜਾਵੇਗਾ।

ਖੰਡ .4.-- ਕਲੈਕਟਰ ਵਾਸਤੇ ਇਹ ਕਾਨੂੰਨੀ ਹੋਵੇਗਾ ਕਿ ਉਹ ਉਸ ਬਿਨੈਕਾਰ ਨੂੰ, ਜੋ ਸੇਵਾ ਤੋਂ ਮੁਕਤ ਕੀਤਾ ਗਿਆ ਹੈ, ਜ਼ਮੀਨ ਵੰਡ ਕੇ ਦੇਵੇ, ਜੋ ਇਕ ਤੋਂ ਵੱਧ ਸਾਂਝੇ ਵਤਨਦਾਰ ਜਾਂ ਵਤਨ ਪਰਿਵਾਰ ਦੇ ਮੈਂਬਰ ਉਸ ਜ਼ਮੀਨ ਦੇ ਸਾਂਝੇ ਮਾਲਕ ਹੋਣ।

ਖੰਡ .5. ਉਹ ਜ਼ਮੀਨ ਜਿਸ ਨੂੰ ਸੇਵਾ ਤੋਂ ਮੁਕਤ ਕੀਤੇ ਗਏ ਬਿਨੈਕਾਰ ਪਾਸ ਰਹਿਣ ਦੀ ਆਗਿਆ ਦਿੱਤੀ ਗਈ ਹੈ, ਫ਼ਰਜ਼ ਨਿਭਾਉਣ ਵਾਲੇ ਵਤਨਦਾਰ ਲਈ ਉਜਰਤ ਵਜੋਂ ਨਿਯੁਕਤ ਕੀਤੀ ਗਈ ਜ਼ਮੀਨ ਨਹੀਂ ਸਮਝੀ ਜਾਵੇਗੀ।

3. ਖੰਡ 2, ਨੂੰ ਖੰਡ 6 ਵਜੋਂ ਮੁੜ ਅੰਕਿਤ ਕੀਤਾ ਜਾਵੇਗਾ।

4. ਖੰਡ 3 ਨੂੰ ਖੰਡ 7 ਵਜੋਂ ਮੁੜ ਅੰਕਿਤ ਕੀਤਾ ਜਾਵੇਗ॥

5. ਖੰਡ 4 ਵਿੱਚ ਸ਼ਬਦਾਂ ," ਸਾਂਝੇ ਮਾਲਕਾਂ ਦੀ ਸਾਰੀ ਸੰਖਿਆ, ਤੋਂ ਬਾਅਦ ਸ਼ਬਦ, "ਅਜਿਹੇ ਸਾਂਝੇ ਮਾਲਕਾਂ ਵਿਚੋਂ ਇਕ ਜਾਂ ਕੁਝ" ਜੋੜ ਦਿੱਤੇ ਜਾਣਗੇ। ਖੰਡ 4 ਨੂੰ ਖੰਡ 8 ਵਜੋਂ ਮੁੜ ਅੰਕਿਤ ਕੀਤਾ ਜਾਵੇਗਾ।

6. 1874 ਦੇ ਬੰ।ÂÆ ÁËÕà iii ਦੀ ਧਾਰਾ 16 ਦੀ ਸੋਧਨਾ----ਧਾਰਾ 16 ਵਿਚ ਸ਼ਬਦਾਂ "ਅਸਲੀ ਰੂਪ ਵਿਚ"ਦੀ ਥਾਂ ਸ਼ਬਦ "ਮੁੱਢਲੇ ਰੂਪ ਵਿੱਚ"ਰੱਖ ਦਿੱਤੇ ਜਾਣਗੇ ।

7. 1874 ਦੇ ਬਬਈ ਐਕਟੰ iii ਦੀ ਧਾਰਾ 19 ਦੀ ਸੋਧਨਾ --ਧਾਰਾ 19 ਵਿਚ ਸ਼ਬਦ,"ਅਤੇ ਇਹ ਫ਼ੈਸਲਾ ਕਰਨਾ ਕਿ ਅਦਾਇਗੀ ਜਿਨਸ ਦੇ ਰੂਪ ਵਿਚ ਕੀਤੀ ਜਾਵੇਗੀ ਜਾਂ ਨਕਦ"ਹਟਾ ਦਿੱਤੇ ਜਾਣਗੇ।

8. 1874 ਦੇ ਬੰਬਈ ਐਕਟ iii ਦੀ ਧਾਰਾ 19 ਤੋਂ ਬਾਅਦ ਨਵੀਆਂ ਧਾਰਾਵਾਂ 19ੳ, 19ਅ, 19ੲ, ਅਤੇ 19 ਸ ਜੋੜਨਾ-- ਧਾਰਾ 19 ਤੋਂ ਬਾਅਦ ਹੇਠ ਲਿਖੀਆਂ ਨਵੀਆਂ ਧਾਰਾਵਾਂ ਜੋੜ ਦਿੱਤੀਆਂ ਜਾਣਗੀਆਂ :--

" 19ੳ. ਕਲੈਕਟਰ ਦੁਆਰਾ ਜਿਨਸ ਦੇ ਰੂਪ ਵਿਚ ਕਰ ਲਗਾਉਣ ਦੇ ਅਧਿਕਾਰ ਨੂੰ ਬਰਾਬਰ ਪੈਸੇ ਦੇ ਰੂਪ ਵਿਚ ਕਰ ਲਗਾਉਣ ਵਿਚ ਬਦਲਣਾ : ਜਦੋਂ ਪ੍ਰਤਿਨਿਧੀ ਵਤਨਦਾਰਾਂ

ਦੀ ਸਾਰੀ ਸੰਸਥਾ ਜਾਂ ਉਸ ਦੀ ਬਹੁ ਗਿਣਤੀ ਜਿਸ ਦੀ ਵਤਨ ਜਾਇਦਾਦ ਤੇ ਜਿਨਸ ਦੇ ਰੂਪ ਵਿੱਚ ਕਰ ਲਗਣ ਦਾ ਅਧਿਕਾਰ ਹੋਵੇ, ਕਲੈਕਟਰ ਪਾਸ ਅਰਜ਼ੀ ਦੇਵੇ ਕਿ ਅਜਿਹੇ ਅਧਿਕਾਰ ਨੂੰ ਨਕਦੀ ਦੇ ਰੂਪ ਵਿਚ ਕਰ ਲਗਾਉਣ ਵਿਚ ਤਬਦੀਲ ਕਰ ਦਿੱਤਾ ਜਾਵੇ, ਤਾਂ ਕਲੈਕਟਰ ਉਸ ਨੂੰ ਬਰਾਬਰ ਦੀ ਨਕਦੀ ਦੇ ਰੂਪ ਵਿਚ ਕਰ ਲਗਾਏ ਜਾਣ ਵਿਚ ਤਬਦੀਲ ਕਰ ਦੇਵੇਗਾ।

"19ਅ. ਕਲੈਕਟਰ ਦੁਆਰਾ ਨਕਦੀ ਦੇ ਰੂਪ ਵਿਚ ਕਰ ਵਸੂਲੀ ਅਤੇ ਅਦਾਇਗੀ -- ਜਦੋਂ ਜਿਨਸ ਦੇ ਰੂਪ ਵਿੱਚ ਕਰ ਲਗਾਉਣ ਦੇ ਅਜਿਹੇ ਅਧਿਕਾਰ ਨੂੰ ਬਰਾਬਰ ਦੀ ਨਕਦੀ ਦੇ ਰੂਪ ਵਿਚ ਕਰ ਲਗਾਉਣ ਵਿਚ ਤਬਦੀਲ ਕਰ ਦਿੱਤਾ ਗਿਆ ਹੋਵੇ ਤਾਂ ਪ੍ਰਤਿਨਿਧੀ ਵਤਦਨਦਾਰਾਂ ਦੀ ਸਾਰੀ ਸੰਸਥਾ ਜਾਂ ਉਸ ਦੀ ਪ੍ਰਭਾਵਤ ਬਹੁਗਿਣਤੀ ਕਲੈਕਟਰ ਨੂੰ ਅਰਜ਼ੀ ਦੀ ਸਕਦੀ ਹੈ ਕਿ ਇਹ ਉਨ੍ਹਾਂ ਤੋਂ ਵਸੂਲ ਕੀਤਾ ਜਾਵੇ ਜੋ ਅਦਾਇਗੀ ਲਈ ਦੇਣਦਾਰ ਹਨ। ਕਲੈਕਟਰ, ਜ਼ਮੀਨ-ਮਾਲੀਏ ਦੇ ਨਾਲ ਅਤੇ ਜ਼ਮੀਨ ਮਾਲੀਏ ਦੇ ਹਿੱਸੇ ਵਜੋਂ ਉਸ ਦੀ ਵਸੂਲੀ ਕਰੇਗਾ ਅਤੇ ਹਿਦਾਇਤ ਜਾਰੀ ਕਰੇਗਾ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਉਸ ਦੀ ਅਦਾਇਗੀ ਉਨ੍ਹਾਂ ਵਤਨਦਾਰਾਂ ਨੂੰ ਕੀਤੀ ਜਾਵੇ ਜੋ ਇਸ ਦੇ ਹੱਕਦਾਰ ਹਨ।

ੳ19ੲ. ਵਤਨਦਾਰਾਂ ਪਾਸੋਂ ਅਰਜ਼ੀ ਮਿਲਣ ਤੇ ਕਲੈਕਟਰ ਫ਼ੈਸਲਾ ਕਰੇਗਾ ਕਿ ਸਰਕਾਰ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਪੈਸੇ ਦਾ ਕਿੰਨਾ ਕਰ ਦੇਣਾ ਬਣਦਾ ਹੈ ਅਤੇ ਕਿਸਾਨਾਂ ਦੀਆਂ ਸੇਵਾਵਾਂ ਬਦਲੇ ਕਿੰਨਾ ਦੇਣਾ ਬਣਦਾ ਹੈ-- ਅਜਿਹੀ ਸੂਰਤ ਵਿਚ ਜਿੱਥੇ ਜਿਨਸ ਦੇ ਰੂਪ ਵਿਚ ਕਰ ਲਗਾਉਣ ਦਾ ਅਜਿਹਾ ਅਧਿਕਾਰ ਕਿਸਾਨਾਂ ਅਤੇ ਸਰਕਾਰ ਦੋਹਾਂ ਦੀਆਂ ਸੇਵਾਵਾਂ ਲਈ ਸਾਂਝੀ ਆਮਦਨੀ ਸਮਝਿਆ ਜਾਂਦਾ ਹੋਵੇ, ਪ੍ਰਤਿਨਿਧੀਆਂ ਦੀ ਸਾਰੀ ਸੰਸਥਾ ਜਾਂ ਉਸ ਦੀ ਬਹੁਗਿਣਤੀ, ਜਿਸ ਦੇ ਜਿਨਸ ਦੇ ਰੂਪ ਵਿਚ ਕਰ ਲਗਾਉਣ ਦੇ ਅਧਿਕਾਰ ਨੂੰ ਨਕਦੀ ਦੇ ਰੂਪ ਵਿੱਚ ਕਰ ਲਗਾਉਣ ਲਈ ਤਬਦੀਲ ਕਰ ਦਿੱਤਾ ਗਿਆ ਹੈ, ਇਹ ਫ਼ੈਸਲਾ ਕਰਨ ਲਈ ਕਿ ਸਰਕਾਰ ਲਈ ਸੇਵਾਵਾਂ ਵਾਸਤੇ ਉਨ੍ਹਾਂ ਨੂੰ ਪੈਸੇ ਦੇ ਰੂਪ ਵਿਚ ਕਿੰਨਾ ਕਰ ਦੇਣਾ ਬਣਦਾ ਹੈ ਅਤੇ ਕਿਸਾਨਾਂ ਪ੍ਰਤੀ ਸੇਵਾਵਾਂ ਬਦਲੇ ਕਿੰਨਾ ਕਰ ਬਣਦਾ ਹੈ, ਕਲੈਕਟਰ ਨੂੰ ਅਰਜ਼ੀ ਦੇ ਸਕਦੀ ਹੈ। ਫਿਰ ਕਲੈਕਟਰ ਅਜਿਹਾ ਫ਼ੈਸਲਾ ਕਰੇਗਾ ਅਤੇ ਇਹ ਫ਼ੈਸਲਾ ਅੰਤਿਮ ਸਮਝਿਆ ਜਾਵੇਗਾ।

"19ਸ: ਕਿਸਾਨਾਂ ਦੀ ਕੋਈ ਵੀ ਸੇਵਾ ਕਰਨ ਲਈ ਵਤਨਦਾਰਾਂ ਦੀ ਮਰਜ਼ੀ ਦਾ ਇਖ਼ਤਿਆਰ ਪ੍ਰਤਿਨਿਧੀ ਵਤਨਦਾਰਾਂ ਦੀ ਸਾਰੀ ਸੰਸਥਾ ਜਾਂ ਉਸ ਦੀ ਬਹੁਗਿਣਤੀ ਨੂੰ ਜਿਨ੍ਹਾਂ ਨੇ ਧਾਰਾ 19 ੲ ਵਿਚ ਵਰਣਿਤ ਅਜਿਹੇ ਫ਼ੈਸਲੇ ਵਾਸਤੇ ਕਿਹਾ ਹੈ, ਕਿਸਾਨਾਂ ਲਈ ਕੋਈ ਵੀ ਸੇਵਾ ਕਰਨ ਤੋਂ ਇਨਕਾਰ ਕਰਨ ਦਾ ਇਖ਼ਤਿਆਰ ਹੋਵੇਗਾ ਬਸ਼ਰਤੇ ਕਿ ਉਹ ਇਸ ਸਬੰਧ ਵਿਚ ਆਪਣੇ ਫ਼ੈਸਲੇ ਬਾਰੇ ਕਲੈਕਟਰ ਨੂੰ ਲਿਖਤੀ ਸੂਚਨਾ ਦੇਣ। ਜੇਕਰ ਅਜਿਹੀ ਮਰਜ਼ੀ ਦੇ ਇਖ਼ਤਿਆਰ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਅਜਿਹੀ ਮਰਜ਼ੀ ਦੀ ਵਰਤੋਂ ਕਰਨ ਵਾਲੇ

ਵਤਨਦਾਰ, ਕਿਸਾਨਾਂ ਲਈ ਸੇਵਾਵਾਂ ਵਾਸਤੇ ਨਕਦੀ ਦੇ ਰੂਪ ਵਿਚ ਬਣਦੇ ਕਰ ਦੇ ਆਪਣੇ ਹਿੱਸੇ ਤੋਂ ਵਾਂਝੇ ਹੋ ਜਾਣਗੇ।

9. 1874 ਦੇ ਬੰਬਈ III ਦੀ ਧਾਰਾ 21 ਦੀ ਸੋਧਨਾ- ਧਾਰਾ 21 ਵਿਚ ਸ਼ਬਦਾਂ, "ਅਜਿਹੇ ਸਮਿਆਂ" ਦੀ ਥਾਂ ਸ਼ਬਦ "10 ਸਾਲ ਦਾ ਸਮਾਂ" ਰੱਖ ਦਿੱਤੇ ਜਾਣਗੇ।

10. 1874 ਦੇ ਬੰਬਈ III ਦੀ ਧਾਰਾ 83 ਦੀ ਸੋਧਨਾ--:- "83 ਦੀ ਸੋਧਨਾ ਧਾਰਾ 83 ਦੀ ਥਾਂ ਹੇਠ ਲਿਖਿਆ ਰੱਖ ਦਿੱਤਾ ਜਾਵੇਗਾ:- " 83 ਧਾਰਾ ਵਿਚ ਹੋਰਵੇਂ ਉਪਬੰਧ ਤੋ ਇਲਾਵਾ, ਸਰਕਾਰ ਕੋਲ ਕਿਸੇ ਵੀ ਪੁਸ਼ਤੈਨੀ ਅਹੁਦੇਦਾਰੀ ਨਾਲ ਸਬੰਧ ਰੱਖਣ ਵਾਲੇ ਅਹੁੱਦੇ ਦੇ ਕਰਤੱਵ ਨਿਰਧਾਰਿਤ ਕਰਨ ਲਈ ਨਿਯਮ ਬਣਾਉਣ ਦੀ ਸ਼ਕਤੀ ਹੋਵੇਗੀ, ਸ਼ਰਤ ਇਹ ਹੈ ਕਿ ਇਸ ਧਾਰਾ ਅਧੀਨ ਬਣਾਏ ਗਏ ਨਿਯਮ ਵਿਧਾਨ ਮੰਡਲ ਦੇ ਅਗਲੇ ਸਮਾਗਮ ਤੋਂ ਇਕ ਮਹੀਨਾ ਪਹਿਲਾਂ ਇਤਨੇ ਸਮੇਂ ਲਈ ਇਸ ਦੀ ਮੇਜ਼ ਤੇ ਰੱਖੇ ਜਾਣਗੇ ਜੋ ਇਕ ਮਹੀਨੇ ਤੋਂ ਘੱਟ ਨਹੀਂ ਹੋਵੇਗਾ ਅਤੇ ਇਹ ਨਿਯਮ ਵਿਧਾਨ ਮੰਡਲੇ ਦੁਆਰਾ ਰੱਦ ਜਾਂ ਤਬਦੀਲ ਕੀਤੇ ਜਾਣ ਯੋਗ ਹੋਣਗੇ। ਜੇਕਰ ਕਿਸੇ ਨਿਯਮ ਵਿਚ ਤਬਦੀਲੀ ਕੀਤੀ ਜਾਂਦੀ ਹੈ ਜਾਂ ਇਸ ਨੂੰ ਰੱਦ ਕੀਤਾ ਜਾਂਦਾ ਹੈ, ਤਾਂ ਸਰਕਾਰ ਤਬਦੀਲੀ ਸਵੀਕਾਰ ਕਰੇਗੀ ਅਤੇ ਉਸ ਤਬਦੀਲੀ ਅਨੁਸਾਰ ਨਿਯਮ ਨੂੰ ਮੁੜ ਪ੍ਰਕਾਸ਼ਤ ਕਰੇਗੀ ਜਾਂ ਨਿਯਮ ਨੂੰ ਰੱਦ ਕਰੇਗੀ।"

ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ

ਇਸ ਬਿਲ ਦੇ ਤਿੰਨ ਮਨੋਰਥ ਹਨ-ਪਹਿਲਾ ਹੈ ਮਾਲਕ ਦੀ ਮਰਜ਼ੀ ਨਾਲ ਵਤਨ ਵਿਚ ਪਰਿਵਰਤਨ ਕਰਨਾ। ਦੂਜਾ, ਵਤਨਦਾਰਾਂ ਦੀਆਂ ਕੁਝ ਸ਼੍ਰੇਣੀਆਂ ਨੂੰ ਉਜਰਤ ਦੀ ਅਦਾਇਗੀ ਦੀ ਚੰਗੇਰੀ ਸੁਰੱਖਿਆ ਦਾ ਉਪਬੰਧ ਕਰਨਾ, ਅਤੇ ਤੀਜਾ ਮਨੋਰਥ ਹ-ਵਤਨਦਾਰਾਂ ਦੁਆਰਾ ਨਿਭਾਏ ਜਾਣ ਵਾਲੇ ਕਰਤੱਵਾਂ ਨੂੰ ਨਿਯਮਾਂ ਦੁਆਰਾ ਇਕ ਇਕ ਕਰਕੇ ਦੱਸਣਾ।

ਧਾਰਾਵਾਂ 2-6, ਇਨ੍ਹਾਂ ਵਿਚੋਂ ਪਹਿਲੇ ਮਨੋਰਥ ਨੂੰ ਲਾਗੂ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।

ਧਾਰਾਵਾਂ 7-9, ਦੂਜੇ ਮਨੋਰਥ ਦੀ ਪੂਰਤੀ ਕਰਨਗੀਆਂ ਅਤੇ ਧਾਰਾ 10 ਬਿਲ ਦਾ ਤੀਜਾ ਮਨੋਰਥ ਪੂਰਾ ਕਰੇਗੀ---

(1) ਧਾਰਾ 2 ਉਸ ਵਤਨਦਾਰ ਨੂੰ ਜੋ ਇਕ ਵਤਨਦਾਰ ਵਜੋਂ ਸੇਵਾ ਕਰਨ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਹੈ, ਆਪਣੀ ਉਸ ਜ਼ਮੀਨ ਉਤੇ ਜੋ ਉਸ ਦੇ ਵਤਨ ਦਾ ਹਿੱਸਾ ਸੀ, ਅਧਿਕਾਰ ਨੂੰ ਗੁਆਏ ਬਿਨਾਂ ਅਜਿਹਾ ਕਰਨ ਦੀ ਆਗਿਆ ਦਿੰਦੀ ਹੈ। ਜਦ ਕਿ ਇਹ ਇਕ ਅਜਿਹੇ ਵਤਨਦਾਰ ਨੂੰ ਜ਼ਮੀਨ ਆਪਣੇ ਪਾਸ ਰੱਖਣ ਦੀ ਆਗਿਆ ਦਿੰਦੀ ਹੈ, ਇਸ ਨਾਲ ਸਰਕਾਰ ਨੂੰ ਕੋਈ ਹਾਨੀ ਨਹੀਂ ਹੋਵੇਗੀ, ਕਿਉਂਕਿ ਸਰਕਾਰ ਨੂੰ ਉਸ

ਪਾਸੋਂ ਪੂਰਾ ਸਰਵੇਖਣ ਨਿਰਧਾਰਣ ਕਰਨ ਦਾ ਅਧਿਕਾਰ ਹੋਵੇਗਾ।

(2) ਧਾਰਾਵਾਂ 2 ਅਤੇ 4 ਰਸਮੀ ਹਨ ।

(3) ਧਾਰਾ 5 ਵਤਨ ਦੇ ਇਕ ਜਾਂ ਕੁਝ ਸਾਂਝੇ ਮਾਲਕਾਂ ਨੂੰ ਸੇਵਾ ਕਰਨ ਤੋਂ ਮੁਕਤ ਕਰਨ ਲਈ ਅਰਜ਼ੀ ਦੇਣਾ ਸੰਭਵ ਬਣਾਉਂਦੀ ਹੈ।

(4) ਧਾਰਾ 6 ਦਾ ਮਨਸ਼ਾ ਵਧੇਰੇ ਸਹੀ ਤੌਰ ਤੇ ਪਰਿਭਾਸ਼ਤ ਕਰਨਾ ਹੈ ਕਿ ਸ਼ਬਦ "ਮੁੱਢਲੇ ਰੂਪ ਵਿਚ" ਦੀ ਵਰਤੋਂ ਦੁਆਰਾ ਸਮਾਜ ਦੀ ਸੇਵਾ ਲਈ ਕੌਣ ਜ਼ਿੰਮੇਵਾਰ ਹੋਵੇਗਾ।

(5) ਧਾਰਾ 7 ਇਹ ਉਪਬੰਧ ਕਰਦੀ ਹੈ ਕਿ ਕਲੈਕਟਰ ਪਾਸ ਇਹ ਨਿਸ਼ਚਿਤ ਕਰਨ ਲਈ ਮਰਜ਼ੀ ਦਾ ਇਖ਼ਤਿਆਰ ਨਹੀਂ ਰਹੇਗਾ ਕਿ ਕੀ ਵਸੂਲੀ ਜਿਨਸ ਦੇ ਰੂਪ ਵਿਚ ਕੀਤੀ ਜਾਵੇਗੀ ਜਾਂ ਨਕਦੀ ਦੇ ਰੂਪ ਵਿਚ।

(6) ਧਾਰਾ 8 ਇਸ ਐਕਟ ਵਿਚ ਚਾਰ ਨਵੀਆਂ ਧਾਰਾਵਾਂ ਜੋੜਦੀ ਹੈ-- ਧਾਰਾ 19ੳ ਵਤਨਦਾਰਾਂ ਨੂੰ ਕਲੈਕਟਰ ਅੱਗੇ ਇਹ ਅਰਜ਼ੀ ਦੇਣ ਦਾ ਅਧਿਕਾਰ ਦਿੰਦੀ ਹੈ ਕਿ ਜਿਨਸ ਦੇ ਰੂਪ ਵਿਚਲੀ ਅਦਾਇਗੀ ਨੂੰ ਨਕਦੀ ਦੇ ਰੂਪ ਵਿਚ ਅਦਾਇਗੀ ਵਿਚ ਤਬਦੀਲ ਕਰ ਦਿੱਤਾ ਜਾਵੇ ਅਤੇ ਕਲੈਕਟਰ ਲਈ ਉਸ ਨੂੰ ਬਰਾਬਰ ਦੇ ਰੁਪਏ ਪੈਸੇ ਵਿਚ ਤਬਦੀਲ ਕਰਨਾ ਜ਼ਰੂਰੀ ਬਣਾਉਂਦੀ ਹੈ।

ਜੇਕਰ ਵਤਨਦਾਰ ਅਜਿਹਾ ਕਰਨ ਲਈ ਆਖਣ ਤਾਂ ਧਾਰਾ 19 ਅ ਕਲੈਕਟਰ ਉੱਤੇ ਰੁਪਏ ਪੈਸੇ ਦੇ ਰੂਪ ਵਿਚਲੇ ਕਰ ਨੂੰ ਜ਼ਮੀਨ ਮਾਲੀਏ ਦੇ ਹਿੱਸੇ ਵਜੋਂ ਇਕੱਠਾ ਕਰਨ ਦੀ ਜ਼ਿੰਮੇਵਾਰੀ ਪਾਉਂਦੀ ਹੈ।

ਜਿਥੇ ਵਤਨਦਾਰ ਦੀ ਉਜਰਤ ਸਰਕਾਰ ਦੀਆਂ ਸੇਵਾਵਾਂ ਲਈ ਅਤੇ ਕਿਸਾਨਾਂ ਦੀਆਂ ਸੇਵਾਵਾਂ ਲਈ ਇੱਕ ਸਾਂਝੀ ਅਦਾਇਗੀ ਹੋਵੇ ਉਥੇ ਧਾਰਾ 19 ਕਲੈਕਟਰ ਨੂੰ ਇਹ ਫ਼ੈਸਲਾ ਕਰਨ ਦੀ ਸ਼ਕਤੀ ਦਿੰਦੀ ਹੈ ਕਿ ਇਸ ਵਿਚੋਂ ਕਿੰਨਾ ਹਿੱਸਾ ਸਰਕਾਰ ਦੀਆਂ ਸੇਵਾਵਾਂ ਲਈ ਹੈ ਅਤੇ ਕਿੰਨਾ ਹਿੱਸਾ ਕਿਸਾਨਾਂ ਦੀਆਂ ਸੇਵਾਵਾਂ ਲਈ ਹੈ।

ਧਾਰਾ 19ਸ, ਵਤਨਦਾਰ ਨੂੰ ਇਸ ਸ਼ਰਤ ਤੇ ਕਿਸਾਨਾਂ ਪ੍ਰਤੀ ਸੇਵਾ ਕਰਨ ਦੀ ਜ਼ਿੰਮੇਵਾਰੀ ਤੋਂ ਆਜ਼ਾਦੀ ਹਾਸਲ ਕਰਨ ਦੇ ਇਖ਼ਤਿਆਰੀ ਮਰਜ਼ੀ ਦੇ ਹੱਕ ਇਸ ਸ਼ਰਤ ਤੇ ਪ੍ਰਦਾਨ ਕਰਦੀ ਹੈ ਕਿ ਉਹ ਕਿਸਾਨਾਂ ਲਈ ਕੀਤੀਆਂ ਗਈਆਂ ਸੇਵਾਵਾਂ ਵਾਸਤੇ ਕਲੈਕਟਰ ਦੁਆਰਾ ਧਾਰਾ 19ੲ ਅਧੀਨ ਨਿਸ਼ਚਿਤ ਕੀਤੀ ਗਈ ਉਜਰਤ ਦੇ ਬਣਦੇ ਹਿੱਸੇ ਤੇ ਕੋਈ ਦਾਈਆ ਨਹੀਂ ਰੱਖੇਗਾ।

(7) ਧਾਰਾ 9 ਵਤਨ ਦੇ ਮੁਨਾਫ਼ਿਆਂ ਦੇ ਸਬੰਧ ਵਿਚ ਧਾਰਾ 21 ਅਧੀਨ ਕਲੈਕਟਰ

ਦੁਆਰਾ ਕੀਤੇ ਗਏ ਕਿਸੇ ਵੀ ਵਿਵਸਥਾ ਦੇ ਨਿਪਟਾਰੇ ਦਾ ਵੱਧ ਤੋਂ ਵੱਧ ਸਮਾਂ 10 ਸਾਲ ਨਿਸ਼ਚਿਤ ਕਰਦੀ ਹੈ।

(8) ਧਾਰਾ 10 ਕੇਵਲ ਇਸ ਗੱਲ ਨੂੰ ਜ਼ਰੂਰੀ ਬਣਾਉਂਦੀ ਹੈ ਕਿ ਨਿਭਾਏ ਜਾਣ ਵਾਲੇ ਫ਼ਰਜ਼ ਨਿਯਮਾਂ ਦੁਆਰਾ ਨਿਰਧਾਰਿਤ ਕੀਤੇ ਜਾਣਗੇ।

(ਸਹੀ) ਬੀ. ਆਰ. ਅੰਬੇਡਕਰ:
ਹ.ਕ. ਚੈਨਾਨੀ,
ਸਕੱਤਰ, ਬੰਬਈ ਵਿਧਾਨ ਸਭਾ।

ਪੂਨਾ, 18 ਅਕਤੂਬਰ, 1937

******

* 1937 ਦੇ ਪੁਸ਼ਤੈਨੀ ਅਹੁਦੇਦਾਰੀਆਂ ਐਕਟ ਦੀ ਸੋਧਨਾ ਬਿਲ ਨੰ : xxiii ਸਬੰਧੀ

ਡਾ. ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ): ਸ੍ਰੀਮਾਨ ਜੀ, ਮੈਂ 1874 ਦੇ ਬੰਬਈ ਪੁਸ਼ਤੈਨੀ ਅਹੁਦੇਦਾਰੀਆਂ ਬਾਰੇ ਐਕਟ iii ਦੀ ਸੋਧਨਾ ਕਰਨ ਲਈ ਬਿਲ ਪੇਸ਼ ਕਰਨ ਦੀ ਆਗਿਆ ਲੈਣ ਲਈ ਖੜ੍ਹਾ ਹੋਇਆ ਹਾਂ।

ਇਸ ਬਿਲ ਦੇ ਤਿੰਨ ਮੰਤਵ ਹਨ: ਪਹਿਲਾ-ਮਾਲਕ ਦੀ ਮਰਜ਼ੀ ਨਾਲ ਵਤਨ ਵਿਚ ਰੂਪਾਂਤਰਣ ਦੀ ਆਗਿਆ। ਦੂਜਾ, ਵਤਨਦਾਰਾਂ ਦੀਆਂ ਕੁਝ ਸ਼੍ਰੇਣੀਆਂ ਨੂੰ ਉਜਰਤ ਦੀ ਅਦਾਇਗੀ ਦੀ ਚੰਗੇਰੀ ਸੁਰੱਖਿਆ ਦਾ ਉਪਬੰਧ, ਅਤੇ ਤੀਜਾ ਮੰਤਵ ਹ-: ਵਤਨਤਾਰਾਂ ਦੁਆਰਾ ਨਿਭਾਏ ਜਾਣ ਵਾਲੇ ਕਰਤੱਵਾਂ ਨੂੰ ਨਿਯਮਾਂ ਦੁਆਰਾ ਵਿਸ਼ੇਸ਼ ਤੌਰ ਤੇ ਨਿਸ਼ਚਿਤ ਕਰਨਾ।

ਧਾਰਾਵਾਂ 2-4, ਇਨ੍ਹਾਂ ਵਿਚੋਂ ਪਹਿਲੇ ਮੰਤਵ ਨੂ ਲਾਗੂ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।

ਧਾਰਾਵਾਂ 7-9, ਦੂਜੇ ਮੰਤਵ ਦੀ ਪੂਰਤੀ ਕਰਨਗੀਆਂ ਅਤੇ ਧਾਰਾ 10 ਬਿਲ ਦਾ ਤੀਜਾ ਮੰਤਵ ਪੂਰਾ ਕਰੇਗੀ----

---

* ਬੰਬਈ ਵਿਧਾਨ ਸਭਾ ਡਿਬੇਟਸ ਜ਼ਿਲਦ I, ਪੰਨੇ 1091-92, ਮਿਤੀ 17 ਸਤੰਬਰ, 19371 ਡਾ. ਅੰਬੇਡਕਰ ਦੁਆਰਾ ਪੇਸ਼ ਕੀਤਾ ਗਿਆ ਬਿਲ ਪੰਨਿਆਂ 90-93 ਤੇ ਛਾਪਿਆ ਗਿਆ ਹੈ।

ਧਾਰਾ 2, ਉਸ ਵਤਨਦਾਰ ਨੂੰ, ਜੋ ਇਕ ਵਤਨਦਾਰ ਵਜੋਂ ਸੇਵਾ ਕਰਨ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਆਜ਼ਾਦ ਕਰਨਾ ਚਾਹੁੰਦਾ ਹੈ, ਆਪਣੀ ਉਸ ਜ਼ਮੀਨ ਦੇ ਅਧਿਕਾਰ ਨੂੰ ਗੁਆਏ ਬਿਨਾਂ ਅਜਿਹਾ ਕਰਨ ਦੀ ਆਗਿਆ ਦਿੰਦੀ ਹੈ ਜੋ ਉਸ ਦੇ ਵਤਨ ਦਾ ਹਿੱਸਾ ਸੀ। ਇਹ ਅਜਿਹੇ ਵਤਨਦਾਰ ਨੂੰ ਜ਼ਮੀਨ ਆਪਣੇ ਪਾਸ ਰੱਖਣ ਦੀ ਆਗਿਆ ਦਿੰਦੀ ਹੈ। ਪਰ, ਇਸ ਨਾਲ ਸਰਕਾਰ ਨੂੰ ਕੋਈ ਹਾਨੀ ਨਹੀਂ ਹੋਵੇਗੀ ਕਿਉਂਕਿ ਸਰਕਾਰ ਨੂੰ ਉਸ ਪਾਸੋਂ ਪੂਰਾ ਸਰਵੇ ਨਿਰਧਾਰਣ ਵਸੂਲ ਕਰਨ ਦਾ ਅਧਿਕਾਰ ਹੋਵੇਗਾ।

ਧਾਰਾਵਾਂ 3 ਅਤੇ 4 ਰਸਮੀ ਹਨ। ਧਾਰਾ 5 ਵਤਨ ਦੇ ਇਕ ਜਾਂ ਕੁਝ ਸਾਂਝੇ ਮਾਲਕਾਂ ਨੂੰ ਸੇਵਾ ਕਰਨ ਤੋਂ ਮੁਕਤੀ ਲਈ ਅਰਜ਼ੀ ਦੇਣਾ ਸੰਭਵ ਬਣਾਉਂਦੀ ਹੈ।

ਧਾਰਾ 6 ਦਾ ਮਨਸ਼ਾ ਵਧੇਰੇ ਕਰਕੇ ਇਹ ਸਪਸ਼ਟ ਕਰਨਾ ਹੈ ਕਿ ਸ਼ਬਦ" ਮੁੱਢਲੇ ਰੂਪ ਵਿਚ " ਦੀ ਵਰਤੋਂ ਦੁਆਰਾ ਸਮਾਜ ਦੀ ਸੇਵਾ ਲਈ ਕੌਣ ਜ਼ਿੰਮੇਵਾਰ ਹੋਵੇਗਾ।

ਧਾਰਾ 7 ਇਹ ਉਪਬੰਧ ਕਰਦੀ ਹੈ ਕਿ ਕਲੈਕਟਰ ਪਾਸ ਇਹ ਨਿਸ਼ਚਿਤ ਕਰਨ ਦੀ ਇਖ਼ਤਿਆਰੀ ਮਰਜ਼ੀ ਰਹੇਗੀ ਕਿ ਵਸੂਲੀ ਜਿਨਸ ਦੇ ਰੂਪ ਵਿਚ ਕੀਤੀ ਜਾਵੇਗੀ ਜਾਂ ਰਪੁਏ ਪੈਸੇ ਵਿਚ।

ਧਾਰਾ 8 ਇਸ ਐਕਟ ਵਿਚ ਚਾਰ ਨਵੀਆਂ ਧਾਰਾਵਾਂ ਜੋੜਦੀ ਹੈ--

ਧਾਰਾ 19ੳ ਵਤਨਦਾਰਾਂ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਕਲੈਕਟਰ ਨੂੰ ਇਹ ਅਰਜ਼ੀ ਦੇਣ ਕਿ ਜਿਨਸ ਦੇ ਰੂਪ ਵਿਚਲੀ ਅਦਾਇਗੀ ਨੂੰ ਰੁਪਏ ਪੈਸੇ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਜਾਵੇ ਅਤੇ ਇਹ ਧਾਰਾ ਕਲੈਕਟਰ ਲਈ ਉਸ ਨੂੰ ਬਰਾਬਰ ਦੇ ਰੁਪਏ ਪੈਸੇ ਵਿਚ ਤਬਦੀਲ ਕਰਨਾ ਜ਼ਰੂਰੀ ਬਣਾਉਂਦੀ ਹੈ।

ਧਾਰਾ 19 ਅ ਕਲੈਕਟਰ, ਉਤੇ-ਜੇਕਰ ਵਤਨਦਾਰਾਂ ਦੁਆਰਾ ਅਜਿਹਾ ਕਰਲ ਲਈ ਕਿਹਾ ਜਾਵੇ-ਤਾਂ ਰੁਪਏ ਪੈਸੇ ਦੇ ਰੂਪ ਵਿਚਲੇ ਕਰ ਨੂੰ ਜ਼ਮੀਨ ਮਾਲੀਏ ਦੇ ਹਿੱਸੇ ਵਜੋਂ ਇਕੱਠਾ ਕਰਨ ਦੀ ਜ਼ਿੰਮੇਵਾਰੀ ਪਾਉਂਦੀ ਹੈ।

ਧਾਰਾ 19 ੲ ਅਜਿਹੇ ਕੇਸਾਂ ਵਿਚ , ਜਿਥੇ ਵਤਨਦਾਰ ਦੀ ਉਜਰਤ ਸਰਕਾਰ ਲਈ ਸੇਵਾਵਾਂ ਅਤੇ ਕਿਸਾਨਾਂ ਲਈ ਸੇਵਾਵਾਂ ਵਾਸਤੇ ਇਕ ਸਾਂਝੀ ਅਦਾਇਗੀ ਹੋਵੇ, ਕਲੈਕਟਰ ਨੂੰ ਇਹ ਫ਼ੈਸਲਾ ਕਰਨ ਦੀ ਸ਼ਕਤੀ ਦਿੰਦੀ ਹੈ ਕਿ ਇਸ ਵਿਚੋਂ ਕਿੰਨਾ ਹਿੱਸਾ ਸਰਕਾਰ ਦੀਆਂ ਸੇਵਾਵਾਂ ਲਈ ਹੈ।

ਪ੍ਰਸ਼ਨ ਪੇਸ਼ ਕੀਤਾ ਗਿਆ ਅਤੇ ਆਗਿਆ ਦਿੱਤੀ ਗਈ।

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਬਿਲ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ: ਬਿਲ ਪੇਸ਼ ਕੀਤਾ ਜਾਂਦਾ ਹੈ।

7

ਖੋਤੀ ਵਿਵਸਥਾ ਬਿਲ

(ਖੋਤੀ ਮਹਾਰਾਸ਼ਟਰੀ ਭਾਸ਼ਾ ਦਾ ਸ਼ਬਦ ਹੈ)

ਹੇਠਾਂ ਦਿੱਤਾ ਗਿਆ ਬਿਲ, ਜਿਸ ਨੂੰ ਪੇਸ਼ ਕਰਨ ਲਈ 17 ਸਤੰਬਰ, 1937 ਨੂੰ ਬੰਬਈ ਵਿਧਾਨ ਸਭਾ ਦੀ ਮੀਟਿੰਗ ਵਿਚ ਡਾ.ਬੀ.ਆਰ.ਅੰਬੇਡਕਰ ਨੂੰ ਆਗਿਆ ਦਿੱਤੀ ਗਈ ਸੀ, ਬੰਬਈ ਵਿਧਾਨ ਸਭਾ ਨਿਯਮਾਵਲੀ ਦੇ ਨਿਯਮ 20 ਅਧੀਨ ਪ੍ਰਕਾਸ਼ਤ ਕੀਤਾ ਜਾਂਦਾ ਹੈ:--

1937 ਦਾ ਬਿਲ ਨੰ: XX

ਖੋਤ ਪ੍ਰਥਾ ਨੂੰ ਖ਼ਤਮ ਕਰਨ ਲਈ ਬਿਲ। ਕਿਉਂ ਜੋ ਖੋਤ ਪ੍ਰਥਾ ਵਜੋਂ ਜਾਣੀ ਜਾਂਦੀ ਹੈ ਖੇਤੀ ਮਾਲੀਏ ਦੇ ਪ੍ਰਬੰਧ ਨੂੰ ਖ਼ਤਮ ਕਰਨਾ ਜ਼ਰੂਰੀ ਹੈ ਅਤੇ ਰਾਇਤਵਾੜੀ ਪ੍ਰਥਾ ਦਾ ਉਨ੍ਹਾਂ ਇਲਾਕਿਆਂ ਤਕ ਪਸਾਰ ਜ਼ਰੂਰੀ ਹੈ, ਕਿਉਂਕਿ ਇਹ ਉਥੇ ਵਧੇਰੇ ਲਾਭਕਾਰੀ ਹੈ, ਜਿੱਥੇ ਖੋਤ ਪ੍ਰਥਾ ਲਾਗੂ ਹੈ, ਇਹ ਬਿਲ ਹੇਠ ਲਿਖੇ ਅਨੁਸਾਰ ਐਕਟ ਬਣਾਇਆ ਜਾਂਦਾ ਦਾ ਹੈ:--

1. ਸੰਖੇਪ ਸਿਰਲੇਖ ਅਤੇ ਖੇਤਰੀ ਹੱਦ-- ਇਸ ਐਕਟ ਨੂੰ "ਖੋਤ ਸਮਾਪਤੀ ਐਕਟ, 1937" ਕਿਹਾ ਜਾਵੇਗਾ। ਇਹ ਬੰਬਈ ਦੇ ਸਾਰੇ ਪ੍ਰੈਜ਼ੀਡੈਂਸੀ ਖੇਤਰ ਤੇ ਲਾਗੂ ਹੋਵੇਗਾ।

2. ਖੋਤ ਪ੍ਰਥਾ ਦੀ ਸਮਾਪਤੀ -- ਇਸ ਐਕਟ ਦੇ ਪਾਸ ਹੋਣ ਤੋਂ ਬਾਅਦ ਸਰਕਾਰ ਵਾਸਤੇ ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ ਇਹ ਐਲਾਨ ਕਰਨਾ ਜਾਇਜ਼ ਹੋਵੇਗਾ ਕਿ ਇਕ ਖ਼ਾਸ ਇਲਾਕੇ ਵਿਚ ਇਕ ਖ਼ਾਸ ਖੋਤ ਜਾਂ ਖੋਤਾਂ ਦੇ ਖੋਤ ਅਧਿਕਾਰ ਅਜਿਹੀ ਮਿਤੀ ਤੋਂ ਜੋ ਵੀ ਉਕਤ ਅਧਿਸੂਚਨਾ ਵਿਚ ਵਰਣਿਤ ਕੀਤੀ ਜਾਵੇ ਖ਼ਤਮ ਕੀਤੇ ਜਾਂਦੇ ਹਨ।

3. ਅਧਿਸੂਚਨਾ ਤੋਂ ਬਾਅਦ ਖੋਤ ਨੂੰ ਖੋਤ ਵਜੋਂ ਕੰਮ ਕਰਨ ਦਾ ਅਧਿਕਾਰ ਨਹੀਂ ਅਤੇ ਸਰਕਾਰ ਲਈ ਉਸ ਨੂੰ ਖੋਤ ਵਜੋਂ ਨਿਯੁਕਤ ਕਰਨ ਜਾਂ ਮਾਨਤਾ ਦੇਣਾ ਲਾਜ਼ਮੀ ਨਹੀਂ:-- ---- ਅਜਿਹੀ ਕਿਸੇ ਅਧਿਸੂਚਨਾ ਦੀ ਮਿਤੀ ਤੋਂ ਕੋਈ ਵੀ ਅਜਿਹਾ ਕਾਨੂੰਨ, ਰਿਵਾਜ ਜਾਂ ਪ੍ਰਥਾ ਜੋ ਉਸ ਸਮੇਂ ਲਾਗੂ ਹੈ, ਜੋ ਖੋਤ ਨੂੰ ਖੋਤ ਵਜੋਂ ਕੰਮ ਕਰਨ ਦਾ ਅਧਿਕਾਰ ਦਿੰਦੀ ਹੈ, ਜਾਂ ਜੋ ਸਰਕਾਰ ਵਾਸਤੇ ਖੋਤ ਨੂੰ ਨਿਯੁਕਤ ਕਰਨਾ ਜਾਂ ਮਾਨਤਾ ਦੇਣਾ ਲਾਜ਼ਮੀ ਬਣਾਉਂਦੀ ਹੈ, ਜਾਂ ਜੋ ਉਸ ਨੂੰ ਖੋਤਾਂ ਦੇ ਅਧਿਕਾਰ ਦਿੰਦੀ ਹੈ, ਕਿਸੇ ਵੀ ਅਦਾਲਤ ਵਿਚ ਕਿਸੇ ਮੁਕੱਦਮੇ ਦੀ ਕਾਰਵਾਈ ਅਤੇ ਸੁਣਵਾਈ ਲਈ ਨਹੀਂ ਲਿਆਂਦੀ ਜਾਵੇਗੀ।

4. " ਅਧਿਸੂਚਨਾ ਤੋਂ ਬਾਅਦ ਮਾਲੀਏ ਦੇ ਸ਼ਬੰਧ ਵਿਚ ਖੋਤ ਦੇਣਦਾਰੀ ਤੋਂ ਮੁਕਤ -- ਅਜਿਹੀ ਕਿਸੇ ਅਧਿਸੂਚਨਾ ਦੀ ਮਿਤੀ ਤੋਂ ਲੈ ਕੇ ਅਧਿਸੂਚਨਾ ਦੀ ਮਿਤੀ ਤੋਂ ਬਾਅਦ

---

* ਬੰਬਈ ਸਰਕਾਰ ਗਜ਼ਟ ਭਾਗ 5, ਪੰਨੇ 88-94

ਖੋਤ, ਮਾਲੀਏ ਦੇ ਸਬੰਧ ਵਿਚ ਬਕਾਇਆ ਨਿਕਲਦੀ ਸਰਕਾਰ ਪ੍ਰਤੀ ਕਿਸੇ ਵੀ ਦੇਣਦਾਰੀ ਤੋਂ ਮੁਕਤ ਹੋਵੇਗਾ।

5. ਖੋਤਾਂ ਨੂੰ ਮੁਆਵਜ਼ਾ --(1) ਅਧਿਸੂਚਨਾ ਦੇ ਸਿੱਟੇ ਵਜੋਂ ਖੋਤ ਨੂੰ ਉਸ ਦੇ ਖੋਤ ਵਜੋਂ ਅਧਿਕਾਰਾਂ ਦੇ ਨੁਕਸਾਨ ਬਦਲੇ ਖੋਤ ਨੂੰ ਉਚਿਤ ਮੁਆਵਜ਼ਾ ਦੇਣਾ ਸਰਕਾਰ ਲਈ ਕਾਨੂੰਨੀ ਹੋਵੇਗਾ:

ਐਪਰ ਇਹ ਕਿ ਮੁਆਵਜ਼ਾ, ਖੋਤ ਵਜੋਂ ਉਸ ਦੇ ਕਬਜ਼ੇ ਹੇਠਲੀ ਜ਼ਮੀਨ ਦੇ ਸਬੰਧ ਵਿਚ ਜ਼ਮੀਨ ਮਾਲਗੁਜ਼ਾਰੀ ਜ਼ਾਬਤੇ ਅਧੀਨ ਲਗਾਨਯੋਗ ਮੁੱਲ- ਅਕੰਣ ਦੇ ਇਕ ਪ੍ਰਤੀਸ਼ਤ ਤੋਂ ਵੱਧ ਨਹੀਂ ਹੋਵੇਗਾ।

(2) ਮੁਆਵਜ਼ੇ ਦੀ ਰਕਮ ਦੀ ਮਿਕਦਾਰ ਸਬੰਧੀ ਸਰਕਾਰ ਦਾ ਫ਼ੈਸਲਾ ਅੰਤਿਮ ਅਤੇ ਨਿਰਣਾਈ ਹੋਵੇਗਾ।

(3) ਸਰਕਾਰ ਲਈ ਖੋਤ ਨੂੰ ਦੇਣਾ ਬਣਦਾ ਮੁਆਵਜ਼ਾ ਨਕਦ, ਬਾਂਡਾਂ, ਜਾਂ ਸਾਲਿਆਨੇ ਦੇ ਰੂਪ ਵਿਚ ਜਾਂ ਕਿਸੇ ਵੀ ਹੋਰ ਰੂਪ ਵਿਚ ਅਦਾ ਕਰਨਾ ਕਾਨੂੰਨੀ ਹੋਵੇਗਾ ਅਤੇ ਅਦਾਇਗੀ ਦੇ ਰੂਪ ਤੇ ਢੰਗ ਬਾਰੇ ਸਰਕਾਰ ਦਾ ਫ਼ੈਸਲਾ ਅੰਤਿਮ ਅਤੇ ਨਿਰਣਾਈ ਹੋਵੇਗਾ।

6. ਖੋਤੀ, ਪਿੰਡਾਂ ਦੇ ਨੀਵੇਂ ਦਰਜੇ ਦੇ ਮਾਲਕ ਕਬਜ਼ੇਦਾਰ ਹੋਣਗੇ-- ਜਦੋਂ ਕਿਸੇ ਇਲਾਕੇ ਵਿਚ ਇਸ ਐਕਟ ਦੇ ਉਪਬੰਧਾਂ ਅਧੀਨ ਖੋਤ ਪ੍ਰਥਾ ਖ਼ਤਮ ਕਰ ਦਿੱਤੀ ਗਈ ਹੋਵੇ ਤਾਂ ਉਸ ਇਲਾਕੇ ਵਿਚ ਜ਼ਮੀਨਾਂ ਦੇ ਕਬਜ਼ੇਦਾਰ ਸਾਰੇ ਵਿਅਕਤੀ ਭਾਵੇਂ ਉਹ ਖੋਤ ਦੇ ਪ੍ਰਬੰਧ ਹੇਠ ਹੋਣ ਜਾਂ ਕਲਿਆਣਕਾਰੀ ਉਪਯੋਗ ਅਧੀਨ ਹੋਣ, ਉਹ ਜ਼ਮੀਨ ਮਾਲਗੁਜ਼ਾਰੀ ਜ਼ਾਬਤਾ, 1879 ਦੀ ਧਾਰਾ 3(16) ਦੇ ਅਰਥਾਂ ਵਿੱਚ ਆਪਣੇ ਕਬਜ਼ੇ ਹੇਠਲੀਆਂ ਜ਼ਮੀਨਾਂ ਦੇ ਸਬੰਧ ਵਿੱਚ ਉਨ੍ਹਾਂ ਨੂੰ ਉਹੀ ਅਧਿਕਾਰ ਹੋਣਗੇ ਅਤੇ ਉਹੀ ਜ਼ਿੰਮੇਵਾਰੀ ਹੋਵੇਗੀ, ਜੋ ਇੰਤਕਾਲ ਕੀਤੀ ਗਈ ਜ਼ਮੀਨ ਦੇ ਕਾਬਜ਼ ਦੇ ਰਹੇ ਹਨ ਜਾਂ ਉਕਤ ਜ਼ਾਬਤੇ ਦੇ ਉਪਬੰਧ ਦੁਆਰਾ ਜਾਂ ਅਧੀਨ ਪ੍ਰਭਾਵਤ ਹੋਏ ਹਨ ਅਤੇ ਉਕਤ ਜ਼ਾਬਤੇ ਦੇ ਸਾਰੇ ਉਪਬੰਧ ਉਨ੍ਹਾਂ ਉੱਤੇ ਲਾਗੂ ਹੋਣ ਯੋਗ ਹੋਣਗੇ।

7. ਕਬਜ਼ੇ ਦੇ ਅਧਿਕਾਰਾਂ ਬਾਰੇ ਦਾਵਿਆਂ ਦੇ ਝਗੜਿਆਂ ਦਾ ਨਿਰਣਾ-- ਜਦੋਂ ਇਹ ਝਗੜਾ ਹੋਵੇ ਕਿ ਕਿਸੇ ਖ਼ਾਸ ਜੋਤ ਦਾ ਕਬਜ਼ੇਦਾਰ ਕੌਣ ਹੋਣਾ ਚਾਹੀਦਾ ਹੈ ਤਾਂ ਉਸ ਦਾਵੇਦਾਰ ਨੂੰ ਪਹਿਲ ਦਿੱਤੀ ਜਾਵੇਗੀ ਜਿਸ ਦੇ ਕਬਜ਼ੇ ਹੇਠ ਜ਼ਮੀਨ ਅਧਿਸੂਚਨਾ ਤੋਂ 12 ਸਾਲ ਪਹਿਲਾਂ ਦੇ ਦੌਰਾਨ ਜ਼ਿਆਦਾ ਸਮਾਂ ਰਹੀ ਹੋਵੇ।

8. ਵਿਘਨ ਦੁਆਰਾ ਕਬਜ਼ੇ ਦੇ ਅਧਿਕਾਰ ਖ਼ਤਮ ਨਹੀਂ ਹੋਣਗੇ-- ਇਸ ਐਕਟ ਦੇ ਪਾਸ ਹੋਣ ਤੋਂ ਬਾਅਦ ਹੇਠਲੇ ਦਰਜੇ ਦੇ ਮਾਲਕ ਦੇ ਅਧਿਕਾਰਾਂ ਵਿਚ ਪਏ ਕਿਸੇ ਵਿਘਨ ਨਾਲ ਉਨ੍ਹਾਂ ਅਧਿਕਾਰਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ ਜਿਨ੍ਹਾਂ ਦਾ ਉਹ ਇਸ ਐਕਟ ਦੀ ਧਾਰਾ 6 ਅਧੀਨ ਹੱਕਦਾਰ ਹੋਣਾ ਸੀ।

9. ਖੋਤਾਂ ਦੁਆਰਾ ਮੁਆਵਜ਼ੇ ਦੇ ਅਧਿਕਾਰਾਂ ਅਤੇ ਹੇਠਲੇ ਦਰਜੇ ਦੇ ਕਬਜ਼ੇਦਾਰ ਦੁਆਰਾ

ਕਬਜ਼ੇ ਦੇ ਅਧਿਕਾਰਾਂ ਬਾਰੇ ਝਗੜਿਆਂ ਦੀ ਪੜਤਾਲ--

(1) ਇਸ ਐਕਟ ਅਧੀਨ ਉਨ੍ਹਾਂ ਵਿਅਕਤੀਆਂ ਵਿਚਕਾਰ ਜੋ ਅਜਿਹੇ ਇਲਾਕੇ ਵਿਚ ਜਿੱਥੇ ਖੋਤ ਪ੍ਰਥਾ ਖ਼ਤਮ ਹੋ ਗਈ ਹੈ, ਜ਼ਮੀਨਾਂ ਦੇ ਕਬਜ਼ੇਦਾਰਾਂ ਵਜੋਂ ਹੱਕ ਰੱਖਣ ਦਾ ਦਾਵਾ ਕਰਦੇ ਹੋਣ, ਸਾਰੇ ਝਗੜਿਆਂ ਦੀ ਪੜਤਾਲ ਕਰਨ ਅਤੇ ਉਨ੍ਹਾਂ ਦਾ ਫ਼ੈਸਲਾ ਕਰਨ ਲਈ ਇਕ ਅਫ਼ਸਰ ਦੀ ਨਿਯੁੱਕਤੀ ਕਰਨਾ ਸਕਰਾਰ ਲਈ ਕਾਨੂੰਨੀ ਹੋਵੇਗਾ।

(2) ਇਸ ਐਕਟ ਅਧੀਨ ਪੜਤਾਲ ਕਰਨ ਦੇ ਮੰਤਵ ਲਈ ਸਬੰਧਤ ਧਿਰਾਂ ਜਾਂ ਉਨ੍ਹਾਂ ਵਿਚੋਂ ਕਿਸੇ ਨੂੰ ਸਮੇਤ ਗਵਾਹਾਂ ਦੇ, ਅਫ਼ਸਰ ਨੂੰ ਬੁਲਾਉਣ ਅਤੇ ਉਨ੍ਹਾਂ ਨੂੰ ਹਾਜ਼ਰ ਹੋਣ ਲਈ ਮਜਬੂਰ ਕਰਨ ਅਤੇ ਉਨ੍ਹਾਂ ਹੀ ਸਾਧਨਾਂ ਅਤੇ ਜਿੱਥੋਂ ਤੱਕ ਹੋ ਸ਼ਕੇ ਉਸੇ ਹੀ ਢੰਗ ਨਾਲ ਜਿਵੇਂ ਕਿ ਜ਼ਾਬਤਾ ਦੀਵਾਨੀ, 1908 ਅਧੀਨ ਦੀਵਾਨੀ ਅਦਾਲਤ ਦੀ ਸੂਰਤ ਵਿਚ ਉਪਬੰਧ ਕੀਤਾ ਗਿਆ ਹੈ, ਦਸਤਾਵੇਜ਼ ਪੇਸ਼ ਕਰਨ ਲਈ ਮਜਬੂਰ ਕਰਨ ਦੀ ਸ਼ਕਤੀ ਹੋਵੇਗੀ।

(3) ਜ਼ਮੀਨ ਪ੍ਰਾਪਤੀ ਐਕਟ, 1894 ਦੀਆਂ ਧਾਰਾਵਾਂ 9,10,11,12,13,14, ਅਤੇ 15 ਦੇ ਉਪਬੰਧ ਜਿਥੋਂ ਤੱਕ ਹੋ ਸਕੇ ਅਦਾ ਕੀਤੇ ਜਾਣ ਵਾਲੇ ਮੁਆਵਜ਼ੇ ਦੀ ਰਕਮ ਦਾ ਪਤਾ ਲਗਾਉਣ ਜਾਂ ਕਬਜ਼ੇਦਾਰ ਵਜੋਂ ਅਧਿਕਾਰ ਨੂੰ ਮਾਨਤਾ ਦੇਣ ਲਈ ਇਸ ਐਕਟ ਅਧੀਨ ਕੀਤੀ ਗਈ ਕਾਰਵਾਰਈ ਉੱਤੇ ਲਾਗੂ ਹੋਣਗੇ।

(4) ਅਫ਼ਸਰ ਲਈ ਇਹ ਕਾਨੂੰਨੀ ਤੌਰ ਤੇ ਜਾਇਜ਼ ਹੋਵੇਗਾ ਕਿ ਕਿਸੇ ਪੜਤਾਲ ਦੇ ਮੰਤਵ ਲਈ ਜੋ ਮੁਆਵਜ਼ੇ ਦੀ ਰਕਮ ਲਈ ਅਧਿਕਾਰ ਜਾਂ ਕਬਜ਼ੇ ਦੇ ਅਧਿਕਾਰ ਦੇ ਸਬੰਧ ਵਿਚ ਝਗੜੇ ਨਿਪਟਾਉ ਲਈ ਲੋੜੀਦੇ ਸਾਰੇ ਦਸਤਾਵੇਜ਼ ਰਿਕਾਰਡ ਜਾਂ ਰਜਿਸਟਰ ਪੇਸ਼ ਕਰਨ ਲਈ ਮਜਬੂਰ ਕਰੇ, ਜੋ ਖੋਤ ਜਾਂ ਹੇਠਲੇ ਦਰਜੇ ਦੇ ਮਾਲਕ ਉਸ ਦੇ ਮਾਲਕ ਉਸ ਦੇ ਕਬਜ਼ੇ ਜਾਂ ਅਧਿਕਾਰ ਹੇਠਲੇ ਹੋਣ।

(5) ਅਫ਼ਸਰ ਆਪਣਾ ਫ਼ੈਸਲਾ ਕਲੈਕਟਰ ਕੋਲ ਰੱਖੇਗਾ ਅਤੇ ਲਿਖਤੀ ਰੂਪ ਵਿਚ ਜ਼ਮੀਨ ਤੇ ਕਬਜ਼ੇ ਦੇ ਅਧਿਕਾਰ ਬਾਰੇ ਦਾਵਿਆਂ ਸਬੰਧੀ ਆਪਣਾ ਫ਼ੈਸਲਾ ਅਜਿਹੇ ਦਾਵੇਦਾਰਾਂ ਨੂੰ

(6) ਜੇਕਰ ਅਫ਼ਸਰ ਦੀ ਇਸ ਗੱਲ ਦੀ ਤਸੱਲੀ ਨਾ ਕਰ ਸਕੇ ਕਿ ਵੱਖ ਵੱਖ ਦਾਵੇਦਾਰਾਂ ਵਿਚੋਂ ਮੁਆਵਜ਼ੇ ਦਾ ਹੱਕਦਾਰ ਕੌਣ ਹੈ ਤਾਂ ਉਹ ਉਦੋਂ ਤੱਕ ਮੁਆਵਜ਼ੇ ਦੀ ਅਦਾਇਗੀ ਰੋਕ ਸਕਦਾ ਹੈ ਜਦੋਂ ਤਕ ਸਮਰਥ ਦੀਵਨੀ ਅਦਾਲਤ ਮੁਆਵਜ਼ੇ ਦੇ ਦਾਵੇਦਾਰਾਂ ਦੇ ਅਧਿਕਾਰਾਂ ਦਾ ਫ਼ੈਸਲਾ ਨਹੀਂ ਕਰਦੀ।

(10) ਕਬਜ਼ੇ ਬਾਰੇ ਜਿਨ੍ਹਾਂ ਹੇਠਲੇ ਦਰਜੇ ਦੇ ਮਾਲਕਾਂ ਦਾ ਦਾਵਾ ਰੱਦ ਕਰ ਦਿੱਤਾ ਗਿਆ ਹੈ ਉਨ੍ਹਾਂ ਦੁਆਰਾ ਹਵਾਲਾ------

(1) ਜੇ ਕਿਸੇ ਵਿਅਕਤੀ ਜੋ ਇਸ ਕਾਰਨ ਰੰਜ ਹੋਇਆ ਹੈ ਕਿ ਇਕ ਕਬਜ਼ੇਦਾਰ ਵਜੋਂ ਜੋ ਉਸ ਨੂੰ ਦਰਜ ਕੀਤੇ ਜਾਣ ਦਾ ਉਸ ਦਾ ਦਾਵਾ ਸਰਕਾਰ ਦੁਆਰਾ ਇਸ ਸਬੰਧ ਵਿਚ ਵਿਸ਼ੇਸ਼ ਤੌਰ ਤੇ ਨਿਯੁਕਤ ਕੀਤੇ ਗਏ ਅਫ਼ਸਰ ਦੇ ਹੁਕਮ ਦੁਆਰਾ ਰੱਦ ਕਰ ਦਿੱਤਾ ਗਿਆ ਹੈ, ਤਾਂ

ਉਹ ਕਲੈਕਟਰ ਨੂੰ ਇਕ ਲਿਖਤੀ ਅਰਜ਼ੀ ਦੁਆਰਾ ਮੰਗ ਕਰੇਗਾ ਕਿ ਉਸ ਦੇ ਦਾਵੇ ਦਾ ਪ੍ਰਸ਼ਨ ਕਲੈਕਟਰ ਦੁਆਰਾ ਉਸ ਜ਼ਿਲ੍ਹਾ ਅਦਾਲਤ ਨੂੰ, ਜਿਸ ਦੇ ਸਥਾਨਕ ਅਧਿਕਾਰ ਖੇਤਰ ਵਿਚ ਸਾਰੀ ਜ਼ਮੀਨ ਜਾਂ ਉਸ ਦਾ ਹਿੱਸਾ ਸਥਿਤ ਹੈ ਜਾਂ ਇਸ ਸਬੰਧ ਵਿਚ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਟ੍ਰਿਬਿਊਨਲ ਨੂੰ, ਉਸ ਫ਼ੈਸਲੇ ਲਈ ਸੌਂਪ ਦਿੱਤਾ ਜਾਵੇ।

(11) ਅਰਜ਼ੀ ਵਿਚ ਅਫ਼ਸਰ ਦੇ ਫ਼ੈਸਲੇ ਬਾਰੇ ਆਧਾਰ ਦੱਸੇ ਜਾਣਗੇ ਅਤੇ ਅਰਜ਼ੀ, ਦਾਵਾ ਰੱਦ ਕੀਤੇ ਜਾਣ ਬਾਰੇ ਹੁਕਮ ਤਾਮੀਲ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਦਿੱਤੀ ਜਾਵੇਗੀ।

(3) ਕਲੈਕਟਰ ਇਹ ਅਰਜ਼ੀ, ਜ਼ਿਲ੍ਹਾ ਅਦਾਲਤ ਜਾਂ ਟ੍ਰਿਬਿਊਨਲ ਨੂੰ -ਜਿਹੋ ਜਿਹੀ ਵੀ ਸੂਰਤ ਹੋਵ-ਭੇਜੇਗਾ।ਅਰਜ਼ੀ ਤੇ ਨੰਬਰ ਲਗਾਇਆ ਜਾਵੇਗਾ ਅਤੇ ਉਸ ਨੂੰ ਮੁਕਦਮੇ ਵਜੋਂ ਰਜਿਸਟਰ ਕੀਤਾ ਜਾਵੇਗਾ ਜਿਸ ਵਿੱਚ ਬਿਨੈਕਾਰ ਅਤੇ ਮੁਦਾਲਾ ਵਜੋਂ ਉਹ ਜਿਨ੍ਹਾਂ ਵਿਅਕਤੀਆਂ ਨੂੰ ਅਫ਼ਸਰ ਦੁਆਰਾ ਕਬਜ਼ੇਦਾਰ ਵਜੋਂ ਐਲਾਨਿਆ ਗਿਆ ਹੈ, ਉਨ੍ਹਾਂ ਨੂੰ ਮਦਾਲਾ ਕਰਾਰ ਦਿੱਤਾ ਜਾਵੇਗਾ।

(4) ਅਜਿਹੀ ਅਰਜ਼ੀ ਦਾਇਰ ਕੀਤੇ ਜਾਣ ਤੇ ਅਦਾਲਤ ਜਾਂ ਟ੍ਰਿਬਿਊਨਲ ਹਿਦਾਇਤ ਕਰੇਗਾ ਕਿ ਉਸ ਦੀ ਸੂਚਨਾ ਮੁਦਾਲਾ ਜਾਂ ਮੁਦਾਲਿਆਂ ਨੂੰ ਦਿੱਤੀ ਜਾਵੇ ਕਿ ਉਹ ਉਸ ਵਿਚ ਨਿਸ਼ਚਿਤ ਕੀਤੀ ਗਈ ਮਿਤੀ ਨੂੰ ਪੇਸ਼ ਹੋਣ ਅਤੇ ਜਵਾਬ ਦਾਵਾ ਦੇਣ।

(5) ਅਰਜ਼ੀ ਇਕ ਸਾਧਾਰਨ ਢੰਗ ਨਾਲ ਸ਼ੁਰੂ ਕੀਤੇ ਗਏ ਮੁਕੱਦਮੇ ਵਜੋਂ ਸੁਣਵਾਈ ਲਈ ਪੇਸ਼ ਕੀਤੀ ਜਾਵੇਗੀ ਅਤੇ ਅਜਿਹੇ ਮੁਕੱਦਮਿਆਂ ਤੇ ਜ਼ਾਬਤਾ ਦੀਵਾਨੀ, 1908 ਦੇ ਉਪਬੰਧ, ਲਾਗੂ ਹੋਣ ਯੋਗ ਹੱਦ ਤੱਕ ਲਾਗੂ ਹੋਣਗੇ।

(6) ਅਦਾਲਤ ਜਾਂ ਟ੍ਰਿਬਿਊਨਲ ਦੁਆਰਾ ਅਜਿਹੇ ਕੇਸ ਵਿਚ ਮੁਕੱਦਮੇ ਵਿਚ ਦਿੱਤੇ ਗਏ ਫ਼ੈਸਲੇ ਜਾਂ ਕੀਤੇ ਗਏ ਹੁਕਮ ਵਿਰੁੱਧ ਕੋਈ ਵੀ ਅਪੀਲ ਨਹੀਂ ਕੀਤੀ ਜਾ ਸਕੇਗੀ।

11. ਖੋਤਾਂ ਦੁਆਰਾ ਵਿਵਰਣ ਦਾਇਰ ਕੀਤੇ ਜਾਣਗੇ--

(1) ਇਸ ਐਕਟ ਦੇ ਪਾਸ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕਲੈਕਟਰ ਲਿਖਤੀ ਨੋਟਿਸ ਦੁਆਰਾ, ਨੋਟਿਸ ਵਿਚ ਉਸ ਵਲੋਂ ਦਿੱਤੇ ਗਏ ਦਿਨ ਨੂੰ ਜਾਂ ਇਕ ਦਿਨ ਪਹਿਲਾਂ (ਜਿਹੜਾ ਦਿਨ ਨੋਟਿਸ ਦੀ ਤਰੀਕ ਤੋਂ ਤਿੰਨ ਮਹੀਨਿਆਂ ਤੋਂ ਬਾਅਦ ਨਹੀਂ ਹੋਵੇਗਾ) ਹਰ ਇਕ ਖੋਤ ਤੋਂ ਮੰਗ ਕਰੇਗਾ ਉਸ ਵਲੋਂ ਦਸਤਖ਼ਤ ਕੀਤਾ ਵਿਵਰਣ ਉਸ ਨੂੰ ਦੇਵੇ ਜਿਸ ਵਿਚ ਹੇਠ ਲਿਖਿਆ ਦਰਸਾਇਆ ਗਿਆ ਹੋਵੇਗਾ:

1) ਉਨ੍ਹਾਂ ਸਾਰੀਆਂ ਜ਼ਮੀਨਾਂ ਦੇ ਸਰਵੇ ਨੰਬਰ ਜਿਨ੍ਹਾਂ ਦਾ ਉਹ ਇਕ ਖੋਤ ਵਜੋਂ ਜਾਂ ਹੋਰਵੇਂ ਸ੍ਰੇਸ਼ਟ ਮਾਲਕ ਹੈ;

(2) ਉਹ ਵਿਅਕਤੀ ਜੋ ਸੰਨ 1920 ਤੋਂ ਲੈ ਕੇ ਇਸ ਐਕਟ ਦੇ ਪਾਸ ਹੋਣ ਦੀ ਤਰੀਕ

ਤੱਕ ਹਰ ਸਾਲ ਲਈ ਹਰ ਸਰਵੇ ਨੰਬਰ ਦੇ ਕਾਬਜ਼ ਰਹੇ ਹਨ; ਅਤੇ

(3) ਅਜਿਹੇ ਹਰ ਇਕ ਸਰਵੇ ਨੰਬਰ ਵਿਚ ਖੋਤ ਵਲੋਂ ਦਾਵਾ ਕੀਤੇ ਗਏ ਹੱਕ ਦੀ ਪ੍ਰਮਾਣਿਕਤਾ ਅਤੇ ਕਿਸਮ।

(2) ਖੋਤ, ਕਲੈਕਟਰ ਨੂੰ ਲਿਖਤੀ ਰੂਪ ਵਿਚ ਉਪ ਧਾਰਾ (1) ਅਧੀਨ ਦਿੱਤੇ ਗਏ ਬਿਆਨ ਵਿੱਚ ਦਰਜ ਵੇਰਵਿਆਂ ਵਿਚ ਬਾਅਦ ਵਿਚ ਕੀਤੀ ਕਿਸੇ ਵੀ ਤਬਦੀਲੀ ਦੀ ਰਿਪੋਰਟ ਕਰੇਗਾ।

(3) ਬਿਆਨ ਦੇਣ ਦੀ ਜ਼ਿੰਮੇਵਾਰੀ -- ਹਰ ਇਕ ਖੋਤ ਵਾਸਤੇ, ਜਿਸ ਲਈ ਪਹਿਲਾਂ ਆਈ ਧਾਰਾ ਅਧੀਨ ਬਿਆਨ ਤਿਆਰ ਕਰਨਾ ਜਾਂ ਦੇਣਾ ਜ਼ਰੂਰੀ ਹੋਵੇ, ਇਸ ਤਰ੍ਹਾਂ ਕਰਨਾ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 175 ਅਤੇ 176 ਦੇ ਅਰਥਾਂ ਵਿਚ ਕਾਨੂੰਨੀ ਤੌਰ ਤੇ ਲਾਜ਼ਮੀ ਹੋਵੇਗਾ।

12. ਬਿਆਨ, ਗਵਾਹੀ ਮੰਨਿਆ ਜਾਵੇਗਾ-- ਧਾਰਾ 11 ਅਧੀਨ ਖੋਤ ਵਲੋਂ ਦਿੱਤੇ ਕੀਤੇ ਗਏ ਬਿਆਨ ਵਿਚਲੇ ਇੰਦਰਾਜ, ਖੋਤ ਦੇ ਸਬੰਧ ਵਿਚ ਉਸ ਵਿਚ ਦਰਜ ਤੱਥਾਂ ਦੇ ਕਾਰਣ, ਕਿਸੇ ਵੀ ਅਜਿਹੇ ਮੁਕੱਦਮੇ ਜਾਂ ਕਾਰਵਾਈ ਵਿੱਚ ਨਿਰਣਾਈ ਗਵਾਹੀ ਹੋਣਗੇ ਜਿਸ ਵਿੱਚ ਹੱਕ ਜਤਾਉਣ ਵਾਲਾ ਖੋਤ ਜਾਂ ਉਸ ਦਾ ਪ੍ਰਤਿਨਿਧੀ ਇਕ ਧਿਰ ਹੋਵੇ।

13. ਬਿਆਨ ਮੁਹੱਈਆ ਨਾ ਕਰਨ ਤੇ ਦੰਡ--(1) ਕੋਈ ਵੀ ਖੋਤ, ਜੋ ਧਾਰਾ 11 ਦੀਆਂ ਉਪ-ਧਾਰਾਵਾਂ (1) ਅਤੇ (2) ਵਿਚ ਦਰਜ ਉਪਬੰਧ ਦੀ ਉਲੰਘਣਾ ਕਰਦੇ ਹੋਏ-ਜਦੋਂ ਉਸ ਲਈ ਬਿਆਨ ਦਰਜ ਕਰਾਉਣਾ ਲਾਜ਼ਮੀ ਹੋਵੇ-ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਅਣਗਹਿਲੀ ਕਰਦਾ ਹੈ, ਜਾਂ ਬਿਆਨ ਦੇ ਕਿਸੇ ਵੇਰਵਿਆਂ ਵਿਚ ਬਾਅਦ ਵਿਚ ਕੀਤੀ ਗਈ ਕਿਸੇ ਵੀ ਤਬਦੀਲੀ ਬਾਰੇ ਸੂਚਨਾ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਅਣਗਹਿਲੀ ਕਰਦਾ ਹੈ ਤਾਂ ਉਸਨੂੰ ਅਜਿਹੇ ਹਰ ਇਕ ਅਪਰਾਧ ਲਈ ਸਜ਼ਾ ਵਜੋਂ ਜੁਰਮਾਨਾ ਕੀਤਾ ਜਾਵੇਗਾ ਜੋ 100 ਰੁਪਏ ਤੱਕ ਹੋ ਸਕਦਾ ਹੈ।

(11) ਜੋ ਖੋਤ, ਧਾਰਾ 11 ਦੀ ਉਪਧਾਰਾ (1) ਦੁਆਰਾ ਲੋੜੀਂਦਾ ਬਿਆਨ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਦੇਣ ਵਿਚ ਅਣਗਹਿਲੀ ਕਰਦਾ ਹੈ, ਉਸ ਤੋਂ ਕਲੈਕਟਰ ਦੁਆਰਾ ਇਖ਼ਤਿਆਰੀ ਮਰਜ਼ੀ ਅਨੁਸਾਰ ਲੇਟ ਫ਼ੀਸ ਵਸੂਲ ਕੀਤੀ ਜਾ ਸਕੇਗੀ ਜੋ ਦੇਰੀ ਦੇ ਹਰ ਇਕ ਦਿਨ ਵਾਸਤੇ ਪੰਜ ਰੁਪਏ ਪ੍ਰਤੀ ਦਿਨ ਤੋਂ ਵੱਧ ਨਹੀਂ ਹੋਵੇਗੀ ਅਤੇ ਇਹ ਜ਼ਮੀਨ ਮਾਲੀਏ ਦੇ ਬਕਾਏ ਵਜੋਂ ਲਗਾਨ ਯੋਗ ਹੋਵੇਗੀ।

14. ਤਸਦੀਕ ਸ਼ੁਦਾ ਨਕਲਾਂ ਲੈਣ ਲਈ ਉਪਬੰਧ-ਉਨ੍ਹਾਂ ਸਾਰੇ ਕਸਾਂ ਵਿਚ ਜਿੱਥੇ ਖੋਤ ਦੁਆਰਾ ਬਿਆਨ ਦਾਇਰ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਸਾਰੇ ਕੇਸਾਂ ਵਿਚ ਜਿਥੇ ਪੜਤਾਲ ਦੇ ਦੌਰਾਨ ਦਸਤਾਵੇਜ਼ ਦਾਖ਼ਲ ਕੀਤੇ ਗਏ ਹਨ ਅਤੇ ਫ਼ੈਸਲੇ ਦੇ ਦਿੱਤੇ ਗਏ ਹਨ, ਧਿਰਾਂ ਨੂੰ ਅਤੇ ਉਨ੍ਹਾਂ ਵਿਚ ਦਾਅਵਾ ਕਰਨ ਵਾਲਿਆਂ ਨੂੰ ਉਸ ਵਾਸਤੇ ਨਿਸਚਿਤ ਅਰਜ਼ੀ ਦਿੱਤੇ

ਜਾਣ ਤੇ ਸਰਕਾਰ ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਕੀਤੇ ਖ਼ਰਚੇ ਲੈ ਕੇ ਦਸਤਾਵੇਜ਼ਾਂ ਦੇ ਵਿਵਰਣ ਵਿਚਲੇ ਇੰਦਰਾਜਾਂ ਦੀਆਂ ਅਤੇ ਫ਼ੈਸਲੇ ਦੀਆਂ ਤਸਦੀਕ ਸ਼ੁਦਾ ਨਕਲਾਂ ਅਤੇ ਨਕਲਾਂ ਆਦਿ ਕਰਨ ਲਈ ਅਜਿਹੇ ਮੁਹੱਈਆ ਕੀਤੀਆਂ ਜਾਣਗੀਆਂ।

15. ਨਿਯਮ ਬਣਾਉਣ ਲਈ ਸਰਕਾਰ ਨੂੰ ਅਧਿਕਾਰ—(1) ਇਸ ਐਕਟ ਦੇ ਉਪਬੰਧਾਂ ਨੂੰ ਅਮਲੀ ਰੂਪ ਦੇਣ ਲਈ ਅਤੇ ਖ਼ਾਸ ਤੌਰ ਤੇ ਹੇਠ ਲਿਖਿਆਂ ਦਾ ਉਪਬੰਧ ਕਰਨ ਵਾਸਤੇ ਸਰਕਾਰ ਲਈ ਨਿਯਮ ਬਣਾਉਣਾ ਕਾਨੂੰਨੀ ਤੌਰ ਤੇ ਜਾਇਜ਼ ਹੋਵੇਗਾ:

(1) ਅਧਿਸੂਚਨਾ ਦੀ ਰਕਮ ਦਾ ਨਿਰਧਾਰਣ ਅਤੇ ਅਦਾਇਗੀ ਦਾ ਢੰਗ;

(11) ਮੁਆਵਜ਼ੇ ਦੀ ਰਕਮ ਦਾ ਨਿਰਧਾਰਣ ਅਤੇ ਅਦਾਇਗੀ ਦਾ ਢੰਗ;

(111) ਹਵਾਲਿਆਂ ਦੀ ਸੁਣਵਾਈ ਅਤੇ ਫ਼ੈਸਲੇ ਲਈ ਟ੍ਰਿਬਿਊਨਲ ਦੀ ਨਿਯੁਕਤੀ;

(1V) ਦਾਵੇਦਾਰਾਂ ਦੁਆਰਾ ਅਰਜ਼ੀਆਂ, ਹਵਾਲਿਆਂ ਅਤੇ ਦਸਤਾਵੇਜ਼ਾਂ ਦੀਆਂ ਤਸਦੀਕ ਸ਼ੁਦਾ ਨਕਲਾਂ, ਇੰਦਰਾਜਾਂ ਅਤੇ ਐਕਟ ਅਧੀਨ ਕਿਸੇ ਵੀ ਕਾਰਵਾਈ ਵਿਚੇ ਫ਼ੈਸਲਿਆਂ ਲਈ ਅਦਾ ਕੀਤੀ ਜਾਣ ਵਾਲੀ ਫ਼ੀਸ ਅਤੇ ਲਾਗਤ;

(V) ਧਿਰਾਂ ਦੁਆਰਾ ਦਸਤਾਵੇਜ਼ ਪੇਸ਼ ਕਰਨਾ ਅਤੇ ਪੇਸ਼ ਜਾਂ ਦਾਇਰ ਕੀਤਿਆਂ ਦਸਤਾਵੇਜ਼ਾਂ ਦੀ ਸੰਭਾਲ।

(2) ਇਸ ਧਾਰਾ ਅਧੀਨ ਬਣਾਏ ਗਏ ਨਿਯਮ ਵਿਧਾਨ ਸਭਾ ਦੇ ਅਗਲੇ ਸਮਾਗਮ ਤੋਂ ਇਕ ਮਹੀਨਾ ਪਹਿਲਾਂ ਉਨੇ ਸਮੇਂ ਲਈ ਇਸ ਦੀ ਮੇਜ਼ ਉਤੇ ਰੱਖੇ ਜਾਣਗੇ ਜੋ ਇਕ ਮਹੀਨੇ ਤੋਂ ਘੱਟ ਨਹੀਂ ਹੋਵੇਗਾ ਅਤੇ ਉਕਤ ਵਿਧਾਨ ਸਭਾ ਦੇ ਮਤੇ ਦੁਆਰਾ ਰੱਦ ਹੋਣ ਜਾਂ ਤਬਦੀਲੀ ਯੋਗ ਹੋਣਗੇ। ਜੇਕਰ ਕਿਸੇ ਨਿਯਮ ਵਿਚ ਤਬਦੀਲੀ ਕੀਤੀ ਜਾਂਦੀ ਹੈ ਜਾਂ ਇਸ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਸਰਕਾਰ ਤਬਦੀਲੀ ਸਵੀਕਾਰ ਕਰੇਗੀ ਅਤੇ ਇਸ ਅਨੁਸਾਰ ਨਿਯਮ ਨੂੰ ਮੁੜ ਪ੍ਰਕਾਸ਼ਤ ਕਰੇਗੀ ਜਾਂ ਨਿਯਮ ਨੂੰ ਰੱਦ ਕਰੇਗੀ।

ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ

1. ਖੋਤੀ ਪ੍ਰਬੰਧ ਬੰਬਈ ਪ੍ਰੈਜ਼ੀਡੈਂਸੀ ਵਿਚ ਇਕ ਛੋਟੇ ਪੱਧਰ ਦੀ ਪਟੇਦਾਰੀ ਹੈ। ਇਹ ਵਧੇਰੇ ਕਰਕੇ ਰਤਨਾਗਿਰੀ ਜ਼ਿਲ੍ਹੇ ਵਿਚੋ ਅਤੇ ਕੋਲਾਬਾ ਅਤੇ ਥਾਣਾ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿਚ ਮਿਲਦਾ ਹੈ।

2. ਕੁਝ ਹਾਲਤਾਂ ਵਿਚ ਖੋਤੀ ਪ੍ਰਬੰਧ ਸ਼ਰਤਾਂ, ਕਾਨੂੰਨ ਦੁਆਰਾ, ਕੁਝ ਹਾਲਤਾਂ ਵਿਚ ਰਿਵਾਜ ਅਤੇ ਰਸਮ ਦੁਆਰਾ ਅਤੇ ਬਾਕੀ ਵਿਚ ਮਨਜ਼ੂਰੀ ਦੁਆਰਾ ਨਿਯਮਿਤ ਹਨ। ਰਤਨਾਗਿਰੀ ਜ਼ਿਲ੍ਹੇ ਵਿਚ ਇਹ ਸ਼ਰਤਾਂ 1880 ਦੇ ਬੰਬਈ ਐਕਟ 1 ਦੁਆਰਾ ਨਿਯਮਿਤ ਕੀਤੀਆਂ ਜਾਂਦੀਆਂ ਹਨ, ਕੋਲਾਬਾ ਜ਼ਿਲ੍ਹੇ ਵਿਚ ਇਹ ਸ਼ਰਤਾਂ ਰਿਵਾਜ ਅਤੇ ਰਸਮ ਦੁਆਰਾ ਅਤੇ ਥਾਣਾ ਜ਼ਿਲ੍ਹੇ ਵਿਚ ਮਨਜ਼ੂਰੀ ਦੁਆਰਾ ਨਿਯਮਿਤ ਕੀਤੀਆਂ ਜਾਂਦੀਆਂ ਹਨ।

3. ਖੋਤੀ ਭੋਂ-ਦਾਰੀ ਸਾਧਾਰਨ ਰਾਇਤਵਾੜੀ ਭੋਂ-ਦਾਰੀ ਨਾਲੋਂ ਵੱਖਰੀ ਹੈ ਕਿਉਂਕਿ ਰਾਇਤਵਾੜੀ ਭੋਂ-ਦਾਰੀ ਵਿਚ ਸਰਕਾਰ ਉਨ੍ਹਾਂ ਪਾਸੋਂ ਆਪ ਮਾਲੀਆ ਇਕੱਠਾ ਉਗਰਾਹੁੰਦੀ ਹੈ ਜਿਨ੍ਹਾਂ ਦੇ ਕਬਜ਼ੇ ਵਿਚ ਜ਼ਮੀਨ ਹੁੰਦੀ ਹੈ, ਜਦਕਿ, ਖੋਤੀ ਭੋਂ-ਦਾਰੀ ਦੀ ਹਾਲਤ ਵਿਚ ਸਰਕਾਰ ਨੂੰ ਮਾਲੀਆ ਇਕੱਠਾ ਕਰਨ ਦੇ ਮੰਤਵ ਲਈ ਖੋਤ (ਨੰਬਰਦਾਰ) ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ।

4. ਖੋਤੀ ਭੋਂ-ਦਾਰੀ ਦੀ ਪ੍ਰਥਾ ਜਿਥੇ ਖੇਤ ਵਾਸਤੇ ਸਰਕਾਰ ਨੂੰ ਮਾਲੀਆ ਅਦਾ ਕਰਨਾ ਲਾਜ਼ਮੀ ਬਣਾਉਂਦੀ ਹੈ ਉਥੇ ਉਸ ਨੂੰ ਇਹ ਆਜ਼ਾਦੀ ਵੀ ਦਿੰਦੀ ਹੈ ਕਿ ਉਹ ਹੇਠਲੇ ਦਰਜੇ ਦੇ ਮਾਲਕਾਂ ਨਾਲ ਜਿਹੋ ਜਿਹਾ ਮਰਜ਼ੀ ਸਲੂਕ ਕਰੇ। ਇਸ ਆਜ਼ਾਦੀ ਦੀ ਖੋਤ ਦੁਆਰਾ ਇੰਨੀ ਬੁਰੀ ਤਰ੍ਹਾਂ ਕੁਵਰਤੋਂ ਕੀਤੀ ਗਈ ਹੈ ਕਿ ਹੇਠਲੇ ਦਰਜੇ ਦੇ ਮਾਲਕਾਂ ਪਾਸੋਂ ਹਰ ਤਰ੍ਹਾਂ ਦੀ ਜਬਰੀ ਵਸੂਲੀ ਹੀ ਨਹੀਂ ਕੀਤੀ ਜਾਂਦੀ ਬਲਕਿ ਉਹ ਇਕ ਘਟੀਆ ਕਿਸਮ ਦੇ ਗ਼ੁਲਾਮ ਬਣ ਕੇ ਰਹਿ ਗਏ ਹਨ। ਹਾਲ ਹੀ ਦੇ ਕੁਝ ਸਾਲਾਂ ਤੋਂ ਹੇਠਲੇ ਦਰਜੇ ਦੇ ਮਾਲਕ, ਖੋਤਾਂ ਵਿਰੁਧ ਇਕ ਵੱਡਾ ਅੰਦੋਲਨ ਕਰਦੇ ਆ ਰਹੇ ਹਨ ਅਤੇ ਖੋਤ ਪ੍ਰਬੰਧ ਦੇ ਖ਼ਾਤਮੇ ਦੀ ਮੰਗ ਕਰ ਰਹੇ ਹਨ। ਖੋਤਾਂ ਅਤੇ ਹੇਠਲੇ ਦਰਜੇ ਦੇ ਮਾਲਕਾਂ ਵਿਚਕਾਰ ਸਬੰਧ ਇਤਨੇ ਤਣਾਓਪੂਰਨ ਰਹੇ ਹਨ ਕਿ ਉਨ੍ਹਾਂ ਦੁਆਰਾ ਤਿੰਨ ਖੋਤਾਂ ਨੂੰ ਕਤਲ ਕਰ ਦਿੱਤਾ ਗਿਆ ਸੀ।

5. ਖੋਤੀ ਭੋਂ-ਦਾਰੀ ਵਿਚ ਮਾਲੀਆ ਇਕਠਾ ਕਰਨ ਦੀ ਸੌਖ ਦਾ ਲਾਭ ਬੇਸ਼ੱਕ ਹੋਵੇ ਪਰ ਇਸ ਦੇ ਨੁਕਸਾਨ ਇੰਨੇ ਵਧੇਰੇ ਹਨ ਕਿ ਇਸ ਭੋਂ-ਦਾਰੀ ਨੂੰ ਪ੍ਰੈਜ਼ੀਡੈਂਸੀ ਦੇ ਅਮਲ ਅਤੇ ਚੈਨ ਵਿਚ ਗੰਭੀਰ ਵਿਘਨ ਪਾਏ ਬਿਨਾਂ ਅੱਗੇ ਲਈ ਜਾਰੀ ਨਹੀਂ ਰਹਿਣ ਦਿੱਤਾ ਜਾ ਸਕਦਾ। ਇਸ ਲਈ ਇਸ ਪ੍ਰਬੰਧ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

6. ਇਸ ਬਿਲ ਦੇ ਟੀਚੇ ਹਨ :

(1) ਖੋਤੀ ਪ੍ਰਬੰਧ ਨੂੰ ਖ਼ਤਮ ਕਰਨਾ ਅਤੇ ਸਰਕਾਰ ਤੇ ਉਨ੍ਹਾਂ ਵਿਅਕਤੀਆਂ ਵਿਚਕਾਰ ਸਿੱਧਾ ਸਬੰਧ ਕਾਇਮ ਕਰਨਾ ਜੋ ਖੋਤ ਪ੍ਰਬੰਧ ਹੇਠਲੀ ਜਾਂ ਕਲਿਆਣਕਾਰੀ ਉਪਯੋਗ ਹੇਠਲੀ ਜ਼ਮੀਨ ਦੇ ਮਾਲਕ ਜਾਂ ਕਾਬਜ਼ ਹਨ,

(2) ਖੋਤ ਨੂੰ ਉਸ ਦੇ ਅਧਿਕਾਰਾਂ ਦੇ ਗੁਆਚਣ ਕਾਰਨ ਹੋਣ ਵਾਲੀ ਹਾਨੀ ਲਈ ਮੁਨਾਸਬ ਮੁਆਵਜ਼ੇ ਦੀ ਅਦਾਇਗੀ ਦਾ ਉਪਬੰਧ ਕਰਨਾ, ਅਤੇ

(3) ਕੁਝ ਹੇਠਲੇ ਦਰਜੇ ਦੇ ਉਨ੍ਹਾਂ ਕਬਜ਼ੇਦਾਰਾਂ ਨੂੰ ਜੋ ਜ਼ਮੀਨ ਦੇ ਅਸਲ ਕਾਬਜ਼ ਹਨ, ਜ਼ਮੀਨ ਮਾਲੀਆ ਜ਼ਾਬਤਾ ਦੇ ਅਰਥਾਂ ਵਿਚ ਕਬਜ਼ੇਦਾਰਾਂ ਦਾ ਰੁਤਬਾ ਦੇਣਾ, ਅਤੇ

(4) ਹੋਰ ਪ੍ਰਸੰਸਕ ਮਾਮਲਿਆਂ ਦਾ ਉਪਬੰਧ ਕਰਨਾ।

(ਸਹੀ) ਬੀ. ਆਰ. ਅੰਬੇਡਕਰ।

ਪੂਨਾ, 18 ਅਕਤੂਬਰ, 1937

ਹ. ਕ. ਚੈਨਾਨੀ,
ਸਕੱਤਰ, ਬੰਬਈ ਵਿਧਾਨ ਸਭਾ।

* ਖੋਤੀ ਵਿਵਸਥਾ ਹਟਾਉਣ ਲਈ ਬਿਲ ਤੇ ਬੋਲਦਿਆਂ

ਡਾ.ਬੀ.ਆਰ.ਅੰਬੇਡਕਰ (ਬੰਬਈ ਸ਼ਹਿਰ ਬਾਈਖਲਾ ਅਤੇ ਪਰੇਲ) ਸ੍ਰੀਮਾਨ ਜੀ, ਮੈਂ ਖੋਤੀ ਵਿਵਸਥਾ ਹਟਾਉਣ ਲਈ ਬਿਲ ਪੇਸ਼ ਕਰਨ ਦੀ ਆਗਿਆ ਮੰਗਣ ਲਈ ਉਠਿਆ ਹਾਂ। ਇਸ ਪ੍ਰਸਤਾਵ ਦੇ ਸਮਰਥਨ ਵਿਚ ਜਿਹੜਾ ਸੰਖੇਪ ਵਿਵਰਣ ਤੁਸਾਂ ਸਾਨੂੰ ਦੇਣ ਦਾ ਨਿਦੇਸ਼ ਕੀਤਾ ਹੈ, ਉਹ, ਮੇਰੇ ਕੇਸ ਵਿਚ, ਉਦੇਸ਼ਾਂ ਅਤੇ ਕਾਰਣਾਂ ਦੇ ਵਿਵਰਣ ਦੇ ਹਵਾਲੇ ਤੋਂ ਛੁੱਟ ਕੁਝ ਹੋਰ ਨਹੀਂ ਹੋਵੇਗਾ। ਅਤੇ, ਇਸ ਤੋਂ ਪਹਿਲਾਂ ਕਿ ਮੈਂ ਇਹ ਬਿਲ ਪੇਸ਼ ਕਰਾਂ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਇਹ ਉਦੇਸ਼ਾਂ ਅਤੇ ਕਾਰਨਾਂ ਦਾ ਵਿਵਰਣ ਕਿਸੇ ਬਿਲ ਨਾਲ ਲਗਾਇਆ ਜਾਣ ਵਾਲਾ ਸਭ ਤੋਂ ਸੰਖੇਪ ਵਿਵਰਣ ਹੋਵੇਗਾ, ਉਹ ਵੀ ਖੋਤੀ ਵਿਵਸਥਾ ਹਟਾਉਣ ਵਰਗੇ ਮਹੱਤਵਪੂਰਣ ਮਸਲੇ ਦੇ ਬਿਲ ਸਬੰਧੀ।

ਖੋਤੀ ਵਿਵਸਥਾ ਬੰਬਈ ਪ੍ਰੈਜ਼ੀਡੈਂਸੀ ਵਿਚ ਭੂਮੀ ਦੀ ਛੋਟੀ ਹੱਕ ਮਾਲਕੀ ਦੀ ਹੈ। ਇਹ ਰਤਨਾਗਿਰੀ ਜ਼ਿਲ੍ਹੇ ਵਿਚ ਅਤੇ ਕੋਲਾਬਾ ਅਤੇ ਥਾਣਾ ਜਿਲ੍ਹਿਆਂ ਦੇ ਕੁਝ ਹਿੱਸਿਆਂ ਵਿਚ ਵਧੇਰੇ ਪ੍ਰਚਲਤ ਖੋਤੀ ਹੱਕ ਮਾਲਕੀ ਦੀਆਂ ਸ਼ਰਤਾਂ ਅਤੇ ਉਪਬੰਧ ਕੁਝ ਕੇਸਾਂ ਵਿਚ ਕਾਨੂੰਨ ਦੁਆਰਾ ਵਿਨਿਯਮਤ ਕੀਤੇ ਜਾਂਦੇ ਹਨ, ਕੁਝ ਹਾਲਤਾਂ ਵਿਚ ਰਵਾਇਤ ਅਤੇ ਰਿਵਾਜ ਅਨੁਸਾਰ ਅਤੇ ਬਾਕੀ ਦੇ ਅਨੁਦਾਨ ਅਨੁਸਾਰ। ਰਤਨਾਗਿਰੀ ਜ਼ਿਲ੍ਹੇ ਵਿਚ ਇਸ ਦੀਆਂ ਸ਼ਰਤਾਂ 1880 ਦੇ ਬੰਬਈ ਐਕਟ 1 ਦੁਆਰਾ ਵਿਨਿਯਮਤ ਕੀਤੀਆਂ ਜਾਂਦੀਆਂ ਹਨ। ਕੋਲਾਬਾ ਜ਼ਿਲ੍ਹੇ ਵਿਚ ਇਹ ਸ਼ਰਤਾਂ ਰਵਾਇਤ ਅਤੇ ਰਿਵਾਜ ਰਾਹੀਂ ਵਿਨਿਯਮਤ ਕੀਤੀਆਂ ਜਾਂਦੀਆਂ ਹਨ ਅਤੇ ਥਾਣਾ ਜਿਲ੍ਹੇ ਵਿਚ ਅਨੁਦਾਨ ਰਾਹੀਂ।

ਹੱਕ ਮਾਲਕੀ ਦੀ ਖੋਤੀ ਵਿਵਸਥਾ ਇਸ ਤਰ੍ਹਾਂ ਆਮ ਰਾਇਤਵਾੜੀ ਵਿਵਸਥਾ ਤੋਂ ਵੱਖ ਹੈ ਕਿਉਂਕਿ ਜਦ ਕਿ ਬਾਅਦ ਵਾਲੇ ਵਿਚ ਸਰਕਾਰ ਸਿਧਾ ਉਨ੍ਹਾਂ ਵਿਅਕਤੀਆਂ ਪਾਸੋਂ ਮਾਲੀਆ ਉਗਰਾਹੁੰਦੀ ਹੈ ਜੋ ਜ਼ਮੀਨ ਦੇ ਕਾਬਜ਼ ਹਨ, ਪਹਿਲੇ ਵਾਲੇ ਵਿਚ ਸਰਕਾਰ ਨੂੰ ਮਾਲੀਆ ਉਗਰਾਹੁਣ ਲਈ ਖੋਤ ਦੀਆਂ ਸੇਵਾਵਾਂ ਪ੍ਰਾਪਤ ਕਰਨੀਆਂ ਪੈਂਦੀਆਂ ਹਨ।

ਖੋਤੀ ਹੱਕ-ਮਾਲਕੀ ਮਾਲੀਏ ਦੀ ਪ੍ਰਣਾਲੀ, ਜਿਥੇ ਖੋਤ ਤੇ ਇਹ ਜ਼ਿੰਮੇਵਾਰੀ ਪਾਉਂਦਾ' ਹੈ ਕਿ ਉਹ ਸਰਕਾਰ ਨੂੰ ਮਾਲੀਆ ਦੇਵੇ, ਇਸ ਗੱਲ ਦੀ ਉਸੈਨੂੰ ਖੁਲ੍ਹ ਦੇਂਦੀ ਹੈ ਕਿ ਉਹ ਜਿਵੇਂ ਚਾਹੇ ਹੇਠਲੇ ਕਾਬਜ਼ਾਂ ਨਾਲ ਵਰਤੇ, ਅਤੇ ਇਸ ਖੁਲ੍ਹ ਦਾ ਖੋਤਾਂ ਨੇ ਐਨਾ .ਗਲਤ ਇਸਤੇਮਾਲ ਕੀਤਾ ਹੈ ਕਿ ਹੇਠਲੇ ਕਾਬਜ਼ਾਂ ਨੂੰ ਨਾ ਕੇਵਲ ਹਰ ਤਰ੍ਹਾਂ ਦੀਆਂ ਜਬਰੀ ਵਸੂਲੀਆਂ ਹੀ ਸਹਾਰਨੀਆਂ ਪੈਂਦੀਆਂ ਹਨ ਸਗੋਂ ਉਹ ਜ਼ਿਲਤ ਭਰੀ .ਗੁਲਾਮੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਹਾਲ ਦੇ ਸਾਲਾਂ ਵਿਚ, ਹੇਠਲੇ ਕਾਬਜ਼, ਖੋਤਾਂ ਦੇ ਵਿਰੁੱਧ ਭਾਰੀ ਅੰਦੋਲਨ ਕਰਦੇ ਆ ਰਹੇ ਹਨ ਅਤੇ ਇਹ ਖੋਤੀ ਵਿਵਸਥਾ ਹਟਾਉਣ ਦੀ ਮੰਗ ਕਰ ਰਹੇ ਹਨ। ਖੋਤਾਂ ਅਤੇ

---

*ਬੀ.ਐਲ.ਏ. ਡਿਬੇਟਸ Vol.I ਪੰਨੇ 1087-89 ਮਿਤੀ 17 ਸਤੰਬਰ 1937 ਡਾ. ਬੀ.ਆਰ.ਅੰਬੇਡਕਰ ਦੁਆਰਾ ਪੇਸ਼ ਕੀਤਾ ਗਿਆ ਬਿਲ ਪੰਨੇ 111 ਤੋਂ 116 ਤੇ ਛਾਪਿਆ ਗਿਆ ਹੈ।

ਹੇਠਲੇ ਕਾਬਜ਼ਾਂ ਦਰਮਿਆਨ ਸੰਬੰਧ ਇਤਨੇ ਵਿਗੜ ਚੁਕੇ ਹਨ ਕਿ ਉਨ੍ਹਾਂ ਦੁਆਰਾ ਤਿੰਨ ਖੋਤਾਂ ਦਾ ਕ਼ਤਲ ਕੀਤਾ ਜਾ ਚੁੱਕਾ ਹੈ।

ਜਦ ਕਿ ਖੋਤੀ ਹੱਕ-ਮਾਲਕੀ ਵਿਚ ਇਹ ਫ਼ਾਇਦਾ ਹੈ ਕਿ ਇਸ ਨਾਲ ਮਾਲੀਆ ਉਗਰਾਹੁਣ ਵਿਚ ਸਹੂਲਤ ਹੁੰਦੀ ਹੈ, ਇਸ ਦੇ ਨੁਕਸਾਨ ਇਤਨੇ ਜ਼ਿਆਦਾ ਹਨ ਕਿ ਪ੍ਰੈਜ਼ੀਡੈਂਸੀ ਦੀ ਅਮਨ ਅਤੇ ਸ਼ਾਂਤੀ ਨੂੰ ਭੰਗ ਕੀਤੇ ਬਿਨਾਂ ਇਸਨੂੰ ਲਾਗੂ ਰੱਖਣ ਦੀ ਆਗਿਆ ਦਿੱਤਾ ਜਾਣਾ ਸੰਭਵ ਨਹੀਂ। ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਇਸ ਵਿਵਸਥਾ ਨੂੰ ਖ਼ਤਮ ਕਰ ਦਿਤਾ ਜਾਵੇ।

ਬਿਲ ਦਾ ਮੰਤਵ ਹੈ: (1) ਖੋਤੀ ਵਿਵਸਥਾ ਨੂੰ ਖ਼ਤਮ ਕਰਨਾ ਅਤੇ ਸਰਕਾਰ ਅਤੇ ਉਨ੍ਹਾਂ ਵਿਅਕਤੀਆਂ ਦੇ ਵਿਚਕਾਰ ਜੋ ਕਿ ਅਜਿਹੀ ਜ਼ਮੀਨ ਦੇ ਕਾਬਜ਼ ਹਨ ਜੋ ਕਿ ਖੋਤ ਦੇ ਪ੍ਰਬੰਧ ਜਾਂ ਲਾਹੇਵੰਦ ਵਰਤੋਂ ਅਧੀਨ ਹੈ, ਸਿਧਾ ਸਬੰਧ ਸਥਾਪਤ ਕਰਨਾ (2) ਖੋਤ ਨੂੰ ਉਸਦੇ ਅਧਿਕਾਰ ਖੋਹੇ ਜਾਣ ਲਈ ਵਾਜਬ ਮੁਆਵਜ਼ੇ ਦੀ ਅਦਾਇਗੀ ਦਾ ਉਪਬੰਧ ਕਰਨਾ, ਅਤੇ (3) ਉਨ੍ਹਾਂ ਹੇਠਲੇ ਕਾਬਜ਼ਾਂ ਨੂੰ ਜੋ ਕਿ ਅਸਲ ਵਿਚ ਜ਼ਮੀਨ ਦੇ ਕਾਬਜ਼ ਹਨ, ਜ਼ਮੀਨ ਮਾਲੀਆ ਸੰਘਤਾ ਦੇ ਅਰਥਾਂ ਵਿਚ ਕਾਬਜ਼ਾਂ ਦਾ ਦਰਜਾ ਦੇਣਾ, ਅਤੇ (4) ਹੋਰ ਪ੍ਰਸੰਗਕ ਮੰਤਵਾਂ ਦਾ ਉਪਬੰਧ ਕਰਨਾ।

ਇਨ੍ਹਾਂ ਲਫ਼ਜ਼ਾਂ ਨਾਲ, ਜਨਾਬ, ਮੈਂ ਬਿਲ ਪੇਸ਼ ਕਰਨ ਲਈ ਸਦਨ ਦੀ ਆਗਿਆ ਮੰਗਦਾ ਹਾਂ।

ਪ੍ਰਸਤਾਵ ਰੱਖਿਆ ਗਿਆ।

ਸ਼੍ਰੀ ਐਸ. ਐਲ. ਕਰੰਡੀਕਰ (ਰਤਨਾਗਿਰੀ ਉਤੱਰ): ਜਨਾਬ ਸਪੀਕਰ ਸਾਹਿਬ, ਮੈਂ ਇਸ ਬਿਲ ਨੂੰ ਪੇਸ਼ ਕੀਤੇ ਜਾਣ ਦਾ ਵਿਰੋਧ ਕਰਨ ਲਈ ਖੜਾ ਹੋਇਆ ਹਾਂ। (ਵਿਘਨ) ਸਾਧਾਰਨ ਤੌਰ ਤੇ ਮੈਂ ਇਸਦੇ ਪੇਸ਼ ਕੀਤੇ ਜਾਣ ਦਾ ਵਿਰੋਧ ਨਾ ਕਰਦਾ, ਕਿਉਂਜੋ ਇਸ ਸਦਨ ਦੀ ਇਹ ਰਿਵਾਇਤ ਜਾਪਦੀ ਹੈ ਕਿ ਕਿਸੇ ਬਿਲ ਨੂੰ ਨਿਰ-ਵਿਰੋਧ ਪੇਸ਼ ਕਰ ਲੈਣ ਦਿੱਤਾ ਜਾਏ। ਪਰ, ਮੈਂ ਇਹ ਆਪਣਾ ਫ਼ਰਜ਼ ਸਮਝਦਾ ਹਾਂ ਕਿ ਇਸ ਬਿਲ ਨੂੰ ਕੇਵਲ ਇਕੋ ਕਾਰਣ ਕਰਕੇ ਪੇਸ਼ ਕੀਤੇ ਜਾਣ ਦਾ ਵਿਰੋਧ ਕਰਾਂ।

ਜਦੋਂ ਗ੍ਰਾਂਟਾਂ ਦੀਆਂ ਮੰਗਾਂ ਦੇ ਸਮੇਂ ਇਸ ਸਦਨ ਵਿਚ ਜ਼ਮੀਨ ਮਾਲੀਏ ਦੇ ਪ੍ਰਸ਼ਨ ਤੇ ਬਹਿਸ ਹੋ ਰਹੀ ਸੀ, ਤਾਂ ਮਾਨਯੋਗ ਮਾਲ ਮੰਤਰੀ ਜੀ ਦੁਆਰਾ ਸਾਨੂੰ ਇਹ ਸਪੱਸ਼ਟ ਕੀਤਾ ਗਿਆ ਸੀ, ਜਦੋਂ ਉਨ੍ਹਾਂ ਨੇ ਸਾਨੂੰ ਆਸ਼ਵਾਸਨ ਦਿੱਤਾ ਸੀ ਕਿ ਪ੍ਰੈਜ਼ੀਡੈਂਸੀ ਵਿਚ ਜ਼ਮੀਨ ਮਾਲੀਏ ਦੀ ਨੀਤੀ ਦਾ ਸਾਰਾ ਮਾਮਲਾ ਆਉਂਦੀ ਫ਼ਰਵਰੀ ਵਿਚ ਕਿਸੇ ਸਮੇਂ ਵਿਚਾਰਿਆ ਜਾਵੇਗਾ, ਅਤੇ ਇਸ ਲਈ ਸਾਨੂੰ ਕੁਝ ਵੀ ਕਰਨ ਤੋਂ ਪਹਿਲਾਂ ਇੰਤਜ਼ਾਰ ਕਰਨੀ ਚਾਹੀਦੀ ਹੈ। ਸਾਨੂੰ ਜ਼ਮੀਨ ਮਾਲੀਏ ਦੀ ਕਿਸੇ ਵੀ ਮੱਦ ਦੇ ਸਬੰਧ ਵਿਚ ਟੁੱਟਵਾਂ ਕਾਨੂੰਨ ਪ੍ਰਵਾਨ ਨਹੀਂ ਕਰਨਾ ਚਾਹੀਦਾ। ਇਸ ਲਈ ਸਰਕਾਰੀ ਪੱਖ ਦੇ ਮੈਂਬਰ ਵੀ ਮੇਰੇ ਨਾਲ ਸਹਿਮਤ

ਹੋਣਗੇ ਜਦੋਂ ਮੈਂ ਕਹਿੰਦਾ ਹਾਂ ਕਿ ਇਹ ਟੁੱਟਵਾਂ ਕਾਨੂੰਨ ਜੋ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ, ਸਦਨ ਵਿਚ ਪੇਸ਼ ਕੀਤੇ ਜਾਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ।

ਹੋਰ ਵੀ ਇਤਨੀਆਂ ਜ਼ਿਆਦਾ ਗੱਲਾਂ ਹਨ ਜਿਨ੍ਹਾਂ ਦਾ ਮੈਂ ਵਿਰੋਧ ਕਰਨਾ ਚਾਹੁੰਦਾ ਹਾਂ ਕਿਉਂਜੋ ਪ੍ਰਾਰੰਭਕ ਕਥਨ ਸਦਨ ਵਿਚ ਪੜ੍ਹ ਕੇ ਸੁਣਾ ਦਿੱਤੇ ਗਏ ਹਨ। ਪਰ, ਮੇਰਾ ਵਿਸ਼ਵਾਸ ਹੈ, ਕਿ ਅੱਗੇ ਸਾਡੇ ਪਾਸ ਕਾਫ਼ੀ ਸਮਾਂ ਹੋਵੇਗਾ ਜਦੋਂ ਇਨ੍ਹਾਂ ਸਾਰੇ ਮਾਮਲਿਆਂ ਤੇ ਬਹਿਸ ਹੋਵੇਗੀ ਅਤੇ ਇਨ੍ਹਾਂ ਲਈ ਲੜਿਆ ਜਾਵੇਗਾ। ਇਸ ਲਈ, ਮੈਂ ਸਦਨ ਦਾ ਹੋਰ ਸਮਾਂ ਨਹੀਂ ਲੈਣਾ ਚਾਹੁੰਦਾ। ਪਰ, ਮੈਂ ਸਮਝਦਾ ਹਾਂ ਕਿ ਇਹ ਸਿਧਾਂਤ ਦਾ ਮਾਮਲਾ ਹੈ। ਸਰਕਾਰ ਨੇ ਸਾਨੂੰ ਭਰੋਸਾ ਦਿਵਾਇਆ ਹੈ ਕਿ ਪ੍ਰੈਜ਼ਡੈਂਸੀ ਵਿਚ ਜ਼ਮੀਨ ਮਾਲੀਏ ਦੇ ਸਾਰੇ ਮਸਲੇ ਤੇ ਵਿਚਾਰ ਕੀਤਾ ਜਾਵੇਗਾ ਅਤੇ ਸਦਨ ਵਿਚ ਇਸ ਸਬੰਧੀ ਵਿਸਤ੍ਰਿਤ ਰੂਪ ਵਿਚ ਜਨਵਰੀ ਜਾਂ ਫ਼ਰਵਰੀ ਕਿਸੇ ਸਮੇਂ ਕਾਨੂੰਨ ਲਿਆਂਦਾ ਜਾਵੇਗਾ। ਇਸਦਾ ਕੋਈ ਕਾਰਨ ਨਹੀਂ ਹੈ ਕਿ ਕੋਲਾਬਾ ਅਤੇ ਰਤਨਾਗਿਰੀ ਨਾਲ ਸਬੰਧਤ ਇਸ ਕਾਨੂੰਨ ਦੇ ਸਬੰਧ ਵਿਚ ਕੋਈ ਅਪਵਾਦ ਕਿਉਂ ਕੀਤਾ ਜਾਵੇ। ਇਨ੍ਹਾਂ ਲਫ਼ਜ਼ਾਂ ਨਾਲ, ਮੈਂ ਇਸ ਬਿਲ ਦੇ ਪੇਸ਼ ਕੀਤੇ ਜਾਣ ਦਾ ਵਿਰੋਧ ਕਰਦਾ ਹਾਂ।

ਮਾਨਯੋਗ ਸਪੀਕਰ : ਮੈਂ ਨਹੀਂ ਸਮਝਦਾ ਕਿ ਇਸ ਗੱਲਨੂੰ ਬਹਿਸ ਦਾ ਮੁੱਦਾ ਮੰਨ ਕੇ ਕਿਸੇ ਹੋਰ ਮੈਂਬਰ ਨੂੰ ਇਸ ਬਿਲ ਨੂੰ ਪੇਸ਼ ਕੀਤੇ ਜਾਣ ਦੀ ਆਗਿਆ ਦਾ ਉਤਰ ਦੇਣ ਦਾ ਹੱਕ ਹੈ; ਅਤੇ ਜੇਕਰ ਉਹ ਜਵਾਬ ਦੇਣਾ ਚਾਹੁੰਦੇ ਹਨ, ਤਾਂ ਮੈਂ ਉਨ੍ਹਾਂ ਨੂੰ ਇਸ ਦਾ ਮੌਕਾ ਦੇਵਾਂਗਾ।

ਡਾ. ਬੀ. ਆਰ. ਅੰਬੇਡਕਰ : ਜਨਾਬ, ਮੈਂ ਨਹੀਂ ਸਮਝਦਾ ਕਿ ਮੇਰੇ ਮਾਨਯੋਗ ਦੋਸਤ ਸ਼੍ਰੀ ਕਰੰਡੀਕਰ ਦੁਆਰਾ ਕੀਤੇ ਗਏ ਪ੍ਰੇਖਣ ਸਬੰਧੀ ਕੋਈ ਲੰਬਾ ਚੌੜਾ ਉੱਤਰ ਦਿੱਤੇ ਜਾਣ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮਾਨਯੋਗ ਮਾਲ ਮੰਤਰੀ ਨੇ ਸਦਨ ਨੂੰ ਇਹ ਯਕੀਨ ਦੁਆਇਆ ਹੈ ਕਿ ਉਹ ਸਮੁੱਚੀ ਮਾਲੀਆ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਸੁਧਾਰਨ ਲਈ ਇਕ ਕਾਨੂੰਨ ਲਿਆ ਰਹੇ ਹਨ। ਬਦਕਿਸਮਤੀ ਨਾਲ, ਮੈਂ ਉਸ ਵੇਲੇ ਜਦੋਂ ਇਹ ਆਸ਼ਵਾਸਨ ਦਿੱਤਾ ਗਿਆ, ਸਦਨ ਵਿਚ ਹਾਜ਼ਰ ਨਹੀਂ ਸਾਂ; ਅਤੇ ਜ਼ਾਤੀ ਤੌਰ ਤੇ ਉਨ੍ਹਾਂ ਦੁਆਰਾ ਸਦਨ ਨੂੰ ਦਿੱਤੇ ਗਏ ਆਸ਼ਵਾਸਨ ਦੀ ਸਹੀ ਹੱਦ ਅਤੇ ਖੇਤਰ ਤੋਂ ਵਾਕਫ਼ ਨਹੀਂ ਹਾਂ। ਪਰ, ਜਨਾਬ ਜੋ ਸਦਨ ਨੂੰ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਖੋਤੀ ਸਿਸਟਮ ਅਜਿਹੀ ਵਿਵਸਥਾ ਹੈ ਜੋ ਆਪਣੇ ਸਹਾਰੇ ਅੱਡ ਚੱਲ ਰਹੀ ਹੈ। ਇਹ ਕੋਈ ਅਜਿਹੀ ਵਿਵਸਥਾ ਨਹੀਂ, ਜੋ ਜ਼ਮੀਨ ਮਾਲੀਆ ਸੰਘਤਾ ਹੇਠ ਆਉਂਦੀ ਹੋਵੇ, ਅਤੇ ਇਸ ਲਈ ਇਸ ਨੂੰ ਇਸ ਪ੍ਰੈਜ਼ੀਡੈਂਸੀ ਦੇ ਆਮ ਜ਼ਮੀਨ ਮਾਲਕੀ ਹੱਕਾਂ ਦਾ ਇਕ ਹਿੱਸਾ ਨਹੀਂ ਕਿਹਾ ਜਾ ਸਕਦਾ। ਇਸ ਲਈ, ਮੈਂ ਕਿਸੇ ਅਜਿਹੀ ਵਿਵਸਥਾ ਨੂੰ ਆਪਣੇ ਤੌਰ ਤੇ ਵਿਚਾਰੇ ਜਾਣ ਵਿਚ ਕੋਈ ਹਰਜ਼ ਨਹੀਂ ਸਮਝਦਾ ਜੋ ਕਿ ਆਮ ਵਿਵਸਥਾ ਹੇਠ ਨਹੀਂ ਆਉਂਦੀ।

ਸਦਨ ਨੂੰ ਮੇਰੀ ਦੂਜੀ ਬੇਨਤੀ ਇਹ ਹੈ ਕਿ ਜੇਕਰ ਸਰਕਾਰੀ ਬੈਂਚਾਂ ਤੇ ਬੈਠੇ ਮੇਰੇ ਮਾਨਯੋਗ ਦੋਸਤ ਅਸਲ ਵਿਚ ਉਹ ਕਾਨੂੰਨ ਲਿਆਉਂਦੇ ਹਨ ਜਿਸਦਾ ਉਨ੍ਹਾਂ ਨੇ ਸਦਨ ਨੂੰ ਭਰੋਸਾ

ਦੁਆਇਆ ਹੈ, ਅਤੇ ਜੇਕਰ ਮੈਨੂੰ ਇਹ ਜਾਪਦਾ ਹੈ ਕਿ ਜੋ ਉਪਾਅ ਉਹ ਇਸ ਮਸਲੇ ਨੂੰ ਨਜਿੱਠਣ ਲਈ ਲਿਆਉਣ ਚਾਹੁੰਦੇ ਹਨ ਜਿਸ ਨਾਲ ਇਹ ਬਿਲ ਸਬੰਧਤ ਹੈ, ਉਹ ਅਜਿਹੀ ਕਿਸਮ ਦੇ ਹਨ ਅਤੇ ਮੈਨੂੰ ਉਨ੍ਹਾਂ ਉਪਾਵਾਂ ਨਾਲ ਤਸੱਲੀ ਹੋ ਜਾਵੇਗੀ ਜਿਨ੍ਹਾਂ ਦਾ ਉਹ ਪ੍ਰਸਤਾਵ ਕਰਨ, ਤਾਂ ਮੈਨੂੰ ਇਹ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਮੈਂ ਇਹ ਬਿਲ ਵਾਪਸ ਲੈ ਲਵਾਂਗਾ, ਜੇਕਰ ਮੈਨੂੰ ਜਾਪਿਆ ਕਿ ਉਨ੍ਹਾਂ ਦਾ ਕਾਨੂੰਨ ਮੇਰੇ ਕਾਨੂੰਨ ਨਾਲੋਂ ਬਿਹਤਰ ਹੈ। ਮੈਨੂੰ ਨਹੀਂ ਜਾਪਦਾ ਕਿ ਇਸ ਮੌਕੇ ਤੇ ਮੈਨੂੰ ਕੁਝ ਹੋਰ ਕਹਿਣ ਦੀ ਲੋੜ ਹੈ।

ਪ੍ਰਸਤਾਵ ਰਖਿਆ ਗਿਆ ਅਤੇ ਪ੍ਰਵਾਨ ਹੋਇਆ।

ਡਾ.ਬੀ.ਆਰ.ਅੰਬੇਡਕਰ : ਸ਼੍ਰੀਮਾਨ ਜੀ, ਮੈਂ ਬਿਲ ਪੇਸ਼ ਕਰਦਾ ਹਾਂ।

ਮਾਨਯੋਗ ਸਪੀਕਰ : ਬਿਲ ਪੇਸ਼ ਕੀਤਾ ਜਾਂਦਾ ਹੈ।

8

* ਗ੍ਰਾਮ ਪੰਚਾਇਤ ਬਿਲ ਤੇ ਬੋਲਦਿਆਂ:

1

ਡਾ.ਬੀ.ਆਰ.ਅੰਬੇਡਕਰ: ਪ੍ਰੈਜ਼ੀਡੈਂਟ ਸਾਹਿਬ, ਮੈਂ ਇਸ ਬਿਲ ਦੇ ਪ੍ਰਭਾਰੀ ਮੰਤਰੀ ਜੀ ਦੁਆਰਾ ਦਿੱਤੇ ਗਏ ਭਾਸ਼ਣ ਨੂੰ ਬੜੀ ਦਿਲਚਸਪੀ ਨਾਲ ਸੁਣਿਆ ਹੈ। ਸ੍ਰੀਮਾਨ ਜੀ, ਮੈਂ ਇਹ ਵੀ ਜ਼ਰੂਰ ਕਹਾਂਗਾ ਕਿ ਮੈਂ ਇਸ ਨੂੰ ਬੜੇ ਚਿੰਤਾ ਭਾਵ ਨਾਲ ਸੁਣਿਆ ਹੈ। ਮੈਨੂੰ ਯਕੀਨ ਹੈ ਕਿ ਇਸ ਤੱਥ ਸਬੰਧੀ ਕੋਈ ਮੱਤਭੇਦ ਨਹੀਂ ਹੋ ਸਕਦਾ ਕਿ ਇਹ ਬਿਲ ਕੁਝ ਬਹੁਤ ਮਹੱਤਵਪੂਰਨ ਮਸਲਿਆਂ ਨਾਲ ਸਬੰਧਤ ਹੈ। ਇਹ ਸਿਰਫ਼ ਇਸ ਪ੍ਰੈਜ਼ੀਡੈਂਸੀ ਦੀ ਪੇਂਡੂ ਆਬਾਦੀ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਨਾਗਰਿਕ ਸਹੂਲਤਾਂ ਸਬੰਧੀ ਸਵੈ-ਪ੍ਰਸ਼ਾਸਨ ਦੇ ਮਾਮਲੇ ਨਾਲ ਹੀ ਸਬੰਧਿਤ ਨਹੀਂ ਹੈ ਸਗੋਂ ਇਸਦਾ ਪ੍ਰਭਾਵ ਪੇਂਡੂ ਆਬਾਦੀ ਦੇ ਜੀਵਨ, ਉਨ੍ਹਾਂ ਦੀ ਆਜ਼ਾਦੀ ਅਤੇ ਸੰਪਤੀ ਦੇ ਪ੍ਰਸ਼ਨ ਤੇ ਵੀ ਪੈਂਦਾ ਹੈ। ਇਸ ਬਿਲ ਨਾਲ ਸਬੰਧਤ ਇਨ੍ਹਾਂ ਮਹੱਤਵਪੂਰਨ ਮਸਲਿਆਂ ਦੇ ਮੱਦੇ-ਨਜ਼ਰ, ਮੈਂ ਇਹ ਕਹਿਣ ਲਈ ਮਜਬੂਰ ਹਾਂ ਕਿ ਮਾਨਯੋਗ ਮੰਤਰੀ ਜੀ ਨੂੰ ਚਾਹੀਦਾ ਸੀ ਕਿ ਉਹ ਇਸ ਬਿਲ ਵਿਚ ਨਿਹਿਤ ਕਈ ਇਕ ਨੁਕਤਿਆਂ ਨੂੰ ਵਿਚਾਰਨ ਲਈ ਸਾਰੇ ਸਬੰਧਤ ਹਿਤਾਂ ਨੂੰ ਨਿਆਂ ਦੇ ਖ਼ਾਤਰ ਵਧੇਰੇ ਸਮਾਂ ਦਿੰਦੇ। ਪਰ, ਸ੍ਰੀਮਾਨ ਜੀ, ਉਨ੍ਹਾਂ ਨੇ ਸਿਰਫ਼ ਕਾਨੂੰਨ ਦੀ ਲੋੜ ਨੂੰ ਪੂਰਾ ਕਰਨ ਹਿਤ ਬਿਲ ਤੇ ਵਿਚਾਰ ਕੀਤੇ ਜਾਣ ਤੋਂ ਪਹਿਲਾਂ ਸੱਤਾਂ ਦਿਨਾਂ ਦਾ ਸਮਾਂ ਲੰਘ ਜਾਣ ਦੇ ਕੇ ਆਪਣੀ ਜ਼ਮੀਰ ਨੂੰ ਤਸੱਲੀ ਦੇਣ ਦੀ ਹੀ ਕੋਸ਼ਿਸ਼ ਕੀਤੀ ਹੈ। ਕੀ ਮੈਂ ਇਹ ਕਹਾਂ ਕਿ ਮੇਰੇ ਵਿਚਾਰ ਅਨੁਸਾਰ ਇਸ ਬਿਲ ਨੂੰ ਵਿਚਾਰਨ ਲਈ ਨਾ ਕੇਵਲ ਸੱਤ ਦਿਨ ਸਗੋਂ ਸੱਤ ਮਹੀਨੇ ਦਾ ਸਮਾਂ ਚਾਹੀਦਾ ਹੈ ਅਤੇ ਮੈਂ ਇਹ ਸੁਝਾਅ ਦੇਵਾਂਗਾ ਕਿ ਹੁਣ ਵੀ ਇਸ ਬਿਲ ਵਿਚ ਕੋਈ .ਗਲਤ ਗੱਲ ਨਹੀਂ ਹੋਵੇਗੀ ਜੇਕਰ ਮਾਨਯੋਗ ਮੰਤਰੀ ਜੀ ਇਸ ਬਿਲ ਵਿਚਲੇ ਮਸਲਿਆਂ ਸਬੰਧੀ ਆਮ ਜਨਤਾ ਦੀ ਰਾਇ ਜਾਣਨ ਲਈ ਇਸ ਬਿਲ ਨੂੰ ਪਰਿਚਾਲਿਤ ਕਰਵਾ ਦੇਣ। ਮੈਂ ਪੂਰੇ ਆਦਰ ਨਾਲ ਉਨ੍ਹਾਂ ਨੂੰ ਅਜਿਹੀ ਕਾਰਵਾਈ ਕਰਨ ਲਈ ਬੇਨਤੀ ਕਰਦਾ ਹਾਂ। ਪਰ, ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਮੈਂ ਉਨ੍ਹਾਂ ਨੂੰ ਦੋ ਹੋਰ ਮਸਲਿਆਂ ਤੇ ਮੁਖ਼ਾਤਿਬ ਹੋਵਾਂਗਾ, ਜੋ ਕਿ ਮੇਰੇ ਵਿਚਾਰ ਅਨੁਸਾਰ , ਬਹੁਤ ਹੀ ਮਹੱਤਵਪੂਰਨ ਮਸਲੇ ਹਨ। ਸ੍ਰੀਮਾਨ ਜੀ, ਮੈਂ ਇਹ ਕਹਿਣਾ ਚਾਹੁੰਦਾ ਹਾਂ, ਕਿ ਮੇਰੀ ਰਾਇ ਵਿਚ, ਮੌਜੂਦਾ ਸਰਕਾਰ ਇਹ ਕਾਨੂੰਨ ਬਣਾਉਣ ਦੇ ਸਮਰੱਥ ਨਹੀਂ ਹੈ। ਸਰਕਾਰ ਇਸ ਗੱਲ ਤੋਂ ਜਾਣੂ ਹੈ ਕਿ ਪ੍ਰਸ਼ਾਸਨ ਦੀ ਮੌਜੂਦਾ ਪ੍ਰਣਾਲੀ ਦੀ ਸਾਖ .ਖਤਮ ਹੋ ਚੁੱਕੀ ਹੈ। ਮੈਂ ਅਜਿਹਾ ਨੁਕਤਾਚੀਨੀ ਦੇ ਭਾਵ ਨਾਲ ਨਹੀਂ ਕਹਿ ਰਿਹਾ। ਮੈਂ ਤਾਂ ਸਿਰਫ਼ ਉਹੀ ਤੱਥ ਪੇਸ਼ ਕਰਨ ਦੀ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸਾਂ, ਪੰਨਾ 1128 ਜਿਲਦ XXXV, ਮਿਤੀ 6 ਅਕਤੂਬਰ 1932.

ਕੋਸ਼ਿਸ਼ ਕਰ ਰਿਹਾ ਹਾਂ ਜਿਨ੍ਹਾਂ ਤੋਂ ਅਸੀਂ ਜਾਣੂੰ ਹਾਂ। ਸ੍ਰੀਮਾਨ ਜੀ, ਇਸ ਦੇਸ਼ ਦੀ ਅਬਾਦੀ ਦਾ ਕੋਈ ਵੀ ਵਰਗ ਇਸ ਸਰਕਾਰ ਦੇ ਪ੍ਰਸ਼ਾਸਨ ਅਤੇ ਕੰਮ-ਕਾਜ ਤੋਂ ਸੰਤੁਸ਼ਟ ਨਹੀਂ। ਬੇਸ਼ਕ, ਜੇਕਰ ਕੋਈ, ਤੱਥਾਂ ਨੂੰ ਜਿਵੇਂ ਉਹ ਦਰਅਸਲ ਹਨ, ਉਵੇਂ ਹੀ ਬਿਆਨ ਕਰਨਾ ਚਾਹੇ, ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੇਸ ਦਾ ਇਕ ਬਹੁਤ ਵੱਡਾ ਹਿੱਸਾ ਅਜਿਹਾ ਹੈ ਜੋ ਕਿ ਇਸ ਸਰਕਾਰ ਦੁਆਰਾ ਰਾਜ ਕਰਨ ਦੇ ਨੈਤਿਕ ਅਧਿਕਾਰ ਨੂੰ ਮੰਨਣ ਜਾਂ ਪ੍ਰਵਾਨ ਕਰਨ ਲਈ ਤਿਆਰ ਨਹੀਂ। ਸ੍ਰੀਮਾਨ ਜੀ, ਅਸੀਂ ਇਹ ਵੀ ਜਾਣਦੇ ਹਾਂ ਕਿ ਭਾਰਤ ਵਿਚ ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ, ਸਰਕਾਰ ਦਾ ਸੰਵਿਧਾਨ ਤਿਆਰ ਹੋ ਰਿਹਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਅਤੇ ਮੈਂ ਸੋਚਦਾ ਹਾਂ ਕਿ ਸਾਡਾ ਇਹ ਆਸ ਕਰਨਾ ਉਚਿਤ ਹੈ ਕਿ ਇਹ ਨਵਾਂ ਸੰਵਿਧਾਨ ਇਕ ਜਾਂ ਦੋ ਸਾਲ ਦੇ ਹੀ ਥੋੜ੍ਹੇ ਜਿਹੇ ਸਮੇਂ ਵਿਚ ਤਿਆਰ ਹੋ ਜਾਵੇਗਾ, ਅਤੇ ਇਕ ਨਵੀਂ ਸਰਕਾਰ ਸਥਾਪਿਤ ਹੋ ਜਾਵੇਗੀ ਜਿਸ ਨੂੰ ਸਮਾਜ ਦੇ ਸਾਰੇ ਵਰਗਾਂ ਦਾ ਪੂਰਨ ਸਮਰੱਥਨ ਪ੍ਰਾਪਤ ਹੋਵੇਗਾ। ਸ੍ਰੀਮਾਨ ਜੀ, ਇਸ ਵਿਚਾਰ ਨੂੰ ਮੁੱਖ ਰੱਖਦਿਆਂ, ਮੈਂ ਮਾਨਯੋਗ ਮੰਤਰੀ ਅਤੇ ਸਰਕਾਰੀ ਬੈਂਚਾਂ ਤੇ ਬਿਰਾਜਮਾਨ ਮਾਨਯੋਗ ਮੈਂਬਰਾਂ ਨੂੰ ਇਹ ਦੱਸਣਾ ਚਾਹੰਦਾ ਹਾਂ ਕਿ ਉਹ ਆਪਣੀ ਮੌਜੂਦਾ ਸਥਿਤੀ ਵਿਚ ਨਿਗਰਾਨਾਂ ਤੋਂ ਵਧ ਕੁਝ ਨਹੀਂ ਹਨ। ਸ੍ਰੀਮਾਨ ਜੀ, ਇਹ ਆਮ ਸਮਝ ਦੀ ਗੱਲ ਹੈ ਕਿ ਕੋਈ ਨਿਗਰਾਨ ਉਸ ਇਮਾਰਤ ਵਿਚ ਕੋਈ ਮਹੱਤਵਪੂਰਨ ਤਬਦੀਲੀਆਂ ਨਹੀਂ ਕਰਵਾ ਸਕਦਾ ਜਿਸ ਦੀ ਦੇਖਰੇਖ ਲਈ ਉਸ ਨੂੰ ਨਿਯੁਕਤ ਕੀਤਾ ਗਿਆ ਹੁੰਦਾ ਹੈ। ਵਧ ਤੋਂ ਵਧ ਉਹ ਉਸ ਅਰਸੇ ਦੇ ਦੌਰਾਨ, ਜਦੋਂ ਤਕ ਅਸਲੀ ਮਾਲਕ ਆਣ ਕੇ ਆਪਣੇ ਘਰ ਦਾ ਕਬਜ਼ਾ ਨਹੀਂ ਲੈ ਲੈਂਦਾ, ਉਸ ਇਮਾਰਤ ਨੂੰ ਠੀਕ ਹਾਲਤ ਵਿਚ ਰਖਣ ਲਈ ਮੁਰੰਮਤ ਕਰਾ ਸਕਦਾ ਹੈ। ਮੈਂ ਮਾਨਯੋਗ ਮੰਤਰੀ ਜੀ ਸਾਹਮਣੇ ਪਾਰਲੀਮਾਨੀ ਜੀਵਨ ਦੀ ਤੁਲਨਾ ਰੱਖਣਾ ਚਾਹਾਂਗਾ। ਇੰਗਲੈਂਡ ਵਿਚ, ਜਿਥੇ ਕਿ ਪਾਰਲੀਮਾਨੀ ਵਿਵਸਥਾ ਸਦੀਆਂ ਤੋਂ ਚਲੀ ਆ ਰਹੀ ਹੈ, ਜਦੋਂ ਵੀ ਕੋਈ ਮੰਤਰੀ-ਮੰਡਲ ਹਾਰਦਾ ਹੈ, ਉਹ ਤੁਰੰਤ ਅਸਤੀਫ਼ਾ ਦੇ ਦਿੰਦਾ ਹੈ ਅਤੇ ਹਕੂਮਤ ਦੀ ਵਾਗਡੋਰ ਵਿਰੋਧੀ ਧਿਰ ਦੇ ਹੱਥਾਂ ਵਿਚ ਸੌਂਪ ਦਿੰਦਾ ਹੈ, ਪਰ ਉਹ ਵੋਟਰਾਂ ਨੂੰ ਅਪੀਲ ਕਰਨ ਦੀ ਚੋਣ ਕਰਦਾ ਹੈ। ਅਤੇ, ਸੰਵਿਧਾਨ ਦੀ ਇਹ ਇਕ ਮੰਨੀ ਪ੍ਰਮੰਨੀ ਪ੍ਰਥਾ ਹੈ ਕਿ ਇਉਂ ਬਣਿਆ ਮੰਤਰੀ-ਮੰਡਲ ਕੋਈ ਅਜਿਹਾ ਕਾਨੂੰਨ ਪਾਸ ਨਹੀਂ ਕਰੇਗਾ ਜਿਸ ਦੇ ਪਰਿਣਾਮ ਬਹੁਤ ਹੀ ਮਹੱਤਵਪੂਰਨ ਹੋਣ। ਉਹ ਉਦੋਂ ਤੱਕ ਪ੍ਰਸ਼ਾਸਨ ਦੀ ਕੇਵਲ ਦੇਖ ਭਾਲ ਹੀ ਕਰੇਗਾ ਜਦ ਤਕ ਕਿ ਵੋਟਰ ਫ਼ੈਸਲਾ ਨਹੀਂ ਦਿੰਦੇ ਤਾਂ ਜੋ ਉਹਨਾਂ ਦੇ ਲਏ ਗਏ ਮਹੱਤਵਪੂਰਨ ਫ਼ੈਸਲੇ ਕਾਰਨ ਆਉਣ ਵਾਲੀ ਹਕੂਮਤ ਨੂੰ ਕੋਈ ਪਰੇਸ਼ਾਨੀ ਨਾ ਹੋਵੇ। ਮੈਂ ਮਾਨਯੋਗ ਮੰਤਰੀ ਨੂੰ ਪੁੱਛਣਾ ਚਾਹਾਂਗਾ ਕਿ ਕੀ ਉਹ ਇਸ ਪਾਰਲੀਮਾਨੀ ਪ੍ਰਥਾ ਤੇ ਨਹੀਂ ਚਲਣਾ ਚਾਹੁੰਦੇ? ਇਹ ਫ਼ੈਸਲਾ ਮੈਂ ਉਨ੍ਹਾਂ ਉਤੇ ਹੀ ਛੱਡ ਦਿੰਦਾ ਹਾਂ। ਸ੍ਰੀਮਾਨ ਜੀ, ਮੈਨੂੰ ਕੋਈ ਕਾਰਨ ਦਿਖਾਈ ਨਹੀਂ ਦਿੰਦਾ ਕਿ ਮੰਤਰੀ ਸਾਹਿਬ ਇੰਨੀ ਕਾਹਲੀ ਨਾਲ ਕੇਵਲ ਸੱਤਾਂ ਦਿਨਾਂ ਦੇ ਨੋਟਿਸ ਦੇ ਅੰਦਰ ਇਹ ਕਾਰਵਾਈ ਕਿਉਂ ਕਰਨਾ ਚਾਹੁੰਦੇ ਹਨ? ਮੇਰੇ ਵਿਚਾਰ ਵਿਚ ਇਸ ਲਈ ਏਡੀ ਕਾਹਲੀ ਦੀ ਲੋੜ ਨਹੀਂ ਕਿ ਉਹ ਇੰਨੇ

ਉਤਾਵਲੇਪਨ ਵਿਚ ਪ੍ਰਾਂਤ ਵਿਚ ਇਹ ਕਾਰਵਾਈ ਲਾਗੂ ਕਰਨ। ਜਿਥੋਂ ਤੱਕ ਮੈਨੂੰ ਪਤਾ ਹੈ, ਇਸ ਦੇਸ ਦੀ ਕਿਸੇ ਵੀ ਰਾਜਨੀਤਕ ਪਾਰਟੀ ਨੇ ਇਸ ਉਪਾਉ ਜਾਂ ਕਾਰਵਾਈ ਕਰਨ ਬਾਰੇ ਰੌਲਾ ਨਹੀਂ ਪਾਇਆ। ਮੈਨੂੰ ਯਾਦ ਨਹੀਂ ਕਿ ਕਿਸੇ ਆਜ਼ਾਦ ਖ਼ਿਆਲ ਗੈਰ-ਬ੍ਰਾਹਮਣ ਜਾਂ ਕਾਂਗਰਸ ਦੇ ਮੈਂਬਰਾਂ ਦੇ ਜੋ ਕਿ ਇਸ ਤੋਂ ਪਿਛਲੀ ਵਿਧਾਨ ਪਰਿਸ਼ਦ ਸਮੇਂ ਇਸ ਹਾਊਸ ਵਿਚ ਸਨ, ਕਦੇ ਜ਼ੋਰ ਦੇ ਕੇ ਆਖਿਆ ਹੋਵੇ ਕਿ ਉਹ ਗ੍ਰਾਮ ਪੰਚਾਇਤਾਂ ਨੂੰ ਆਪਣੇ ਪ੍ਰੋਗਰਾਮ ਦਾ ਇਕ ਮੁੱਢਲਾ ਭਾਗ ਮੰਨਦੇ ਹਨ। ਮੈਨੂੰ ਕਿਸੇ ਵੀ ਅਜਿਹੀ ਗੱਲ ਦਾ ਪਤਾ ਨਹੀਂ। ਕੇਵਲ ਇਹੀ ਨਹੀਂ, ਸਗੋਂ ਮੈਂ ਵੇਖਦਾ ਹਾਂ ਕਿ ਜਨਤਾ ਆਪ ਵੀ ਇਸ ਕਦਮ ਲਈ ਕੋਈ ਵਿਸ਼ੇਸ਼ ਮੰਗ ਨਹੀਂ ਕਰ ਰਹੀ। ਜੇ 1925 ਵਿਚ ਇਸ ਮਸਲੇ ਲਈ ਬਣਾਈ ਗਈ ਕਮੇਟੀ ਦੀ ਰਿਪੋਰਟ ਤੁਸੀਂ ਪੜ੍ਹੋ ਜਿਸ ਦੀ ਨਿਯੁਕਤੀ 1920 ਦੇ ਪੰਚਾਇਤ ਐਕਟ ਦੇ ਕੰਮ-ਕਾਜ ਦੀ ਰਿਪੋਰਟ ਤਿਆਰ ਕਰਨ ਲਈ ਕੀਤੀ ਗਈ ਸੀ, ਤਾਂ ਉਸ ਵਿਚ ਤੁਹਾਨੂੰ ਪਤਾ ਲਗੇਗਾ ਕਿ ਮੋਟੇ ਤੌਰ ਤੇ ਇਸ ਪ੍ਰਾਂਤ ਵਿਚ 30,000 ਪਿੰਡ ਹਨ। ਇਹ ਐਕਟ 1920 ਵਿਚ ਪਾਸ ਕੀਤਾ ਗਿਆ ਸੀ। ਨਤੀਜਾ ਕੀ ਹੋਇਆ ? ਨਤੀਜਾ ਇਹ ਨਿਕਲਿਆ ਕਿ ਸਿੰਧ ਦੇ ਲੋਕਾਂ ਨੇ ਪੰਚਾਇਤਾਂ ਬਣਾਉਣ ਤੋਂ ਮੂੰਹ ਮੋੜ ਲਿਆ। ਇਸੇ ਲਈ ਸਿੰਧ ਦੇ ਕਿਸੇ ਪਿੰਡ ਵਿਚ ਪੰਚਾਇਤ ਦੀ ਹੋਂਦ ਨਹੀਂ। ਇਸ ਪ੍ਰਾਂਤ ਵਿਚ ਪੰਚਾਇਤਾਂ ਦੀ ਗਿਣਤੀ 323 ਜਾਂ ਇਸੇ ਤਰ੍ਹਾਂ ਕੁਝ ਹੈ। ਮੇਰਾ ਨਿਵੇਦਨ ਹੈ ਕਿ ਇਹ ਵਿਆਖਿਆ ਲੋਕਾਂ ਦੀ ਭਾਵਨਾ ਨੂੰ ਉਦਾਸ ਕਰਨ ਵਾਲੀ ਹੈ। ਇਸ ਤੋਂ ਛੁੱਟ ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਲੋਕ ਪਿੰਡਾਂ ਵਿਚ ਪੰਚਾਇਤ, ਸ਼ੁਰੂ ਕਰਨ ਦੇ ਇੱਛੁਕ ਨਹੀਂ। ਮੈਂ ਇਸ ਗੱਲ ਦੇ ਕਾਰਨਾਂ ਵਲ ਨਹੀਂ ਜਾਵਾਂਗਾ। ਪਰ ਮੈਨੂੰ ਯਕੀਨ ਹੈ ਕਿ ਮੇਰੇ ਮਾਨਯੋਗ ਮਿੱਤਰ ਸਥਾਨਕ ਸਵੈ-ਮੰਤਰੀ ਇਹ ਮੰਨਣਗੇ ਕਿ ਸਥਿਤੀ ਦਾ ਇਹ ਵਿਸ਼ਲੇਸ਼ਣ ਠੀਕ ਹੈ। ਕੇਵਲ ਇਹੀ ਨਹੀਂ, ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਪੰਚਾਇਤਾਂ ਦੇ ਕਾਰਜ ਵਿਚ ਨਿਆਇਕ ਕਾਰਜ ਇਸ ਲਈ ਜੋੜਿਆ ਗਿਆ ਹੈ ਤਾਂ ਜੋ ਉਸ ਨੂੰ ਮਿੱਠੀ ਗੋਲੀ ਵਾਂਗ ਨਿਗਲਣਾ ਆਸਾਨ ਹੋ ਜਾਵੇ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਮੇਰੇ ਵਿਚਾਰ ਵਿਚ ਮਾਨਯੋਗ ਮੰਤਰੀ ਜੀ ਲਈ ਠੀਕ ਹੋਵੇਗਾ ਕਿ ਉਹ ਇਸ ਬਿਲ ਨੂੰ ਅਨਿਸਚਿਤ ਕਾਲ ਲਈ ਅੱਗੇ ਪਾ ਦੇਣ ਤਾਂ ਜੋ ਇਸ ਦੀਆਂ ਸਾਰੀਆਂ ਗੁੰਝਲਾਂ ਅਤੇ ਲਾਭਾਂ ਉਤੇ ਨਵੀਂ ਸਰਕਾਰ ਪੂਰੀ ਤਰ੍ਹਾਂ ਵਿਚਾਰ ਕਰ ਸਕੇ ਜਿਹੜੀ ਕਿ ਪ੍ਰਾਂਤ ਦੇ ਲੋਕਾਂ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰੇਗੀ।

ਸ੍ਰੀਮਾਨ ਜੀ, ਇਸ ਬਿਲ ਦੇ ਚੰਗੇ ਪਾਸੇ ਵੇਖਣ ਨਾਲ ਮੈਨੂੰ ਪਤਾ ਲਗਦਾ ਹੈ ਕਿ ਇਸ ਦੇ ਦੋ ਭਾਗ ਹਨ। ਪਹਿਲਾ ਭਾਗ ਪੰਚਾਇਤ ਦੇ ਸਥਾਨਕ ਸਵੈ-ਸ਼ਾਸਨ ਦੀ ਇਕ ਸੰਸਥਾ ਦੇ ਰੂਪ ਵਿਚ ਕਰਨ ਵਾਲੇ ਕੰਮਾਂ ਨਾਲ ਸਬੰਧਤ ਹੈ। ਮੈਂ ਇਕਦਮ ਇਹੀ ਕਹਾਂਗਾ ਕਿ ਸਿਧਾਂਤਕ ਰੂਪ ਵਿਚ ਮੈਨੂੰ ਇਸ ਨੂੰ ਦੇਣ ਉਤੇ ਕੋਈ ਇਤਰਾਜ਼ ਨਹੀਂ। ਮੈਂ ਵੇਖਿਆ ਹੈ ਕਿ ਪ੍ਰਾਂਤ ਦੇ ਸਥਾਨਕ ਬੋਰਡਾਂ ਉਤੇ ਕਾਰਜ ਦਾ ਇਤਨਾ ਅਧਿਕ ਭਾਰ ਹੈ ਜਿਹੜਾ ਕਿ ਸਥਾਨਕ ਬੋਰਡ ਐਕਟ ਦੁਆਰਾ ਉਹਨਾਂ ਉਤੇ ਲੱਦਿਆ ਗਿਆ ਹੈ ਅਤੇ ਜੇ ਉਹ ਕਿਸੇ ਕਾਰਨ ਉਹਨਾਂ ਕਾਰਜਾਂ ਨੂੰ ਠੀਕ ਨਹੀਂ ਕਰ ਸਕਦੇ ਤਾਂ ਮੈਂ ਕਹਾਂਗਾ, "ਜ਼ਰੂਰ ਹੀ ਪਿੰਡ ਪੰਚਾਇਤਾਂ ਕਾਇਮ

ਕਰ ਦਿਉ ਤਾਂ ਜੋ ਸਥਾਨਕ ਬੋਰਡਾਂ ਦਾ ਭਾਰ ਹਲਕਾ ਹੋ ਸਕੇ।" ਸ੍ਰੀਮਾਨ ਜੀ, ਪਰ ਜੇ ਪੰਚਾਇਤਾਂ ਕੇਵਲ ਪੰਚਾਇਤਾਂ ਦੀ ਖ਼ਾਤਰ ਹੀ ਬਣਾਉਣੀਆਂ ਹਨ ਤਾਂ ਮੇਰੇ ਵਿਚਾਰ ਵਿਚ ਇਹ ਇਕ ਖ਼ਤਰਨਾਕ ਪੁੱਠਾ ਕਦਮ ਹੈ। ਪੁਰਾਣੀ ਪੰਚਾਇਤ ਵਿਵਸਥਾ ਦੀ ਪ੍ਰਸੰਸਾ ਬਹੁਤਿਆਂ ਨੇ ਕੀਤੀ ਹੈ। ਕਈਆਂ ਨੇ ਇਸ ਨੂੰ 'ਪੇਂਡੂ-ਗਣਤੰਤਰਾਂ ਦਾ ਲਾਭ ਕੁਝ ਵੀ ਹੋਵੇ ਪਰ ਮੈਨੂੰ ਇਹ ਆਖਦਿਆਂ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਇਹ ਭਾਰਤੀ ਲੋਕ ਜੀਵਨ ਦੀ ਤਬਾਹੀ ਦਾ ਕਾਰਨ ਰਹੀਆਂ ਹਨ।

ਸ੍ਰੀ ਪੈਸਟਨਸ਼ਾਹ ਐਨ. ਵਕੀਲ : ਪ੍ਰਸ਼ਨ

ਡਾ. ਬੀ. ਆਰ. ਅੰਬੇਡਕਰ : ਜੇ ਭਾਰਤ ਰਾਸ਼ਟਰੀਅਤਾ ਪੈਦਾ ਕਰਨ ਵਿਚ ਸਫ਼ਲ ਨਹੀਂ ਹੋਇਆ, ਜੇ ਭਾਰਤ ਰਾਸ਼ਟਰੀ ਭਾਵਨਾ ਬਣਾਉਣ ਵਿਚ ਸਫਲ ਨਹੀਂ ਹੋਇਆ ਤਾਂ ਮੇਰੇ ਵਿਚਾਰ ਵਿਚ ਇਸ ਦਾ ਮੁੱਖ ਕਾਰਨ ਪੇਂਡੂ ਵਿਵਸਥਾ ਹੈ। ਇਸ ਨੇ ਸਾਰਿਆਂ ਲੋਕਾਂ ਨੂੰ ਸਥਾਨਕ ਵਿਸ਼ੇਸ਼ਤਾਵਾਂ ਤੇ ਸਥਾਨਕ ਦੇਸ਼ ਭਗਤੀ ਨਾਲ ਭਰ ਦਿੱਤਾ ਹੈ, ਇਸ ਨੇ ਵਿਸ਼ਾਲ ਨਾਗਰਿਕ ਭਾਵਨਾ ਲਈ ਕੋਈ ਥਾਂ ਨਹੀਂ ਛੱਡੀ। ਪ੍ਰਾਚੀਨ ਪੇਂਡੂ ਪੰਚਾਇਤਾਂ ਅਧੀਨ ਭਾਰਤ ਇਕਮੁੱਠ ਹੋਏ ਲੋਕਾਂ ਦੀ ਥਾਂ ਪੇਂਡੂ ਜਾਤਾਂ ਦਾ ਇਕ ਢਿੱਲਾ ਜਿਹਾ ਢੇਰ ਬਣ ਕੇ ਰਹਿ ਗਿਆ ਹੈ ਜਿਸ ਵਿਚ ਇਕ ਸਾਂਝੇ ਰਾਜੇ ਪ੍ਰਤੀ ਵਫ਼ਾਦਾਰੀ ਤੋਂ ਸਿਵਾ ਏਕਤਾ ਦੀ ਕੋਈ ਗੰਢ ਨਹੀਂ ਸੀ। ਸ੍ਰੀਮਾਨ ਜੀ, ਮੈਨੂੰ ਇਹ ਕਹਿਣ ਵਿਚ ਖ਼ੁਸ਼ੀ ਹੁੰਦੀ ਹੈ ਕਿ ਇਹ ਵਿਚਾਰ ਮੇਰੇ ਇਕੱਲੇ ਦਾ ਨਹੀਂ। 1925 ਵਿਚ ਨਿਯੁਕਤ ਕੀਤੀ ਗਈ ਕਮੇਟੀ ਦੇ ਇਕ ਮੈਂਬਰ ਨੇ ਵੀ ਇਹੋ ਵਿਚਾਰ ਪ੍ਰਗਟ ਕੀਤਾ ਸੀ। ਮੈਂ ਆਪਣੇ ਮਿੱਤਰ ਆਰ. ਜੀ. ਪ੍ਰਧਾਨ ਦੇ ਕਾਰਜ ਵੇਰਵੇ ਦੇ ਸੰਦਰਭ ਵੱਲ ਇਸ਼ਾਰਾ ਕਰਦਾ ਹਾਂ। ਉਹਨਾਂ ਨੇ ਆਪਣੇ ਕਾਰਜ ਵੇਰਵੇ ਵਿਚ ਇਉਂ ਦੱਸਿਆ ਸੀ : --

"ਲੋੜੋਂ ਵੱਧ ਪਿੰਡ-ਭਗਤੀ ਅਤੇ ਪੇਂਡੂ ਭਾਵਨਾ ਜਿਹੜੀ ਕਿ ਇਹਨਾਂ ਜਾਤੀਆਂ ਵਿਚ ਭਰੀ ਗਈ ਸੀ, ਸਮੁੱਚੇ ਭਾਰਤ ਦੀ ਏਕਤਾ ਦੇ ਅਨੁਭਵ ਜੋ ਹਰ ਇਕ ਪ੍ਰਾਕਿਰਤਕ ਪ੍ਰਦੇਸ਼ਕ ਵੰਡ ਦੀ ਨਸਲੀ ਏਕਤਾ ਉਤੇ ਆਧਾਰਿਤ ਹੁੰਦਾ ਹੈ ਸਮੁੱਚੇ ਬਲਵਾਨ ਰਾਸ਼ਟਰ ਭਾਵਨਾ ਦੇ ਵਿਕਾਸ ਲਈ ਘਾਤਕ ਸਿੱਧ ਹੋਈ।"

ਸ਼੍ਰੀ ਪੈਸਟਨਸ਼ਾਹ ਐਨ. ਵਕੀਲ : ਕੀ ਸ੍ਰੀ ਆਰ. ਜੀ. ਪ੍ਰਧਾਨ ਇਤਿਹਾਸਕਾਰ ਹਨ ?

ਡਾ. ਬੀ. ਆਰ. ਅੰਬੇਡਕਰ : ਮੇਰੇ ਵਿਚਾਰ ਵਿਚ ਸਾਨੂੰ ਇਥੇ ਕਿਸੇ ਇਤਿਹਾਸਕਾਰ ਨੂੰ ਲਿਆਉਣ ਦੀ ਲੋੜ ਨਹੀਂ, ਸਾਨੂੰ ਇਤਿਹਾਸਕਾਰਾਂ ਤੋਂ ਚੌਕੰਨੇ ਰਹਿਣਾ ਚਾਹੀਦਾ ਹੈ। ਇਨ੍ਹੀਂ ਦਿਨੀਂ ਜਦੋਂ ਕਿ ਤੁਸੀਂ ਰਾਸ਼ਟਰੀ ਭਾਵਨਾ ਲਿਆਉਣ ਦਾ ਜਤਨ ਕਰ ਰਹੇ ਹੋ, ਇਨ੍ਹੀਂ ਦਿਨੀਂ ਜਦੋਂ ਕਿ ਤੁਸੀਂ ਇਕ ਸਾਂਝੀ ਰਾਸ਼ਟਰੀਅਤਾ ਅਤੇ ਭਾਰਤੀ ਨਗਰਿਕਤਾ ਦੀ ਸਾਂਝੀ ਭਾਵਨਾ ਲਿਆਉਣ ਦੀ ਸਿਰ-ਤੋੜ ਕੋਸ਼ਿਸ਼ ਕਰ ਰਹੇ ਹੋ, ਮੇਰੇ ਵਿਚਾਰ ਵਿਚ ਸਾਨੂੰ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਹੜਾ ਇਸ ਭਾਵਨਾ ਦੀ ਉਤਪਤੀ ਨੂੰ ਨਿਸਫਲ ਜਾਂ ਮੱਧਮ ਕਰਨ ਵਿਚ ਸਹਾਈ ਹੋਵੇ। ਜਿਥੋਂ ਤਕ ਮੇਰਾ ਸਬੰਧ ਹੈ, ਮੈਂ ਗੱਲ ਦਾ ਇਹ ਪਾਸਾ ਇਥੇ ਹੀ

ਛੱਡਣਾ ਚਾਹਾਂਗਾ। ਮੇਰਾ ਅਗਲਾ ਇਤਰਾਜ਼ ਪੰਚਾਇਤਾਂ ਦੇ ਸੰਵਿਧਾਨ ਪ੍ਰਤੀ ਹੈ । ਜਿਵੇਂ ਕਿ ਮਾਨਯੋਗ ਮੈਂਬਰ ਨੇ ਇਸ਼ਾਰਾ ਕੀਤਾ ਹੈ, ਪਿੰਡ-ਪੰਚਾਇਤਾਂ ਦੀ ਚੋਣ ਬਾਲਗ਼ ਮੱਤ ਅਧਿਕਾਰ ਦੇ ਅਧਾਰ ਤੇ ਹੋਵੇਗੀ ਜਿਸ ਵਿਚ ਮਰਦ ਤੇ ਤੀਵੀਆਂ ਦੋਵੇਂ ਵੋਟ ਪਾ ਸਕਣਗੇ। ਜਿਥੋਂ ਤੱਕ ਮੇਰਾ ਸਬੰਧ ਹੈ ਮੈਂ ਇਕਦਮ ਕਹਾਂਗਾ ਕਿ 'ਹੁਣ ਤੱਕ ਇਹ ਠੀਕ ਹੈ'। ਪਰ, ਮੈਂ ਮਾਨਯੋਗ ਮੰਤਰੀ ਨੂੰ ਦਲਿੱਤ ਵਰਗਾਂ ਵਲੋਂ ਬੋਲਦਿਆਂ ਇਹ ਸਪੱਸ਼ਟ ਕਰਾਂਗਾ। ਮੈਨੂੰ ਇਹ ਆਖਦਿਆਂ ਜ਼ਰਾ ਜਿੰਨੀ ਵੀ ਝਿਜਕ ਨਹੀਂ ਕਿ ਬਾਲਗ਼ ਮੱਤ-ਅਧਿਕਾਰ ਸਾਡੇ ਲਈ ਕਾਫ਼ੀ ਨਹੀਂ। ਮਾਨਯੋਗ ਮੰਤਰੀ ਜੀ ਭੁੱਲ ਚੁੱਕੇ ਹਨ ਕਿ ਹਰ ਪਿੰਡ ਵਿਚ ਦਲਿਤ ਵਰਗਾਂ ਦੀ ਗਿਣਤੀ ਘਟ ਹੈ, ਦੂਜੇ ਬਹੁ-ਗਿਣਤੀ ਵਿਚ ਹਨ, ਅਤੇ ਇਹ ਮੰਨਦਿਆਂ ਕਿ ਉਹ ਬਾਲਗ਼ ਮੱਤ-ਅਧਿਕਾਰ ਲਾਗੂ ਕਰਨਾ ਚਾਹੁੰਦੇ ਹਨ, ਮੈਨੂੰ ਯਕੀਨ ਹੈ ਕਿ ਉਹ ਛੇਤੀ ਹੀ ਮੰਨ ਜਾਣਗੇ ਕਿ ਬਾਲਗ਼ ਮੱਤ-ਅਧਿਕਾਰ ਘਟ ਗਿਣਤੀ ਨੂੰ ਬਹੁ ਗਿਣਤੀ ਵਿਚ ਨਹੀਂ ਬਦਲ ਸਕਦਾ। ਨਤੀਜੇ ਵਜੋਂ ਮੈਂ ਇਸ ਗੱਲ ਤੇ ਅੜਨ ਲਈ ਮਜਬੂਰ ਹਾਂ ਕਿ ਜੇ ਇਹ ਪੰਚਾਇਤਾਂ ਬਣਦੀਆਂ ਹਨ ਤਾਂ ਘਟ ਗਿਣਤੀਆ ਲਈ ਵਿਸ਼ੇਸ਼ ਪ੍ਰਤੀਨਿਧਤਾ ਹੋਵੇਗੀ ਅਤੇ ਦੂਜੇ ਆਪਣੇ ਵਲੋਂ ਆਪ ਬੋਲਣਗੇ।

ਮੈਂ ਜਾਣਦਾ ਹਾਂ, ਸ੍ਰੀਮਾਨ ਜੀ, ਕਿ ਇਸ ਹਾਊਸ ਵਿਚ ਇਕ ਅਜਿਹਾ ਭਾਗ ਹੈ ਜੋ ਇਕਦਮ ਉਛਲ ਪਵੇਗਾ ਤੇ ਕਹੇਗਾ ਕਿ ਇਹ ਸੰਪ੍ਰਦਾਇਕਤਾ ਹੈ। ਹੁਣ ਮੈਂ ਸਹਿਮਤ ਹਾਂ ਕਿ ਇਹ ਸੰਪ੍ਰਦਾਇਕਤਾ ਹੈ। ਪਰ, ਮੈਨੂੰ ਇਹ ਵੀ ਯਕੀਨ ਹੈ ਕਿ ਸੰਪ੍ਰਦਾਇਕਤਾ ਮੇਰੀ ਨੀਤੀ ਜ਼ਰੂਰ ਹੋਣੀ ਚਾਹੀਦੀ ਹੈ। ਮੈਨੂੰ ਇਸ ਤੇ ਸ਼ਰਮ ਨਹੀਂ ਆਉਂਦੀ।

ਸ੍ਰੀ ਜੇ.ਬੀ.ਪੈਟਿਟ : ਕੀ ਇਹ ਰਾਸ਼ਟਰਵਾਦ ਦੇ ਅਨੁਕੂਲ ਹੈ ?

ਡਾ . ਬੀ.ਆਰ. ਅੰਬੇਡਕਰ : ਹਾਂ, ਕਿਉਂ ਨਹੀਂ ?

ਸ੍ਰੀ ਜੇ.ਬੀ.ਪੈਟਿਟ :ਮੈਨੂੰ ਇਹ ਸੁਣ ਕੇ ਖ਼ੁਸ਼ੀ ਹੋਈ ਹੈ।

ਡਾ.ਬੀ.ਆਰ.ਅੰਬੇਡਕਰ :ਮੈਂ ਤਾਂ ਕਹਾਂਗਾ ਕਿ ਮੇਰੇ ਵਿਚਾਰ ਵਿਚ ਬਿਨਾਂ ਸੰਪ੍ਰਦਾਇਕਤਾ ਦੇ ਭਾਰਤ ਰਾਜਨੀਤਕ ਉੱਨਤੀ ਵੱਲ ਨਹੀਂ ਵਧ ਸਕਦਾ। ਸੰਪ੍ਰਦਾਇਕਤਾ ਤੋਂ ਬਿਨਾਂ ਭਾਰਤ ਵਿਚ ਕੋਈ ਵੀ ਸਵੈ-ਸ਼ਾਸਨ ਨਹੀਂ ਹੋ ਸਕਦਾ। ਇਹੀ ਮਸਲਾ ਹੈ ਜਿਸ ਤੇ ਮੈਂ ਬਿਨਾਂ ਚੈਲੇਂਜ ਦੀ ਪ੍ਰਵਾਹ ਕੀਤਿਆਂ ਜ਼ੋਰਦਾਰ ਸ਼ਬਦਾਂ ਵਿਚ ਬੋਲਾਂਗਾ। ਦਲਿਤ ਵਰਗਾਂ ਵਲੋਂ ਬੋਲਦਿਆਂ ਮੈਂ ਕਹਾਂਗਾ ਕਿ ਭਾਰਤ ਲਈ ਮੈਨੂੰ ਤਦ ਤਕ ਕੋਈ ਵੀ ਸਵੈ-ਸ਼ਾਸਨ ਦਾ ਨਿਯਮ ਪ੍ਰਵਾਨ ਨਹੀਂ ਜਦੋਂ ਤਕ ਮੈਨੂੰ ਇਸ ਬਾਰੇ ਸੰਤੁਸ਼ਟੀ ਨਹੀਂ ਹੁੰਦੀ ਕਿ ਹਰ ਸਵੈ-ਸ਼ਾਸਨੀ ਸੰਸਥਾ ਵਿਚ ਦਲਿਤ ਵਰਗਾਂ ਦੀ ਵਿਸ਼ੇਸ਼ ਪ੍ਰਤੀਨਿਧਤਾ ਬਾਰੇ ਕੋਈ ਵਿਵਸਥਾ ਹੈ, ਤਾਂ ਜੋ ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਹੋ ਸਕੇ। ਅਤੇ ਜਦੋਂ ਤਕ ਅਜਿਹਾ ਨਹੀਂ ਹੁੰਦਾ ਮੈਨੂੰ ਡਰ ਹੈ ਕਿ ਮੇਰੇ ਲਈ ਬਿਲ ਦੇ ਪਹਿਲੇ ਭਾਗ ਲਈ ਸਹਿਮਤੀ ਦੇਣੀ ਸੰਭਵ ਨਹੀਂ ਹੋਵੇਗੀ।

ਸ੍ਰੀਮਾਨ ਜੀ, ਇਸ ਬਾਰੇ ਮੈਨੂੰ ਇਹ ਜਾਣ ਕੇ ਖ਼ੁਸ਼ੀ ਹੈ ਕਿ ਜਿਹੜੀ ਕਮੇਟੀ 1925 ਵਿਚ

ਉਸ ਪ੍ਰਸ਼ਨ ਦੀ ਚਰਚਾ ਬਾਰੇ ਨਿਯੁਕਤ ਕੀਤੀ ਗਈ ਸੀ, ਉਸ ਦੇ ਮੈਂਬਰਾਂ ਨੇ ਵੀ ਦਲਿਤ ਵਰਗਾਂ ਲਈ ਵਿਸ਼ੇਸ਼ ਪ੍ਰਤੀਨਿਧਤਾ ਦਾ ਸਮਰੱਥਨ ਕੀਤਾ ਸੀ। ਮੈਂ ਸ੍ਰੀ ਆਰ.ਜੀ. ਪ੍ਰਧਾਨ ਦੇ ਕਾਰਜ ਵੇਰਵੇ ਦਾ ਹਵਾਲਾ ਦੇਂਦਾ ਹਾਂ। ਇਹ ਹੈ ਜੋ ਉਨ੍ਹਾਂ ਕਿਹਾ ਸੀ :

"ਮੇਰਾ ਵਿਚਾਰ ਇਹ ਹੈ ਕਿ ਦਲਿਤ ਵਰਗਾਂ ਲਈ ਪੰਚਇਤਾਂ ਵਿਚ ਪ੍ਰਤੀਨਿਧਤਾ ਦਾ ਪ੍ਰਬੰਧ ਨਾਮਜ਼ਦਗੀ ਰਾਹੀਂ ਕੀਤਾ ਜਾਵੇ। ਨਾਮਜ਼ਦਗੀ, ਕਲੈਕਟਰ ਜਾਂ ਜ਼ਿਲ੍ਹਾ ਸਥਾਨਕ ਬੋਰਡ ਦੇ ਪ੍ਰਧਾਨ ਦੁਆਰਾ ਹੋਵੇ, ਚੰਗਾ ਹੈ ਜੇ ਪ੍ਰਧਾਨਾਂ ਦੁਆਰਾ ਕੀਤੀ ਜਾਵੇ। ਦਲਿਤ ਵਰਗਾਂ ਦੀ ਪ੍ਰਤੀਨਿਧਤਾ ਦੇ ਹਿਤਾਂ ਲਈ ਇਹ ਬਹੁਤ ਜ਼ਰੂਰੀ ਹੈ ਅਤੇ ਇਸ ਤੋਂ ਵੀ ਵਧ ਲੋੜ ਹੈ ਉਹਨਾਂ ਦੇ ਆਮ ਪਧੱਰ ਨੂੰ ਉੱਚਾ ਉਠਾਉਣ ਲਈ, ਤਾਂ ਜੋ ਹੋਰ ਜਾਤਾਂ ਇਹ ਮਹਿਸੂਸ ਕਰ ਸਕਣ ਕਿ ਉਹਨਾਂ ਨਾਲ ਉਹਨਾਂ ਦੀ ਜਾਤੀ ਸਾਂਝ ਹੈ ਅਤੇ ਪਿੰਡ ਪੰਚਾਇਤ ਵਿਚ ਦਲਿਤ ਵਰਗ ਦਾ ਘਟੋ ਘਟ ਇਕ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ। ਇਸ ਲਈ ਜਿਥੇ ਕਿਤੇ ਇਹਨਾਂ ਸ਼੍ਰੇਣੀਆਂ ਦਾ ਕੋਈ ਵੀ ਮੈਂਬਰ ਚੁਣੇ ਜਾਣ ਵਿਚ ਸਫਲ ਨਾ ਹੋ ਸਕੇ ਉਥੇ ਨਾਮਜ਼ਦਗੀ ਦਾ ਰਾਹ ਅਪਣਾਇਆ ਜਾਵੇ।

ਸ੍ਰੀਮਾਨ ਜੀ, ਮੈਂ ਆਪਣੇ ਮਾਨਯੋਗ ਮਿੱਤਰ ਸ੍ਰੀ ਪੀ.ਆਰ. ਚਿਕੋਦੀ ਦੀ ਕਾਰਵਾਈ ਦੇ ਪ੍ਰਸੰਗ ਵਲ ਧਿਆਨ ਦਿਵਾਵਾਂਗਾ। ਉਹਨਾਂ ਨੇ ਕਾਰਵਾਈ ਵਖਰੀ ਲਿਖੀ ਸੀ ਜਿਸ ਵਿਚ ਇਹ ਕਿਹਾ ਗਿਆ ਸੀ--

"ਮੇਰੇ ਵਿਚਾਰ ਵਿਚ ਉਹਨਾਂ ਪਿੰਡਾਂ ਦੀਆਂ ਪੰਚਾਇਤਾਂ ਵਿਚ ਜਿਨ੍ਹਾਂ ਵਿਚ ਇਹਨਾਂ ਵਰਗਾਂ (ਦਲਿਤ) ਨਾਲ ਸਬੰਧਤ ਪੰਜਾਹ ਬਾਲਗ਼ ਹਨ, ਦਲਿਤਾਂ ਦੀ ਪ੍ਰਤੀਨਿਧਤਾ ਦੀ ਸੁਰਖਿਅਤਾ ਲਈ ਨਾਮਜ਼ਦਗੀ ਜਾਂ ਸੁਰਖਿਅਤ ਥਾਵਾਂ ਦੀ ਵਿਵਸਥਾ ਦੁਆਰਾ ਲੋੜੀਂਦੇ ਪ੍ਰਬੰਧ ਕੀਤੇ ਜਾਣ। ਹਾਲੇ ਤੱਕ ਤਾਂ ਇਹ ਸੰਭਾਵਨਾ ਨਹੀਂ ਕਿ ਸੁਤੰਤਰ ਚੋਣ ਵਿਚ ਉਹਨਾਂ ਦਾ ਕੋਈ ਪ੍ਰਤੀਨਿਧ ਚੋਣ ਜਿੱਤ ਸਕੇ, ਭਾਵੇਂ ਇਸ ਵਿਵਸਥਾ ਦੀ ਅਸਫਲਤਾ ਦੀ ਕੋਸ਼ਿਸ਼ ਮੇਰੇ ਸਾਹਵੇਂ ਹੁਣੇ ਹੀ ਆਈ ਹੈ।"

ਇਸ ਸਬੰਧ ਵਿਚ ਮੈਂ ਆਦਰਯੋਗ ਸਦਨ ਦੇ ਹਿੰਦੂ ਮੈਂਬਰਾਂ ਦਾ ਧਿਆਨ ਉਹਨਾਂ ਘਟਨਾਵਾਂ ਵਲ ਦਿਵਾਵਾਂਗਾ ਜੋ ਹੁਣੇ ਜਿਹੇ ਵਾਪਰੀਆਂ ਹਨ। ਮੈਂ ਪੂਨਾ ਪੈਕਟ ਵੱਲ ਇਸ਼ਾਰਾ ਕਰ ਰਿਹਾ ਹਾਂ ਜਿਸ ਤੇ ਕਿ ਪਿਛਲੇ ਮਹੀਨੇ ਦੀ 24 ਤਰੀਕ ਨੂੰ ਉਚੀ ਜਾਤ ਦੇ ਹਿੰਦੂਆਂ ਤੇ ਦਲਿਤ ਵਰਗਾਂ ਨੇ ਹਸਤਾਖਰ ਕੀਤੇ। ਮੈਨੂੰ ਪੂਰਾ ਯਕੀਨ ਹੈ ਕਿ ਬਹੁਤੇ ਮੈਂਬਰਾਂ ਨੇ ਇਸ ਦੀਆਂ ਸ਼ਰਤਾਂ ਨੂੰ ਪੜ੍ਹਿਆ ਹੋਵੇਗਾ। ਪਰ, ਮੈਂ ਵਿਸ਼ੇਸ਼ ਤੌਰ ਇਸ ਦੇ ਇਕ ਹਿੱਸੇ ਵੱਲ ਆਪ ਦਾ ਧਿਆਨ ਦਿਵਾਵਾਂਗਾ। ਇਸ ਹਿੱਸੇ ਵਿਚ ਇਸ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਹੈ ਕਿ ਸਾਰੀਆਂ ਸਥਾਨਕ ਸਵੈ-ਸ਼ਾਸਨੀ ਸੰਸਥਾਵਾਂ ਵਿਚ ਦਲਿਤ ਵਰਗਾਂ ਨੂੰ ਪ੍ਰਤੀਨਿਧਤਾ ਦਾ ਅਧਿਕਾਰ ਹੋਵੇਗਾ ਅਤੇ ਸਮਝੌਤੇ ਦੇ ਇਸ ਹਿੱਸੇ ਨੂੰ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ। ਸ੍ਰੀਮਾਨ ਜੀ, ਮੈਂ ਹਿੰਦੂ ਮੈਂਬਰਾਂ ਦਾ ਧਿਆਨ ਸਮਝੌਤੇ ਦੇ ਉਸ ਭਾਗ

ਵਲ ਦਿਵਾਵਾਂਗਾ ਅਤੇ ਮੈਨੂੰ ਯਕੀਨ ਹੈ ਕਿ ਪਿਛਲੇ ਮਹੀਨੇ ਦੀ 24 ਤਰੀਕ ਤੋਂ ਪਹਿਲਾਂ ਭਾਵੇਂ ਉਹਨਾਂ ਦੇ ਵਿਚਾਰ ਕੁੱਝ ਵੀ ਸਨ, ਪਰ ਹੁਣ ਉਹ ਸਮਝੌਤੇ ਦੀਆਂ ਸ਼ਰਤਾਂ ਨੂੰ ਵਫ਼ਾਦਾਰੀ ਨਾਲ ਪਾਲਣਗੇ।

ਸ੍ਰੀਮਾਨ ਜੀ, ਹੁਣ ਮੈਂ ਬਿਲ ਦੇ ਦੂਜੇ ਹਿੱਸੇ ਵੱਲ ਆਉਂਦਾ ਹਾਂ। ਮੈਨੂੰ ਮੁੱਢ ਵਿਚ ਹੀ ਕਹਿ ਦੇਣਾ ਚਾਹੀਦਾ ਸੀ ਕਿ ਜਦੋਂ ਮੈਂ ਬਿੱਲ ਪੜ੍ਹਿਆ ਸੀ ਮੈਂ ਇਹ ਕਹਿਣ ਤੇ ਮਜਬੂਰ ਸਾਂ ਕਿ ਕੁਝ ਕੁ ਚੰਗਾ ਅਤੇ ਕੁਝ ਕੁ ਖ਼ਰਾਬ ਹੈ। ਪਰ ਬਾਅਦ ਵਿਚ ਸਾਰਾ ਬਿਲ ਪੜ੍ਹ ਲੈਣ ਤੇ ਜਦੋਂ ਬਿੱਲ ਦੀਆਂ ਸਾਰੀਆਂ ਧਾਰਾਵਾਂ ਵਿਚੋਂ ਦੀ ਲੰਘਿਆ ਤਾਂ ਮੈਨੂੰ ਆਪਣੀ ਵਿਚਾਰਧਾਰਾ ਬਦਲਣੀ ਪਈ। ਹੁਣ ਮੇਰੇ ਵਿਚਾਰ ਵਿਚ ਇਸ ਦੇ ਕੁਝ ਕੁ ਹਿੱਸੇ ਹੀ ਖ਼ਰਾਬ ਨਹੀਂ ਬਲਕਿ ਇਹ ਸਾਰਾ ਹੀ ਖ਼ਰਾਬ ਹੈ। ਇਸ ਦੇ ਕੇਵਲ ਕੁਝ ਭਾਗ ਹੀ ਗੰਦੇ ਨਹੀਂ ਸਗੋਂ ਦੂਜੇ ਭਾਗ ਬਹੁਤ ਹੀ ਖ਼ਰਾਬ ਹਨ। ਸ੍ਰੀਮਾਨ ਜੀ, ਮੈਂ ਗ੍ਰਾਮ-ਪੰਚਾਇਤ ਬਿਲ ਦੀ ਨਿਆਇਕ ਧਾਰਾ ਵੱਲ ਇਸ਼ਾਰਾ ਕਰਾਂਗਾ। ਮੈਨੂੰ ਨਹੀਂ ਪਤਾ ਕਿ ਮਾਨਯੋਗ ਸਥਾਨਕ ਸਵੈ-ਸ਼ਾਸਨ ਮੰਤਰੀ ਦਾ ਕੀ ਵਿਚਾਰ ਹੈ ਕਿ ਕਿਸ ਪ੍ਰਕਾਰ ਦੀ ਠੀਕ ਨਿਆਂਪਾਲਕਾ ਦੀ ਲੋੜ ਹੈ ਜਿਸ ਨੂੰ ਕਿ ਦੀਵਾਨੀ ਤੇ ਫ਼ੌਜਦਾਰੀ ਨਿਆਂ ਦਾ ਕੰਮ ਸੌਂਪਿਆ ਜਾ ਸਕੇ ? ਇਸ ਨੁਕਤੇ ਤੇ ਉਨ੍ਹਾਂ ਕੋਲੋਂ ਕੁਝ ਸੁਣਨ ਦੀ ਆਸ ਮੈਨੂੰ ਉਹਨਾਂ ਦੇ ਭਾਸ਼ਣ ਦੇ ਸ਼ੁਰੂ ਵਿਚ ਹੀ ਸੀ ਜਿਹੜਾ ਕਿ ਉਹਨਾਂ ਨੇ ਇਸ ਹਾਊਸ ਨੂੰ ਦਿਤਾ। ਪਰ, ਇਸ ਨੁਕਤੇ ਉਤੇ ਉਹ ਚੁੱਪ ਹੀ ਰਹੇ। ਮੇਰੇ ਵਿਚਾਰ ਵਿਚ ਕਿਸੇ ਵੀ ਨਿਆਂਪਾਲਕਾ ਨੂੰ ਦੀਵਾਨੀ ਅਤੇ ਫ਼ੌਜਦਾਰੀ ਨਿਆਂ ਦੇ ਕਰਤੱਵ ਸੌਂਪੇ ਜਾਣ ਤੋਂ ਪਹਿਲਾਂ ਤਿੰਨ ਮੁੱਖ ਗੱਲਾਂ ਦੀ ਲੋੜ ਹੈ। ਉਸ ਨੂੰ ਕਾਨੂੰਨ ਦੀ ਸਿਖਿਆ ਦਿੱਤੀ ਜਾਵੇ, ਉਸ ਦਾ ਦ੍ਰਿਸ਼ਟੀਕੋਣ ਨਿਰਪੱਖ ਹੋਵੇ, ਅਤੇ ਮੈਂ ਇਹ ਵੀ ਕਹਾਂਗਾ ਕਿ ਇਹ ਪੂਰੀ ਤਰ੍ਹਾਂ ਸੁਤੰਤਰ ਹੋਵੇ। ਆਉ, ਹੁਣ ਇਹ ਤਿੰਨ ਆਵੱਸ਼ਕ ਸ਼ਰਤਾਂ ਇਸ ਬਿਲ ਦੀ ਧਾਰਾ ਤੇ ਲਾ ਕੇ ਵੇਖੀਏ। ਮਾਨਯੋਗ ਮੰਤਰੀ ਜੀ ਨੇ ਇਸ ਬਿੱਲ ਵਿਚ ਕੀ ਦਿੱਤਾ ਹੈ ? ਉਹ ਕਹਿੰਦੇ ਹਨ, "ਅਸੀਂ ਇਕ ਪੰਚਾਇਤ ਦੀ ਚੋਣ ਬਾਲਗ਼ ਮੱਤ-ਅਧਿਕਾਰ ਰਾਹੀਂ ਕਰਾਂਗੇ, ਜਿਸ ਦੇ ਪੰਜ ਜਾਂ ਸੱਤ ਮੈਂਬਰ ਹੋਣਗੇ ਅਤੇ ਉਹ ਸੱਜਣ ਤਿੰਨ ਸਾਲ ਤੱਕ ਆਪਣੇ ਅਹੁਦੇ ਤੇ ਰਹਿਣਗੇ। ਇਹਨਾਂ ਤਿੰਨਾਂ ਵਰ੍ਹਿਆਂ ਦੇ ਦੌਰਾਨ ਉਹ ਕੇਵਲ ਸਥਾਨਕ ਸ਼ਾਸਨ ਸੰਸਥਾ ਦੇ ਕਾਰਜ ਹੀ ਨਹੀਂ ਕਰਨਗੇ, ਇਸ ਤੋਂ ਇਲਾਵਾ ਉਹ ਕੁਝ ਫ਼ੌਜਦਾਰੀ ਤੇ ਦੀਵਾਨੀ ਮੁਕੱਦਮੇ ਸੁਣਨ ਦਾ ਕਰੱਤਵ ਵੀ ਨਿਭਾਉਣਗੇ।" ਇਹ ਬਿਲ ਦੀਆਂ ਧਾਰਾਵਾਂ ਦਾ ਸਾਰ ਹੈ। ਹੁਣ ਪਹਿਲਾ ਪ੍ਰਸ਼ਨ ਜੋ ਮੈਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹਾਂਗਾ ਉਹ ਇਹ ਹੈ : ਕੀ ਇਹ ਨਾਂ ਪੰਜੇ ਸੱਜਣਾਂ ਪਾਸ ਜਿਹੜੇ ਬਾਲਗ਼ ਮੱਤ ਅਧਿਕਾਰ ਦੁਆਰਾ ਚੁਣੇ ਹੋਣਗੇ, ਕਾਫ਼ੀ ਨਿਆਇਕ ਯੋਗਤਾ ਹੋਵੇਗੀ ਤਾਂ ਜੋ ਉਹ ਜੱਜਾਂ ਦਾ ਕਰਤੱਵ ਨਿਭਾ ਸਕਣ ? ਸ੍ਰੀਮਾਨ ਜੀ, ਨਿਆਇਕ ਫ਼ੈਸਲਿਆਂ ਲਈ ਕਾਫ਼ੀ ਕਾਨੂੰਨੀ ਗਿਆਨ ਦੀ ਲੋੜ ਹੈ। (ਹਾਸਾ) ਹੱਸਣ ਦੀ ਲੋੜ ਨਹੀਂ, ਕਿਉਂਕਿ ਇਹ ਇਕ ਗੰਭੀਰ ਮਾਮਲਾ ਹੈ, ਜ਼ਰਾ ਇਸ ਤੇ ਵਿਚਾਰ ਕਰਕੇ ਵੇਖੋ। ਅਸੀਂ ਉਦੋਂ ਬੜੇ ਜੋਸ਼ ਵਿਚ ਹੁੰਦੇ ਹਾਂ ਜਦੋਂ ਆਈ.ਸੀ.ਐਸ. ਦੇ ਮੈਂਬਰ ਹਾਈ ਕੋਰਟ ਜਾਂ ਨਿਆਂਪਾਲਕਾ ਵਿਚ ਆਪਣੇ ਲਈ ਕੁਝ ਥਾਵਾਂ

ਰਾਖਵੀਆਂ ਰੱਖਣ ਦੀ ਮੰਗ ਕਰਦੇ ਹਨ। ਸਾਡੇ ਇਸ ਇਤਰਾਜ਼ ਦਾ ਕੀ ਕਾਰਨ ਹੈ ? ਜੇ ਮੈਂ ਇਤਰਾਜ਼ ਨੂੰ ਚੰਗੀ ਤਰ੍ਹਾਂ ਸਮਝ ਸਕਿਆ ਹਾਂ, ਉਹ ਇਹ ਹੈ ਕਿ ਇਹਨਾਂ ਸਜਣਾਂ ਨੇ ਜਿਹਨਾਂ ਨੇ ਆਈ.ਸੀ.ਐਸ. ਦੀ ਪਰੀਖਿਆ ਪਾਸ ਕੀਤੀ ਹੁੰਦੀ ਹੈ ਕੋਈ ਨਿਆਇਕ ਸਿਖਿਆ ਨਹੀਂ ਲਈ ਹੁੰਦੀ ਅਤੇ ਇਸ ਸਿਖਿਆ ਦੇ ਨਾ ਹੋਣ ਦੇ ਕਾਰਨ ਹੀ ਅਸੀਂ ਉਹਨਾਂ ਨੂੰ ਨਿਆਇਕ ਕਾਰਜਭਾਰ ਨਹੀਂ ਸੌਂਪਣਾ ਚਾਹੁੰਦੇ, ਸਗੋਂ ਅਜਿਹੇ ਜੱਜ ਚਾਹੁੰਦੇ ਹਾਂ ਜੋ ਆਪਣੇ ਨਿਆਇਕ ਕਾਰਜ ਠੀਕ ਢੰਗ ਨਾਲ ਕਰ ਸਕਣ। ਹੁਣ ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਦਾ ਹਾਂ ਕਿ ਉਹ ਜਨਸੰਖਿਆ ਜਿਹੜੀ ਕਿ ਅਨਪੜ੍ਹ ਹੈ ਅਤੇ ਅਗਿਆਨਤਾ ਵਿਚ ਧੱਸੀ ਹੋਈ ਹੈ, ਜਿਸ ਨੂੰ ਵਹਿਮਾਂ ਭਰਮਾਂ ਨੇ ਨਿਗਲਿਆ ਹੋਇਆ ਹੈ, ਅਜਿਹੇ ਪੰਜ ਯੋਗ ਮੱਨੁਖ ਪੈਦਾ ਕਰ ਸਕਦੀ ਹੈ ਜਿਨ੍ਹਾਂ ਨੂੰ ਕਿ ਨਿਆਂ ਦੇ ਕੰਮ ਸੌਂਪੇ ਜਾ ਸਕਣ ?

ਸ਼੍ਰੀ ਐਮ.ਐਮ.ਕਾਰਭਾਰੀ : ਕੀ ਅਸੀਂ ਇੰਨੇ ਮਾੜੇ ਹਾਂ ?

ਡਾ.ਬੀ.ਆਰ.ਅੰਬੇਡਕਰ : ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਉਤੇ ਸਾਡਾ ਮਤਭੇਦ ਕਿਉਂ ਹੈ ? ਪਰ ਇਹ ਤਾਂ ਮੇਰਾ ਦਾਵਾ ਹੈ। ਪਰ ਜੇ ਮੰਨ ਲਈਏ ਕਿ ਇਹਨਾਂ ਸੱਜਣਾਂ ਲਈ ਕਾਨੂੰਨੀ ਸਿਖਿਆ ਦੀ ਲੋੜ ਨਾ ਵੀ ਹੋਵੇ, ਪਰ ਮੇਰੇ ਵਿਚਾਰ ਵਿਚ ਉਹਨਾਂ ਕੋਲੋ ਘਟੋ ਘਟ ਇਹ ਆਸ ਤਾਂ ਰੱਖੀ ਜਾ ਸਕਦੀ ਹੈ ਕਿ ਉਹਨਾਂ ਨੂੰ ਸਹੀ ਕਰਤੱਵ, ਬਰਾਬਰੀ ਅਤੇ ਚੰਗੀ ਜ਼ਮੀਰ ਦਾ ਪਤਾ ਤਾਂ ਹੋਵੇ। ਪਰ, ਅਜਿਹੀ ਜਨ ਸੰਖਿਆ, ਜਿਹੜੀ ਜ਼ਾਤਾਂ ਵਿਚ ਬੁਰੀ ਤਰ੍ਹਾਂ ਬੱਧੀ ਹੋਵੇ, ਅਜਿਹੀ ਜਨ ਸੰਖਿਆ, ਜੋ ਪ੍ਰਾਚੀਨ ਪੱਖਪਾਤ ਦੇ ਛੂਤਛਾਤ ਦੇ ਰੋਗ ਵਿਚ ਗ੍ਰੱਸਤ ਹੋਵੇ, ਅਜਿਹੀ ਜਨ ਸੰਖਿਆ, ਜਿਹੜੀ ਸਮਾਨਤਾ ਤੇ ਬਰਾਬਰੀ ਦੀ ਪਰਵਾਹ ਨਾ ਕਰੇ ਅਤੇ ਜੀਵਨ ਵਿਚ ਦਰਜੇਬੰਦੀ ਦੇ ਵਿਚਾਰਾਂ ਅਧੀਨ ਹੋਵੇ, ਅਜਿਹੀ ਜਨ ਸੰਖਿਆ, ਜਿਹੜੀ ਇਹ ਸਮਝਦੀ ਹੋਵੇ ਕਿ ਕੁਝ ਉੱਚੇ ਹਨ ਤੇ ਕੁਝ ਨੀਵੇਂ ਹਨ, ਕੀ ਉਹਨਾਂ ਕੋਲੋਂ ਕੇਵਲ ਮਾਤਰ ਨਿਆਂ ਤੇ ਸਹੀ ਵਿਚਾਰ ਦੀ ਉਮੀਦ ਰੱਖੀ ਜਾ ਸਕਦੀ ਹੈ। ਸ੍ਰੀ ਮਾਨ ਜੀ, ਮੈਂ ਤਾਂ ਇਸ ਕਥਨ ਨੂੰ ਨਹੀਂ ਮੰਨਦਾ ਅਤੇ ਮੈਂ ਕਹਾਂਗਾ ਕਿ ਅਜਿਹੇ ਪੰਚਾਂ ਦੇ ਹੱਥ ਆਪਣਾ ਜੀਵਨ, ਆਪਣੀ ਆਜ਼ਾਦੀ ਅਤੇ ਆਪਣੀ ਜਾਇਦਾਦ ਸੌਂਪਣੀ ਠੀਕ ਨਹੀਂ। ਦੂਜਾ ਮਸਲਾ ਜੋ ਮੈਂ ਇਸ ਹਾਊਸ ਸਾਹਮਣੇ ਰੱਖਣਾ ਚਾਹਾਂਗਾ, ਇਉਂ ਹੈ: ਕੀ ਅਜਿਹੀ ਪੰਚਾਇਤ ਤੋਂ ਉਮੀਦ ਰੱਖੀ ਜਾ ਸਕਦੀ ਹੈ ਕਿ ਜੱਜਾਂ ਦੀ ਸੰਸਥਾ ਪੱਖਪਾਤ ਰਹਿਤ ਹੋਵੇਗੀ ? ਆਉ ਅਸੀਂ ਤੱਥਾਂ ਨੂੰ ਜਿਉਂ ਦੇ ਤਿਉਂ ਵੇਖੀਏ। ਇਹ ਮਾਨਯੋਗ ਮੈਂਬਰ, ਮੈਨੂੰ ਯਕੀਨ ਹੈ, ਸ਼ਾਇਦ ਇਸ ਗੱਲ ਤੋਂ ਮੁਨਕਰ ਨਹੀਂ ਹੋਵੇਗਾ ਕਿ ਕੁਝ ਕੁ ਪਿੰਡ ਹੀ ਸ਼ਾਇਦ ਅਜਿਹੇ ਹੋਣਗੇ ਜਿਥੇ ਧੜੇਬੰਦੀ ਦੇ ਝਗੜੇ ਨਾ ਹੋਣ।

ਬ੍ਰਾਹਮਣਾਂ ਅਤੇ ਗ਼ੈਰ ਬ੍ਰਾਹਮਣਾਂ ਦੇ ਝਗੜੇ ਚਲਦੇ ਰਹਿੰਦੇ ਹਨ.....

ਦੀਵਾਨ ਬਹਾਦਰ ਡੀ.ਆਰ.ਪਾਟਿਲ : ਇਹ ਸਦਾ ਚੱਲਦੇ ਰਹਿਣਗੇ।

ਡਾ.ਬੀ.ਆਰ.ਅੰਬੇਡਕਰ : ਜੇ ਚਲਦੇ ਰਹਿਣ ਤਾਂ ਇਹ ਮਾੜੀ ਗੱਲ ਹੈ। ਸ੍ਰੀਮਾਨ ਜੀ, ਮੈਂ ਮੰਨਦਾ ਹਾਂ ਕਿ ਬ੍ਰਾਹਮਣਾਂ ਅਤੇ ਗ਼ੈਰ ਬ੍ਰਾਹਮਣਾਂ ਵਿਚਕਾਰ ਝਗੜੇ ਚਲਦੇ ਰਹਿੰਦੇ ਹਨ

ਅਤੇ ਮੈਂ ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਕਿ ਮਾਨਯੋਗ ਮੈਂਬਰ ਰਾਉ ਬਹਾਦਰ ਕਾਲੇ, ਜੋ ਮੇਰੀ ਸਲਾਹ ਤੇ ਹੱਸ ਰਹੇ ਸਨ, ਉਹਨਾਂ ਦੇ ਆਪਣੇ ਜ਼ਿਲ੍ਹੇ ਸਤਾਰਾ ਵਿਚ ਹੋਏ ਇਕ ਮਾਮਲੇ ਦੀ ਉਦਾਹਰਨ ਦੇਵਾਂਗਾ। ਮੈਨੂੰ ਯਾਦ ਹੈ ਕਿ ਇਕ ਵਾਰੀ ਸਤਾਰਾ ਜ਼ਿਲ੍ਹੇ ਦੇ ਕਿਸੇ ਪਿੰਡ ਵਿਚ ਬ੍ਰਾਹਮਣਾਂ ਅਤੇ ਗ਼ੈਰ ਬ੍ਰਾਹਮਣਾਂ ਵਿਚਕਾਰ ਝਗੜਾ ਇੰਨਾ ਵਧ ਗਿਆ ਕਿ ਗ਼ੈਰ ਬ੍ਰਾਹਮਣਾਂ ਨੇ ਬ੍ਰਾਹਮਣਾਂ ਦਾ ਪੂਰਾ ਪੂਰਾ ਬਾਈਕਾਟ ਕਰ ਦਿੱਤਾ। ਉਹਨਾਂ ਨੂੰ ਹਜਾਮਤ ਬਣਾਉਣ ਲਈ ਨਾਈ ਨਾ ਲੱਭਾ, ਉਹ ਪਿੰਡ ਦੇ ਬਾਣੀਏ ਤੋਂ ਸੌਦਾ ਨਾ ਲੈ ਸਕੇ, ਅਤੇ ਉਹ ਲੋਕਾਂ ਤੋਂ ਕਿਸੇ ਵੀ ਪ੍ਰਕਾਰ ਦੀ ਸੇਵਾ ਨਾ ਲੈ ਸਕੇ। ਬ੍ਰਾਹਮਣਾਂ ਨੂੰ ਜਾਂ ਤਾਂ ਦਾੜ੍ਹੀ ਵਧਾਉਣੀ ਪੈਂਦੀ ਜਾਂ ਸੱਤ ਮੀਲ ਤੁਰ ਕੇ ਹਜਾਮਤ ਕਰਾਉਣੀ ਪੈਂਦੀ। ਇਸ ਲਈ ਦਲਿਤ ਵਰਗਾਂ ਅਤੇ ਬ੍ਰਾਹਮਣਾਂ ਵਿਚ ਝਗੜੇ ਖੜ੍ਹੇ ਹੁੰਦੇ ਰਹਿੰਦੇ ਹਨ।

ਇੱਕ ਮਾਨਯੋਗ ਮੈਂਬਰ : ਉਹ ਮੁੱਕ ਗਏ ਹਨ।

ਡਾ. ਬੀ. ਆਰ. ਅੰਬੇਡਕਰ. : ਬਦਕਿਸਮਤੀ ਨਾਲ ਖ਼ਤਮ ਹੋਣ ਦੀ ਥਾਂ ਉਹ ਤਾਂ ਰੋਜ਼ ਰੋਜ਼ ਦਾ ਧੰਦਾ ਬਣ ਕੇ ਰਹਿ ਗਏ ਹਨ। ਇਹ ਝਗੜੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਵੀ ਹੋਣ ਲੱਗ ਪਏ ਹਨ ਅਤੇ ਇਹ ਝਗੜੇ ਕੋਈ ਮਾਮੂਲੀ ਨਹੀਂ ਸਗੋਂ ਬੜੇ ਗੰਭੀਰ ਹਨ। ਸੋ, ਮੈਂ ਮਾਨਯੋਗ ਮੰਤਰੀ ਜੀ ਅਤੇ ਹਾਊਸ ਨੂੰ ਇਹ ਸੋਚਣ ਲਈ ਕਹਾਂਗਾ ਕਿ ਕੀ ਇਹੋ ਜਿਹੇ ਵਾਤਾਵਰਨ ਵਿਚ ਚੁਣੀ ਗਈ ਪੰਚਾਇਤ ਇਤਨੀ ਕੁ ਪੱਖਪਾਤ ਰਹਿਤ ਹੋਵੇਗੀ ਤਾਂ ਜੋ ਵੱਖ ਵੱਖ ਜ਼ਾਤਾਂ ਦੇ ਲੋਕਾਂ ਨੂੰ ਠੀਕ ਇਨਸਾਫ਼ ਦੇ ਸਕੇ ? ਮੈਂ ਕਹਾਂਗਾ ਕਿ ਇਹੀ ਮਸਲਾ ਹੈ ਜਿਸ ਨੂੰ ਮਾਨਯੋਗ ਹਾਊਸ ਅਤੇ ਮੰਤਰੀ ਜੀ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ।

ਅਗਲਾ ਪ੍ਰਸ਼ਨ ਜੋ ਮੈਂ ਪੁਛਣਾ ਚਾਹਾਂਗਾ, ਉਹ ਹੈ: ਕੀ ਮਾਨਯੋਗ ਮੰਤਰੀ ਇਹ ਆਸ ਰੱਖਦੇ ਹਨ ਕਿ ਜਿਹੜੀ ਨਿਆਂਪਾਲਕਾ ਉਹ ਹੋਂਦ ਵਿਚ ਲਿਆਉਣ ਲਗੇ ਹਨ ਉਹ ਸੁਤੰਤਰ ਨਿਆਂਪਾਲਕਾ ਹੋਵੇਗੀ ? ਸ੍ਰੀਮਾਨ ਜੀ, ਉਸ ਦਾ ਮਸਲਾ ਕੀ ਹੈ ? ਉਸ ਦਾ ਮਸਲਾ ਇਹ ਹੈ ਕਿ ਨਿਆਂਪਾਲਕਾ ਚੁਣੀ ਹੋਈ ਹੋਵੇਗੀ, ਕਿਉਂਕਿ ਇਹੋ ਹੀ ਪੰਚਾਇਤ ਦਾ ਵਿਧਾਨ ਹੈ। ਜਿਹੜੀ ਪੰਚਾਇਤ ਨਿਆਂ ਦੇਵੇਗੀ ਉਹ ਪਿੰਡ ਦੇ ਬਾਲਗ਼ਾਂ ਦੁਆਰਾ ਚੁਣੀ ਗਈ ਹੋਵੇਗੀ। ਮੈਂ ਉਹਨਾਂ ਨੂੰ ਪੁੱਛਦਾ ਹਾਂ ਕਿ ਕੀ ਉਹਨਾਂ ਨੂੰ ਆਸ ਹੈ ਕਿ ਇਕ ਜੱਜ ਜਿਹੜਾ ਕਿ ਮੱਤ-ਅਧਿਕਾਰ ਨਾਲ ਚੁਣੇ ਜਾਣ ਅਧੀਨ ਹੈ ਉਹ ਨਿਆਂ ਕਰਨ ਤੋਂ ਪਹਿਲਾਂ ਦੋ ਵਾਰੀ ਨਹੀਂ ਸੋਚੇਗਾ ਕਿ ਕੀ ਨਿਆਂ ਦੇਣ ਲੱਗਿਆਂ ਉਹ ਆਪਣੇ ਵੋਟਰ ਦੀ ਭਾਵਨਾ ਨੂੰ-ਮੰਨ ਲਉ ਪੰਚਾਇਤ ਸਾਹਮਣੇ ਇਕ ਮੁਸਲਮਾਨ ਨੂੰ ਉਸ ਅਪਰਾਧ ਲਈ ਮੁਕੱਦਮਾ ਸੁਣਨ ਲਈ ਲਿਆਇਆ ਜਾਂਦਾ ਹੈ ਜੋ ਉਸ ਪੰਚਾਇਤ ਦੀ ਸੀਮਾ ਖੇਤਰ ਵਿਚ ਹੈ, ਮੰਨ ਲਉ ਪੰਚਾਇਤ ਦਾ ਇਕ ਹਿੰਦੂ ਮੈਂਬਰ ਸੋਚੇ ਕਿ ਮੁਸਲਮਾਨ ਨਾਲ ਇਨਸਾਫ ਹੋਇਆ ਹੈ, ਤਾਂ ਕੀ ਮਾਨਯੋਗ ਮੰਤਰੀ ਅਤੇ ਹਾਊਸ ਇਹ ਸੋਚਦਾ ਹੈ ਕਿ ਇਹ ਸੱਜਣ ਜਿਸ ਨੇ ਕੁਝ ਮਹੀਨਿਆਂ ਜਾਂ ਵਰ੍ਹਿਆਂ ਬਾਅਦ ਚੋਣ ਸਾਹਮਣੇ ਝੁਕਣਾ ਹੈ ਸੋਚੇਗਾ ਕਿ ਉਸ ਨੂੰ ਮੁਸਲਮਾਨ ਨਾਲ ਇਨਸਾਫ਼ ਕਰਨਾ ਚਾਹੀਦਾ ਹੈ ਜਾਂ ਆਪਣੀ ਸੀਟ ਕਾਇਮ ਰੱਖਣ ਦੀ ਸੋਚੇਗਾ ? ਉਹ ਕੀ ਕਰੇਗਾ ?

ਦੀਵਾਨ ਬਹਾਦਰ ਡੀ.ਆਰ.ਆਰ.ਪਾਟਿਲ : ਦੰਗੇ ਫ਼ਸਾਦਾਂ ਦਾ ਝਗੜਾ ਪੰਚਾਇਤ ਵਿਚ ਨਹੀਂ ਨਜਿੱਠਿਆ ਜਾ ਸਕਦਾ।

ਡਾ.ਬੀ.ਆਰ.ਅੰਬੇਡਕਰ : ਮੈਂ ਤਾਂ ਕੇਵਲ ਇਕ ਉਦਾਹਰਨ ਦੇ ਰਿਹਾ ਹਾਂ, ਹੋ ਸਕਦਾ ਹੈ ਕੋਈ ਹੋਰ ਅਪਰਾਧ ਹੋਵੇ।

ਸ੍ਰੀਮਾਨ ਜੀ, ਮੈਂ ਕਿਤੇ ਵੀ ਚੁਣੀ ਹੋਈ ਨਿਆਂਪਾਲਕਾ ਨਹੀਂ ਦੇਖੀ। ਕੇਵਲ ਇਕ ਦੇਸ ਜਿਥੇ ਚੁਣੀ ਹੋਈ ਨਿਆਂਪਾਲਕਾ ਦਾ ਸਾਨੂੰ ਪਤਾ ਹੈ, ਉਹ ਹੈ- ਅਮਰੀਕਾ ਅਤੇ ਆਪ ਜਾਣਦੇ ਹੋ ਕਿ ਅਮਰੀਕਨ ਕਾਮਨਵੈਲੱਥ ਦੇ ਸਾਰੇ ਜੱਜਾਂ ਦੀ ਬਦਨਾਮੀ ਹੋ ਚੁੱਕੀ ਹੈ ਅਤੇ ਇਨਸਾਫ਼ ਅਤੇ ਬੇਈਮਾਨੀ ਲਗਭਗ ਇਕੋ ਜਿਹੀ ਅਖੌਤ ਬਣ ਗਏ ਹਨ। ਮੈਨੂੰ ਯਕੀਨ ਹੈ ਕਿ ਸਾਡੇ ਮਾਨਯੋਗ ਮਿੱਤਰ ਸਾਡੇ ਤੇ ਇਹ ਤਜਰਬਾ ਨਹੀਂ ਕਰਨਗੇ। ਇਸ ਨੂੰ ਧਿਆਨ ਵਿਚੇ ਰਖਦਿਆਂ ਮੈਂ ਤੁਰੰਤ ਕਹਾਂਗਾ-ਚਾਹੇ ਮੈਂ ਸਦਨ ਤੋਂ ਵਧ ਸਮੇਂ ਦੀ ਅਨੁਚਿਤ ਮੰਗ ਨਹੀਂ ਕਰਦਾ ਕਿ ਮੈਂ ਬਿਲ ਦੇ ਦੂਜੇ ਖੰਡ ਵਿਚ ਦਿੱਤੇ ਸਿਧਾਂਤ ਨਾਲ ਸਹਿਮਤ ਨਹੀਂ ਹੋ ਸਕਦਾ-ਕਿ ਦੋਵੇਂ ਪ੍ਰਕਾਰ ਦੀਆਂ ਸ਼ਕਤੀਆਂ, ਸਿਵਲ ਅਤੇ ਫ਼ੌਜਦਾਰੀ, ਪੰਚਾਇਤ ਦੇ ਹਵਾਲੇ ਕਰ ਦਿੱਤੀਆਂ ਜਾਣ ਜੋ ਕਿ ਮੂਲ ਰੂਪ ਵਿਚ ਇਕ ਚੁਣੀ ਹੋਈ ਨਿਆਂਪਾਲਕਾ ਹੈ।

ਸ੍ਰੀਮਾਨ ਜੀ, ਮੈਂ ਆਖਣ ਲਈ ਮਜਬੂਰ ਹਾਂ ਉਹਨਾਂ ਹਾਲਾਤ ਨੂੰ ਤਕਦਿਆਂ ਜੋ ਇਸ ਪ੍ਰਾਂਤ ਵਿਚ ਚੱਲ ਰਹੇ ਹਨ ਅਤੇ ਵਿਸ਼ੇਸ਼ ਤੌਰ ਤੇ ਜੋ ਕੁਝ ਦਲਿਤ ਵਰਗਾਂ ਨਾਲ ਬੀਤ ਰਿਹਾ ਹੈ ਅਤੇ ਜਿਥੋਂ ਤੱਕ ਸਾਡਾ ਸਬੰਧ ਹੈ ਅਸੀਂ ਪੰਚਾਇਤ ਦੁਆਰਾ ਇਨਸਾਫ਼ ਦਿੱਤੇ ਜਾਣ ਦੇ ਕੰਮ ਨਾਲ ਸਹਿਮਤ ਨਹੀਂ ਹੋ ਸਕਦੇ। ਸਾਡੀ ਹਾਲਤ ਵਿਸ਼ੇਸ਼ ਅਤੇ ਖ਼ਾਸ ਕਰਕੇ ਤਰਸਯੋਗ ਹੈ। ਅਸੀਂ ਥੋੜ੍ਹੇ ਜਿਹੇ ਬੰਦੇ ਹਾਂ ਜਿਹੜੇ ਪਿੰਡ ਦੀ ਇਕ ਗੁੱਠ ਵਿਚ ਰਹਿੰਦੇ ਹਾਂ। ਸਾਨੂੰ ਕਦੇ ਵੀ ਪਿੰਡ ਦੀ ਬਰਾਦਰੀ ਦਾ ਅੰਗ ਨਹੀਂ ਸਮਝਿਆ ਗਿਆ। ਭਾਵੇਂ ਅਸੀਂ ਪਿੰਡ ਵਿਚ ਰਹਿੰਦੇ ਹਾਂ, ਅਸੀਂ ਉਨ੍ਹਾਂ ਪਰਦੇਸੀਆਂ ਵਾਂਗ ਹਾਂ ਜਿਨ੍ਹਾਂ ਦੀ ਉਨੱਤੀ ਨੂੰ ਬਾਕੀ ਸੰਪਰਦਾਵਾਂ ਬੜੀ ਈਰਖਾ ਨਾਲ ਵੇਖਦੀਆਂ ਹਨ। ਮੇਰੇ ਮਾਨਯੋਗ ਮਿੱਤਰ ਸ੍ਰੀ ਕਾਮਤ ਆਪਣਾ ਸਿਰ ਹਿਲਾਉਂਦੇ ਹਨ ਅਤੇ ਇਸ ਲਈ ਮੇਰੇ ਵਿਚਾਰ ਵਿਚ ਮੈਨੂੰ ਸਟੇਟ ਕਮੇਟੀ ਦੀ ਰਿਪੋਰਟ ਉਨ੍ਹਾਂ ਨੂੰ ਸੁਣਾਉਣੀ ਚਾਹੀਦੀ ਹੈ ਜਿਹੜੀ ਕਿ ਮੈਂ ਪੜ੍ਹਨੀ ਨਹੀਂ ਸੀ ਚਾਹੁੰਦਾ। ਉਸ ਕਮੇਟੀ ਦੀ ਰਿਪੋਰਟ ਦੇ ਪੰਨਾ 102 ਤੇ ਬੜੇ ਵਿਸਥਾਰ ਨਾਲ ਪਿੰਡ ਵਿਚ ਦਲਿਤ ਵਰਗਾਂ ਦੀ ਹਾਲਤ ਨੂੰ ਦਰਸਾਇਆ ਗਿਆ ਹੈ। ਇਹ ਹੈ ਜੋ ਕਮੇਟੀ ਕਹਿੰਦੀ ਹੈ :

"ਭਾਵੇਂ ਅਸਾਂ ਦਲਿਤ ਵਰਗਾਂ ਦੇ ਸਰਬਜਨਕ ਉਪਯੋਗਤਾ ਦੇ ਹੱਕਾਂ ਦੀ ਸੁਰੱਖਿਆ ਲਈ ਕਾਫ਼ੀ ਉਪਾਅ ਸਾਧਨਾਂ ਦੀ ਸਿਫ਼ਾਰਸ ਕੀਤੀ ਹੈ, ਸਾਨੂੰ ਡਰ ਹੈ ਕਿ ਉਨ੍ਹਾਂ ਦੀ ਵਰਤੋਂ ਕਰਨ ਵਿਚ ਹਾਲੇ ਕਾਫ਼ੀ ਸਮੇਂ ਤਕ ਉਹਨਾਂ ਨੂੰ ਮੁਸ਼ਕਲਾਂ ਆਉਣਗੀਆਂ। ਪਹਿਲਾ ਡਰ ਤਾਂ ਹੈ ਕੱਟੜ-ਪੰਥੀ ਸ਼੍ਰੇਣੀਆਂ ਵਲੋਂ ਉਹਨਾਂ ਵਿਰੁਧ ਖੁਲ੍ਹੀ ਹਿੰਸਾ। ਇਸ ਗੱਲ ਨੂੰ ਨੋਟ ਕੀਤਾ ਜਾਵੇ ਕਿ ਦਲਿਤ ਵਰਗਾਂ ਦੀ ਗਿਣਤੀ ਹਰ ਪਿੰਡ ਵਿਚ ਬਹੁਤ ਘਟ ਹੈ ਅਤੇ ਜਿਨ੍ਹਾਂ ਦੇ ਵਿਰੋਧੀ

ਕੱਟੜਪੰਥੀ ਬਹੁਗਿਣਤੀ ਵਿਚ ਹਨ ਜੋ ਦਲਿਤ ਸ਼੍ਰੇਣੀਆਂ ਵਲੋਂ ਆਪਣੇ ਹਿੱਤਾਂ ਅਤੇ ਸ਼ਾਨ ਦੀ ਰਾਖੀ ਉਤੇ ਹਮਲੇ ਤੋਂ ਹਰ ਮੁੱਲ ਤੇ ਬਚਣ ਲਈ ਤੁਲੇ ਹਏ ਹਨ। ਪੁਲਸ ਵਲੋਂ ਫੜੇ ਜਾਣ ਦੇ ਖਤਰੇ ਨੇ ਇਹਨਾਂ ਕੱਟਣ ਪੰਥੀ ਸ਼੍ਰੇਣੀਆਂ ਦੀ ਹਿੰਸਾ ਤੇ ਕਾਫੀ ਰੋਕ ਲਾਈ ਹੋਈ ਹੈ ਅਤੇ ਨਤੀਜੇ ਵਜੋਂ ਅਜਿਹੇ ਮਾਮਲੇ ਬੜੇ ਹੀ ਘੱਟ ਹਨ।

ਦੂਜੀ ਔਕੜ ਜਿਹੜੀ ਕਿ ਦਲਿਤ ਵਰਗਾਂ ਅੱਗੇ ਆਉਂਦੀ ਹੈ, ਉਹ ਹੈ ਉਨ੍ਹਾਂ ਦੀ ਆਰਥਿਕ ਸਥਿਤੀ। ਪ੍ਰਾਂਤ ਦੇ ਬਹੁਤੇ ਭਾਗਾਂ ਵਿਚ ਦਲਿਤ ਵਰਗਾਂ ਲਈ ਆਰਥਿਕ ਆਜ਼ਾਦੀ ਨਹੀਂ। ਕੁੱਝ ਤਾਂ ਕੱਟੜਪੰਥੀ ਸ਼੍ਰੇਣੀਆਂ ਦੀਆਂ ਜ਼ਮੀਨਾਂ ਮੁਜ਼ਾਰਿਆਂ ਦੇ ਰੂਪ ਵਿਚ ਵਾਹੁੰਦੇ ਹਨ ਅਤੇ ਕੁਝ, ਕੱਟੜਪੰਥੀ ਸ਼੍ਰੇਣੀਆਂ ਦੇ ਖੇਤਾਂ ਵਿਚ ਮਜ਼ਦੂਰੀ ਕਰਕੇ ਰੋਟੀ ਦੇ ਰੂਪ ਵਿਚ ਕਮਾਉਂਦੇ ਹਨ ਅਤੇ ਬਾਕੀ, ਪਿੰਡ ਦੇ ਉਹਨਾਂ ਕੱਟੜਪੰਥੀਆਂ ਦੀ ਸੇਵਾ ਵਜੋਂ ਜੋ ਅਨਾਜ ਜਾਂ ਰੋਟੀ ਦੇ ਰੂਪ ਵਿਚ ਉਨ੍ਹਾਂ ਨੂੰ ਉਹਨਾਂ ਵਲੋਂ ਮਿਲਦੀ ਹੈ ਉਸ ਉੱਤੇ ਗੁਜ਼ਾਰਾ ਕਰਦੇ ਹਨ। ਅਸਾਂ ਅਣਗਿਣਤ ਇਹੋ ਜਿਹੀਆਂ ਉਦਾਹਰਨਾਂ ਸੁਣੀਆਂ ਹਨ ਜਿਥੇ ਕੱਟੜਪੰਥੀਆਂ ਨੇ ਆਰਥਿਕ ਸ਼ਕਤੀ ਨੂੰ ਦਲਿਤ ਵਰਗਾਂ ਦੇ ਵਿਰੁਧ ਪਿੰਡ ਵਿਚ ਇਕ ਹਥਿਆਰ ਵਜੋਂ ਵਰਤਿਆ ਹੈ ਅਤੇ ਜਦੋਂ ਵੀ ਪਿਛਲੇਰਿਆਂ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਦਾ ਸਾਹਸ ਕੀਤਾ ਉਨ੍ਹਾਂ ਨੂੰ ਭੂਮੀ ਤੋਂ ਕੱਢ ਦਿੱਤਾ ਗਿਆ, ਉਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ ਅਤੇ ਪਿੰਡ ਦੇ ਕਾਮੇ ਹੋਣ ਦੇ ਨਾਤੇ ਮਿਲਣ ਵਾਲੀ ਮਜ਼ਦੂਰੀ ਵੀ ਬੰਦ ਕਰ ਦਿੱਤੀ ਗਈ। ਅਜਿਹਾ ਬਾਈਕਾਟ ਆਮ ਤੌਰ ਤੇ ਇਤਨੇ ਵਿਸ਼ਾਲ ਪੈਮਾਨੇ ਤੇ ਕੀਤਾ ਜਾਂਦਾ ਹੈ ਕਿ ਦਲਿਤ ਵਰਗਾਂ ਦੇ ਬੰਦਿਆਂ ਨੂੰ ਆਮ ਵਰਤੋਂ ਦੇ ਰਾਹਾਂ ਤੋਂ ਨਹੀਂ ਲੰਘਣ ਦਿੱਤਾ ਜਾਂਦਾ ਅਤੇ ਪਿੰਡ ਦੇ ਬਾਣੀਏ ਉੱਤੇ ਉਨ੍ਹਾਂ ਨੂੰ ਲੋੜ ਦੀਆਂ ਵਸਤਾਂ ਦੇਣ ਦੀ ਰੋਕ ਲਾ ਦਿੱਤੀ ਜਾਂਦੀ ਹੈ। ਕੁਝ ਗਵਾਹੀਆਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕਈ ਵਾਰੀ ਤਾਂ ਮਾਮੂਲੀ ਕਾਰਨਾਂ ਕਰਕੇ ਹੀ ਸਮਾਜਿਕ ਬਹਿਸ਼ਕਾਰ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਆਮ ਤੌਰ ਤੇ ਅਜਿਹਾ ਦਲਿਤ ਵਰਗਾਂ ਦੇ ਆਮ ਵਰਤੋਂ ਵਾਲੇ ਖੂਹਾਂ ਦੀ ਵਰਤੋਂ ਦੇ ਅਧਿਕਾਰ ਕਾਰਨ ਹੁੰਦਾ ਹੈ। ਪਰ, ਅਜਿਹੇ ਮਾਮਲੇ ਵੀ ਘੱਟ ਨਹੀਂ ਜਦੋਂ ਕਿ ਇਕ ਸਖ਼ਤ ਬਹਿਸ਼ਕਾਰ ਦੀ ਘੋਸ਼ਣਾ ਇਸ ਲਈ ਕਰ ਦਿੱਤੀ ਜਾਂਦੀ ਹੈ ਕਿ ਦਲਿਤ ਵਰਗ ਦੇ ਕਿਸੇ ਬੰਦੇ ਨੇ ਜਨੇਊ ਧਾਰਨ ਕਰ ਲਿਆ, ਇਕ ਭੂਮੀ ਦਾ ਟੋਟਾ ਖਰੀਦ ਲਿਆ, ਚੰਗੇ ਕਪੜੇ ਜਾਂ ਗਹਿਣੇ ਪਾ ਲਏ ਜਾਂ ਲਾੜੇ ਨੂੰ ਜੰਞ ਦੇ ਰੂਪ ਵਿਚ ਇਕ ਘੋੜੀ ਤੇ ਬਿਠਾ ਕੇ ਬਾਰਾਤ ਦੇ ਰੂਪ ਵਿਚ ਪਿੰਡ ਦੀਆਂ ਗਲੀਆਂ ਵਿਚ ਘੁਮਾ ਦਿਤਾ।"

ਸ੍ਰੀਮਾਨ ਜੀ, ਇਹ ਸਾਡੀ ਸਥਿਤੀ ਹੈ। ਅਸੀਂ ਘਿਰੇ ਹੋਏ ਬੰਦੇ ਹਾਂ ਅਤੇ ਮੈਂ ਸਿਵਲ ਤੇ ਫ਼ੌਜਦਾਰੀ ਨਿਆਂ ਸ਼ਕਤੀਆਂ ਉਨ੍ਹਾਂ ਲੋਕਾਂ ਦੇ ਹੱਥਾਂ ਵਿਚ ਦੇਣ ਦੀ ਕਦੇ ਹਾਮੀ ਨਹੀਂ ਭਰ ਸਕਦਾ ਜਿਹੜੇ ਸਦਾ ਹੀ ਸਾਡੇ ਉਦੇਸ਼ਾਂ ਤੇ ਮੰਤਵਾਂ ਦੀ ਹਾਰ ਲਈ ਗੋਂਦਾਂ ਗੁੰਦਦੇ ਰਹਿੰਦੇ ਹਨ।

ਡਾ. ਬੀ. ਆਰ. ਅੰਬੇਡਕਰ : ਮੈਂ ਮਾਨਯੋਗ ਮੰਤਰੀ ਦੇ ਨਿਹਿਤ ਉਦੇਸ਼ ਨਾਲ ਪੂਰੀ ਹਮਦਰਦੀ ਰੱਖਦਾ ਹਾਂ। ਜੇ ਮੈਂ ਉਨ੍ਹਾਂ ਨੂੰ ਠੀਕ ਤਰ੍ਹਾਂ ਸਮਝ ਸਕਿਆ ਹਾਂ ਤਾਂ ਉਹ ਕੇਵਲ

ਇਹੀ ਚਾਹੁੰਦੇ ਹਨ ਕਿ ਪਿੰਡ ਦਿਆਂ ਲੋਕਾਂ ਨੂੰ ਸਸਤਾ ਨਿਆਂ ਮਿਲ ਸਕੇ ਅਤੇ ਉਨ੍ਹਾਂ ਦੀ ਪਹੁੰਚ ਇਸ ਤਕ ਸੌਖੀ ਹੋਵੇ। ਮੇਰਾ ਵਿਸ਼ਵਾਸ ਹੈ ਕਿ ਬਿਲ ਵਿਚ ਉਨ੍ਹਾਂ ਨੇ ਜੋ ਨਿਆਂ ਕਾਰਜ ਦੀ ਧਾਰਾ ਰੱਖੀ ਹੈ ਉਸ ਦਾ ਅਸਲ ਉਦੇਸ਼ ਇਹੀ ਹੈ। ਜੇ ਇਹ ਗੱਲ ਹੈ ਤਾਂ ਇਹ ਕੰਮ ਕਰਨ ਦਾ ਇਕ ਚੰਗਾ ਢੰਗ ਹੈ। ਪਿੰਡ ਦੀਆਂ ਪੰਚਾਇਤਾਂ ਨੂੰ ਨਿਆਂ ਕਾਰਜ ਦੇਣ ਦੀ ਲੋੜ ਨਹੀਂ। ਸਾਡੇ ਪਾਸ ਪਹਿਲਾਂ ਤੋਂ ਹੀ ਸ਼ਹਿਰਾਂ ਵਿਚ ਆਨਰੇਰੀ ਬੈਂਚ ਮੈਜਿਸਟ੍ਰੇਟਾਂ ਦੀ ਵਿਵਸਥਾ ਹੈ। ਇਹ ਪੂਰੀ ਤਰ੍ਹਾਂ ਸੰਭਵ ਹੋਵੇਗਾ ਕਿ ਇਸੇ ਵਿਵਸਥਾ ਨੂੰ ਵਿਸ਼ਾਲ ਬਣਾ ਦਿੱਤਾ ਜਾਵੇ। ਇਸ ਕਾਰਨ ਹਰ ਜ਼ਿਲ੍ਹੇ ਨੂੰ ਕੁੱਝ ਖੰਡਾਂ ਵਿਚ ਵੰਡ ਦਿੱਤਾ ਜਾਵੇ ਜਿਸ ਦਾ ਘੇਰਾ ਦੋ ਤਿੰਨ ਮੀਲ ਜਾਂ ਸੁਵਿਧਾ ਅਨੁਸਾਰ ਹੋਵੇ ਅਤੇ ਸਰਕਾਰ ਨਾਮਜ਼ਦ ਕਰੇ---- ਮੈਂ ਨਾਮਜ਼ਦ ਸ਼ਬਦ ਤੇ ਵਿਸ਼ੇਸ਼ ਜ਼ੋਰ ਦਿੰਦਾ ਹਾਂ-- ਤਿੰਨ ਜਾਂ ਵਧੇਰੇ ਵਿਅਕਤੀ ਜੋ ਇਸ ਖੇਤਰ ਦੇ ਨਿਆਂ ਕਾਰਜ ਦਾ ਕੰਮ ਸੰਭਾਲਣ। ਇਹ ਤਿੰਨ ਸੱਜਣ ਕਿਸੇ ਦਿਨ ਤਾਂ ਸਿਵਲ ਜੱਜਾਂ ਦੇ ਰੂਪ ਵਿਚ ਮਾਮਲਿਆਂ ਦੀ ਸੁਣਵਾਈ ਕਰਨ ਤੇ ਦੂਜੇ ਦਿਨ ਫ਼ੌਜਦਾਰੀ ਮਾਮਲਿਆਂ ਦੀ। ਇਉਂ ਕਰਨ ਨਾਲ ਸਸਤਾ ਨਿਆਂ ਯਕੀਨੀ ਬਣ ਜਾਵੇਗਾ ਜੋ ਕਿ ਸੁਤੰਤਰ ਅਤੇ ਸਥਾਨਕ ਪ੍ਰਭਾਵ ਤੋਂ ਮੁਕਤ ਹੋਵੇਗਾ ਅਤੇ ਜੋ ਚੁਣੀ ਹੋਈ ਨਿਆਂਪਾਲਕਾ ਦੇ ਦੋਸ਼ਾਂ ਤੋਂ ਵੀ ਮੁਕਤ ਹੋਵੇਗਾ। ਮੇਰੇ ਵਿਚਾਰ ਵਿਚ, ਸ੍ਰੀਮਾਨ ਜੀ, ਇਸ ਮਾਮਲੇ ਦੀਆਂ ਲੋੜਾਂ ਵੀ ਪੂਰੀਆਂ ਹੋ ਸਕਣਗੀਆਂ। ਮੈਂ ਇਹ ਸਪਸ਼ਟ ਕਰ ਦੇਵਾਂਗਾ ਕਿ ਜੇ ਮਾਨਯੋਗ ਮੰਤਰੀ ਅੜਨ ਕਿ ਉਹ ਬਿਲ ਨੂੰ ਉਨ੍ਹਾਂ ਧਾਰਾਵਾਂ ਨਾਲ ਇੰਨ ਬਿੰਨ ਰਖਣਗੇ-ਵਿਸ਼ੇਸ਼ ਕਰਕੇ ਉਹ ਧਾਰਾਵਾਂ ਜਿਹਨਾਂ ਨੂੰ ਕਿ ਉਹ ਸਿਧਾਂਤਕ ਮਸਲਿਆਂ ਨਾਲ ਸਬੰਧਿਤ ਮੰਨਦੇ ਹਨ-ਤਾਂ ਮੈਂ ਕਹਾਂਗਾ ਕਿ ਮੈਂ ਉਨ੍ਹਾਂ ਦਾ ਵਿਰੋਧ ਕਰਾਂਗਾ (ਪ੍ਰਸੰਸਾ)।

II

* ਪੰਚਾਇਤ ਵਿਚ ਦਲਿਤ ਵਰਗਾਂ ਦੀ ਨਾਮਜ਼ਦਗੀ

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਪ੍ਰਧਾਨ ਜੀ, ਮੈਨੂੰ ਮਾਨਯੋਗ ਮੰਤਰੀ ਨੂੰ, ਜੋ ਇਸ ਬਿੱਲ ਦੇ ਪ੍ਰਧਾਨ ਹਨ, ਇਸ ਵਿਚ ਸੋਧਨਾ ਲਈ ਵਧਾਈ ਦੇਣੀ ਚਾਹੀਦੀ ਹੈ, ਭਾਵੇਂ ਇਹ ਦੇਰੀ ਨਾਲ ਹੀ ਹੋਈ ਹੈ ਅਤੇ ਜਿਸ ਦਾ ਉਦੇਸ਼ ਪ੍ਰਾਂਤ ਦੀਆਂ ਦੋ ਘਟ ਗਿਣਤੀਆਂ ਨੂੰ ਇਨਸਾਫ਼

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 37 ਛਪੇ ਪੰਨੇ 323-24, ਮਿਤੀ 10 ਫਰਵਰੀ 1933. ਮਾਨਯੋਗ ਰੁਸਤਮਜੀ .ਜੇ.ਵਕੀਲ ਨੇ ਗ੍ਰਾਮ ਪੰਚਾਇਤ ਐਕਟ ਦੀ ਧਾਰਾ 37(2) ਵਿਚ ਇਕ ਸੋਧਨਾ ਪੇਸ਼ ਕੀਤੀ, ਜਿਸ ਵਿਚ ਉਨ੍ਹਾਂ ਨੇ ਪਿੰਡ ਦੇ ਬੈਂਚ ਵਿਚ ਘਟ ਗਿਣਤੀਆਂ ਦੇ ਫ਼ਿਰਕਿਆਂ ਲਈ ਨਿਆਂਸੰਗਤ ਅਤੇ ਉਚਿਤ ਪ੍ਰਤੀਨਿਧਤਾ ਦੀ ਮੰਗ ਕੀਤੀ। ਇਸ ਸੋਧਨਾ ਵਿਚ ਸ੍ਰੀ ਮੁਹੰਮਦ ਸੁਲੇਮਾਨ ਕਾਸਮ ਮਿੱਠਾ ਨੇ ਇਕ ਹੋਰ ਸੋਧਨਾ ਪੇਸ਼ ਕੀਤੀ ਜੋ ਇਸ ਪ੍ਰਕਾਰ ਹੈ:-

'ਸ਼ਰਤ ਇਹ ਹੈ ਕਿ ਜਦੋਂ ਅਜਿਹੇ ਵਰਗ ਵਿਚ ਕੇਵਲ ਮੁਸਲਮਾਨ ਜਾਂ ਦਲਿਤ ਵਰਗਾਂ ਦੇ ਮੈਂਬਰ ਹੋਣ ਤਦ ਕੁਲੈਕਟਰ, ਘਟ ਤੋਂ ਘਟ ਮੁਸਲਮਾਨ ਜਾਂ ਦਲਿਤ ਵਰਗ-ਜਿਹੀ ਵੀ ਸੂਰਤ ਹੋਵੇ- ਦਾ ਇਕ ਮੈਂਬਰ ਪਿੰਡ ਦੇ ਬੈਂਚ ਦੇ ਮੈਂਬਰ ਦੇ ਰੂਪ ਵਿਚ ਨਿਯੁਕਤ ਕਰੇਗਾ'। ਡਾ. ਅੰਬੇਡਕਰ ਨੇ ਸ੍ਰੀ ਮਿੱਠਾ ਦੀ ਇਸ ਸੋਧਨਾ ਦਾ ਸਮਰਥਨ ਕੀਤਾ।

ਦਿਵਾਉਣਾ ਹੈ। ਮੈਂ ਮੰਤਰੀ ਦਾ ਜਿੱਥੇ ਧੰਨਵਾਦੀ ਹਾਂ ਉਥੇ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਆਪਣੇ ਮਾਨਯੋਗ ਮਿੱਤਰ ਸ੍ਰੀ ਮਿੱਠਾ ਦੀ ਸੋਧਨਾ ਦਾ ਵੀ ਸਮਰਥਨ ਜ਼ਰੂਰ ਕਰਨਾ ਚਾਹੀਦਾ ਹੈ। ਮੈਨੂੰ ਨਹੀਂ ਪਤਾ ਕਿ ਮੇਰੇ ਆਉਣ ਤੋਂ ਪਹਿਲਾਂ ਇਸ ਸਦਨ ਵਿਚ ਮਾਨਯੋਗ ਸਥਾਨਕ ਸਵੈ ਸ਼ਾਸਨ ਮੰਤਰੀ ਅਤੇ ਮੇਰੇ ਮਾਨਯੋਗ ਮੈਂਬਰ ਜਿਹੜੇ ਸਾਹਮਣੇ ਵਿਰੋਧੀ ਬੈਂਚਾਂ ਤੇ ਬੈਠੇ ਹਨ, ਵਿਚਾਲੇ ਕੀ ਕੀ ਗੱਲਾਂ ਹੋਈਆਂ ਸਨ। ਪਰ ਮੈਂ ਸਮਝਦਾ ਹਾਂ ਕਿ ਸੋਧਨਾ ਜਿਸ ਪ੍ਰਕਾਰ ਦੇ ਸ਼ਬਦਾਂ ਰਾਹੀਂ ਮਾਨਯੋਗ ਸਥਾਨਕ ਸਵੈ ਸ਼ਾਸਨ ਮੰਤਰੀ ਜੀ ਦੁਆਰਾ ਪੇਸ਼ ਕੀਤੀ ਗਈ ਹੈ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਜੇ ਸੋਧਨਾ ਉਹਨਾਂ ਦੁਆਰਾ ਪ੍ਰਸਤਾਵਿਤ ਸ਼ਰਤਾਂ ਤੇ ਆਧਾਰਤ ਹੈ ਤਾਂ ਵਿਰੋਧੀ ਧੜੇ ਨੂੰ ਬਿਨਾਂ ਕਿਸੇ ਦੁੱਖ ਦੇ ਇਸ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ।

ਹੁਣ, ਸ੍ਰੀਮਾਨ ਜੀ, ਜੇ ਸਥਿਤੀ ਇਹੋ ਹੈ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਮਾਨਯੋਗ ਵਿਰੋਧੀ ਮੈਂਬਰਾਂ ਨੂੰ ਮਾਨਯੋਗ ਮਿੱਤਰ ਸ੍ਰੀ ਮਿੱਠਾ ਦੁਆਰਾ ਪ੍ਰਸਤਾਵਿਤ ਸੋਧਨਾ ਦੇ ਮੰਨਣ ਵਿਚ ਕੀ ਔਕੜ ਹੈ। ਸ੍ਰੀਮਾਨ ਜੀ, ਜਿਵੇਂ ਕਿ ਮੈਨੂੰ ਸਮਝ ਲੱਗੀ ਹੈ, ਮਾਨਯੋਗ ਮੰਤਰੀ ਜੀ ਦੀ ਸਥਿਤੀ ਅਤੇ ਮੇਰੇ ਮਿੱਤਰ ਸ੍ਰੀ ਮਿੱਤਰ ਮਿੱਠਾ ਦੀ ਸਥਿਤੀ ਵਿਚ ਬੜਾ ਮਾਮੂਲੀ ਜਿਹੀ ਕਿਸਮ ਦਾ ਅੰਤਰ ਜਾਪਦਾ ਹੈ। ਮਾਨਯੋਗ ਮੰਤਰੀ ਜੀ ਨੇ ਸੋਧਨਾ ਨੂੰ ਸਾਧਾਰਨ ਸ਼ਬਦਾਂ ਵਿਚ ਪੇਸ਼ ਕੀਤਾ ਹੈ। ਉਹ ਕਲੈਕਟਰ ਉੱਤੇ ਇਕ ਇਹ ਜ਼ਿੰਮੇਦਾਰੀ ਪੱਕੀ ਤਰ੍ਹਾਂ ਥੋਪਣਾ ਚਾਹੁੰਦੇ ਹਨ ਕਿ ਉਹ ਘਟ ਗਿਣਤੀ ਦੀਆਂ ਜਾਤੀਆਂ ਦੇ ਮੈਂਬਰਾਂ ਦੀ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਨਿਯੁਕਤੀ ਦੇ ਮਾਮਲੇ ਵਿਚ ਆਪਣੀ ਮਰਜ਼ੀ ਵਰਤਣ ਲਗਿਆਂ ਜ਼ਰੂਰ ਧਿਆਨ ਵਿਚ ਰੱਖਣ। ਉਹ ਇਸ ਜ਼ਿੰਮੇਦਾਰੀ ਨੂੰ ਆਮ ਸ਼ਬਦਾਂ ਰਾਹੀਂ ਦਸਦਾ ਹੈ, ਅਤੇ ਘਟ ਗਿਣਤੀ ਸ਼ਬਦ ਵਿਚ ਸਾਰੀਆਂ ਜਾਤੀਆਂ ਆ ਜਾਂਦੀਆਂ ਹਨ, ਉਹ ਭਾਵੇਂ ਕੋਈ ਵੀ ਹੋਣ।

ਮੇਰਾ ਮਿੱਤਰ ਮਿੱਠਾ ਇਕ ਕਦਮ ਹੋਰ ਅੱਗੇ ਚਲਿਆ ਗਿਆ ਹੈ ਅਤੇ ਉਸ ਨੇ ਕਿਹਾ ਹੈ ਕਿ ਕਲੈਕਟਰ ਨੂੰ ਇਉਂ ਕਰਨ ਤੋਂ ਪਹਿਲੇ ਆਪਣੇ ਧਿਆਨ ਵਿਚ ਮੁਸਲਮਾਨਾਂ ਤੇ ਦਲਿਤ ਵਰਗਾਂ ਨੂੰ ਰਖ ਲੈਣਾ ਚਾਹੀਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮਾਨਯੋਗ ਮੈਂਬਰ ਜਿਹੜੇ ਕਿ ਸੋਧਨਾ ਨੂੰ ਸਾਧਾਰਨ ਸ਼ਬਦਾਵਲੀ ਵਿਚ ਪ੍ਰਵਾਨ ਕਰਦੇ ਹਨ ਉਸੇ ਦੇ ਵਿਸ਼ੇਸ਼ੀਕਰਨ ਤੇ ਇਤਰਾਜ਼ ਕਿਉਂ ਕਰਦੇ ਹਨ ? ਕੀ ਉਹ ਨਹੀਂ ਸੋਚਦੇ ਜਾਂ ਸੋਚਦੇ ਹਨ ਕਿ ਪ੍ਰਾਂਤ ਵਿਚ ਕੁਝ ਘਟ ਗਿਣਤੀਆਂ ਹਨ ਤੇ ਧਾਰਾ ਵਿਚ ਉਨ੍ਹਾਂ ਘਟ ਗਿਣਤੀਆਂ ਦੇ ਵਿਸ਼ੇਸ਼ ਤੌਰ ਤੇ ਨਾਮ ਆਉਣ ਤੇ ਹਰਜ ਕੀ ਹੈ ? ਜੇ ਸਾਧਾਰਨ ਤੌਰ ਤੇ ਸੋਧਨਾ ਪ੍ਰਵਾਨਿਤ ਹੈ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਹੋਣੀ ਚਾਹੀਦੀ ਹੈ ਅਤੇ ਇਸ ਪ੍ਰਾਂਤ ਵਿਚ ਹੋ ਰਹੇ ਕੰਮਾਂ ਦੁਆਰਾ ਸਾਨੂੰ ਗਿਆਨ ਹੈ ਕਿ ਹਰ ਪਿੰਡ ਵਿਚ ਕੋਈ ਹੋਰ ਘੱਟ ਗਿਣਤੀਆਂ ਨਹੀਂ, ਅਵੱਸ਼ ਹੀ ਦਲਿਤ ਵਰਗ ਅਤੇ ਮੁਸਲਮਾਨ ਹੀ ਹਨ। ਫਿਰ ਮੈਨੂੰ ਮੂਲੋਂ ਹੀ ਸਮਝ ਨਹੀਂ ਆਉਂਦੀ ਕਿ ਇਹ ਵਿਸ਼ੇਸ਼ ਘਟ ਗਿਣਤੀਆਂ ਜੇ ਧਾਰਾ ਵਿਚ ਦਸ ਦਿਤੀਆਂ ਗਈਆਂ ਹਨ ਤਾਂ ਕੀ ਇਤਰਾਜ਼ ਹੈ ? ਜਾਂ ਤਾਂ ਅਸੀਂ ਇਮਾਨਦਾਰੀ ਨਾਲ ਕਹੀਏ ਕਿ ਅਜਿਹੇ ਵਿਸ਼ੇਸ਼ ਅਧਿਕਾਰ ਦੇਣ ਵਾਲੀ ਜਾਂ ਵਿਸ਼ੇਸ਼

ਸੁਰੱਖਿਆ ਦੇਣ ਵਾਲੀ ਅਜਿਹੀ ਧਾਰਾ ਦੀ ਲੋੜ ਹੀ ਨਹੀਂ ਜਾਂ ਮੰਨ ਲਈਏ ਕਿ ਕੁਝ ਜ਼ਾਤਾਂ ਹਨ ਜਿਹਨਾਂ ਨੂੰ ਵਿਸ਼ੇਸ਼ ਸੁਰੱਖਿਆ ਦੀ ਲੋੜ ਹੈ ਅਤੇ ਜੇ ਸਾਡਾ ਭਾਵ ਕਾਰਜ ਵਿਧੀ ਤੋਂ ਹੈ ਤਾਂ ਸਾਨੂੰ ਉਹ ਜਾਤੀ ਸਪਸ਼ਟ ਕਰ ਦੇਣੀ ਚਾਹੀਦੀ ਹੈ ਜਿਸ ਨੂੰ ਸੁਰੱਖਿਆ ਦੀ ਲੋੜ ਹੈ।

ਰਾਓ ਬਹਾਦਰ ਜੀ.ਕੇ.ਚਿਤਲੇ : ਉਹ ਸੁਰੱਖਿਆ ਕੀ ਹੈ ?

ਡਾ.ਬੀ.ਆਰ.ਅੰਬੇਡਕਰ : ਜੇ ਅਸੀਂ ਸਥਿਤੀ ਦਾ ਇਮਾਨਦਾਰੀ ਨਾਲ ਸਾਹਮਣਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਅੱਧ-ਵਿਚਕਾਰ ਨਹੀਂ ਰੁਕਣਾ ਚਾਹੀਦਾ।

ਸ੍ਰੀਮਾਨ ਜੀ, ਅੰਤਮ ਬੁਲਾਰੇ, ਮਾਨਯੋਗ ਰਾਓ ਬਹਾਦਰ ਚਿਤਲੇ ਨੇ ਦੋ ਤਜਵੀਜ਼ਾਂ ਤੇ ਜ਼ੋਰ ਦਿੱਤਾ ਹੈ। ਪਹਿਲੀ ਤਾਂ ਇਹ ਕਿ ਮਾਨਯੋਗ ਮਿੱਤਰ ਸ੍ਰੀ ਮਿੱਠਾ ਦੁਆਰਾ ਪ੍ਰਸਤਾਵਿਤ ਸੋਧਨਾ ਨੂੰ ਪ੍ਰਵਾਨ ਕਰਕੇ ਅਸੀਂ ਕਾਨੂੰਨ ਨੂੰ ਵਿਗਾੜ ਰਹੇ ਹਾਂ। ਚੰਗਾ, ਸ੍ਰੀਮਾਨ ਜੀ, ਮੈਂ ਆਪਣੇ ਮਾਨਯੋਗ ਮਿੱਤਰ ਨੂੰ ਦੁਬਾਰਾ ਯਾਦ ਕਰਾਵਾਂਗਾ ਕਿ ਇਹ ਚੀਕ ਚਿਹਾੜਾ ਕਾਫ਼ੀ ਦੇਰ ਨਾਲ ਪਾਇਆ ਗਿਆ ਹੈ। ਅਸੀਂ ਵਿਧਾਨ ਨਾ ਤਾਂ ਇਸ ਪ੍ਰਾਂਤ ਲਈ ਬਣਾਉਣਾ ਹੈ ਤੇ ਨਾ ਉਸ ਲਈ, ਸਗੋਂ ਹਰ ਪ੍ਰਾਂਤ ਲਈ, ਸਾਰੇ ਭਾਰਤ ਲਈ, ਜਿਸ ਵਿਚ ਇਹ ਨਿਯਮ ਸਪੱਸ਼ਟ ਤੋਂ ਸਪੱਸ਼ਟ ਸ਼ਬਦਾਂ-ਰਾਹੀਂ, ਜਿਹੜੇ ਸਾਨੂੰ ਲਭਦੇ ਹਨ-ਮੰਨਣਯੋਗ ਹੋਵੇਗਾ।

ਮਾਨਯੋਗ ਮੈਂਬਰਾਨ: ਵਾਹ।

ਡਾ.ਬੀ.ਆਰ.ਅੰਬੇਡਕਰ: ਹੁਣ ਬਹੁਤ ਦੇਰ ਹੋ ਗਈ ਹੈ। ਜਿਹੜੀ ਦਲੀਲ ਇਸ ਸਦਨ ਵਿਚ ਮੇਰੇ ਮਾਨਯੋਗ ਦੋਸਤਾਂ ਨੇ ਦਿੱਤੀ ਹੈ ਉਹ ਉਹੀ ਦਲੀਲ ਹੈ ਜਿਹੜੀ ਕਿ ਗੋਲਮਮੇਜ਼ ਕਾਨਫ਼ਰੰਸ ਵਿਚ ਕਾਫ਼ੀ ਨਿਸ਼ਠਾਵਾਨ ਲੋਕਾਂ ਵਲੋਂ ਦਿੱਤੀ ਗਈ ਸੀ ਅਤੇ ਸ੍ਰੀਮਾਨ ਜੀ, ਸਾਨੂੰ ਪਤਾ ਹੈ ਕਿ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ, ਸਗੋਂ ਉਨ੍ਹਾਂ ਨੇ ਸੰਵਿਧਾਨ ਦਾ ਵੀ ਸਤਿਆਨਾਸ ਕਰ ਦਿਤਾ। ਜੇ ਮੈਂ ਆਪਣੇ ਵਿਅਕਤੀਗਤ ਅਨੁਭਵ ਤੋਂ ਬੋਲਾਂ ਤਾਂ ਜਿਹੜੀ ਗੱਲ ਗੋਲਮੇਜ਼ ਕਾਨਫ਼ਰੰਸ ਵਿਚ ਤਬਾਹੀ ਲਿਆਈ ਸੀ, ਉਹ ਸੀ, ਇਨ੍ਹਾਂ ਨਿਸ਼ਠਾਵਾਨ ਲੋਕਾਂ ਦਾ ਸਿਧਾਂਤਕ ਨਜ਼ਰੀਆ।

ਸ੍ਰੀਮਾਨ ਜੀ, ਭਾਰਤ ਯੂਰਪ ਨਹੀਂ ਹੈ, ਇੰਗਲੈਂਡ ਭਾਰਤ ਨਹੀਂ, ਇੰਗਲੈਂਡ ਨੂੰ ਜਾਤੀ ਪ੍ਰਥਾ ਦਾ ਪਤਾ ਨਹੀਂ, 'ਸਾਨੂੰ ਪਤਾ ਹੈ'। ਨਤੀਜੇ ਦੇ ਤੌਰ ਤੇ ਇੰਗਲੈਂਡ ਲਈ ਜੋ ਰਾਜਨੀਤਕ ਪ੍ਰਬੰਧ ਢੁਕਵਾਂ ਹੋ ਸਕਦਾ ਹੈ, ਉਹ ਸਾਡੇ ਲਈ ਨਹੀਂ। ਸਾਨੂੰ ਇਹ ਤੱਥ ਮੰਨ ਲੈਣਾ ਚਾਹੀਦਾ ਹੈ। ਮੈਂ ਤਾਂ ਇਕ ਕਦਮ ਹੋਰ ਅਗੇਰੇ ਵਧਾਂਗਾ। ਸ੍ਰੀਮਾਨ ਜੀ, ਇਹ ਕਹਿੰਦਿਆਂ ਕਿ ਭਾਰਤੀ ਰਾਜਨੀਤੀ ਦੇ ਵਿਦਿਆਰਥੀ ਕੁਝ ਵੀ ਆਖਣ ਜੋ ਕੁਝ ਹੋਣ ਵਾਲਾ ਹੈ ਉਹ ਹੈ-ਸੰਪ੍ਰਦਾਇਕ ਆਧਾਰ ਤੇ ਪ੍ਰਤੀਨਿਧਤਾ ਦੀ ਮਾਨਤਾ।

ਮਾਨਯੋਗ ਮੈਂਬਰਜ਼: ਵਾਹੋ ! ਵਾਹ !

ਡਾ.ਬੀ.ਆਰ.ਅੰਬੇਡਕਰ:

ਮੈ ਜੋ ਕਹਿ ਰਿਹਾ ਹਾਂ ਉਸ ਤੋਂ ਮੈਨੂੰ ਸ਼ਰਮ ਨਹੀਂ ਆਉਂਦੀ, ਸਗੋਂ ਇਹ ਤਾਂ ਭਾਰਤੀ

ਸੰਵਿਧਾਨ ਦਾ ਸਭ ਤੋਂ ਵਧੀਆ ਭਾਗ ਹੋਵੇਗਾ।ਅਸੀਂ ਨਹੀਂ ਚਾਹੁੰਦੇ, ਮੈਂ ਵੀ ਨਹੀਂ ਚਾਹੁੰਦਾ ਕਿ ਸਾਨੂੰ ਕੇਵਲ ਵੋਟ ਪੇਟੀ ਤੱਕ ਜਾਣ ਦਾ ਅਧਿਕਾਰ ਮਿਲੇ, ਇਹ ਜਾਣੇ ਬਗੈਰ ਕਿ ਮੇਰਾ ਪ੍ਰਤਿਨਿਧ ਕੌਣ ਹੈ ਜਾਂ ਮੇਰੇ ਵਲੋਂ ਕੋਈ ਪ੍ਰਤਿਨਿਧਤਾ ਵੀ ਹੋ ਰਹੀ ਹੈ ? ਮੈਨੂੰ ਤਾਂ ਅਜਿਹੀ ਵਿਵਸਥਾ ਚਾਹੀਦੀ ਹੈ ਜਿਸ ਵਿਚ ਮੈਨੂੰ ਮੱਤ ਪੇਟੀ ਤਕ ਜਾਣ ਦਾ ਕੇਵਲ ਅਧਿਕਾਰ ਹੀ ਨਾ ਹੋਵੇ, ਸਗੋਂ ਇਹ ਅਧਿਕਾਰ ਵੀ ਹੋਵੇ ਕਿ ਮੈਂ ਆਪਣੀ ਜ਼ਾਤ ਦੇ ਲੋਕਾਂ ਦੀ ਇਕ ਸੰਸਥਾ ਬਣਾ ਸਕਾਂ ਜੋ ਸਦਨ ਵਿਚ ਬੈਠਣ, ਅਤੇ ਜੋ ਕੇਵਲ ਮਸਲਿਆਂ ਤੇ ਵਾਦ ਵਿਵਾਦ ਹੀ ਨਾ ਕਰਨ ਸਗੋਂ ਉਹਨਾਂ ਦੇ ਫ਼ੈਸਲਿਆਂ ਵਿਚ ਹੀ ਭਾਗੀਦਾਰ ਹੋਣ।ਇਸ ਲਈ ਮੈਂ ਕਹਾਂਗਾ ਕਿ ਸੰਪ੍ਰਦਾਇਕ ਪ੍ਰਤੀਨਿਧਤਾ ਬੁਰੀ ਨਹੀਂ, ਇਹ ਜ਼ਹਿਰ ਨਹੀ; ਇਹ ਤਾਂ ਵਧੀਆ ਤਰੀਕਾ ਹੈ ਜਿਹੜਾ ਕਿ ਇਸ ਦੇਸ ਦੀਆਂ ਵੱਖ ਵੱਖ ਜ਼ਾਤਾਂ ਦੀ ਸੁਰੱਖਿਆ ਲਈ ਅਪਣਾਇਆ ਜਾ ਸਕਦਾ ਹੈ।ਮੈਂ ਇਸਨੂੰ ਸੰਵਿਧਾਨ ਦਾ ਮੂੰਹ ਮੁਹਾਂਦਰਾ ਵਿਗਾੜਨਾ ਨਹੀਂ ਕਹਿੰਦਾ, ਮੈਂ ਇਸਨੂੰ ਕਹਿੰਦਾ ਹਾਂ.....

ਸ਼੍ਰੀ ਐਨ. ਕੇ. ਦੀਕਸ਼ਿਤ : ਸ਼ਿੰਗਾਰ ।

ਡਾ. ਬੀ. ਆਰ. ਅੰਬੇਡਕਰ: ਹਾਂ, ਸੰਵਿਧਾਨ ਦਾ ਸ਼ਿੰਗਾਰ।ਤਾਂ ਮੇਰਾ ਮਾਨਯੋਗ ਮਿੱਤਰ ਪੁੱਛੇਗਾ ਕਿ ਸਾਨੂੰ ਇਹੀ ਸਿਧਾਂਤ ਨਿਆਂਪਾਲਕਾ ਵਿਚ ਵੀ ਮੰਨ ਲੈਣਾ ਚਾਹੀਦਾ ਹੈ ? ਚੰਗਾ, ਜੇ ਮੇਰਾ ਮਾਨਯੋਗ ਮਿੱਤਰ ਇਹ ਯਕੀਨ ਦਿਵਾ ਸਕਦਾ ਹੈ ਕਿ ਅਜੋਕੀ ਨਿਆਂ ਮਸ਼ੀਨਰੀ ਸੰਪ੍ਰਦਾਇਕ ਪੱਖਪਾਤ ਤੋਂ ਰਹਿਤ ਹੈ, ਅਰਥਾਤ ਜਦੋਂ ਬ੍ਰਾਹਮਣ ਜੱਜ ਹੁੰਦਾ ਹੈ ਅਤੇ ਉਸਨੇ ਅਜਿਹੇ ਮੁਕੱਦਮੇ ਦਾ ਫ਼ੈਸਲਾ ਕਰਨਾ ਹੁੰਦਾ ਹੈ ਜਿਥੇ ਮੁਦਾਲਾ ਹੀ ਇਕ ਬ੍ਰਾਹਮਣ ਹੈ ਅਤੇ ਮੁਦੱਈ ਵੀ ਬ੍ਰਾਹਮਣ ਹੈ ਤਾਂ ਉਹ ਇਕ ਕੇਵਲ ਜੱਜ ਦੇ ਰੂਪ ਵਿਚ ਫ਼ੈਸਲਾ ਕਰਦਾ ਹੈ।ਸ਼ਾਇਦ ਮੈਨੂੰ ਉਸਦਾ ਸੁਝਾਅ ਸੁਖਾਵੇਂ ਢੰਗ ਨਾਲ ਵਿਚਾਰਨਾ ਪਵੇਗਾ।

ਪਰ, ਮੈਨੂੰ ਪਤਾ ਹੈ ਕਿ ਸਾਡੇ ਕੋਲ ਕਿਹੋ ਜਿਹੀ ਨਿਆਂਪਾਲਕਾ ਹੈ।ਜੇ ਮੇਰੇ ਮਾਨਯੋਗ ਮਿੱਤਰ ਤੇ ਸਦਨ ਪਾਸ ਸਬਰ ਹੋਵੇ, ਤਾਂ ਮੈਂ ਇਹੋ ਜਿਹੀਆਂ ਅਨੇਕ ਕਹਾਣੀਆਂ ਸੁਣਾ ਸਕਦਾ ਹਾਂ ਜਿਨ੍ਹਾਂ ਦੀ ਜਾਣਕਾਰੀ ਮੈਨੂੰ ਹੈ ਕਿ ਜਿਨ੍ਹਾਂ ਵਿਚ ਨਿਆਂਪਾਲਕਾ ਨੇ ਆਪਣੀ ਸਥਿਤੀ ਦਾ ਬੁਰੀ ਤਰ੍ਹਾ ਨਾਜਾਇਜ਼ ਫ਼ਾਇਦਾ ਉਠਾਇਆ ਹੈ।

(ਮਾਨਯੋਗ ਮੈਂਬਰ : ਓਹ। ਓਹ।)

ਇਹ ਇਸ ਕਾਰਨ ਹੈ ਕਿ ਸਾਨੂੰ ਪੱਕਾ ਪਤਾ ਨਹੀਂ ਕਿ ਉਹ ਪਿੰਡ ਦੇ ਲੋਕਾਂ ਨੂੰ ਕੀ ਕਹਿੰਦੇ ਹਨ, ਉਹ ਲੋਕ ਜੋ ਖ਼ੂਨ ਦੇ ਰਿਸ਼ਤੇ ਦੀਆਂ ਗੰਢਾਂ ਨਾਲ ਜੁੜੇ ਹੋਏ ਹਨ, ਜੋ ਰਿਸ਼ਤੇਦਾਰੀ ਦੀ ਗੰਢ ਵਿਚ ਬੱਝੇ ਹੋਏ ਹਨ, ਆਪਣੀ ਰਾਜਨੀਤਕ ਅਤੇ ਨਿਆਂ ਸ਼ਕਤੀ ਦੀ ਵਰਤੋਂ ਵਿਚ ਕੋਈ ਗੌਂਦ ਨਹੀਂ ਗੁੰਦਣਗੇ ਅਤੇ ਉਹ ਦੂਜੀਆਂ ਸ਼੍ਰੇਣੀਆਂ ਨੂੰ ਨਹੀਂ ਦਬਾਉਣਗੇ।ਇਸ ਲਈ ਅਸੀਂ ਵਿਧਾਨ ਦੀ ਮੰਗ ਕਰਦੇ ਹਾਂ।ਸ੍ਰੀਮਾਨ ਜੀ, ਮੈਨੂੰ ਜ਼ਰਾ ਵੀ ਸੰਦੇਹ ਨਹੀਂ ਕਿ ਸੰਵਿਧਾਨ ਵਿਚ ਇਹ ਵਿਧਾਨ ਸਭ ਤੋਂ ਵਧੀਆ ਹੈ ਜਿਹੜਾ ਕਿ ਹੋ ਸਕਦਾ ਹੈ, ਅਤੇ ਮੈਂ ਆਪਣੇ ਮਿੱਤਰ ਮਿੱਠਾ

ਦੀ ਸੋਧਨਾ ਦਾ ਦਿਲੋਂ ਸਮਰਥਨ ਕਰਦਾ ਹਾਂ।

* ਰਾਓ ਬਹਾਦਰ ਆਰ. ਆਰ. ਕਾਲੇ: ਤਾਂ ਸ੍ਰੀਮਾਨ ਜੀ, ਇਸ ਪ੍ਰਾਂਤ ਦੀ ਨਿਆਂਪਾਲਕਾ ਪ੍ਰਤੀ ਮੇਰੇ ਮਾਨਯੋਗ ਮਿੱਤਰ ਡਾ. ਅੰਬੇਡਕਰ ਦੁਆਰਾ ਆਖੇ ਗਏ ਸ਼ਬਦਾਂ ਤੇ ਮੈਨੂੰ ਜ਼ਰੂਰ ਇਤਰਾਜ਼ ਹੈ। ਮੈਨੂੰ ਅਵੱਸ਼ ਹੀ ਆਪਣੇ ਪ੍ਰਾਂਤ ਦੀ ਨਿਆਂਪਾਲਕਾ ਬਾਰੇ ਉਸਤੋਂ ਸੁਣ ਕੇ ਪੀੜਾ ਹੋਈ ਹੈ ਕਿ ਉਸਨੇ ਉਸਦੀ ਨੇਕ ਨੀਤੀ ਤੇ ਨਿਸ਼ਕਪਟਤਾ ਤੇ ਕਿੰਤੂ ਕੀਤਾ ਹੈ ਜਦੋਂ ਕਿ ਮਾਮਲੇ ਟ੍ਰਿਬਿਊਨਲ ਤਕ ਗਏ ਅਤੇ ਪ੍ਰੀਵੀ ਕੌਂਸਲ ਤਕ ਨੇ ਵੀ ਇਸਦੇ ਫ਼ੈਸਲੇ ਕਿਸੇ ਨਾਲੋਂ ਵੀ ਘਟ ਨਾ ਹੋਣ ਦਾ ਐਲਾਨ ਕੀਤਾ.....ਸੰਸਾਰ ਦੇ ਉਚੱਤਮ ਟ੍ਰਿਬਿਊਨਲ (ਜਿਸਦਾ ਨਾਂ ਪ੍ਰਿਵੀ ਕੌਂਸਲ ਹੈ) ਨੇ ਸਮੇਂ ਸਮੇਂ ਆਪਣੇ ਫ਼ੈਸਲਿਆਂ ਵਿਚ ਇਸਨੂੰ ਸੰਸਾਰ ਦੀ ਸਭ ਤੋਂ ਵਧੀਆ ਨਿਆਂਪਾਲਕਾ ਕਰਾਰ ਦਿੱਤਾ ਹੈ।

ਇਕ ਮਾਨਯੋਗ ਮੈਂਬਰ : ਸਾਰੇ ਸੰਸਾਰ ਵਿਚ ?

ਰਾਓ ਬਹਾਦਰ ਆਰ. ਆਰ. ਕਾਲੇ: ਹਾਂ, ਸਾਰੇ ਵਿਸ਼ਵ ਵਿਚ। ਮੇਰਾ ਨੁਕਤਾ ਇਹ ਹੈ ਕਿ ਇਹ ਕਹਿਣਾ ਕਿ ਨਿਆਂਪਾਲਕਾ ਸੰਪ੍ਰਦਾਇਕ ਵਿਚਾਰਧਾਰਾ ਤੋਂ ਪ੍ਰਭਾਵਤ ਹੈ, ਅਵੱਸ਼ ਹੀ ਇਕ ਬੜਾ ਗੰਭੀਰ ਕਲੰਕ ਹੈ। ਜਦੋਂ ਮੈਂ ਆਪਣੇ ਮਿੱਤਰ ਡਾਕਟਰ ਅੰਬੇਡਕਰ ਨੂੰ ਇਹ ਕਹਿੰਦੇ ਸੁਣਿਆ ਤਾਂ ਮੈਨੂੰ ਬੜਾ ਕਸ਼ਟ ਹੋਇਆ ਕਿ "ਮੈਨੂੰ ਪਤਾ ਹੈ ਸਾਡੇ ਕੋਲ ਕਿੱਦਾਂ ਦੀ ਨਿਆਂਪਾਲਕਾ ਹੈ, ਉਹ ਮਾਮਲੇ ਨਜਿੱਠਣ ਲੱਗਿਆਂ ਸੰਪ੍ਰਦਾਇਕ ਵਿਚਾਰਾਂ ਦੀ ਰਹਿਨੁਮਾਈ ਅਧੀਨ ਹੁੰਦੇ ਹਨ।"

ਮੌਲਵੀ ਸਰ ਰਫ਼ੀਉਦੱਦੀਨ ਅਹਿਮਦ: ਕਿਸਨੇ ਇਹ ਕਿਹਾ ਹੈ ?

ਰਾਓ ਬਹਾਦਰ ਆਰ. ਆਰ. ਕਾਲੇ: ਮਾਨਯੋਗ ਮੈਂਬਰ ਡਾ. ਅੰਬੇਡਕਰ ਨੇ।

ਮੌਲਵੀ ਸਰ ਰਫ਼ੀਉਦੀਨ ਅਹਿਮਦ: ਤੁਹਾਡੇ ਭਣਵਈਏ, ਅਤੇ ਇਕ ਹਿੰਦੂ ਨੇ।

ਰਾਓ ਬਹਾਦਰ ਆਰ. ਆਰ. ਕਾਲੇ: 'ਭਣਵਈਏ' ਤੋਂ ਤੁਹਾਡਾ ਕੀ ਮਤਲਬ ਹੈ ?

ਉਹ ਮੇਰਾ ਪਿਉ ਜਾਂ ਪੁੱਤਰ ਵੀ ਹੋ ਸਕਦਾ ਹੈ। ਮੈਂ ਜ਼ਰੂਰ ਹੀ ਇਸ ਸਦਨ ਵਿਚ ਕਿਸੇ ਵਲੋਂ ਲਾਏ ਗਏ ਇਹੋ ਜਿਹੇ ਇਲਜ਼ਾਮ ਨੂੰ ਘ੍ਰਿਣਾ ਕਰਾਂਗਾ ਭਾਵੇਂ ਉਹ ਮੇਰਾ ਭਣਵਈਆ, ਪਿਉ ਜਾਂ ਪੁੱਤਰ ਹੀ ਹੋਵੇ। ਮੈਂ ਕਹਿੰਦਾ ਹਾਂ ਮੈਨੂੰ ਕੋਈ ਪਰਵਾਹ ਨਹੀਂ। ਮੈਨੂੰ ਬਹੁਤ ਮਹਿਸੂਸ ਹੋਇਆ ਹੈ ਜਦੋਂ ਕਿ ਇਕ ਵਿਸ਼ੇਸ਼ ਅਧਿਕਾਰ ਰੱਖਣ ਵਾਲੀ ਥਾਂ ਤੋਂ ਸਾਡੀ ਸਾਰੀ ਨਿਆਂਪਾਲਕਾ ਨੂੰ ਉਦੋਂ ਕਲੰਕਤ ਕੀਤਾ ਗਿਆ ਹੈ ਜਦੋਂ ਉਹ ਆਪਣੀ ਸਫ਼ਾਈ ਪੇਸ਼ ਕਰਨ ਲਈ ਇਥੇ ਨਹੀਂ ਹਨ। ਮੈਨੂੰ ਨਹੀਂ ਪਤਾ ਕਿ ਮੇਰੇ ਮਿੱਤਰ ਡਾ. ਅੰਬੇਡਕਰ ਨੂੰ ਨਿਆਂਪਾਲਕਾ ਦਾ ਕਿਹੋ ਜਿਹਾ ਅਨੁਭਵ ਹੈ। ਉਸਨੂੰ ਕੁਝ ਅਨੁਭਵ ਹੋਵੇਗਾ ਪਰ ਇਥੇ ਮੇਰੇ ਕੋਲ ਤਾਂ 40

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 37, ਪੰਨੇ 326-27, ਮਿਤੀ 10 ਫਰਵਰੀ 1933.

ਤੋਂ ਵੱਧ ਸਾਲਾਂ ਦਾ ਅਨੁਭਵ ਹੈ, ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਹੇਠਾਂ ਤੋਂ ਲੱਗ ਕੇ ਧੁਰ ਉਚੱਤਮ ਟ੍ਰਿਬਿਊਨਲ ਤੱਕ- ਜਿਸ ਵਿਚ ਹਾਈਕੋਰਟ ਅਤੇ ਹੇਠਲੀਆਂ ਅਦਾਲਤਾਂ ਵੀ ਸ਼ਾਮਲ ਹਨ-ਮੇਰੇ ਵੇਖਣ ਵਿਚ ਇਕ ਵੀ ਅਜਿਹਾ ਮਾਮਲਾ ਨਹੀਂ ਆਇਆ ਜਿਸ ਵਿਚ ਕਿਸੇ ਮਾਮਲੇ ਦਾ ਫ਼ੈਸਲਾ ਸੰਪ੍ਰਦਾਇਕ ਭਾਵਨਾ ਨੂੰ ਮੁੱਖ ਰਖ ਕੇ ਕੀਤਾ ਗਿਆ ਹੋਵੇ। ਇਸ ਲਈ ਮੈਨੂੰ ਆਪਣੇ ਮਾਨਯੋਗ ਮਿੱਤਰ ਵਲੋਂ ਰੱਖੇ ਗਏ ਪ੍ਰਸਤਾਵ ਤੇ ਜ਼ਰੂਰ ਇਤਰਾਜ਼ ਹੈ। ਮੈਂ ਡਾਕਟਰ ਅੰਬੇਡਕਰ ਜਿਹੇ ਬੰਦਿਆਂ ਦੇ ਦਿਮਾਗ਼ ਤੇ ਇਰਾਦੇ ਨੂੰ ਸਮਝ ਸਕਦਾ ਹਾਂ - ਕਿ ਉਹ ਕਿਉਂ ਇਕ ਪਿੰਡ ਤਕ ਦੀ ਪੰਚਾਇਤ ਵਿਚ ਇਕ ਵਿਸ਼ੇਸ਼ ਸੰਪ੍ਰਦਾਇ ਦੇ ਬੰਦੇ ਦੀ ਪ੍ਰਤੀਨਿਧਤਾ ਚਾਹੁੰਦੇ ਹਨ। ਇਸ ਤੋਂ ਉਹਨਾਂ ਦੇ ਮਾਨਸਿਕ ਦ੍ਰਿਸ਼ਟੀਕੋਣ ਦਾ ਪਤਾ ਲਗਦਾ ਹੈ।

ਸ੍ਰੀ ਐਲ. ਆਰ. ਗੋਖਲੇ (ਪੂਨਾ ਸ਼ਹਿਰ): ਮਾਨਯੋਗ ਮੈਂਬਰ ਡਾ. ਅੰਬੇਡਕਰ ਇਥੇ ਸਨ, ਪਰ ਮੈਨੂੰ ਅਫਸੋਸ ਹੈ ਉਹ ਚਲੇ ਗਏ ਹਨ। ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਹੈ ਕਿ ਸਾਹਮਣੇ ਬੈਂਚਾਂ ਤੇ ਬੈਠੇ ਮਾਨਯੋਗ ਮੈਂਬਰ ਨੇ ਜੋ ਨਿਆਂਪਾਲਕਾ ਨਾਲ ਸਬੰਧਤ ਹਨ, ਇਕ ਵੀ ਸ਼ਬਦ ਉਦੋਂ ਵਿਰੋਧ ਵਿਚ ਨਹੀਂ ਕਿਹਾ ਜਦੋਂ ਕਿ ਉਨ੍ਹਾਂ ਸਾਹਮਣੇ ਹੀ ਇਸ ਮਾਨਯੋਗ ਸਦਨ ਵਿਚ ਸਬ ਜੱਜਾਂ ਦੀ ਨਿੰਦਾ ਹੋ ਰਹੀ ਸੀ।

ਸ੍ਰੀ ਬੀ. ਐਸ. ਕਾਮਤ: ਸ੍ਰੀਮਾਨ ਜੀ, ਇਸ ਨੁਕਤੇ ਤੇ ਆਉਣ ਤੋਂ ਪਹਿਲਾਂ ਮੈਂ ਇਹ ਜ਼ਰੂਰ ਕਹਾਂਗਾ ਕਿ ਕੀ ਇਸ ਵਿਸ਼ੇਸ਼ ਮੌਕੇ ਤੇ ਅਜੋਕੀ ਸ਼ਾਮ ਉਨ੍ਹਾਂ ਦੀ ਸੇਵਾ ਦੀ ਲੋੜ ਸੀ ਜਾਂ ਇਹ ਕੋਈ ਖ਼ੁਸ਼ਗਵਾਰ ਸੰਜੋਗ ਹੀ ਸੀ ਕਿ ਉਹ ਇਸ ਸਦਨ ਵਿਚ ਆ ਟਪਕੇ - ਮੈਨੂੰ ਸੱਚਾਈ ਨਾਲ ਕੋਈ ਸੰਬੰਧ ਨਹੀਂ - ਪਰ ਮੇਰੇ ਵਿਚਾਰ ਵਿਚ ਪਾਰਲੀਮਾਨੀ ਪ੍ਰਥਾ ਨੂੰ ਮੁੱਖ ਰੱਖਦਿਆਂ ਇਕ ਬੁਲਾਰੇ ਲਈ ਇਹ ਠੀਕ ਨਹੀਂ ਕਿ ਉਹ ਸਦਨ ਵਿਚੋਂ ਸਦਨ ਦੇ ਦੂਜੀ ਧਿਰ ਦੇ ਵਿਚਾਰ ਸੁਣਨ ਤੋਂ ਬਿਨਾਂ ਹੀ ਗ਼ਾਇਬ ਹੋ ਜਾਵੇ ਜਿਵੇਂ ਕਿ ਇਕ ਪੂਛਲ ਤਾਰਾ ਦਿਸਹੱਦੇ ਵਿਚ ਗ਼ਾਇਬ ਹੋ ਜਾਵੇ। ਇਹ ਪੂਰੀ ਤਰ੍ਹਾਂ ਪਾਰਲੀਮਾਨੀ ਵਿਹਾਰ ਅਤੇ ਚੰਗੇ ਖਿਡਾਰੀ ਦੀ ਭਾਵਨਾ ਦੇ ਵਿਰੁੱਧ ਹੈ।

ਸਨਿਚਰਵਾਰ, 11 ਫਰਵਰੀ, 1933.

*ਰਾਓ ਬਹਾਦਰ ਜੀ. ਕੇ. ਚਿਤੇਲ (ਜਿਲ੍ਹਾ ਅਹਿਮਦਨਗਰ): (ਵਿਵਸਥਾ ਦਾ ਪ੍ਰਸ਼ਨ ਉਠਾਉਂਦਿਆਂ ਹੋਇਆਂ) ਸ੍ਰੀਮਾਨ ਜੀ, ਮੇਰੇ ਮਾਨਯੋਗ ਮਿੱਤਰ ਡਾ. ਅੰਬੇਡਕਰ ਦਾ ਬ੍ਰਾਹਮਣ ਨਿਆਂਪਾਲਕਾ ਤੇ ਕੀਤਾ ਗਿਆ ਕਲ੍ਹ ਵਾਲਾ ਹਮਲਾ ਇਕ ਅਜਿਹੀ ਉਦਾਹਰਨ ਹੈ ਜਿੰਹੋ ਜਿਹੀ ਮੈਂ ਅੱਜ ਤੱਕ ਪਰਿਸ਼ਦ ਵਿਚ ਕਦੇ ਨਹੀਂ ਵੇਖੀ, ਭਾਵੇਂ ਉਹ ਬਾਰਾਂ ਵਰ੍ਹਿਆਂ ਤੋਂ ਇਸ ਅਧਿਕਾਰ ਦਾ ਪ੍ਰਯੋਗ ਕਰ ਰਹੇ ਹਨ। ਅਜਿਹੇ ਹਾਲਾਤ ਵਿਚ, ਜੇ ਇਕ ਸ਼੍ਰੇਣੀ ਨੂੰ ਬਦਨਾਮੀ ਦਾ ਟਿੱਕਾ ਲਾਉਣ ਦੀ ਖੁੱਲ੍ਹ ਹੈ ਤਾਂ ਮੇਰੇ ਵਿਚਾਰ ਵਿਚ ਇਹ ਧਿਰ - ਦੂਜੀ ਧਿਰ ਨੋਟ ਕਰ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 37, ਪੰਨੇ 339 - 40 ਮਿਤੀ 11 ਫਰਵਰੀ 1933.

ਲਵੇ – ਵੀ ਘਟ ਗਿਣਤੀਆਂ ਵਿਚੋਂ ਬਣੇ ਵਿਅਕਤੀਗਤ ਅਫ਼ਸਰਾਂ ਉਤੇ ਹਮਲਾ ਕਰਨ ਨੂੰ ਨਿਸ਼ਾਨਾ ਬਣਾ ਸਕਦੀ ਹੈ। ਇਸ ਲਈ, ਸ੍ਰੀਮਾਨ ਜੀ, ਮੈਂ ਸੋਚਦਾ ਹਾਂ ਕਿ ਅਜਿਹੇ ਮਾਮਲੇ ਤੇ ਆਦੇਸ਼ਾਤਮਕ ਹੁਕਮ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਮੈਨੂੰ ਇਹ ਵੇਖਕੇ ਦੁੱਖ ਹੋਇਆ ਸੀ ਕਿ ਸਰਕਾਰੀ ਬੈਂਚ ਜਿਨ੍ਹਾਂ ਦੇ ਹੱਥਾਂ ਵਿਚ ਨੌਕਰਾਂ ਦੀ ਇੱਜ਼ਤ ਹੈ ਉਹ ਪੂਰੀ ਤਰ੍ਹਾਂ ਚੁੱਪ ਸਨ।

ਮਾਨਯੋਗ ਸ੍ਰੀ ਆਰ. ਆਰ. ਭੀ. ਬੋਲ: ਸ੍ਰੀਮਾਨ ਜੀ, ਇਸ ਤੋਂ ਪਹਿਲਾਂ ਕਿ ਇਹ ਚਰਚਾ ਅੱਗੇ ਚੱਲੇ, ਜੇ ਕੋਈ ਬਹਿਸ ਇਸ ਉਤੇ ਹੋਣੀ ਹੈ ਤਾਂ ਮੇਰੇ ਵਿਚਾਰ ਵਿਚ ਹਾਊਸ ਨੂੰ ਉਨ੍ਹਾਂ ਸ਼ਬਦਾਂ ਦੀ ਠੀਕ ਠੀਕ ਜਾਣਕਾਰੀ ਹੋਣੀ ਚਾਹੀਦੀ ਹੈ ਜਿਹੜੇ ਮਾਨਯੋਗ ਮੈਂਬਰ ਡਾ. ਅੰਬੇਡਕਰ ਨੇ ਕਹੇ ਸਨ।

ਮੌਲਵੀ ਸਰ ਰਫ਼ੀਉਦੱਦੀਨ ਅਹਿਮਦ: ਕਿਉਂਕਿ ਇਹ ਬਹਿਸ ਮਾਨਯੋਗ ਮੈਂਬਰ ਡਾ. ਅੰਬੇਡਕਰ ਦੀ ਹਾਜ਼ਰੀ ਨਾਲ ਸਬੰਧਤ ਹੈ, ਇਸ ਲਈ ਇਹ ਬਹਿਸ ਉਦੋਂ ਕੀਤੀ ਜਾਵੇ ਜਦੋਂ ਉਹ ਹਾਜ਼ਰ ਹੋਣ ਤਾਂ ਹੀ ਠੀਕ ਰਹੇਗਾ।

ਮਾਨਯੋਗ ਪ੍ਰਧਾਨ: ਮਾਨਯੋਗ ਮੈਂਬਰ ਸਰ ਰਫ਼ੀਉਦੱਦੀਨ ਅਹਿਮਦ ਦੀ ਸਲਾਹ ਨਹੀਂ ਮੰਨੀ ਜਾ ਸਕਦੀ ਅਤੇ ਸਦਨ ਉਦੋਂ ਤੱਕ ਉਡੀਕ ਨਹੀਂ ਕਰ ਸਕਦਾ ਜਦੋਂ ਤੱਕ ਕਿ ਮਾਨਯੋਗ ਮੈਂਬਰ ਡਾਕਟਰ ਅੰਬੇਡਕਰ ਹਾਜ਼ਰ ਨਹੀਂ ਹੁੰਦੇ। ਹਾਂ, ਇਸ ਦੌਰਾਨ ਮੇਰੇ ਵਿਚਾਰ ਵਿਚ ਸਾਨੂੰ ਭਾਸ਼ਣ ਦੇ ਠੀਕ ਸ਼ਬਦ ਦਾ ਪਤਾ ਲਾ ਲੈਣਾ ਚਾਹੀਦਾ ਹੈ, ਤਾਂ ਹੀ ਸਦਨ ਇਸ ਤਰ੍ਹਾਂ ਜਾਂ ਉਸ ਤਰ੍ਹਾਂ ਨਿਰਣਾ ਲੈਣ ਦੀ ਸਹੀ ਹਾਲਤ ਵਿਚ ਹੋਵੇਗਾ। ਪੜ੍ਹਦਾ ਹੈ – ' ਕਲ੍ਹ ਜੋ ਕੁਝ ਕਿਹਾ ਗਿਆ ਸੀ ਉਸਦਾ ਵਿਵਰਣ ਕੀ ਹੈ '।

ਮਾਨਯੋਗ ਸ੍ਰੀ ਆਰ. ਭੀ. ਬੋਲ: ਪ੍ਰਧਾਨ ਜੀ, ਇਹ ਵੀ ਜ਼ਰੂਰ ਹੋ ਸਕਦਾ ਹੈ ਕਿ ਮਾਨਯੋਗ ਮੈਂਬਰ, ਡਾ. ਅੰਬੇਡਕਰ ਨੇ ਆਪਣੇ ਭਾਸ਼ਣ ਦੀ ਟਾਈਪ ਸ਼ੁਦਾ ਕਾਪੀ ਵੇਖੀ ਹੀ ਨਾ ਹੋਵੇ ਅਤੇ ਇਸ ਲਈ ਮਾਨਯੋਗ ਮੈਂਬਰ ਸ੍ਰੀ ਕਾਮਤ ਅਤੇ ਆਪ ਵਲੋਂ ਪ੍ਰਗਟ ਕੀਤੇ ਗਏ ਅਫ਼ਸੋਸ ਦਾ ਸ਼ਾਇਦ ਹੀ ਪੂਰਾ ਭਾਗੀ ਹੋ ਸਕੇ ਕਿਉਂਕਿ ਨਾ ਤਾਂ ਉਹ ਕਲ੍ਹ ਹਾਜ਼ਰ ਸਨ ਨਾਂ ਅੱਜ ਸਵੇਰੇ, ਤਾਂ ਜੋ ਉਹ ਇਹਨਾਂ ਸ਼ਬਦਾਂ ਦੇ ਠੀਕ ਹੋਣ ਦੀ ਵਿਆਖਿਆ ਦਾ ਅਵਸਰ ਪ੍ਰਾਪਤ ਕਰ ਸਕਣ।

ਤਦ ਹੀ ਉਹ ਸਫ਼ਾਈ ਪੇਸ਼ ਕਰ ਸਕਦੇ ਹਨ ਕਿਵੇਂ ' ਸਰਕਾਰ ਨੂੰ ਨਿਆਂਪਾਲਕਾ ਤੇ ਪੂਰਾ ਪੂਰਾ ਵਿਸ਼ਵਾਸ ਹੈ '।

ਮਾਨਯੋਗ ਪ੍ਰਧਾਨ: ਮੈਨੂੰ ਖੁਸ਼ੀ ਹੈ ਕਿ ਮਾਨਯੋਗ ਗਿਹ੍ ਮੈਂਬਰ ਨੇ ਬਿਆਨ ਦਿੱਤਾ ਹੈ ਕਿ ਮੈਂਬਰ ਦੇ ਪੂਰੇ ਬਿਆਨ ਦੇਣ ਤੋਂ ਬਾਅਦ ਸਦਨ ਨੂੰ ਹੋਰ ਵਿਚਾਰ ਅਧਿਕਾਰ ਦੀ ਲੋੜ ਨਹੀਂ।

ਹੁਣ ਮੈਂ ਇਹ ਵੀ ਕਹਾਂਗਾ ਕਿ ਇਹ ਕਿਸੇ ਵੀ ਵਿਭਾਗ ਜਾਂ ਸੇਵਾ ਦੇ ਪ੍ਰਤੀ ਇਤਰਾਜ਼ਯੋਗ ਜਾਂ ਅਸੰਸਦੀ ਹੈ। ਮੈਂ ਵਿਅਕਤੀਗਤ ਤੌਰ ਤੇ ਇਹ ਵਿਸ਼ਵਾਸ ਰੱਖਦਾ ਹਾਂ ਕਿ ਮਾਨਯੋਗ ਮੈਂਬਰ ਜਿਨ੍ਹਾਂ ਦਾ ਭਾਸ਼ਾ ਉਤੇ ਕਾਬੂ ਹੈ, ਜਾਂ ਉਹ ਇਹ ਵਿਸ਼ਵਾਸ ਰੱਖਦੇ ਹਨ ਕਿ ਉਨ੍ਹਾਂ ਵਿਚ ਪ੍ਰਗਟਾਉ

ਦਾ ਗੁਣ ਹੈ, ਇਸੇ ਸਮੇਂ ਆਪਣੇ ਗੁਣਾਂ ਤੇ ਮਾਣ ਕਰਦੇ ਹੋਏ ਜਿਥੋ ਤੱਕ ਕਿ ਅੱਗੇ ਜਾ ਸਕਦੇ ਹਨ ਉਸ ਤੋਂ ਅਗੇਰੇ ਜਾਣ ਅਤੇ ਬਾਅਦ ਵਿਚ ਵਿਰਲੇ ਵੇਲੇ ਅਫ਼ਸੋਸ ਕਰਦੇ ਰਹਿਣ। ਜਿਵੇਂ ਕਿ ਮਾਨਯੋਗ ਗ੍ਰਿਹ ਮੈਂਬਰ ਨੇ ਹੁਣੇ ਹੁਣੇ ਸਾਹਮਣੇ ਲਿਆਂਦਾ ਹੈ ਕਿ ਸ਼ਾਇਦ ਮਾਨਯੋਗ ਮੈਂਬਰ ਡਾਕਟਰ ਅੰਬੇਡਕਰ ਨੇ ਹਾਲੇ ਤਕ ਆਪਣੇ ਬਿਆਨ ਦਾ ਖਰੜਾ ਵੀ ਨਾ ਪੜ੍ਹਿਆ ਹੋਵੇ। ਜਦੋਂ ਉਹ ਪੜ੍ਹੇਗਾ, ਮੇਰੇ ਵਿਚਾਰ ਵਿਚ ਉਹ ਵੀ ਜ਼ਰੂਰ ਮਹਿਸੂਸ ਕਰੇਗਾ ਜਾਂ ਕਰਨਾ ਚਾਹੀਦਾ ਹੈ ਜਿਵੇਂ ਕਿ ਸਾਰਾ ਸਦਨ ਕਰ ਰਿਹਾ ਹੈ। ਮੈਂ ਆਪ ਇਸ ਸਦਨ ਦੇ ਮਾਨਯੋਗ ਮੈਂਬਰਾਂ ਨੂੰ ਚਿਤਾਵਨੀ ਦੇਵਾਂਗਾ ਕਿ ਬਹੁਤ ਹੀ ਮਾਨਯੋਗ ਤੇ ਆਦਰਯੋਗ ਨਿਆਂਪਾਲਕਾ ਜਿਹੀ ਸੇਵਾ ਨੂੰ ਪੂਰੀ ਤਰ੍ਹਾਂ ਮਾੜਾ ਕਹਿਣਾ ਬਹੁਤ ਹੀ ਅਸੰਸਦੀ ਹੈ। ਮੇਰੇ ਵਿਚਾਰ ਵਿਚ ਮਾਨਯੋਗ ਮੈਂਬਰ ਗਲਤੀ ਤੇ ਸੀ ਅਤੇ ਸਦਨ ਦੁਆਰਾ ਚੁਕਿਆ ਗਿਆ ਮਾਮਲਾ ਅਗੋਂ ਲਈ ਨਿਰਦੇਸ਼ਨ ਲਈ ਕਾਫ਼ੀ ਲਾਭਦਾਇਕ ਹੋਵੇਗਾ। ਮੈਂ ਦੋਹਾਂ ਧਿਰਾਂ, ਸਰਕਾਰੀ ਅਤੇ ਸਦਨ ਦੇ ਦੂਜੇ ਪੱਖ ਦੇ ਵਿਚਾਰਾਂ ਨਾਲ ਸਹਿਮਤ ਹਾਂ। (ਪ੍ਰਸੰਸਾ)।

III

* ਗ੍ਰਾਮ ਪੰਚਾਇਤਾਂ ਦੇ ਬਿਲ ਤੇ :

ਡਾ. ਅੰਬੇਡਕਰ ਦਾ ਬਿਆਨ : ਆਪਣੇ ਭਾਸ਼ਣ ਦੇ ਸੰਬੰਧ ਵਿਚ,

ਡਾ. ਬੀ. ਆਰ. ਅੰਬੇਡਕਰ : ਪ੍ਰਧਾਨ ਜੀ, ਵਿਵਸਥਾ ਦੇ ਪ੍ਰਸ਼ਨ ਦੀ ਵਿਆਖਿਆ ਕਰਨ ਬਾਰੇ ਮੈਨੂੰ ਆਪ ਦੀ ਆਗਿਆ ਦੀ ਬਹੁਤ ਲੋੜ ਹੈ ਜੋ ਕਿ ਮਾਨਯੋਗ ਮਿੱਤਰ ਰਾਓ ਬਹਾਦਰ ਚਿਤੇਲ ਦੁਆਰਾ ਪਿਛਲੇ ਸ਼ਨਿਚਰਵਾਰ ਦੀ ਸ਼ਾਮ ਨੂੰ ਉਠਾਇਆ ਗਿਆ ਸੀ ਤਾਂ ਜੋ ਮੈਂ ਉਨ੍ਹਾਂ ਕਥਨਾਂ ਦੀ ਉਚਿਤਤਾ ਬਾਰੇ ਦੱਸ ਸਕਾਂ ਜੋ ਕਿ ਮੈਂ ਆਪਣੇ ਮਾਨਯੋਗ ਮਿੱਤਰ ਸ੍ਰੀ ਮਿੱਠਾ ਦੀ ਸੋਧਨਾ ਸਬੰਧੀ ਆਪਣੇ ਪਿਛਲੇ ਸ਼ੁਕਰਵਾਰ ਦੇ ਭਾਸ਼ਣ ਵਿਚ ਕਹੇ ਸਨ.....ਸ੍ਰੀਮਾਨ ਜੀ, ਮੈਂ ਸ਼ਨਿਚਰਵਾਰ ਨੂੰ ਹੀ, ਜਦੋਂ ਕਿ ਇਹ ਨੁਕਤਾ ਉਠਾਇਆ ਗਿਆ ਸੀ ਇਸ ਦੀ ਵਿਆਖਿਆ ਦੇਣ ਲਈ ਉਤਾਵਲਾ ਸਾਂ। ਪਰ ਮੈਨੂੰ ਦਫ਼ਤਰੋਂ ਆਪਣੇ ਉਸ ਭਾਸ਼ਣ ਦੀਆਂ ਪ੍ਰਤੀਆਂ ਅਤੇ ਮਾਨਯੋਗ ਮੈਂਬਰਾਂ ਦੁਆਰਾ ਉਠਾਏ ਗਏ ਵਿਵਸਥਾ ਪ੍ਰਸ਼ਨ ਨਾਲ ਸਬੰਧਿਤ ਦਿਤੇ ਗਏ ਬਿਆਨ ਦੀਆਂ ਪ੍ਰਤੀਆਂ ਨਾ ਮਿਲ ਸਕੀਆਂ।

ਮੈਨੂੰ ਦਫ਼ਤਰੋਂ ਪਤਾ ਲੱਗਾ ਕਿ ਪਰਿਸ਼ਦ ਦੇ ਉਠਣ ਤੋਂ ਪਹਿਲਾਂ ਪ੍ਰਤੀ ਦਾ ਉਤਾਰਾ ਮੈਨੂੰ ਮਿਲਣਾ ਸੰਭਵ ਨਹੀਂ ਹੋਵੇਗਾ। ਇਸ ਦੇ ਫਲਸਰੂਪ ਮੈਨੂੰ ਮਜਬੂਰਨ ਆਪਣੀ ਵਿਆਖਿਆ ਅਜੋਕੇ ਕਾਲ ਤੱਕ ਅੱਗੇ ਪਾਉਣੀ ਪਈ।

ਮੈਨੂੰ ਬਹੁਤ ਅਫ਼ਸੋਸ ਹੈ ਕਿ ਬਿਨਾਂ ਮੇਰੇ ਤੋਂ ਪੁੱਛੇ ਵਿਵਸਥਾ ਪ੍ਰਸ਼ਨ ਉਠਾਇਆ ਗਿਆ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 37, ਪੰਨੇ 400 – 403, ਮਿਤੀ 13 ਫਰਵਰੀ, 1933

ਕਿ ਕੀ ਮੈਂ ਭਾਸ਼ਣ ਦੇ ਇਸ ਉਤਾਰੇ ਨੂੰ ਸਹੀ ਮੰਨਦਾ ਹਾਂ ਕਿ ਜੋ ਕੁੱਝ ਮੈਂ ਬਿਆਨਿਆ ਹੈ, ਇਹ ਉਸ ਦਾ ਸਹੀ ਰਿਕਾਰਡ ਹੈ। ਸ੍ਰੀਮਾਨ ਜੀ, ਮੈਂ ਪੂਰੀ ਨਿਮਰਤਾ ਨਾਲ ਆਖਦਾ ਹਾਂ ਕਿ ਨਿਆਂ ਦੇ ਮੁਢਲੇ ਸਿਧਾਂਤਾਂ ਵਿਚੋਂ ਇਹ ਇਕ ਹੈ ਕਿ ਤਦ ਤੱਕ ਕੋਈ ਪ੍ਰਣਾਮ ਨਹੀਂ ਕੱਖਿਆ ਜਾਣਾ ਚਾਹੀਦਾ ਜਦੋਂ ਤੱਕ ਕਿ ਪਹਿਲਾਂ ਉਨ੍ਹਾਂ ਘਟਨਾਵਾਂ ਨੂੰ ਯਕੀਨੀ ਨਾ ਬਣਾ ਲਿਆ ਜਾਵੇ ਜਿਸ ਉਤੇ ਉਹ ਆਧਾਰਿਤ ਹੈ। ਮੈਨੂੰ ਅਫ਼ਸੋਸ ਹੈ ਕਿ ਮੈਨੂੰ ਇਸ ਨਿਯਮ ਦਾ ਲਾਭ ਨਹੀਂ ਉਠਾਉਣ ਦਿੱਤਾ ਗਿਆ। ਮੇਰੇ ਮਾਨਯੋਗ ਮਿੱਤਰ ਸ੍ਰੀ ਕਾਮਤ ਦੁਆਰਾ ਦਿੱਤੀ ਗਈ ਦਲੀਲ ਦੇ ਆਧਾਰ ਤੇ ਦੱਸਿਆ ਗਿਆ ਸੀ ਕਿ ਭਾਸ਼ਣ ਦੇਣ ਦੇ ਤੁਰੰਤ ਬਾਦ ਸ਼ੁਕਰਵਾਰ ਨੂੰ ਅਚਾਨਕ ਚਲੇ ਜਾਣਾ ਪਾਰਲੀਮਾਨੀ ਵਿਚਾਰ ਦੇ ਨਿਯਮਾਂ ਦੀ ਉਲੰਘਣਾ ਸੀ ਤੇ ਮੈਂ ਸ਼ਿਸ਼ਟਤਾ ਦਾ ਹੱਕਦਾਰ ਨਹੀਂ ਸਾਂ। ਸ਼ਿਸ਼ਟਾਚਾਰ ਦੇ ਨਿਯਮਾਂ ਬਾਰੇ ਸਿਖਣ ਲਈ ਮਾਨਯੋਗ ਮੈਂਬਰ ਸ੍ਰੀ ਕਾਮਥ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਕਿ ਜਿਵੇਂ ਸਾਨੂੰ ਪਤਾ ਹੈ ਪੁਰਾਣੀ ਭਾਰਤੀ ਰਾਜਨੀਤੀ ਦਾ ਸਭ ਤੋਂ ਪੁਰਾਣਾ ਜਾਣਕਾਰ ਹੈ। ਆਜ਼ਾਦਾਨਾ ਵਿਚਾਰ ਵਾਲਿਆਂ ਵਿਚੋਂ ਜਿਸਦੇ ਵਾਲ ਪਾਰਲੀਮਾਨੀ ਜੀਵਨ ਵਿਚ ਚਿੱਟੇ ਹੋ ਗਏ ਹਨ। ਇਸ ਵਿਸ਼ੇਸ਼ ਵਿਚਾਰ ਤੇ ਉਹ ਨਿਯਮ ਜਿਨ੍ਹਾਂ ਦਾ ਸਹਾਰਾ ਲਿਆ ਗਿਆ ਹੈ ਲਾਗੂ ਹੀ ਨਹੀਂ ਹੁੰਦੇ। ਜੇ ਮੈਂ ਨਿਯਮ ਨੂੰ ਠੀਕ ਤਰ੍ਹਾਂ ਸਮਝਿਆ ਹੈ ਤਾਂ ਉਹ ਇਹ ਸ਼ਰਤ ਲਾਗੂ ਕਰਦਾ ਹੈ ਕਿ ਇਕ ਮੈਂਬਰ ਨੂੰ ਆਪਣੇ ਭਾਸ਼ਣ ਤੋਂ ਬਾਦ ਸਦਨ ਛੱਡ ਕੇ ਨਹੀਂ ਜਾਣਾ ਚਾਹੀਦਾ ਅਤੇ ਜਵਾਬ ਦੀ ਇੰਤਜ਼ਾਰ ਕਰਨੀ ਚਾਹੀਦੀ ਹੈ, ਪਰ ਇਹ ਨਿਯਮ ਤਦੋਂ ਹੀ ਲਾਗੂ ਹੁੰਦਾ ਹੈ ਜਦੋਂ ਕਿਸੇ ਮੈਂਬਰ ਨੇ ਆਪਣੇ ਭਾਸ਼ਣ ਦੇ ਦਰਮਿਆਨ ਕਿਸੇ ਹੋਰ ਮੈਂਬਰ ਤੇ ਵਿਅਕਤੀਗਤ ਤੌਰ ਤੇ ਹਮਲਾ ਕੀਤਾ ਹੋਵੇ। ਮੇਰੇ ਵਿਚਾਰ ਵਿਚ ਇਹ ਉਨ੍ਹਾਂ ਮਾਮਲਿਆਂ ਤੇ ਲਾਗੂ ਨਹੀਂ ਹੁੰਦਾ ਜਿਥੇ ਕਿ ਕਿਸੇ ਮੈਂਬਰ ਨੇ ਸਾਧਾਰਨ ਤੱਥਾਂ ਦੇ ਆਧਾਰ ਤੇ ਕੋਈ ਸਾਧਾਰਨ ਦਲੀਲ ਦਿੱਤੀ ਹੋਵੇ। ਜੇ ਇਉਂ ਇਸ ਦਾ ਵਿਸਤਾਰ ਕੀਤਾ ਗਿਆ ਤਾਂ ਹਰ ਮੈਂਬਰ ਨੂੰ ਜਿਸ ਨੇ ਵੀ ਵਾਦ-ਵਿਵਾਦ ਵਿਚ ਭਾਗ ਲਿਆ ਹੋਵੇ ਉਦੋਂ ਤਕ ਉਥੇ ਹਾਜ਼ਰ ਰਹਿਣਾ ਤੇ ਸੁਣਨਾ ਪਵੇਗਾ ਜਦੋਂ ਤਕ ਕਿ ਵਾਦ-ਵਿਵਾਦ ਚਲਦਾ ਰਹਿੰਦਾ ਹੈ। ਮੈਂ ਮਾਨਯੋਗ ਮੈਂਬਰ ਸ੍ਰੀ ਕਾਮਤ ਤੇ ਕੋਈ ਪ੍ਰਸ਼ਨ ਨਹੀਂ ਸੀ ਕੀਤਾ ਅਤੇ ਨਾ ਹੀ ਇਹੋ ਜਿਹਾ ਸਦਨ ਦੇ ਕਿਸੇ ਹੋਰ ਮਾਨਯੋਗ ਮੈਂਬਰ ਤੇ ਕੀਤਾ ਸੀ ਅਤੇ ਮੈਂ ਜਵਾਬ ਵਿਚ ਕੁਝ ਸੁਣਨਾ ਵੀ ਨਹੀਂ ਸੀ ਜਿਸ ਦੇ ਲਈ ਮੈਂ ਬਹਿਣ ਲਈ ਬੱਝਾ ਹੋਇਆ ਹੋਵਾਂ, ਕਿਉਂਕਿ ਮੈਂ ਕਿਸੇ ਹੋਰ ਜ਼ਰੂਰੀ ਕੰਮ ਜਾਣਾ ਸੀ। ਦੂਜਾ ਕਾਰਨ ਕਿ ਮੈਨੂੰ ਸੁਣਨ ਤੋਂ ਪਹਿਲਾਂ ਹੀ ਦੋਸ਼ੀ ਠਹਿਰਾਉਣ ਦਾ ਲਾਭ ਮੈਨੂੰ ਕਿਉਂ ਨਹੀਂ ਦਿੱਤਾ ਗਿਆ, ਇਹ ਸੀ ਕਿ ਮੈਂ ਪੂਰੇ ਸਮੇਂ ਦਾ ਮੈਂਬਰ ਨਹੀਂ ਸਾਂ ਅਤੇ ਕਿਸੇ ਨੂੰ ਪੱਕਾ ਪਤਾ ਨਹੀਂ ਕਿ ਮੈਂ ਉਥੇ ਕਦੋਂ ਹਾਜ਼ਰ ਹੋਵਾਂਗਾ? ਉਸ ਵਿਚ ਦਿੱਤੇ ਗਏ ਫ਼ੈਸਲੇ ਸਾਹਵੇਂ ਮੈਂ ਝੁਕਾਉਂਦਾ ਹਾਂ। ਮੈਂ ਸ਼ਾਇਦ ਇਹ ਗੱਲ ਮੰਨਦਾ ਹਾਂ ਕਿ ਮੈਂ ਹਾਜ਼ਰੀ ਦੀ ਅਨਿਯਮਿਤਤਾ ਹੁੰਦੇ ਹੋਏ ਵੀ ਹਾਜ਼ਰੀ ਵਿਚ ਨੇਮਬੱਧ ਹਾਂ ਅਤੇ ਉਪਯੋਗਤਾ ਸ਼ਬਦ ਦੇ ਪੱਖੋਂ ਮਿਣਦਿਆਂ ਜੋ ਕੰਮ ਵੀ ਮੈਂ ਇਸ ਸਦਨ ਦੇ ਮੈਂਬਰ ਹੋਣ ਦੇ ਨਾਤੇ ਇਸ ਹਾਊਸ ਦੇ ਅੰਦਰ ਜਾਂ ਬਾਹਰ ਕਰ ਸਕਿਆ ਹਾਂ ਉਹ ਕਿਸੇ ਨਾਲੋਂ ਵੀ ਘਟ ਨਹੀਂ। ਨੁਕਤਾ ਇਹ ਨਹੀਂ ਕਿ ਮੈਂ ਨੇਮਬੱਧ ਹਾਂ ਜਾਂ ਨਹੀਂ; ਨੁਕਤਾ ਤਾਂ ਮੇਰੇ ਵਿਚਾਰ

ਵਿਚ ਇਹ ਹੈ ਕਿ ਮਾਨਯੋਗ ਮੈਂਬਰ ਨੇ ਜਦੋਂ ਕਿ ਮੈਂ ਬੋਲ ਰਿਹਾ ਸਾਂ ਮੁੱਦੇ ਨੂੰ ਤੁਰੰਤ ਕਿਉਂ ਨਹੀਂ ਉਠਾਇਆ ? ਜੇ ਮੈਨੂੰ ਵਿਵਸਥਾ ਦਾ ਪ੍ਰਸ਼ਨ ਉਠਾਉਣ ਦੇ ਤਰੀਕੇ ਦਾ ਠੀਕ ਪਤਾ ਹੈ ਤਾਂ ਉਹ ਇਹ ਹੈ ਕਿ ਜਿਹੜਾ ਮੈਂਬਰ ਸ਼ਿਕਾਇਤ ਕਰਨਾ ਚਾਹੁੰਦਾ ਹੈ ਉਹ ਪ੍ਰਧਾਨ ਦਾ ਧਿਆਨ ਉਸੇ ਵੇਲੇ ਉਸ ਵਲ ਦਿਵਾਵੇ ਜਦੋਂ ਕਿ ਵਿਵਸਥਾ ਦੇ ਨਿਯਮ ਦੀ ਉਲੰਘਣਾ ਹੋਈ ਹੈ। ਇਸ ਲਈ ਮੇਰੇ ਮਨ ਨੂੰ ਇਹ ਗੱਲ ਅਜੀਬ ਲੱਗੀ ਹੈ ਕਿ ਪੀੜਿਤ ਧਿਰ ਨੇ ਉਸ ਵੇਲੇ ਕੁਝ ਵੀ ਨਹੀਂ ਕੀਤਾ, ਰਾਤ ਸੁੱਤੀ ਰਹੀ ਅਤੇ ਅਗਲੀ ਸਵੇਰ ਬਿਨਾਂ ਨੋਟਿਸ ਦਿਤੇ ਹੀ ਆਪਣਾ ਗੁਬਾਰ ਕੱਢਣਾ ਆਰੰਭ ਕਰ ਦਿੱਤਾ ਅਤੇ ਇਹ ਸ਼ਿਕਾਇਤ ਕੀਤੀ ਕਿ ਭਗੌੜਾ ਬਾਕਸ ਵਿਚ ਹਾਜ਼ਰ ਨਹੀਂ। ਮਾਨਯੋਗ ਮੈਂਬਰ ਲਈ ਇਕ ਠੀਕ ਤੇ ਸਾਫ਼ ਢੰਗ ਇਹ ਸੀ ਕਿ ਉਹ ਉਸੇ ਵੇਲੇ ਵਿਵਸਥਾ ਪ੍ਰਸ਼ਨ ਉਠਾਉਂਦਾ ਜਦੋਂ ਕਿ ਮੈਂ ਬੋਲ ਰਿਹਾ ਸਾਂ ਜਾਂ ਸੋਭਾ ਲਈ ਉਸਨੂੰ ਨੋਟਿਸ ਦੇਣਾ ਜ਼ਰੂਰੀ ਸੀ। ਵਿਵਸਥਾ ਪ੍ਰਸ਼ਨ ਦੇ ਬਾਰੇ ਮੈਂ ਦਸਦਾ ਹਾਂ ਤੇ ਮੈਂ ਨਹੀਂ ਮੰਨਦਾ ਕਿ ਮੈਂ ਜੋ ਕੁਝ ਕਿਹਾ ਹੈ ਪ੍ਰਤੀਲਿਪੀ ਉਸ ਦਾ ਸਹੀ ਰਿਕਾਰਡ ਹੈ।

ਪ੍ਰਤੀਲਿਪੀ, (ਜਿਵੇਂ ਕਿ ਉਹ ਹੈ), ਦੇ ਪੜ੍ਹਨ ਤੋਂ ਪਤਾ ਲਗਦਾ ਹੈ ਜਿਵੇਂ ਕਿ ਮੈਂ ਸਾਰੀ ਦੀ ਸਾਰੀ ਨਿਆਂਪਾਲਕਾ ਨੂੰ ਪੂਰੀ ਤਰ੍ਹਾਂ ਦੋਸ਼ੀ ਠਹਿਰਾ ਰਿਹਾ ਹਾਂ ਜਿਹੜਾ ਕਿ ਮੇਰਾ ਮੰਤਵ ਜਾਂ ਇਰਾਦਾ ਮੂਲੋਂ ਹੀ ਨਹੀਂ ਸੀ। ਉਤਾਰਾ ਇਉਂ ਹੈ:

"ਇਕ ਬ੍ਰਾਹਮਣ ਜੱਜ ਜਦੋਂ ਉਹ ਇਕ ਅਜਿਹੇ ਮਾਮਲੇ ਦਾ ਫ਼ੈਸਲਾ ਕਰਨ ਬੈਠਦਾ ਹੈ ਜਿਸ ਵਿਚ ਦੋਸ਼ੀ ਤੇ ਮੁੱਦਾਲਾ ਦੋਵੇਂ ਹੀ ਬ੍ਰਾਹਮਣ ਹੋਣ, ਉਹ ਕੇਵਲ ਇਕ ਜੱਜ ਦੇ ਰੂਪ ਵਿਚ ਹੀ ਫ਼ੈਸਲਾ ਕਰਦਾ ਹੈ" ... ਇਤਿਆਦਿ। ਇਹ ਠੀਕ ਨਹੀਂ, ਮੈਂ ਉਸ ਮਾਮਲੇ ਦੀ ਗੱਲ ਨਹੀਂ ਛੇੜੀ ਜਿਸ ਵਿਚ ਝਗੜੇ ਦੇ ਦੋਵੇਂ ਧਿਰ ਬ੍ਰਾਹਮਣ ਹੋਣ। ਮੈਂ ਉਨ੍ਹਾਂ ਝਗੜਿਆਂ ਵੱਲ ਇਸ਼ਾਰਾ ਕਰ ਰਿਹਾ ਸੀ ਜਿਨ੍ਹਾਂ ਵਿਚ ਧਿਰਾਂ ਬ੍ਰਾਹਮਣ ਤੇ ਗ਼ੈਰ ਬ੍ਰਾਹਮਣ ਹੋਣ। ਅਤੇ ਫਿਰ ਸ਼ਬਦ "ਬਿਨਾਂ ਕਿਸੇ ਸੰਪ੍ਰਦਾਇਕ ਪੱਖਪਾਤ ਦੇ" ਸ਼ਬਦਾਂ ਤੋਂ ਬਾਅਦ "ਕੇਵਲ ਇਕ ਜੱਜ ਦੇ ਰੂਪ ਵਿਚ ਫ਼ੈਸਲਾ ਕਰਦਾ ਹੈ" ਛੁੱਟ ਗਏ ਹਨ। ਦੂਜੇ, ਮੇਰੇ ਦੋ ਅਯੋਗਤਾ ਵਾਲੇ ਮਹੱਤਵਪੂਰਨ ਸ਼ਬਦ ਵਾਕ ਵਿਚੋਂ ਛੱਡ ਦਿੱਤੇ ਗਏ ਹਨ :

"ਕਿ ਨਿਆਂਪਾਲਿਕਾ ਨੇ ਆਪਣੀ ਸਥਿਤੀ ਦਾ ਬੁਰੀ ਤਰ੍ਹਾਂ ਦੁਰਉਪਯੋਗ ਕੀਤਾ ਹੈ"

ਜੋ ਮੈਂ ਕਿਹਾ ਸੀ ਉਹ ਇਹ ਸੀ ਕਿ ਨਿਆਂਪਾਲਕਾ ਨੇ ਅਜਿਹੇ ਮਾਮਲਿਆਂ ਵਿਚ ਆਪਣੀ ਸਥਿਤੀ ਦਾ ਦੁਰਉਪਯੋਗ ਕੀਤਾ ਹੈ। ਇਹਨਾਂ ਸ਼ੁੱਧੀਆਂ ਤੋਂ ਬਾਅਦ ਇਹ ਸਪਸ਼ਟ ਹੋ ਜਾਵੇਗਾ ਕਿ ਮੇਰਾ ਇਰਾਦਾ ਪੂਰੀ ਦੀ ਪੂਰੀ ਨਿਆਂਪਾਲਿਕਾ ਨੂੰ ਦੋਸ਼ੀ ਠਹਿਰਾਉਣ ਦਾ ਨਹੀਂ ਸੀ ਤੇ ਨਾ ਹੀ ਉਸ ਦੇ ਵਿਹਾਰ ਤੇ ਕੋਈ ਫ਼ੈਸਲਾ ਦੇਣ ਦਾ ਮੇਰਾ ਇਰਾਦਾ ਸੀ। ਦੂਜੇ, ਨਾ ਹੀ ਨਿਆਂਪਾਲਿਕਾ ਦੀ ਸੇਵਾ ਵਿਚ ਲੱਗੇ ਕਿਸੇ ਬ੍ਰਾਹਮਣ ਪ੍ਰਤੀ ਪੁੱਠੇ ਸ਼ਬਦ ਆਖਣ ਦਾ ਮੇਰਾ ਕੋਈ ਇਰਾਦਾ ਸੀ। ਵਾਸਤਵ ਵਿਚ ਮੈਂ ਹੋਰ ਅਗੇਰੇ ਹੁੰਦਿਆਂ ਇਹ ਕਹਾਂਗਾ ਕਿ ਜਦੋਂ ਮੈਂ ਬ੍ਰਾਹਮਣ ਨਿਆਂਪਾਲਿਕਾ ਦੀ ਗੱਲ ਕੀਤੀ ਤਾਂ ਉਹਨਾਂ ਨੂੰ ਵੱਖਰੇ ਤੌਰ ਤੇ ਨਿੰਦਣ

ਦੇ ਮੇਰਾ ਕੋਈ ਵਿਚਾਰ ਨਹੀਂ ਸੀ। ਮੈਂ ਸਮੱਸਿਆ ਨੂੰ ਸਾਧਾਰਨ ਰੂਪ ਵਿਚ ਹੀ ਲੈ ਰਿਹਾ ਸਾਂ ਅਤੇ ਬ੍ਰਾਹਮਣ ਕੇਵਲ ਉਦਾਹਰਨ ਦੇਣ ਲਈ ਹੀ ਵਰਤਿਆ ਸੀ। ਇਹ ਇਸ ਗੱਲ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪਣੇ ਭਾਸ਼ਣ ਦੇ ਅੰਤ ਵਿਚ ਮੈਂ ਨਿਆਂਪਾਲਿਕਾ ਬਾਰੇ ਸਾਧਾਰਨ ਰੂਪ ਵਿਚ ਬੋਲਿਆ ਹਾਂ, ਬਿਨਾਂ ਕਿਸੇ ਵਿਸ਼ੇਸ਼ੀਕਰਨ ਦੇ ਜਾਂ ਕਿਸੇ ਤੱਤ ਨੂੰ ਵੱਖਰਾ ਕਰਨ ਦੇ। ਇਸ ਲਈ ਮਹੱਤਵਪੂਰਨ ਦਲੀਲ ਉਹ ਹੈ ਜੋ ਮੈਂ ਆਪਣੇ ਉਦੇਸ਼ ਦੀ ਪੂਰਤੀ ਲਈ ਪ੍ਰਯੋਗ ਕਰ ਰਿਹਾ ਸਾਂ ਅਤੇ ਮੇਰੇ ਲਈ ਸਮੁੱਚੀ ਨਿਆਂਪਾਲਿਕਾ ਨੂੰ ਦੋਸ਼ੀ ਠਹਿਰਾਉਣਾ ਜਾਂ ਕਿਸੇ ਵਿਸ਼ੇਸ਼ ਤੱਤ ਨੂੰ ਵੱਖਰੇ ਰੂਪ ਵਿਚ ਸਾਹਮਣੇ ਲਿਆਉਣਾ ਵਿਅਰਥ ਸੀ।

ਮੈਂ ਮਾਨਯੋਗ ਮੈਂਬਰ ਰਾਓ ਬਹਾਦਰ ਚਿਤੇਲ ਵਲੋਂ ਉਠਾਏ ਗਏ ਪ੍ਰਸ਼ਨ ਦਾ ਉੱਤਰ ਦੇ ਰਿਹਾ ਸਾਂ ਕਿ ਨਿਆਂਪਾਲਿਕਾ ਦਾ ਝੁਕਾਅ ਸੰਪ੍ਰਦਾਇਕ ਹੈ ਜਾਂ ਨਹੀਂ। ਉਸ ਦੇ ਪ੍ਰਤੀ ਮੇਰਾ ਉੱਤਰ ਇਹ ਸੀ ਕਿ ਸਾਡੀ ਸਮਾਜਿਕ ਵਿਵਸਥਾ ਦੇ ਫਲਸਰੂਪ ਅਸੀਂ ਸੰਪ੍ਰਦਾਇਕ ਝੁਕਾਅ ਅਧੀਨ ਰਹਿ ਰਹੇ ਹਾਂ ਅਤੇ ਉਦਾਹਰਨ ਵਜੋਂ ਮੈਂ ਬ੍ਰਾਹਮਣ ਜੱਜ ਬੋਲਿਆ ਸੀ ਕਿਉਂਕਿ ਮੈਂ ਇਕ ਵਿਰੋਧੀ ਦੇ ਪ੍ਰਸ਼ਨ ਦਾ ਉੱਤਰ ਦੇ ਰਿਹਾ ਸਾਂ ਜੋ ਕਿ ਸੰਜੋਗਵਸ ਬ੍ਰਾਹਮਣ ਸੀ। ਜੇ ਮੇਰਾ ਵਿਰੋਧੀ ਗ਼ੈਰ-ਬ੍ਰਾਹਮਣ ਜਾਂ ਮੁਸਲਮਾਨ ਹੁੰਦਾ ਤਾਂ ਮੈਨੂੰ ਉਹਨਾਂ ਦਾ ਹਵਾਲਾ ਦਿੰਦਿਆਂ ਵੀ ਕੋਈ ਝਿਜਕ ਨਾ ਹੁੰਦੀ। ਸ੍ਰੀਮਾਨ ਜੀ, ਮੈਨੂੰ ਨਹੀਂ ਪਤਾ, ਸ਼ਾਇਦ ਤੁਸੀਂ ਸੋਚਦੇ ਹੋਵੋ, ਕਿ ਮੇਰਾ ਕਥਨ ਕਿ ਨਿਆਂਪਾਲਿਕਾ ਸੰਪ੍ਰਦਾਇਕ ਝੁਕਾਅ ਦਾ ਪ੍ਰਦਰਸ਼ਨ ਕਰਦੀ ਹੈ, .ਗਲਤ ਹੈ। ਮੈਂ ਇਸ ਨੂੰ ਆਪ ਉੱਤੇ ਅਤੇ ਸਦਨ ਉੱਤੇ ਹੀ ਛੱਡ ਦਿੰਦਾ ਹਾਂ। ਸਿਰਫ਼ ਜੋ ਮੈਂ ਕਹਾਂਗਾ ਉਹ ਇਹ ਹੈ ਕਿ ਇਹ ਇਕ ਨਿਆਂ ਪੂਰਬਕ ਵਾਕ ਹੈ ਜਿਹੜਾ ਕਿ ਜ਼ਾਬਤਾ ਫੌਜਦਾਰੀ ਦੁਆਰਾ ਪ੍ਰਵਾਨਿਤ ਹੈ। ਸਾਡੇ ਜ਼ਾਬਤਾ ਫੌਜਦਾਰੀ ਵਿਚ ਇਕ ਧਾਰਾ ਹੈ ਜੋ ਧਿਰਾਂ ਨੂੰ ਇਸ ਲਈ ਮੁਕੱਦਮੇ ਦੀ ਬਦਲੀ ਦੀ ਮੰਗ ਦੀ ਆਗਿਆ ਦਿੰਦੀ ਹੈ ਕਿਉਂ ਜੋ ਜੱਜ ਪੱਖਪਾਤੀ ਹੈ। ਸਾਡੇ ਜ਼ਾਬਤਾ ਫੌਜਦਾਰੀ ਸੰਘਤਾ ਵਿਚ ਇਕ ਉਪਬੰਧ ਹੈ ਜਿਸ ਅਧੀਨ ਜੱਜ ਨੂੰ ਅਜਿਹੇ ਮੁਕੱਦਮੇ ਲੈਣ ਤੋਂ ਰੋਕਿਆ ਜਾ ਸਕਦਾ ਹੈ ਜਿਸ ਵਿਚ ਉਸਦਾ ਹਿੱਤ ਹੈ। ਦੂਜੇ, ਇਹ ਵਿਚਾਰ ਕਿ ਨਿਆਂਪਾਲਿਕਾ ਪੱਖਪਾਤੀ ਹੁੰਦੀ ਹੈ, ਸੰਪ੍ਰਦਾਇਕ ਪ੍ਰਕਾਰ ਦੇ ਮਾਮਲਿਆਂ ਵਿਚ ਸੰਪ੍ਰਦਾਇਕ ਪੱਖਪਾਤੀ ਝੁਕਾਅ ਦਾ ਪ੍ਰਦਰਸ਼ਨ ਕਰ ਸਕਦੀ ਹੈ, ਜਿਸ ਨੂੰ ਕਿ ਬਿਲ ਆਪ ਮੰਨਦਾ ਹੈ। ਬਹੁਤ ਸਾਰੇ ਮਾਨਯੋਗ ਮੈਂਬਰਾਂ ਨੂੰ ਇਹ ਯਾਦ ਹੋਵੇਗਾ ਕਿ ਮੁੱਢ ਵਿਚ ਬਿਲ ਇਸ ਸਿਧਾਂਤ ਤੇ ਆਧਾਰਿਤ ਸੀ ਕਿ ਪਿੰਡ ਦੀ ਸਾਰੀ ਪੰਚਾਇਤ ਚੁਣੀ ਹੋਈ ਹੋਵੇਗੀ। ਪਹਿਲੀ ਪੜ੍ਹਤ ਦੇ ਦੌਰਾਨ ਮੈਂ ਜ਼ੋਰ ਦਿੱਤਾ ਸੀ ਕਿ ਨਿਆਂਪਾਲਿਕਾ ਨੂੰ ਇਸ ਸਿਧਾਂਤ ਤੇ ਆਧਾਰਿਤ ਕਰਨਾ ਠੀਕ ਨਹੀਂ ਅਤੇ ਮੇਰਾ ਵਿਸ਼ਵਾਸ ਹੈ ਕਿ ਇਸਦੇ ਉੱਤਰ ਵਿਚ ਇਸਭਾਗ ਵਿਚ ਤਬਦੀਲੀ ਲਿਆਂਦੀ ਗਈ ਸੀ ਕਿ ਨਿਆਂਪਾਲਿਕਾ ਦੀ ਨਾਮਜ਼ਦਗੀ ਹੋਵੇ। ਸ੍ਰੀਮਾਨ ਜੀ, ਮੈਂ ਇਸ ਨੂੰ ਸਬੂਤ ਮੰਨਦਾ ਹਾਂ ਕਿ ਇਥੇ ਸੰਪ੍ਰਦਾਇਕ ਪੱਖਪਾਤ ਹੈ। ਅੰਤ ਵਿਚ ਮਾਨਯੋਗ ਮੈਂਬਰ, ਜਿਨ੍ਹਾਂ ਨੇ ਵਿਵਸਥਾ ਦਾ ਪ੍ਰਸ਼ਨ ਉਠਾਇਆ ਸੀ ਤੇ ਜੋ ਕੁਝ ਮੈਂ ਆਪਣੇ ਵਿਵਸਥਾ ਦੇ ਪ੍ਰਸ਼ਨ ਦੇ ਭਾਸ਼ਣ ਵਿਚ ਕਿਹਾ ਹੈ, ਉਹ ਮੰਨ ਗਏ ਹਨ ਕਿ ਉਨ੍ਹਾਂ ਮਾਨਯੋਗ ਗ੍ਰਿਹ ਮੈਂਬਰ ਨੂੰ ਹੇਠਲਿਆਂ

ਅਸ਼ੁਭ ਸ਼ਬਦਾਂ ਨਾਲ ਧਮਕਾਇਆ ਸੀ :

"ਜੇ ਮਾਨਯੋਗ ਗ੍ਰਿਹ ਮੈਂਬਰ ਮੇਰੇ ਨਾਲੋਂ ਸਬੰਧ ਨਹੀਂ ਤੋੜਦਾ ਤਾਂ ਮਾਨਯੋਗ ਮੈਂਬਰ ਘਟ ਗਿਣਤੀਆਂ ਵਿਚੋਂ ਆਉਣ ਵਾਲੇ ਅਫ਼ਸਰਾਂ ਤੇ ਵਿਅਕਤੀਗਤ ਤੌਰ ਤੇ ਹਮਲਾ ਕਰਨਾ ਆਪਣਾ ਨਿਸ਼ਾਨਾ ਬਣਾ ਲਵੇਗਾ" –

ਅਜਿਹੀ ਖੇਡ ਜਿਹੜੀ ਉਹ ਖੇਡ ਨਹੀਂ ਸਕਿਆ – ਉਦੋਂ ਤੱਕ ਕਿ ਉਸ ਨੂੰ ਮੇਰੀ ਆਖੀ ਹੋਈ ਗੱਲ ਦੀ ਹੋਂਦ ਦਾ ਯਕੀਨ ਨਹੀਂ ਸੀ ਹੋ ਜਾਂਦਾ। ਜਿਹੜੀ ਗੱਲ ਦਾ ਮੇਰੇ ਮਾਨਯੋਗ ਮਿੱਤਰ ਨੂੰ ਦੁੱਖ ਹੈ, ਉਹ ਮੇਰਾ ਉਠਾਇਆ ਨੁਕਤਾ ਨਹੀਂ, ਮੇਰੀ ਦਿੱਤੀ ਵਿਸ਼ੇਸ਼ ਉਦਾਹਰਨ ਹੈ। ਜੇ ਮੈਂ ਆਪਣਾ ਨੁਕਤਾ ਕਿਸੇ ਮੁਸਲਮਾਨ ਜਾਂ ਗ਼ੈਰ-ਬ੍ਰਾਹਮਣ ਦਾ ਨਾਂ ਲੈ ਕੇ ਉਠਾਇਆ ਹੁੰਦਾ ਤਾਂ ਵਿਵਸਥਾ ਦਾ ਇਹ ਪ੍ਰਸ਼ਨ ਸ਼ਾਇਦ ਕਦੇ ਉਠਦਾ ਹੀ ਨਾਂ, ਸਗੋਂ ਸ਼ਾਇਦ ਮੇਰੀ ਭਰਪੂਰ ਪ੍ਰਸ਼ੰਸਾ ਹੁੰਦੀ। ਕੇਵਲ ਇਹੀ ਕੁਝ ਮੈਂ ਕਹਿਣਾ ਹੈ।

13 ਫਰਵਰੀ 1933 ਨੂੰ ਡਾ. ਅੰਬੇਡਕਰ ਦੁਆਰਾ ਦਿੱਤੇ ਗਏ ਬਿਆਨ ਤੋਂ ਬਾਦ ਮਾਨਯੋਗ ਪ੍ਰਧਾਨ ਨੇ ਅੰਬੇਡਕਰ ਦੇ ਭਾਸ਼ਣ ਤੇ ਕੀਤੀ ਗਈ ਨੁਕਤਾਚੀਨੀ ਬਾਰੇ ਦੱਸਿਆ, ਕੌਂਸਲ ਦੇ ਵਿਹਾਰ ਪ੍ਰਤੀ ਵਾਦ-ਵਿਵਾਦ ਕੀਤਾ, ਭਾਸ਼ਣ ਦੇ ਗੁਣਾਂ ਬਾਰੇ ਦੱਸਿਆ ਅਤੇ ਅੰਤ ਵਿਚ ਕਿਹਾ :

"ਮੈਂ ਇਸਤੋਂ ਇਲਾਵਾ ਹੋਰ ਕੁਝ ਨਹੀਂ ਕਹਿਣਾ। ਮਾਨਯੋਗ ਮੈਂਬਰ ਦੁਆਰਾ ਦਿੱਤਾ ਗਿਆ ਸਪੱਸ਼ਟੀਕਰਨ ਪ੍ਰਵਾਨ ਕਰ ਲਿਆ ਜਾਵੇ ਕਿ ਉਸਦਾ ਭਾਵ ਨਿਆਂਪਾਲਿਕਾ ਨੂੰ ਪੂਰੇ ਤੌਰ ਤੇ ਨਿੰਦਣਾ ਨਹੀਂ ਸੀ ਪਰ ਉਹ ਕੇਵਲ ਇਹੀ ਸਾਹਮਣੇ ਲਿਆਉਣਾ ਚਾਹੁੰਦੇ ਸਨ ਕਿ ਅਜਿਹੀਆਂ ਉਦਾਹਰਨਾਂ ਹਨ ਜਿਥੇ ਨਿਆਂ ਦੀਆਂ ਅਦਾਲਤਾਂ ਵਿਚ ਸੰਪ੍ਰਦਾਇਕ ਝੁਕਾਅ ਦਿਖਾਈ ਦਿੱਤਾ ਹੈ।"

IV

✡ ਗ੍ਰਾਮ ਪੰਚਾਇਤ ਬਿਲ

ਡਾ. ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਕੀ ਤੁਸੀਂ ਸਪੱਸ਼ਟ ਕਰੋਗੇ ? ਜੋ ਕੁਝ ਤੁਸਾਂ ਕਿਹਾ ਹੈ, ਮੈਂ ਸਮਝ ਨਹੀਂ ਸਕਿਆ। ਮੈਂ ਸਮਝਿਆ ਸੀ ਕਿ ਤੁਸਾਂ ਕਿਹਾ ਹੈ ਕਿ ਬਿੱਲ ਦੀ ਤੀਜੀ ਪੜ੍ਹਤ ਵੇਲੇ ਕੋਈ ਵੀ ਮਾਨਯੋਗ ਮੈਂਬਰ ਕਿਸੇ ਅਜਿਹੇ ਨੁਕਤੇ ਦਾ ਵਿਰੋਧ ਨਹੀਂ ਕਰ ਸਕਦਾ ਜੋ ਪਹਿਲਾਂ ਨਾ ਉਠਾਇਆ ਗਿਆ ਹੋਵੇ ਅਤੇ ਜਾਂ ਉਹ ਨੁਕਤਾ ਦੂਜੀ ਪੜ੍ਹਤ ਸਮੇਂ ਅਸਵੀਕਾਰ ਹੋ ਗਿਆ ਹੋਵੇ। ਕੀ ਮੈਂ ਠੀਕ ਹਾਂ ? ਜੇ ਇਕ ਨੁਕਤਾ ਦੂਜੀ ਪੜ੍ਹਤ ਸਮੇਂ ਨਹੀਂ ਸੀ ਉਠਾਇਆ ਗਿਆ ਜਾਂ ਦੂਜੀ ਪੜ੍ਹਤ ਵੇਲੇ ਕਿਸੇ ਵਿਸ਼ੇਸ਼ ਮੁੱਦੇ ਤੇ ਕੋਈ ਵਿਸ਼ੇਸ਼ ਮੈਂਬਰ ਜਾਂ ਘੱਟ ਗਿਣਤੀ ਇਸ ਹਾਊਸ ਵਿਚ ਹਾਰ ਚੁੱਕੀ ਹੋਵੇ ਤਾਂ ਉਹੀ ਘੱਟ ਗਿਣਤੀ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 37, ਪੰਨੇ 2197–98, 24 ਮਾਰਚ 1933.

ਮੁੜ ਉਸੇ ਮੁੱਦੇ ਨੂੰ ਤੀਜੀ ਪੜ੍ਹਤ ਸਮੇਂ ਨਹੀਂ ਉਠਾ ਸਕਦੀ। ਕੀ ਸ੍ਰੀਮਾਨ ਜੀ, ਇਹੋ ਹੀ ਗੱਲ ਹੈ ਨਾ?

ਮਾਨਯੋਗ ਪ੍ਰਧਾਨ : ਨਹੀਂ, ਨਹੀਂ। ਜਦੋਂ ਮੈਂ ਪਹਿਲੀ ਵਾਰੀ ਸਮਾਂ ਆਉਣ ਤੇ ਕੁਝ ਦਿਨ ਪਹਿਲਾਂ ਫ਼ੈਸਲਾ ਦਿੱਤਾ ਤਾਂ ਇਹ ਮਾਨਯੋਗ ਮੈਂਬਰ ਇਥੇ ਨਹੀਂ ਸਨ। ਉਸਦੇ ਲਾਭ ਹਿੱਤ ਮੈਂ ਇਹ ਦੁਹਰਾਵਾਂਗਾ। ਸੰਵਿਧਾਨਕ ਵਕੀਲ ਹੋਣ ਦੇ ਨਾਤੇ ਮਾਨਯੋਗ ਮੈਂਬਰ ਨੂੰ ਪਤਾ ਹੈ ਕਿ ਬਿਲ ਦੀਆਂ ਤਿੰਨ ਪੜ੍ਹਤਾਂ ਹੁੰਦੀਆਂ ਹਨ। ਪਹਿਲੀ ਪੜ੍ਹਤ, ਪਹਿਲੀ ਸਟੇਜ ਹੁੰਦੀ ਹੈ ਜਦੋਂ ਬਿਲ ਦੇ ਸਿਧਾਂਤ ਤੇ ਬਹਿਸ ਹੁੰਦੀ ਹੈ। ਇਸ ਤੋਂ ਬਾਦ ਜੇ ਬਿਲ ਕਿਸੇ ਸਿਲੈਕਟ ਕਮੇਟੀ ਦੇ ਹਵਾਲੇ ਕੀਤਾ ਜਾਵੇ, ਤਾਂ, ਸਦਨ ਸਿਲੈਕਟ ਕਮੇਟੀ ਵਲੋਂ ਬਿਲ ਵਾਪਸ ਆਉਣ ਤੇ ਉਸ ਉਤੇ ਬਹਿਸ ਕਰਨ ਦੀ ਸਥਿਤੀ ਵਿਚ ਹੁੰਦਾ ਹੈ ਜਾਂ ਜੇ ਇਸ ਨੂੰ ਸਿਲੈਕਟ ਕਮੇਟੀ ਦੇ ਹਵਾਲੇ ਨਾ ਵੀ ਕੀਤਾ ਜਾਵੇ ਤਾਂ ਦੂਜੀ ਪੜ੍ਹਤ ਸਮੇਂ ਬਿਲ ਦੀ ਇਕ ਇਕ ਧਾਰਾ ਲਈ ਜਾਂਦੀ ਹੈ ਤੇ ਤਬਦੀਲੀਆ ਕੀਤੀਆਂ ਜਾਂਦੀਆਂ ਹਨ। ਮਾਨਯੋਗ ਮੈਂਬਰਾਂ ਨੇ ਜੋ ਵੀ ਕਦਮ ਚੁੱਕਣੇ ਹੁੰਦੇ ਹਨ ਇਸ ਦੂਜੀ ਪੜ੍ਹਤ ਸਮੇਂ ਚੁੱਕ ਲੈਂਦੇ ਹਨ। ਹੁਣ ਕੁਝ ਹੋਰ ਅਜਿਹੇ ਮੈਂਬਰ ਹੋ ਸਕਦੇ ਹਨ ਜਿਵੇਂ ਕਿ ਮਾਨਯੋਗ ਮੈਂਬਰ ਆਪ ਹਨ। ਉਹ ਬਿਲ ਦੀ ਦੂਜੀ ਪੜ੍ਹਤ ਦੇ ਪੂਰੇ ਦੇ ਪੂਰੇ ਸਮੇਂ ਹਾਜ਼ਰ ਨਹੀਂ ਸਨ। ਹੁਣ ਉਹ ਤੀਜੀ ਪੜ੍ਹਤ ਸਮੇਂ ਆਏ ਹਨ। ਉਹ ਬਿਲ ਦਾ ਵਿਰੋਧ ਕਰ ਸਕਦੇ ਹਨ। ਜੇ ਬਿਲ ਪਹਿਲੀ ਤੋਂ ਦੂਜੀ ਪੜ੍ਹਤ ਤੱਕ ਪੁੱਜਦਿਆਂ ਇਕ ਇਕ ਕਲਾਜ਼ ਦੇ ਪੜ੍ਹਨ ਸਮੇਂ ਕਾਫ਼ੀ ਤਬਦੀਲ ਕੀਤਾ ਗਿਆ ਹੋਵੇ ਅਤੇ ਇਸ ਤੇ ਉਸਨੂੰ ਇਤਰਾਜ਼ ਹੋਵੇ ਤਾਂ ਹੀ ਉਹ ਤੀਜੀ ਪੜ੍ਹਤ ਸਮੇਂ, ਤੀਜੀ ਸਟੇਜ ਉਤੇ ਵੀ ਵਿਰੋਧ ਕਰ ਸਕਦਾ ਹੈ, ਉਹਨਾਂ ਵਿਸ਼ੇਸ਼ ਮੁੱਦਿਆਂ ਵੱਲ ਧਿਆਨ ਦਿਵਾਉਂਦਿਆਂ ਜੋ ਕਿ ਦੂਜੀ ਸਟੇਜ ਤੇ ਪੜ੍ਹਦਿਆਂ ਹੋਂਦ ਵਿਚ ਆਏ ਹਨ ਅਤੇ ਜਿਸ ਉਤੇ ਉਹਨਾਂ ਨੂੰ ਇਤਰਾਜ਼ ਹੈ। ਬੱਸ ਇਹੀ ਗੱਲ ਹੈ, ਨਹੀਂ ਤਾਂ ਤਿੰਨੇ ਸਟੇਜਾਂ ਹੀ ਆਪਣਾ ਮਹੱਤਵ ਗੰਵਾ ਬੈਠਣਗੀਆਂ। ਹਰ ਸਟੇਜ ਦੇ ਅੰਤ ਤੇ ਜਦੋਂ ਪ੍ਰਸ਼ਨ ਰੱਖਿਆ ਜਾਂਦਾ ਹੈ ਤਾਂ ਮਾਨਯੋਗ ਮੈਂਬਰ ਜੋ ਇਸ ਕਦਮ ਦੇ ਵਿਰੁੱਧ ਹੁੰਦੇ ਹਨ ਉਸਦਾ ਵਿਰੋਧ ਹਰ ਸਟੇਜ ਤੇ ਕਰ ਸਕਦੇ ਹਨ, ਪਰ, ਜੇ ਉਹ ਆਪਣੇ ਆਪ ਨੂੰ ਪਹਿਲੀ ਪੜ੍ਹਤ ਦੇ ਸਿਧਾਂਤਾਂ ਤੱਕ ਹੀ ਸੀਮਿਤ ਰੱਖਣ ਅਤੇ ਦੂਜੀ ਪੜ੍ਹਤ ਦੀ ਵਿਆਖਿਆ ਤੱਕ ਹੀ, ਅਤੇ ਤੀਜੀ ਪੜ੍ਹਤ ਦੀ ਸਟੇਜ ਤੇ ਬਿਲ ਦੇ ਤਬਦੀਲ ਕੀਤੇ ਗਏ ਵੱਖ ਵੱਖ ਪੱਖਾਂ ਤੱਕ ਹੀ, ਜੋ ਪਹਿਲਾਂ ਤੋਂ ਹੀ ਤਬਦੀਲ ਕਰ ਦਿਤੇ ਗਏ ਹਨ ਅਤੇ ਜਿਹੜੇ ਇਤਰਾਜ਼ਯੋਗ ਹਨ। ਇਹੀ ਮੇਰਾ ਫ਼ੈਸਲਾ ਹੈ। ਮੈਂ ਤੀਜੀ ਪੜ੍ਹਤ ਸਮੇਂ ਵਿਰੋਧ ਕਰਨ ਵਾਲੇ ਕਿਸੇ ਵੀ ਮਾਨਯੋਗ ਮੈਂਬਰ ਨੂੰ ਰੋਕਾਂਗਾ ਨਹੀਂ। ਉਦਾਹਰਨ ਦੇ ਤੌਰ ਤੇ ਰਾਓ ਸਾਹਿਬ ਕੁਲਕਰਨੀ ਜੀ, ਮਾਨਯੋਗ ਮੈਂਬਰ ਸਨ। ਉਹਨਾਂ ਕਈ ਸੋਧਨਾਵਾਂ ਪੇਸ਼ ਕੀਤੀਆਂ ਜਿਹੜੀਆਂ ਅਪ੍ਰਵਾਨ ਕੀਤੀਆਂ ਗਈਆਂ ਅਤੇ ਉਨ੍ਹਾਂ ਨੇ ਉਨ੍ਹਾਂ ਦੇ ਆਧਾਰ ਤੇ ਹੀ ਤੀਜੀ ਪੜ੍ਹਤ ਸਮੇਂ ਮੁੜ ਉਨ੍ਹਾਂ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਉਹ ਬਿਲ ਦਾ ਵਿਰੋਧ ਕਰਦੇ ਹਨ ਕਿਉਂਕਿ ਬਿਲ ਬਹੁਤਾ ਅਗੇਰੇ ਨਹੀਂ ਜਾਂਦਾ ਅਤੇ ਉਹਨਾਂ ਨੇ ਕਈ ਸੋਧਨਾਵਾਂ ਰੱਖੀਆਂ ਸਨ ਜਿਹੜੀਆਂ ਜਾਂ ਤਾਂ ਅਪ੍ਰਵਾਨ

ਹੋ ਗਈਆਂ ਹਨ ਜਾਂ ਉਨ੍ਹਾਂ ਉਤੇ ਵਿਚਾਰ ਹੀ ਨਹੀਂ ਕੀਤਾ ਗਿਆ। ਹੁਣ, ਉਹ ਤੀਜੀ ਪੜ੍ਹਤ ਸਮੇਂ ਫਿਰ ਉਸਦਾ ਵਿਰੋਧ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ ਸੰਤੋਖਜਨਕ ਨਹੀਂ ਹਨ। ਇਸੇ ਤਰ੍ਹਾਂ ਹੋਰ ਮਾਨਯੋਗ ਮੈਂਬਰ ਭਾਵੇਂ ਉਸਨੇ ਕੋਈ ਸੋਧਨਾ ਪੇਸ਼ ਕੀਤੀ ਹੈ ਜਾਂ ਨਹੀਂ ਤੀਜੀ ਪੜ੍ਹਤ ਤੇ ਵਿਰੋਧ ਪ੍ਰਗਟ ਕਰ ਸਕਦਾ ਹੈ, ਬਸ਼ਰਤੇ ਕਿ ਉਹ ਆਪਣੇ ਆਪ ਨੂੰ ਦੂਜੀ ਪੜ੍ਹਤ ਸਮੇਂ ਹੋਈਆਂ ਜਾਂ ਨਾ ਹੋਈਆਂ ਸੋਧਨਾਵਾਂ ਲਈ ਸੀਮਿਤ ਰੱਖੇ ਅਤੇ ਪਹਿਲੀ ਪੜ੍ਹਤ ਤੱਕ ਨਾ ਜਾਵੇ ਅਤੇ ਸਾਧਾਰਨ ਸਿਧਾਂਤ ਪ੍ਰਤੀ ਕੋਈ ਵਾਦ-ਵਿਵਾਦ ਨਾ ਛੇੜੇ, ਜਿਸ ਲਈ ਯੋਗ ਸਮਾਂ ਪਹਿਲੀ ਪੜ੍ਹਤ ਹੀ ਸੀ।

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਆਪ ਦੇ ਕਹੇ ਗਏ ਸ਼ਬਦ ਦਲੀਲਾਂ ਦੇਣ ਤੱਕ ਹੀ ਸੀਮਿਤ ਹਨ ਅਤੇ ਮੁੱਦੇ ਉਠਾਉਣ ਲਈ ਨਹੀਂ। ਮੈਂ ਇਸ ਨੂੰ ਦੂਜੇ ਢੰਗ ਨਾਲ ਕਹਾਂਗਾ। ਮੰਨ ਲਓ- ਉਦਾਹਰਨ ਦੇ ਤੌਰ ਤੇ ਮੈਂ ਆਪਣਾ ਮਾਮਲਾ ਹੀ ਲੈਂਦਾ ਹਾਂ- ਜੇ ਕੁਝ ਸਿਧਾਂਤਾਂ ਤੇ ਬਿਲ ਆਧਾਰਿਤ ਹੈ ਉਹ .ਗਲਤ ਹਨ ਅਤੇ ਸਦਨ ਨੇ ਮੇਰੇ ਅਤੇ ਮੇਰੇ ਵਰਗੇ ਹੋਰ ਮਾਨਯੋਗ ਮੈਂਬਰਾਂ ਦੇ ਵਿਰੋਧ ਤੇ ਵੀ ਬਿਲ ਅੱਗੇ ਤੋਰ ਦਿੱਤਾ। ਕੀ ਮੈਨੂੰ ਤੀਜੀ ਪੜ੍ਹਤ ਤੇ ਬਿਲ ਦੇ ਵਿਰੋਧ ਦਾ ਕੋਈ ਅਧਿਕਾਰ ਨਹੀਂ ਕਿਉਂਕਿ ਬਿਲ ਵਿਚ ਹਾਲੇ ਵੀ ਉਹੀ ਸਿਧਾਂਤ ਹਨ ਜਿਨ੍ਹਾਂ ਦਾ ਵਿਰੋਧ ਮੈਂ ਪਹਿਲੀ ਪੜ੍ਹਤ ਸਮੇਂ ਕੀਤਾ ਸੀ?

ਮਾਨਯੋਗ ਪ੍ਰਧਾਨ: ਨਹੀਂ, ਇਹ ਮੇਰਾ ਫ਼ੈਸਲਾ ਹੈ। ਮਾਨਯੋਗ ਮੈਂਬਰ ਇਉਂ ਨਹੀਂ ਕਰ ਸਕਦੇ ਅਤੇ ਉਹ ਅਜਿਹਾ ਕਰਦਿਆਂ ਆਪਣੇ ਅਧਿਕਾਰ ਖੇਤਰ ਵਿਚ ਵੀ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਨੂੰ ਤੀਜੀ ਪੜ੍ਹਤ ਤੋਂ ਪਹਿਲਾਂ ਮੌਕਾ ਮਿਲ ਚੁੱਕਿਆ ਹੈ।

ਡਾ. ਬੀ. ਆਰ. ਅੰਬੇਡਕਰ: ਜ਼ਰਾ ਅੱਗੇ ਚੱਲੀਏ, ਜੇ ਮੈਨੂੰ ਦੂਜੀ ਪੜ੍ਹਤ ਵਿਚ ਵੀ ਹਾਰ ਹੋ ਜਾਂਦੀ ਅਤੇ ਸਦਨ ਅਜੇ ਵੀ ਬਿਲ ਨੂੰ ਮੁੱਢਲੇ ਸਿਧਾਂਤਾਂ ਨਾਲ ਹੀ ਅੱਗੇ ਤੋਰ ਦਿੰਦਾ ਜੋ ਕਿ ਪਹਿਲਾਂ ਤੋਂ ਹੀ ਇਸ ਵਿਚ ਸਨ ਤਾਂ ਕੀ ਮੈਨੂੰ ਤੀਜੀ ਪੜ੍ਹਤ ਸਮੇਂ ਵਿਰੋਧ ਕਰਨ ਦਾ ਅਧਿਕਾਰ ਨਹੀਂ ਹੋਵੇਗਾ, ਇਸ ਆਧਾਰ ਤੇ ਕਿ ਜਿਨ੍ਹਾਂ ਉਪਬੰਧਾਂ ਦਾ ਮੈਂ ਵਿਰੋਧ ਕਰਦਾ ਹਾਂ, ਉਹ ਹਾਲੇ ਤਕ ਵੀ ਬਿਲ ਵਿਚ ਰੱਖੇ ਗਏ ਹਨ?

ਮਾਨਯੋਗ ਪ੍ਰਧਾਨ: ਨਹੀਂ, ਮੈਂ ਹਾਲੇ ਤਕ ਵੀ ਆਪਣੇ ਫ਼ੈਸਲੇ ਤੇ ਪੱਕਾ ਹਾਂ। ਉਹ ਅਜਿਹਾ ਨਹੀਂ ਕਰ ਸਕਦਾ, ਕਿਉਂਕਿ ਉਸਨੇ ਸਦਨ ਸਾਹਮਣੇ ਆਪਣੇ ਵਿਚਾਰ ਰੱਖੇ ਸਨ ਅਤੇ ਬਹੁ-ਗਿਣਤੀ ਨੇ ਇਸ ਦੇ ਵਿਰੁੱਧ ਫ਼ੈਸਲਾ ਦਿੱਤਾ ਸੀ। ਅਸੀਂ ਹੁਣ ਤੀਜੀ ਪੜ੍ਹਤ ਦੀ ਸਟੇਜ ਤੇ ਹਾਂ, ਨਹੀਂ ਤਾਂ ਤਿੰਨਾਂ ਸਟੇਜਾਂ ਦਾ ਹੀ ਕੋਈ ਮਹੱਤਵ ਨਹੀਂ ਰਹੇਗਾ।

ਡਾ. ਬੀ. ਆਰ. ਅੰਬੇਡਕਰ: ਆਪ ਦੇ ਫ਼ੈਸਲੇ ਤੋਂ ਬਾਦ, ਹੁਣ ਘੱਟ ਗਿਣਤੀਆਂ ਸਾਹਮਣੇ ਜਿਨ੍ਹਾਂ ਨੇ ਬਿਲ ਦਾ ਵਿਰੋਧ ਕੀਤਾ ਹੈ, ਇਸ ਦੇ ਵਿਰੁੱਧ ਵੋਟ ਪਾਉਣ ਦੇ ਸਿਵਾ ਕੋਈ ਚਾਰਾ ਨਹੀਂ। ਨਹੀਂ ਤਾਂ ਇਉਂ ਹੋਵੇਗਾ ਕਿ ਜੇ ਬਹੁ-ਗਿਣਤੀ ਨੇ ਇਸ ਨੂੰ ਚੰਗਾ ਕਹਿਕੇ ਫ਼ੈਸਲਾ ਕਰ ਦਿੱਤਾ ਅਤੇ ਘੱਟ ਗਿਣਤੀ ਨੇ ਇਸ ਦਾ ਵਿਰੋਧ ਕੀਤਾ ਤਾਂ ਘੱਟ ਗਿਣਤੀ ਨੂੰ ਆਪਣੇ

ਇਤਰਾਜ਼ ਦਰਜ ਕਰਾਉਣ ਦਾ ਮੌਕਾ ਨਹੀਂ ਮਿਲੇਗਾ।

ਮਾਨਯੋਗ ਪ੍ਰਧਾਨ : ਇਹ ਬਿਲਕੁਲ ਠੀਕ ਹੈ। ਘੱਟ ਗਿਣਤੀ ਨੂੰ ਬਿਲ ਦੀ ਤੀਸਰੀ ਪੜ੍ਹਤ ਦੇ ਵਿਰੁੱਧ ਵੋਟ ਦੇਣ ਦਾ ਹੱਕ ਹੈ। ਉਹ ਇਕ ਪਾਸੇ ਜਾ ਕੇ ਇਸ ਦੇ ਵਿਰੁੱਧ ਆਪਣਾ ਵੋਟ ਦਰਜ ਕਰ ਸਕਦੇ ਹਨ। ਪਰ ਉਨ੍ਹਾਂ ਗੱਲਾਂ ਤੇ ਮੁੜ ਚਰਚਾ ਛੇੜਨੀ ਜਿਨ੍ਹਾਂ ਦਾ ਫ਼ੈਸਲਾ ਪਹਿਲੀ ਪੜ੍ਹਤ ਉਤੇ ਹੋ ਚੁੱਕਿਆ ਹੈ, ਗ਼ਲਤ ਹੈ।

ਡਾ. ਬੀ.ਆਰ.ਅੰਬੇਡਕਰ : ਬਿਲਕੁਲ ਠੀਕ, ਸ੍ਰੀਮਾਨ ਜੀ। ਆਪਦਾ ਕਥਨ ਇਸ ਨਤੀਜੇ ਤੇ ਨਹੀਂ ਪਹੁੰਚਾਉਂਦਾ ਕਿ ਸਾਨੂੰ ਆਪਣੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਹੈ।

ਮਾਨਯੋਗ ਪ੍ਰਧਾਨ : ਨਹੀਂ, ਇਹ ਠੀਕ ਹੈ।

9

* ਸਥਾਨਕ ਬੋਰਡਜ਼ ਐਕਟ ਸੋਧਨਾ ਬਿਲ :

I

ਡਾ. ਬੀ.ਆਰ. ਅੰਬੇਡਕਰ (ਬੰਬਈ ਸ਼ਹਿਰ): ਸ੍ਰੀਮਾਨ ਸਪੀਕਰ ਸਾਹਿਬ, ਪੂਨਾ ਪੈਕਟ ਉਪਰ ਹਸਤਾਖਰ ਕਰਨ ਮਗਰੋਂ ਵਖ ਵਖ ਚੋਣ ਹਲਕਿਆਂ ਦੇ ਵਿਸ਼ੇ ਤੇ ਚਰਚਾ ਕਰਨ ਦਾ ਮੇਰਾ ਹੱਕ ਜਾਂਦਾ ਰਿਹਾ ਹੈ। ਇਸ ਲਈ ਮੈਂ ਬਿਲ ਦੇ ਉਸ ਭਾਗ ਬਾਰੇ ਗਲ ਨਹੀਂ ਕਰਾਂਗਾ ਜਿਸ ਵਿਚ ਬਿਲ ਵਿੱਚ ਉਪਬੰਧਿਤ ਵਖ ਵਖ ਘੱਟ ਗਿਣਤੀਆਂ ਲਈ ਪ੍ਰਤਿਨਿਧਤਾ ਦਾ ਢੰਗ ਵਿਉਂਤਣ ਦਾ ਜ਼ਿਕਰ ਹੈ। ਸ਼ਾਇਦ ਇਹ ਦੱਸਣਾ ਮੇਰੇ ਲਈ ਜਾਇਜ਼ ਹੋਵੇਗਾ ਕਿ ਮੈਂ ਇਸ ਸਾਂਝੇ ਬਨਾਮ ਵਖ ਵਖ ਚੋਣ ਹਲਕਿਆਂ ਦੇ ਵਿਸ਼ੇ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਵੇਖਦਾ ਹਾਂ। ਜਨਾਬ, ਮੈਂ ਜਿਸ ਦ੍ਰਿਸ਼ਟੀ ਤੋਂ ਇਸ ਨੂੰ ਵੇਖਦਾ ਹਾਂ, ਉਹ ਇਹ ਹੈ: ਜੇ ਇਹ ਮੰਨ ਲਈਏ ਕਿ ਵਖ ਵਖ ਘੱਟ ਗਿਣਤੀਆਂ ਲਈ ਸਾਂਝੇ ਚੋਣ ਹਲਕੇ ਲਾਗੂ ਕਰ ਦਿੱਤੇ ਗਏ ਹਨ ਤਾਂ ਇਸ ਦਾ ਪ੍ਰਭਾਵ ਕੀ ਹੋਵੇਗਾ? ਮੇਰੇ ਵਿਚਾਰ ਵਿਚ ਇਹ ਕੁਝ ਵਾਪਰੇਗਾ: ਪੰਜ ਸਾਲਾਂ ਪਿਛੋਂ ਜਦੋਂ ਚੋਣਾਂ ਆਉਣਗੀਆਂ ਤਾਂ ਸੰਭਵ ਹੈ ਕਿ ਇਕ ਦਿਨ ਇਕ ਹਿੰਦੂ ਅਤੇ ਇਕ ਮੁਸਲਮਾਨ ਇਕ ਸਾਂਝੀ ਚੋਣ-ਬੂਥ ਤੇ ਜਾਣ। ਮੈਨੂੰ ਨਹੀਂ ਦਿਸਦਾ ਕਿ ਇਸ ਤੋਂ ਇਲਾਵਾ ਸਾਂਝੇ ਚੋਣ ਹਲਕਿਆਂ ਵਿਚ ਹੋਰ ਕੀ ਹੋ ਸਕਦਾ ਹੈ ? (ਵਿਘਨ) ਹੁਣ ਬਾਕੀ ਦੇ ਪੰਜ ਸਾਲਾਂ ਦੀ ਗਲ ਮੈਨੂੰ ਕਰ ਲੈਣ ਦਿਓ। ਜਦੋਂ ਚੋਣਾਂ ਨਹੀਂ ਹੋ ਰਹੀਆਂ ਹੁੰਦੀਆਂ ਤਾਂ ਮੁਸਲਮਾਨ ਕੌਮ-ਮੈਂ ਉਦਾਹਰਣ ਦੇ ਰਿਹਾ ਹਾਂ--ਅਡਰੇ ਜੀਵਨ ਵਿੱਚ ਯਕੀਨ ਰਖੇਗੀ ਜੋ ਆਪਣੇ ਹੀ ਦਾਇਰੇ ਵਿਚ ਘਿਰਿਆ ਹੋਇਆ ਹੈ। ਮੈਨੂੰ ਨਹੀਂ ਦਿਸਦਾ ਕਿ ਸਾਂਝੇ ਚੋਣ ਹਲਕਿਆਂ ਦੇ ਸਿੱਟੇ ਵਜੋਂ ਮੁਸਲਮਾਨ ਅਤੇ ਹਿੰਦੂ ਆ ਕੇ ਇਕੋ ਚਾਲ ਵਿਚ ਰਹਿਣ ਲੱਗ ਜਾਣਗੇ, ਮੈਨੂੰ ਨਹੀਂ ਦਿਸਦਾ ਕਿ ਸਾਂਝੇ ਚੋਣ ਹਲਕਿਆਂ ਕਾਰਨ ਹਿੰਦੂ ਅਤੇ ਮੁਸਲਮਾਨ ਅੰਤਰਜਾਤੀ ਵਿਆਹ ਕਰਨ ਲਗ ਜਾਣਗੇ, ਮੈਨੂੰ ਨਹੀਂ ਦਿਸਦਾ ਕਿ ਸਾਂਝੇ ਚੋਣ ਹਲਕਿਆਂ ਕਾਰਨ ਹਿੰਦੂ ਅਤੇ ਮੁਸਲਮਾਨ ਮਿਲ ਕੇ ਖਾਣਾ ਖਾਣ ਲਗ ਜਾਣਗੇ। ਬੜੀ ਸੋਚ-ਵਿਚਾਰ ਮਗਰੋਂ ਮੈਂ ਇਸ ਅਵਸਰ ਤੇ ਆਖਦਾ ਹਾਂ ਕਿ ਜੇ ਅਸੀਂ ਏਕਤਾ ਲਿਆਉਣੀ ਚਾਹੁੰਦੇ ਹਾਂ ਤਾਂ ਇਹ ਏਕਤਾ ਇਸ ਤਰ੍ਹਾਂ ਨਹੀਂ ਲਿਆਂਦੀ ਜਾ ਸਕਦੀ ਕਿ ਇਕ ਦਿਨ ਵਿਉਂਤਿਆ ਜਾਵੇ- ਭਾਵੇਂ ਇਹ ਦਿਨ ਕਿਤਨਾ ਹੀ ਪਵਿੱਤਰ ਕਿਉਂ ਨਾ ਹੋਵੇ-ਜਦੋਂ ਹਿੰਦੂ ਅਤੇ ਮੁਸਲਮਾਨ ਇਕੋ ਚੋਣਬੂਥ ਤੇ ਆਉਣ। ਇਸ ਦੇ ਲਈ ਸਾਨੂੰ ਜੋ ਕੁਝ ਕਰਨਾ ਚਾਹੀਦਾ ਹੈ, ਉਹ ਹੈ - ਸਮਾਜਿਕ ਬੰਦਸ਼ਾਂ ਨੂੰ ਤੋੜਨਾ। ਮੈਂ ਆਖਦਾ ਹਾਂ ਕਿ ਇਸ ਮਾਮਲੇ ਵਿਚ ਅਗਵਾਈ ਹਿੰਦੂ ਕੌਮ ਨੂੰ ਕਰਨੀ ਚਾਹੀਦੀ ਹੈ ਕਿਉਂਕਿ ਇਹ

---

*: ਬੰਬਈ ਵਿਧਾਨ ਸਭਾ, ਡਿਬੇਟਨ, ਖੰਡ 2, ਪੰਨਾ 326-29

18 ਜਨਵਰੀ, 1938.

ਇਕ ਨਾ-ਮਿਲਣਸਾਰ ਬੰਦਿਆਂ ਦੀ ਕੌਮ ਹੈ। ਜੇ ਹੋਰ ਕੌਮਾਂ ਅੱਡਰਾ ਜੀਵਨ ਬਤੀਤ ਕਰਦੀਆਂ ਹਨ ਤਾਂ ਇਹ ਕੌਮ ਕੁਝ ਹਿੱਤਾਂ ਨੂੰ ਆਪਣੇ ਹੀ ਹਿੱਤ ਸਮਝਦੀ ਹੈ ਅਤੇ ਕਸੂਰ ਸਾਰਾ ਹੀ ਹਿੰਦੂ ਕੌਮ ਦਾ ਹੈ। ਇਸ ਲਈ, ਮੈਂ ਸੋਚ ਸਮਝ ਕੇ ਇਹ ਆਖਦਾ ਹਾਂ ਕਿ ਇਹ ਅਪ੍ਰਭਾਵੀ ਜਿਹੀ ਅਜਿਹੀ ਸਕੀਮ ਪੇਸ਼ ਕਰਕੇ, ਜੋ ਤਿੰਨ ਜਾਂ ਪੰਜ ਸਾਲਾਂ ਵਿਚ ਇਕ ਦਿਨ ਤੋਂ ਸਿਵਾ ਲਾਗੂ ਹੀ ਨਹੀਂ ਰਹਿਣੀ। ਇਸ ਸਮਸਿਆ ਨਾਲ ਖੇਡ ਕਰਨੀ ਵਿਅਰਥ ਹੈ। ਇਸ ਦਾ ਨਾ ਤਾਂ ਕੋਈ ਲਾਭ ਹੈ ਅਤੇ ਨਾ ਹੀ ਇਸਦੇ ਸਿੱਟੇ ਵਜੋਂ ਕੁਝ ਵਾਪਰਨਾ ਹੈ। ਕੋਸ਼ਿਸ਼ ਕਰ ਕੇ ਵੇਖ ਲਉ। ਮੈਂ ਮੁਸਲਮਾਨ ਭਰਾਵਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਹ ਮੌਕਾ ਇਨ੍ਹਾਂ ਨੂੰ ਦੇ ਕੇ ਵੇਖ ਲੈਣ ਕਿ ਕੋਈ ਖ਼ਾਸ ਸੁਰੱਖਿਆ ਅਜਿਹਾ ਅਵਸਰ ਪੈਦਾ ਕਰਦੀ ਹੈ ਕਿ ਦੋਵੇਂ ਕੌਮਾਂ ਨਿਖੜੀਆਂ ਨਾ ਰਹਿਣ। ਪੂਨਾ ਪੈਕਟ ਉਤੇ ਦਸਤਖ਼ਤ ਕਰਨ ਮਗਰੋਂ ਮੈਂ ਅੱਡਰੇ ਚੋਣ ਹਲਕਿਆਂ ਦੀ ਹਿਮਾਇਤ ਨਹੀਂ ਕਰ ਸਕਦਾ।

ਹੁਣ ਮੈਂ ਬਿਲ ਦੇ ਹੋਰ ਪੱਖਾਂ ਵਲ ਆਉਂਦਾ ਹਾਂ ਅਤੇ ਸ਼ੁਰੂ ਵਿਚ ਹੀ ਆਖਦਾ ਹਾਂ ਕਿ ਬਿਲ ਜੋ ਕੁਝ ਵੀ ਹੈ ਜਿਥੇ ਅਸੀਂ ਖੜੇ ਹਾਂ, ਉਸ ਤੋਂ ਅੱਗੇ ਦੀ ਇਕ ਪੁਲਾਂਘ ਹੈ। ਪਰ, ਬਿਲ ਦੇ ਆਪਣੇ ਅੰਦਰ ਮੈਨੂੰ ਕੁਝ ਨਹੀਂ ਲਭਦਾ। ਇਹ ਇਕ ਸਖਣਾ ਖ਼ੋਲ ਹੈ। ਇਸ ਵਿਚ ਕੁਝ ਵੀ ਨਹੀਂ। ਜੇ ਮਾਨਯੋਗ ਮੰਤਰੀ ਜੀ ਆਪਣੇ ਭਾਸ਼ਣ ਵਿਚ ਇਹ ਨਾ ਦਸਣ ਕਿ ਉਹ ਸਥਾਨਕ ਸੰਸਥਾਵਾਂ ਦੇ ਪੁਨਰ-ਗਠਨ ਬਾਰੇ ਕੀ ਕਰਨਾ ਚਾਹੁੰਦੇ ਹਨ ਤਾਂ ਬਿਲ ਦੀ ਵਰਤਮਾਨ ਹਾਲਤ ਤੋਂ ਸਾਨੂੰ ਕੁਝ ਵੀ ਪਤਾ ਨਹੀਂ ਲਗਣਾ। ਬਿਲ ਵਿਚ ਕੇਵਲ ਇਹੋ ਕੁਝ ਹੈ ਕਿ ਸਰਕਾਰ ਨੂੰ ਇਹ ਕਰਨ ਲਈ, ਉਹ ਕਰਨ ਲਈ, ਨਿਯਮ ਬਣਾਉਣ ਦੀ ਸ਼ਕਤੀ ਦਿੱਤੀ ਜਾਵੇਗੀ। ਇਸ ਤੋਂ ਵੱਧ ਬਿਲ ਵਿਚ ਹੈ ਕੀ ? ਜੇ ਉਦੇਸ਼ਾਂ ਅਤੇ ਕਾਰਣਾਂ ਦਾ ਵਿਵਰਣ ਇਸ ਬਿਲ ਦੇ ਨਾਲ ਨਾ ਲਗਿਆ ਹੁੰਦਾ ਤਾਂ ਸਾਨੂੰ ਇਹ ਵੀ ਨਹੀਂ ਸੀ ਪਤਾ ਲਗਣਾ ਕਿ ਵੱਖ ਵਖ ਘਟ ਗਿਣਤੀਆਂ ਨੂੰ ਪ੍ਰਤਿਨਿਧਤਾ ਦੇਣ ਲਈ ਸਰਕਾਰ ਕੀ ਅਸੂਲ ਅਪਣਾਏਗੀ ? ਮੈਂ ਇਹ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਇਹ ਸਵਾਲ ਸੰਵਿਧਾਨਕ ਸਵਾਲ ਹਨ। ਇਹ ਕਿਸੇ ਸਾਧਾਰਨ ਕਾਨੂੰਨ ਨੂੰ ਅਮਲ ਵਿਚ ਲਿਆਉਣ ਦਾ ਸਵਾਲ ਨਹੀਂ, ਜਦੋਂ ਕਿ ਇਹ ਦਸਤੂਰ ਰਿਹਾ ਹੈ, ਜਿਸ ਨੂੰ ਲਗਭਗ ਪਵਿੱਤਰਤਾ ਦਾ ਦਰਜਾ ਦਿੱਤਾ ਜਾ ਚੁੱਕਾ ਹੈ ਕਿ ਸਰਕਾਰ ਨੂੰ ਨਿਯਮ ਬਣਾ ਕੇ ਪਾਲਿਸੀ ਚਲਾਉਣੀ ਚਾਹੀਦੀ ਹੈ। ਅਸੀਂ ਸਰਕਾਰ ਨੂੰ ਕੁਝ ਕਰਨ ਲਈ ਆਪਣੇ ਕੁਝ ਅਧਿਕਾਰ ਦੇ ਰਹੇ ਹਾਂ, ਅਸੀਂ ਉਨ੍ਹਾਂ ਨੂੰ ਚੋਣਕਾਰੀ ਪ੍ਰਤਿਨਿਧਤਾ ਹੋਂਦ ਵਿਚ ਲਿਆਉਣ ਦਾ ਅਧਿਕਾਰ ਦੇ ਰਹੇ ਹਾਂ। ਮੈਂ ਬਹੁਤ ਵਿਚਾਰਪੂਰਨ ਗੁਜ਼ਾਰਸ਼ ਕਰਦਾ ਹਾਂ ਕਿ ਇਹ ਸੰਵਿਧਾਨਕ ਸਵਾਲ ਹੈ, ਇਸੇ ਸਦਨ ਵਿਚ ਸਾਰੇ ਵੇਰਵਿਆਂ ਸਹਿਤ ਇਸ ਦਾ ਨਿਪਟਾਰਾ ਹੋਣਾ ਚਾਹੀਦਾ ਹੈ ਅਤੇ ਕਾਰਜਸਾਧਕਾ ਦੀ ਮਨ ਮਰਜ਼ੀ ਤੇ ਨਹੀਂ ਛੱਡ ਦਿੱਤਾ ਜਾਣਾ ਚਾਹੀਦਾ। ਭਾਰਤ ਸਰਕਾਰ ਐਕਟ ਦੀ ਉਦਾਹਰਨ ਲਉ। ਇਹ ਬਿਲ ਕਿਸ ਗਲ ਨਾਲ ਨਜਿੱਠਦਾ ਹੈ ? ਇਸ ਬਿਲ ਦਾ ਵਾਸਤਾ ਵੋਟ ਅਧਿਕਾਰ ਨਾਲ ਹੈ, ਇਸ ਦਾ ਵਾਸਤਾ ਉਨ੍ਹਾਂ ਫ਼ਿਰਕਿਆਂ ਨਾਲ ਹੈ ਜਿਨ੍ਹਾਂ ਨੂੰ ਪ੍ਰਤਿਨਿਧਤਾ ਮਿਲਣੀ ਹੈ, ਇਹ ਚੋਣ ਹਲਕਿਆਂ ਅਤੇ ਵੋਟ ਪਾਉਣ ਦੇ ਢੰਗਾਂ ਨਾਲ

ਨਜਿੱਠਦਾ ਹੈ। ਭਾਰਤ ਸਰਕਾਰ ਐਕਟ ਨੂੰ ਵਿਚਾਰ ਅਧੀਨ ਲਿਆਉ। ਇਹ ਕੀ ਕੁਝ ਕਰਦਾ ਹੈ ? ਕੀ ਇਸ ਨੇ ਘਟ ਗਿਣਤੀਆਂ ਦੀਆਂ ਸੀਟਾਂ ਕਾਰਜਸਾਧਕਾਂ ਦੀ ਮਨ-ਮਰਜ਼ੀ ਉਤੇ ਛੱਡ ਦਿੱਤੀਆਂ ਹਨ ? ਅਜਿਹਾ ਕੁਝ ਵੀ ਨਹੀਂ। ਇਹੋ ਸਭੋ ਕੁਝ ਕੌਂਸਲ ਦੇ ਆਦੇਸ਼ਾਂ ਦੁਆਰਾ ਕੀਤਾ ਗਿਆ ਹੈ ਅਤੇ ਇਹ ਭਾਰਤ ਐਕਟ ਦਾ ਅਜਿਹਾ ਹੀ ਹਿੱਸਾ ਹਨ ਜਿਵੇਂ ਕਿ ਭਾਰਤ ਸਰਕਾਰ ਐਕਟ ਆਪ। ਇਹ ਜ਼ਰੂਰੀ ਹੈ ਕਿ ਇਹ ਕੰਮ ਉਸੇ ਤਰ੍ਹਾਂ ਕਰੇ ਜਿਸ ਤਰ੍ਹਾਂ ਸੰਵਿਧਾਨ ਵਿਚ ਕੰਮ ਕਰਨੇ ਲੋੜੀਂਦੇ ਹਨ। ਬਿਲ ਬਾਰੇ ਇਹ ਮੇਰੀ ਪਹਿਲੀ ਗੁਜ਼ਾਰਸ਼ ਹੈ।

ਹੋਰ ਮਾਮਲਿਆਂ ਸਬੰਧੀ ਪਹਿਲੀ ਗੱਲ ਜੋ ਮੈਂ ਬਿਲ ਦੇ ਇੰਚਾਰਜ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ, ਉਹ ਇਹ ਹੈ: ਉਨ੍ਹਾਂ ਨੇ ਉਦੇਸ਼ਾਂ ਅਤੇ ਕਾਰਣਾਂ ਦੇ ਵਿਵਰਣ ਵਿਚ ਜੋ ਦਸਣ ਦੀ ਕ੍ਰਿਪਾਲਤਾ ਕੀਤੀ ਹੈ, ਉਹ ਹੈ-ਵਸੋਂ ਦਾ ਅਸੂਲ। ਇਸਦੇ ਲਈ ਮੈਂ ਉਨ੍ਹਾਂ ਦਾ ਰਿਣੀ ਹਾਂ। ਪਰ, ਮੈਂ ਉਨ੍ਹਾਂ ਨੂੰ ਇਹ ਜ਼ਰੂਰ ਪੁੱਛਣਾ ਚਾਹੁੰਦਾ ਹਾਂ ਕਿ ਜੇ ਵੱਖ ਵੱਖ ਫ਼ਿਰਕਿਆਂ ਲਈ ਸੀਟਾਂ ਨਿਰਧਾਰਿਤ ਕਰਨ ਦੀ ਤਜਵੀਜ਼ ਦਾ ਆਧਾਰ ਇਹੋ ਅਸੂਲ ਹੈ ਤਾਂ ਉਨ੍ਹਾਂ ਨੇ ਇਸ ਅਸੂਲ ਨੂੰ ਧਾਰਾ ਵਿੱਚ ਹੀ ਕਿਉਂ ਨਹੀਂ ਲਿਆਂਦਾ। ਇਸ ਗਲ ਦੀ ਕੀ ਜ਼ਾਮਨੀ ਹੈ ਕਿ ਉਦੇਸ਼ਾਂ ਅਤੇ ਕਾਰਣਾਂ ਦੇ ਵਿਵਰਣ ਵਿਚ ਬਿਆਨ ਕੀਤੇ ਇਸ ਅਸੂਲ ਦਾ ਲਾਭ ਸਾਨੂੰ ਪ੍ਰਾਪਤ ਹੋਵੇਗਾ ? ਅਸੀਂ ਖ਼ੈਰਾਤ ਨਹੀਂ ਮੰਗਦੇ। ਅਸੀਂ ਆਪਣੇ ਹੱਕ ਚਾਹੁੰਦੇ ਹਾਂ ਅਤੇ ਅਸੀਂ ਇਹ ਕਾਰਜਸਾਧਕਾ ਦੀ ਮਨ-ਮਰਜ਼ੀ ਉਤੇ ਨਹੀਂ ਛੱਡਣਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਇਹ ਨਿਸ਼ਚਿਤ ਰੂਪ ਵਿਚ ਕਨੂੰਨ ਵਿਚ ਸ਼ਾਮਲ ਹੋਵੇ। ਦੂਜੀ ਗਲ ਜੋ ਸਾਡੇ ਲਈ ਮਹੱਤਵਪੂਰਨ ਹੈ, ਉਹ-ਹੈ ਚੋਣ-ਹਲਕਿਆਂ ਦੀ ਪ੍ਰਣਾਲੀ। ਮੈਂ ਆਪਣੇ ਉਸ ਮਿੱਤਰ ਲਈ ਚਿੰਤਾਤਰ ਹਾਂ ਜੋ ਵਿਧਾਨ ਸਭਾ ਦੇ ਮੈਂਬਰ ਵਜੋਂ ਨਹੀਂ ਆ ਸਕਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬੋਰਡਾਂ ਦੀ ਬਣਤਰ ਵਿਚ ਚੋਣ ਹਲਕਿਆਂ ਦੀ ਪ੍ਰਣਾਲੀ ਕੀ ਹੈ ? ਕੀ ਇਹ ਇਕ-ਮੈਂਬਰੀ ਹਲਕਾ ਹੋਣਾ ਹੈ ਜਾਂ ਬਹੁ-ਮੈਂਬਰੀ ? ਉਦੇਸ਼ਾਂ ਅਤੇ ਕਾਰਣਾਂ ਦੇ ਵਿਵਰਣ ਵਿਚ ਵੀ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਅਜਿਹਾ ਕਿਉਂ ? ਜੇ ਕਾਰਜਪਾਲਕਾ ਦੀ ਇੱਛਾ ਹੈ ਕਿ ਅੱਗੇ ਤੋਂ ਉਸ ਨੂੰ ਇਕ ਮੈਂਬਰੀ ਹਲਕਾ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ ਤਾਂ ਸਾਨੂੰ ਪਤਾ ਲਗਣਾ ਚਾਹੀਦਾ ਹੈ, ਕਿਉਂਕਿ ਇਸਦੇ ਮੁਤਾਬਕ ਹੀ ਅਸੀਂ ਫ਼ੈਸਲਾ ਕਰਾਂਗੇ ਕਿ ਅਸਾਂ ਬਿਲ ਦੇ ਹੱਕ ਵਿਚ ਵੋਟ ਦੇਣੀ ਹੈ ਕਿ ਇਸਦੇ ਵਿਰੁੱਧ। ਅਜਿਹਾ ਨਹੀਂ ਕੀਤਾ ਗਿਆ।

ਤੀਜੀ ਗਲ, ਜਿਸ ਬਾਰੇ ਮੈਨੂੰ ਬਹੁਤ ਚਿੰਤਾ ਹੈ, ਉਹ ਹੈ-ਵੋਟ ਪਾਉਣ ਦੀ ਪ੍ਰਣਾਲੀ ਸੰਚਾਇਕ ਹੋਣੀ ਹੈ ਜਾਂ ਵੰਡਵੀਂ। ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ। ਮੈਂ ਚਾਹੁੰਦਾ ਹਾਂ ਕਿ ਇਹ ਸਾਰੇ ਮਾਮਲੇ ਸਦਨ ਵਿਚ ਸਪੱਸ਼ਟ ਅਤੇ ਨਿਸ਼ਚਿਤ ਕੀਤੇ ਜਾਣ। ਮੈਨੂੰ ਆਸ ਹੈ ਕਿ ਮਾਨਯੋਗ ਮੰਤਰੀ ਜੀ ਮੇਰੀਆਂ ਸਾਰੀਆਂ ਪੁੱਛਾਂ ਦਾ ਉਤਰ ਦੇਣਗੇ ਅਤੇ ਜਿਨ੍ਹਾਂ ਅਸੂਲਾਂ ਦਾ ਮੈਂ ਜ਼ਿਕਰ ਕੀਤਾ ਹੈ ਉਨ੍ਹਾਂ ਨੂੰ ਬਿਲ ਵਿਚ ਹੀ ਸ਼ਾਮਲ ਕਰਨਗੇ ਤਾਂ ਜੋ ਸਾਨੂੰ ਪਤਾ ਲਗੇ ਕਿ ਸਾਡੇ ਹਕ ਕੀ ਹਨ ? ਇਸ ਬਿਲ ਵਿੱਚ ਸਭੋ ਕੁਝ ਨਿਯਮਾਂ ਦੁਆਰਾ ਕੀਤੇ ਜਾਣ

ਦੀ ਗਲ ਹੈ। ਪਰ, ਮਾਨਯੋਗ ਮੰਤਰੀ ਜੀ ਇਹ ਨਿਯਮ ਸਦਨ ਅੱਗੇ ਰਖਣਾ ਪ੍ਰਸਤਾਵਿਤ ਵੀ ਨਹੀਂ ਕਰਦੇ, ਤਾਂ ਜੋ ਸਦਨ ਨੂੰ ਪਤਾ ਚਲੇ ਕਿ ਕਾਰਜਪਾਲਿਕਾ ਨੇ ਕੀਤਾ ਕੀ ਹੈ ? ਬਿਲ ਬਾਰੇ ਘਟੋ ਘਟ ਇਤਨੀ ਕੁ ਗਲ ਤਾਂ ਹੋ ਹੀ ਸਕਦੀ ਹੈ। ਮੈਂ ਜੋ ਕੁਝ ਪਹਿਲਾਂ ਆਖ ਚੁੱਕਾਂ ਹਾਂ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਮੈਂ ਇਸ ਨੂੰ ਪੂਰੀ ਤਰ੍ਹਾਂ ਅਤੇ ਨਿਰੋਲ ਰੂਪ ਵਿਚ ਸੰਵਿਧਾਨਕ ਸਵਾਲ ਖ਼ਿਆਲ ਕਰਦਾ ਹਾਂ। ਇਹ ਇਕ ਉਸ ਸਥਾਨਕ ਅਧਿਕਾਰੀ ਨੂੰ ਸੰਵਿਧਾਨ ਦੇਣ ਦਾ ਸਵਾਲ ਹੈ ਜਿਸ ਨੂੰ ਅਸੀਂ ਕੁਝ ਗੱਲਾਂ ਕਰਨ ਦਾ ਇਖ਼ਤਿਆਰ ਦੇ ਰਹੇ ਹਾਂ, ਲੋਕਾਂ ਉਤੇ ਕਰ ਲਾ ਕੇ ਦੰਡ ਦੇਣ ਦਾ ਇਖ਼ਤਿਆਰ ਵੀ। ਸੋ ਨਿਸ਼ਚੈ ਹੀ ਸਾਡੇ ਦੁਆਰਾ ਕਾਰਜਪਾਲਿਕਾ ਨੂੰ ਇਹ ਸ਼ਕਤੀਆਂ ਦੇਣ ਤੋਂ ਪਹਿਲਾਂ, ਕਾਰਜਪਾਲਿਕਾ ਨੂੰ ਇਸ ਗਲ ਤੇ ਸਹਿਮਤ ਹੋਣਾ ਚਾਹੀਦਾ ਹੈ ਕਿ ਉਹ ਸਦਨ ਨੂੰ ਦਸੇ ਕਿ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਬਾਰੇ ਕੀ ਕੀਤਾ ਹੈ ਜੋ ਉਹ ਆਖ ਰਹੇ ਹਨ ਕਿ ਉਨ੍ਹਾਂ ਨੂੰ ਪ੍ਰਦਾਨ ਕੀਤੀਆਂ ਜਾਣ। ਇਸ ਪੜਾਅ ਤੇ ਮੈਂ ਆਪਣੇ ਆਪ ਨੂੰ ਇਨ੍ਹਾਂ ਟਿੱਪਣੀਆਂ ਤਕ ਹੀ ਸੀਮਿਤ ਰਖਦਾ ਹਾਂ।

*II

ਡਾ. ਬੀ. ਆਰ. ਅੰਬੇਡਕਰ: ਜਨਾਬ, ਜੋ ਰਿਪੋਰਟ ਆਪ ਨੂੰ ਪੇਸ਼ ਕੀਤੀ ਗਈ ਹੈ, ਉਸ ਤੋਂ ਜੇ ਆਪ ਦਸ ਸਕੋ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤਰਮੀਮ ਪੇਸ਼ ਕਰਨ ਵਾਲੇ ਨੇ ਇਸ ਵੰਡ ਵਿਚ ਵੋਟ ਪਾਈ ਹੈ ਜਾਂ ਨਹੀਂ ?

ਮਾਨਯੋਗ ਬੀ. ਜੀ. ਖੇੜ: ਕੀ ਮੈਂ ਜਾਣ ਸਕਦਾ ਹਾਂ ਕਿ ਕਿਸੇ ਮਾਨਯੋਗ ਮੈਂਬਰ ਨੂੰ ਇਹ ਜਾਣਨ ਦਾ ਹੱਕ ਹਾਸਲ ਹੈ ਕਿ ਕਿਸੇ ਵਿਅਕਤੀ ਨੇ ਕਿਸ ਪਾਸੇ ਵੋਟ ਪਾਈ ਹੈ ? , ਜਾਂ ਨਹੀਂ ਜਾਣ ਸਕਦਾ ?

ਡਾ. ਬੀ. ਆਰ. ਅੰਬੇਡਕਰ: ਵੰਡ ਦਾ ਮਨੋਰਥ ਹੀ ਇਹ ਹੈ ਕਿ ਸਦਨ ਹੀ ਨਹੀਂ ਸਗੋਂ ਆਮ ਜਨਤਾ ਨੂੰ ਵੀ ਪਤਾ ਲਗੇ ਕਿ ਮੈਂਬਰਾਂ ਨੇ ਕਿਵੇਂ ਵੋਟ ਪਾਈ ਹੈ ?

ਮਾਨਯੋਗ ਸਪੀਕਰ: ਮੈਥੋਂ ਇਹ ਆਸ ਨਹੀਂ ਰਖੀ ਜਾ ਸਕਦੀ ਕਿ ਕੇਵਲ ਇਕ ਮਾਨਯੋਗ ਮੈਂਬਰ ਦੀ ਸੂਚਨਾ ਖ਼ਾਤਰ ਮੈਂ ਉਨ੍ਹਾਂ ਸਾਰੇ ਮੈਂਬਰਾਂ ਦੀ ਸੂਚੀ ਪੜ੍ਹਾਂ ਜਿਨ੍ਹਾਂ ਨੇ ਵੋਟ ਪਾਈ ਹੈ।

ਡਾ. ਬੀ. ਆਰ. ਅੰਬੇਡਕਰ: ਇਸ ਸਦਨ ਨੂੰ ਇਹ ਜਾਣ ਦਾ ਹੱਕ ਹੈ ਕਿ ਤਰਮੀਮ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਨੇ ਕਿਵੇਂ ਵੋਟ ਪਾਈ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਸਦਨ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਕਿਸੇ ਖ਼ਾਸ ਮੈਂਬਰ ਨੇ ਸਦਨ ਦੀ ਪ੍ਰਕਿਰਿਆ ਦੀ ਕੁਵਰਤੋਂ ਤਾਂ ਨਹੀਂ ਕੀਤੀ।

ਮਾਨਯੋਗ ਸਪੀਕਰ: ਮਾਨਯੋਗ ਮੈਂਬਰ ਡਾ. ਅੰਬੇਡਕਰ ਨੇ ਜੋ ਕੁਝ ਆਖਿਆ ਹੈ ਉਸ ਦੀ ਰੋਸ਼ਨੀ ਵਿਚ ਨਾਉਂ ਦੱਸਣ ਤੋਂ ਪਹਿਲਾਂ ਮੈਂ ਸਮਝਦਾ ਹਾਂ ਕਿ ਮੈਨੂੰ ਸਥਿਤੀ ਸਪੱਸ਼ਟ ਕਰ

---

* ਬੰਬਈ ਵਿਧਾਨ ਸਭਾ ਡਿਬੇਟਸ ਖੰਡ 2, ਪੰਨੇ 501- 02 22 ਜਨਵਰੀ,1938

ਦੇਣੀ ਚਾਹੀਦੀ ਹੈ ਅਤੇ ਸਥਿਤੀ ਇਸ ਪ੍ਰਕਾਰ ਹੈ: ਤਰਮੀਮ ਪੇਸ਼ ਕਰਨ ਵਾਲੇ ਸ੍ਰੀ ਫਾਦਕੇ ਨੇ ਮੁਸਲਮਾਨਾਂ ਲਈ ਵਖਰਾ ਚੋਣ ਹਲਕਾ ਹਟਾਉਣ ਦੀ ਦ੍ਰਿਸ਼ਟੀ ਵਜੋਂ ਆਪਣੀ ਤਰਮੀਮ ਪੇਸ਼ ਕੀਤੀ ਸੀ। ਇਹੋ ਤਰਮੀਮ ਮਾਨਯੋਗ ਮੈਂਬਰ ਸ੍ਰੀ ਚੁੰਦਰੀਗਰ ਨੇ ਇਸ ਮਨੋਰਥ ਨਾਲ ਪੇਸ਼ ਕੀਤੀ ਸੀ ਕਿ ਅੱਡ ਅੱਡ ਚੋਣ ਹਲਕਿਆਂ ਨੂੰ ਜਿਉਂ ਦਾ ਤਿਉਂ ਬਰਕਰਾਰ ਰਖਦਿਆਂ ਉਸ ਇਖ਼ਤਿਆਰੀ ਵਿਕਲਪ ਨੂੰ ਛੱਡ ਦਿੱਤਾ ਜਾਵੇ ਜੋ ਮੁਸਲਮਾਨਾਂ ਲਈ ਬਿਲ ਵਿਚ ਪ੍ਰਸਤਾਵਿਤ ਹੈ। ਸੋ ਇਸ ਵਿਸ਼ੇਸ਼ ਮੌਕੇ ਤੇ ਹੋਇਆ ਇਹ ਕਿ ਭਾਵੇਂ ਦੋਹਾਂ ਮਾਨਯੋਗ ਮੈਂਬਰਾਂ ਦੀਆਂ ਤਰਮੀਮਾਂ ਰੂਪ ਅਤੇ ਸ਼ਬਦਾਵਲੀ ਵਜੋਂ ਇਕੋ ਜਿਹੀਆਂ ਸਨ, ਹਰ ਇਕ ਦਾ ਮਨੋਰਥ ਭਿੰਨ ਸੀ। ਇਹ ਕੇਵਲ ਸੰਜੋਗ ਹੀ ਸੀ ਕਿ ਮਾਨਯੋਗ ਮੈਂਬਰ ਸ੍ਰੀ ਫਾਦਕੇ ਦੀ ਤਰਮੀਮ ਬਹਿਸ ਲਈ ਅੱਗੇ ਆ ਗਈ ਜਿਸ ਦੇ ਕਾਰਨ ਮਾਨਯੋਗ ਮੈਂਬਰ ਸ੍ਰੀ ਚੁੰਦਰੀਗਰ ਆਪਣੀ ਤਰਮੀਮ ਪੇਸ਼ ਨਹੀਂ ਕਰ ਸਕੇ। ਜੇ ਮਾਨਯੋਗ ਮੈਂਬਰ ਦੀ ਤਰਮੀਮ ਪੇਸ਼ ਹੋ ਗਈ ਹੁੰਦੀ ਤਾਂ ਮਾਨਯੋਗ ਮੈਂਬਰ ਸ੍ਰੀ ਫਾਦਕੇ ਦੀ ਤਰਮੀਮ ਪੇਸ਼ ਨਹੀਂ ਸੀ ਹੋਣੀ ਅਤੇ ਜੋ ਔਕੜ ਹੁਣ ਮਾਨਯੋਗ ਮੈਂਬਰ ਸ੍ਰੀ ਫਾਦਕੇ ਨੂੰ ਆਈ ਜਾਪਦੀ ਹੈ, ਉਹ ਮਾਨਯੋਗ ਮੈਂਬਰ ਸ੍ਰੀ ਚੁੰਦਰੀਗਰ ਨੂੰ ਪੇਸ਼ ਆਉਣੀ ਸੀ। ਇਸ ਵਿਆਖਿਆ ਤੋਂ ਮਗਰੋਂ ਮੈਂ ਵੰਡ ਸੂਚੀ ਨੂੰ ਵੇਖ ਕੇ ਦਸਾਂਗਾ ਕਿ ਮਾਨਯੋਗ ਮੈਂਬਰ ਸ੍ਰੀ ਫਾਦਕੇ ਨੇ ਵੋਟ ਪਾਈ ਵੀ ਹੈ ਜਾਂ ਨਹੀਂ, ਅਤੇ ਜੇਕਰ ਵੋਟ ਪਾਈ ਹੈ ਤਾਂ ਪੱਖ ਵਿਚ ਜਾਂ ਵਿਰੁੱਧ।

ਸ੍ਰੀ ਇਸਮਾਈਲ ਚੁੰਦਰੀਗਰ : ਜਨਾਬ, ਕੀ ਮੈਨੂੰ ਇਕ ਸੰਭਵ .ਗਲਤ ਫਹਿਮੀ ਦੂਰ ਕਰਨ ਦੀ ਆਗਿਆ ਹੈ ? ਗਲ ਇਹ ਨਹੀਂ ਕਿ ਮੈਂ ਆਪਣੀ ਤਰਮੀਮ ਪੇਸ਼ ਨਹੀਂ ਕੀਤੀ, ਅਸਲੀਅਤ ਇਹ ਹੈ: ਜਨਾਬ, ਆਪ ਜੀ ਨੇ ਨਿਰਣਾ ਦਿੱਤਾ ਸੀ ਕਿ ਮੇਰੇ ਲਈ ਤਰਮੀਮ ਵਜੋਂ ਆਪਣੀ ਤਰਮੀਮ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕਰਨੀ ਜ਼ਰੂਰੀ ਨਹੀਂ ਕਿਉਂਕਿ ਇਹ ਮਾਨਯੋਗ ਮੈਂਬਰ ਸ੍ਰੀ ਫਾਦਕੇ ਵਲੋਂ ਪਹਿਲਾਂ ਹੀ ਪੇਸ਼ ਕੀਤੀ ਜਾ ਚੁਕੀ ਹੈ।

ਮਾਨਯੋਗ ਸਪੀਕਰ: ਮੇਰੇ ਆਖਣ ਦਾ ਮਨਸ਼ਾ ਇਹ ਨਹੀਂ ਸੀ ਕਿ ਮਾਨਯੋਗ ਮੈਂਬਰ ਸ਼੍ਰੀ ਚੁੰਦਰਗੀਰ ਨੇ ਤਰਮੀਮ ਪੇਸ਼ ਕਰਨ ਤੋਂ ਇਨਕਾਰ ਕੀਤਾ ਹੈ ਜਾਂ ਉਹ ਤਰਮੀਮ ਪੇਸ਼ ਕਰਨ ਦੇ ਇੱਛਕ ਨਹੀਂ ਸਨ। ਅਜਿਹੀ ਕੋਈ ਗਲ ਨਹੀਂ। ਉਹ ਤਰਮੀਮ ਪੇਸ਼ ਕਰਨ ਦੇ ਇੱਛਕ ਸਨ, ਪਰ ਇਸ ਸਦਨ ਦਾ ਦਸਤੂਰ ਇਹ ਰਿਹਾ ਹੈ ਕਿ ਜਦੋਂ ਇਕੋ ਤਰਮੀਮ ਕਈ ਮੈਂਬਰਾਂ ਵਲੋਂ ਪੇਸ਼ ਕੀਤੀ ਜਾਏ ਤਾਂ ਸਹੂਲਤ ਦੀ ਖ਼ਾਤਰ ਇਕੋ ਮੈਂਬਰ ਉਸ ਨੂੰ ਪੇਸ਼ ਕਰਦਾ ਹੈ। ਅਜਿਹੀ ਕੋਈ ਗਲ ਨਹੀਂ ਕਿ ਸ੍ਰੀ ਚੁੰਦਰੀਗਰ ਨੇ ਤਰਮੀਮ ਪੇਸ਼ ਕਰਨ ਤੋਂ ਇਨਕਾਰ ਕੀਤਾ ਹੈ।

ਹੁਣ ਮੈਨੂੰ ਪਤਾ ਲਗਾ ਹੈ ਕਿ ਤਰਮੀਮ (ਮੈਂ ਮੁੜ ਆਖਦਾ ਹਾਂ) ਅਡਰੇ ਚੋਣ ਹਲਕਿਆਂ ਦੀ ਸਮਾਪਤੀ ਲਈ ਪੇਸ਼ ਕਰਨ ਵਾਲੇ ਮੈਂਬਰ ਸ੍ਰੀ ਫਾਦਕੇ ਨੂੰ ਜਦੋਂ ਪਤਾ ਲਗਿਆ ਕਿ ਉਸ ਦੀ ਪਹਿਲੀ ਤਰਮੀਮ ਅਸਵੀਕਾਰ ਹੋ ਗਈ ਹੈ ਅਤੇ ਅਲੱਗ ਅਲੱਗ ਚੋਣ ਹਲਕੇ ਕਾਇਮ ਹਨ ਤਾਂ ਉਸ ਨੇ ਇਸ ਦੇ ਵਿਰੁੱਧ ਵੋਟ ਪਾਈ।

ਡਾ. ਬੀ. ਆਰ. ਅੰਬੇਡਕਰ: ਮੈਂ ਇਕ ਸਵਾਲ ਹੋਰ ਪੁੱਛਣਾ ਚਾਹੁੰਦਾ ਹਾਂ ਅਤੇ ਇਸ ਮਾਮਲੇ

ਵਿਚ ਮੈਂ ਆਪ ਦੀ ਰੂਲਿੰਗ ਵੀ ਚਾਹੁੰਦਾ ਹਾਂ। ਜੇ ਸਦਨ ਦੇ ਕਿਸੇ ਮੈਂਬਰ ਨੇ ਕੋਈ ਤਰਮੀਮ ਪੇਸ਼ ਕੀਤੀ ਹੈ ਤਾਂ ਕੀ ਉਸ ਨੂੰ ਇਸ ਦੇ ਵਿਰੁੱਧ ਵੋਟ ਦੇਣ ਦੀ ਖੁਲ੍ਹ ਹੈ ?

ਮਾਨਯੋਗ ਸਪੀਕਰ: ਮੈਂ ਸਮਝਦਾ ਹਾਂ ਕਿ ਇਹ ਨੁਕਤਾ ਮੇਰੇ ਵਿਚਾਰ ਵਿਚ ਪ੍ਰਤੱਖ ਹੈ। ਕਿਸੇ ਵਿਅਕਤੀ ਨੂੰ ਅੰਤ ਤਕ ਆਪਣਾ ਵਿਚਾਰ ਬਦਲਣ ਦੀ ਖੁਲ੍ਹ ਹੈ (ਹਾਸਾ)।

ਡਾ. ਬੀ.ਆਰ.ਅੰਬੇਡਕਰ: (ਬੰਬਈ ਸ਼ਹਿਰ): ਮੈਨੂੰ ਖੇਦ ਹੈ, ਪਰ ਮੈਂ ਇਹ ਆਖੇ ਬਿਨਾਂ ਨਹੀਂ ਰਹਿ ਸਕਦਾ ਕਿ ਮੇਰੇ ਵਿਚਾਰ ਵਿਚ ਇਹ ਇਕ ਅਜਿਹਾ ਮਾਮਲਾ ਹੈ ਜਿਸ ਸਬੰਧੀ ਸਰਕਾਰ ਨੂੰ ਇਸ ਗਰੁੱਪ ਦੀਆਂ ਇੱਛਾਵਾਂ ਮੰਨ ਲੈਣੀਆਂ ਚਾਹੀਦੀਆਂ ਸਨ। ਜੇ ਮੇਰੇ ਮਾਨਯੋਗ ਮਿੱਤਰ ਸ੍ਰੀ ਗਾਇਕਵਾੜ ਦੁਆਰਾ ਪੇਸ਼ ਕੀਤੀ ਗਈ ਤਰਮੀਮ ਸਵੀਕਾਰ ਕਰ ਲਈ ਜਾਂਦੀ ਤਾਂ ਕਿਸੇ ਨੂੰ ਹਾਨੀ ਨਹੀਂ ਸੀ ਹੋਣੀ ਅਤੇ ਦੇਸ ਦੇ ਹਿੱਤਾਂ ਨੂੰ ਕੋਈ ਨੁਕਸਾਨ ਨਹੀਂ ਸੀ ਹੋਣਾ'। ਇਹ ਦੇਖਦਿਆਂ ਕਿ ਸਰਕਾਰ ਆਪਣੀ ਬਹੁਗਿਣਤੀ ਨੂੰ ਜ਼ਾਲਮਾਨਾਂ ਢੰਗ ਨਾਲ ਵਰਤਣਾ ਚਾਹੁੰਦੀ ਹੈ, ਮੈਂ ਸਮਝਦਾ ਹਾਂ, ਸਾਨੂੰ ਆਪਣੀ ਅਸੁੰਤਸ਼ਟਤਾ ਪ੍ਰਗਟਾਉਣੀ ਚਾਹੀਦੀ ਹੈ ਅਤੇ ਰਲ ਕੇ ਵਾਕ ਆਊਟ ਕਰ ਜਾਣਾ ਚਾਹੀਦਾ ਹੈ ਅਤੇ ਅੱਜ ਦੀ ਕਾਰਵਾਈ ਵਿਚ ਹੋਰ ਹਿੱਸਾ ਨਹੀਂ ਲੈਣਾ ਚਾਹੀਦਾ।

ਮਾਨਯੋਗ ਸ੍ਰੀ ਬੀ.ਜੀ.ਖੇੜ: ਮੈਂ ਉਮੀਦ ਕਰਦਾ ਹਾਂ ਕਿ ਮਾਨਯੋਗ ਮੈਂਬਰ (ਡਾ.ਅੰਬੇਡਕਰ:) ਮੈਨੂੰ ਕੁਝ ਸ਼ਬਦ ਆਖਣ ਦਾ ਮੌਕਾ ਦੇਣਗੇ।

ਇਹ ਅਫ਼ਸੋਸਨਾਕ ਸਮੀਖਿਆ ਹੈ ਕਿ ਜਿਥੇ ਜ਼ਾਤ ਜਾਂ ਧਰਮ ਦਾ ਜ਼ਰਾ ਵੀ ਸਵਾਲ ਅੱਗੇ ਆਉਂਦਾ ਹੈ, ਇਸ ਦੇਸ ਵਿਚ ਭਾਵਨਾਵਾਂ ਨੂੰ ਛੇਤੀ ਸੱਟ ਵਜਦੀ ਹੈ। ਜਿਹਾ ਕਿ ਇੰਡੀਪੈਂਡੈਂਟ ਲੇਬਰ ਪਾਰਟੀ ਦੇ ਨੇਤਾ ਜਾਣਦੇ ਹੀ ਹਨ, ਕਾਫ਼ੀ ਚਿਰ ਤੋਂ ਜਤਨ ਕੀਤਾ ਜਾ ਰਿਹਾ ਹੈ ਕਿ ਆਪਣੀ ਭਾਸ਼ਾ ਵਿਚੋਂ ਸ਼ਬਦ 'ਅਸਪ੍ਰਿਸ਼' ਦਾ ਪ੍ਰਚਾਲਨ ਹਟਾ ਲਿਆ ਜਾਵੇ ਕਿਉਂਕਿ ਇਸ ਦਾ ਵਿਚਾਰ ਹੀ ਉਨ੍ਹਾਂ ਦੁਖਦਾਈ ਸਬੰਧਾਂ ਦਾ ਚੇਤਾ ਕਰਾਉਂਦਾ ਹੈ ਜਿਨ੍ਹਾਂ ਨੂੰ ਸਰਬਵਿਆਪਕ ਤੌਰ ਤੇ ਹਿੰਦੂ ਧਰਮ ਉੱਤੇ ਇਕ ਦਾਗ਼ ਮੰਨਿਆ ਗਿਆ ਹੈ। ਮੈਂ ਮਾਨਯੋਗ ਮੈਂਬਰ ਸ੍ਰੀ ਗਾਇਕਵਾੜ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਨਿਰਾ ਨਾਉਂ ਬਦਲਣ ਨਾਲ ਹੀ ਅਸੀਂ ਆਪਣੇ ਉਦੇਸ਼ ਦੀ ਪੂਰਤੀ ਨਹੀਂ ਕਰ ਲਵਾਂਗੇ। ਵਰਤਮਾਨ ਧਾਰਾ ਉਸ ਵਿਸ਼ਾ ਵਲ ਇਕ ਜਤਨ ਹੈ। ਅਛੂਤਪੁਣੇ ਦਾ ਸਵਾਲ ਦੂਰ ਕਰਨ ਲਈ ਅਸਾਂ ਇੱਕ ਵਿਕਲਪੀ ਪਦ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ 'ਪਰਿਸ਼ਿਸ਼ਟ ਵਰਗ' ਆਖਣਾ ਚਾਹੁੰਦੇ ਸਾਂ। ਪਰ ਪਰਿਸ਼ਿਸ਼ਟ ਵਰਗ, ਅੰਗਰੇਜ਼ੀ ਪਦ 'ਸ਼ਡੂਲਡ ਕਲਾਸਾਂ' ਦਾ ਅਨੁਵਾਦ ਹੈ ਅਤੇ ਅਸਾਂ ਸੋਚਿਆ ਕਿ 'ਪਰਿਸ਼ਿਸ਼ਟ ਵਰਗ' ਮਰਾਠੀ ਭਾਸ਼ਾ ਵਿਚ ਸ਼ਾਮਲ ਕਰਨ ਲਈ ਬਹੁਤ ਅਢੁੱਕਵਾਂ ਪਦ ਹੋਵੇਗਾ। ਜੇ ਅੰਗਰੇਜ਼ੀ ਪਦ 'ਸ਼ਡੂਲਰ ਕਲਾਸ' ਦੀ ਥਾਂ ਅਸੀਂ ਸਮਾਨਾਰਥਕ ਸ਼ਬਦ ਚਾਹੁੰਦੇ ਸਾਂ ਤਾਂ ਸਾਨੂੰ ਪਰਿਸ਼ਿਸ਼ਟ ਵਰਗ ਇਕੋ ਇਕ ਵਿਕਲਪ ਵਜੋਂ ਉਸ ਵਰਗ ਲਈ ਸਵੀਕਾਰ ਕਰਨਾ ਪਿਆ, ਜਿਸ ਨੂੰ ਬਿਆਨ ਕਰਨਾ ਸਾਡਾ ਭਾਵ ਸੀ। ਮੈਂ ਉਨ੍ਹਾਂ ਦੇ ਇਹਸਾਸਾਂ ਤੋਂ

ਸਮਝ ਸਕਦਾ ਹਾਂ ਕਿ ਉਹ ਇਹ ਨਹੀਂ ਚਾਹੁੰਦੇ ਕਿ ਬਾਕੀ ਹਿੰਦੂਆਂ ਤੋਂ ਉਨ੍ਹਾਂ ਨੂੰ ਵਖਰਿਆਉਣ ਦਾ ਜਤਨ ਕੀਤਾ ਜਾਏ, ਪਰ ਕਾਨੂੰਨਸਾਜ਼ੀ ਦੇ ਮਨੋਰਥ ਤੋਂ ਵੀ, ਇਸ ਵਰਗ ਦੀ ਹਾਲਤ ਸੁਧਾਰਨ ਦਾ ਨਤੀਜਾ ਪ੍ਰਾਪਤ ਕਰਨ ਲਈ ਵੀ ਸਾਨੂੰ ਹੋਰ ਹਿੰਦੂਆਂ ਤੋਂ ਨਿਖੇੜ ਕੇ ਇਸ ਵਰਗ ਨੂੰ ਕੋਈ ਨਾਉਂ ਦੇਣਾ ਪੈਣਾ ਹੈ – ਅਸੀਂ ਉਨ੍ਹਾਂ ਨੂੰ ਅਸਪ੍ਰਿਸ਼ ਆਖੀਏ ਜਾਂ ਕੋਈ ਹੋਰ ਨਾਉਂ ਦੇਈਏ, ਹਿੰਦੂਆਂ ਦੇ ਇਸ ਇਤਨੇ ਵੱਡੇ ਭਾਗ ਨੂੰ ਇਕ ਵਖਰਾ ਵਰਗ ਦਰਸਾਉਣ ਲਈ ਜਿਤਨੇ ਘਟ ਪਦ ਵਰਤੀਏ, ਉਤਨਾ ਹੀ ਚੰਗਾ ਹੈ। ਪਰ ਮੈਂ ਜਾਣਦਾ ਹਾਂ ਕਿ ਪਿਛਲੇ 4 ਜਾਂ 5 ਸਾਲਾਂ ਤੋਂ ਸ਼ਬਦ 'ਹਰੀਜ਼ਨ' ਸਾਰੇ ਭਾਰਤ ਵਿਚ ਨਹੀਂ ਤਾਂ ਸਮੁੱਚੇ ਰੂਪ ਵਿਚ ਬਹੁਤ ਸਾਰੇ ਭਾਗਾਂ ਵਿਚ ਜ਼ਰੂਰ ਪ੍ਰਚਲਿਤ ਹੋ ਗਿਆ ਹੈ। 'ਸ਼ਡੂਲਡ ਕਲਾਸ' ਦੇ ਬਦਲ ਵਜੋਂ ਇਹ ਇਕ ਸ਼ਬਦ ਹੈ ਜਿਸ ਨੂੰ ਮਾਨਯੋਗ ਮੈਂਬਰ ਇੰਡੀਪੈਂਡੈਂਟ ਪਾਰਟੀ ਦੇ ਨੇਤਾ ਦੁਆਰਾ ਮਾਨਤਾ ਮਿਲਣੀ ਚਾਹੀਦੀ ਸੀ। ਇਹ ਬੜੀ ਮੰਦਭਾਗੀ ਗਲ ਹੈ ਕਿ ਉਹ ਇਸ ਸਵਾਲ ਨੂੰ ਇਸ ਨਜ਼ਰੀਏ ਤੋਂ ਨਹੀਂ ਵੇਖਦੇ। ਪਰ ਜੇ ਉਹ ਪਦ 'ਸ਼ਡੂਲਡ ਕਲਾਸ' ਲਈ ਕਿਸੇ ਵਿਕਲਪ ਦਾ ਸੁਝਾਉ ਦੇਣ, ਤਾਂ ਮੈਂ ਆਸ ਕਰਦਾ ਹਾਂ ਕਿ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਸੰਭਵ ਹੋ ਸਕੇਗਾ। ਵਿਕਲਪ ਵਜੋਂ ਮੈਂ ਉਨ੍ਹਾਂ ਅੱਗੇ ਬੇਨਤੀ ਕਰਦਾ ਹਾਂ ਕਿ ਫਿਰ ਵੀ ਇਸ ਧਾਰਾ ਨੂੰ ਪੜ੍ਹਦਿਆਂ ਇਸ ਗੱਲ ਦਾ ਖ਼ਿਆਲ ਰਖਣ ਕਿ ਇਸ ਵਿਚ ਲੋਕਾਂ ਦੀ ਉਸ ਵੱਡੀ ਜਮਾਤ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾਉਣ ਦਾ ਕੋਈ ਵਿਚਾਰ ਨਹੀਂ ਜਿਸ ਨੂੰ ਬਦਕਿਸਮਤੀ ਨਾਲ 'ਅਛੂਤ' ਆਖਦੇ ਹਨ– ਕੇਵਲ ਇਕ ਪਦ ਨੂੰ ਪ੍ਰਵਾਨਣ ਦੀ ਇੱਛਾ ਹੈ ਜਿਸ ਦਾ ਕਾਫ਼ੀ ਚਿਰ ਤੋਂ ਪ੍ਰਚਾਲਣ ਹੋ ਰਿਹਾ ਹੈ ਅਤੇ ਬੇਨਤੀ ਹੈ ਕਿ ਸ਼ਬਦ 'ਹਰੀਜਨ' ਅਤੇ ਇਸ ਦੀ ਪਰਿਭਾਸ਼ਾ ਵਿਚ ਉਸ ਦੇ ਫ਼ਿਰਕੇ ਤੇ ਕਿਸੇ ਕਿਸਮ ਦਾ ਹਰਫ ਲਿਆਉਣ ਵਾਲਾ ਕੋਈ ਜਤਨ ਨਹੀਂ।

ਡਾ.ਬੀ.ਆਰ.ਅੰਬੇਡਕਰ: ਜਨਾਬ, ਤੁਸਾਂ ਨਿਰਣਾ ਦਿੱਤਾ ਹੈ ਕਿ ਇਹ ਭਾਸ਼ਣ ਦੇਣ ਦਾ ਮੌਕਾ ਨਹੀਂ, ਮੈਂ ਕੋਈ ਭਾਸ਼ਣ ਨਹੀਂ ਦੇਵਾਂਗਾ। ਮੈਂ ਜੋ ਕਹਿਣਾ ਹੈ, ਉਹ ਕੇਵਲ ਇਹ ਹੈ ਕਿ ਮੈਂ ਚੰਗੇਰਾ ਨਾਉਂ ਸੁਝਾਉਣ ਦੀ ਸਥਿਤੀ ਵਿਚ ਨਹੀਂ ਪਰ ਇਹ ਮੈਂ ਜ਼ਰੂਰ ਆਖਣਾ ਚਾਹੁੰਦਾ ਹਾਂ ਕਿ ਸ਼ਬਦ 'ਹਰੀਜਨ' ਪਦ "ਅਸਪ੍ਰਿਸ਼" ਦਾ ਲਗਭਗ ਪੂਰਨ ਤੌਰ ਤੇ ਸਮਾਨ-ਆਰਥਕ ਹੋ ਗਿਆ ਹੈ ਅਤੇ ਇਸ ਤੋਂ ਅੱਗੇ ਨਾਂ ਵਿਚ ਕੁਝ ਬਾਕੀ ਨਹੀਂ। ਮੇਰਾ ਵਿਚਾਰ ਹੈ ਕਿ ਜੇਕਰ ਪ੍ਰਧਾਨ –ਮੰਤਰੀ ਨੇ ਇਦਾਂ ਹੀ ਮਹਿਸੂਸ ਕੀਤਾ ਹੁੰਦਾ, ਜਿਵੇਂ ਅਸੀਂ ਮਹਿਸੂਸ ਕਰਦੇ ਹਾਂ, ਕਿ ਸ਼ਬਦ 'ਹਰੀਜਨ' ਪਦ 'ਸ਼ਡੂਲਡ ਕਲਾਸ' ਨਾਲ ਸਮਾਨ ਅਰਥਕ ਹੋ ਗਿਆ ਹੈ ਤਾਂ ਉਨ੍ਹਾਂ ਦਾ ਕਰਤੱਵ ਸੀ ਕਿ ਅਜੇ ਉਹ ਇਸ ਸ਼ਬਦ ਨੂੰ ਵਾਪਸ ਲੈ ਲੈਂਦੇ ਅਤੇ ਮਗਰੋਂ ਵਿਕਲਪੀ ਪਦ ਲਈ ਉਹ ਇਸ ਮਾਮਲੇ ਦੀ ਚਰਚਾ ਸਾਡੇ ਨਾਲ ਕਰਦੇ। ਉਨ੍ਹਾਂ ਦੇ ਤਰਕ ਨੇ ਕਿਵੇਂ ਵੀ ਸਾਨੂੰ ਵਿਸ਼ਵਾਸ ਨਹੀਂ ਦਿਵਾਇਆ। ਇਸ ਲਈ ਮੈਂ ਹਾਲ ਛੱਡ ਕੇ ਜਾ ਰਿਹਾ ਹਾਂ।

(ਡਾ.ਬੀ.ਆਰ.ਅੰਬੇਦਕਰ ਅਤੇ ਇੰਡੀਪੈਂਡੈਂਟ ਲੇਬਰ ਪਾਰਟੀ ਦੇ ਹੋਰ ਮੈਂਬਰ ਸਦਨ ਤੋਂ ਬਾਹਰ ਚਲੇ ਜਾਂਦੇ ਹਨ)।

10

* ਛੋਟੇ ਕਿਸ਼ਾਨ ਰਾਹਤ ਬਿਲ

ਡਾ.ਬੀ.ਆਰ.ਅੰਬੇਡਕਰ: ਜਨਾਬ ਮੈਨੂੰ ਡਰ ਹੈ ਕਿ ਤੁਹਾਡੇ ਵਲੋਂ ਦਿੱਤੇ ਗਏ 10 ਮਿੰਟਾਂ ਵਿਚ ਉਹ ਸਾਰਾ ਕੁਝ ਮੁਕਾ ਨਹੀਂ ਸਕਾਂਗਾ ਜੋ ਮੈਂ ਇਸ ਬਿਲ ਬਾਰੇ ਆਖਣਾ ਹੈ। ਫਿਰ ਵੀ ਮੈਂ ਆਪਣੀ ਪੂਰੀ ਵਾਹ ਲਾਵਾਂਗਾ ਅਤੇ ਬਹੁਤ ਸੰਖੇਪ ਵਿਚ ਗਲ ਕਹਾਂਗਾ।

ਬਿਲ ਉਹਨਾਂ ਦੋ ਸਮੱਸਿਆਵਾਂ ਨੂੰ ਹਲ ਕਰਨ ਦੀ ਤਜਵੀਜ਼ ਪੇਸ਼ ਕਰਦਾ ਹੈ ਜੋ ਇਸ ਪ੍ਰੈਜ਼ੀਡੈਂਸੀ ਦੇ ਕਾਸ਼ਤਕਾਰਾਂ ਨੂੰ ਪ੍ਰਭਾਵਤ ਕਰਦੀਆਂ ਹਨ। ਇਕ ਸਮਸਿਆ ਖਿੰਡੇ ਹੋਏ ਖੇਤਾਂ ਦੀ ਹੈ ਅਤੇ ਦੂਜੀ ਛੋਟੇ ਖੇਤਾਂ ਦੀ। ਮੈਂ ਨਹੀਂ ਸਮਝਦਾ ਕਿ ਜਿਸ ਮਾਨਯੋਗ ਮੈਂਬਰ ਨੇ ਮੇਰੇ ਮਿੱਤਰ ਬੰਦੋਬਸਤ ਕਮਿਸ਼ਨਰ ਦਾ ਭਾਸ਼ਣ ਸੁਣਿਆ ਹੈ, ਉਹ ਇਸ ਗੱਲੋਂ ਇਨਕਾਰ ਕਰੇਗਾ ਕਿ ਖਿੰਡੇ ਹੋਏ ਖੇਤ ਇਕ ਬੁਰਾਈ ਹਨ ਅਤੇ ਜਿਥੋਂ ਤੀਕ ਸੰਭਵ ਹੋ ਸਕੇ ਇਸ ਬੁਰਾਈ ਦਾ ਇਲਾਜ ਹੋਣਾ ਚਾਹੀਦਾ ਹੈ। ਮੈਂ ਉਸ ਦੇ ਨਾਲ ਇਸ ਗਲੋਂ ਸਹਿਮਤ ਹਾਂ ਕਿ ਖਿੰਡੇ ਹੋਏ ਖੇਤਾਂ ਨਾਲ ਬਹੁਤ ਸਾਰੀਆਂ ਹਾਨੀਆਂ ਹਨ ਅਤੇ ਜਿਥੋਂ ਤੱਕ ਬਿਲ ਦੇ ਇਸ ਭਾਗ ਦਾ ਸਬੰਧ ਹੈ, ਮੈਂ ਸਹਿਮਤੀ ਪ੍ਰਗਟ ਕਰਦਾ ਹਾਂ ਕਿ ਜਮ੍ਹਾਂ-ਬੰਦੀ ਹੋਣੀ ਚਾਹੀਦੀ ਹੈ। ਛੋਟੇ ਖੇਤਾਂ (ਫ਼ਾਰਮਾਂ) ਦੇ ਸਵਾਲ ਵਲ ਆਉਂਦਿਆਂ ਮੈਂ ਮਾਨਯੋਗ ਬਿੱਲ ਪੇਸ਼-ਕਰਤਾ ਤੋਂ ਇਸ ਪ੍ਰਸ਼ਨ ਸਬੰਧੀ ਭਿੰਨ ਰਾਏ ਰਖਦਾ ਹਾਂ ਕਿ ਛੋਟੇ ਫ਼ਾਰਮ ਲਾਹੇਵੰਦੇ ਨਹੀਂ। ਜਨਾਬ, ਮਾਨਯੋਗ ਮੈਂਬਰ ਸ਼੍ਰੀ ਐਂਡਰਸਨ ਨੇ ਸਾਨੂੰ ਅੰਕੜਿਆਂ ਹੇਠ ਦਬ ਦਿੱਤਾ ਹੈ ਜਿਸ ਤੋਂ ਪਤਾ ਚਲੇ ਕਿ ਛੋਟੇ ਫ਼ਾਰਮ ਕਿਸ ਤਰ੍ਹਾਂ ਦੇ ਹਨ ਅਤੇ ਫ਼ਾਰਮਾਂ ਦੇ ਛੋਟੇ ਹੋਣ ਕਾਰਨ ਕਿਹੜੀਆਂ ਕਿਹੜੀਆਂ ਔਕੜਾਂ ਆਉਂਦੀਆਂ ਹਨ। ਮੈਂ ਮੰਨਦਾ ਹਾਂ ਕਿ ਛੋਟੇ ਫ਼ਾਰਮਾਂ ਦੇ ਹੋਣ ਨਾਲ ਔਕੜਾਂ ਜੁੜੀਆਂ ਹੋਈਆਂ ਹਨ। ਪਰ, ਮੈਂ ਇਹ ਨਹੀਂ ਮੰਨਦਾ ਕਿ ਛੋਟੇ ਫ਼ਾਰਮ ਲਾਜ਼ਮੀ ਤੌਰ ਤੇ ਲਾਹੇਵੰਦੇ ਨਹੀਂ ਹੁੰਦੇ ਜਾਂ ਅਣਆਰਥਿਕ, ਘਾਟੇ-ਵੰਦੇ ਹੁੰਦੇ ਹਨ। ਮੈਨੂੰ ਇਸ ਗਲ ਦੀ ਸਮਝ ਨਹੀਂ ਆਈ ਕਿ ਸ਼ਬਦ 'ਅਣ-ਆਰਥਿਕ'-ਜਿਵੇਂ ਮਾਨਯੋਗ ਬਿਲ ਪੇਸ਼ ਕਰਤਾ ਜਾਂ ਮਾਨਯੋਗ ਮੈਂਬਰ ਬੰਦੋਬਸਤ ਕਮਿਸ਼ਨਰ ਨੇ ਇਸ ਨੂੰ ਵਰਤਿਆ ਹੈ-ਦੀ ਪਰਿਭਾਸ਼ਾ ਕੀ ਹੈ ? ਜਨਾਬ, ਜਿਵੇਂ ਮੈਂ ਇਸ ਪਦ ਨੂੰ ਸਮਝਿਆ ਹਾਂ, ਮੈਂ ਆਖਣਾ ਚਾਹੁੰਦਾ ਹਾਂ ਕਿ ਕੋਈ ਫ਼ਾਰਮ ਲਾਹੇਵੰਦਾ ਹੈ ਜਾਂ ਘਾਟੇਵੰਦਾ, ਇਹ ਫ਼ਾਰਮ ਦੇ ਆਕਾਰ (ਸਾਈਜ਼) ਤੇ ਨਿਰਭਰ ਨਹੀਂ ਕਰਦਾ। ਇਹ, ਜਿਵੇਂ ਅਸੀਂ ਅਰਥ ਵਿਗਿਆਨ ਵਿਚ ਆਖਦੇ ਹਾਂ, ਉਤਪਾਦਨ ਦੇ ਹੋਰ ਕਾਰਕਾਂ ਤੇ ਨਿਰਭਰ ਕਰਦਾ ਹੈ ਅਤੇ ਉਨ੍ਹਾਂ ਅਨੁਸਾਰ ਬਦਲਦਾ ਹੈ। ਇਹ ਕਾਮਿਆਂ ਅਨੁਸਾਰ ਬਦਲਦਾ ਹੈ, ਇਹ ਪੂੰਜੀ ਨਾਲ

---

* ਬੰਬਈ ਵਿਧਾਨ ਪਰਿਸ਼ਦ, ਡਿਬੇਟਸ ਜਿਲਦ 21, ਪੰਨਾ 607-10, 10 ਅਕਤੂਬਰ, 1927.

ਬਦਲਦਾ ਹੈ। ਉਦਾਹਰਨ ਵਜੋਂ, ਜੇ ਕਿਸੇ ਕਿਸਾਨ ਕੋਲ ਵੱਧ ਕਾਮੇ ਰੱਖਣ ਦੇ ਸਾਧਨ ਹਨ ਪਰ ਉਸ ਕੋਲ ਲਾਉਣ ਲਈ ਬਹੁਤ ਪੂੰਜੀ ਨਹੀਂ, ਤਾਂ ਮੇਰੀ ਗੁਜ਼ਾਰਸ਼ ਹੈ ਕਿ ਜੇ ਇਹ ਫ਼ਾਰਮ ਛੋਟਾ ਹੈ ਤਾਂ ਇਸ ਦੇ ਕਾਰਨ ਇਸ ਨੂੰ ਅਣ-ਆਰਥਿਕ ਆਖਣਾ ਉਚਿਤ ਨਹੀਂ ਹੋਵੇਗਾ। ਮੇਰੀ ਸਥਿਤੀ ਤਾਂ ਇਹ ਹੈ : ਜਨਾਬ, ਚੰਗਾ ਹੁੰਦਾ ਜੇ ਮੈਂ ਬਿਲ ਪੇਸ਼ ਕਰਤਾ ਅਤੇ ਬੰਦੋਬਸਤ ਕਮਿਸ਼ਨਰ ਤੋਂ ਇਹ ਸੁਣਦਾ ਕਿ ਸਾਡੇ ਦੇਸ ਵਿਚ ਪੂੰਜੀ ਦੀ ਬਹੁਤਾਤ ਹੈ ਅਤੇ ਸਾਡੇ ਕੋਲ ਅਤਿ ਨਿਪੁੰਨ ਕਿਸਮ ਦੀ ਉਪਜ ਲਈ ਬਹੁਤ ਜ਼ਰਾਇਤੀ ਸੰਦ ਹਨ। ਜੇ ਉਨ੍ਹਾਂ ਨੇ ਦਰਸਾਇਆ ਹੁੰਦੈ ਕਿ ਹਾਲਤ ਇਹੋ ਜਿਹੀ ਹੈ ਤਾਂ ਅਸੀਂ ਉਨ੍ਹਾਂ ਨਾਲ ਸਹਿਮਤ ਹੋ ਸਕਦੇ ਕਿ ਛੋਟੇ ਫ਼ਾਰਮ ਘਾਟੇਵੰਦੇ ਹਨ, ਕਿਉਂਕਿ ਉਨ੍ਹਾਂ ਦੇ ਕਾਰਨ ਸੰਦਾਂ ਦੀ ਪੂਰੀ ਪੂਰੀ ਲਾਹੇਵੰਦ ਵਰਤੋਂ ਨਹੀਂ ਹੋ ਸਕਦੀ। ਪਰ, ਜਨਾਬ, ਮੈਨੂੰ ਇਹ ਮੰਨਣਾ ਪਵੇਗਾ ਕਿ ਮਾਨਯੋਗ ਮੈਂਬਰ, ਬੰਦੋਬਸਤ ਕਮਿਸ਼ਨਰ ਨੇ ਇਸ ਨੁਕਤੇ ਨੂੰ ਛੋਹਿਆ ਤੱਕ ਨਹੀਂ। ਮੈਂ ਉਸ ਤੋਂ ਇਹ ਸੁਣਨਾ ਪਸੰਦ ਕਰਦਾ ਕਿ ਕਿਸਾਨਾਂ ਕੋਲ ਪੂੰਜੀ ਦੀ ਮਾਤਰਾ ਬਹੁਤ ਜ਼ਿਆਦਾ ਹੈ ਅਤੇ ਉਸ ਕੋਲ ਹਲ ਅਤੇ ਪਸ਼ੂ ਇਤਨੀ ਬਹੁਤ ਸੰਖਿਆ ਵਿਚ ਮੌਜੂਦ ਹਨ ਕਿ ਇਨ੍ਹਾਂ ਸਭਨਾਂ ਨੂੰ ਵਰਤ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੇ ਫ਼ਾਰਮ ਬਹੁਤ ਛੋਟੇ ਹਨ। ਜਿਥੋਂ ਤੱਕ ਮੈਂ ਇਸ ਸਮੱਸਿਆ ਦਾ ਲੇਖਾ-ਜੋਖਾ ਕਰ ਸਕਿਆ ਹਾਂ, ਮੈਨੂੰ ਪਤਾ ਲਗਿਆ ਹੈ ਕਿ ਕਿਸਾਨ ਕੋਲ ਵਰਤੋਂ ਲਈ ਉਪਲਬਧ ਪੂੰਜੀ ਬਹੁਤੀ ਹੋਣ ਕਰਕੇ ਜੋਤ ਛੋਟੀ ਹੋਣ ਦੇ ਕਾਰਨ ਨਾਸ ਜਾਣ ਦੀ ਥਾਂ ਗਲ ਉਸ ਤੋਂ ਉਲਟ ਹੈ, ਜਿਸਦਾ ਸਾਨੂੰ ਯਕੀਨ ਦਿਵਾਇਆ ਜਾ ਰਿਹਾ ਹੈ। ਜਨਾਬ, ਮੈਨੂੰ ਪਤਾ ਲਗਿਆ ਹੈ ਕਿ ਮਦਰਾਸ ਪ੍ਰੈਜ਼ੀਡੈਂਸੀ ਵਿਚ 3 ਏਕੜਾਂ ਪ੍ਰਤਿਇਕ ਹਲ ਹੈ ਅਤੇ ਬੰਬਈ ਪ੍ਰੈਜ਼ੀਡੈਂਸੀ ਵਿਚ ਸਾਡੇ ਕੋਲ 6 ਏਕੜਾਂ ਪ੍ਰਤਿ ਇਕ ਹਲ ਹੈ। ਪੰਜਾਬ ਵਿਚ ਹਰ ਦੋ ਏਕੜਾਂ ਪ੍ਰਤਿ ਇਕ ਹਲ ਹੈ। ਮੈਂ ਇਹ ਸਰਕਾਰੀ ਅੰਕੜਿਆਂ ਤੋਂ ਪੜ੍ਹ ਰਿਹਾ ਹਾਂ। ਇਹ ਕਿਸਾਨ ਦੇ ਪੂੰਜੀਗਤ ਸੰਦਾਂ ਦੇ ਅੰਕੜੇ ਹਨ। ਮੈਂ ਜਿਸ ਸਥਿਤੀ ਦੀ ਗਲ ਕਰ ਰਿਹਾ ਹਾਂ ਉਹ ਇਹ ਹੈ, ਕਿ ਕੋਈ ਫ਼ਾਰਮ ਲਾਹੇਵੰਦਾ ਹੈ ਜਾਂ ਘਾਟੇਵੰਦਾ, ਇਹ ਇਸ ਗੱਲ ਤੇ ਨਿਰਭਰ ਨਹੀਂ ਕਰਦਾ ਹੈ ਕਿ ਫ਼ਾਰਮ ਕਿਤਨਾ ਕੁ ਹੈ, ਸਗੋਂ ਇਸ ਗੱਲ ਤੇ ਨਿਰਭਰ ਕਰਦਾ ਕਿ ਕਿਸਾਨ ਕੋਲ ਉਸ ਦੇ ਹਾਣ ਦੀ ਪੂੰਜੀ ਹੈ ਜਾਂ ਨਹੀਂ। ਮੇਰੀ ਸੋਚ ਇਹ ਹੈ ਕਿ ਮੌਜੂਦਾ ਹਾਲਾਤ ਵਿਚ ਫ਼ਾਰਮਾਂ ਨੂੰ ਹੋਰ ਛੋਟੇ ਕਰ ਦੇਣਾ ਬਿਹਤਰ ਹੈ। ਇਹ ਮੇਰੀ ਤਰਕਸ਼ੀਲ ਸਥਿਤੀ ਹੈ ਅਤੇ ਮੈਂ ਇਸ ਦਾ ਸਾਹਮਣਾ ਕਰਨ ਤੋਂ ਡਰਦਾ ਨਹੀਂ। ਇਸ ਲਈ ਮੈਂ ਇਹ ਸਮਝਣ ਤੋਂ ਆਰੀ ਹਾਂ ਕਿ ਫ਼ਾਰਮ ਵਡੇਰੇ ਕਰਨ ਦਾ ਕੀ ਲਾਭ ਹੈ ਜੇ ਕਿਸਾਨ ਕੋਲ ਭੋਇੰ ਤੇ ਖੇਤੀ ਕਰਨ ਲਈ ਲੋੜੀਂਦਾ ਧਨ ਮੌਜੂਦ ਨਹੀਂ ? ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਭੋਂਇ ਦਾ ਰਕਬਾ ਵਧਾਉਣ ਨਾਲ ਉਪਜ ਵਿਚ ਵਾਧਾ ਕਿਵੇਂ ਹੋਵੇਗਾ ਜੇ ਕਿਸਾਨ ਕੋਲ ਭੂਮੀ ਉੱਤੇ ਖੇਤੀ ਕਰਨ ਲਈ ਲੋੜੀਂਦੀ ਕਿਰਤ ਅਤੇ ਪੂੰਜੀ ਨਹੀਂ ?

ਫਿਰ ਸਾਨੂੰ ਇਹ ਇਕ ਗਲ ਵੀ ਚੇਤੇ ਰਖਣੀ ਚਾਹੀਦੀ ਹੈ ਕਿ ਸਾਡਾ ਦੇਸ ਖੇਤੀ-ਪ੍ਰਧਾਨ ਦੇਸ਼ ਹੈ ਅਤੇ ਸਾਡੀ ਭੂਮੀ ਦੀ ਸਮਰਥਾ ਮੁੱਕ ਚੁੱਕੀ ਹੈ। ਅਸੀਂ ਹਜ਼ਾਰਾਂ ਸਾਲਾਂ ਤੋਂ ਇਸ ਵਿਚ ਖੇਤੀ ਕਰਦੇ ਆ ਰਹੇ ਹਾਂ ਅਤੇ ਭਾਵੇਂ ਕੁਝ ਵੀ ਜਤਨ ਕਿਉਂ ਨਾ ਕਰੀਏ, ਅਸੀਂ ਇਸ ਦੀ

ਉਤਪਾਦਕਤਾ ਵਧਾ ਕੇ ਉਸ ਹਦ ਤੱਕ ਨਹੀਂ ਲਿਆ ਸਕਦੇ ਜਿਸ ਹੱਦ ਤੱਕ ਉਦਾਹਰਨ ਵਜੋਂ ਅਮਰੀਕਾ ਲੈ ਜਾ ਸਕਦਾ ਹੈ, ਜਿਥੇ ਭੂਮੀ ਅਜੇ ਤੋੜੀ ਨਹੀਂ ਗਈ। ਸਾਨੂੰ ਇਸ ਤੱਥ ਨੂੰ ਵੀ ਵਿਚਾਰ ਅਧੀਨ ਲਿਆਉਣਾ ਪਵੇਗਾ। ਇਸ ਹਾਲਤ ਵਿਚ ਸ਼ਕਤੀ, ਫ਼ਾਰਮ ਵੱਡੇ ਕਰਨ ਵਿਚ ਨਹੀਂ ਸਗੋਂ ਸੰਘਣੀ ਖੇਤੀ ਵਿਚ ਹੈ। ਭਾਵ, ਹੁਣ ਵਾਲੇ ਫ਼ਾਰਮਾਂ ਉਤੇ ਹੀ ਵਧੇਰੇ ਪੂੰਜੀ ਅਤੇ ਕਿਰਤ ਲਾਉਣ ਵਿਚ। ਇਸ ਲਈ, ਜਨਾਬ, ਮੈਂ ਸਮਝਦਾ ਹਾਂ ਕਿ ਬਿਲ ਦਾ ਉਹ ਭਾਗ ਜੋ ਫ਼ਾਰਮ ਵੱਡੇ ਕਰਨ ਨਾਲ ਸਬੰਧ ਰਖਦਾ ਹੈ ਬਿਲਕੁਲ ਬੇਲੋੜਾ ਹੈ। ਇਹ ਮੰਨਕੇ ਕਿ ਦੋ ਗੱਲਾਂ-ਜੋਤਾਂ ਦੀ ਜਮ੍ਹਾਂ-ਬੰਦੀ ਅਤੇ ਫ਼ਾਰਮ ਵੱਡੇ ਕਰਨ ਜ਼ਰੂਰੀ ਹਨ, ਮੈਂ ਸਮਝਦਾ ਹਾਂ ਕਿ ਇਸ ਦੁਆਰਾ ਵਰਤੀਆਂ ਜਾਣ ਵਾਲੀਆਂ ਪ੍ਰਸਤਾਵਿਤ ਵਿਧੀਆਂ ਵੱਲ ਉਸ ਤੋਂ ਵਧੇਰੇ ਧਿਆਨ ਦੇਣਾ ਵੀ ਜ਼ਰੂਰੀ ਹੈ, ਜਿਤਨਾ ਬਿਲ ਪੇਸ਼-ਕਰਤਾ ਨੇ ਦਿੱਤਾ ਹੈ। ਜਨਾਬ, ਜੋ ਵਿਧੀਆਂ ਪ੍ਰਤਖ ਰੂਪ ਵਿਚ ਇਸ ਬਿਲ ਵਿਚ ਵਰਤੀਆਂ ਗਈਆਂ ਹਨ, ਉਹ ਹਨ: ਪਹਿਲੀ ਅਚਲ ਜਾਇਦਾਦ ਦੇ ਵੰਡੇ ਜਾਣ ਉਤੇ ਨਿਯੰਤਰਣ, ਅਤੇ ਦੂਜੀ, ਜਮ੍ਹਾ-ਬੰਦੀ ਸ਼ੁਦਾ ਜੋਤਾਂ ਦੀ ਵਿਕਰੀ। ਜਨਾਬ, ਮੈਂ ਨਹੀਂ ਸਮਝਦਾ ਕਿ ਇਸ ਨੁਕਤੇ ਤੇ ਕੋਈ ਵਿਵਾਦ ਹੋ ਸਕਦਾ ਹੈ ਕਿ ਜੇ ਇਹ ਦੋ ਢੰਗ ਅਪਣਾਏ ਗਏ ਤਾਂ ਸਾਡੀ ਕਿਰਸਾਨੀ ਵਸੋਂ ਦਾ ਵੱਡਾ ਭਾਗ ਭੂਮੀਹੀਣ ਹੋ ਜਾਵੇਗਾ ਅਤੇ ਮੇਰੇ ਵਿਚਾਰ ਵਿਚ ਇਹ ਗੱਲ ਦੇਸ ਦੇ ਹਿਤ ਵਿਚ ਨਹੀਂ ਕਿ ਇਸ ਤਰ੍ਹਾਂ ਗ਼ਰੀਬ ਵਰਗਾਂ ਨੂੰ ਹੋਰ ਵੀ ਨਿਰਧਨ ਬਣਾ ਦਿੱਤਾ ਜਾਵੇ। ਜਨਾਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਹਿੰਦੂ ਕਾਨੂੰਨ (ਹਿੰਦੂ-ਲਾਅ) ਭਾਵੇਂ ਕਈ ਪੱਖਾਂ ਤੋਂ ਨੁਕਸਦਾਰ ਹੈ, ਤਾਂ ਵੀ ਵਿਰਾਸਤੀ ਹਿੰਦੂ ਲਾਅ, ਲੋਕਾਂ ਦਾ ਇੱਕ ਵੱਡਾ ਨਿਸਤਾਰਕ ਰਿਹਾ ਹੈ। ਜਨਾਬ, ਹਿੰਦੂ ਧਰਮ ਦੀ ਸਥਾਪਿਤ ਸਮਾਜਕ ਅਤੇ ਧਾਰਮਿਕ ਨਿਰ-ਅੰਕੁਸ਼ ਪ੍ਰਭੁਤਾ ਨੇ ਜਨ-ਸਮੂਹ ਦੇ ਇੱਕ ਵੱਡੇ ਭਾਗ ਨੂੰ ਸਦੀਵੀ ਦਾਸਤਾ ਵਿਚ ਰੱਖਿਆ ਹੈ। ਜੇ ਇਨ੍ਹਾਂ ਦੀਸ਼ਾ ਦਾਸਤਾ ਅਧੀਨ ਸਹਿਣਯੋਗ ਹੈ ਤਾਂ ਇਹ ਵਿਰਾਸਤੀ ਹਿੰਦੂ ਲਾਅ ਦੇ ਕਾਰਨ ਹੀ ਹੈ ਜਿਸ ਨੇ ਧਨਾਢ ਤੰਤਰ ਦੀ ਸਿਰਜਣਾ ਨੂੰ ਠਲ੍ਹ ਪਾਈ ਹੈ। ਜਨਾਬ, ਅਸੀਂ ਸਮਾਜੀ ਦਾਸਤਾ ਵਿਚ ਆਰਥਿਕ ਗ਼ੁਲਾਮੀ ਦਾ ਵਾਧਾ ਨਹੀਂ ਕਰਨਾ ਚਾਹੁੰਦੇ। ਜੇ ਲੋਕੀਂ ਸਮਾਜਕ ਤੌਰ ਤੇ ਆਜ਼ਾਦ ਨਹੀਂ ਤਾਂ ਉਨ੍ਹਾਂ ਨੂੰ ਆਰਥਕ ਤੌਰ ਤੇ ਤਾਂ ਆਜ਼ਾਦ ਰਹਿਣ ਦਿਉ। ਇਸ ਲਈ ਮੈਂ ਵਿਰਾਸਤ ਦੇ ਇਸ ਉਚਿਤ ਅਤੇ ਨਿਆਂ-ਸੰਗਤ ਪ੍ਰਬੰਧ ਦੀ ਮਨਸੂਖ਼ੀ ਦੇ ਬਿਲਕੁਲ ਖ਼ਿਲਾਫ਼ ਹਾਂ। ਇਸ ਪੜਾ ਤੇ ਮੈਂ ਮਾਨਯੋਗ ਬਿਲ ਪੇਸ਼-ਕਰਤਾ ਅੱਗੇ ਨਿਮਰਤਾ ਸਹਿਤ ਇਕ ਸੁਝਾਉ ਰੱਖਣਾ ਚਾਹਵਾਂਗਾ। ਮੈਂ ਬਿਲ ਦੀ ਪਹਿਲੀ ਪੜ੍ਹਤ ਦੀ ਪ੍ਰੋੜ੍ਹਤਾ ਕਰਨ ਲਈ ਤਿਆਰ ਹਾਂ ਜੇਕਰ ਉਹ ਬਿਲ ਵਿਚ ਉਪਬੰਧਿਤ ਜੋਤਾਂ ਦੇ ਵੱਡਾ ਕਰਨ ਅਤੇ ਜਮ੍ਹਾਂਬੰਦੀ ਦੇ ਢੰਗ ਨਾਲ ਪ੍ਰਤਿਬੱਧ ਨਹੀਂ। ਜਨਾਬ, ਮੈਂ ਸਮਝਦਾ ਹਾਂ ਕਿ ਚੰਗੇਰਾ ਢੰਗ ਇਹ ਹੈ ਕਿ ਪ੍ਰਮਾਣਿਕ ਰਕਬਿਆਂ ਵਿਚ ਸਾਂਝੀ ਖੇਤੀ ਰਾਇਜ ਕੀਤੀ ਜਾਵੇ ਅਤੇ ਛੋਟੀਆਂ ਛੋਟੀਆਂ ਪਟੀਆਂ ਦੇ ਮਾਲਕਾਂ ਨੂੰ, ਮਾਲਕੀ ਖ਼ਤਮ ਕੀਤੇ ਬਿਨਾਂ, ਖੇਤੀ ਲਈ ਸਾਂਝ ਵਿਚ ਮਜਬੂਰ ਕੀਤਾ ਜਾਵੇ। ਜੇ ਅਜਿਹਾ ਕੀਤਾ ਜਾਵੇ ਅਤੇ ਇਸ ਦੇ ਲਈ ਬਿਲ ਵਿਚ ਕੁਝ ਉਪਬੰਧ ਕੀਤਾ ਜਾਵੇ ਤਾਂ ਨਿਰਸੰਦੇਹ ਮੈਂ ਬਿਲ ਦੀ ਹਿਮਾਇਤ ਕਰਾਂਗਾ। (ਸ੍ਰੀ ਐਫ਼ ਸੀ ਐਚ ਐਂਡਰਸਨ ਅਸਹਿਮਤੀ ਪ੍ਰਗਟ ਕਰਦੇ ਹਨ)। ਮਾਨਯੋਗ ਮੈਂਬਰ ਸ੍ਰੀ ਐਂਡਰਸਨ, ਬੰਦੋਬਸਤ

ਕਮਿਸ਼ਨਰ, ਸਿਰ ਹਿਲਾਉਂਦੇ ਹਨ। ਪਰ ਮੈਂ ਮੈਂਬਰ ਜੀ ਨੂੰ ਦੱਸ ਦੇਵਾ ਕਿ ਜੋ ਢੰਗ ਮੈਂ ਸੁਝਾ ਰਿਹਾ ਹਾਂ ਉਹ ਮੇਰਾ ਆਪਣਾ ਨਹੀਂ, ਸਗੋਂ ਇਹ ਅਜਿਹਾ ਪ੍ਰਬੰਧ ਹੈ, ਜੋ ਇਟਲੀ ਅਤੇ ਫ਼ਰਾਂਸ ਵਿਚ ਪ੍ਰਚਲਿਤ ਹੈ ਅਤੇ ਇੰਗਲੈਂਡ ਦੇ ਕੁਝ ਹਿੱਸਿਆ ਵਿੱਚ ਵਰਤਿਆ ਜਾ ਰਿਹਾ ਹੈ, ਅਤੇ ਇਸ ਤੋਂ ਕਾਫ਼ੀ ਲਾਭ ਹੋ ਰਿਹਾ ਹੈ। ਜਨਾਬ, ਮੈਂ ਇਸ ਸਬੰਧ ਵਿਚ ਸੁਹਿਰਦਤਾ ਨਾਲ ਸਦਨ ਦੇ ਨੇਤਾ ਨੂੰ ਸੁਝਾਉ ਪੇਸ਼ ਕਰਦਾ ਹਾਂ ਕਿ ਉਹ ਸ੍ਰੀ ਉਟਾ ਰਾਥਸਫ਼ੀਲਡ ਆਪਣੀ ਪੁਸਤਕ "ਫ਼ਰਾਂਸ ਅਤੇ ਇਟਲੀ ਵਿੱਚ ਸਹਿਕਾਰੀ ਲਹਿਰ ਬਾਰੇ ਪ੍ਰਭਾਵ" ਵਿਚ ਜੋ ਆਖਦੇ ਹਨ, ਉਸ ਉੱਤੇ ਗਹੁ ਨਾਲ ਵਿਚਾਰ ਕਰਨ। ਮੈਂ ਇੱਥੇ ਇਕ ਪੈਰਾ ਪੜ੍ਹਾਂਗਾ।

****

II

(ਅਸੰਮਤੀ ਦਾ ਨੋਟ)

ਬੰਬਈ ਦੇ ਰਾਜਪਾਲ ਦੀ ਪਰਿਸ਼ਦ ਦੀ ਕਾਰਵਾਈ

ਬੰਬਈ ਦੇ ਰਾਜਪਾਲ ਦੀ ਵਿਧਾਨ ਪਰਿਸ਼ਦ ਦੇ ਸਕੱਤਰ

ਦੁਆਰਾ

ਦਫ਼ਤਰ, ਵਿਧਾਨ ਪਰਿਸ਼ਦ,

ਪਰਿਸ਼ਦ ਹਾਲ, ਪੂਨਾ, 10 ਜੁਲਾਈ 1928.

ਨੰ.894-1927 ਦੇ ਬਿਲ ਨੰ: XVI (ਜ਼ਰਾਇਤੀ ਭੂਮੀ ਦੀ ਲੋੜ ਤੋਂ ਵੱਧ ਉਪਵੰਡ ਨੂੰ ਰੋਕਣ ਅਤੇ ਅਜਿਹੀ ਭੂਮੀ ਦੀ ਜਮ੍ਹਾਬੰਦੀ ਨੂੰ ਉਤਸਾਹਿਤ ਕਰਨ ਲਈ ਐਕਟ) ਸਬੰਧੀ ਸਿਲੈਕਟ ਕਮੇਟੀ ਦੀ ਰਿਪੋਰਟ, ਜੋ ਬੰਬਈ ਸਰਕਾਰ ਦੇ ਗਜ਼ਟ, ਭਾਗ V, ਮਿਤੀ 30 ਜੂਨ, 1928 ਵਿਚ ਪੰਨਿਆਂ 34-49 ਤੇ ਛੱਪੀ ਹੈ, ਉਸ ਦੇ ਪਦ-ਨੋਟ ਦੇ ਹਵਾਲੇ ਨਾਲ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਡਾ.ਬੀ.ਆਰ.ਅੰਬੇਡਕਰ ਮੈਂਬਰ, ਵਿਧਾਨ ਪਰਿਸ਼ਦ ਨੇ ਸਿਲੈਕਟ ਕਮੇਟੀ ਦੀ ਰਿਪੋਰਟ ਉਪਰ ਹੇਠ ਦਿੱਤਾ ਅਸੰਮਤੀ ਨੋਟ ਦੇ ਕੇ ਹਸਤਾਖਰ ਕਰ ਦਿੱਤੇ ਹਨ:

(ਡਾ.ਬੀ.ਆਰ. ਅੰਬੇਡਕਰ, ਮੈਂਬਰ, ਵਿਧਾਨ ਪਰਿਸ਼ਦ ਦਾ ਅਸੰਮਤੀ ਨੋਟ)

1. ਬਿਲ ਦਾ ਭਾਗ-1 ਇਸ ਮਨੋਤ ਨਾਲ ਸ਼ੁਰੂ ਹੁੰਦਾ ਹੈ ਕਿ ਲਾਹੇਵੰਦ ਖੇਤੀ ਦੇ ਮਨੋਰਥ ਲਈ, ਹੁਣ ਤੋਂ ਵਡੇਰੇ ਫ਼ਾਰਮ ਹੋਣੇ ਜ਼ਰੂਰੀ ਹਨ। ਮੈਂ ਇਸ ਗਲ ਨਾਲ ਬਿਲੱਕੁਲ ਸੰਤੁਸ਼ਟ ਨਹੀਂ ਕਿ ਇਹ ਮਨੋਤ ਸਹੀ ਹੈ। ਜੇ ਇਹ ਮੰਨ ਲਿਆ ਜਾਏ ਕਿ ਇਹ ਮਨੋਤ ਸਹੀ ਹੈ ਤਾਂ ਬਿਲ ਦੇ ਇਸ ਭਾਗ ਲਈ ਆਪਣੀ ਸਹਿਮਤੀ ਪ੍ਰਗਟ ਕਰਨ ਲਈ, ਮੁੱਖ ਸਵਾਲ ਜਿਸ ਬਾਰੇ ਹਰ ਕਿਸੇ ਨੂੰ ਆਪਣੀ ਤਸੱਲੀ ਕਰਨੀ ਪਵੇਗੀ, ਇਹ ਹੈ: ਕੀ ਇਹ ਬਿਲ, ਮੌਜੂਦਾ

---

* ਬੰਬਈ ਸਰਕਾਰ ਗਜ਼ਟ, ਭਾਗ V, ਪੰਨੇ 64-65, ਮਿਤੀ ਜੁਲਾਈ, 12, 1928.

ਛੋਟੇ ਫ਼ਾਰਮਾਂ ਤੋਂ ਵੱਡੇ ਫ਼ਾਰਮ ਬਣਾਉਣ ਦੀ ਸਮਿਸਆ ਨੂੰ ਇਸ ਢੰਗ ਨਾਲ ਸੁਲਝਾਉਂਦਾ ਹੈ ਕਿ ਕੋਈ ਗੰਭੀਰ ਇਤਰਾਜ਼ ਇਸ ਸਬੰਧੀ ਉਠਾਇਆ ਨਹੀਂ ਜਾ ਸਕਦਾ ?"

2. ਇਕ ਵਾਰੀ ਪ੍ਰਮਾਣਿਕ ਇਕਾਈ ਨਿਯਤ ਕਰਨ ਤੇ, ਇਸ ਨੂੰ ਬਰਕਰਾਰ ਰੱਖਣ ਲਈ ਬਿਲ ਦੁਆਰਾ ਵਰਤੀ ਜਾਣ ਵਾਲੀ ਕਿਰਿਆ ਵਿਧੀ ਦੋਹਰੀ ਹੈ। ਇਕ ਤਾਂ ਇਹ ਛੋਟੇ ਫ਼ਾਰਮ ਦੇ ਮਾਲਕਾਂ ਨੂੰ ਸਖ਼ਤੀ ਨਾਲ ਦੰਡ ਦਿੰਦੀ ਹੈ ਤਾਂ ਜੋ ਉਹ ਫ਼ਾਰਮ ਉਸ ਲਈ ਲਾਹੇਵੰਦਾ ਹੋਣ ਦੀ ਥਾਂ ਬੋਝ ਬਣ ਜਾਏ। ਦੂਜੇ, ਇਕ ਛੋਟੇ ਫ਼ਾਰਮ ਦੀ ਮਾਲਕੀ ਦੀ ਮਨਾਹੀ ਕਰਦੀ ਹੈ ਕਿਉਂਕਿ ਇਸ ਵਿਚ ਉਪਬੰਧ ਹੈ ਕਿ ਛੋਟੇ ਫ਼ਾਰਮ ਹੋਂਦ ਵਿੱਚ ਬਿਲਕੁਲ ਨਹੀਂ ਆਉਣਗੇ। ਮਗਰਲੇ ਦੀ ਉਦਾਹਰਨ ਲਈ ਤੇ ਪਾਬੰਦੀਆਂ ਨੂੰ ਵੇਖਿਆ ਜਾ ਸਕਦਾ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਬਿਲ ਦੁਆਰਾ ਅਪਣਾਈ ਗਈ ਕਿਰਿਆ ਵਿਧੀ ਵਿਚ ਲੋਕਾਂ ਦੇ ਮਾਲਕੀ ਦੇ ਅਧਿਕਾਰਾਂ ਨੂੰ ਖ਼ਤਰਾ ਹੈ।

3. ਮੈਨੂੰ ਇਸ ਕਿਰਿਆ ਵਿਧੀ ਤੇ ਤਿੰਨ ਕਾਰਨਾਂ ਕਰਕੇ ਇਤਰਾਜ਼ ਹੈ। ਪਹਿਲਾ ਕਰਨ ਇਹ ਹੈ ਕਿ ਇਹ ਸੰਪਤੀ-ਅਧਿਕਾਰਾਂ ਨੂੰ ਪ੍ਰਭਾਵਤ ਕਰਦੀ ਹੈ। ਜੇ ਮਾਲਕੀ, ਰਾਜਕੀ ਹੁੰਦੀ ਅਤੇ ਜ਼ਮੀਨਾਂ ਦੇ ਰਾਜਕੀ ਪ੍ਰਬੰਧ ਦਾ ਮਾਮਲਾ ਹੁੰਦਾ ਤਾਂ ਸੰਪਤੀ ਦੀ ਮਾਲਕੀ ਦੇ ਹੱਕ, ਬਹੁਤੀ ਚਿੰਤਾ ਵਾਲੀ ਗੱਲ ਨਹੀਂ ਸਨ ਹੋਣੇ। ਪਰ ਇਹ ਪ੍ਰਬੰਧ ਅਜਿਹਾ ਹੈ ਜਿਸ ਨਾਲ ਕੁਝ ਇਕ ਜ਼ਿਮੀਂਦਾਰਾਂ ਦੀ ਹੈਸੀਅਤ ਵੱਧ ਜਾਵੇਗੀ ਅਤੇ ਬਾਕੀਆਂ ਨੂੰ ਨੁਕਸਾਨ ਪਹੁੰਚੇਗਾ। ਮੇਰੇ ਮਨ ਵਿਚ ਇਸ ਸਬੰਧੀ ਕੋਈ ਸੰਦੇਹ ਨਹੀਂ ਕਿ ਇਸ ਬਿਲ ਵਿਚ ਦਿੱਤੀ ਗਈ ਕਿਰਿਆ- ਵਿਧੀ ਅਪਣਾਉਣ ਦਾ ਇਕ ਅਸਰ ਇਹ ਹੋਵੇਗਾ ਕਿ ਕੁਝ ਭੂਮੀ ਮਾਲਕ ਕਿਸਾਨਾਂ ਦੀ ਹੈਸੀਅਤ ਘਟ ਕੇ ਭੂਮੀਹੀਨ ਮਜ਼ਦੂਰਾਂ ਵਾਲੀ ਹੋ ਜਾਵੇਗੀ। ਇਹ ਅਨੁਮਾਨ ਲਾਉਣਾ ਮੁਸ਼ਕਲ ਹੈ ਕਿ ਕਿਤਨਿਆਂ ਨੂੰ ਇਹ ਸੰਕਟ ਆਵੇਗਾ ? ਸਭੋ ਕੁਝ ਇਸ ਗਲ ਤੇ ਨਿਰਭਰ ਕਰੇਗਾ ਕਿ ਪ੍ਰਮਾਣਿਤ ਫ਼ਾਰਮ ਕਿਤਨਾ ਵੱਡਾ ਹੋਵੇਗਾ। ਜੇ ਪ੍ਰਮਾਣ (ਸਟੈਂਡਰਡ) ਵਾਸਤਵ ਤੋਂ ਬਹੁਤ ਉੱਚਾ ਹੋਇਆ ਤਾਂ ਇਹ ਵਾਸਤਵ ਦੇ ਲਾਗੇ ਚਾਗੇ ਦੇ ਪ੍ਰਮਾਣ ਦੇ ਮੁਕਾਬਲੇ ਬਹੁੱਤ ਵੱਡੇ ਵਰਗ ਨੂੰ ਪ੍ਰਭਾਵਿਤ ਕਰੇਗਾ। ਵਿਸਥਾਪਨ ਕਿਤਨਾ ਕੁ ਹੋਵੇਗਾ ? ਇਹ ਇਕ ਅਗਿਆਤ ਮਾਤਰਾ ਹੈ, ਅਤੇ ਇਸ ਦਾ ਪਤਾ ਉਦੋਂ ਹੀ ਲਗੇਗਾ ਜਦੋਂ ਪ੍ਰਮਾਣ ਪਰਿਭਾਸ਼ਤ ਹੋ ਜਾਵੇਗਾ। ਪਰ, ਬਹੁਤੇ ਕਿਸਾਨ ਛੋਟੇ ਫ਼ਾਰਮਾਂ ਦੇ ਮਾਲਕ ਹਨ। ਇਸ ਲਈ ਡਰ ਆਮ ਹੈ। ਇਸ ਬਿਲ ਦਾ ਵਿਰੋਧ ਇਸ ਡਰ ਦੇ ਕਾਰਨ ਹੈ ਅਤੇ ਮੈਂ ਇਹ ਆਖਣ ਲਈ ਤਿਆਰ ਨਹੀਂ ਕਿ ਡਰ ਬੇਬੁਨਿਆਦ ਹੈ। ਸਮਾਜ ਦੇ ਆਰਥਿਕ ਆਧਾਰ ਵਿਚ ਇਨਕਲਾਬੀ ਤਬਦੀਲੀ ਦੀ ਭਵਿੱਖਤ ਸੰਭਾਵਨਾ ਨੂੰ ਸ਼ਾਂਤ-ਚਿਤ ਹੋ ਕੇ ਦ੍ਰਿਸ਼ਟੀਗੋਚਰ ਨਹੀਂ ਕਰ ਸਕਦਾ।

4. ਬਿਲ ਦੀ ਕਿਰਿਆ-ਵਿਧੀ ਪ੍ਰਤੀ ਮੇਰੇ ਇਤਰਾਜ਼ ਦਾ ਦੂਜਾ ਆਧਾਰ ਇਹ ਹੈ ਕਿ ਇਹ ਬਿਲਕੁਲ ਵਿਅਰਥ ਹੋਵੇਗੀ ਅਤੇ ਬਹੁਤ ਹੱਦ ਤਕ ਮਾਮਲਾ ਉਸੇ ਤਰ੍ਹਾਂ ਰਹੇਗਾ ਜਿਵੇਂ ਕਿ ਹੁਣ ਹੈ। ਛੋਟੇ ਫ਼ਾਰਮਾਂ ਦੇ ਗਵਾਂਢੀ ਮਾਲਕਾਂ ਨੂੰ ਹੱਕ-ਸ਼ੁਫ਼ੇ ਦਾ ਅਧਿਕਾਰ ਦਿੱਤਾ ਗਿਆ

ਹੈ ਜਿਸ ਦਾ ਮਨੋਰਥ ਲਾਗਲੇ ਛੋਟੇ ਫ਼ਾਰਮਾਂ ਨੂੰ ਮਿਲਾਉਣਾ ਹੈ। ਪਰ, ਹੱਕ-ਸ਼ੁਫ਼ਾ ਉਦੋਂ ਹੀ ਅਮਲ ਵਿਚ ਆਵੇਗਾ ਜਦੋਂ ਮਾਲਕ ਵੇਚਣਾ ਚਾਹੁੰਦਾ ਹੋਵੇ ਅਤੇ ਗਵਾਂਢੀ, ਮਾਲਕ ਦੀਆਂ ਸ਼ਰਤਾਂ ਮੰਨਣ ਲਈ ਰਜ਼ਾਮੰਦ ਹੋਵੇ। ਹੋ ਸਕਦਾ ਹੈ ਕਿ ਹੱਕ-ਸ਼ੁਫ਼ੇ ਦਾ ਮੌਕਾ ਹੀ ਨਾ ਆਏ ਕਿਉਂਕਿ ਛੋਟੇ ਫ਼ਾਰਮ ਦਾ ਮਾਲਕ (ਮੈਂ ਪੁਰਾਣੇ ਟੋਟਿਆਂ ਦੀ ਗਲ ਕਰ ਰਿਹਾ ਹਾਂ) ਇਸਨੂੰ ਆਪਣੇ ਕੋਲ ਹੀ ਰਖਣਾ ਚਾਹ ਸਕਦਾ ਹੈ। ਹੋ ਸਕਦਾ ਹੈ ਕਿ ਕੋਈ ਗੁਆਂਢੀ, ਮਾਲਕ ਦੀਆਂ ਸ਼ਰਤਾਂ ਮਨਜ਼ੂਰ ਨਾ ਕਰ ਸਕੇ। ਹਰ ਹਾਲਤ ਵਿਚ ਛੇਤੀ ਹੀ ਛੋਟੇ ਫ਼ਾਰਮ ਮਿਲਾਉਣ ਦੀ ਇੱਛਾ ਦੇ ਬਾਵਜੂਦ, ਮੌਜੂਦਾ ਛੋਟੇ ਫ਼ਾਰਮ ਅਨਿਸ਼ਚਿਤ ਕਾਲ ਤੱਕ ਬਰਕਰਾਰ ਰਹਿਣਗੇ।

5. ਇਸ ਸਭ ਤੋਂ ਛੁੱਟ, ਬਿਲ ਦਾ ਭਾਗ-1 ਉਸ ਮਨੋਰਥ ਨੂੰ ਉਲੰਘ ਜਾਂਦਾ ਹੈ ਜੋ ਬਿਲ ਦੀ ਦ੍ਰਿਸ਼ਟੀ ਵਿਚ ਹੈ। ਬਿਲ ਦਾ ਮਨੋਰਥ ਹੁਣ ਵਾਲੀ ਹਾਲਤ ਤੋਂ ਇਕੋ ਪ੍ਰਬੰਧ ਅਧੀਨ ਕਾਸ਼ਤ ਲਈ ਵਡੇਰੇ ਫ਼ਾਰਮ ਬਣਾਉਣਾ ਹੈ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਕਾਸ਼ਤ ਲਈ ਵੱਖ ਵੱਖ ਮਾਲਕਾਂ ਦੇ ਛੋਟੇ ਫ਼ਾਰਮਾਂ ਨੂੰ ਇਕਠਿਆਂ ਕਰ ਸਕਦੇ ਹਾਂ ਤਾਂ ਸਾਨੂੰ ਇੱਥੇ ਹੀ ਬਸ ਕਰ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਇਕੋ ਵਿਅਕਤੀ ਦੀ ਮਾਲਕੀ ਵਿਚ ਲਿਆਂਉਣ ਦਾ ਉਦੋਂ ਤਕ ਜਤਨ ਨਹੀਂ ਕਰਨਾ ਚਾਹੀਦਾ ਜਦੋਂ ਤਕ ਇਹ ਸਿੱਧ ਨਾ ਹੋ ਜਾਏ ਕਿ ਕੰਬਾਈਨਾਂ ਦੁਆਰਾ ਕਾਸ਼ਤ ਲਈ ਇਕਹਿਰੀ ਮਾਲਕੀ ਜ਼ਰੂਰੀ ਹੈ। ਮੈਨੂੰ ਯਕੀਨ ਹੈ ਕਿ ਸਹਿਕਾਰੀ ਖੇਤੀ ਲਈ ਪ੍ਰਮਾਣਿਕ ਆਕਾਰ ਦੇ ਫ਼ਾਰਮ ਸਥਾਪਿਤ ਕਰਨ ਨਾਲ ਸਾਨੂੰ ਉਹ ਸਭ ਕੁਝ ਪ੍ਰਾਪਤ ਹੋ ਜਾਵੇਗਾ ਜੋ ਅਸੀਂ ਬਿਲ ਦੁਆਰਾ ਚਾਹੁੰਦੇ ਹਾਂ ਅਤੇ ਇਸ ਨਾਲ ਛੋਟੇ ਫ਼ਾਰਮਾਂ ਦੇ ਮਾਲਕ ਬਾਹਰ ਹੋਣੋ ਵੀ ਬਚ ਜਾਣਗੇ। ਇਸ ਵਿਉਂਤ ਅਧੀਨ ਕਿਸਾਨ ਦੀ ਮਾਲਕੀ ਜਿਉਂ ਦੀ ਤਿਉਂ ਕਾਇਮ ਰਹੇਗੀ, ਸਿਵਾਏ ਉਸ ਹੱਦ ਤਕ ਕਿ ਉਸ ਨੂੰ ਕਾਸ਼ਤ ਦੀ ਖੁਲ੍ਹ ਨਹੀਂ ਹੋਵੇਗੀ, ਜੇਕਰ ਉਹ ਇਸ ਤਰ੍ਹਾਂ ਲਾਗਲੇ ਫ਼ਾਰਮ ਜਾਂ ਫ਼ਾਰਮਾਂ ਨਾਲ ਰਲਣ ਲਈ ਤਿਆਰ ਨਹੀਂ ਹੁੰਦਾ ਕਿ ਕੁਝ ਰਕਬਾ ਪ੍ਰਮਾਣਿਕ ਇਕਾਈ ਦੇ ਬਰਾਬਰ ਜਾਂ ਉਸ ਤੋਂ ਵੱਧ ਹੋ ਜਾਏ। ਅਜਿਹਾ ਇਕਰਾਰਨਾਮਾ ਜੇ ਭੂਮੀ ਨਾਲ ਚਲਾਇਆ ਜਾਏ ਤਾਂ ਉਨ੍ਹਾਂ ਸਾਰੀਆਂ ਪਾਬੰਦੀਆਂ ਦੀ ਲੋੜ ਖ਼ਤਮ ਹੋ ਜਾਵੇਗੀ ਜੋ ਬਿਲ ਹੱਥ-ਬਦਲੀਆਂ ਅਤੇ ਵੰਡੀਆਂ ਉਤੇ ਲਿਆਉਣਾ ਲੋੜਦਾ ਹੈ, ਕਿਉਂਕਿ, ਜੋ ਕੋਈ ਵੀ ਭੂਮੀ ਦਾ ਟੁਕੜਾ ਪ੍ਰਾਪਤ ਕਰੇਗਾ, ਉਹ ਸਹਿਕਾਰੀ ਫ਼ਾਰਮ ਦੀ ਕਾਸ਼ਤ ਬਾਰੇ ਪ੍ਰਬੰਧ ਵਿਚ ਗੜਬੜੀ ਨਹੀਂ ਕਰ ਸਕੇਗਾ। ਇਕਰਾਰਨਾਮੇ ਦੇ ਕਾਰਨ, ਜਿਸਨੂੰ ਭੂਮੀ ਦੀ ਹੱਥ-ਬਦਲੀ ਕੀਤੀ ਗਈ ਹੈ, ਉਸਦੇ ਲਈ ਸੰਝਾਲੀ ਵਿਚ ਫ਼ਾਰਮ ਦੀ ਖੇਤੀ ਕਰਨੀ ਲਾਜ਼ਮੀ ਹੋਵੇਗੀ।

ਸਹਿਕਾਰੀ ਫ਼ਾਰਮ ਹਿੱਸੇਦਾਰਾਂ (share holder) ਦੀ ਕੰਪਨੀ ਵਾਂਗ ਹੋਵੇਗਾ ਜਿਸ ਵਿਚ ਕੰਪਨੀ ਕਾਇਮ ਰਹਿੰਦੀ ਹੈ, ਭਾਵੇਂ ਹਿੱਸੇਦਾਰ ਬਦਲ ਜਾਣ। ਇਹ ਵਿਉਂਤ ਕਿਰਿਆ ਵਿਚ ਸਰਲ ਹੈ ਅਤੇ ਬਿਲ ਦੀਆਂ ਬੁਰਾਈਆਂ ਤੋਂ ਵੀ ਮੁਕਤ ਹੈ।

6. ਮੈਨੂੰ ਨਹੀਂ ਦਿਸਦਾ ਕਿ ਵਿਉਂਤ ਬਾਰੇ ਕੀ ਇਤਰਾਜ਼ ਹੋ ਸਕਦਾ ਹੈ ? ਅਸਲ ਵਿਚ ਅਜਿਹਾ ਪ੍ਰਬੰਧ ਯੂਰਪ ਦੇ ਕਈ ਦੇਸਾਂ ਵਿਚ ਅਤੇ ਖ਼ਾਸ ਤੌਰ ਤੇ ਇਟਲੀ ਵਿਚ ਚਲ ਰਿਹਾ

ਹੈ। ਜਿਸ ਸਕੀਮ ਦਾ ਖ਼ਾਕਾ ਮੈਂ ਉਲੀਕਿਆ ਹੈ, ਉਸ ਦੀ ਹਿਮਾਇਤ ਲਈ ਇਤਨੀ ਦੂਰ ਜਾਣਾ ਬੇਲੋੜਾ ਹੈ। ਇਹ ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਆਖ ਸਕਦਾ ਕਿ ਬਿਲ ਅੰਸ਼ਿਕ ਰੂਪ ਵਿਚ ਮੇਰੀ ਉਪਰ ਉਲੀਕੀ ਵਿਉਂਤ ਨੂੰ ਸਵੀਕਾਰ ਕਰਦਾ ਹੈ। ਮੂਲ ਬਿਲ ਦੇ ਖੰਡ 19 ਵਿਚ, ਜੋ ਸਿਲੈਕਟ ਕਮੇਟੀ ਦੁਆਰਾ ਸੋਧਿਤ ਖੰਡ 21 ਦੇ ਅਨੁਰੂਪ ਹੈ, ਆਖਿਆ ਗਿਆ ਹੈ ਕਿ ਭੂਮੀ ਦੇ ਕਿਸੇ ਨਵੇਂ ਟੁਕੜੇ ਵਿਚ ਉਦੋਂ ਤਕ ਕਾਸ਼ਤ ਨਹੀਂ ਕੀਤੀ ਜਾਵੇਗੀ ਜਦੋਂ ਤਕ ਇਸ ਨੂੰ ਕਿਸੇ ਹੋਰ ਲਾਗਲੇ ਫ਼ਾਰਮ ਨਾਲ ਮਿਲਾਇਆ ਨਹੀਂ ਜਾਂਦਾ। ਮੇਰੀ ਗੁਜ਼ਾਰਸ਼ ਹੈ ਕਿ ਇਹ ਮੇਰੀ ਉਪਰੋਕਤ ਪ੍ਰਸਤਾਵਿਤ ਸਹਿਕਾਰੀ ਵਿਉਂਤ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਮੇਰੇ ਅਤੇ ਸਿਲੈਕਟ ਕਮੇਟੀ ਵਿਚ ਕੇਵਲ ਇਹੋ ਫ਼ਰਕ ਹੈ ਕਿ ਇਹ ਸਹਿਕਾਰੀ ਵਿਉਂਤ ਨੂੰ ਨਵੇਂ ਟੁਕੜਿਆਂ ਤੱਕ ਪਾਬੰਦ ਕਰਦੀ ਹੈ, ਜਦੋਂ ਕਿ ਮੇਰਾ ਪ੍ਰਸਤਾਵ ਇਸ ਨੂੰ ਸਾਰੇ ਟੁਕੜਿਆਂ ਤੇ ਲਾਗੂ ਕਰਨ ਦਾ ਹੈ। ਆਪੋ ਵਿਚ ਗਲ ਕਰਦਿਆਂ ਮੈਂ ਸਮਝਦਾ ਹਾਂ ਕਿ ਮੈਂ ਸਹੀ ਹਾਂ, ਜਦੋਂ ਮੈਂ ਇਹ ਆਖਦਾ ਹਾਂ ਕਿ ਇਸ ਗਲ ਨੂੰ ਸਿਲੈਕਟ ਕਮੇਟੀ ਨੇ ਉਚਿਤ ਸਿੱਧ ਕਰਨਾ ਹੈ ਕਿ ਵਿਉਂਤ ਕਿਵੇਂ ਇਕ ਹਾਲਤ ਵਿਚ ਤੱਸਲੀਬਖ਼ਸ਼ ਹੈ ਅਤੇ ਦੂਜੀ ਵਿਚ ਨਹੀਂ। ਮੈਨੂੰ ਕੋਈ ਅਜਿਹੀ ਗੱਲ ਨਹੀਂ ਦਿੱਸਦੀ ਜੋ ਨਵੇਂ ਅਤੇ ਪੁਰਾਣੇ ਟੁਕੜਿਆਂ ਵਿਚਾਲੇ ਇਸ ਫ਼ਰਕ ਨੂੰ ਉਚਿਤ ਕਰਾਰ ਦੇਵੇ।

7. ਉਪਰ ਦਿੱਤੇ ਕਾਰਨਾਂ ਕਰਕੇ ਮੈਂ ਬਿਲ ਦੇ ਭਾਗ-1 ਦੀ ਹਿਮਾਇਤ ਨਹੀਂ ਕਰ ਸਕਦਾ, ਭਾਵੇਂ ਇਸ ਦੇ ਮਨੋਰਥਾਂ ਅਤੇ ਉਦੇਸ਼ਾਂ ਨਾਲ ਮੇਰਾ ਕੋਈ ਵਿਰੋਧ ਨਹੀਂ। ਭਾਗ 2 ਸਬੰਧੀ ਮੈਂ ਕੋਈ ਇਤਰਾਜ਼ ਨਹੀਂ ਉਠਾਉਂਦਾ ਕਿਉਂਕਿ ਇਹ ਨਿਰਾ ਜਮ੍ਹਾਬੰਦੀ ਤਕ ਸੀਮਿਤ ਹੈ। ਤਾਂ ਵੀ, ਮੈਂ ਇਹ ਆਖ ਸਕਦਾ ਹਾਂ ਕਿ ਮੇਰੀ ਵਿਉਂਤ ਅਧੀਨ ਜਮ੍ਹਾਬੰਦੀ ਲਈ ਵੱਖਰਾ ਉਪਬੰਧ ਬੇਲੋੜਾ ਹੋਵੇਗਾ। ਇਕ ਸਹਿਕਾਰੀ ਫ਼ਾਰਮ ਵੱਡਾ ਵੀ ਹੋਵੇਗਾ ਅਤੇ ਸੰਚਿਤ ਵੀ ਹੋਵੇਗਾ।

III*

ਡਾ. ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ) : ਸ੍ਰੀਮਾਨ ਜੀ, ਮੈਂ ਇਕ ਸਵਾਲ ਪੁੱਛਣਾ ਚਾਹਵਾਂਗਾ, ਕਿਉਂਕਿ ਮੈਨੂੰ ਨਿਯਮ 19 ਦੇ ਸਮਝਣ ਵਿੱਚ ਦਿੱਕਤ ਆ ਰਹੀ ਹੈ। ਨਿਰਸੰਦੇਹ, ਇਹ ਮਾਮਲਾ ਅਜਿਹਾ ਹੈ ਜਿਸਦਾ ਫ਼ੈਸਲਾ ਸਪੀਕਰ ਨੇ ਕਰਨਾ ਹੈ। ਪ੍ਰਸ਼ਨ ਇਹ ਹੈ: ਕੀ ਕਿਸੇ ਵਿਸ਼ੇਸ਼ ਤਰਮੀਮ ਜਾਂ ਵਿਸ਼ੇਸ਼ ਬਿੱਲ ਲਈ ਪਹਿਲਾਂ ਮੰਨਜ਼ੂਰੀ ਲੋੜੀਂਦੀ ਹੈ ? ਖੰਡ (2) ਅਨੁਸਾਰ, ਜੇ ਸਪੀਕਰ ਦੀ ਰਾਏ ਵਿੱਚ ਇਸ ਮਾਮਲੇ ਲਈ ਪਹਿਲਾਂ ਮਨਜ਼ੂਰੀ ਲੋੜੀਂਦੀ ਹੈ ਤਾਂ ਸਪੀਕਰ ਨੋਟਿਸ ਮਿਲਣ ਤੋਂ ਮਗਰੋਂ ਜਿਤਨੀ ਛੇਤੀ ਹੋ ਸਕੇ, ਬਿੱਲ ਜਾਂ ਤਰਮੀਮ ਨੂੰ ਰਾਜਪਾਲ ਕੋਲ ਭੇਜ ਦੇਵੇਗਾ ਅਤੇ ਇਹ ਬਿੱਲ ਉਦੋਂ ਤੱਕ ਕਾਰਵਾਈ ਦੀ ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ ਜਦੋਂ ਤਕ ਰਾਜਪਾਲ ਇਹ ਸੰਕੇਤ ਨਾ ਦੇਵੇ ਕਿ ਪਹਿਲਾਂ ਲੋੜੀਂਦੀ ਮਨਜ਼ੂਰੀ ਦਿੱਤੀ

---

* ਬੰਬਈ ਵਿਧਾਨ ਸਭ, ਡਿਬੇਟਸ ਖੰਡ 2, ਪੰਨਾ 617-19 24 ਜਨਵਰੀ, 1938

ਜਾ ਚੁੱਕੀ ਹੈ। ਖੰਡ(3) ਵਿੱਚ ਗਿਣਿਆ ਮਿਥਿਆ ਵਰਣਨ ਹੈ:

"ਜੇ ਕੋਈ ਅਜਿਹਾ ਸਵਾਲ ਉਠੇ ਕਿ ਕੋਈ ਬਿੱਲ ਜਾਂ ਤਰਮੀਮ, ਉਹ ਬਿੱਲ ਜਾਂ ਤਰਮੀਮ ਹੈ ਜਾਂ ਨਹੀਂ ਜਿਸ ਨੂੰ ਪੂਰਬਲੀ ਮਨਜ਼ੂਰੀ ਤੋਂ ਬਿਨਾਂ ਪੇਸ਼ ਨਹੀਂ ਕੀਤਾ ਜਾ ਸਕਦਾ, ਉਸ ਸਮੇਂ ਜੇ ਜ਼ਰੂਰੀ ਸਮਝਿਆ ਜਾਵੇ, ਤਾਂ ਇਹ ਸਵਾਲ, ਰਾਏ ਹਿੱਤ, ਉਸ ਅਧਿਕਾਰੀ ਕੋਲ ਭੇਜਿਆ ਜਾ ਸਕਦਾ ਹੈ ਜਿਸ ਨੂੰ ਪੂਰਬਲੀ ਮਨਜ਼ੂਰੀ ਦੇਣ ਦਾ ਅਧਿਕਾਰ ਹੈ, ਅਤੇ ਉਸ ਅਧਿਕਾਰੀ ਦਾ ਨਿਰਣਾ ਅੰਤਿਮ ਹੋਵੇਗਾ।"

ਖੰਡ (2) ਵਿੱਚ ਜਿਸ ਸਵਾਲ ਦੇ ਉੱਠਣ ਦਾ ਵਿਚਾਰ ਹੈ, ਉਹ ਸਪੀਕਰ ਅਤੇ ਤਰਮੀਮ ਜਾਂ ਬਿੱਲ ਸਬੰਧੀ ਨੋਟਿਸ ਦੇਣ ਵਾਲੇ ਮੈਂਬਰ ਵਿਚਾਲੇ ਹੈ। ਜੇ ਤਰਮੀਮ ਜਾਂ ਬਿੱਲ ਦਾ ਨੋਟਿਸ ਦੇਣ ਵਾਲੇ ਮੈਂਬਰ ਦਾ ਵਿਚਾਰ ਹੈ ਕਿ ਬਿੱਲ ਜਾਂ ਤਰਮੀਮ ਲਈ ਪਹਿਲਾਂ ਮਨਜ਼ੂਰੀ ਨਹੀਂ ਲੋੜੀਂਦੀ ਤਾਂ ਖੰਡ (3) ਅਨੁਸਾਰ ਉਸ ਨੂੰ ਇਹ ਹੱਕ ਹਾਸਿਲ ਹੈ ਕਿ ਉਹ ਅੰਤਿਮ ਅਧਿਕਾਰੀ, ਰਾਜਪਾਲ ਅੱਗੇ ਮਾਮਲਾ ਪੇਸ਼ ਕਰੇ। ਇਸ ਲਈ ਮੈਨੂੰ ਇਹ ਜਾਪਦਾ ਹੈ-ਮੈਂ ਕੋਈ ਤਰਮੀਮ ਪੇਸ਼ ਨਹੀਂ ਕੀਤੀ, ਇਸ ਲਈ ਮੈਨੂੰ ਕੋਈ ਚਿੰਤਾ ਨਹੀਂ ਕਿ ਮਾਮਲਾ ਇਤਨਾ ਮਹੱਤਵਪੂਰਨ ਹੈ, ਕਿ ਜੇ ਤੁਸੀਂ ਬੁਰਾ ਨਾ ਮਨਾਓ ਤਾਂ ਸਦਨ ਵਿੱਚ ਇਸ ਉੱਤੇ ਬਹਿਸ ਹੋਣੀ ਚਾਹੀਦੀ ਹੈ। ਬਿੱਲ ਪੇਸ਼ ਕਰਨ ਦਾ ਸਾਡਾ ਅਧਿਕਾਰ ਭਾਰਤ ਸਰਕਾਰ ਦੇ ਐਕਟ ਨੇ ਇਤਨਾ ਸੀਮਿਤ ਕਰ ਰੱਖਿਆ ਹੈ ਕਿ ਜੇ ਸਾਨੂੰ ਕੁੱਝ ਧਾਰਾਵਾਂ ਦਾ ਲਾਭ ਨਾ ਮਿਲੇ, ਜੋ ਸਾਨੂੰ ਉਹ ਹੱਕ ਦਿੰਦੀਆਂ ਹਨ ਜੋ ਸਾਡੇ ਲਈ ਜ਼ਰੂਰੀ ਹਨ (ਭਾਵੇਂ ਇਹ ਥੋੜੇ ਹੀ ਹਨ) ਤਾਂ ਇਸ ਸਦਨ ਨੂੰ ਮਹੱਤਵਪੂਰਨ ਕਾਨੂੰਨ ਬਣਾਉਣ ਦੇ ਜਤਨਾਂ ਵਿੱਚ ਆਪਣਾ ਯੋਗਦਾਨ ਪਾਉਣ ਦੇ ਰਾਹ ਵਿੱਚ ਕਾਫ਼ੀ ਅੜਚਨ ਆਵੇਗੀ। ਇਸ ਲਈ ਸੱਚਮੁੱਚ ਮੈਂ ਇਹ ਜਾਣਨਾ ਚਾਹਵਾਂਗਾ ਕਿ ਆਪ ਜੀ ਦੀ ਰਾਏ ਵਿੱਚ ਨਿਯਮ (19) ਅਧੀਨ ਸਪੀਕਰ ਅੰਤਿਮ ਅਧਿਕਾਰੀ ਹੈ ਅਤੇ ਉਸ ਅਧਿਕਾਰੀ ਅੱਗੇ ਅਪੀਲ ਦਾ ਕੋਈ ਹੱਕ ਪ੍ਰਾਪਤ ਨਹੀਂ ਜਿਸ ਕੋਲ ਪਹਿਲਾਂ ਮਨਜ਼ੂਰੀ ਦੇਣ ਦੀ ਸ਼ਕਤੀ ਹੈ। ਜੇ ਆਗਿਆ ਹੋਵੇ ਤਾਂ ਮੈਂ ਉਸ ਬਿਲ ਦੀ ਰੋਸ਼ਨੀ ਵਿਚ ਭਾਰਤ ਸਰਕਾਰ ਐਕਟ ਦੀ ਧਾਰਾ 299, ਉਪਧਾਰਾ (3), ਦਾ ਹਵਾਲਾ ਦੇਵਾਂ, ਜਿਸ ਬਿੱਲ ਦੇ ਲਈ ਮੇਰੇ ਕਾਬਿਲ ਦੋਸਤ ਨੇ ਮਨਜ਼ੂਰੀ ਮੰਗੀ ਹੈ। ਜੇ ਮੈਂ ਇਸ ਬਿੱਲ ਨੂੰ ਸਮਝਿਆ ਹਾਂ ਤਾਂ ਤਕਨੀਕੀ ਤੌਰ ਤੇ ਇਸ ਨੂੰ ਇਕ ਉਪਚਾਰੀ ਉਪਾਅ ਆਖਿਆ ਜਾ ਸਕਦਾ ਹੈ।

ਮਾਨਯੋਗ ਸਪੀਕਰ: ਅਸੀਂ ਦੋਹਾਂ ਸਮੱਸਿਆਵਾਂ ਨੂੰ ਅੱਡ ਅੱਡ ਹੀ ਲਈਏ। ਇਹ ਸਵਾਲ ਜੋ ਮਾਨਯੋਗ ਮੈਂਬਰ ਸ੍ਰੀ ਪਾਰੂਲੇਕਰ ਨੇ ਉਠਾਇਆ ਹੈ, ਉਹ ਨਿਯਮ 19 ਦੀ ਅਰਥ-ਵਿਆਖਿਆ ਬਾਰੇ ਹੈ। ਪ੍ਰਸ਼ਨ ਇਹ ਹੈ ਕਿ ਜਦੋਂ ਸਪੀਕਰ ਅਤੇ ਕਿਸੇ ਮੈਂਬਰ ਵਿਚਾਲੇ ਕੋਈ ਸਵਾਲ ਉੱਠ ਖੜਾ ਹੋਵੇ ਤਾਂ ਕੀ ਸਪੀਕਰ ਅੰਤਿਮ ਅਧਿਕਾਰੀ ਹੈ ? ਇਹ ਇਕ ਸਮੱਸਿਆ ਹੈ। ਮੈਂ ਇਸ ਸਬੰਧ ਵਿਚ, ਨਿਯਮ 19 ਬਾਰੇ ਆਪਣੀ ਅਰਥ-ਵਿਆਖਿਆ ਦੇ ਚੁੱਕਾ ਹਾਂ। ਮਾਨਯੋਗ ਮੈਂਬਰ ਸ੍ਰੀ ਪਾਰੂਲੇਕਰ ਦੁਆਰਾ ਪੇਸ਼ ਕੀਤੀ ਤਰਮੀਮ ਲਈ ਧਾਰਾ 299(3) ਅਧੀਨ ਪਹਿਲਾਂ ਮਨਜ਼ੂਰੀ ਲੋੜੀਂਦੀ ਹੈ ਜਾਂ ਨਹੀ, ਇਹ ਇਕ ਵੱਖਰਾ ਮਸਲਾ ਹੈ। ਮੈਂ ਅੱਗੇ ਹੀ ਮਾਨਯੋਗ

ਮੈਂਬਰ ਨੂੰ ਦੱਸ ਚੁੱਕਾ ਹਾਂ ਕਿ ਮੈਂ ਇਸ ਸਦਨ ਵਿੱਚ ਉਸ ਦੀ ਤਰਮੀਮ ਤੇ ਕੋਈ ਬਹਿਸ ਨਹੀਂ ਚਾਹੁੰਦਾ। ਇਹ ਨਿਰਣਾ ਮੈਂ ਪਹਿਲਾਂ ਹੀ ਲੈ ਚੁੱਕਾ ਹਾਂ। ਜੇ ਮਾਨਯੋਗ ਮੈਂਬਰ ਕੋਲ ਨਿਯਮ 19 ਦੇ ਉਪ-ਨਿਯਮ (3) ਦੀ ਅਰਥ-ਵਿਆਖਿਆ ਬਾਰੇ ਕੋਈ ਤਰਕ ਹੈ ਤਾਂ ਮੈਂ ਉਹ ਸੁਣਨ ਲਈ ਤਿਆਰ ਹਾਂ।

ਡਾ. ਬੀ. ਆਰ. ਅੰਬੇਡਕਰ : ਜਦੋਂ ਤਕ ਮੈਨੂੰ ਦੱਸਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਕਿ ਬਿੱਲ, ਭਾਰਤ ਸਰਕਾਰ ਐਕਟ ਧਾਰਾ 299 ਦੀ ਉਪ-ਧਾਰਾ (3) ਦੇ ਦਾਇਰੇ ਵਿੱਚ ਆਉਂਦਾ ਹੈ, ਮੇਰੇ ਲਈ ਨਿਯਮ 19(3) ਦੀ ਅਰਥ-ਵਿਆਖਿਆ ਸੰਬੰਧੀ ਕੋਈ ਤਰਕ ਪੇਸ਼ ਕਰਨਾ ਫ਼ਜ਼ੂਲ ਹੈ। ਜੇ ਮੈਂ ਆਪ ਨੂੰ ਯਕੀਨ ਦਿਵਾਉਣਾ ਹੈ ਕਿ ਨਿਯਮ 19(3) ਸੱਚਮੁੱਚ ਹੀ ਉਸ ਸੰਜੀਦਾ ਮੈਬਰ ਨੂੰ ਰਾਜਪਾਲ ਅੱਗੇ ਅਪੀਲ ਕਰਨ ਦਾ ਹੱਕ ਦੇਂਦਾ ਹੈ ਜਿਸ ਦੀ ਤਰਮੀਮ ਅਸਵੀਕਾਰ ਕੀਤੀ ਗਈ ਹੈ ਤਾਂ ਮੇਰੀ ਬੇਨਤੀ ਹੈ ਕਿ 299(3) ਤੇ ਵਿਚਾਰ ਕਰਨੀ ਪਵੇਗੀ। ਜੇ ਆਪ ਮੈਨੂੰ ਇਸ ਸਬੰਧੀ ਤਰਕ ਕਰਨ ਦੀ ਆਗਿਆ ਦੇਣ ਲਈ ਤਿਆਰ ਨਹੀਂ ਕਿ ਇਹ ਬਿੱਲ ਉਸ ਸ਼ਰਾਰਤ ਦੀ ਲਪੇਟ ਵਿੱਚ ਆਉਂਦਾ ਹੈ ਜਿਸ ਨੂੰ ਭਾਰਤ ਸਰਕਾਰ ਐਕਟ ਦੀ ਧਾਰਾ 299 ਦੀ ਉਪ-ਧਾਰਾ (3) ਠਾਕਣਾ ਚਾਹੁੰਦੀ ਹੈ ਤਾਂ ਮੇਰੇ ਲਈ ਤਰਕ ਕਰਨਾ ਬਿਲਕੁੱਲ ਬੇਕਾਰ ਹੋਵੇਗਾ। ਭਾਰਤ ਸਰਕਾਰ ਐਕਟ ਦੀ ਧਾਰਾ 299 ਦੀ ਉਪ-ਧਾਰਾ (3) ਪੜ੍ਹ ਕੇ ਮੈਨੂੰ ਲਗਦਾ ਹੈ ਕਿ ਬਿੱਲ, ਸੰਜੀਦਾ ਮੈਂਬਰ ਦੇ ਅੰਤਿਮ ਮਨਜ਼ੂਰੀ ਪ੍ਰਾਪਤ ਕਰਨ ਤੀਕ ਮੁਲਤਵੀ ਕਰਨਾ ਪਵੇਗਾ, ਕਿਉਂਕਿ ਇਸ ਨੇ ਮੈਂਬਰ ਨੂੰ ਬਹੁਤ ਮਹੱਤਵਪੂਰਨ ਉਪਬੰਧਾਂ ਤੇ ਬਹਿਸ ਨਹੀਂ ਕਰਨ ਦਿੱਤੀ। ਇਹ ਸਾਰੇ ਮਾਮਲੇ ਖਟਾਈ ਵਿੱਚ ਪਾਉਣ ਵਾਲੀ ਗੱਲ ਹੈ। ਜੇ ਮੈਨੂੰ ਮੌਕਾ ਦਿੱਤਾ ਜਾਏ ਤਾਂ ਮੈਂ ਦਸਾਂਗਾ ਕਿ ਕਿਵੇਂ ? ਮੈਂ ਇਸ ਤੇ ਵਿਚਾਰ ਕੀਤੀ ਹੈ। ਨਾ ਤਾਂ ਇਹ ਬਿੱਲ, ਅਤੇ ਨਾ ਹੀ ਮੇਰੇ ਮਿੱਤਰ ਸ੍ਰੀ ਪਾਰੂਲੇਕਰ, ਜਾਂ ਮੇਰੀ ਪਾਰਟੀ ਦੇ ਕਿਸੇ ਮੈਂਬਰ ਵੱਲੋਂ ਪੇਸ਼ ਕੀਤੀ ਗਈ ਤਰਮੀਮ, ਧਾਰਾ 299 ਦੀ ਉਪ-ਧਾਰਾ (3) ਦੇ ਉਪਬੰਧ ਦੇ ਘੇਰੇ ਵਿੱਚ ਆਉਂਦੀ ਹੈ। ਜੇ ਆਗਿਆ ਹੋਵੇ ਤਾਂ ਮੈਂ ਦੋ ਮਿੰਟਾਂ ਵਿੱਚ ਇਹ ਸਿੱਧ ਕਰ ਸਕਦਾ ਹਾਂ।

ਮਾਨਯੋਗ ਸਪੀਕਰ : ਜਿਥੋਂ ਤੀਕ ਵਿਅੱਕਤੀਗਤ ਤਰਮੀਮਾਂ ਦਾ ਸਵਾਲ ਹੈ, ਮੈਂ ਅੱਗੇ ਹੀ ਨਿਰਣਾ ਦੇ ਚੁੱਕਾ ਹਾਂ। ਹੁਣ ਮਾਨਯੋਗ ਮੈਂਬਰ ਜੇ ਕਿਸੇ ਵਿਸ਼ੇਸ਼ ਤਰਮੀਮ ਜਾਂ ਇਸ ਸੰਬੰਧ ਵਿੱਚ ਮੇਰੇ ਵੱਲੋਂ ਦਿੱਤੀ ਕਿਸੇ ਰੂਲਿੰਗ ਦਾ ਹਵਾਲਾ ਦਿੱਤੇ ਬਿਨਾਂ ਆਖਣਾ ਚਾਹੁੰਦਾ ਹੈ ਕਿ ਸਾਰਾ ਬਿੱਲ ਧਾਰਾ 299 ਦੇ ਖੇਤਰ ਤੋਂ ਬਾਹਰ ਹੈ ਤਾਂ ਇਹ ਅੱਡ ਸਵਾਲ ਹੈ, ਅਤੇ ਇਸ ਸਵਾਲ ਤੇ ਮੈਂ ਸੁਣਵਾਈ ਲਈ ਤਿਆਰ ਹਾਂ।

ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਆਪ ਦਾ ਕ੍ਰਿਤੱਗਹਾਂ।

ਸ੍ਰੀਮਾਨ ਜੀ, ਜਿਵੇਂ ਮੈਂ ਆਖ ਰਿਹਾ ਸੀ, ਇਸ ਬਿੱਲ ਨੂੰ ਨਿਰੋਲ ਉਪਚਾਰੀ ਉਪਾਅ ਆਖਿਆ ਜਾ ਸਕਦਾ ਹੈ। ਕੋਈ ਵਿਅਕਤੀ ਅਦਾਲਤ ਤੋਂ ਡਿਗਰੀ ਪ੍ਰਾਪਤ ਕਰਦਾ ਹੈ। ਇਸ ਡਿਗਰੀ ਦਾ ਮਤਲਬ ਇਹ ਹੈ ਕਿ ਉਸ ਨੂੰ ਕਿਸੇ ਖ਼ਾਸ ਵਿੱਅਕਤੀ ਵਿਰੁੱਧ ਕੋਈ ਖ਼ਾਸ ਹੱਕ

ਮਿਲੇ ਹਨ। ਇਹ ਬਿੱਲ ਜੋ ਕੁਝ ਆਖਦਾ ਹੈ ਉਹ ਕੇਵਲ ਇਹ ਹੈ ਕਿ ਉਸ ਵਿੱਅਕਤੀ ਨੇ ਡਿਗਰੀ ਦੁਆਰਾ ਕਿਸੇ ਕਰਜ਼ਦਾਰ ਜਾਂ ਕਿਸੇ ਹੋਰ ਵਿਅੱਕਤੀ ਵਿਰੁੱਧ ਜੋ ਹੱਕ ਪ੍ਰਾਪਤ ਕੀਤੇ ਹਨ, ਉਹ ਉਦੋਂ ਤੱਕ ਲਾਗੂ ਨਹੀਂ ਹੁੰਦੇ ਜਦੋਂ ਤੀਕ ਖ਼ਾਸ ਤਾਰੀਖ਼, 31 ਮਾਰਚ, 1939 ਨਹੀਂ ਆ ਜਾਂਦੀ। ਮੈਂ ਸਮਝਦਾ ਹਾਂ, ਇਹੋ ਹੀ ਇਸ ਬਿੱਲ ਦਾ ਸਾਰ ਹੈ। ਇਸ ਲਈ ਇਹ ਬਿੱਲ ਹੱਕਾਂ ਦੇ ਲਾਗੂ ਹੋਣ ਨਾਲ ਸਿਝਦਾ ਹੈ, ਹੱਕਾਂ ਦੀ ਸਮਾਪਤੀ ਜਾਂ ਸੋਧ ਨਾਲ ਇਸ ਦਾ ਕੋਈ ਸਬੰਧ ਨਹੀਂ। ਇਹੋ ਮੇਰੀ ਗੁਜ਼ਾਰਸ਼ ਹੈ। ਕਿਸੇ ਵਿਅੱਕਤੀ ਨੂੰ ਜੋ ਹੱਕ ਮਿਲਿਆ ਹੈ, ਉਸ ਦੀ ਸਮਾਪਤੀ ਜਾਂ ਸੋਧ ਅਤੇ ਉਸ ਹੱਕ ਦੇ ਲਾਗੂ ਹੋਣ ਨੂੰ ਮੁਲਤਵੀ ਜਾਂ ਮੁੱਅਤਲ ਕਰਨ ਵਿੱਚ ਮੈਂ ਨਿਖੇੜਾ ਕਰਨਾ ਚਾਹੁੰਦਾ ਹਾਂ।

ਦੂਜੀ ਗੱਲ, ਧਾਰਾ 299 ਦਾ ਉਪ-ਖੰਡ (3) ਭੂਮੀ ਸਬੰਧੀ ਹੱਕਾਂ ਦੀ ਸਮਾਪਤੀ ਜਾਂ ਸੋਧ ਤੀਕ ਸੀਮਿਤ ਹੈ। ਹੁਣ ਇਹ ਉਪਾਅ ਭੂਮੀ ਸਬੰਧੀ ਹੱਕਾਂ ਤੀਕ ਹੀ ਨਹੀਂ ਰਹਿੰਦਾ। ਇਹ ਕਰਜ਼ਿਆਂ ਅਤੇ ਮੁਜ਼ਾਰਿਆਂ ਦੀ ਬੇਦਖ਼ਲੀ ਤੱਕ ਵੀ ਆਪਣਾ ਵਿਸਤਾਰ ਕਰਦਾ ਹੈ। ਮੈਂ ਜੋ ਨਿਖੇੜਾ ਕਰਨਾ ਚਾਹੁੰਦਾ ਹਾਂ, ਉਹ ਇਹ ਹੈ:

ਕਿਸੇ ਹੱਕ ਦੇ ਲਾਗੂ ਕਰਨ ਦੀ ਮੁੱਅਤਲੀ, ਉਸ ਹੱਕ ਦੀ ਸਮਾਪਤੀ ਜਾਂ ਸੋਧ ਤੋਂ ਬਿਲਕੁੱਲ ਵੱਖਰੀ ਗੱਲ ਹੈ। ਬਿੱਲ ਦਾ ਮਨੋਰਥ ਅਜਿਹੇ ਹੱਕਾਂ ਦੀ ਮੁੱਅਤਲੀ ਹੈ, ਜੋ ਕਿ ਧਿਰਾਂ ਅਦਾਲਤਾਂ ਤੋਂ ਡਿਗਰੀਆਂ ਦੁਆਰਾ ਪ੍ਰਾਪਤ ਕਰਨ। ਇਹ ਬਿੱਲ ਅਜਿਹਾ ਨਹੀਂ ਜਿਸ ਬਾਰੇ ਆਖਿਆ ਜਾ ਸਕੇ ਕਿ ਇਹ ਭੂਮੀ ਸਬੰਧੀ ਹੱਕਾਂ ਨੂੰ ਸਮਾਪਤ ਕਰਦਾ ਜਾਂ ਸੋਧਦਾ ਹੈ। ਸੋ ਮੇਰੀ ਗੁਜ਼ਾਰਿਸ਼ ਹੈ ਕਿ ਇਹ ਬਿੱਲ ਅਤੇ ਤਰਮੀਮਾਂ ਦੋਵੇਂ ਹੀ ਜੋ ਭੂਮੀ ਸਬੰਧੀ ਹੱਕਾਂ ਦੀ ਸਮਾਪਤੀ ਜਾਂ ਸੋਧ ਨਹੀਂ ਕਰਦੇ, ਧਾਰਾ 299(3) ਦੀ ਸ਼ਰਾਰਤ ਦੇ ਕਲਾਵੇ ਵਿੱਚ ਨਹੀਂ ਆਉਂਦੇ।

ਡਾ. ਬੀ. ਆਰ. ਅੰਬੇਡਕਰ : ਮੰਨ ਲਓ ਜੇ ਪਰਮ ਸ੍ਰੋਸ਼ਨ ਉਨ੍ਹਾਂ ਤਰਮੀਮਾਂ ਨੂੰ ਮਨਜ਼ੂਰੀ ਦੇ ਦੇਂਦੇ ਹਨ ਜੋ ਉਨ੍ਹਾਂ ਅੱਗੇ ਪੇਸ਼ ਕੀਤੀਆਂ ਗਈਆਂ ਹਨ ਤਾਂ ਕੀ ਆਪ ਬਿੱਲ ਉੱਪਰ ਵਿਚਾਰ ਮੁਲਤਵੀ ਕਰ ਦਿਓਗੇ ? ਪਰਮ ਸ਼ੇਸਟ ਤਰਮੀਮ ਨੂੰ ਵੀ ਉਸੇ ਤਰ੍ਹਾਂ ਮਨਜ਼ੂਰੀ ਦੇ ਸਕਦੇ ਹਨ ਜਿਵੇਂ ਬਿੱਲ ਨੂੰ ਉਨ੍ਹਾਂ ਨੇ ਦਿੱਤੀ ਹੈ। ਅਜਿਹੇ ਮੌਕੇ ਤੇ ਕੀ ਹੋਵੇਗਾ ?

ਮਾਨਯੋਗ ਸਪੀਕਰ : ਮੈਨੂੰ ਯਕੀਨਨ ਪ੍ਰਸੰਨਤਾ ਹੋਵੇਗੀ ਜੇ ਹਰ ਪੇਸ਼ ਕੀਤੀ ਗਈ ਤਰਮੀਮ ਨੂੰ ਸਦਨ ਵਿੱਚ ਬਹਿਸ ਦਾ ਪੂਰਾ ਮੌਕਾ ਮਿਲੇ ਅਤੇ ਕੋਈ ਤਰਮੀਮ ਮਨਜ਼ੂਰੀ ਦੀ ਅਣਹੋਂਦ ਕਾਰਨ ਬਹਿਸ ਤੋਂ ਵਾਂਝੀ ਨਾ ਰਹੇ। ਇਸੇ ਕਾਰਨ ਮੈਂ ਉਸ ਮੁਸ਼ਕਲ ਵੱਲ ਇਸ਼ਾਰਾ ਕੀਤਾ ਹੈ ਜੋ ਮੈਨੂੰ ਪੇਸ਼ ਆਈ, ਜਦੋਂ ਅੱਜ 12 ਜਾਂ 1 ਵਜੇ ਮੈਂਬਰਾਂ ਨੇ ਤਰਮੀਮਾਂ ਭੇਜੀਆਂ, ਹਾਲਾਂਕਿ ਬਿੱਲ ਉਨ੍ਹਾਂ ਸਾਹਮਣੇ ਕਾਫ਼ੀ ਦੇਰ ਤੋਂ ਸੀ। ਇਸੇ ਲਈ ਮੈਂ ਆਖਿਆ ਸੀ ਕਿ ਤਰਮੀਮਾਂ ਜਿਤਨੀ ਛੇਤੀ ਸੰਭਵ ਹੋਵੇ ਵਿਚਾਰ ਲਈ ਭੇਜੀਆਂ ਜਾਣ। ਤਿੰਨ ਮਾਨਯੋਗ ਮੈਂਬਰ ਅਜਿਹੇ ਹਨ ਜਿਨ੍ਹਾਂ ਨੇ ਤਰਮੀਮਾਂ ਅੱਜ ਪੇਸ਼ ਕੀਤੀਆਂ ਹਨ। ਇਨ੍ਹਾਂ ਸਾਰੀਆਂ ਨੂੰ ਵੇਖਣਾ ਪਰਖਣਾ ਅਤੇ ਫ਼ੈਸਲਾ ਕਰਨਾ ਔਖਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਲਈ ਮਨਜ਼ੂਰੀ ਲੋੜੀਂਦੀ ਹੈ ਜਾਂ ਨਹੀਂ। ਰਾਏ ਦੇ ਸੁਹਿਰਦ ਮੱਤ-ਭੇਦ ਲਈ ਗੁੰਜ਼ਾਇਸ਼ ਹੋ ਸਕਦੀ ਹੈ। ਇਸ ਲਈ ਨਹੀਂ

ਪਤਾ ਕਿ ਹੁਣ ਪੇਸ਼ ਕੀਤੀਆਂ ਤਰਮੀਮਾਂ ਲਈ ਨੋਟਿਸ ਦੀ ਛੋਟ ਦਿੱਤੀ ਜਾ ਸਕਦੀ ਹੈ ਜਾਂ ਨਹੀਂ। ਪਰ ਜਿੱਥੋਂ ਤੀਕ ਪਹਿਲੀਆਂ ਤਰਮੀਮਾਂ ਦਾ ਸਵਾਲ ਹੈ, ਮੈਂ ਜ਼ਰੂਰ ਜਤਨ ਕਰਾਂਗਾ ਕਿ ਮੈਂਬਰਾਂ ਨੂੰ ਇਹ ਤਰਮੀਮਾਂ ਪ੍ਰਸਤਾਵਿਤ ਕਰਨ ਦਾ ਮੌਕਾ ਮਿਲ ਜਾਏ।

11

ਬੰਬਈ ਪੁਲਿਸ ਕਮੀਸ਼ਨ ਸੋਧਨਾ ਬਿਲ

1

ਡਾ.ਬੀ.ਆਰ.ਅੰਬੇਡਕਰ (ਬੰਬਈ ਸ਼ਹਿਰ): ਸ੍ਰੀਮਾਨ ਜੀ, ਮੈਂ ਸਾਡੇ ਸਾਹਮਣੇ ਪੇਸ਼ ਕੀਤੇ ਗਏ ਬਿੱਲ ਵਿੱਚ ਨਿਮਨਲਿਖਿਤ ਸੋਧ ਪ੍ਰਸਤਾਵਿਤ ਕਰਨ ਦੀ ਆਗਿਆ ਮੰਗਦਾ ਹਾਂ:

ਧਾਰਾ (2ਬੀ) ਮਗਰੋਂ ਇਹ ਸ਼ਾਮਲ ਕੀਤਾ ਜਾਏ :

(2ਸੀ) (1) ਜੇ ਪ੍ਰਾਂਤ ਦੀ ਸਰਕਾਰ ਨੂੰ ਤੱਸਲੀ ਹੋ ਜਾਵੇ ਕਿ ਬੰਬਈ ਸ਼ਹਿਰ ਜਾਂ ਇਸ ਦੇ ਕਿਸੇ ਭਾਗ ਵਿੱਚ ਅਮਨ ਜਾਂ ਲੋਕ ਸ਼ਾਂਤੀ ਵਿੱਚ ਵਿਘਨ ਪੈ ਗਿਆ ਹੈ ਜਾਂ ਵੱਖ ਵੱਖ ਫ਼ਿਰਕਿਆਂ, ਸ਼੍ਰੇਣੀਆਂ, ਜੁੰਡੀਆਂ ਜਾਂ ਉਨ੍ਹਾਂ ਦੇ ਧੜਿਆਂ ਵਿੱਚ ਟੱਕਰ ਦੇ ਕਾਰਨ ਵਿਘਨ ਪੈਣ ਦੀ ਸੰਭਾਵਨਾ ਹੈ ਤਾਂ ਉਹ ਰਾਜ-ਪੱਤਰ ਵਿੱਚ ਐਲਾਨ ਦੁਆਰਾ(ਜਿਸ ਨੂੰ ਅੱਗੇ ਸੰਕਟਕਾਲੀ ਐਲਾਨ ਦਾ ਨਾਉਂ ਦਿੱਤਾ ਗਿਆ ਹੈ) ਘੋਸ਼ਣਾ ਕਰ ਸਕਦੀ ਹੈ ਕਿ ਸੰਕਟਕਾਲੀ ਸਥਿੱਤੀ ਹੋਂਦ ਵਿੱਚ ਆ ਗਈ ਹੈ।

(2) ਸੰਕਟਕਾਲੀ ਸਥਿੱਤੀ ਦਾ ਐਲਾਨ:

(ੳ) ਸਰਕਾਰ ਕਿਸੇ ਵੇਲੇ ਵੀ ਮਗਰਲੇ ਐਲਾਨ ਰਾਹੀਂ ਮਨਸੂਖ਼ ਕਰ ਸਕਦੀ ਹੈ।

(ਅ) ਇਕ ਮਹੀਨੇ ਪਿੱਛੋਂ ਲਾਗੂ ਨਹੀਂ ਰਹੇਗਾ ਜੇ ਇਹ ਮਿਆਦ ਪੁੱਗਣ ਤੋਂ ਪਹਿਲਾਂ ਇਸ ਨੂੰ ਨਵਿਆਂਇਆ ਨਾ ਜਾਏ।

(3) ਖੰਡ(1) ਅਧੀਨ ਸੂਬਾਈ ਸਰਕਾਰ ਦੇ ਸੰਕਟਕਾਲੀ ਸਥਿੱਤੀ ਦੇ ਐਲਾਨ ਮਗਰੋਂ ਪੁਲਿਸ ਕਮਿਸ਼ਨਰ ਜਦੋਂ ਵੀ ਇਹ ਮਹਿਸੂਸ ਕਰੇ ਕਿ ਬੰਬਈ ਸ਼ਹਿਰ ਵਿੱਚ ਕਿਸੇ ਵਿਅਕਤੀ ਦੀ ਮੌਜੂਦਗੀ, ਉਸ ਦੀਆਂ ਹਰਕਤਾਂ ਜਾਂ ਸਰਗਰਮੀਆਂ, ਖ਼ਤਰਾ ਜਾਂ ਡਰ ਪੈਦਾ ਕਰ ਰਹੀਆਂ ਹਨ ਜਾਂ ਖ਼ਤਰੇ ਜਾਂ ਡਰ ਦਾ ਕਰਨ ਹੋ ਸਕਦੀਆਂ ਹਨ ਜਾਂ, ਉਸ ਨੂੰ ਇਸ ਗੱਲ ਦਾ ਉਚਿਤ ਸ਼ੱਕ ਹੋਵੇ ਕਿ ਕੋਈ ਵਿੱਅਕਤੀ ਅਜਿਹੀਆਂ ਜੁਗਤਾਂ ਘੜ ਰਿਹਾ ਹੈ ਜਿਨ੍ਹਾਂ ਨਾਲ ਅਮਨ ਅਤੇ ਲੋਕ ਸ਼ਾਂਤੀ ਵਿੱਚ ਵਿਘਨ ਪਵੇਗਾ ਤਾਂ ਉਹ ਮੁਨਾਦੀ ਜਾਂ ਕਿਸੇ ਹੋਰ ਢੰਗ ਰਾਹੀਂ-ਜਿਵੇਂ ਵੀ ਉਹ ਠੀਕ ਸਮਝੇ- ਉਸ ਵਿਅਕਤੀ ਨੂੰ ਅਜਿਹਾ ਵਤੀਰਾ ਇਖ਼ਤਿਆਰ ਕਰਨ ਲਈ ਹਿਦਾਇਤ ਦੇ ਸਕਦਾ ਹੈ ਜੋ ਉਹ ਜ਼ਰੂਰੀ ਸਮਝੇ, ਤਾਂ ਜੋ ਅਮਨ ਵਿੱਚ ਪੈਣ ਵਾਲੇ ਵਿਘਨ ਦੀ ਰੋਕਥਾਮ ਹੋ ਸਕੇ। ਪੁਲਿਸ ਕਮਿਸ਼ਨਰ ਉਸ ਵਿਅਕਤੀ ਨੂੰ ਇਹ ਵੀ ਆਖ ਸਕਦਾ ਹੈ ਕਿ ਉਹ ਫ਼ਲਾਣੇ ਫ਼ਲਾਣੇ ਰਾਹ ਥਾਣੀ (ਜੋ ਪੁਲਿਸ ਕਮਿਸ਼ਨਰ ਨਿਸਚਿਤ ਕਰੇ) ਫ਼ਲਾਣੀ

+ ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨਾ 2425, ਮਿਤੀ 27 ਅਪਰੈਲ, 1938.

ਥਾਂ ਜਾਂ ਥਾਵਾਂ ਤੇ ਖ਼ਾਸ ਸਮੇਂ ਦੇ ਅੰਦਰ-ਅੰਦਰ ਚਲਾ ਜਾਵੇ।

(4) ਖੰਡ (3) ਅਨੁਸਾਰ ਪੁਲਿਸ ਕਮਿਸ਼ਨਰ ਦੇ ਆਦੇਸ਼ ਤੋਂ ਰੰਜੀਦਾ ਵਿਅਕਤੀ, ਅਜਿਹਾ ਆਦੇਸ਼ ਜਾਰੀ ਹੋਣ ਤੋਂ ਦਸ ਦਿਨਾਂ ਦੇ ਅੰਦਰ-ਅੰਦਰ ਸੂਬਾਈ ਸਰਕਾਰ ਅੱਗੇ ਅਪੀਲ ਕਰ ਸਕਦਾ ਹੈ।

(5) ਖੰਡ (4) ਅਧੀਨ ਅਪੀਲ ਦੇ ਨਤੀਜੇ ਤਕ ਪੁਲਿਸ ਕਮਿਸ਼ਨਰ ਵੱਲੋਂ ਖੰਡ (3) ਅਨੁਸਾਰ ਜਾਰੀ ਕੀਤਾ ਗਿਆ ਆਦੇਸ਼ ਅੰਤਿਮ ਹੋਵੇਗਾ।

(6) ਇਸ ਧਾਰਾ ਵਿਚਲੀ ਕਿਸੇ ਚੀਜ਼ ਤੋਂ ਪਹਿਲਾਂ ਦੀ ਕੋਈ ਚੀਜ਼ ਵੀ ਕਿਸੇ ਪੁਲਿਸ ਅਫ਼ਸਰ ਤੋਂ ਇਹ ਮੰਗ ਨਹੀਂ ਕਰੇਗੀ ਕਿ ਉਸ ਵਿਅਕਤੀ ਅੱਗੇ ਜਿਸ ਦੇ ਵਿਰੁੱਧ ਖੰਡ (3) ਅਧੀਨ ਆਦੇਸ਼ ਜਾਰੀ ਕੀਤਾ ਗਿਆ ਹੈ, ਜਾਂ ਅਦਾਲਤ ਅੱਗੇ ਆਪਣੀ ਸੂਚਨਾ ਦਾ ਸ੍ਰੋਤ ਜਾਂ ਕਿਸੇ ਤੱਥ ਦਾ ਇਜ਼ਹਾਰ ਕਰੇ, ਜਿਸ ਦਾ ਦੱਸਿਆ ਜਾਣਾ ਪੁਲਿਸ ਕਮਿਸ਼ਨਰ ਦੀ ਰਾਏ ਵਿੱਚ ਮੁਖ਼ਬਰ ਦੀ ਪਛਾਣ ਜਾਂ ਉਸ ਦਾ ਨਾਉਂ ਉਘਾੜੇ।

(7) ਖੰਡ(4) ਅਧੀਨ ਪੁਲਿਸ ਕਮਿਸ਼ਨਰ ਜਾਂ ਸੂਬਾਈ ਸਰਕਾਰ ਵੱਲੋਂ ਜ਼ਾਰੀ ਕੀਤਾ ਆਦੇਸ਼ ਸੰਕਟਕਾਲ ਖ਼ਤਮ ਹੋਣ ਤੇ ਬੇਅਸਰ ਹੋ ਜਾਏਗਾ।

ਉਪ-ਖੰਡ (2) ਤੋਂ ਮਗਰੋਂ ਹੇਠਲੇ ਉਪ-ਖੰਡ ਦਾ ਵਾਧਾ ਹੋਵੇਗਾ:

(3) ਉਪ-ਧਾਰਾ (3) ਵਿੱਚ ਸ਼ਬਦਾਂ, ਬ੍ਰੈਕਟਾਂ, ਅੰਕ ਅਤੇ ਅੱਖਰ ਜਾਂ (2) ਦੀ ਥਾਂ ਨਿਮਨਲਿਖਿਤ ਰਖਿਆ ਜਾਵੇਗਾ, ਭਾਵ:-

"(2ਏ) ਜਾਂ (2ਸੀ)"

ਸਵਾਲ ਪ੍ਰਸਤਾਵਿਤ:

ਡਾਕਟਰ ਬੀ.ਆਰ.ਅੰਬੇਡਕਰ: ਜੋ ਤਰਮੀਮ ਮੈਂ ਵਿਚਾਰ ਲਈ ਪੇਸ਼ ਕੀਤੀ ਹੈ ਉਸ ਦੀ ਸੁਯੋਗਤਾ ਦੱਸਣ ਤੋਂ ਪਹਿਲਾਂ ਮੈਂ ਸਮਝਦਾ ਹਾਂ ਕਿ ਸਦਨ ਨੂੰ ਇਸ ਤਰਮੀਮ ਦੀ ਅਵਸ਼ਕਤਾ ਦੱਸਣੀ ਇੱਛਿਤ ਹੋਵੇਗੀ। ਮਾਨਯੋਗ ਗ੍ਰਿਹ ਮੰਤਰੀ ਨੇ ਬਿੱਲ ਪ੍ਰਸਤਾਵਿਤ ਕਰਦਿਆਂ ਇਹ ਬਿਆਨ ਕੀਤਾ ਸੀ ਕਿ ਬੰਬਈ ਸ਼ਹਿਰ ਕੁੱਝ ਅਣਇੱਛਿਤ ਵਿਅਕਤੀਆਂ ਦਾ ਸ਼ਿਕਾਰ ਹੈ ਜੋ ਜਨਤਾ ਦੇ ਕਮਜ਼ੋਰ ਵਰਗ ਨੂੰ ਸਤਾਉਂਦੇ ਅਤੇ ਉਸ ਉੱਤੇ ਅਤਿਆਚਾਰ ਕਰਦੇ ਹਨ ਅਤੇ ਕਮਜ਼ੋਰ ਵਰਗ ਵਿਚ ਕਾਨੂੰਨੀ ਅਦਾਲਤ ਕੋਲ ਜਾਣ ਅਤੇ ਇਨ੍ਹਾਂ ਖ਼ਤਰਨਾਕ ਲੋਕਾਂ ਨੂੰ ਦੋਸ਼-ਸਿੱਧੀ ਅਤੇ ਸਜ਼ਾ ਦਿਵਾਉਣ ਦਾ ਨਾ ਦ੍ਰਿੜ ਇਰਾਦਾ ਹੈ ਅਤੇ ਨਾ ਹੀ ਇੱਛਾ। ਇਸ ਦੇ ਸਿੱਟੇ ਵਜੋਂ ਉਹ ਸੋਚਦੇ ਹਨ ਕਿ ਪੁਲਿਸ ਕਮਿਸ਼ਨਰ ਨੂੰ ਉਨ੍ਹਾਂ ਵਿਅੱਕਤੀਆਂ ਵਿਰੁੱਧ ਇਖ਼ਤਿਆਰ ਦਿੱਤੇ ਜਾਣ ਜਿਨ੍ਹਾਂ ਨੂੰ ਉਹ ਖ਼ਤਰਨਾਕ ਲੋਕ ਸਮਝਦੇ ਹਨ ਤਾਂ ਜੋ ਉਹ ਉਨ੍ਹਾਂ ਵਿਰੁੱਧ ਕਾਰਵਾਈ ਕਰੇ। ਸ੍ਰੀਮਾਨ ਜੀ, ਜੋ ਕੁੱਝ ਉਨ੍ਹਾਂ ਆਖਿਆ ਹੈ, ਮੈਂ ਸੱਚਮੁੱਚ ਹੀ ਉਸ ਨਾਲ ਸਹਿਮਤ ਹਾਂ ਕਿ ਜਿਸ ਖ਼ਤਰੇ ਵੱਲ ਉਨ੍ਹਾਂ ਇਸ਼ਾਰਾ ਕੀਤਾ ਹੈ ਉਹ ਬੜਾ ਵਾਸਤਵਿਕ ਹੈ।

ਜੇ ਸਦਨ ਮੈਨੂੰ ਦੱਸਣ ਦੀ ਆਗਿਆ ਦੇਵੇ ਤਾਂ ਮੈਂ ਕਹਾਂਗਾ ਕਿ ਮੈਂ ਉਸ ਕਿਸਮ ਦੀ ਬੁਰਾਈ ਤੋਂ ਜਾਣੂ ਹਾਂ ਜਿਸ ਵੱਲ ਉਨ੍ਹਾਂ ਇਸ਼ਾਰਾ ਕੀਤਾ ਹੈ। ਮੈਂ ਆਪਣੇ ਜੀਵਨ ਦਾ ਬਹੁਤ ਸਾਰਾ ਭਾਗ ਬੰਬਈ ਦੇ ਉਸ ਹਿੱਸੇ ਵਿੱਚ ਬਿਤਾਇਆ ਹੈ ਜਿਸ ਨੂੰ ਅਪਰਾਧੀ ਵਰਗ ਦਾ ਨਾਮ ਦੇਵਾਂਗਾ। ਮੈਂ 1911 ਤੋਂ 1923 ਤੱਕ ਨਗਰ ਸੁਧਾਰ ਨਿਆਯ ਦੀਆਂ ਚਾਲਾਂ ਵਿੱਚ ਮਜ਼ਦੂਰਾਂ ਅਤੇ ਨਿਮਨ ਵਰਗ ਵਿਚਕਾਰ ਰਿਹਾ ਹਾਂ ਅਤੇ ਮੈਂ ਪੁਲਿਸ ਕਮਿਸ਼ਨਰ ਤੇ ਮਾਨਯੋਗ ਮੰਤਰੀ ਜੀ ਤੋਂ ਵਧੇਰੇ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਗ਼ਰੀਬਾਂ ਨੂੰ ਉਹ ਲੋਕ ਕਿਤਨਾ ਸਤਾਉਂਦੇ ਹਨ ਜਿਨ੍ਹਾਂ ਨੂੰ ਮਵਾਲੀ ਅਤੇ ਦਾਦੇ ਆਖਦੇ ਹਨ ਅਤੇ ਉਨ੍ਹਾਂ ਦੇ ਸਤਾਏ ਸ਼ਿਕਾਰਾਂ ਲਈ ਨਿਵਿਰਤੀ ਪ੍ਰਾਪਤ ਕਰਨੀ ਕਿਤਨੀ ਅਸੰਭਵ ਹੈ ਕਿਉਂਕਿ ਉਹ ਹੋਰ ਸਤਾਏ ਜਾਣ ਦੇ ਡਰ ਤੋਂ ਕਾਨੂੰਨੀ ਅਦਾਲਤ ਵਿੱਚ ਨਹੀਂ ਜਾਣਗੇ। ਇਸ ਲਈ ਮੈਂ ਸਮਝਦਾ ਹਾਂ ਕਿ ਜੋ ਬਿੱਲ ਪੇਸ਼ ਕੀਤਾ ਗਿਆ ਹੈ , ਉਹ ਮਾਮਲੇ ਦੇ ਹਾਲਾਤ ਅਨੁਸਾਰ ਪੂਰੀ ਤਰ੍ਹਾਂ ਨਿਆਂ ਸੰਗਤ ਹੈ। ਪਰ, ਮੈਂ ਮਹਿਸੂਸ ਕੀਤਾ ਹੈ ਕਿ ਇਸ ਸ਼ਹਿਰ ਦੇ ਨਾਗਰਿਕਾਂ ਲਈ ਹੋਰ ਖ਼ਤਰਾ ਹੈ ਅਤੇ ਜਿਸ ਦੇ ਲਈ ਮੰਤਰੀ ਜੀ ਨੇ ਇਸ ਬਿੱਲ ਵਿੱਚ ਉਪਬੰਧ ਨਹੀਂ ਕੀਤਾ। ਸ੍ਰੀਮਾਨ ਜੀ, ਜਿਸ ਜ਼ਰੂਰਤ ਵੱਲ ਮੈਂ ਇਸ਼ਾਰਾ ਕਰ ਰਿਹਾ ਹਾਂ, ਉਹ ਉਸ ਸਮੱਸਿਆ ਤੋਂ ਪੈਦਾ ਹੋਈ ਹੈ ਜਿਸ ਨੂੰ ਫ਼ਿਰਕੂ ਦੰਗੇ ਆਖਦੇ ਹਨ। ਮੇਰੇ ਕੋਲ ਉਨ੍ਹਾਂ ਫ਼ਿਰਕੂ ਫ਼ਸਾਦਾਂ ਸਬੰਧੀ ਕੁੱਝ ਅੰਕੜੇ ਹਨ ਜੋ ਬੰਬਈ ਸ਼ਹਿਰ ਵਿੱਚ ਹੋਏ ਹਨ। ਸਾਲ 1851 ਅਤੇ 1938 ਵਿਚਾਲੇ ਬੰਬਈ ਸ਼ਹਿਰ ਵਿੱਚ 9 ਫ਼ਿਰਕੂ ਫ਼ਸਾਦ ਹੋਏ। ਪਹਿਲਾ ਫ਼ਸਾਦ 17 ਅਕਤੂਬਰ, 1851 ਵਿੱਚ ਹੋਇਆ। ਇਹ ਦੰਗਾ ਮੁਸਲਮਾਨਾਂ ਅਤੇ ਪਾਰਸੀਆਂ ਵਿਚਕਾਰ ਸੀ। ਤੀਜਾ ਫ਼ਸਾਦ 1893 ਵਿੱਚ ਹਿੰਦੂਆ ਅਤੇ ਮੁਸਲਮਾਨਾਂ ਵਿਚਕਾਰ ਹੋਇਆ। ਚੌਥਾ ਫ਼ਸਾਦ 1929 ਵਿੱਚ ਹੋਇਆ। ਇਹ ਵੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸੀ। ਪੰਜਵਾਂ ਫ਼ਸਾਦ 1932 ਵਿਚ, ਛੇਵਾਂ 1933 ਵਿਚ, ਸਤਵਾਂ 1936 ਵਿਚ, ਅਠਵਾਂ 1937 ਵਿੱਚ ਅਤੇ ਨੌਵਾਂ 17 ਅਪਰੈਲ, 1938 ਨੂੰ ਹੋਇਆ। ਇਹ ਸਾਰੇ ਦੰਗੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਨ। 1893 ਦੇ ਫ਼ਸਾਦ ਵਿੱਚ 80 ਬੰਦੇ ਮਾਰੇ ਗਏ, 60 ਮੰਦਰ ਤਬਾਹ ਹੋਏ, 7 ਮਸੀਤਾਂ ਨਸ਼ਟ ਹੋਈਆਂ ਅਤੇ 27 ਦਰਗਾਹਾਂ ਮਲੀਆਮੇਟ ਹੋਈਆਂ। ਮੇਰੇ ਕੋਲ ਹੋਰ ਦੰਗਿਆਂ ਦੇ ਅੰਕੜੇ ਵੀ ਹਨ। ਸਾਲ 1929 ਦੇ ਦੰਗਿਆਂ ਵਿੱਚ 51 ਬੰਦੇ ਮਾਰੇ ਗਏ, 1932 ਦੇ ਦੰਗਿਆਂ ਵਿੱਚ 300 ਬੰਦੇ ਮਾਰੇ ਗਏ ਅਤੇ 300 ਤੋਂ ਵੱਧ ਘਾਇਲ ਹੋਏ। ਸਾਲ 1936 ਵਿੱਚ 61 ਬੰਦੇ ਮਾਰੇ ਗਏ ਅਤੇ 550 ਤੋਂ ਵੱਧ ਘਾਇਲ ਹੋਏ। ਸਾਲ 1938 ਦੇ ਸਹੀ ਅੰਕੜੇ ਮੇਰੇ ਕੋਲ ਨਹੀਂ ਪਰ 12 ਬੰਦੇ ਮਾਰੇ ਗਏ ਅਤੇ 120 ਤੋਂ ਵੱਧ ਘਾਇਲ ਹੋਏ। ਜਿਸ ਤੇਜ਼ੀ ਨਾਲ ਇਹ ਦੰਗੇ ਹੋਏ, ਉਹ ਵੀ ਦਿਲਚਸਪ ਅਤੇ ਮਹੱਤਵਪੂਰਨ ਹੈ। ਸਦਨ ਨੂੰ ਇਸ ਦਾ ਖ਼ਿਆਲ ਕਰਨਾ ਚਾਹੀਦਾ ਹੈ। ਜਿਹਾ ਕਿ ਮੈਂ ਆਪ ਦੱਸਿਆ ਹੈ, ਪਹਿਲਾ ਦੰਗਾ 1852 ਵਿੱਚ ਹੋਇਆ, ਦੂਜਾ ਦੰਗਾ ਪਹਿਲੇ ਤੋਂ 23 ਸਾਲਾਂ ਦੇ ਅੰਦਰ ਅੰਦਰ ਹੋਇਆ, ਤੀਜਾ ਦੰਗਾ ਦੂਜੇ ਤੋਂ 19 ਸਾਲਾਂ ਮਗਰੋਂ ਹੋਇਆ। ਚੌਥਾ ਦੰਗਾ, ਤੀਜੇ ਤੋਂ 36 ਸਾਲਾਂ ਮਗਰੋਂ ਹੋਇਆ ਅਤੇ ਪੰਜਵਾਂ ਫਸਾਦ, ਚੌਥੇ ਤੋਂ 3 ਸਾਲਾਂ ਦੇ ਅੰਦਰ-ਅੰਦਰ ਹੋਇਆ। ਛੇਵਾਂ ਦੰਗਾ, ਪੰਜਵੇਂ ਤੋਂ ਇਕ ਸਾਲ ਦੇ ਅੰਦਰ ਅੰਦਰ ਹੋਇਆ। ਸਤਵਾਂ ਫ਼ਸਾਦ, ਛੇਵੇਂ ਤੋਂ

3 ਸਾਲਾਂ ਦੇ ਅੰਦਰ-ਅੰਦਰ ਹੋਇਆ ਅਤੇ ਅਠਵਾਂ, ਸੱਤਵੇਂ ਤੋਂ ਇਕ ਸਾਲ ਦੇ ਅੰਦਰ-ਅੰਦਰ ਹੋਇਆ। ਨੌਵਾਂ ਫ਼ਸਾਦ, ਅਠਵੇਂ ਤੋਂ ਮਗਰੋਂ ਇਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਹੋਇਆ। ਹੁਣ, ਸ੍ਰੀਮਾਨ ਜੀ, ਸਾਡੇ ਵਿੱਚ ਜਿਹੜੇ ਇਸ ਤੱਥ ਵੱਲੋਂ ਚੇਤੰਨ ਹਨ ਅਤੇ ਜ਼ਿੰਮੇਵਾਰੀ ਸਮਝਦੇ ਹਨ, ਇਸ ਗੱਲ ਨਾਲ ਸਹਿਮਤ ਹੋਣਗੇ ਕਿ ਸਭਿਅਤਾ ਦੀ ਇਸ ਨਿਰੰਤਰ ਮੁਅੱਤਲੀ ਅਤੇ ਉਸ ਸਾਲਾਨਾ ਖ਼ੂਨ-ਖ਼ਰਾਬੇ ਦਾ ਇਲਾਜ ਲੱਭਣਾ ਪੈਣਾ ਹੈ ਜੋ ਇਹ ਦੋਵੇਂ ਜਾਤੀਆਂ ਕਰ ਰਹੀਆਂ ਹਨ। ਮੈਂ ਇਨ੍ਹਾਂ ਦੰਗਿਆਂ ਦੇ ਕਾਰਨਾਂ ਦੀ ਬਹਿਸ ਵਿੱਚ ਨਹੀਂ ਪੈਣਾ ਚਾਹੁੰਦਾ। ਇਹ ਕਾਰਨ ਸਿਆਸੀ ਹਨ, ਧਾਰਮਿਕ ਹਨ ਜਾਂ ਆਰਥਿਕ, ਇਸ ਨਾਲ ਸਾਡਾ ਕੋਈ ਵਾਸਤਾ ਨਹੀਂ। ਇਹ ਕਠੋਰ ਤੱਥ, ਕਿ ਕੋਈ ਮੁਸਲਮਾਨ ਕਿਸੇ ਗੱਲ ਦੀ ਪਰਵਾਹ ਕੀਤੇ ਬਿਨਾਂ ਜਾਂ ਕਿਸੇ ਹਿੰਦੂ ਨੂੰ ਛੁਰਾ ਮਾਰ ਦਿੰਦਾ ਹੈ, ਇਕ ਅਜਿਹੀ ਆਫ਼ਤ ਹੈ ਜਿਸ ਨੂੰ ਅਸੀਂ ਕਦੇ ਬਰਦਾਸ਼ਤ ਨਹੀਂ ਕਰ ਸਕਦੇ। ਮੈਂ ਸਮਝਦਾ ਹਾਂ, ਹੁਣ ਸਮਾਂ ਆ ਗਿਆ ਹੈ ਕਿ ਅਸੀਂ ਕੁੱਝ ਉਪਾਅ ਕਰੀਏ ਜਿਸ ਨਾਲ ਇਸ ਦੇਸ ਦੇ ਪ੍ਰਬੰਧਕ ਅਧਿਕਾਰੀ ਇਸ ਖ਼ਤਰੇ ਨਾਲ ਅਸਰਦਾਰ ਢੰਗ ਅਤੇ ਫੁਰਤੀ ਨਾਲ ਨਜਿੱਠ ਸਕਣ।

ਇਸ ਤਰਮੀਮ ਦੀ ਸੁਯੋਗਤਾ ਦੀ ਗੱਲ ਕਰਦਿਆਂ ਸਭ ਤੋਂ ਪਹਿਲਾਂ ਮੈਂ ਸਦਨ ਦਾ ਧਿਆਨ ਆਪਣੀ ਤਰਮੀਮ ਦੇ ਖੰਡ 3 ਵੱਲ ਦਿਵਾਉਣਾ ਚਾਹਵਾਂਗਾ ਜੋ ਪੁਲਿਸ ਕਮਿਸ਼ਨਰ ਨੂੰ ਅਧਿਕਾਰ ਦੇਂਦੀ ਹੈ ਕਿ ਉਹ ਬੰਬਈ ਪ੍ਰੈਜ਼ੀਡੈਂਸੀ ਦੀ ਹੱਦ ਅੰਦਰੋਂ ਕਿਸੇ ਅਜਿਹੇ ਵਿਅੱਕਤੀ ਨੂੰ ਕੱਢ ਸਕਦਾ ਹੈ ਜਿਸ ਬਾਰੇ ਉਸ ਕੋਲ ਇਹ ਯਕੀਨ ਕਰਨ ਕੇ ਕਾਰਨ ਹੋਣ ਕਿ ਉਸ ਦਾ ਵਿਹਾਰ ਅਜਿਹਾ ਹੈ ਜਿਸ ਨਾਲ ਉਸ ਦੀ ਮੌਜੂਦਗੀ, ਉਸ ਦੀਆਂ ਹਰਕਤਾਂ ਜਾਂ ਕੰਮ, ਦੰਗਾ ਕਰਵਾ ਸਕਦੇ ਹਨ। ਇਸ ਬਿੱਲ ਦਾ ਮੁੱਖ ਉਦੇਸ਼ ਇਹ ਹੀ ਹੈ। ਮੈਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਇਸ ਬਿੱਲ ਵਿਚਲਾ ਇਹ ਖੰਡ ਕਿਸੇ ਖ਼ਾਸ ਵਿਅਕਤੀ ਉੱਪਰ ਪਾਬੰਦੀ ਲਾਉਂਦਾ ਜਾਪਦਾ ਹੈ। ਪਰ, ਸ੍ਰੀਮਾਨ ਜੀ, ਮੈਂ ਇਹ ਆਖ ਸਕਦਾ ਹਾਂ ਮੈਂ ਅਜੇਹੇ ਵਰਗ ਵਿੱਚੋਂ ਆਇਆ ਹਾਂ ਜਿਸ ਨੂੰ ਸਮਾਜ ਦੇ ਕਿਸੇ ਵੀ ਹੋਰ ਵਰਗ ਤੋਂ ਆਜ਼ਾਦੀ ਦੀ ਵਧੇਰੇ ਲੋੜ ਹੈ। ਮੈਂ ਕਿੱਤੇ ਵਜੋਂ ਵਕੀਲ ਹਾਂ ਅਤੇ ਆਜ਼ਾਦੀ ਦੀ ਮਹੱਤਾ ਤੋਂ ਜਾਣੂ ਹਾਂ। ਜਿਸ ਵਰਗ ਨਾਲ ਮੈਂ ਸਬੰਧ ਰਖਦਾ ਹਾਂ ਉਸ ਦੇ ਹਿੱਤ ਵਿੱਚ ਅਤੇ ਕਿੱਤੇ ਵਜੋਂ ਵਕੀਲ ਹੋਣ ਦੇ ਨਾਤੇ ਮੇਰੇ, ਅੰਦਰ ਆਜ਼ਾਦੀ ਦੀ ਜੋ ਲੋਚਾ ਹੈ, ਉਸ ਦੇ ਬਾਵਜੂਦ ਮੈਂ ਇਹ ਆਖੇ ਬਿਨਾਂ ਨਹੀਂ ਰਹਿ ਸਕਦਾ ਕਿ ਅਜਿਹੇ ਮੌਕੇ ਵੀ ਆਉਂਦੇ ਹਨ ਜਦੋਂ ਜਨਤਾ ਦੀ ਬਹੁ-ਸੰਖਿਆ ਦੀ ਆਜ਼ਾਦੀ ਦੀ ਰੱਖਿਆ ਕਰਨ ਲਈ, ਗੁੰਡਿਆਂ ਅਤੇ ਸਮਾਜ ਵਿਚਲੇ ਅਪਰਾਧੀ ਵਰਗਾਂ ਦੀ ਆਜ਼ਾਦੀ ਮੁਲਤਵੀ ਕੀਤੀ ਜਾ ਸਕਦੀ ਹੈ। ਇਸ ਨੁਕਤੇ ਤੇ ਮੈਨੂੰ ਕੋਈ ਸੰਕੋਚ ਨਹੀਂ। ਇਸ ਲਈ ਮੈਨੂੰ ਕੇਵਲ ਇਕੋ ਗੱਲ ਦੀ ਚਿੰਤਾ ਹੈ, ਜਿਸ ਦੀ ਚਿੰਤਾ ਸਦਨ ਦੇ ਮੈਂਬਰਾਂ ਨੂੰ ਵੀ ਹੋਣੀ ਚਾਹੀਦੀ ਹੈ। ਉਹ ਗੱਲ ਇਹ ਹੈ, ਕਿ ਪੁਲਿਸ ਕਮਿਸ਼ਨਰ ਨੂੰ ਜੋ ਆਪਹੁਦਰੀ ਸ਼ਕਤੀ ਅਸੀਂ ਦੇ ਰਹੇ ਹਾਂ ਕੀ ਉਸ ਦੀ ਦੁਰਵਰਤੋਂ ਦੇ ਵਿਰੁੱਧ ਕੋਈ ਬਚਾਉ ਦੇ ਸਾਧਨ ਮੁਹੱਈਆਂ ਕੀਤੇ ਗਏ ਹਨ? ਕੇਵਲ ਇਹੋ ਇਕ ਸਵਾਲ ਪੇਸ਼ ਹੈ ਜੋ ਮੌਕੇ ਦੀ ਲੋੜ ਅਨੁਸਾਰ ਸਦਨ ਦੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਹੁਣ, ਸ੍ਰੀਮਾਨ ਜੀ, ਸਦਨ ਅੱਗੇ ਮੇਰੀ ਗੁਜ਼ਾਰਸ਼ ਹੈ ਕਿ ਇਸ ਤਰਮੀਮ ਵਿੱਚ ਬਚਾਉ ਦੇ ਕਾਫ਼ੀ ਉਪਬੰਧ ਹਨ। ਮੈਂ ਸੰਖੇਪ ਤੌਰ ਤੇ ਇਨ੍ਹਾਂ ਬਚਾਉ ਦੇ ਸਾਧਨਾਂ ਦਾ ਜ਼ਿਕਰ ਕਰਾਂਗਾ। ਪਹਿਲਾ ਬਚਾਉ ਦਾ ਸਾਧਨ ਇਸ ਪ੍ਰਕਾਰ ਹੈ: ਇਸ ਤਰਮੀਮ ਅਨੁਸਾਰ ਪੁਲਿਸ ਕਮਿਸ਼ਨਰ ਵਿਧਾਨ ਮੰਡਲ ਜਾਂ ਆਮ ਜਨਤਾ ਦੇ ਗਿਆਨ ਤੋਂ ਬਿਨਾਂ ਵਿਹਾਰਕ ਤੌਰ ਤੇ ਇਹ ਆਪ-ਹੁਦਰੀ ਸ਼ਕਤੀ ਵਰਤਣੀ ਸ਼ੁਰੂ ਨਹੀਂ ਕਰ ਸਕੇਗਾ। ਉਹ ਅਜੇਹਾ ਨਹੀਂ ਕਰ ਸਕਦਾ ਕਿਉਂਕਿ, ਜਿਹਾ ਕਿ ਸਦਨ ਦੇ ਮਾਨਯੋਗ ਮੈਂਬਰ ਵੇਖ ਸਕਦੇ ਹਨ, ਉਸ ਨੂੰ ਇਹ ਸ਼ਕਤੀ ਸੰਕਟਕਾਲੀ ਸਥਿੱਤੀ ਦਾ ਐਲਾਨ ਜਾਰੀ ਹੋਣ ਤੋਂ ਮਗਰੋਂ ਹੀ ਮਿਲੇਗੀ ਅਤੇ ਉਦੋਂ ਹੀ ਇਸ ਦੀ ਵਿਹਾਰਕ ਵਰਤੋਂ ਸ਼ੁਰੂ ਹੋਵੇਗੀ। ਸੰਕਟਕਾਲੀ ਸਥਿੱਤੀ ਦੇ ਐਲਾਨ ਦੇ ਜਾਰੀ ਹੋਣ ਤੋਂ ਪਹਿਲਾਂ ਜਾਂ ਸੰਕਟਕਾਲ ਐਲਾਨੇ ਜਾਣ ਤੋਂ ਪਹਿਲਾਂ ਪੁਲਿਸ ਕਮਿਸ਼ਨਰ ਇਸ ਸ਼ਕਤੀ ਦੀ ਵਰਤੋਂ ਨਹੀਂ ਕਰ ਸਕੇਗਾ। ਇਸ ਤਰਮੀਮ ਵਿਚਲੇ ਉਪਬੰਧ ਬਾਰੇ ਧਿਆਨ ਵਿੱਚ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਸ਼ਕਤੀਆਂ ਸੰਕਟਕਾਲ ਐਲਾਨੇ ਜਾਣ ਤੋਂ ਮਗਰੋਂ ਹੀ ਆਉਂਣਗੀਆਂ ਅਤੇ ਵਿਧਾਨ ਮੰਡਲ ਦੇ ਦ੍ਰਿਸ਼ਟੀਕੋਣ ਤੋਂ ਇਸ ਦਾ ਇਕ ਖ਼ਾਸ ਫਾਇਦਾ ਹੈ। ਇਹ ਫ਼ਾਇਦਾ ਇਹ ਹੈ ਕਿ ਜੇ ਸਰਕਾਰ ਕਿਸੇ ਉਚਿਤਤਾ ਤੋਂ ਬਿਨਾਂ ਸੰਕਟਕਾਲੀਨਤਾ ਦਾ ਐਲਾਨ ਜਾਰੀ ਕਰੇ ਤਾਂ ਸਦਨ ਨੂੰ ਤਹਿਰੀਕ ਇਲਤਵਾ ਪੇਸ਼ ਕਰਨ ਦਾ ਅਵਸਰ ਮਿਲ ਜਾਏਗਾ ਅਤੇ ਸਦਨ, ਸਰਕਾਰ ਨੂੰ .ਗਲਤ ਸੰਕਟਕਾਲੀ ਐਲਾਨ ਜਾਰੀ ਕਰਨ ਤੇ ਤਾੜਨਾ ਕਰ ਸਕਦੀ ਹੈ। ਇਹ ਇਕ ਕੰਟਰੋਲ ਹੈ ਜੋ ਇਹ ਤਰਮੀਮ, ਵਿਧਾਨ ਮੰਡਲ ਨੂੰ ਦਿੰਦੀ ਹੈ ਤਾਂ ਜੋ ਉਹ ਵੇਖ ਸਕੇ ਕਿ ਸ਼ਕਤੀ ਦੀ ਦੁਰਵਰਤੋਂ ਨਹੀਂ ਹੋ ਰਹੀ। ਦੂਜਾ ਫ਼ਾਇਦਾ ਜੋ ਇਹ ਤਰਮੀਮ ਦਿੰਦੀ ਹੈ, ਉਹ ਇਸ ਪ੍ਰਕਾਰ ਹੈ:

ਸੰਭਵ ਹੈ ਕਿ ਸਰਕਾਰ ਸੰਕਟਕਾਲੀਨਤਾ ਦਾ ਐਲਾਨ ਤਾਂ ਜਾਰੀ ਕਰ ਦੇਵੇ। ਪਰ ਸੰਕਟਕਾਲੀਨਤਾ ਦੇ ਐਲਾਨ ਨੂੰ ਰਦ ਕਰਨ ਜਾਂ ਵਾਪਸ ਲੈਣ ਤੋਂ ਨਾਂਹ ਕਰ ਦੇਵੇ; ਇਸ ਨਾਲ ਪੁਲਿਸ ਕਮਿਸ਼ਨਰ ਸ਼ਕਤੀਆਂ ਦੀ ਵਰਤੋਂ ਸ਼ੁਰੂ ਕਰ ਦੇਵੇ ਅਤੇ ਉਨ੍ਹਾਂ ਦੀ ਵਰਤੋਂ ਜਾਰੀ ਰੱਖੇ, ਬਾਵਜੂਦ ਇਸ ਅਸਲੀਅਤ ਦੇ, ਕਿ ਸੰਕਟਕਾਲ ਦੀ ਹੋਂਦ ਨਹੀਂ ਰਹੀ। ਅਜਿਹੀ ਅਵਸਥਾ ਦੇ ਵਿਰੁੱਧ ਇਸ ਵਿੱਚ ਉਪਬੰਧ ਕੀਤਾ ਗਿਆ ਹੈ ਜਿਸ ਵੱਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹਵਾਂਗਾ। ਜੇ ਸਰਕਾਰ ਇਸ ਨੂੰ ਨਵਿਆਉਂਦੀ ਨਹੀਂ, ਤਾਂ ਇਸ ਤਰਮੀਮ ਨਾਲ ਸੰਕਟਕਾਲ ਇਕ ਮਹੀਨੇ ਮਗਰੋਂ ਮੁਕ ਜਾਵੇਗਾ। ਇਸ ਲਈ ਇਸ ਬਚਾਉ ਦਾ ਕਾਫ਼ੀ ਸਾਧਨ ਮੁਹੱਈਆਂ ਕੀਤਾ ਗਿਆ ਹੈ ਕਿ ਸ਼ਕਤੀ ਇਕ ਮਹੀਨੇ ਮਗਰੋਂ ਅਮਲੀ ਰੂਪ ਵਿੱਚ ਲਾਗੂ ਨਹੀਂ ਹੋਵੇਗੀ।

ਬਚਾਉ ਦਾ ਏਕ ਹੋਰ ਸਾਧਨ, ਜਿਸ ਵੱਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਪ-ਖੰਡ(6) ਹੈ, ਜੋ ਬਹੁਤ ਮਹੱਤਵਪੂਰਨ ਹੈ। ਭਾਵੇਂ ਇਹ ਤਰਮੀਮ ਪੁਲਿਸ ਕਮਿਸ਼ਨਰ ਨੂੰ ਇਹ ਸ਼ਕਤੀ ਦੇਂਦੀ ਹੈ ਕਿ ਜੋ ਵਿਅੱਕਤੀ ਉਸ ਦੀ ਸਮਝ ਵਿੱਚ ਫ਼ਿਰਕੂ ਦੰਗੇ ਕਰਵਾ ਰਿਹਾ ਹੈ, ਉਸ ਨੂੰ ਸ਼ਹਿਰੋਂ ਬਾਹਰ ਕੱਢ ਦੇਵੇ, ਇਸ ਨਗਰ ਨਿਕਾਲੇ ਦੇ ਆਦੇਸ਼ ਨਾਲ ਮਿਆਦ ਵੀ

ਨਿਸ਼ਚਿਤ ਹੋਣੀ ਚਾਹੀਦੀ ਹੈ। ਹਿਦਾਇਤ ਹੈ, ਕਿ ਜਿਉਂ ਹੀ ਸੰਕਟਕਾਲੀਨਤਾ ਦਾ ਅੰਤ ਹੁੰਦਾ ਹੈ ਇਹ ਆਦੇਸ਼ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਅਤੇ ਜਿਸ ਬੰਦੇ ਨੂੰ ਪੁਲਿਸ ਕਮਿਸ਼ਨਰ ਵੱਲੋਂ ਨਗਰੋਂ ਬਾਹਰ ਕੱਢਿਆ ਗਿਆ ਹੈ, ਉਸ ਮੁੜ ਬੰਬਈ ਆ ਸਕਦਾ ਹੈ। ਮੈਂ ਆਖਦਾ ਹਾਂ ਕਿ ਇਹ ਬਚਾਉ ਦਾ ਹੋਰ ਸਾਧਨ ਹੈ।

ਬਚਾਉ ਦਾ ਇਕ ਹੋਰ ਸਾਧਨ, ਜਿਸ ਵੱਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਹ ਹੈ -ਪੁਲਿਸ ਕਮਿਸ਼ਨਰ ਦੇ ਆਦੇਸ਼ ਵਿਰੁੱਧ ਸੂਬਾਈ ਸਰਕਾਰ ਅੱਗੇ ਅਪੀਲ। ਮੈਂ ਮੰਨਦਾ ਹਾਂ ਕਿ ਇਸ ਵਿੱਚ ਬਹੁਤਾ ਕੁੱਝ ਨਹੀਂ, ਫਿਰ ਵੀ ਜਿੱਥੋਂ ਤਕ ਹੈ, ਹੈ ਤਾਂ ਸਹੀ।

ਹੁਣ ਹੋਰ ਪੇਸ਼ ਕੀਤੀਆਂ ਗਈਆਂ ਤਰਮੀਮਾਂ ਬਾਰੇ ਮੈਂ ਇਕ ਦੋ ਗੱਲਾਂ ਆਖਣਾ ਚਾਹਵਾਂਗਾ। ਮੇਰਾ ਖ਼ਿਆਲ ਹੈ ਕਿ ਮੇਰੇ ਮਿੱਤਰ ਮਾਨਯੋਗ ਮੰਤਰੀ ਜੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਕਲ ਜਦੋਂ ਅਸਾਂ ਇਸ ਤਰਮੀਮ ਦੇ ਖੰਡ (1) ਦਾ ਖਰੜਾ ਤਿਆਰ ਕੀਤਾ ਸੀ ਉਦੋਂ ਸਾਰੇ ਪਾਸਿਆਂ ਤੋਂ ਸਹਿਮਤੀ ਆਈ ਸੀ ਕਿ ਇਹ ਧਾਰਾ ਧਾਰਮਿਕ ਸੰਪ੍ਰਦਾਵਾਂ, ਜਾਂ ਧਾਰਮਿਕ ਮਤਭੇਦਾਂ ਵਾਲੇ ਫ਼ਿਰਕਿਆਂ ਜਾਂ ਧੜਿਆਂ ਦੁਆਰਾ ਖੜੀਆਂ ਕੀਤੀਆਂ ਸਮੱਸਿਆਵਾਂ ਤੋਂ ਇਲਾਵਾ ਕਾਮਿਆਂ (ਲੇਬਰ) ਦੁਆਰਾ ਪੈਦਾ ਕੀਤੀਆਂ ਗਈਆਂ ਸਮੱਸਿਆਵਾਂ ਜਾਂ ਹੋਰ ਪ੍ਰਕਾਰ ਦੀਆਂ ਸਮੱਸਿਆਵਾਂ ਲਈ ਨਹੀਂ ਵਰਤੀ ਜਾਵੇਗੀ।

ਮੇਰੀ ਸੋਚ ਅਨੁਸਾਰ ਇਹ ਸਾਰਾ ਕੁੱਝ ਨਿਰਾ ਫ਼ਿਰਕੂ ਫ਼ਸਾਦਾਂ ਤਕ ਹੀ ਮਹਿਦੂਦ ਸੀ। ਮੈਂ ਮਾਨਯੋਗ ਮੰਤਰੀ ਜੀ ਦੇ ਤੱਸਲੀ ਦਿਵਾਉਣ ਤੇ ਪੂਰਾ ਭਰੋਸਾ ਕਰਨ ਨੂੰ ਤਿਆਰ ਹਾਂ ਕਿ ਇਸ ਨੂੰ ਕਿਸੇ ਹੋਰ ਪਾਸੇ ਵਰਤਣ ਦੀ ਕੋਈ ਨਿਯਤ ਨਹੀਂ। ਪਰ, ਜੇ ਇਸ ਸਦਨ ਦੇ ਭਦਰ-ਪੁਰਸ਼ਾਂ ਦੀ ਇੱਛਾ ਹੈ ਕਿ ਇਸ ਵਿੱਚ ਕੋਈ ਤਰੁਟੀ ਨਹੀਂ ਛੱਡੀ ਜਾਣੀ ਚਾਹੀਦੀ ਅਤੇ ਅਜਿਹੀ ਕੋਈ ਝੀਥ ਨਹੀਂ ਰਹਿਣੀ ਚਾਹੀਦੀ ਜਿਸ ਰਾਹੀਂ ਕਾਰਜਕਾਰਨੀ ਇਸ ਧਾਰਾ ਦੇ ਉਪਬੰਧਾਂ ਨੂੰ ਕਿਸੇ ਅਜਿਹੇ ਮਨੋਰਥ ਲਈ ਵਰਤੇ ਜੋ ਇਸ ਦਾ ਮਨਸ਼ਾਂ ਨਹੀਂ, ਤਾਂ ਇਸਦਾ ਨਹੀਂ, ਭਾਵ ਸਾਫ਼ ਕਰਨ ਲਈ ਮੈਂ ਪੂਰੀ ਤਰ੍ਹਾਂ ਉਨ੍ਹਾਂ ਦੇ ਨਾਲ ਹਾਂ।

ਸ਼ਬਦ "ਮੌਜੂਦਗੀ" ਬਾਰੇ ਮੈਂ ਇਹ ਜ਼ਰੂਰ ਆਖਾਂਗਾ ਕਿ ਮੈਂ ਇਸ ਤਰਮੀਮ ਨੂੰ ਸਹਿਮਤੀ ਨਹੀਂ ਦੇ ਸਕਦਾ ਕਿ ਸ਼ਬਦ "ਮੌਜੂਦਗੀ" ਛੱਡ ਦੇਣਾ ਚਾਹੀਦਾ ਹੈ। ਸ਼ਬਦ "ਮੌਜੂਦਗੀ" ਜ਼ਰੂਰ ਰਹਿਣਾ ਚਾਹੀਦਾ ਹੈ। ਮੈਂ ਇਸ ਦੀ ਵਿਆਖਿਆ ਲਈ ਇਕ ਉਦਾਹਰਨ ਦੇਂਦਾ ਹਾਂ। ਇਕ ਸਾਧੂ ਬੰਬਈ ਆਉਂਦਾ ਹੈ। ਇਕ ਸੰਪਰਦਾਇ ਨੂੰ ਉਹ ਚੰਗਾ ਲਗਦਾ ਹੈ ਪਰ ਦੂਜੇ ਨੂੰ ਨਹੀਂ। ਇਕ ਫ਼ਕੀਰ ਬੰਬਈ ਆਉਂਦਾ ਹੈ : ਇਕ ਭਾਗ ਉਸ ਨੂੰ ਪੂਜਦਾ ਹੈ ਅਤੇ ਦੂਜਾ ਉਸ ਨੂੰ ਨਕਾਰਦਾ ਹੈ। ਇਸ ਦੇ ਆਧਾਰ ਦੇ ਫ਼ਿਰਕੂ ਫ਼ਸਾਦ ਛਿੜ ਜਾਂਦਾ ਹੈ। ਕੀ ਇਹ ਜ਼ਰੂਰੀ ਨਹੀਂ ਹੋਵੇਗਾ ਕਿ ਇਸ ਵਿੱਅਕਤੀ ਦੀ ਮੌਜੂਦਗੀ ਹੀ ਬੰਬਈ ਸ਼ਹਿਰ ਵਿੱਚੋਂ ਹਟਾ ਲਈ ਜਾਏ ਤਾਂ ਜੋ ਦੰਗੇ ਦਬਾ ਦਿੱਤੇ ਜਾਣ ? ਨਿਰਸੰਦੇਹ, ਇਕ ਇਕ ਅਤਿ ਦੀ ਵਿਆਖਿਆਮਈ ਉਦਾਹਰਨ

ਹੋ ਸਕਦੀ ਹੈ। ਪਰ ਜੋ ਸ਼ਕਤੀ ਅਸੀਂ ਦੇ ਰਹੇ ਹਾਂ, ਉਚਿਤਤਾ ਅਤੇ ਪ੍ਰਭਾਵਿਕਤਾ ਦੀ ਜਾਂਚ ਲਈ ਅਤਿ ਦੀ ਵਿਆਖਿਆਮਈ ਉਦਾਹਰਣ ਹੀ ਇਕੋ ਇਕ ਢੰਗ ਹੈ। ਇਸ ਲਈ ਸ਼੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਸ਼ਬਦ "ਮੌਜੂਦਗੀ" ਬਹੁਤ ਜ਼ਰੂਰੀ ਹੈ ਅਤੇ ਬਿੱਲ ਵਿੱਚ ਰਹਿਣ ਦੇਣਾ ਚਾਹੀਦਾ ਹੈ

ਜਿੱਥੋਂ ਤਕ ਹੋਰ ਤਰਮੀਮਾਂ ਦਾ ਸਵਾਲ ਹੈ, ਮੈਂ ਨਿਰਪੱਖ ਹਾਂ ਕਿਉਂਕਿ ਸਾਡੀ ਮਨਸ਼ਾ ਇਹ ਹੈ ਕਿ ਬਿੱਲ ਦੀ ਵਰਤੋਂ ਫ਼ਿਰਕੂ ਫ਼ਸਾਦਾਂ ਤੋਂ ਛੁਟ ਹੋਰ ਕਿਸੇ ਪ੍ਰਕਾਰ ਦੇ ਦੰਗਿਆਂ ਲਈ ਨਾ ਕੀਤੀ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਤਰਮੀਮ ਪੇਸ਼ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਸਦਨ ਇਸ ਨੂੰ ਸਵੀਕ੍ਰਿਤੀ ਦੇਵੇਗਾ।

ਡਾ. ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ): ਇਹ ਜਾਣ ਕੇ ਮੈਨੂੰ ਬੜੀ ਪ੍ਰਸੰਨਤਾ ਹੋਈ ਹੈ ਕਿ ਜੋ ਤਰਮੀਮ ਮੈਂ ਤਜਵੀਜ਼ ਕੀਤੀ ਹੈ, ਉਸ ਨੂੰ ਸਦਨ ਦੇ ਉਨ੍ਹਾਂ ਬਹੁਤ ਸਾਰੇ ਮੈਂਬਰਾਂ ਵੱਲੋਂ ਸਮਰਥਨ ਪ੍ਰਾਪਤ ਹੋਇਆ ਹੈ ਜੋ ਬਿੱਲ ਦੀ ਪਹਿਲੀ ਪੜ੍ਹਤ ਤੇ ਬੋਲੇ ਹਨ। ਪਰ, ਮੇਰਾ ਵਿਚਾਰ ਨਹੀਂ ਕਿ ਵਿਰੋਧੀ ਧਿਰ ਦੇ ਮਾਨਯੋਗ ਨੇਤਾ ਨੇ ਮੇਰੀ ਤਰਮੀਮ ਦਾ ਵਿਰੋਧ ਕੀਤਾ ਹੈ ਭਾਵੇਂ ਉਸ ਕੋਲ ਬਿੱਲ ਬਾਰੇ ਆਖਣ ਲਈ ਬਹੁਤ ਕੁੱਝ ਸੀ। ਮੇਰੇ ਮਾਨਯੋਗ ਮਿੱਤਰ ਰਾਓ ਬਹਾਦਰ ਚਿਤਾਲੇ ਨੇ ਤਰਮੀਮ ਦੀ ਹਿਮਾਇਤ ਕੀਤੀ ਹੈ ਅਤੇ ਜੇ ਮੈਂ ਆਖਾਂ ਕਿ ਮੇਰੇ ਮਿੱਤਰ ਜਮਨਾ ਦਾਸ ਮਹਿਤਾ ਦਾ ਵਿਰੋਧ ਬੁਨਿਆਦੀ ਨਹੀਂ, ਪੈਂਤੜੇਬਾਜ਼ੀ ਵਾਲਾ ਸੀ ਅਤੇ ਇਸ ਦ੍ਰਿਸ਼ਟੀ ਤੋਂ ਮੇਰੇ ਲਈ ਦਿੱਤੀਆਂ ਗਈਆਂ ਟਿੱਪਣੀਆਂ ਦਾ ਲੰਮਾ ਚੌੜਾ ਉਤਰ ਦੇਣਾ ਜ਼ਰੂਰੀ ਨਹੀਂ। ਪਰ, ਕੇਵਲ ਦੋ ਮਾਮਲੇ ਅਜਿਹੇ ਹਨ ਜਿਨ੍ਹਾਂ ਦਾ ਮੈਂ ਜ਼ਿਕਰ ਕਰਨਾ ਚਾਹਵਾਂਗਾ। ਇਹ ਬਿਨਾਂ ਸ਼ੱਕ ਇਕ ਸੰਕਟਕਾਲੀ ਕਦਮ ਹੈ ਅਤੇ ਸੰਕਟਕਾਲੀ ਕਦਮ ਵਜੋਂ ਇਹ ਕਿਸੇ ਵਿਅਕਤੀ ਦੀ ਆਜ਼ਾਦੀ ਉੱਪਰ ਬਹੁਤ ਬੰਦਸ਼ ਨਹੀਂ ਲਾਉਂਦਾ।

ਸਰ ਅਲੀ ਮੁਹੰਮਦ ਖ਼ਾਨ ਦਿਹਲਵੀ: ਮੈਂ ਮਾਨਯੋਗ ਮੈਂਬਰ ਦੀ ਕਥਨੀ ਨੂੰ ਠੀਕ ਕਰਨਾ ਚਾਹੁੰਦਾ ਹਾਂ। ਮੈਨੂੰ ਨਹੀਂ ਪਤਾ ਕਿ ਮਾਨਯੋਗ ਮੈਂਬਰ ਕਿਸ ਅਧਿਕਾਰ ਵਜੋਂ ਇਸ ਨੂੰ ਸੰਕਟਕਾਲੀ ਕਦਮ ਆਖ ਰਹੇ ਹਨ ਜਦੋਂ ਕਿ ਮਾਨਯੋਗ ਮਤਾ ਪੇਸ਼ਕਾਰ ਨੇ ਅਜਿਹਾ ਮੰਨਿਆ ਨਹੀਂ।

ਡਾ. ਬੀ. ਆਰ. ਅੰਬੇਡਕਰ: ਮੈਂ ਕੇਵਲ ਤਰਮੀਮ ਬਾਰੇ ਉੱਤਰ ਦੇ ਰਿਹਾ ਹਾਂ। ਮੇਰੀ ਤਰਮੀਮ ਸੰਕਟਕਾਲੀ ਤਰਮੀਮ ਹੈ ਅਤੇ ਜਿਹਾ ਕਿ ਮੈਂ ਆਪਣੇ ਭਾਸ਼ਣ ਵਿੱਚ ਮੰਨਿਆ ਹੈ, ਇਸ ਵਿੱਚ ਵਿਅਕਤੀ ਦੀ ਆਜ਼ਾਦੀ ਤੇ ਪਾਬੰਦੀ ਨਹੀਂ ਆਉਂਦੀ। ਮੈਂ ਬੜੇ ਸਤਿਕਾਰ ਸਹਿਤ ਇਸ ਸਬੰਧ ਵਿੱਚ ਆਪ ਜੀ ਦਾ ਧਿਆਨ ਯੁੱਧ ਦੇ ਦੌਰਾਨ ਇੰਗਲੈਂਡ ਵਿੱਚ ਪਾਸ ਹੋਏ ਹਕੂਮਤ ਦੇ ਰੱਖਿਆ ਐਕਟ (ਡੀਫ਼ੈਂਸ ਆਫ਼ ਦੀ ਰੈਲਮ ਐਕਟ) ਅਤੇ ਭਾਰਤ ਵਿੱਚ ਪਾਸ ਹੋਏ ਹਿੰਦੁਸਤਾਨ ਰੱਖਿਆ ਐਕਟ (ਡੀਫ਼ੈਂਸ ਆਫ਼ ਇਡੀਆ ਐਕਟ) ਵੱਲ ਦਿਵਾਉਣਾ ਚਾਹਵਾਂਗਾ। ਡੀਫ਼ੈਂਸ ਆਫ਼ ਰੈਲਮ ਐਕਟ, ਇੰਗਲੈਂਡ ਵਿੱਚ, 1914 ਵਿੱਚ ਪਾਸ ਹੋਇਆ

ਅਤੇ 1919 ਤਕ ਇਸ ਨੂੰ ਮਨਸੂਖ਼ ਨਹੀਂ ਕੀਤਾ ਗਿਆ, ਅਤੇ ਪੁਲਿਸ ਅਫ਼ਸਰਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ (ਮੈਂ ਉਸ ਸਮੇਂ ਇੰਗਲੈਂਡ ਵਿੱਚ ਵਿਦਿਆਰਥੀ ਸਾਂ) ਯਕੀਨਨ ਉਨ੍ਹਾਂ ਸ਼ਕਤੀਆਂ ਤੋਂ ਵਿਸਤਰਿਤ ਸਨ ਜੋ ਇਸ ਤਰਮੀਮ ਦੁਆਰਾ ਦਿੱਤੀਆਂ ਜਾ ਰਹੀਆਂ ਹਨ। ਇਸ ਲਈ ਸੰਕਟਕਾਲੀਨਤਾ ਦਾ ਖ਼ਿਆਲ ਰੱਖਦਿਆਂ ਪੁਲਿਸ ਕਮਿਸ਼ਨਰ ਨੂੰ ਦਿੱਤੀਆਂ ਜਾਣ ਵਾਲੀਆਂ ਸ਼ਕਤੀਆਂ ਬੇਜਾ ਤੌਰ ਤੇ ਵਿਸ਼ਾਲ ਨਹੀਂ ਆਖੀਆਂ ਜਾ ਸਕਦੀਆਂ। ਹੁਣ ਹੋਰ ਮਾਮਲਿਆਂ ਸਬੰਧੀ, ਭਾਵੇਂ, ਇਹ ਇਕ ਸਥਾਈ ਕਦਮ ਹੈ, ਮੈਂ ਸਦਨ ਦਾ ਧਿਆਨ ਭਾਰਤ ਸਰਕਾਰ ਐਕਟ ਦੀ ਧਾਰਾ 102 ਵਿਚਲੇ ਉਪਬੰਧਾਂ ਵੱਲ ਦਿਵਾਉਣਾ ਚਾਹਵਾਂਗਾ। ਇਹ ਇਸ ਮੌਕੇ ਲਈ ਬੜੇ ਪ੍ਰਸੰਗਕ ਅਤੇ ਢੁਕਵੇਂ ਹਨ। ਸ੍ਰੀਮਾਨ ਜੀ, ਭਾਰਤ ਸਰਕਾਰ ਐਕਟ ਦੀ ਧਾਰਾ 102 ਬਿਲੱਕੁਲ ਉਹੋ ਹੈ ਜੋ ਇਹ ਤਰਮੀਮ ਤਜਵੀਜ਼ ਕਰਨਾ ਚਾਹੁੰਦੀ ਹੈ। ਉੱਥੇ ਵੀ ਗਵਰਨਰ-ਜਨਰਲ ਨੂੰ ਮਰਜ਼ੀ ਅਨੁਸਾਰ ਸੰਕਟਕਾਲੀਨਤਾ ਦਾ ਐਲਾਨ ਕਰਨ ਦੀ ਸ਼ਕਤੀ ਦਿੱਤੀ ਗਈ ਹੈ ਅਤੇ ਐਲਾਨ ਦੀ ਉਸ ਮਿਆਦ ਦੇ ਦੌਰਾਨ ਗਵਰਨਰ ਜਨਰਲ ਨੂੰ ਅਧਿਆਦੇਸ਼ਾਂ ਦੁਆਰਾ ਕੋਈ ਵੀ ਅਜਿਹਾ ਕਾਨੂੰਨ ਪਾਸ ਕਰਨ ਦਾ ਇਖ਼ਤਿਆਰ ਹੈ ਜੋ ਅਮਨ ਅਤੇ ਵਿਵਸਥਾ ਕਾਇਮ ਰੱਖਣ ਲਈ ਉਹ ਜ਼ਰੂਰੀ ਸਮਝੇ----
---- ।

ਸਰ ਅਲੀ ਮੁਹੰਮਦ ਦਿਹਲਵੀ : ਜੋ ਦੇਸ ਨੂੰ ਪ੍ਰਵਾਨ ਨਹੀਂ।

ਡਾ. ਬੀ. ਆਰ. ਅੰਬੇਡਕਰ : ਕੁੱਝ ਵੀ ਹੋਵੇ, ਇਹ ਭਾਰਤ ਸਰਕਾਰ ਐਕਟ ਵਿੱਚ ਮੌਜੂਦ ਤਾਂ ਹੈ ਹੀ। ਇਸੇ ਤਰ੍ਹਾਂ ਇਸੇ ਧਾਰਾ ਵਿੱਚ ਇਹ ਉਪਬੰਧ ਵੀ ਹੈ ਕਿ ਸੰਕਟਕਾਲ 6 ਮਹੀਨੇ ਤੱਕ ਰਹੇਗਾ। ਮੈਂ ਸਬੰਧਤ ਉਪਬੰਧ ਪੜ੍ਹਦਾ ਹਾਂ:

"ਇਹ ਐਲਾਨ ਕਰੇ ਕਿ ਘੋਰ ਸੰਕਟ ਮੌਜੂਦ ਹੈ ਜਿਸ ਕਾਰਨ ਯੁੱਧ ਜਾਂ ਅੰਦਰੂਨੀ ਗੜ-ਬੜ ਦੁਆਰਾ ਭਾਰਤ ਦੀ ਸੁਰੱਖਿਆ ਖ਼ਤਰੇ ਵਿੱਚ ਹੈ, ਤਾਂ ਇਸ ਅਧਿਆਏ ਤੋਂ ਪਹਿਲੀਆਂ ਧਾਰਾਵਾਂ ਵਿਚਲੀ ਕਿਸੇ ਗੱਲ ਦੇ ਬਾਵਜੂਦ, ਕਿਸੇ ਸੂਬੇ ਜਾਂ ਉਸ ਦੇ ਕਿਸੇ ਹਿੱਸੇ ਲਈ ਸੂਬਾਈ ਵਿਧਾਨ ਮੰਡਲੀ ਸੂਚੀ ਵਿੱਚ ਦਰਜ ਮਾਮਲਿਆਂ ਸਬੰਧੀ ਕਾਨੂੰਨ ਬਣਾਉਣ ਦੇ ਸਮੱਰਥ ਹੋਵੇਗਾ।"

ਉਪ-ਖੰਡ (4) ਆਖਦਾ ਹੈ :

"ਸੰਘੀ ਵਿਧਾਨ ਮੰਡਲ ਦੁਆਰਾ ਬਣਾਇਆ ਕੋਈ ਕਾਨੂੰਨ, ਜੋ ਉਸ ਨੇ ਸੰਕਟਕਾਲੀਨਤਾ ਦਾ ਐਲਾਨ ਜਾਰੀ ਹੋਣ ਤੋਂ ਬਗ਼ੈਰ ਨਹੀਂ ਸੀ ਬਣਾਉਣਾ, ਐਲਾਨ ਦੇ ਲਾਗੂ ਰਹਿਣੋਂ ਹੱਟ ਜਾਣ ਤੋਂ 6 ਮਹੀਨਿਆਂ ਦੀ ਮਿਆਦ ਪੁੱਗਣ ਤੋਂ ਮਗਰੋਂ ਬੇ-ਅਸਰ ਹੋ ਜਾਵੇਗਾ, ਸਿਵਾਏ ਉਨ੍ਹਾਂ ਗੱਲਾਂ ਦੇ ਜੋ ਉਹ ਸਮਾਂ ਪੁੱਗਣ ਤੋਂ ਪਹਿਲਾਂ ਕੀਤੀਆਂ ਗਈਆਂ ਹਨ ਜਾਂ ਕਰਨੋਂ ਉੱਕ ਗਈਆਂ ਹਨ।"

ਇਸ ਲਈ, ਸਦਨ ਅੱਗੇ ਮੇਰੀ ਗੁਜ਼ਾਰਸ਼ ਹੈ ਕਿ ਡੀਫ਼ੈਂਸ ਆਫ਼ ਰੈਲਮ ਐਕਟ ਅਤੇ

ਧਾਰਾ 102 ਚਲੇ ਉਪਬੰਧਾ ਨੂੰ ਵੇਖਦਿਆਂ ਅਸੀਂ ਕੋਈ ਅਸਾਧਾਰਨ ਗੱਲ ਨਹੀਂ ਕਰ ਰਹੇ।

ਮੇਰੇ ਮਾਨਯੋਗ ਮਿੱਤਰ ਜਮਨਾ ਦਾਸ ਮਹਿਤਾ ਨੇ ਟਿੱਪਣੀ ਕੀਤੀ ਸੀ ਕਿ ਭਾਵੇਂ ਮੇਰੀ ਇੱਛਾ ਇਹ ਸੰਕਟਕਾਲੀ ਸ਼ਕਤੀਆਂ ਫ਼ਿਰਕੂ ਝਗੜਿਆਂ ਅਤੇ ਫ਼ਿਰਕੂ ਦੰਗਿਆ ਤਕ ਮਹਿਦੂਦ ਕਰਨ ਦੀ ਹੈ, ਤਾਂ ਵੀ ਤਰਮੀਮ ਵਿੱਚ ਵਰਤੀ ਗਈ ਭਾਸ਼ਾ ਅਜਿਹੀ ਨਹੀਂ ਜੋ ਆਖ਼ਰ ਤਰਮੀਮ ਦੇ ਲਾਗੂ ਹੋਣ ਨੂੰ ਫ਼ਿਰਕੂ ਫ਼ਸਾਦਾਂ ਤਕ ਹੀ ਸੀਮਿਤ ਰੱਖੇਗੀ। ਉਸ ਦੀ ਦਲੀਲ ਇਹ ਸੀ ਕਿ ਸ਼ਬਦ ਫ਼ਿਰਕਾ ਦਾ ਭਾਵ ਲਾਜ਼ਮੀ ਤੌਰ ਤੇ ਕੇਵਲ ਧਾਰਮਿਕ ਫ਼ਿਰਕਾ ਨਹੀਂ ਅਤੇ ਇਹ ਵਪਾਰਕ ਜਾਤੀ, ਉਦਯੋਗਿਕ ਜਾਤੀ ਅਤੇ ਮਜ਼ਦੂਰ ਜਾਤੀ ਵਾਸਤੇ ਵੀ ਵਰਤਿਆ ਜਾਂਦਾ ਹੈ। ਇਸ ਲਈ ਸਰਕਾਰ ਆਪਣੀਆਂ ਸ਼ਕਤੀਆਂ ਨੂੰ ਮਜ਼ਦੂਰਾਂ ਦੇ ਝਗੜਿਆਂ ਲਈ ਵੀ ਇਸ ਵਿਧਾਨ ਦੀ ਵਰਤੋਂ ਕਰ ਸਕਦੀ ਹੈ।

ਇਸ ਨੁਕਤੇ ਸਬੰਧੀ ਮੇਰੀ ਪਹਿਲੀ ਗੁਜ਼ਾਰਸ਼ ਇਹ ਹੈ ਕਿ ਐਲਾਨ ਦਾ ਇਹ ਭਾਗ ਅਰਥ ਵਿਆਖਿਆ ਦਾ ਵਿਸ਼ਾ ਨਹੀਂ ਬਣਨ ਲੱਗਾ, ਕਿਉਂਕਿ, ਇਹ ਅਜਿਹਾ ਮਾਮਲਾ ਹੈ ਜਿਸ ਦਾ ਫ਼ੈਸਲਾ ਸਰਕਾਰ ਨੇ ਆਪਣੀ ਸੂਝ-ਬੂਝ ਅਨੁਸਾਰ ਕਰਨਾ ਹੈ। ਇਸ ਨੇ ਕਿਸੇ ਅਦਾਲਤ ਵਿੱਚ ਨਹੀਂ ਜਾਣਾ ਅਤੇ ਸੰਕਟਕਾਲ ਦਾ ਐਲਾਨ ਕਿਸੇ ਕਾਨੂੰਨੀ ਅਦਾਲਤ ਵਿੱਚ ਇਸ ਫ਼ੈਸਲੇ ਲਈ ਨਹੀਂ ਪੇਸ਼ ਹੋਣਾ ਕਿ ਇਹ ਉਚਿਤ ਹੈ ਜਾਂ ਨਹੀਂ। ਅਦਾਲਤ ਦਾ ਵਾਸਤਾ ਕੇਵਲ ਇਹ ਵੇਖਣ ਤਕ ਹੋਵੇਗਾ ਕਿ ਐਲਾਨ ਜਾਰੀ ਕੀਤਾ ਗਿਆ ਹੈ ਜਾਂ ਨਹੀਂ। ਇਹ ਵੇਖਣਾ ਸਰਕਾਰ ਦਾ ਕੰਮ ਹੈ ਕਿ ਐਲਾਨ ਠੀਕ ਤਰ੍ਹਾਂ ਜ਼ਾਰੀ ਕੀਤਾ ਗਿਆ ਹੈ। ਜੇ ਸਰਕਾਰ ਆਪਣੀ ਸ਼ਕਤੀ ਕਾਲ ਅਜਿਹੇ ਮਨੋਰਥਾਂ ਲਈ ਐਲਾਨ ਜਾਰੀ ਕਰਦੀ ਹੈ ਜੋ ਸਰਕਾਰ ਦਾ-ਮੇਰਾ, ਜਾਂ ਵਿਰੋਧੀ ਧਿਰ ਦੇ ਮੈਂਬਰ ਦਾ ਮਨਸ਼ਾ ਨਹੀਂ ਸੀ ਤਾਂ ਸਰਕਾਰ ਇਸ ਸਦਨ ਅੱਗੇ ਜਵਾਬ-ਦੇਹ ਹੋਵੇਗੀ।

ਮੇਰੀ ਦੂਜੀ ਗੁਜ਼ਾਰਸ਼ ਇਹ ਹੈ : ਮੈਂ ਮੰਨਦਾ ਹਾਂ ਕਿ ਸ਼ਬਦ "ਜਾਤੀ" ਆਮ ਲੋਕਾਂ ਵੱਲੋਂ ਬਹੁਤ ਵਿਸ਼ਾਲ ਅਰਥਾਂ ਵਿੱਚ ਵਰਤਿਆ ਜਾਂਦਾ ਹੈ, ਪਰ ਇੱਥੇ ਆਉਣ ਤੋਂ ਪਹਿਲਾਂ ਮੈਂ ਆਪਣੀ ਤੱਸਲੀ ਲਈ ਆਕਸਫੋਰਡ ਡਿਕਸ਼ਨਰੀ ਵੇਖੀ ਸੀ ਕਿਉਂਕਿ ਮੈਨੂੰ ਸ੍ਰੀ ਜਮਨਾਦਾਸ ਮਹਿਤਾ ਤੋਂ ਇਸ ਗੱਲ ਦੀ ਵਧੇਰੇ ਚਿੰਤਾ ਹੈ ਕਿ ਇਸ ਉਪਾਅ ਦਾ ਮਜ਼ਦੂਰਾਂ ਦੇ ਝਗੜਿਆਂ ਤਕ ਪਸਾਰ ਨਹੀਂ ਹੋਣਾ ਚਾਹੀਦਾ।

ਸ੍ਰੀ ਜਮਨਾਦਾਸ ਮਹਿਤਾ : ਇਤਨਾ ਹੀ ਚਿੰਤਾਤੁਰ, ਵਧੇਰੇ ਨਹੀਂ।

ਡਾ. ਬੀ. ਆਰ. ਅੰਬੇਡਕਰ : ਜੇ ਤੁਸੀਂ ਮੈਨੂੰ ਆਗਿਆ ਦਿਓ ਤਾਂ ਮੈਂ ਆਖਾਂਗਾ ਕਿ ਮੈਂ ਵਧੇਰੇ ਚਿੰਤਾਤੁਰ ਹਾਂ। ਇਸ ਲਈ ਮੈਂ ਆਖਦਾ ਹਾਂ ਕਿ ਜੇ ਤੁਸੀਂ ਚੰਗੇਰੀ ਭਾਸ਼ਾ ਸੁਝਾ ਸਕਦੇ ਹੋ ਤਾਂ ਮੈਂ ਕੋਈ ਵੀ ਅਜੇਹੀ ਤਬਦੀਲੀ ਸਵੀਕਾਰ ਕਰਨ ਲਈ ਤਿਆਰ ਹਾਂ ਜੋ ਤੁਸੀਂ ਪ੍ਰਸਤਾਵਿਤ ਕਰੋ। ਪਰ, ਜਿੱਥੋਂ ਤੀਕ ਮੈਂ ਇਸ ਸ਼ਬਦ ਨੂੰ ਸਮਝ ਸਕਿਆ ਹਾਂ ਅਤੇ ਜਿੱਥੋਂ ਤਕ ਕਿਸੇ ਪ੍ਰਮਾਣਿਕ ਕੋਸ਼ ਤੋਂ ਸਹਾਇਤਾ ਲਈ ਜਾ ਸਕਦੀ ਹੈ, ਮੇਰੇ ਮੰਨ ਵਿੱਚ ਕੋਈ ਸੰਦੇਹ ਨਹੀਂ

ਕਿ ਸ਼ਬਦ 'ਜਾਤੀ' ਦਾ ਬੁਨਿਆਦੀ ਤੌਰ ਤੇ ਮਤਲਬ-(ਵਿਸਤਰਿਤ ਅਰਥ ਨੂੰ ਛੱਡ ਕੇ ਜੋ ਕਿ ਹਰ ਸ਼ਬਦ ਦੀ ਹੋਣੀ ਹੈ)-ਮੇਰੇ ਮਨ ਵਿੱਚ ਰੱਤੀ ਭਰ ਸ਼ਕ ਨਹੀਂ ਕਿ ਸ਼ਬਦ 'ਜਾਤੀ' ਨਿਰੁਕਤੀ ਦੀ ਦ੍ਰਿਸ਼ਟੀ ਤੋਂ, ਅਤੇ ਬੁਨਿਆਦੀ ਤੌਰ ਤੇ, ਕੇਵਲ ਧਾਰਮਿਕ ਜਾਤੀ ਲਈ ਹੀ ਵਰਤਿਆ ਜਾਂਦਾ ਹੈ। ਜਾਪਦਾ ਹੈ ਇਸ ਸ਼ਬਦ ਦੀ ਵਿਉਂਤਪਤੀ ਉਨ੍ਹਾਂ ਤੋਂ ਹੈ ਜੋ ਇਕ ਦੂਜੇ ਨਾਲ ਧਾਰਮਿਕ ਸਾਂਝ ਰੱਖਦੇ ਹਨ। ਸੰਪ੍ਰਦਾਇ ਇਕ ਧਾਰਮਿਕ ਸ਼ਬਦ ਹੈ। ਕੋਈ ਵਿਅਕਤੀ ਸੰਪ੍ਰਦਾਇ ਦਾ ਹੋਣੋ ਹੱਟ ਜਾਂਦਾ ਹੈ, ਜਦੋਂ ਕੋਈ ਧਾਰਮਿਕ ਅਧਿਕਾਰੀ ਉਸ ਨੂੰ ਧਰਮ ਤੋਂ ਛੇਕ ਦਿੰਦਾ ਹੈ। ਉਦੋਂ ਉਹ ਸੰਪ੍ਰਦਾਇ ਵਿੱਚ ਨਹੀਂ ਰਹਿੰਦਾ। ਸ਼ਬਦ ਦਾ ਮੂਲ ਇਹ ਹੈ। ਮੈਨੂੰ ਪੂਰੀ ਤਸੱਲੀ ਹੈ ਕਿ ਇਹ ਅਜਿਹਾ ਸ਼ਬਦ ਨਹੀਂ ਜਿਸ ਨੂੰ ਮਜ਼ਦੂਰ-ਹੜਤਾਲ ਜਾਂ ਕਿਸੇ ਹੋਰ ਸਥਿੱਤੀ ਲਈ ਵਰਤਿਆ ਜਾ ਸਕੇ। ਜਿਹਾ ਮੈਂ ਆਖ ਰਿਹਾ ਹਾਂ, ਜੇ ਮੇਰਾ ਵਿਦਵਾਨ ਅਤੇ ਮਾਨਯੋਗ ਮਿੱਤਰ ਸਮਝਦਾ ਹੈ ਕਿ ਇਹ ਕਾਫ਼ੀ ਨਹੀਂ ਅਤੇ ਕੋਈ ਹੋਰ ਸ਼ਬਦ ਜ਼ਰੂਰੀ ਹੈ ਤਾਂ ਇਸ ਮਾਮਲੇ ਵਿੱਚ ਮੈਂ ਉਸ ਦੀ ਪੂਰੀ ਪੂਰੀ ਸਹਾਇਤਾ ਕਰਨ ਲਈ ਤਿਆਰ ਹਾਂ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣਾ ਸਥਾਨ ਗ੍ਰਹਿਣ ਕਰਦਾ ਹਾਂ।

ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਮੈਨੂੰ ਲੱਗਦਾ ਹੈ ਕਿ ਮੇਰੀ ਤਰਮੀਮ ਜਿਸ ਰੂਪ ਵਿੱਚ ਪੇਸ਼ ਕੀਤੀ ਗਈ, ਉਸ ਵਿੱਚ ਠੋਸ ਅੰਸ਼ ਨਹੀਂ ਜੋ ਮੇਰਾ ਮਨਸ਼ਾ ਸੀ, ਕਿਉਂਕਿ ਮੈਂ ਉਸ ਮਸੌਦੇ ਅਨੁਸਾਰ ਚਲ ਰਿਹਾ ਸੀ ਜੋ ਸਾਨੂੰ ਕਾਨਫ਼ਰੰਸ ਵੇਲੇ ਦਿੱਤਾ ਗਿਆ ਸੀ। ਜੇ ਮੈਨੂੰ ਆਪਣੀ ਤਰਮੀਮ ਨਾਲ ਸੰਪੂਰਕ ਲਾਉਣ ਦੀ ਆਗਿਆ ਦਿੱਤੀ ਜਾਵੇ ਤਾਂ ਇਹ ਮੁਕੰਮਲ ਹੋ ਜਾਵੇਗੀ। ਤਰਮੀਮ ਇਸ ਪ੍ਰਕਾਰ ਹੈ :

ਉਪ-ਖੰਡ(1) ਦੇ ਖੰਡ(2) ਵਿੱਚ ਉਪ-ਖੰਡ (ੳ) ਦੀ ਥਾਂ ਨਿਮਨਲਿਖਿਤ ਰੱਖਿਆ ਜਾਵੇ। ਇਹ ਉਪ-ਖੰਡ (ੳ) "ਮੌਜੂਦਗੀ" ਆਦਿ ਨਾਲ ਸ਼ੁਰੂ ਹੁੰਦਾ ਹੈ :

"(ੳ) ਬੰਬਈ ਸ਼ਹਿਰ ਦੀ ਹੱਦ ਅੰਦਰ ਕੋਈ ਵਿਅੱਕਤੀ ਆਦਤ ਵਜੋਂ ਗ਼ੈਰ-ਕਾਨੂੰਨੀ ਸਰਗਰਮੀਆਂ ਵਿੱਚ ਰੁਝਿਆ ਹੋਇਆ ਹੈ ਅਤੇ ਜੋ ਨਗਰ ਵਾਸੀਆਂ ਲਈ ਖ਼ਤਰਾ ਹਨ ਅਤੇ ਜੋ ਇਤਨਾ ਅਤਤਾਈ ਅਤੇ ਖ਼ਤਰਨਾਕ ਹੈ ਕਿ ਉਸ ਦਾ ਸ਼ਹਿਰ ਵਿੱਚ ਖੁਲ੍ਹਾ ਫਿਰਨਾ ਸੰਕਟਪੂਰਨ ਹੈ ਅਤੇ ਉਹ ਆਦਤ ਵਜੋਂ ਬੱਲ ਅਤੇ ਹਿੰਸਾ ਦੀ ਵਰਤੋਂ ਵਾਲੇ ਅਪਰਾਧ ਕਰਦਾ ਰਹਿੰਦਾ ਹੈ ਜੋ ਭਾਰਤੀ ਦੰਡਾਵਲੀ ਦੇ ਅਧਿਆਵਾਂ XII, XVII ਜਾਂ XVII ਅਨੁਸਾਰ ਦੰਡਯੋਗ ਹਨ ਅਤੇ ਜਦੋਂ ਪੁਲਿਸ ਕਮਿਸ਼ਨਰ ਦੀ ਰਾਏ ਵਿੱਚ ਉਸ ਦੇ ਵਿਰੁੱਧ ਕੋਈ ਵੀ ਆਮ ਜਨਤਾ ਸਾਹਮਣੇ ਆ ਕੇ ਗਵਾਹੀ ਦੇਣ ਲਈ ਤਿਆਰ ਨਹੀ, ਜਾਂ----------"

+ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਆਪਣੀ ਪੇਸ਼ ਕੀਤੀ ਤਰਮੀਮ ਦੇ ਪੱਖ ਵਿੱਚ ਮੈਂ ਜੋ ਆਖਣਾ ਚਾਹੁੰਦਾ ਹਾਂ ਉਹ ਆਖਣ ਤੋਂ ਪਹਿਲਾਂ ਸ਼ਾਇਦ ਮੇਰੇ ਲਈ ਦੋ ਬੁਨਿਆਦੀ ਪ੍ਰੇਖਣਾਂ ਦਾ ਜ਼ਿਕਰ ਜ਼ਰੂਰੀ ਹੈ। ਪਹਿਲਾ ਪ੍ਰੇਖਣ ਜਿਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ,

---

+ ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 3, ਪੰਨਾ 2497, ਮਿਤੀ 27 ਅਪ੍ਰੈਲ, 1938।

ਉਹ ਇਹ ਹੈ: ਮੇਰੇ ਮਾਨਯੋਗ ਮਿੱਤਰ, ਗ੍ਰਿਹ ਮੰਤਰੀ ਨੇ ਐਕਟ ਦੀ ਧਾਰਾ 27 ਵਿੱਚ ਸੋਧ ਕਰਨ ਬਾਰੇ ਜੋ ਬਿੱਲ ਪੇਸ਼ ਕੀਤਾ ਹੈ, ਉਸ ਦੀ ਹਿਮਾਇਤ ਕਰਨ ਦਾ ਕਾਰਨ ਇਹ ਹੈ ਕਿ ਕਲ ਦੀ ਬਹਿਸ ਦੇ ਦੌਰਾਨ ਇਸ ਸਬੰਧ ਵਿੱਚ ਬਹੁਤ ਕੁੱਝ ਆਖਿਆ ਗਿਆ ਹੈ, ਕਿ ਤਰਮੀਮ, ਕਮਿਸ਼ਨਰ ਨੂੰ ਉਸ ਤੋਂ ਵੱਧ ਸ਼ਕਤੀਆਂ ਪ੍ਰਦਾਨ ਕਰਦੀ ਹੈ ਜੋ ਮੂਲ ਧਾਰਾ 27 ਦਿੰਦੀ ਸੀ। ਹੁਣ ਬਿੱਲ ਉੱਪਰ ਸਮੁੱਚੇ ਤੌਰ ਤੇ ਵਿਚਾਰ ਕਰਨ ਮਗਰੋਂ ਮੇਰੇ ਮੰਨ ਵਿੱਚ ਰਤਾ ਵੀ ਸ਼ਕ ਨਹੀਂ ਰਿਹਾ ਕਿ ਸੋਧੀ ਹੋਈ ਧਾਰਾ 27 ਉਸ ਧਾਰਾ 27 ਤੋਂ ਬਹੁਤ ਨਰਮ ਸੁਭਾ ਦੀ ਹੋਵੇਗੀ, ਜਿਸ ਰੂਪ ਵਿੱਚ ਇਹ ਅੱਜ ਹੈ।

ਇਸ ਲਈ ਮੈਂ ਆਦੇਸ਼ਾਂ ਦੀ ਮੁਅੱਤਲੀ ਅਤੇ ਬਿੱਲ ਦੇ ਪਾਸ ਹੋਣ ਵਿੱਚ ਮਾਨਯੋਗ ਗ੍ਰਿਹ ਮੰਤਰੀ ਦੀ ਸਹਾਇਤਾ ਲਈ ਸਹਿਮਤ ਹੋਇਆ ਸਾਂ।

ਦੂਜਾ ਪ੍ਰੇਖਣ ਜਿਸ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ, ਉਹ ਇਹ ਹੈ: ਦਲਾਂ ਦੀ ਕਾਨਫ਼ਰੰਸ ਵਿੱਚ, ਜਿੱਥੇ ਇਸ ਤਰਮੀਮ ਬਾਰੇ ਬਹਿਸ ਹੋਈ ਸੀ, ਮੈਂ ਜ਼ਰੂਰ ਆਖਿਆ ਸੀ ਕਿ ਮੈਂ ਇਸ ਕਦਮ ਦੀ ਪ੍ਰੋੜ੍ਹਤਾ ਕਰਾਂਗਾ ਅਤੇ ਜਦੋਂ, ਭਿੰਨ-ਭਿੰਨ ਪ੍ਰਸਤਾਵਾਂ ਬਾਰੇ ਅਸਾਂ ਚਰਚਾ ਕੀਤੀ ਤਾਂ ਇਸ ਤੇ ਸਹਿਮਤੀ ਹੋਈ ਸੀ। ਮੇਰਾ ਮਾਨਯੋਗ ਮਿੱਤਰ ਇਹ ਆਖ ਸਕਦਾ ਹੈ। ਕਾਨਫ਼ਰੰਸ ਦੇ ਮੌਕੇ ਤੇ ਇਸ ਵਿਚਾਰ ਦਾ ਹੋਣ ਕਾਰਨ ਹੁਣ ਤਰਮੀਮ ਪੇਸ਼ ਕਰਨ ਦਾ ਮੇਰੇ ਲਈ ਰਾਹ ਖੁੱਲ੍ਹਾ ਨਹੀਂ ਸੀ। ਇਹੋ ਗੱਲ ਹੈ ਜਿਸ ਦੀ ਹੁਣ ਮੈਂ ਵਿਆਖਿਆ ਕਰਨਾ ਚਾਹੁੰਦਾ ਹਾਂ। ਸ੍ਰੀਮਾਨ ਜੀ, ਜਦੋਂ ਮੈਂ ਮਾਨਯੋਗ ਗ੍ਰਿਹ ਮੰਤਰੀ ਦੀ ਹਮਾਇਤ ਕਰਨ ਲਈ ਮੰਨਿਆ ਸੀ, ਉਦੋਂ ਤਰਮੀਮ, ਬਿੱਲ ਦੇ ਆਧਾਰੀ ਸਿਧਾਂਤ ਤਕ ਮਹਿਦੂਦ ਸੀ ਅਤੇ ਜੇ ਮੈਂ ਠੀਕ ਠੀਕ ਸਮਝਦਾ ਹਾਂ ਤਾਂ ਬਿੱਲ ਦਾ ਆਧਾਰੀ ਸਿਧਾਂਤ ਇਹ ਹੈ :

ਬੰਬਈ ਸ਼ਹਿਰ ਵਿੱਚ ਕੁੱਝ ਲੋਕ ਅਜਿਹੇ ਹਨ ਜੋ ਜੁਰਮ ਕਰ ਰਹੇ ਹਨ ਅਤੇ ਉਨ੍ਹਾਂ ਦਾ ਆਚਰਨ ਅਜਿਹਾ ਹੈ ਕਿ ਜੁਰਮਾਂ ਦਾ ਸ਼ਿਕਾਰ ਲੋਕ ਡਰ ਦੇ ਕਾਰਣ ਆਪ ਉਨ੍ਹਾਂ ਦੇ ਵਿਰੁੱਧ ਕਾਨੂੰਨੀ ਅਦਾਲਤ ਵਿੱਚ ਅੱਗੇ ਨਹੀਂ ਆਉਂਦੇ। ਇਸ ਲਈ ਬਾਕਾਇਦਾ ਮੁੱਕਦਮੇ ਦੀ ਸੁਣਵਾਈ ਨਹੀਂ ਹੋ ਸਕਦੀ। ਮੈਂ ਆਪਣੇ ਵਿਚਾਰ ਤੇ ਕਾਇਮ ਹਾਂ। ਮੈਂ ਉਸ ਅਸੂਲ ਤੋਂ ਲਾਂਭੇ ਨਹੀਂ ਜਾ ਰਿਹਾ। ਮੈਂ ਜੋ ਕੁੱਝ ਕਰਨਾ ਚਾਹ ਰਿਹਾ ਹਾਂ ਉਹ ਕੇਵਲ ਵਿਅੱਕਤੀਆਂ ਦ ਉਸ ਵਰਗ ਨੂੰ ਸੀਮਿਤ ਕਰਾਂ ਜਿਨ੍ਹਾਂ ਉੱਤੇ ਬਾਕਾਇਦਾ ਮੁੱਕਦਮਾ ਚਲਾਏ ਬਿਨਾਂ ਪੁਲਿਸ ਕਮਿਸ਼ਨਰ ਕਾਰਵਾਈ ਕਰ ਸਕੇ ਕਿਉਂਕਿ ਮੁਖ਼ਬਰ ਕਾਨੂੰਨੀ ਅਦਾਲਤ ਵਿੱਚ ਆਉਣ ਲਈ ਤਿਆਰ ਨਹੀਂ। ਇਸ ਲਈ ਮੇਰੀ ਦ੍ਰਿਸ਼ਟੀ ਵਿੱਚ ਮੇਰੀ ਤਰਮੀਮ ਵੇਰਵੇ ਦੀ ਸੋਧਕਾਰੀ ਤਰਮੀਮ ਹੈ, ਸਿਧਾਂਤਕ ਤਰਮੀਮ ਨਹੀਂ।

+ ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 3, ਪੰਨੇ 2499-2501, ਮਿਤੀ 27 ਅਪਰੈਲ, 1938।

ਸ੍ਰੀਮਾਨ ਜੀ, ਹੁਣ ਤਰਮੀਮ ਵੱਲ ਮੁੜਦਿਆਂ ਮੈਂ ਸਦਨ ਦਾ ਧਿਆਨ ਜਿਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ, ਉਹ ਇਹ ਹੈ। ਇਸ ਸਮੇਂ ਸ਼ਬਦਾਵਲੀ ਇਸ ਪ੍ਰਕਾਰ ਹੈ :

"ਕਿ ਬੰਬਈ ਸ਼ਹਿਰ ਵਿੱਚ ਕਿਸੇ ਵਿਅਕਤੀ ਦੀ ਮੌਜੂਦਗੀ, ਉਸ ਦੀਆਂ ਹਰਕਤਾਂ ਜਾਂ ਸਰਗਰਮੀਆਂ, ਖ਼ਤਰਾ ਜਾਂ ਡਰ ਪੈਦਾ ਕਰ ਰਹੀਆਂ ਹਨ ਜਾਂ ਇਸ ਗੱਲ ਦਾ ਉਚਿਤ ਸ਼ੱਕ ਹੋਵੇ ਕਿ ਉਹ ਵਿਅੱਕਤੀ ਗ਼ੈਰ ਕਾਨੂੰਨੀ ਜੁਗਤਾਂ ਸੋਚ ਰਿਹਾ ਹੈ"

ਧਿਆਨ ਦੇਣ ਤੇ ਪਤਾ ਚਲੇਗਾ ਕਿ ਭਾਸ਼ਾ ਬਹੁਤ ਹੀ ਨਰਮ ਹੈ। ਦੂਜੇ, ਮੈਨੂੰ ਜਾਪਦਾ ਹੈ ਕਿ ਜੋ ਵਿਅਕਤੀ ਇਕ ਵੀ ਅਜਿਹਾ ਗ਼ੈਰ ਕਾਨੂੰਨੀ ਕੰਮ ਕਰਦਾ ਹੈ ਜਿਸ ਦੇ ਸਿੱਟੇ ਵਜੋਂ ਖ਼ਤਰਾ, ਡਰ ਜਾਂ ਉਚਿੱਤ ਸ਼ੱਕ ਪੈਦਾ ਹੋਵੇ ਤਾਂ ਜਿਹੜੀਆਂ ਸ਼ਕਤੀਆਂ ਅਸੀਂ ਪ੍ਰਦਾਨ ਕਰ ਰਹੇ ਹਨ, ਉਨ੍ਹਾਂ ਅਧੀਨ ਪੁਲਿਸ ਕਮਿਸ਼ਨਰ ਉਸ ਨੂੰ ਫੜ ਕੇ ਬਾਹਰ ਕੱਢ ਸਕਦਾ ਹੈ।

ਮੈਂ ਯਕੀਨ ਨਾਲ ਆਖ ਸਕਦਾ ਹਾਂ ਕਿ ਮਾਨਯੋਗ ਗ੍ਰਿਹ ਮੰਤਰੀ ਜੀ ਦਾ ਮਨਸ਼ਾ ਇਹ ਨਹੀਂ ਸੀ, ਨਾ ਹੀ ਇਹ ਕਦੀ ਮੇਰੀ ਮਨਸ਼ਾ ਸੀ। ਜੇ ਮੈਂ ਮਾਨਯੋਗ ਗ੍ਰਹਿ ਮੰਤਰੀ ਜੀ ਦੇ ਦ੍ਰਿਸ਼ਟੀਕੋਣ ਨੂੰ ਸਹੀ ਸਮਝਦਾ ਹਾਂ, ਉਨ੍ਹਾਂ ਨੇ ਅਰੰਭਕ ਭਾਸ਼ਣ ਵਿੱਚ ਆਖਿਆ ਸੀ ਕਿ ਤਜਵੀਜ਼ ਕੀਤੀ ਤਰਮੀਮ ਅਧੀਨ ਜਿਨ੍ਹਾਂ ਸ਼ਕਤੀਆਂ ਦੀ ਮੰਗ ਕੀਤੀ ਜਾ ਰਹੀ ਹੈ, ਉਨ੍ਹਾਂ ਦਾ ਮੁੱਖ ਮਨੋਰਥ ਪੱਕੇ ਮਵਾਲੀਆਂ ਨੂੰ ਕਾਬੂ ਕਰਨਾ ਹੈ। ਜੇ ਮੈਂ 'ਪੱਕਾ ਮਵਾਲੀ ਸ਼ਬਦਾਂ ਦਾ ਭਾਵ ਸਮਝਦਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਪੱਕਾ ਮਵਾਲੀ ਉਹ ਵਿਅਕਤੀ ਹੈ ਜੋਂ ਖ਼ਤਰਨਾਕ ਅਤੇ ਅਤਤਾਈਹੈ ਅਤੇ ਜੋ ਆਦਤਨ ਗ਼ੈਰ-ਕਾਨੂੰਨੀ ਸਰਗਰਮੀਆਂ ਵਿੱਚ ਰੁਝਦਾ ਹੈ। ਜੇ ਮਾਨਯੋਗ ਗ੍ਰਹਿ ਮੰਤਰੀ ਦਾ ਮਨਸ਼ਾ ਇਹੋ ਸੀ ਜੋ ਉਸ ਨੇ ਸਦਨ ਵਿੱਚ ਮੰਨਿਆ ਹੈ ਤਾਂ ਉਸ ਨੂੰ ਇਹ ਮੰਗ ਕਰਨ ਵਿੱਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਕਿ ਇਹ ਨੂੰ ਕਾਨੂੰਨ ਵਿਚ ਵਿਸ਼ਿਸ਼ਟ ਸ਼ਰਦਾਂ ਵਿੱਚ ਸਾਕਾਰ ਹੋਵੇ। ਇਸ ਲਈ, ਇਸੇ ਦ੍ਰਿਸ਼ਟੀਕੋਣ ਨੂੰ ਸਾਹਮਣੇ ਰੱਖ ਕੇ ਮੈਂ ਭਾਸ਼ਾ ਨੂੰ ਬਿਚਤਰ ਬਣਾਉਣ ਲਈ ਇਸ ਗੱਲ ਤੇ ਜ਼ੋਰ ਦਿਤਾ ਹੈ ਕਿ ਉਹ ਵਿੱਅਕਤੀ ਆਦਤਨ ਇਹ ਸਾਰੇ ਕੰਮ ਕਰ ਰਿਹਾ ਹੈ ।

"ਕਿ ਬੰਬਈ ਸ਼ਹਿਰ ਦੀ ਹੱਦ ਅੰਦਰ ਕੋਈ ਵਿਅੱਕਤੀ ਆਦਤ ਵਜੋਂ ਗ਼ੈਰ-ਕਾਨੂੰਨੀ ਸਰਗਰਮੀਆਂ ਵਿੱਚ ਰੁਝਿਆ ਹੋਇਆ ਹੈ, ਜੋ ਨਗਰ ਵਾਸੀਆਂ ਲਈ ਖ਼ਤਰਾ ਹਨ ਅਤੇ ਜੋ ਇਤਨਾ ਅਤਤਾਈ ਅਤੇ ਖ਼ਤਰਨਾਕ ਹੈ ਕਿ ਉਸ ਦਾ ਸ਼ਹਿਰ ਵਿੱਚ ਖੁੱਲ੍ਹਾ ਫਿਰਨਾ ਸੰਕਟਪੂਰਨ ਅਤੇ ਆਦਤ ਵਜੋਂ----------।"

ਬਾਕੀ ਦੀ ਤਰਮੀਮ ਮਾਨਯੋਗ ਮੈਂਬਰ ਸ੍ਰੀ ਪਾਤਸਕਰ ਵਰਗੀ ਹੀ ਹੈ। ਮੈਂ ਸਮਝਦਾ ਹਾਂ ਕਿ ਮਾਨਯੋਗ ਮੰਤਰੀ ਜੀ ਨੂੰ ਇਹ ਤਰਮੀਮ ਸਰਕਾਰੀ ਬਣਾਉਣ ਵਿੱਚ ਕੋਈ ਇਤਰਾਜ਼ ਨਹੀਂ।

ਮੈਂ ਜੋ ਕੁੱਝ ਕਰਨਾ ਚਾਹਿਆ ਹੈ, ਉਸ ਵਿੱਚ ਨਵਾਂ ਕੁੱਝ ਵੀ ਨਹੀਂ। ਮੈਂ ਸ਼ਬਦਾਵਲੀ ਅਪਰਾਧ ਦੰਡਾਵਲੀ ਦੀ ਧਾਰਾ 110 ਤੋਂ ਲਈ ਹੈ। ਜੇ ਕੋਈ ਵਿਅੱਕਤੀ ਆਦਤ ਵਜੋਂ ਡਾਕੂ ਹੈ ਤਾਂ ਅਪਰਾਧ ਦੰਡਾਵਲੀ ਦੀ ਧਾਰਾ 110 ਉਸ ਦੇ ਵਿਰੁੱਧ ਪ੍ਰੈਜੀਡੈਂਸੀ ਜੱਜ ਜਾਂ ਜ਼ਿਲ੍ਹਾ

ਜੱਜ ਦੀ ਅਦਾਲਤ ਵਿੱਚ ਮੁਕੱਦਮਾ ਚਲਾਉਣ ਦਾ ਪੁਲਿਸ ਨੂੰ ਇਖ਼ਤਿਆਰ ਦਿੰਦੀ ਹੈ। ਮੈਂ ਸ਼ਬਦਾਵਲੀ ਧਾਰਾ 110 ਦੀ ਉਪ-ਧਾਰਾ (ਓਂ) ਅਤੇ ਧਾਰਾ 110 ਦੀ ਉਪ-ਧਾਰਾ (ਕ) ਤੋਂ ਲਈ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜੇ ਅਪਰਾਧ ਦੰਡਾਵਲੀ ਦੀ ਧਾਰਾ 110 ਅਨੁਸਾਰ, ਕੋਈ ਵਿਅਕਤੀ ਆਦਤ ਵਜੋਂ ਡਾਕੂ ਹੈ ਅਤੇ ਵਿਅਕਤੀ ਅਤਤਾਈ ਅਤੇ ਖ਼ਤਰਨਾਕ ਹੈ ਤਾਂ ਵੀ ਉਸ ਵਿਰੁੱਧ ਮੁਕੱਦਮਾ ਚਲਾਏ ਬਿਨਾਂ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਜੇ ਉਹ ਬੰਬਈ ਸ਼ਹਿਰ ਵਿੱਚ ਹੈ ਤਾਂ ਤੁਸੀਂ ਉਸ ਦੇ ਵਿਰੁੱਧ ਕਾਰਵਾਈ ਕਿਉਂ ਕਰਨਾ ਚਾਹੁੰਦੇ ਹੋ ? ਇਸ ਪ੍ਰਕਾਰ ਦਾ ਤਰਕ ਪੇਸ਼ ਕੀਤਾ ਜਾ ਸਕਦਾ ਹੈ। ਮੈਂ ਇਸ ਨੂੰ ਉਚਿਤ ਸਮਝਦਾ ਹਾਂ ਕਿਉਂਕਿ ਅਸੀ ਅਜਿਹੇ ਮਾਮਲਿਆਂ ਨਾਲ ਨਜਿੱਠ ਰਹੇ ਜਾਂ ਜਿੱਥੇ ਲੋਕੀ ਕਾਨੂੰਨੀ ਅਦਾਲਤ ਵਿੱਚ ਗਵਾਹੀ ਦੇਣ ਲਈ ਤਿਆਰ ਨਹੀਂ ਹੁੰਦੇ। ਇਹੋ ਕਾਰਨ ਹੈ ਕਿ ਮੈਂ ਪੁਲਿਸ ਕਮਿਸ਼ਨਰ ਨੂੰ ਅਦਾਲਤ-ਬਾਹਰੇ ਅਤੇ ਕਾਨੂੰਨੀ ਬਾਹਰੇ ਇਖ਼ਤਿਆਰ ਦੇਣ ਲਈ ਮੰਨਿਆ ਹਾਂ। ਅਜਿਹੇ ਇਖ਼ਤਿਆਰ ਦੇਣ ਸਮੇਂ ਇਹ ਜ਼ਰੂਰੀ ਹੈ ਕਿ ਉਨ੍ਹਾਂ ਵਿਅਕਤੀਆਂ ਦੇ ਵਰਗ ਨੂੰ ਪਰਿਭਾਸ਼ਿਤ ਅਤੇ ਮਹਿਦੂਦ ਕੀਤਾ ਜਾਏ ਜਿਸ ਦੇ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਮੇਰੀ ਗੁਜਾਰਸ਼ ਹੈ ਕਿ ਸਦਨ ਇਸ ਵਰਗ ਨੂੰ ਇਹ ਆਖ ਕੇ ਪਰਿਭਾਸ਼ਿਤ ਕਰੇ ਕਿ ਉਹ ਵਿਅੱਕਤੀ ਆਦਤਨ ਗ਼ੈਰ-ਕਾਨੂੰਨੀ ਰਿਹਾ ਹੋਵੇ ਨਾ ਕਿ ਇਤਫ਼ਾਕੀਆਂ, ਤਾਂ ਚੰਗਾ ਹੋਵੇਗਾ। ਇਨ੍ਹਾਂ ਸ਼ਬਦਾ ਨਾਲ ਮੈਂ ਇਸ ਤਰਮੀਮ ਦੀ ਸਦਨ ਅੱਗੇ ਸਿਫ਼ਾਰਸ਼ ਕਰਦਾ ਹਾਂ।

*||

ਡਾ. ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ): ਸ੍ਰੀਮਾਨ ਜੀ, ਮੈਨੂੰ ਇਹ ਜਾਣ ਕੇ ਅਫ਼ਸੋਸ ਹੋਇਆ ਹੈ ਕਿ ਜਿਨ੍ਹਾਂ ਸ਼ਬਦਾਂ ਵਿੱਚ ਮੈਂ ਆਪਣੀ ਤਰਮੀਮ ਪੇਸ਼ ਕੀਤੀ ਹੈ, ਉਨ੍ਹਾਂ ਨੇ ਗ਼ਲਤ ਪ੍ਰਭਾਵ ਪਾਇਆ ਹੈ। ਮੈਂ ਤਰਮੀਮ ਦੁਆਰਾ ਜੋ ਪ੍ਰਭਾਵ ਪਾਉਣਾ ਚਾਹੁੰਦਾ ਸਾਂ, ਇਹ ਪ੍ਰਭਾਵ ਉਸ ਤੋਂ ਬਿਲੱਕੁਲ ਹੀ ਭਿੰਨ ਹੈ। ਇਸ ਪੜਾ ਤੇ ਮੈਂ ਇਕ ਗੱਲ ਆਖਣੀ ਚਾਹੁੰਦਾ ਹਾਂ। ਮੇਰਾ ਵਿਚਾਰ ਨਹੀਂ ਕਿ ਇਹ ਅਜਿਹਾ ਮੌਕਾ ਹੈ ਜਦੋਂ ਸਾਡੇ ਵਿੱਚੋ ਕੋਈ ਇਸ ਨੂੰ ਵਕਾਰ ਦਾ ਸਵਾਲ ਬਣਾਏ। ਮੈਂ ਇਹ ਗੱਲ ਮੁੜ ਦੁਹਰਾਉਣਾ ਚਾਹਵਾਂਗਾ, ਕਿਉਂਕਿ ਮੈਂ ਸਮਝਦਾ ਹਾਂ ਕਿ ਇਹ ਬਹੁਤ ਮਹੱਤਵਪੂਰਨ ਅਵਸਰ ਹੈ। ਸ੍ਰੀਮਾਨ ਜੀ, ਮੈਂ ਇਹ ਵੀ ਆਖਣਾ ਚਾਹੁੰਦਾ ਹਾਂ ਕਿ ਮਾਨਯੋਗ ਮੰਤਰੀ ਜੀ ਨੇ ਆਪਣੇ ਉੱਤਰ ਦੇਣ ਸਮੇਂ ਇਹ ਗੱਲ ਵਿਚਾਰ ਅਧੀਨ ਨਹੀਂ ਲਿਆਂਦੀ ਕਿ ਅਸੀ ਅੱਗੇ ਹੀ ਉਨ੍ਹਾਂ ਨੂੰ ਸੰਕਟਕਾਲੀਨਤਾ ਨਾਲ ਨਜਿੱਠਣ ਲਈ ਕਾਫ਼ੀ ਇਖ਼ਤਿਆਰਾਂ ਨਾਲ ਲੈਸ ਕਰ ਚੁੱਕੇ ਹਾਂ ਅਤੇ ਮੇਰੀ ਤਰਮੀਮ ਇਤਨੀ ਵਿਸ਼ਾਲ ਹੈ ਕਿ ਉਸ ਦੁਆਰਾ ਜੋ ਇਖ਼ਤਿਆਰ ਵੀ ਉਨ੍ਹਾਂ ਨੂੰ ਦਿੱਤੇ ਗਏ ਹਨ, ਇਨ੍ਹਾਂ ਨਾਲ ਉਹ ਉਸ ਵਿਅਕਤੀ ਨਾਲ ਵੀ ਸਿੱਝ ਸਕਦੇ ਹਨ ਜੋ ਅਜੇ ਵਿਉਂਤਾਂ ਹੀ ਬਣਾ ਰਿਹਾ ਹੈ। ਮੈਂ ਸਨਿਮਰ ਉਨ੍ਹਾਂ ਨੂੰ ਇਹ ਚੇਤੇ ਕਰਾ ਰਿਹਾ ਹਾਂ। ਇਸ ਲਈ, ਸ੍ਰੀਮਾਨ ਜੀ, ਜੇ ਆਗਿਆ ਹੋਵੇ, ਤਾਂ ਮੈਂ ਆਖਾਂਗਾ

* ਬੰਬਈ ਵਿਧਾਨ ਸਭਾ, ਡਿਬੇਟਸ ਖੰਡ 3, ਪੰਨਾ 2509-12, 28 ਅਪ੍ਰੈਲ, 1938

ਕਿ ਸੰਕਟਕਾਲੀਨਤਾ ਨਾਲ ਨਜਿੱਠਣ ਲਈ ਸੰਭਵ ਹੱਦ ਤਕ ਅਤਿ ਵਿਸ਼ਾਲ ਸ਼ਕਤੀਆਂ ਦੇਣ ਮਗਰੋਂ ਇਸ ਪੱਖ ਦੇ ਮੈਂਬਰਾਂ ਲਈ ਉਚਿਤ ਹੋਵੇਗਾ ਕਿ ਸਾਧਾਰਨ ਅਵਸਰਾਂ ਲਈ ਉਨ੍ਹਾਂ ਨੂੰ ਸ਼ਕਤੀਆਂ ਦੇਣ ਸਮ ਉਹ ਕੁੱਝ ਕਰੜਾ ਵਤੀਰਾ ਇਖ਼ਤਿਆਰ ਕਰਨ। ਉਹ ਪੂਰੀ ਤਰ੍ਹਾਂ ਭੁੱਲ ਗਏ ਹਨ ਕਿ ਜਿਸ ਤਰਮੀਮ ਨਾਲ ਅਸੀਂ ਹੁਣ ਸਿੱਝ ਰਹੇ ਹਾਂ ਅਜਿਹੀ ਤਰਮੀਮ ਹੈ ਜੋ ਸਾਧਾਰਨ ਅਵਸਰਾਂ ਲਈ ਹੈ। ਅਸਾਧਾਰਨ ਅਵਸਰਾਂ ਲਈ ਨਹੀਂ। ਇਸ ਲਈ ਮੈਂ ਅਜਿਹੇ ਕਿਸੇ ਮੌਕੇ ਦੀ ਕਲਪਨਾ ਨਹੀਂ ਕਰ ਸਕਦਾ ਜਦੋਂ ਪੁਲਿਸ ਕਮਿਸ਼ਨਰ ਉਨ੍ਹਾਂ ਸ਼ਕਤੀਆਂ ਦੀ ਵਰਤੋਂ ਕਰਕੇ ਜੋ ਮੇਰੀ ਤਰਮੀਮ ਅਧੀਨ ਉਸ ਨੂੰ ਦਿਤੀਆਂ ਜਾ ਰਹੀਆਂ ਹਨ, ਕਿਸੇ ਸਥਿਤੀ ਤੇ ਕਾਬੂ ਨਾ ਪਾ ਸਕੇ। ਇਸ ਲਈ ਮੈਂ ਗੁਜ਼ਾਰਿਸ਼ ਕਰਾਂਗਾ ਕਿ ਜਨਤਾ ਦੇ ਹਿੱਤਾਂ ਵਿਚ ਅਤੇ ਸਾਰੇ ਸੰਬੰਧਿਤ ਵਰਗਾਂ ਦੇ ਹਿੱਤ ਵਿਚ ਮੇਰੀ ਤਰਮੀਮ ਨੂੰ ਸਵੀਕ੍ਰਿਤੀ ਦਿਤੀ ਜਾਣੀ ਚਾਹੀਦੀ ਹੈ। ਸ੍ਰੀਮਾਨ ਜੀ, ਮੈਂ ਇਹ ਜ਼ਰੂਰ ਆਖਦਾ ਹਾਂ ਕਿ ਇਹ ਮਹੱਤਵਪੂਰਨ ਅਵਸਰ ਹੈ ਅਤੇ ਬਿਲ ਦਾ ਵਿਸ਼ਾ ਵੀ--ਭਾਵ, ਨਾਗਰਿਕ ਦੀ ਆਜ਼ਾਦੀ------ਵੀ ਮਹੱਤਵਪੂਰਨ ਹੈ। ਇਹ ਉਘੜਵੇਂ ਅਵਸਰਾਂ ਵਿਚੋਂ ਇਕ ਹੈ ਜਿਸ ਬਾਰੇ ਮੈਂ ਸਮਝਦਾ ਹਾਂ ਕਿ ਜਿਥੋਂ ਤੱਕ ਹੋ ਸਕੇ ਸਾਰੇ ਪਾਸਿਆਂ ਤੋਂ ਸਹਿਮਤੀ ਮਿਲਣੀ ਚਾਹੀਦੀ ਹੈ। ਇਸ ਲਈ ਮੈਂ ਮਾਨਯੋਗ ਮੰਤਰੀ ਜੀ ਅੱਗੇ ਬੇਨਤੀ ਕਰਦਾ ਹਾਂ ਕਿ ਉਹ ਇਸ ਨੂੰ ਵਕਾਰ ਦਾ ਵਿਸ਼ਾ ਨਾ ਬਣਾਉਣ, ਜਿਵੇਂ ਮੈਂ ਇਸ ਨੂੰ ਵਕਾਰ ਦਾ ਵਿਸ਼ਾ ਨਹੀਂ ਬਣਾ ਰਿਹਾ, ਅਤੇ ਇਸ ਤਰਮੀਮ ਨੂੰ ਪਰਵਾਨ ਕਰ ਲੈਣ।

ਸ੍ਰੀਮਾਨ ਜੀ, ਮੈਂ ਮਾਨਯੋਗ ਮਿੱਤਰ ਸ੍ਰੀ ਚੁੰਦਰੀਗਰ ਦੀ ਤਰਮੀਮ ਪਰਵਾਨ ਕਰਦਾ ਹਾਂ ਅਤੇ ਆਪਣੇ ਮਾਨਯੋਗ ਮਿੱਤਰ ਸ੍ਰੀ ਭੋਲੇ ਦੀ ਵੀ।

ਮਾਨਯੋਗ ਕ. ਮ. ਮੁਨਸੀ : ਇਹ ਵਕਾਰ ਦਾ ਸਵਾਲ ਬਣਾਉਣ ਦੀ ਗੱਲ ਨਹੀਂ। ਅਸਾਂ ਹਰ ਸ਼ਬਦ ਘੋਖਿਆ ਅਤੇ ਹਰ ਸੁਝਾਉ ਅਤੇ ਮਤਲਬ ਤੇ ਵਿਚਾਰ ਕੀਤੀ। ਇਸ ਮਗਰੋਂ ਕਿਸੇ ਵਿਅਕਤੀ ਦੇ ਆਦਤਨ ਰੁੱਝੇ ਹੋਣ ਦਾ ਸਵਾਲ ਹੀ ਨਹੀਂ ਪੈਦਾ ਹੋਇਆ।

ਡਾ. ਬੀ. ਆਰ. ਅੰਬੇਡਕਰ : ਕਦੀ ਕਦੀ ਫਿਰ ਚੰਗੇ ਵਿਚਾਰ ਸੁੱਝ ਪੈਂਦੇ ਹਨ।

ਮਾਨਯੋਗ ਸ੍ਰੀ ਕ. ਮ. ਮੁਨਸ਼ੀ : ਸ੍ਰੀਮਾਨ ਜੀ, ਜਿਵੇਂ ਮੈਂ ਆਖਿਆ ਹੈ, ਵਕਾਰ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਸਵਾਲ ਕੇਵਲ ਮੱਤ-ਭੇਦ ਦਾ ਹੈ, ਕਿਉਂ ਜੁ ਹਰ ਸੌਕੇ ਤੇ ਸਾਨੂੰ ਇਹ ਲੱਭਣਾ ਪਵੇ ਕਿ ਬੰਦਾ ਆਦਤਨ ਕੰਮ ਕਰ ਰਿਹਾ ਹੈ ਅਤੇ ਉਹ ਅਜਿਹਾ ਬੰਦਾ ਨਹੀਂ ਜੋ ਪਹਿਲੀ ਵਾਰ ਕਰਨ ਲੱਗਾ ਹੈ, ਤਾਂ ਉਹ ਬਚ ਜਾਵੇਗਾ। ਇਸ ਨਾਲ ਇਹ ਧਾਰਾ ਸਿਫ਼ਰ ਬਣ ਕੇ ਰਹਿ ਜਾਵੇਗੀ ਅਤੇ ਪੁਲਿਸ ਕਮਿਸ਼ਨਰ ਜਾਂ ਸਰਕਾਰ, ਵਰਤਮਾਨ ਧਾਰਾ ਵਾਲੀ ਸਥਿਤੀ ਤੋਂ ਘਟੀਆ ਸਥਿਤੀ ਵਿਚ ਆ ਜਾਣਗੇ।

ਡਾ. ਬੀ. ਆਰ. ਅੰਬੇਡਕਰ : ਮੇਰੇ ਮਾਨਯੋਗ ਮਿਤਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਪੱਖ ਵਲੋਂ ਕੋਈ ਵੀ ਜੁੰਡੀਆਂ ਨਾਲ ਸਿੱਝਣ ਲਈ ਸ਼ਕਤੀਆਂ ਲੈਣ ਦੇ ਵਿਰੁੱਧ ਨਹੀਂ। ਅਸਲ ਵਿਚ ਵਿਰੋਧੀ ਧਿਰ ਤਾਂ ਇਹ ਆਖਦੀ ਹੈ ਕਿ ਜੁੰਡੀਆਂ ਕਾਇਮ ਰੱਖੋ। ਜੇ ਤੁਸੀਂ ਜੁੰਡੀਆਂ ਨਾਲ ਸਿੱਝਣ ਲਈ ਤਰਮੀਮ ਚਾਹੁੰਦੇ ਹੋ ਤਾਂ ਮੈਂ ਇਸ ਦੀ ਹਿਮਾਇਤ ਕਰਨ ਲਈ

ਤਿਆਰ ਹਾਂ, ਮੈਨੂੰ ਰਤਾ ਵੀ ਇਤਰਾਜ਼ ਨਹੀਂ। ਮੈਨੂੰ ਚੇਤੇ ਹੈ ਕਿ ਵਿਰੋਧੀ ਧਿਰ ਦੇ ਨੇਤਾ ਨੇ ਆਖਿਆ ਸੀ ਕਿ ਜੁੰਡੀਆਂ ਨਾਲ ਸਿੱਝਣ ਲਈ ਸ਼ਕਤੀਆਂ ਦੇਣੀਆਂ ਚਾਹੀਦੀਆਂ ਹਨ। ਪਰ ਤੁਸੀਂ ਤਾਂ ਵਿਅਕਤੀਆਂ ਨਾਲ ਸਿੱਝਣ ਲਈ ਇਖ਼ਤਿਆਰ ਮੰਗਦੇ ਹੋ, ਇਸ ਲਈ ਅਸੀਂ ਬੰਦਸ਼ਾਂ ਲਾ ਰਹੇ ਹਾਂ। ਜੇ ਅਸਾਂ ਜੁੰਡੀਆਂ ਨਾਲ ਨਾਲ ਸਿੱਝਣਾ ਹੈ ਤਾਂ ਕੋਈ ਤਰਮੀਮ ਲੈ ਕੇ ਅੱਗੇ ਆਏ। ਜੇ ਇਹ ਉਚਿਤ ਤਰਮੀਮ ਹੋਵੇ ਤਾਂ ਮੈਂ ਉਸ ਦੀ ਹਿਮਾਇਤ ਕਰਾਂਗਾ। ਇਥੇ ਤੁਸੀਂ ਵਿਅਕਤੀਆਂ ਦੀ ਗਲ ਕਰ ਰਹੇ ਹੋ।

ਸ੍ਰੀਮਾਨ ਜੀ, ਜੇ ਤੁਸੀਂ ਪਸੰਦ ਕਰੋ ਤਾਂ ਅਸੀਂ ਥੋੜੀ ਦੇਰ ਲਈ ਕੰਮ ਰੋਕ ਕੇ ਵਿਚਾਰ ਵਟਾਂਦਰਾ ਕਰ ਲਈਏ।

ਸ੍ਰੀ ਸ.ਹ. ਝਾਬਵਾਲਾ : ਸ੍ਰੀਮਾਨ ਜੀ, ਮੈਂ ਚੋਣਵੀਂ ਕਮੇਟੀ (ਸਿਲੈਕਟ ਕਮੇਟੀ) ਦੀ ਤਜਵੀਜ਼ ਰਖੀ ਸੀ, ਉਸ ਦਾ ਫ਼ਾਇਦਾ ਦੇਖ ਸਕਦੇ ਹੋ।

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਸ੍ਰੀਮਾਨ ਜੀ, ਮੈਂ ਇਸ ਲਈ ਬਿਲਕੁਲ ਤਿਆਰ ਹਾਂ, ਪਰ ਅਜਿਹੀ ਚੀਜ਼ ਲਈ ਕੰਮ ਮੁਲਤਵੀ ਕਰਨ ਦਾ ਕੋਈ ਲਾਭ ਨਹੀਂ। ਮੈਂ ਤਰਮੀਮ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਨੂੰ ਯਕੀਨ ਦਿਵਾਉਣ ਦਾ ਜਤਨ ਕਰ ਰਿਹਾ ਹਾਂ ਕਿ ਸ਼ਬਦ "ਆਦਤ" ਪਾ ਕੇ ਉਸ ਨੇ ਧਾਰਾ ਦੇ ਲਾਗੂ ਹੋਣ ਨੂੰ ਲਗਭਗ ਸਿਫ਼ਰ ਕਰ ਦਿਤਾ ਹੈ। ਮੈਂ ਇਸ ਤੇ ਉਦੋਂ ਤਕ ਹੋਰ ਵਿਚਾਰ ਨਹੀਂ ਕਰ ਸਕਦਾ ਜਦੋਂ ਤਕ ਉਹ ਸ਼ਬਦ 'ਆਦਤ' ਛੱਡਣ ਲਈ ਰਾਜ਼ੀ ਨਹੀਂ ਹੁੰਦਾ। ਜੇ ਉਹ ਸ਼ਬਦ 'ਆਦਤ' ਰਖਣਾ ਚਾਹੁੰਦਾ ਹੈ ਤਾਂ ਇਹ ਧਾਰਾ ਲਗਭਗ ਬੇਕਾਰ ਹੋ ਜਾਂਦੀ ਹੈ। ਇਸੇ ਲਈ ਮੈਂ ਆਖਦਾ ਹਾਂ ਕਿ ਬਹਿਸ ਮੁਲਤਵੀ ਕਰਨ ਦਾ ਕੋਈ ਲਾਭ ਨਹੀਂ। ਇਥੇ ਸਾਂਝਾ ਆਧਾਰ ਕੋਈ ਨਹੀਂ।

ਸਰ ਅਲੀ ਮੁਹੰਮਦ ਖ਼ਾਨ ਦੇਹਲਵੀ : ਇਹ 'ਪੱਕਾ ਮਵਾਲੀ' ਦਾ ਵਰਣਨ ਹੈ।

ਮਾਨਯੋਗ ਕ.ਮ. ਮੁਨਸ਼ੀ : ਜ਼ਰੂਰੀ ਨਹੀਂ ਕਿ ਪੱਕਾ ਮਵਾਲੀ ਅਜੇਹਾ ਬੰਦਾ ਹੀ ਹੁੰਦਾ ਹੈ ਜੋ ਆਦਤਨ ਗ਼ੈਰ ਕਾਨੂੰਨੀ ਸਰਗਰਮੀਆਂ ਵਿੰਚ ਰੁੱਝਾ ਹੋਵੇ। ਉਹ ਧੱਕੜ ਜਾਂ ਦਾਦਾ ਦੇ ਅਰਥਾਂ ਵਿਚ ਵੀ ਮਵਾਲੀ ਹੋ ਸਕਦਾ ਹੈ। ਮੈਂਬਰ ਮੈਥੋਂ ਉਹ ਕੁਝ ਅਖਵਾਉਣਾ ਚਾਹੁੰਦੇ ਹਨ ਜੋ ਮੈਂ ਕਦੇ ਨਹੀਂ ਆਖਿਆ। ਮੈਂ 'ਪੱਕਾ ਮਵਾਲੀ' ਆਖਿਆ ਤਾਂ ਮੈਂ ਇਹ ਨਹੀਂ ਆਖਿਆ ਕਿ ਅਜਿਹਾ ਵਿਅਕਤੀ ਜੋ ਆਦਤਨ ਗ਼ੈਰ ਕਾਨੂੰਨੀ ਸਰਗਰਮੀਆਂ ਵਿਚ ਰੁਝਿਆ ਹੋਇਆ ਹੈ। ਇਹ ਤਾਂ, ਆਪ ਮੇਰੇ ਨਾਲ ਮੜ੍ਹ ਰਹੇ ਹੋ।

ਸਰ ਅਲੀ ਮੁਹੰਮਦ ਖ਼ਾਨ ਦੇਹਲਵੀ : ਸ੍ਰੀਮਾਨ ਜੀ, ਮੈਂ ਆਖਣਾ ਚਾਹਵਾਂਗਾ ਕਿ ਮਾਨਯੋਗ ਮੰਤਰੀ ਜੀ ਨੇ 'ਪੱਕਾ ਮਵਾਲੀ' ਆਖਿਆ ਤਾਂ ਅਸੀਂ ਝਟ ਇਹ ਸਮਝ ਗਏ ਕਿ ਉਨ੍ਹਾਂ ਦੇ ਆਪਣੇ ਮਨ ਵਿਚ 'ਪੱਕਾ ਮਵਾਲੀ ' ਦੇ ਅਨੇਕਾਂ ਵਰਗੀਕਰਨ ਹਨ।

ਮਾਨਯੋਗ ਕ.ਮ. ਮੁਨਸ਼ੀ : ਇਹ ਮੈਂ ਮੰਨਦਾ ਹਾਂ ਕਿ ਮਵਾਲੀਆਂ ਦੀ ਲੜੀ ਹੋ ਸਕਦੀ ਹੈ।

ਡਾ : ਬੀ.ਆਰ. ਅੰਬੇਡਕਰ : ਯਕੀਨਨ ਮਾਨਯੋਗ ਮੰਤਰੀ ਜੀ ਅਜਿਹੇ ਆਦਮੀ ਦੇ ਮਾਮਲੇ ਨਾਲ ਨਹੀਂ ਸਿੱਝਣਾ ਚਾਹੁੰਦੇ ਜਿਸ ਨੇ ਇਕੋ ਵਾਰ ਕੋਈ ਖ਼ਾਸ ਗਲ ਕੀਤੀ ਹੈ।

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਮੈਂ ਮਾਨਯੋਗ ਮੈਂਬਰ ਨੂੰ ਇਕ ਜੁੰਡੀ ਦੀ ਉਦਾਹਰਨ ਦਿਤੀ ਸੀ ਜੋ ਕਲਕੱਤੇ ਤੋਂ ਆਈ ਸੀ। ਉਹ 11 ਆਦਮੀ ਸਨ ਜਿਨ੍ਹਾਂ ਨੇ ਕੋਈ ਅਪਰਾਧ ਨਹੀਂ ਸੀ ਕੀਤਾ। ਪਰ, ਉਹ ਕੁਝ ਖ਼ਾਸ ਗ਼ੈਰ ਕਾਨੂੰਨੀ ਸਰਗਰਮੀਆਂ ਵਿੱਚ ਰੁੱਝਣ ਵਾਲੇ ਹੀ ਸਨ। ਕਲੱਕਤੇ ਵਿਚ ਪੁਲਿਸ ਦੀ ਚੌਕਸੀ ਦੇ ਬਾਵਜੂਦ ਉਨ੍ਹਾਂ ਨੂੰ ਸਜ਼ਾ ਨਹੀਂ ਸੀ ਦਿਤੀ ਗਈ। ਉਨ੍ਹਾਂ ਵਿਚੋਂ ਕੁਝ ਅਜਿਹੇ ਵਿਅਕਤੀ ਸਨ ਜੋ------

ਡਾ.ਬੀ.ਆਰ.ਅੰਬੇਡਕਰ : ਜੋ ਲੋਕੀ ਕਲਕੱਤੇ ਵਿਚ ਅਪਰਾਧ ਕਰਦੇ ਰਹੇ ਹਨ, ਉਹ ਆਦੀ ਹੋਣਗੇ। ਇਸ ਦਾ ਮਤਲਬ ਇਹ ਨਹੀਂ ਕਿ ਕੋਈ ਆਦਤਨ ਬੰਬਈ ਵਿਚ ਅਪਰਾਧ ਕਰਦਾ ਫਿਰੇ।

ਮਾਨਯੋਗ ਸ੍ਰੀ.ਕ.ਮ. ਮੁਨਸ਼ੀ : ਉਨ੍ਹਾਂ ਨੂੰ ਗ਼ੈਰ ਕਾਨੂੰਨੀ ਸਰਗਰਮੀਆਂ ਕਾਰਨ ਦਾ ਦੋਸ਼ੀ ਨਹੀਂ ਸੀ ਕਰਾਰ ਦਿਤਾ ਗਿਆ।

ਡਾ.ਬੀ.ਆਰ. ਅੰਬੇਡਕਰ : ਕੀ ਮੈਂ ਮਾਨਯੋਗ ਮੰਤਰੀ ਜੀ ਦਾ ਧਿਆਨ ਆਪਣੀ ਤਰਮੀਮ ਦੀ ਸ਼ਬਦਾਵਲੀ------ਵਲ ਦਿਵਾ ਸਕਦਾ ਹਾਂ ? ਇਹ ਇਸ ਪ੍ਰਕਾਰ ਹੈ, "------" ਜੋ ਇਤਨਾ ਅਤਤਾਈ ਅਤੇ ਖ਼ਤਰਨਾਕ ਹੈ, ਕਿ ਉਸ ਦਾ ਸ਼ਹਿਰ ਵਿਚ ਖੁਲ੍ਹਾ ਫਿਰਨਾ ਜੋਖੋਂ ਵਾਲਾ ਹੈ----------।" ਕਿਸੇ ਜੁੰਡੀ ਦੇ ਮੈਂਬਰ ਤੇ ਇਹ ਗਲ ਲਾਗੂ ਹੋਵੇਗੀ।

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਜੇ ਮਾਨਯੋਗ ਮੈਂਬਰ ਜ਼ਰਾ ਸਬਰ ਕਰਨ ਤਾਂ ਮੈਂ ਉਨ੍ਹਾਂ ਨੂੰ ਦਸਾਂਗਾ। ਹੋ ਸਕਦਾ ਹੈ ਕਿ ਵਿਅਕਤੀ ਅਤਤਾਈ ਨਾ ਹੋਵੇ, ਜਿਹਾ ਕਿ ਮੈਂ ਆਪ ਨੂੰ ਉਦਾਹਰਨ ਦੇ ਕੇ ਦਸਿਆ ਹੈ ਕਿ ਉਹ ਉਸ ਜੁੰਡੀ ਦਾ ਮੁੱਖੀ ਸੀ ਜਿਸ ਦਾ ਮੈਂ ਜ਼ਿਕਰ ਕੀਤਾ ਹੈ। ਉਹ ਸ਼ਾਇਦ ਕਲਕੱਤੇ ਵਿਚ ਮੋਟਰ ਕਾਰ ਵਿਚ ਘੁੰਮਦਾ ਰਿਹਾ ਸੀ। ਉਸ ਯੂਰਪੀ ਸੀ ਅਤੇ ਬੰਬਈ ਵਿਚ ਚੰਗੇ ਹਲਕਿਆਂ ਵਿਚ ਪ੍ਰਵਾਨਿਤ ਸੀ, ਪਰ ਇਤਨਾ ਅਤਤਾਈ ਸੁਭਾ ਦਾ ਨਹੀਂ ਸੀ ਕਿ ਲਾਠੀ ਲੈ ਕੇ ਗਲੀਆਂ ਵਿਚ ਦੌੜਿਆ ਫਿਰੇ।

ਡਾ.ਬੀ.ਆਰ. ਅੰਬੇਡਕਰ : ਪਰ ਸ਼ਬਦ ਖ਼ਤਰਨਾਕ ਇਥੇ ਮੌਜੂਦ ਹੈ।

ਮਾਨਯੋਗ ਕ.ਮ. ਮੁਨਸ਼ੀ : ਤਾਂ, ਸ੍ਰੀਮਾਨ ਜੀ, ਸ਼ਬਦ 'ਖ਼ਤਰਨਾਕ'--ਦੇ ਕੀ ਅਰਥ ਹਨ ?

ਡਾ.ਬੀ.ਆਰ.ਅੰਬੇਡਕਰ : ਮੈਂ ਇਹ ਸ਼ਬਦ, ਧਾਰਾ ਵਿਚ ਵਰਤੇ ਗਏ ਸ਼ਬਦਾਂ ਵਿਚੋਂ ਲਏ ਹਨ ਅਤੇ ਮੈਨੂੰ ਯਕੀਨ ਹੈ ਕਿ ਇਹ ਪੂਰਨ ਰੂਪ ਵਿਚ ਸੁਬੋਧ ਸ਼ਬਦ ਹਨ।

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਸ੍ਰੀਮਾਨ ਜੀ, ਸ਼ਬਦ "ਖ਼ਤਰਨਾਕ ਅਤੇ ਅਤਤਾਈ" ਉਨ੍ਹਾਂ ਧੱਕੜਾਂ ਵਾਸਤੇ ਹਨ ਜੋ ਲੋਕਾਂ ਨੂੰ ਧਮਕੀਆਂ ਦਿੰਦੇ, ਅੰਨ੍ਹੇਵਾਹ ਭਜਦੇ ਫਿਰਦੇ ਹਨ ਜਾਂ ਸਰੀਰਕ ਤੌਰ ਤੇ ਖ਼ਤਰਨਾਕ ਸਿੱਧ ਹੋ ਰਹੇ ਹਨ। ਇਹ ਸ਼ਬਦ ਕਿਸੇ ਜਾਅਲਸਾਜ਼ ਜੁੰਡੀ

ਦੇ ਮੁੱਖੀ ਉੱਤੇ ਲਾਗੂ ਨਹੀਂ ਹੋਣਗੇ।

ਡਾ. ਬੀ.ਆਰ. ਅੰਬੇਡਕਰ : ਪਰ ਇਸ ਮਾਮਲੇ ਨਾਲ ਸੰਬੰਧ ਰਖਣ ਵਾਲਾ ਵਖਰਾ ਹੀ ਅਧਿਆਇ ਹੈ। ਇਹ ਅਧਿਆਇ ਭਾਰਤੀ ਦੰਡਾਵਲੀ ਦਾ ਕਾਂਡ (XVI) ਹੈ, ਜੋ ਮੈਂ ਛੱਡ ਦਿੱਤਾ ਹੈ।

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਪਰ ਤੁਸਾਂ ਆਖਿਆ ਹੈ "ਆਦਤਨ ਰੁਝਿਆ ਹੋਇਆ"। ਜੇ ਹਾਲਤ ਇਹ ਹੈ ਤਾਂ ਬਿਲ ਦਾ ਕੋਈ ਅਰਥ ਹੀ ਨਹੀਂ ਰਹੇਗਾ। ਜੇ ਧਾਰਾ ਨੂੰ ਇਸ ਹਦ ਤਕ ਕਮਜ਼ੋਰ ਕਰ ਦਿਤਾ ਜਾਣਾ ਹੈ ਤਾਂ ਜਿਸ ਮਨੋਰਥ ਲਈ ਇਸ ਨੂੰ ਘੜਿਆ ਗਿਆ ਹੈ, ਉਸ ਦੇ ਲਈ ਇਹ ਬੇਕਾਰ ਹਥਿਆਰ ਸਿੱਧ ਹੋਵੇਗਾ। ਇਸ ਲਈ ਮੇਰੇ ਲਈ ਤਰਮੀਮ ਨੂੰ ਸਵੀਕਾਰ ਕਰਨਾ ਸੰਭਵ ਨਹੀਂ।

ਮਾਨਯੋਗ ਸਪੀਕਰ : ਹੁਣ ਮੈਂ ਤਰਮੀਮ ਅਤੇ ਤਰਮੀਮ ਦੀਆਂ ਤਰਮੀਮਾਂ ਨੂੰ ਸਦਨ ਅੱਗੇ ਵੋਟ ਲਈ ਪੇਸ਼ ਕਰਨਾ ਹੈ। ਪਹਿਲਾਂ ਮੈਂ ਤਰਮੀਮ ਦੀਆਂ ਤਰਮੀਮਾਂ ਨੂੰ ਲਵਾਂਗਾ। ਸੋ ਮੈਂ ਡਾ. ਅੰਬੇਡਕਰ ਦੀ ਤਰਮੀਮ ਬਾਰੇ ਸ੍ਰੀ ਭੋਲੇ ਦੀ ਤਰਮੀਮ ਪੇਸ਼ ਕਰਦਾ ਹਾਂ। ਇਸ ਨੂੰ ਪੜ੍ਹਨ ਦੀ ਲੋੜ ਹੈ ?

(ਮਾਨਯੋਗ ਮੈਂਬਰ : ਨਹੀਂ)।

ਸੋ, ਹੁਣ ਮੈਂ ਪ੍ਰਸ਼ਨ ਕਰਦਾ ਹਾਂ।

ਪ੍ਰਸ਼ਨ ਪ੍ਰਸਤਾਵਿਤ।

ਮਾਨਯੋਗ ਸਪੀਕਰ : 'ਨਹੀਂ' ਦਾ ਪਲੜਾ ਭਾਰੀ ਹੈ।

ਡਾ. ਬੀ. ਆਰ. ਅੰਬੇਡਕਰ : ਸ੍ਰੀਮਾਨ ਜੀ, ਇਹ ਮਨਸ਼ਾ ਪ੍ਰਗਟਾਉਣ ਦਾ ਹੀ ਸਵਾਲ ਸੀ। ਇਹ ਮੂਲ-ਮੁੱਦੇ ਦੀ ਤਰਮੀਮ ਤਾਂ ਬਿਲਕੁਲ ਨਹੀਂ।

ਮਾਨਯੋਗ ਸਪੀਕਰ : ਹਾਂ, ਇਹ ਨਹੀਂ, ਹਰ ਹਾਲਤ ਵਿਚ ਮਾਨਯੋਗ ਮੈਂਬਰ ਡਾ. ਅੰਬੇਡਕਰ ਦੀ ਸੋਧੀ ਹੋਈ ਤਰਮੀਮ ਅੰਤ ਵਿਚ ਸਦਨ ਸਾਹਮਣੇ ਰਖਣੀ ਪਵੇਗੀ। ਇਸ ਲਈ ਇਸ ਨਾਲ ਕਿਸੇ ਤਰ੍ਹਾਂ ਦਾ ਵੀ ਫ਼ਰਕ ਨਹੀਂ ਪੈਂਦਾ। ਮੈਂ ਮੁੜ ਬੋਲਾਂ ਰਾਹੀਂ ਵੋਟਾਂ ਲਵਾਂਗਾ।

ਤਰਮੀਮ ਪੇਸ਼ ਹੋਈ ਅਤੇ ਸਵੀਕਾਰੀ ਗਈ।

+ਡਾ. ਬੀ. ਆਰ. ਅੰਬੇਡਕਰ : (ਬੰਬਈ ਸ਼ਹਿਰ) : ਮੈਂ ਆਪਣੇ ਮਾਨਯੋਗ ਮਿੱਤਰ ਸ੍ਰੀ ਚੁੰਦਰੀਗਰ ਦੁਆਰਾ ਪੇਸ਼ ਕੀਤੀ ਗਈ ਤਰਮੀਮ ਦੀ ਹਿਮਾਇਤ ਵਿਚ ਖੜਾ ਹੋਇਆ ਹਾਂ। ਇਸ ਤਰਮੀਮ ਦੀ ਮੰਗ ਹੈ ਕਿ ਆਪਣੇ ਕਬਜ਼ੇ ਵਿਚਲੀ ਸਮਗਰੀ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ, ਪੁਲਿਸ ਕਮਿਸ਼ਨਰ ਜਿਸ ਵਿਅਕਤੀ ਨੂੰ ਨਗਰ ਨਿਕਾਲਾ ਦੇਣਾ ਚਾਹੁੰਦਾ ਹੈ, ਉਸ ਨੂੰ ਮੈਜਿਸਟ੍ਰੇਟ ਅੱਗੇ ਪੇਸ਼ ਕਰੇ ਅਤੇ ਸਮਗਰੀ ਉਸ ਅੱਗੇ ਰਖੇ। ਉਹ ਉਦੋਂ ਤੀਕ ਕਾਰਵਾਈ

+ ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨੇ 2533-34 ਮਿਤੀ 28 ਅਪ੍ਰੈਲ 1938.

ਨਾ ਕਰੇ ਜਦੋਂ ਤਕ ਮੈਜਿਸਟ੍ਰੇਟ ਦੀ ਤਸੱਲੀ ਨਾ ਹੋਵੇ। ਸਪਸ਼ਟ ਹੈ ਕਿ ਇਸ ਤਰਮੀਮ ਦਾ ਮਨੋਰਥ ਹੋਰ ਬਚਾਉ ਦਾ ਸਾਧਨ ਮੁਹਈਆ ਕਰਨਾ ਹੈ ਤਾਂ ਜੋ ਪੁਲਿਸ ਕਮਿਸ਼ਨਰ ਕੋਈ ਆਪ-ਹੁਦਰੀ ਕਾਰਵਾਈ ਨਾ ਕਰੇ। ਹੁਣ, ਸ੍ਰੀਮਾਨ ਜੀ, ਇਹ ਤਰਮੀਮ ਜੋ ਬਚਾਉ ਦੇ ਸਾਧਨ ਵਜੋਂ ਹੈ, ਅਜੇਹੀ ਮੰਗ ਕਰਦੀ ਹੈ ਜੋ ਉਨ੍ਹਾਂ ਦਾ ਹੱਕ ਹੈ ਜਾਂ ਇਹ ਕੋਈ ਬੇਲੋੜੀ ਚੀਜ਼ ਹੈ ? ਇਹ ਇਕ ਅਜੇਹਾ ਮਾਮਲਾ ਹੈ ਜਿਸ ਨੂੰ ਸਮਝਣ ਲਈ ਮੇਰੇ ਵਿਚਾਰ ਵਿਚ ਤੁਲਨਾ ਦੀ ਲੋੜ ਹੈ। ਹੁਣ ਮੈਂ ਉਨ੍ਹਾਂ ਇਨਕਲਾਬੀਆਂ ਦਾ ਮਾਮਲਾ ਲੈਂਦਾ ਹਾਂ ਜੋ ਇਨਕਲਾਬੀ ਅਪਰਾਧ ਵਿਚ ਹਿੱਸਾ ਲੈਂਦੇ ਹਨ। ਸਪਸ਼ਟ ਹੈ ਕਿ ਬਿਲ ਦੀ ਵਰਤਮਾਨ ਤਰਮੀਮ ਜਿਨ੍ਹਾਂ ਬੰਦਿਆਂ ਨਾਲ ਸਿੱਝਣ ਲਈ ਹੈ ਉਹ ਯਕੀਨਨ ਖ਼ਤਰੇ ਦਾ ਇਤਨਾ ਵੱਡਾ ਸ੍ਰੋਤ ਨਹੀਂ ਜਿਤਨਾ ਕਿ ਇਨਕਲਾਬੀ। ਇਸ ਲਈ ਪ੍ਰਤੱਖ ਹੈ ਕਿ ਇਨ੍ਹਾਂ ਬੰਦਿਆਂ ਨੂੰ ਕਿਸੇ ਇਨਕਲਾਬੀ ਤੋਂ ਬਹੁਤ ਵੱਧ ਹਿਫ਼ਾਜਤ ਦੀ ਲੋੜ ਹੈ। ਆਉ ਇਕ ਪਲ ਰੁਕ ਕੇ ਪੁਛੀਏ ਕਿ ਭਾਰਤ ਦੇ ਕਾਨੂੰਨ ਵਿਚ ਇਨਕਲਾਬੀ ਅਪਰਾਧੀਆਂ ਲਈ ਬਚਾਉ ਦੇ ਕੀ ਸਾਧਨ ਮੌਜੂਦ ਸਨ ? ਮੈਂ ਇਸ ਮਾਮਲੇ ਦੇ ਬੀਤੇ ਇਤਿਹਾਸ ਦੀ ਗਲ ਨਹੀਂ ਕਰਨਾ ਚਾਹੁੰਦਾ, ਪਰ ਮੇਰੇ ਕੋਲ ਰਾਜ ਧਰੋਹ ਕਮੇਟੀ ਦੀ ਰਿਪੋਰਟ ਹੈ ਜੋ ਭਾਰਤ ਸਰਕਾਰ ਨੇ 1913 ਵਿਚ ਨਿਯੁਕਤ ਕੀਤੀ ਸੀ। ਵਿਚਾਰ ਗੋਚਰੇ ਵਿਸ਼ੇ ਇਹ ਸਨ : "ਭਾਰਤ ਵਿਚ ਇਨਕਲਾਬੀ ਲਹਿਰ ਦੀ ਮੌਜੂਦਗੀ ਸੰਬੰਧੀ ਰਿਪੋਰਟ ਕਰਨ ਲਈ, ਉਨ੍ਹਾਂ ਔਕੜਾਂ ਦਾ ਪਰੀਖਣ ਕਰਨ ਲਈ ਜੋ ਅਪਰਾਧ ਭਰੀਆਂ ਸਾਜ਼ਸ਼ਾਂ ਨਾਲ ਸਿੱਝਣ ਵਿਚ ਪੇਸ਼ ਆਉਂਦੀਆਂ ਹਨ, ਅਤੇ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਲਈ ਚੁਕੇ ਜਾਣ ਵਾਲੇ ਕਦਮਾਂ ਦਾ ਸੁਝਾਉ ਦੇਣ ਲਈ।" ਮੇਰੇ ਲਈ ਭਾਰਤ ਵਿਚ ਇਨਕਲਾਬੀ ਅਪਰਾਧ ਦੇ ਵਿਵਰਣ ਦਾ ਜ਼ਿਕਰ ਕਰਨਾ ਬੇਲੋੜਾ ਹੈ। ਕਮੇਟੀ ਨੇ ਇਸ ਨੂੰ ਬੜਾ ਵਿਸਤਾਰਪੂਰਬਕ ਬਿਆਨ ਕੀਤਾ ਹੈ। ਪ੍ਰਸੰਗਕ ਗਲ ਬਚਾਉ ਦੇ ਸਾਧਨ ਹਨ ਜੋ ਰਾਜ ਧਰੋਹ ਕਮੇਟੀ ਨੇ ਸੁਝਾਏ ਸਨ। ਸਦਨ ਦੀ ਦਿਲਚਸਪੀ ਇਸ ਕਮੇਟੀ ਦੀ ਬਣਤਰ ਵਿਚ ਹੋ ਸਕਦੀ ਹੈ। ਇਸ ਲਈ ਮੈਂ ਉਨ੍ਹਾਂ ਭਦਰ ਪੁਰਸ਼ਾਂ ਦੇ ਨਾਵਾਂ ਦਾ ਜ਼ਿਕਰ ਕਰਾਂਗਾ ਜੋ ਇਸ ਕਮੇਟੀ ਵਿਚ ਸਨ: ਸ਼ਾਹੀ ਅਦਾਲਤ ਪ੍ਰਭਾਗ (ਕਿੰਗਜ਼ ਬੈਂਚ ਡਵੀਜ਼ਨ) ਦਾ ਜੱਜ (ਸ੍ਰੀਮਾਨ ਜੱਜ ਰੌਲਟ,) ਬੰਬਈ ਦਾ ਚੀਫ਼ ਜਸਟਿਸ ਸਰ ਬਾਸਿਲ ਸਕਾਟ, ਮਦਰਾਸ ਉੱਚ-ਅਦਾਲਤ ਦਾ ਜੱਜ, ਦੀਵਾਨ ਬਹਾਦਰ ਸੀ.ਵੀ. ਕੁਮਾਰਾਸਵਾਮੀ ਸ਼ਾਸਤਰੀ, ਉੱਤਰ ਪ੍ਰਦੇਸ਼ ਆਮਦਨ ਬੋਰਡ ਦਾ ਮੈਂਬਰ ਵਰਨੇ ਲੋਵਟ, ਅਤੇ ਸੀ.ਪੀ. ਮਿੱਤਰ। ਇਸ ਕਮੇਟੀ ਵਿਚ ਬਹੁਤ ਸਾਰੇ ਅਜਿਹੇ ਮੈਂਬਰ ਸਨ ਜੋ ਨਿਆਂ ਪ੍ਰਬੰਧਕੀ ਸੋਚ ਵਾਲੇ ਸਨ। ਇਹ ਸਚਾਈ ਹੈ ਕਿ ਉਸ ਸਾਰੇ ਸਮੇਂ ਦੇ ਦੌਰਾਨ ਜਦੋਂ ਭਾਰਤ ਸਰਕਾਰ ਇਨਕਲਾਬੀ ਅਪਰਾਧਾਂ ਨਾਲ ਨਜਿਠਣਾ ਚਾਹੁੰਦੀ ਸੀ, ਉਨ੍ਹਾਂ ਇਹ ਸਿਧਾਂਤ ਮੰਨਿਆ ਹੈ ਕਿ ਇਨਕਲਾਬੀਆਂ ਨੂੰ ਦੰਡ ਦੇਣ ਤੋਂ ਪਹਿਲਾਂ ਇਕ ਟ੍ਰਿਬਿਊਨਲ ਅੱਗੇ ਉਨ੍ਹਾਂ ਦਾ ਮੁਕਦਮਾ ਜ਼ਰੂਰ ਪੇਸ਼ ਕੀਤਾ ਜਾਏ। ਉਨ੍ਹਾਂ ਉੱਪਰ ਅਦਾਲਤੀ ਮੁਕਦਮਾ ਕਦੇ ਨਹੀਂ ਚਲਾਇਆ ਗਿਆ। ਇਸ ਦਾ ਮੁਖ ਕਾਰਨ ਇਹ ਸੀ ਕਿ ਟ੍ਰਿਬਿਊਨਲ ਦੇ ਬੰਦੇ ਭਾਰਤ ਸਰਕਾਰ ਦੀ ਕਾਰਜਕਾਰਨੀ ਦੇ ਕਰਮਚਾਰੀ ਸਨ। ਕਮੇਟੀ ਪੈਰਾ 182 ਵਿਚ ਆਖਦੀ ਹੈ:

"ਭਾਵੇਂ ਮੂਲ ਰੂਪ ਵਿਚ ਅਸੀਂ ਭਾਰਤ ਰਖਿਆ ਐਕਟ ਅਧੀਨ ਸਥਾਪਿਤ ਕਾਰਵਾਈ ਦੀ ਸਿਫ਼ਾਰਸ਼ ਕਰਦੇ ਹਾਂ, ਤਾਂ ਵੀ, ਸਾਡਾ ਵਿਚਾਰ ਹੈ ਕਿ ਐਕਟ ਵਿਚ ਉਪਬੰਧਿਤ ਇਨ੍ਹਾਂ ਟ੍ਰਿਬਿਊਨਲਾਂ ਦੀ ਬਣਤਰ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਇਹ ਅਨੁਚਿਤ ਜਾਪਦਾ ਹੈ ਕਿ ਇਹ ਟ੍ਰਿਬਿਊਨਲ ਕਿਸੇ ਵੀ ਹਦ ਤਕ ਅਜਿਹੇ ਵਿਅਕਤੀਆਂ ਦੇ ਬਣਾਏ ਜਾਣ ਜੋ ਪਹਿਲਾਂ ਤੋਂ ਹੀ ਨਿਆਂਪਾਲਕਾਂ ਦੇ ਕਰਮਚਾਰੀ ਨਹੀਂ, ਸਗੋਂ ਕਾਰਜਕਾਰਨੀ ਉਨ੍ਹਾਂ ਨੂੰ ਵਿਸ਼ੇਸ਼ ਕੇਸ ਲਈ ਚੁਣੇ। ਅਸਾਂ ਕੋਈ ਅਜਿਹੀ ਚੀਜ਼ ਨਹੀਂ ਵੇਖੀ ਜੋ ਇਹ ਸੁਝਾਏ ਕਿ ਹੁਣ ਤਕ ਨਿਯੁਕਤ ਕੀਤੇ ਵਿਸ਼ੇਸ਼ ਟ੍ਰਿਬਿਊਨਲ ਨੇ ਮੁਲਜ਼ਮ ਪ੍ਰਤਿ ਬੇਇਨਸਾਫ਼ੀ ਕੀਤੀ ਹੋਵੇ, ਪਰ ਸਾਡਾ ਵਿਚਾਰ ਹੈ ਕਿ ਸਿਧਾਂਤ ਵਜੋਂ ਇਤਰਾਜ਼ ਨੂੰ ਅਖੀਓਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸ ਤੋਂ ਛੁਟ, ਅਪੀਲ ਦਾ ਹਕ ਖੋਹ ਲਿਆ ਗਿਆ ਹੈ, ਇਸ ਲਈ ਟ੍ਰਿਬਿਊਨਲ ਉਚੱਤਮ ਸ਼ਕਤੀ ਅਤੇ ਅਧਿਕਾਰ ਵਾਲੇ ਹੋਣੇ ਚਾਹੀਦੇ ਹਨ।"

ਜੇ ਇਹ ਬਚਾਉ ਸਾਧਨ, ਇਹ ਨਿਸ਼ਚੇ ਕਰਨ ਲਈ ਜ਼ਰੂਰੀ ਹੈ ਕਿ ਇਨਕਲਾਬੀਆਂ ਨਾਲ ਕੋਈ ਸਖ਼ਤੀ ਜਾਂ ਬੇਇਨਸਾਫ਼ੀ ਨਾ ਹੋਵੇ, ਤਾਂ ਮੇਰੀ ਗੁਜ਼ਾਰਸ਼ ਹੈ ਕਿ ਹਰ ਸੂਝਵਾਨ ਬੰਦਾ ਇਹ ਸੋਚੇਗਾ ਕਿ ਉਨ੍ਹਾਂ ਬੰਦਿਆਂ ਲਈ ਇਸ ਤੋਂ ਕਿਤੇ ਵੱਧ ਬਚਾਉ ਸਾਧਨ ਦੀ ਲੋੜ ਹੈ ਜਿਨ੍ਹਾਂ ਨਾਲ ਸਿਝਣ ਲਈ ਇਸ ਬਿਲ ਤੇ ਵਿਚਾਰ ਕੀਤੀ ਜਾ ਰਹੀ ਹੈ। ਆਖ਼ਰ ਇਸ ਤਰਮੀਮ ਦਾ ਮਨਸ਼ਾ ਹੈ ਕੀ ? ਇਸ ਤਰਮੀਮ ਦੀ ਮੰਗ ਇਹ ਨਹੀਂ ਕਿ ਪੁਲਿਸ ਕਪਤਾਨ ਵਲੋਂ ਉਸ ਬੰਦੇ ਵਿਰੁਧ ਲਗਾਏ ਗਏ ਇਲਜ਼ਾਮਾਂ ਦੀ ਜਾਂਚ ਕਰਨ ਲਈ ਮੈਜਿਸਟ੍ਰੇਟਾਂ ਦਾ ਕੋਈ ਟ੍ਰਿਬਿਊਨਲ ਨਿਯੁਕਤ ਕੀਤਾ ਜਾਏ, ਜਿਸ ਨੂੰ ਉਹ ਸ਼ਹਿਰੋਂ ਬਾਹਰ ਭੇਜਣਾ ਚਾਹੁੰਦਾ ਹੈ। ਅਜਿਹੀ ਕੋਈ ਮੰਗ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਇਸ ਤਰਮੀਮ ਦੀ ਮੰਗ ਹੈ ਕਿ ਮੈਜਿਸਟ੍ਰੇਟ ਅੱਗੇ ਪੇਸ਼ ਕੀਤੀ ਸਮਗਰੀ ਦੀ ਜਾਂਚ ਇਸ ਤਰ੍ਹਾਂ ਕੀਤੀ ਜਾਵੇ ਜਿਵੇਂ ਕਿ ਇਹ ਕੋਈ ਮੁਕਦਮਾ ਹੈ, ਨਾ ਹੀ ਤਰਮੀਮ ਵਿਚ ਇਹ ਆਖਿਆ ਗਿਆ ਹੈ ਕਿ ਮੈਜਿਸਟ੍ਰੇਟ ਸਾਮ੍ਹਣੇ ਸਮਗਰੀ ਪੇਸ਼ ਕਰਨ ਸਮੇਂ ਪੁਲਿਸ ਕਮਿਸ਼ਨਰ ਮੁਖ਼ਬਰ ਦਾ ਨਾਉਂ ਦਸੇ। ਇਸ ਵਿਚ ਸਿਰਫ਼ ਇਹੋ ਕਿਹਾ ਗਿਆ ਹੈ ਕਿ ਮੈਜਿਸਟ੍ਰੇਟ ਇਸ ਨੂੰ ਵੇਖੇ ਅਤੇ ਸਰਟੀਫ਼ਿਕੇਟ ਦੇਵੇ ਕਿ ਇਹ ਇਕ ਉਚਿਤ ਕੇਸ ਹੈ , ਜਿਸ ਬਾਰੇ ਪੁਲਿਸ ਕਮਿਸ਼ਨਰ ਜੇ ਚਾਹੇ , ਤਾਂ ਕਾਰਵਾਈ ਕਰ ਸਕਦਾ ਹੈ। ਹੁਣ, ਜਨਾਬ, ਮੈਂ ਇਹ ਆਖਣ ਲਈ ਤਿਆਰ ਹਾਂ ਕਿ ਕਿਸੇ ਵੀ ਮਿਆਰ ਅਨੁਸਾਰ ਇਹ ਬਚਾਉ ਦਾ ਅਤਿਅੰਤ ਨਰਮ ਸਾਧਨ ਹੈ ਜੋ ਮੁਹਈਆ ਕੀਤਾ ਜਾ ਸਕਦਾ ਹੈ ਅਤੇ ਮੁਹਈਆ ਕੀਤਾ ਜਾਣਾ ਚਾਹੀਦਾ ਹੈ। ਜਨਾਬ, ਹੁਣ ਜਦੋਂ ਮਾਨਯੋਗ ਮੈਂਬਰ ਸ੍ਰੀ ਪਾਤਸਕਰ ਦੀ ਤਰਮੀਮ ਪਾਸ ਹੋ ਗਈ ਹੈ ਅਤੇ ਪੁਲਿਸ ਕਮਿਸ਼ਨਰ ਦੇ ਇਖ਼ਤਿਆਰ ਉਸ ਤੋਂ ਕਿਤੇ ਵਧ ਅਸੀਮਿਤ ਹਨ ਜਿਤਨੇ ਮੇਰੀ ਤਰਮੀਮ ਸਵੀਕਾਰ ਕਰਨ ਨਾਲ ਹੋਣੇ ਸਨ, ਇਹ ਨਿਸਚੈ ਕਰਨਾ ਵਿਰੋਧੀ ਧਿਰ ਦੇ ਮੈਂਬਰਾਂ ਅਤੇ ਸਾਰੇ ਸਦਨ ਦੀ ਜ਼ਿੰਮੇਵਾਰੀ ਹੋ ਗਈ ਹੈ ਕਿ ਇਸ ਮਾਮੂਲੀ ਜਿਹੇ ਬਚਾਉ ਸਾਧਨ–ਮੈਂ ਇਸ ਨੂੰ ਬਹੁਤ ਮਾਮਲੀ ਬਚਾਉ ਸਾਧਨ ਆਖਦਾ ਹਾਂ–ਦਾ ਬਿਲ ਵਿਚ ਉਪਬੰਧ ਕੀਤਾ ਜਾਏ ਤਾਂ ਜੋ ਇਹ ਨਿਸਚਿਤ ਹੋ ਜਾਏ ਕਿ ਪੁਲਿਸ ਕਮਿਸ਼ਨਰ ਮਨ–ਆਈ ਨਾ ਕਰੇ।

*III

ਡਾ.ਬੀ.ਆਰ.ਅੰਬੇਡਕਰ : ਮੈਂ ਜੋ ਗੁਜ਼ਾਰਸ਼ ਕਰਨਾ ਚਾਹਵਾਂਗਾ, ਉਹ ਇਹ ਹੈ: ਮਾਨਯੋਗ ਮੈਂਬਰ ਸ਼੍ਰੀ ਪਾਤਸਕਰ ਦੀ ਸੋਧ ਸਵੀਕਾਰ ਕਰਕੇ ਜੋ ਕੁਝ ਅਸੀਂ ਕੀਤਾ ਹੈ, ਉਹ ਇਹ ਹੈ ਕਿ ਅਸਾਂ ਪੁਲਿਸ ਕਮਿਸ਼ਨਰ ਵਾਸਤੇ ਉਨ੍ਹਾਂ ਮਾਮਲਿਆਂ ਸਬੰਧੀ ਹਿਦਾਇਤਾਂ ਤਿਆਰ ਕੀਤੀਆਂ ਹਨ ਜਿਨ੍ਹਾਂ ਅਨੁਸਾਰੇ ਉਹ ਦਿਤੇ ਗਏ ਇਖ਼ਤਿਆਰਾਂ ਦੀ ਵਰਤੋਂ ਕਰ ਸਕਦਾ ਹੈ। ਹਿਦਾਇਤ ਇਹ ਹੈ ਕਿ ਉਹ ਆਪਣੀਆਂ ਸ਼ਕਤੀਆਂ ਦੀ ਵਰਤੋਂ ਕੇਵਲ ਉਨ੍ਹਾਂ ਹਾਲਤਾਂ ਵਿਚ ਕਰੇਗਾ ਜਦੋਂ ਉਸ ਦੀ ਰਾਏ ਵਿਚ ਉਸ ਵਿਅਕਤੀ ਵਿਰੁਧ ਖੁਲ੍ਹੇ ਆਮ ਗਵਾਹੀ ਦੇਣ ਲਈ ਕੋਈ ਅੱਗੇ ਆਉਣ ਲਈ ਤਿਆਰ ਨਹੀਂ। ਇਹ ਇਕ ਹਿਦਾਇਤ ਉਸ ਨੂੰ ਦਿਤੀ ਗਈ ਹੈ ਕਿ ਉਸ ਨੇ ਦਿਤਾ ਗਿਆ ਇਖ਼ਤਿਆਰ ਉਦੋਂ ਹੀ ਵਰਤਣਾ ਹੈ ਜਦੋਂ ਉਸ ਦੀ ਰਾਏ ਵਿਚ ਸੁਰਖਿਆ ਵਜੋਂ ਗਵਾਹੀ ਦੇਣ ਲਈ ਕੋਈ ਤਿਆਰ ਨਹੀਂ। ਬਿਲ ਦੇ ਉਪ ਖੰਡ(2) ਵਿਚ ਕਾਰਜ ਪ੍ਰਣਾਲੀ ਨਿਰਧਾਰਤ ਕੀਤੀ ਗਈ ਹੈ ਜਿਸ ਦੀ ਪਾਲਣਾ ਕਮਿਸ਼ਨਰ ਨੇ ਕਰਨੀ ਹੈ। ਕਾਰਜ-ਵਿਧੀ ਇਸ ਪ੍ਰਕਾਰ ਹੈ : ਪਹਿਲਾਂ ਕਮਿਸ਼ਨਰ ਨੇ ਜੁਰਮ ਦਾ ਵਿਵਰਣ ਦੇਣਾ ਹੈ। ਦੂਜੇ, ਕਮਿਸ਼ਨਰ ਨੇ ਉਸ ਬੰਦੇ ਨੂੰ ਮੌਕਾ ਦੇਣਾ ਹੈ ਕਿ ਉਹ ਲਗਾਏ ਗਏ ਜੁਰਮ ਦਾ ਜਵਾਬ ਦੇਵੇ। ਤੀਜੇ, ਉਸੇ ਵਿਅਕਤੀ ਨੂੰ ਗਵਾਹ ਲਿਆਉਣ ਦਾ ਮੌਕਾ ਦੇਣਾ ਹੈ। ਉਪ-ਖੰਡ(6) ਫ਼ੌਜਦਾਰੀ ਅਦਾਲਤ ਦੁਆਰਾ ਪੁਲਿਸ ਕਮਿਸ਼ਨਰ ਦੇ ਦਿਤੇ ਗਏ ਆਦੇਸ਼ ਉਤੇ ਇਤਰਾਜ਼ ਕਰਨ ਦੇ ਅਧਿਕਾਰ ਨਾਲ ਸਿੱਝਦਾ ਹੈ। ਇਹ ਧਾਰਾ ਕੀ ਕੁਝ ਕਰਦੀ ਹੈ ? ਇਹ ਧਾਰਾ ਕੇਵਲ ਇਹੋ ਆਖਦੀ ਹੈ: ਅਦਾਲਤ ਨੂੰ ਇਹ ਜਾਂਚਣ ਦਾ ਇਖ਼ਤਿਆਰ ਹਾਸਲ ਹੋਵੇਗਾ-- ਮੈਂ ਇਸ ਨੂੰ ਹਾਂ ਪੱਖੀ ਰੂਪ ਵਿਚ ਪੇਸ਼ ਕਰ ਰਿਹਾ ਹਾਂ-ਕਿ ਇਸ ਬਿਲ ਵਿਚ ਦਸੀ ਕਾਰਜ-ਵਿਧੀ ਦੀ ਪਾਲਣਾ ਕੀਤੀ ਗਈ ਹੈ ਜਾਂ ਨਹੀਂ।

ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨਾ 2586-87 29 ਅਪ੍ਰੈਲ, 1938.

ਕਾਰਜ-ਵਿਧੀ ਵਜੋਂ ਪਹਿਲੀ ਗਲ ਜੋ ਕਮਿਸ਼ਨਰ ਨੂੰ ਕਰਨ ਲਈ ਆਖੀ ਗਈ ਹੈ, ਉਹ ਇਹ ਹੈ ਕਿ ਉਹ ਜੁਰਮ ਦਾ ਵਿਵਰਣ ਪੇਸ਼ ਕਰੇ: ਦੂਜੇ, ਉਹ ਵਿਅਕਤੀ ਨੂੰ ਜੁਰਮ ਦੀ ਜਵਾਬ ਦੇਹੀ ਲਈ ਆਖੇ। ਤੀਜੇ, ਜੋ ਮਾਮਲਾ ਮੂਲ ਮਸੌਦੇ ਵਿਚ ਉੱਕ ਗਿਆ ਸੀ, ਪਰ ਉੱਚ ਅਦਾਲਤ ਦੇ ਫ਼ੈਸਲੇ ਦਾ ਇਕ ਭਾਗ ਸੀ ਕਿ ਕਮਿਸ਼ਨਰ, ਸਮਗਰੀ ਉਸ ਦੇ ਸਾਮ੍ਹਣੇ ਰਖੇ। ਇਹ ਗਲ ਹੁਣ ਮਾਨਯੋਗ ਮੈਂਬਰ ਸ਼੍ਰੀ ਪਾਤਸਕਰ ਦੁਆਰਾ ਪੇਸ਼ ਕੀਤੀ ਤਰਮੀਮ ਨੇ ਵਧਾ ਦਿਤੀ ਹੈ। ਹੁਣ ਮੇਰੀ ਗੁਜ਼ਾਰਸ਼ ਹੈ ਕਿ ਅਸਾਂ ਹੁਣ ਪਾਸ ਕੀਤੇ ਇਕ ਖੰਡ ਦੁਆਰਾ ਇਹ ਵਾਧਾ ਵੀ ਕਰ ਦਿੱਤਾ ਹੈ ਕਿ ਇਸ ਸ਼ਕਤੀ ਦੀ ਵਰਤੋਂ ਕੇਵਲ ਉਨ੍ਹਾਂ ਹਾਲਤਾਂ ਵਿਚ ਹੀ ਕੀਤੀ ਜਾਵੇ

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨਾ 2586-87, 29 ਅਪ੍ਰੈਲ, 1938

ਜਿਥੇ ਸੁਰਖਿਆ ਦੇ ਕਾਰਨਾਂ ਨੂੰ ਮੁਖ ਰੱਖ ਕੇ ਗਵਾਹ ਅੱਗੇ ਆਉਣ ਨੂੰ ਤਿਆਰ ਨਹੀਂ। ਮਾਨਯੋਗ ਮੈਂਬਰ ਸ੍ਰੀ ਭੋਲੇ ਦੀ ਤਰਮੀਮ ਇਕ ਹੋਰ ਕਾਰਨ ਦਾ ਵਾਧਾ ਕਰਨਾ ਚਾਹੁੰਦੀ ਹੈ। ਖੰਡ ਦੀ ਹੁਣ ਵਾਲੀ ਸ਼ਬਦਾਵਲੀ ਅਨੁਸਾਰ, ਉੱਚ ਅਦਾਲਤ ਆਦੇਸ਼ ਨੂੰ ਮਨਸੂਖ਼ ਕਰ ਸਕਦੀ ਹੈ, ਜੇ ਜੁਰਮ ਦਾ ਵਿਵਰਣ ਉਸ ਆਦਮੀ ਨੂੰ ਨਾ ਦਸਿਆ ਜਾਏ, ਜੇ ਉਸ ਨੂੰ ਲਾਏ ਗਏ ਜੁਰਮ ਦੀ ਜਵਾਬ-ਦੇਹੀ ਦਾ ਅਵਸਰ ਨਾ ਦਿਤਾ ਜਾਏ ਜਾਂ ਉਸ ਦੇ ਗਵਾਹਾਂ ਤੋਂ ਪੁੱਛ-ਗਿੱਛ ਨਾ ਕੀਤੀ ਜਾਏ। ਅਤੇ, ਅੰਤਮ---- ਸ੍ਰੀ ਪਾਤਸਕਰ ਦੀ ਸੋਧ ਅਨੁਸਾਰ---- ਪੁਲਿਸ ਕਮਿਸ਼ਨਰ ਦੇ ਸਾਮ੍ਹਣੇ ਕੋਈ ਸਮਗਰੀ ਨਾ ਹੋਵੇ, ਜਿਸ ਦੇ ਆਧਾਰ ਤੇ ਉਹ ਆਦੇਸ਼ ਜਾਰੀ ਕਰ ਸਕਦਾ ਹੋਵੇ। ਜਿਸ ਗਲ ਦਾ ਮਾਨਯੋਗ ਮੈਂਬਰ ਸ੍ਰੀ ਭੋਲੇ ਵਾਧਾ ਕਰਨਾ ਚਾਹੁੰਦੇ ਹਨ ਉਹ ਇਹ ਹੈ ਕਿ ਜੋ ਸ਼ਰਤ ਮਾਨਯੋਗ ਮੈਂਬਰ ਸ੍ਰੀ ਪਾਤਸਕਰ ਦੀ ਤਰਮੀਮ ਦੇ ਭਾਗ(1) ਲਾਈ ਗਈ ਹੈ, ਭਾਵ , ਗਵਾਹ, ਗਵਾਹੀ ਦੇਣ ਲਈ ਅੱਗੇ ਆਉਣ ਲਈ ਤਿਆਰ ਨਹੀਂ। ਇਹ ਵੀ ਇਕ ਆਧਾਰ ਹੋਵੇਗਾ ਜਿਸ ਦੇ ਕਾਰਨ ਮੈਜਿਸਟ੍ਰੇਟੀ ਅਦਾਲਤ ਆਦੇਸ਼ ਨੂੰ ਮਨਸੂਖ਼ ਕਰ ਸਕੇਗੀ। ਇਸ ਲਈ ਇਹ ਮੈਜਿਸਟ੍ਰੇਟ ਦੇ ਅਧਿਕਾਰ ਤੇ ਪਾਬੰਦੀ ਨਹੀਂ, ਇਹ ਇਕ ਨਿਰਧਾਰਿਤ ਕਾਰਜ ਵਿਧੀ ਹੈ ਅਤੇ ਖੰਡ ਕੇਵਲ ਇਤਨਾ ਹੀ ਆਖਦਾ ਹੈ ਕਿ ਉੱਚ ਆਦਲਤ ਜਾਂ ਮੈਜਿਸਟ੍ਰੇਟੀ ਅਦਾਲਤ ਇਹ ਪੱਕ ਕਰੇਗੀ ਕਿ ਪੁਲਿਸ ਕਮਿਸ਼ਨਰ ਨੇ ਸਭ ਤਰ੍ਹਾਂ ਦੀ ਕਾਰਜਵਿਧੀ ਦੀ ਪਾਲਣਾ ਕੀਤੀ ਹੈ। ਮਾਨਯੋਗ ਮੈਂਬਰ ਸ੍ਰੀ ਪਾਤਸਕਰ ਇਹ ਮੰਗ ਨਹੀਂ ਕਰਦੇ , ਨਾ ਹੀ ਇਥੇ ਕੋਈ ਇਹ ਭਾਲਦਾ ਹੈ ਕਿ ਉੱਚ ਅਦਾਲਤ ਜਾਂ ਮੈਜਿਸਟ੍ਰੇਟੀ ਅਦਾਲਤ ਘੋਖ ਕੇ ਨਿਰਨਾ ਲਵੇਗੀ ਕਿ ਸਮਗਰੀ ਭਰੋਸੇਯੋਗ ਸੀ ਜਾਂ ਨਹੀਂ। ਲੋੜ ਕੇਵਲ ਇਹ ਵੇਖਣ ਦੀ ਹੈ ਕਿ ਸਮਗਰੀ ਕਮਿਸ਼ਨਰ ਕੋਲ ਹੈ। ਇਦਾਂ ਹੀ ਮਾਨਯੋਗ ਸ੍ਰੀ ਭੋਲੇ ਇਹ ਚਾਹੁੰਦੇ ਹਨ ਕਿ ਅਦਾਲਤ ਇਹ ਨਿਸ਼ਚਾਂ ਕਰੇ ਕਿ ਪੁਲਿਸ ਕਮਿਸ਼ਨਰ ਨੇ ਸੱਚ-ਮੁੱਚ ਇਸ ਤੱਥ ਨੂੰ ਵਿਚਾਰ ਅਧੀਨ ਲਿਆਂਦਾ ਹੈ ਕਿ ਗਵਾਹ ਅੱਗੇ ਆਉਣ ਲਈ ਤਿਆਰ ਹਨ ਜਾਂ ਨਹੀਂ। ਮਾਨਯੋਗ ਸ੍ਰੀ ਭੋਲੇ ਦੀ ਤਰਮੀਮ ਉੱਚ ਅਦਾਲਤ ਜਾਂ ਮੈਜਿਸਟ੍ਰੇਟੀ ਅਦਾਲਤ ਨੂੰ ਇਹ ਸ਼ਕਤੀ ਦੇਣਾ ਨਹੀਂ ਲੋਚਦੀ ਕਿ ਉਹ ਇਸ ਪ੍ਰਸ਼ਨ ਦਾ ਅਦਾਲਤੀ ਫ਼ੈਸਲਾ ਕਰੇ ਕਿ ਗਵਾਹ ਅੱਗੇ ਆਉਣ ਲਈ ਤਿਆਰ ਕਿਉਂ ਨਹੀਂ ? ਉੱਚ ਅਦਾਲਤ ਜਾਂ ਮੈਜਿਸ਼ਟ੍ਰੇਟੀ ਅਦਾਲਤ ਨੇ ਇਸ ਪ੍ਰਸ਼ਨ ਦਾ ਅਦਾਲਤੀ ਫ਼ੈਸਲਾ ਨਹੀਂ ਕਰਨਾ ਅਤੇ ਇਹ ਨਹੀਂ ਆਖਣਾ, "ਇਹ ਆਧਾਰ ਅਜਿਹੇ ਹਨ ਜਿਨ੍ਹਾਂ ਤੇ ਕਿਸੇ ਦੀ ਵੀ ਤਸਲੀ ਨਹੀਂ ਹੋਣੀ ਚਾਹੀਦੀ ।" ਫ਼ੈਸਲੇ ਦੀ ਅੰਤਿਮਤਾ ਦਾ ਹੱਕ ਪੁਲਿਸ ਕਮਿਸ਼ਨਰ ਕੋਲ ਹੈ ।ਮਾਨਯੋਗ ਸ੍ਰੀ ਭੋਲੇ ਦੀ ਸੋਧ, ਇਸ ਖੰਡ ਵਿਚ ਇਕ ਸ਼ਰਤ ਲਿਆਉਣਾ ਲੋਚਦੀ ਹੈ ਜੋ ਅਸਾਂ ਮਾਨਯੋਗ ਸ੍ਰੀ ਪਾਤਸਕਰ ਦੀ ਤਰਮੀਮ ਪਾਸ ਕਰਕੇ ਥੋਪ ਦਿਤੀ ਹੈ। ਇਹ ਸ਼ਰਤ ਕਾਰਜ-ਵਿਧੀ ਦੀ ਹੈ, ਜੋ ਬਿਲ ਨੂੰ ਸੰਪੂਰਨ ਸਮੁੱਚਤਾ ਪ੍ਰਦਾਨ ਕਰਦੀ ਹੈ। ਜੋ ਤਰਮੀਮ ਹੁਣ ਅਸਾਂ ਪਾਸ ਕੀਤੀ ਹੈ ਅਤੇ ਮਾਨਯੋਗ ਮੈਂਬਰ ਸ੍ਰੀ ਭੋਲੇ ਦੀ ਤਰਮੀਮ ਵਿਚ ਕੋਈ ਟਕਰਾਉ ਨਹੀਂ। ਲੋੜ ਕੇਵਲ, " ਕਮਿਸ਼ਨਰ ਦੀ ਰਾਏ ਵਿਚ " ਦਾ ਵਾਧਾ ਕਰਨ ਦੀ ਹੈ, ਅਤੇ ਮੈਂ ਇਹ ਮਤਾ ਪੇਸ਼ ਕਰਦਾ ਹਾਂ।

*ਡਾ.ਬੀ.ਆਰ.ਅੰਬੇਡਕਰ: ਸ੍ਰੀਮਾਨ ਜੀ, ਕੀ ਮੈਨੂੰ ਵਿਆਖਿਆ ਕਰਨ ਦੀ ਆਗਿਆ ਹੈ ? ਸੰਖੇਪ ਵਿਚ ਸਥਿਤੀ ਇਹ ਹੈ:

ਅਸਾਂ ਅਦਾਲਤ ਨੂੰ ਮੁੜ-ਅੰਕੀ ਧਾਰਾ (7) ਅਧੀਨ ਕੁਝ ਸ਼ਕਤੀਆਂ ਦਿਤੀਆਂ ਹਨ। ਜਦੋਂ ਕੋਈ ਵਿਅਕਤੀ ਕਮਿਸ਼ਨਰ ਦੇ ਆਦੇਸ਼ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮੈਜਿਸਟ੍ਰੇਟ ਮੂਹਰੇ ਲਿਆਇਆ ਜਾਂਦਾ ਹੈ ਤਾਂ ਮੈਜਿਸਟ੍ਰੇਟ ਕੋਲ ਇਹ ਨਿਸ਼ਚਿਤ ਕਰਨ ਦਾ ਅਧਿਕਾਰ ਹੈ ਕਿ ਉਚਿਤ ਕਾਰਜ-ਵਿਧੀ ਦੀ ਪਾਲਣਾ ਹੋਈ ਹੈ । ਪ੍ਰੈਜ਼ੀਡੈਂਸੀ ਮੈਜਿਸਟ੍ਰੇਟ ਨੇ ਜੋ ਕੁਝ ਵੇਖਣਾ ਹੈ ਉਸ ਵਿਚ ਇਕ ਗਲ ਇਹ ਹੈ ਕਿ ਕਮਿਸ਼ਨਰ ਕੋਲ ਸਮਗਰੀ ਹੈ ਸੀ ਜਾਂ ਨਹੀਂ। ਹੁਣ ਇਹ ਖੰਡ ਆਖਦਾ ਹੈ ਕਿ ਜਦੋਂ ਮਾਮਲਾ ਪ੍ਰੈਜ਼ੀਡੈਂਸੀ ਮੈਜਿਸਟ੍ਰੇਟ ਅੱਗੇ ਪੇਸ਼ ਹੁੰਦਾ ਹੈ ਤਾਂ ਅਦਾਲਤ ਨੂੰ ਇਹ ਦਸਣ ਲਈ ਕਿ ਉਸ ਕੋਲ ਕਾਰਵਾਈ ਕਰਨ ਲਈ ਸਮਗਰੀ ਮੌਜੂਦ ਹੈ, ਕਮਿਸ਼ਨਰ ਜਾਂ ਕਿਸੇ ਹੋਰ ਨੂੰ ਗਵਾਹਾਂ ਦੇ ਕਟਹਿਰੇ ਵਿਚ ਜਾਣਾ ਪਵੇਗਾ। ਇਹ ਖੰਡ ਆਖਦਾ ਹੈ ਕਿ ਇਹ ਗਵਾਹੀ ਦੇਣ ਲਈ ਕਮਿਸ਼ਨਰ ਜਾਂ ਕੋਈ ਹੋਰ ਅਫ਼ਸਰ, ਜਿਸ ਨੂੰ ਉਹ ਪ੍ਰਤਿਨਿਯੁਕਤ ਕਰੇ, ਵਿਅਕਤੀ ਜਾਂ ਸੰਪਤੀ ਦੀ ਸ਼ਨਾਖ਼ਤ ਕਰਵਾਏਗਾ। ਮੈਂ ਉਪ-ਖੰਡ (8) ਦੀ ਸਥਿਤੀ ਬਿਆਨ ਕਰ ਰਿਹਾ ਹਾਂ। ਉਪ-ਖੰਡ (8) ਦੀ ਸਥਿਤੀ ਇਹ ਹੈ ਕਿ ਇਹ ਉਦੋਂ ਅਮਲ ਵਿਚ ਆਉਂਦੀ ਹੈ ਜਦੋਂ ਆਦੇਸ਼, ਮੈਜਿਸਟ੍ਰੇਟ ਦੁਆਰਾ ਇਹ ਵੇਖਣ ਲਈ ਵਾਚਿਆ ਜਾ ਰਿਹਾ ਹੈ ਕਿ ਇਹ ਉਚਿਤ ਹੈ ਜਾਂ ਨਹੀਂ; ਭਾਵ, ਇਹ ਕਾਰਜ-ਵਿਧੀ ਅਨੁਸਾਰ ਜਾਰੀ ਕੀਤਾ ਗਿਆ ਹੈ। ਮੈਜਿਸਟ੍ਰੇਟ ਜੋ ਵੇਖਦਾ ਹੈ, ਉਨ੍ਹਾਂ ਵਿਚੋਂ ਇਕ ਗਲ ਇਹ ਹੈ ਕਿ ਸਮਗਰੀ ਕਮਿਸ਼ਨਰ ਕੋਲ ਸੀ, ਕਿਉਂਕਿ ਇਹ ਸ਼ਰਤਾਂ ਵਿਚੋਂ ਇਕ ਹੈ; ਅਤੇ ਇਹ ਸਿਧ ਕਰਨ ਲਈ ਕਿ ਸਮਗਰੀ ਕੀ ਸੀ, ਇਹ ਸਵਾਲ ਉਠ ਸਕਦਾ ਹੈ ਕਿ ਮੈਜਿਸਟ੍ਰੇਟ ਕੋਲ ਅਧਿਕਾਰ ਹੋਵੇ ਜਿਸ ਨਾਲ ਉਹ ਪੁਲਿਸ ਕਮਿਸ਼ਨਰ ਨੂੰ ਸਾਰੀ ਸੂਚਨਾ ਜ਼ਾਹਰ ਕਰਨ ਲਈ ਮਜਬੂਰ ਕਰ ਸਕੇ, ਸਣੇ ਉਸ ਸੂਚਨਾ ਦੇ, ਜੋ ਵਿਅਕਤੀ ਜਾਂ ਸੰਪਤੀ ਦੀ ਪਛਾਣ ਤਕ ਲੈ ਜਾਵੇ। ਇਹ ਖੰਡ ਆਖਦਾ ਹੈ ਕਿ ਗਵਾਹੀ ਦੇਣ ਸਮੇਂ ਪੁਲਿਸ ਕਮਿਸ਼ਨਰ ਨੂੰ ਉਹ ਸੂਚਨਾ ਗੁਪਤ ਰਖਣ ਦੀ ਆਗਿਆ ਹੈ ਜੋ ਉਸ ਦੇ ਕੋਲ ਹੈ ਅਤੇ ਵਿਅਕਤੀ ਜਾਂ ਸੰਪਤੀ ਦੀ ਪਛਾਣ ਕਰਾ ਸਕਦੀ ਹੈ। ਉਪ ਧਾਰਾ 8 ਦੀ ਸਥਿਤੀ ਇਹ ਹੈ:

+ ਡਾ.ਬੀ.ਆਰ. ਅੰਬੇਡਕਰ; ਮੈ ਇਹ ਤਰਮੀਮ ਪੇਸ਼ ਕਰਨਾ ਚਾਹਵਾਂਗਾ, ਭਾਵ, ਸ਼ਬਦਾਂ "ਇਸ ਤੋਂ ਅੱਗੇ ਆਉਣ ਵਾਲੇ" ਤੋਂ ਮਗਰੋਂ ਹੇਠ ਲਿਖੇ ਸ਼ਬਦਾਂ ਦਾ ਵਾਧਾ ਕੀਤਾ ਜਾਵੇ:

"ਅਤੇ ਅਦਾਲਤ ਖ਼ਤਰਨਾਕ ਵਿਅਕਤੀਆਂ ਨਾਲ ਨਜਿਠਣ ਲਈ ਅਤੇ ਫ਼ਿਰਕੂ ਫ਼ਸਾਦਾਂ ਦੇ ਦੌਰਾਨ ਲੋਕ ਅਮਨ ਅਤੇ ਸ਼ਾਂਤੀ ਕਾਇਮ ਰਖਣ ਲਈ"-ਇਹੋ ਤਰਮੀਮ ਮੈਂ ਪੇਸ਼ ਕਰਨਾ ਚਾਹੁੰਦਾ ਹਾਂ।

ਮਾਨਯੋਗ ਸਪੀਕਰ : ਮੈਂ ਮਾਨਯੋਗ ਵਿਦਵਾਨ ਡਾਕਟਰ ਦੀ ਤਰਮੀਮ ਨੂੰ ਵਾਚ ਰਿਹਾ

+ ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3, ਪੰਨੇ 2630-34, ਮਿਤੀ 29 ਅਪ੍ਰੈਲ 1938

ਸਾਂ ਜਿਸ ਵਿਚ ਉਨ੍ਹਾਂ ਨੇ ਇਸ ਐਕਟ ਨੂੰ ਆਦੀ ਅਪਰਾਧੀਆਂ ਤੇ ਲਾਗੂ ਕਰਨ ਲਈ ਤਜਵੀਜ਼ ਕੀਤਾ ਹੈ। ਮੇਰਾ ਵਿਚਾਰ ਇਹ ਹੈ ਕਿ ਸਦਨ ਦੇ ਫ਼ੈਸਲੇ ਨੂੰ ਵੇਖਦਿਆਂ ਇਹ ਤਰਮੀਮ ਅਨੁਚਿਤ ਹੋਵੇਗੀ।

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਗੁਜ਼ਾਰਸ਼ ਕਰਨਾ ਚਾਹਵਾਂਗਾ ਕਿ ਜੋ ਬਿਲ ਹੁਣ ਸਦਨ ਦੇ ਸਾਹਮਣੇ ਹੈ, ਉਸ ਦਾ ਮਨੋਰਥ ਦੋਹਰਾ ਹੈ: ਇਕ ਮਨੋਰਥ ਤਾਂ ਫ਼ਿਰਕੂ ਫ਼ਸਾਦਾਂ ਨਾਲ ਸਿੱਝਣਾ ਹੈ। ਇਸ ਲਈ ਮੇਰੀ ਗੁਜ਼ਾਰਸ਼ ਹੈ ਕਿ ਮੇਰੀ ਤਰਮੀਮ ਦਾ ਉਹ ਭਾਗ ਜੋ ਫ਼ਿਰਕੂ ਫ਼ਸਾਦਾਂ ਸਬੰਧੀ ਹੈ, ਬਿਲਕੁਲ ਠੀਕ ਹੈ। ਇਸ ਬਿਲ ਦਾ ਸਬੰਧ ਕੁਝ ਅਜਿਹੇ ਉਪਬੰਧਾਂ ਨਾਲ ਵੀ ਹੈ ਜਿਨ੍ਹਾਂ ਦਾ ਮਨਸ਼ਾ ਉਨ੍ਹਾਂ ਵਿਅਕਤੀਆਂ ਨਾਲ ਸਿੱਝਣਾ ਜਾਂ ਕਾਰਵਾਈ ਕਰਨਾ ਹੈ ਜੋ ਮਾਨਯੋਗ ਮੰਤਰੀ ਜੀ ਅਨੁਸਾਰ ਮਵਾਲੀ ਸਮਝੇ ਜਾਂਦੇ ਹਨ, ਜਿਨ੍ਹਾਂ ਦਾ ਭਾਵ ਮੈਂ ਸਮਝਦਾ ਹਾਂ, ਆਦਤਨ ਖ਼ਤਰਨਾਕ ਵਿਅਕਤੀ ਹੈ। ਮੇਰੀ ਤਰਮੀਮ ਦਾ ਮਨਸ਼ਾ ਕੇਵਲ ਉਸ ਦੋਹਰੇ ਮਨੋਰਥ ਨੂੰ ਸਪਸ਼ਟ ਕਰਨਾ ਹੈ ਜੋ ਇਸ ਕਾਨੂੰਨ ਦਾ ਮਨਸ਼ਾ ਹੈ। ਇਕ ਮਨੋਰਥ ਫ਼ਿਰਕੂ ਫ਼ਸਾਦਾਂ ਨਾਲ ਨਜਿਠਣਾ ਹੈ ਅਤੇ ਦੂਜਾ ਮਨੋਰਥ ਉਨ੍ਹਾਂ ਨਾਲ ਸਿਝਣਾ ਹੈ ਜਿਨ੍ਹਾਂ ਨੂੰ ਮਵਾਲੀ ਆਖਦੇ ਹਨ। ਇਸ ਲਈ ਮੇਰੀ ਗੁਜ਼ਾਰਸ਼ ਹੈ ਕਿ ਮੇਰੀ ਤਰਮੀਮ ਨਿਯਮਾਂ ਅਨੁਸਾਰ ਹੈ। ਜੇ ਇਹ ਕਿਸੇ ਤਰ੍ਹਾਂ ਇਤਰਾਜ਼ਯੋਗ ਹੈ ਤਾਂ ਮੈਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਨ ਲਈ ਤਿਆਰ ਹਾਂ: "ਮਵਾਲੀਆਂ ਦੀਆਂ ਸਰਗਰਮੀਆਂ ਤੇ ਕਾਬੂ ਪਾਉਣ ਲਈ।"

ਮਾਨਯੋਗ ਸਪੀਕਰ: ਉਸ ਦੇ ਲਈ ਮੁਸ਼ਕਲ ਇਹ ਹੋਵੇਗੀ ਕਿ ਸ਼ਬਦ "ਮਵਾਲੀ" ਦੀ ਪਰਿਭਾਸ਼ਾ ਐਕਟ ਵਿਚ ਨਹੀਂ ਦਿਤੀ ਗਈ। ਇਹ ਅਜਿਹਾ ਸ਼ਬਦ ਨਹੀਂ ਜਿਸ ਦੀ ਪਰਿਭਾਸ਼ਾ ਕਿਸੇ ਵੀ ਐਕਟ ਵਿਚ ਦਿੱਤੀ ਗਈ ਹੋਵੇ।

ਡਾ. ਬੀ. ਆਰ. ਅੰਬੇਡਕਰ : ਮੇਰੀ ਗੁਜ਼ਾਰਸ਼ ਹੈ ਕਿ ਪ੍ਰਸਤਾਵਨਾ, ਕਾਨੂੰਨੀ ਅਰਥ ਵਿਆਖਿਆ ਦਾ ਵਿਸ਼ਾ ਨਹੀਂ ਬਣਨ ਲਗੀ। ਪ੍ਰਸਤਾਵਨਾ ਵਿਚ ਕੇਵਲ ਅਗਾਵਈ ਲਈ ਇਕ ਨਿਯਮ ਹੈ ਜਿਸ ਦੇ ਮਨੋਰਥ ਲਈ ਅਸਾਂ ਇਸ ਐਕਟ ਦੀ ਵਰਤੋਂ ਕਰਨੀ ਹੈ। ਇਸ ਲਈ ਮੇਰੀ ਗੁਜ਼ਾਰਸ਼ ਹੈ ਕਿ ਭਾਵੇਂ ਸ਼ਬਦ "ਮਵਾਲੀ" ਦੀ ਕਾਨੂੰਨੀ ਅਰਥ-ਵਿਆਖਿਆ ਨਹੀਂ ਕੀਤੀ ਗਈ, ਇਹ ਇਕ ਅਜਿਹਾ ਪਦ ਹੈ ਜਿਸ ਤੋਂ ਮਾਨਯੋਗ ਗ੍ਰਿਹ- ਮਤਰੀ ਅਤੇ ਪੁਲਿਸ ਕਮਿਸ਼ਨਰ ਦੋਵੇਂ ਹੀ ਚੰਗੀ ਤਰ੍ਹਾਂ ਵਾਕਫ਼ ਹਨ, ਅਤੇ ਮੈਂ ਸਮਝਦਾ ਹਾਂ, ਇਸ ਬਾਰੇ ਕੋਈ ਮੁਸ਼ਕਲ ਪੇਸ਼ ਨਹੀਂ ਆਉਣੀ ।

ਮਾਣਯੋਗ ਸਪੀਕਰ: ਤਰਮੀਮ ਦੋ ਭਾਗਾਂ ਵਿਚ ਵੰਡੀ ਜਾਂਦੀ ਹੈ; -- ਇਕ ਭਾਗ ਆਦੀ ਮੁਜਰਮਾਂ ਬਾਰੇ ਹੈ, ਜਿਹਾ ਕਿ ਮਾਨਯੋਗ ਮੈਂਬਰ ਨੇ ਬਿਆਨ ਕੀਤਾ ਹੈ , ਅਤੇ ਜਿਸ ਨੂੰ ਮੈਂ ਸਮਝਦਾ ਹਾਂ , ਉਹ ਤਿਆਗਣ ਲਈ ਤਿਆਰ ਹੈ।

ਡਾ. ਬੀ. ਆਰ. ਅੰਬੇਡਕਰ : ਨਹੀਂ, ਮੈਂ ਇਸ ਨੂੰ ਦੋ ਭਾਗਾਂ ਵਿਚ ਵੰਡਣ ਲਈ ਤਿਆਰ ਹਾਂ-- ਇਕ ਉਨ੍ਹਾਂ ਵਿਅਕਤੀਆਂ ਨਾਲ ਸਬੰਧ ਰਖਣ ਵਾਲਾ, ਜੋ ਖ਼ਤਰਨਾਕ ਵਿਅਕਤੀ

ਜਾਂ ਮਵਾਲੀ ਹਨ ਅਤੇ ਦੂਜਾ, ਮੇਰੀ ਗੁਜ਼ਾਰਸ਼ ਹੈ, ਸਿੱਧਾ ਉਸ ਤਰਮੀਮ ਨਾਲ ਸਬੰਧ ਰਖਦਾ ਹੈ ਜੋ ਸੰਕਟਕਾਲੀ ਸ਼ਕਤੀਆਂ ਪ੍ਰਦਾਨ ਕਰਨ ਬਾਰੇ ਹੈ।

ਮਾਨਯੋਗ ਸਪੀਕਰ : ਦੂਜਾ ਮੈ ਵੇਖ ਸਕਦਾ ਹਾਂ, ਜੇ ਇਸ ਨੂੰ ਦੋ ਭਾਗਾਂ ਵਿਚ ਵੰਡਿਆ ਜਾਏ, ਤਾਂ ਪਹਿਲੇ ਬਾਰੇ ਮੇਰਾ ਵਿਚਾਰ ਹੈ ਕਿ ਵਰਤਿਆ ਗਿਆ ਪਦ "ਮਵਾਲੀ" ਵੀ ਨਹੀਂ------

ਡਾ.ਬੀ.ਆਰ. ਅੰਬੇਡਕਰ : ਤਾਂ ਮੇਰੀ ਤਰਮੀਮ ਇਹ ਹੋਵੇਗੀ; "ਉਨ੍ਹਾਂ ਨਾਲ ਸਿੱਝਣ ਲਈ ਜੋ ਖ਼ਤਰਨਾਕ ਵਿਅਕਤੀ ਹਨ।" ਮੈਂ ਸ਼ਬਦ "ਆਦਤਨ" ਛਡ ਦੇਣ ਲਈ ਤਿਆਰ ਹਾਂ। ਭੂਮਿਕਾ ਦਾ ਮਨਸ਼ਾ ਸਾਡੇ ਇਰਾਦੇ ਸਪਸ਼ਟ ਕਰਨਾ ਹੈ।

ਸ੍ਰੀ ਜਮਨਾਦਾਸ ਮ.ਮਹਿਤਾ : ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਵਿਦਵਾਨ ਡਾਕਟਰ ਦੀ ਤਰਮੀਮ ਬਿਲਕੁਲ ਨਿਯਮ ਅਨੁਸਾਰ ਕਰਾਰ ਦਿਤੀ ਜਾਏ, ਕਿਉਂਕਿ ਹੁਣ ਇਹ ਮਹਿਸੂਸ ਕੀਤਾ ਜਾ ਚੁੱਕਾ ਹੈ ਕਿ ਸਾਰੇ ਬਿਲ ਦੇ ਦੋ ਮਨੋਰਥ ਹਨ: ਇਕ ਸੰਕਟਕਾਲ ਨਾਲ ਨਜਿਠਣਾ ਅਤੇ ਦੂਜਾ ਉਨ੍ਹਾਂ ਵਿਅਕਤੀਆਂ ਨਾਲ ਸਿੱਝਣਾ ਜੋ ਐਕਟ ਵਿਚ ਵਰਣਿਤ ਹਨ; ਨਹੀਂ ਤਾਂ ਭੂਮਿਕਾ ਅਪੂਰਨ ਹੋਵੇਗੀ ਅਤੇ ਇਸ ਤੋਂ ਪ੍ਰਗਟ ਨਹੀਂ ਹੋਵੇਗਾ ਕਿ ਬਿਲ ਦਾ ਮਨੋਰਥ ਕੀ ਹੈ?

ਮਾਨਯੋਗ ਸਪੀਕਰ : ਮੈਂ ਕੋਈ ਤਕਨੀਕੀ ਇਤਰਾਜ਼ ਨਹੀਂ ਸੋਚ ਰਿਹਾ। ਮੈਂ ਸੋਚ ਰਿਹਾ ਹਾਂ ਕਿ ਸ਼ਬਦਾਵਲੀ ਕਿਵੇਂ ਉਹੋ ਕੁਝ ਦਰਸਾਏਗੀ ਜੋ ਬਿਲ ਵਿਚ ਵਰਣਿਤ ਹੈ ਅਤੇ ਜੋ ਸਦਨ ਨੇ ਪਾਸ ਕੀਤਾ ਹੈ।

ਮਾਨਯੋਗ ਬੀ.ਜੀ. ਖੇੜ : ਕੀ ਮੈਂ ਮਾਨਯੋਗ ਮੈਂਬਰ ਨੂੰ ਇਹ ਸੁਝਾਉ ਦੇ ਸਕਦਾ ਹਾਂ ਕਿ ਸ਼ਬਦ "ਖ਼ਤਰਨਾਕ" ਅਸਪਸ਼ਟ ਹੈ। ਹੋਣਾ ਇਹ ਚਾਹੀਦਾ ਹੈ: "ਸਮਾਜ ਲਈ ਖ਼ਤਰਨਾਕ," ਜਾਂ ਅਜੇਹਾ ਕੁਝ। ਅਸੀਂ ਅਜਿਹੀਆਂ ਤਾਰਾਂ ਪ੍ਰਾਪਤ ਕਰਨ ਦੇ ਆਦੀ ਹਾਂ, ਫ਼ਲਾਣਾ ਖ਼ਤਰਨਾਕ, ਝਟ ਤੁਰ ਪਉ। "ਸ਼ਬਦ" ਖ਼ਤਰਨਾਕ ਆਪਣੇ ਆਪ ਵਿਚ ਅਸਪਸ਼ਟ ਹੈ।

ਡਾ.ਬੀ.ਆਰ. ਅੰਬੇਡਕਰ : ਸੁਝਾਉ ਇਹ ਵੀ ਹੋ ਸਕਦਾ ਹੈ," ਉਨ੍ਹਾਂ ਬੰਦਿਆਂ ਨਾਲ ਸਿੱਝਣ ਲਈ ਜੋ ਬੰਬਈ ਸ਼ਹਿਰ ਦੇ ਨਾਗਰਿਕਾਂ ਲਈ ਖ਼ਤਰਾ ਹਨ ਅਤੇ ਦੰਗਿਆਂ ਦੇ ਦੌਰਾਨ ਅਮਨ ਤੇ ਸ਼ਾਂਤੀ ਕਾਇਮ ਰਖਣ ਲਈ।"

ਮਾਨਯੋਗ ਸ੍ਰੀ ਕ.ਮ. ਮੁਨਸ਼ੀ : ਤੁਸੀਂ ਸ਼ਬਦ "ਧੜੇ" ਅਤੇ "ਜੁੰਡੀਆਂ" ਬੋਲਣ ਤੋਂ ਉਕ ਗਏ ਹੋ। ਧਾਰਾ ਦੇ ਸ਼ਬਦ ਹਨ: ਫ਼ਿਰਕਿਆਂ, ਧੜਿਆਂ ਅਤੇ ਜੁੰਡੀਆਂ ਵਿਚਾਲੇ।"

ਡਾ.ਬੀ.ਆਰ.ਅੰਬੇਡਕਰ : ਅਸੀਂ ਸ਼ਬਦਾਵਲੀ ਇਹ ਰਖ ਸਕਦੇ ਹਾਂ: "ਫ਼ਿਰਕਿਆਂ ਅਤੇ ਉਨ੍ਹਾਂ ਦੇ ਭਾਗਾਂ ਅਤੇ ਜੁੰਡੀਆਂ ਤੇ ਧੜਿਆਂ ਵਿਚਲੇ ਵਿਰੋਧਾਂ ਤੋਂ, ਲੋਕ ਅਮਨ ਅਤੇ ਸ਼ਾਂਤੀ ਵਿਚ ਪੈਦਾ ਹੋਈ ਗੜਬੜ ਨੂੰ ਰੋਕਣ ਲਈ।"

ਮਾਨਸੋਗ ਸਪੀਕਰ : ਮੈਂ ਇਹ ਲਿਖਿਆ ਹੈ : "ਉਨ੍ਹਾਂ ਬੰਦਿਆਂ ਨਾਲ ਸਿੱਝਣ ਲਈ ਜੋ ਬੰਬਈ ਸ਼ਹਿਰ ਲਈ ਖ਼ਤਰਾ ਹਨ ਅਤੇ ਫ਼ਿਰਕਿਆਂ ਅਤੇ ਉਨ੍ਹਾਂ ਦੇ ਭਾਗਾਂ ਅਤੇ ਜੁੰਡੀਆਂ ਤੇ ਧੜਿਆਂ ਵਿਚਾਲੇ ਵਿਰੋਧਾਂ ਤੋਂ ਲੋਕ ਅਮਨ ਅਤੇ ਸ਼ਾਂਤੀ ਵਿਚ ਪੈਦਾ ਹੋਈ ਗੜਬੜ ਨੂੰ ਰੋਕਣ ਲਈ।"

ਮਾਨਯੋਗ ਸ੍ਰੀ ਕ.ਮ.ਮੁਨਸ਼ੀ :" ਅਤੇ ਇਸ ਤੋਂ ਅੱਗੇ ਦਰਸਾਏ ਹੋਰ ਮਨੋਰਥਾਂ ਲਈ।"

ਡਾ.ਬੀ.ਆਰ. ਅੰਬੇਡਕਰ : ਹੋਰ ਕਿਹੜੇ ਮਨੋਰਥ ?

ਮਾਨਯੋਗ ਸ੍ਰੀ.ਕ.ਮ.ਮੁਨਸ਼ੀ : ਕਈ ਕਾਰਜ-ਪ੍ਰਣਾਲੀ ਸੰਬੰਧੀ ਮਨੋਰਥ ਵੀ ਹੁੰਦੇ ਹਨ।

ਡਾ .ਬੀ.ਆਰ. ਅੰਬੇਡਕਰ : ਤਾਂ ਫਿਰ ਮੈਂ ਇਹ ਆਖ ਕੇ ਸਪਸ਼ਟ ਕਰ ਦਿਆਂਗਾ ; "ਅਜਿਹੇ ਕੇਸਾਂ ਨਾਲ ਨਜਿਠਣ ਵਾਸਤੇ ਕਾਰਜ ਵਿਧੀ ਨਿਯਤ ਕਰਨ ਲਈ।

ਮਾਨਯੋਗ ਸਪੀਕਰ : ਕੀ ਇਹ ਸਾਰਾ ਕੁਝ ਭੂਮਿਕਾ ਵਿਚ ਲਿਆਉਣਾ ਜ਼ਰੂਰੀ ਹੈ ? ਸਾਨੂੰ ਭੂਮਿਕਾ ਦੁਭਰ ਨਹੀਂ ਬਣਾਉਣੀ ਚਾਹੀਦੀ।"

ਮਾਨਯੋਗ ਕ.ਮ.ਮੁਨਸ਼ੀ : ਐਕਟ ਵਿਚ ਪਰਵਾਸੀਆਂ ਦਾ ਸਵਾਲ ਵੀ ਹੈ। ਇਸ ਲਈ " ਇਸ ਤੋਂ ਅੱਗੇ ਦਰਸਾਏ ਹੋਰ ਮਨੋਰਥਾਂ ਲਈ" ਜ਼ਰੂਰੀ ਹੈ।

ਸ੍ਰੀ ਜਮਨਾਦਾਸ ਮ.ਮਹਿਤਾ : "ਇਸ ਤੋਂ ਅੱਗੇ"ਜ਼ਰੂਰੀ ਨਹੀਂ।

ਸ੍ਰੀ ਸ.ਵ.ਪਾਰੂਲੇਕਰ : ਕਲ ਤਕ ਮੁਲਤਵੀ ਕਰ ਦਈਏ ਤਾਂ ਜੋ ਅਸੀਂ ਸ਼ਬਦਾਵਲੀ ਸਬੰਧੀ ਇਕ-ਮਤ ਹੋ ਸਕੀਏ।

ਮਾਨਯੋਗ ਸਪੀਕਰ: ਜਾਪਦਾ ਹੈ ਕਿ ਤੱਤ ਬਾਰੇ ਤਾਂ ਸਹਿਮਤੀ ਹੈ, ਅਤੇ ਹੁਣ ਇਹ ਕੇਵਲ ਸ਼ਬਦਾਵਲੀ ਦਾ ਸਵਾਲ ਹੈ। ਹੁਣ ਜਦੋਂ ਪੇਸ਼ ਕੀਤੀ ਗਈ ਤਰਮੀਮ ਦਾ ਤੱਤ ਸਵੀਕਾਰ ਕਰ ਲਿਆ ਗਿਆ ਹੈ, ਇਸ ਨੂੰ ਇਸ ਪੜਾ ਤੇ ਬਿਲ ਵਿਚ ਸ਼ਾਮਿਲ ਕਰ ਲਿਆ ਜਾਏ ਅਤੇ ਮਗਰੋਂ ਤੀਜੀ ਪੜ੍ਹਤ ਸਮੇਂ ਕੋਈ ਜ਼ਬਾਨੀ ਤਰਮੀਮਾਂ ਹੋਣ ਤਾਂ ਉਨ੍ਹਾਂ ਅਨੁਸਾਰ ਸੋਧ ਕੀਤੀ ਜਾ ਸਕਦੀ ਹੈ।

ਮਾਨਯੋਗ ਕ.ਮ ਮੁਨਸੀ : ਸ੍ਰੀ ਮਾਨ , ਕੀ ਮੈਨੂੰ ਅੰਤਿਮ ਗਲ ਆਖਣ ਦੀ ਆਗਿਆ ਹੈ ? ਮੈਂ ਇਨ੍ਹਾਂ ਪਰਵਾਸੀਆਂ ਨੂੰ ਖੁੰਝਾਉਣਾ ਨਹੀਂ ਚਾਹੁੰਦਾ।

ਮਾਨਯੋਗ ਸਪੀਕਰ : ਮਾਨਯੋਗ ਮੈਂਬਰ ਡਾ.ਅੰਬੇਡਕਰ ਇਹ ਪ੍ਰਸਤਾਵਿਤ ਕਰ ਰਹੇ ਹਨ: " ਅੱਗੇ ਆਉਣ ਵਾਲੇ" ਸ਼ਬਦਾਂ ਦੀ ਥਾਂ ਇਹ ਲਿਖਿਆ ਜਾਏ : ਉਨ੍ਹਾਂ ਬੰਦਿਆਂ ਨਾਲ ਸਿੱਝਣ ਲਈ, ਜੋ ਬੰਬਈ ਲਈ ਖ਼ਤਰਾ ਹਨ ਅਤੇ ਫ਼ਿਰਕਿਆਂ ਤੇ ਉਨ੍ਹਾਂ ਦੇ ਭਾਗਾਂ, ਜੁੰਡੀਆਂ ਜਾਂ ਧੜਿਆਂ ਵਿਚਾਲੇ ਵਿਰੋਧ ਕਾਰਨ ਲੋਕ-ਅਮਨ ਅਤੇ ਸ਼ਾਂਤੀ ਵਿਚ ਆਉਣ ਵਾਲੀ ਗੜਬੜ ਨੂੰ ਰੋਕਣ ਲਈ ਅਤੇ ਅਗੇ ਦਰਸਾਏ ਗਏ ਹੋਰ ਮਨੋਰਥਾਂ ਲਈ।

ਮਾਨਯੋਗ ਕ.ਮ. ਮੁਨਸ਼ੀ ; ਮੈਂ ਸੋਧ ਸਵੀਕਾਰ ਕਰਦਾ ਹਾਂ।

ਡਾ.ਬੀ.ਆਰ.ਅੰਬੇਡਕਰ : ਕੀ ਮੈਂ ਜਾਣ ਸਕਦਾ ਹਾਂ ਕਿ ਹੋਰ ਮਨੋਰਥ ਕੀ ਹਨ ?

ਮਾਨਯੋਗ ਕ.ਮ.ਮੁਨਸ਼ੀ : ਪਰਵਾਸੀਆਂ ਨਾਲ ਸਿੱਝਣ ਲਈ।

ਮਾਨਯੋਗ ਬੀ.ਜੀ. ਖੇੜ ; ਸਵਾਲ ਇਹ ਹੈ ਕਿ ਜੋ ਪਰਵਾਸੀ ਰੋਗਾਂ ਨਾਲ ਸ਼ਹਿਰ ਵਿੱਚ ਆਉਂਦੇ ਹਨ , ਉਨ੍ਹਾਂ ਨਾਲ ਵੀ ਸਿੱਝਣਾ ਹੈ। ਪ੍ਰਸਤਾਵਨਾ ਦਾ ਉਦੇਸ਼ ਸਾਰੇ ਮਨੋਰਥਾਂ ਨੂੰ ਲੜੀਵਾਰ ਬਿਆਨ ਕਰਨਾ ਨਹੀਂ ।" ਉਨ੍ਹਾਂ ਖ਼ਾਸ ਤੌਰ ਹੋਰ ਅੱਗੇ ਦਰਸਾਏ ਗਏ ਮਨੋਰਥ ਲਈ" ਦਾ ਸਪਸ਼ਟ ਮਤਲਬ ਬਿਲ ਦੇ ਅੰਦਰ ਹੀ ਮਜ਼ੂਦ ਹੈ। ਕੋਈ ਹੋਰ ਮਨੋਰਥ ਬਿਲ ਵਿਚ ਨਹੀਂ ਲਿਆਇਆ ਜਾ ਸਕਦਾ।

ਮਾਨਯੋਗ ਸਪੀਕਰ : ਕੀ ਸ਼ਬਦ," ਕੁਝ ਖ਼ਾਸ ਹੋਰ ਮਨੋਰਥਾਂ ਲਈ" ਕੱਢ ਦਿੱਤੇ ਜਾਣ ?

ਸਰ ਅਲੀ ਮੁਹੰਮਦ ਖ਼ਾਨ ਦੇਹਲਵੀ : ਇਹ ਲੋਪ ਹੋ ਜਾਣੇ ਚਾਹੀਦੇ ਹਨ, ਕਿਉਂਕਿ ਸਾਡਾ ਵਾਸਤਾ ਧਾਰਾ 27 ਨਾਲ ਹੈ, ਸਮੁਚੇ ਬਿਲ ਨਾਲ ਨਹੀਂ।

ਮਾਨਯੋਗ ਬੀ.ਜੀ.ਖੇੜ : ਜੇ ਤੁਹਾਨੂੰ ਇਹ ਸ਼ਬਦ ਪਸੰਦ ਨਹੀਂ ਤਾਂ ਅਸੀਂ ਇਨ੍ਹਾਂ ਨੂੰ ਕੱਢਣ ਲਈ ਤਿਆਰ ਹਾਂ।

ਮਾਨਯੋਗ ਸਪੀਕਰ : ਇਸ ਗਲ ਤੇ ਸਹਿਮਤੀ ਜਾਪਦੀ ਹੈ ਕਿ " ਇਸ ਤੋਂ ਅੱਗੇ" ਕਾਇਮ ਰਹਿਣਾ ਚਾਹੀਦਾ ਹੈ। ਫਿਰ ਸੋਧ ਇਸ ਤਰ੍ਹਾਂ ਹੋਵੇਗੀ : ਸ਼ਬਦ" ਇਸ ਤੋਂ ਅੱਗੇ ਦਰਸਾਏ ਗਏ" ਦੀ ਥਾਂ ਇਹ ਲਿਖਿਆ ਜਾਏ:

" ਉਨ੍ਹਾਂ ਬੰਦਿਆਂ ਨਾਲ ਸਿੱਝਣ ਲਈ ਜੋ ਬੰਬਈ ਸ਼ਹਿਰ ਲਈ ਖ਼ਤਰਾ ਹਨ ਅਤੇ ਫ਼ਿਰਕਿਆਂ ਵਿਚਾਲੇ ਵਿਰੋਧ ਕਾਰਨ -------- ਗੜਬੜ ਨੂੰ ਰੋਕਣ ਲਈ ।"

ਮਾਨਯੋਗ ਬੀ.ਜੀ.ਖੇੜ : ਕੀ ਮੈਨੂੰ ਇਹ ਸੁਝਾਉ ਪੇਸ਼ ਕਰਨ ਕੀ ਆਗਿਆ ਹੈ ਕਿ ਵਾਕ-ਅੰਸ਼ " ਲੋਕ ਅਮਨ ਜਾਂ ਸ਼ਾਂਤੀ "ਹੋਣਾ ਚਾਹੀਦਾ ਹੈ ਨਾ ਕਿ "ਲੋਕ-ਅਮਨ ਅਤੇ ਸ਼ਾਂਤੀ ਅਤੇ ਇਹ ਵੀ ਕਿ "ਫ਼ਿਰਕਿਆਂ ਜਾਂ ਭਾਗਾਂ ਵਿਚਾਲੇ ਵਿਰੋਧ ਦੇ ਕਾਰਨ"

ਮਾਨਯੋਗ ਸਪੀਕਰ : "ਫ਼ਿਰਕਿਆਂ ਜਾਂ ਉਨ੍ਹਾਂ ਦੇ ਭਾਗਾਂ ਜਾਂ ਜੁੰਡੀਆਂ ਜਾਂ ਧੜਿਆਂ ਵਿਚਾਲੇ ਵਿਰੋਧ ਦੇ ਕਾਰਨ ਲੋਕ-ਅਮਨ ਜਾਂ ਸ਼ਾਂਤੀ ਵਿਚ ਆਉਣ ਵਾਲੀ ਗੜਬੜ------ ਅਤੇ ਅੱਗੇ ਦਰਸਾਏ ਗਏ ਕੁਝ ਹੋਰ ਖ਼ਾਸ ਮਨੋਰਥਾਂ ਲਈ।"

ਸਰ ਅਲੀ ਮੁਹੰਮਦ ਦੇਹਲਵੀ : " ਜਾਂ ਕੁਝ ਹੋਰ ਖ਼ਾਸ ਮਨੋਰਥਾਂ ਲਈ" ਮੈਂ ਸਮਝਦਾ ਹਾਂ, ਅਸੀਂ ਇਸ ਤੇ ਸਹਿਮਤ ਹੋਏ ਸਾਂ ?

ਮਾਨਯੋਗ ਕ.ਮ. ਮੁਨਸ਼ੀ : ਮੈਂ ਕਿਸੇ ਵੀ ਗਲ ਨਾਲ ਸਹਿਮਤ ਹੋ ਜਾਵਾਂਗਾ।

ਸ਼੍ਰੀ ਰ.ਅ.ਖੇੜਗਿਕਰ : ਕੀ ਸ਼ਬਦਾਂ ਨੂੰ ਘੋਖਣ ਲਈ ਸਾਨੂੰ ਕੋਈ ਅਵਸਰ ਨਹੀਂ ਮਿਲਣਾ ? ਅਸੀਂ ਪੂਰੀ ਤਰ੍ਹਾਂ ਸਮਝੇ ਨਹੀਂ।

ਮਾਨਯੋਗ ਸਪੀਕਰ : ਮੈਂ ਹੁਣ ਅੰਤਿਮ ਡਰਾਫ਼ਟ ਪੜ੍ਹਦਾ ਹਾਂ, ਜੇ ਮੈਥੋਂ ਕੋਈ ਗ਼ਲਤੀ

ਹੋਵੇ ਤਾਂ ਠੀਕ ਕਰਨ ਦੀ ਖੁਲ੍ਹ ਹੈ।

ਸ਼੍ਰੀ.ਸ.ਵ. ਪਾਰੂਲੇਕਰ : ਕੀ ਤੁਸੀਂ ਸਾਨੂੰ ਤਰਮੀਮ ਦਾ ਅਧਿਐਨ ਕਰਨ ਦਾ ਅਵਸਰ ਦਿਓਗੇ ਤਾਂ ਜੋ ਇਸ ਬਾਰੇ ਅਸੀਂ ਆਪਣਾ ਮਨ ਬਣਾ ਸਕੀਏ ? ਤਰਮੀਮ ਬਹੁਤ ਲੰਮੀ ਹੈ ਅਤੇ ਹੁਣ ਇਸ ਵੇਲੇ ਸਾਨੂੰ ਇਸ ਦੇ ਨਿਹਿਤ ਅਰਥਾਂ ਦਾ ਪਤਾ ਨਹੀਂ। ਇਸ ਲਈ ਸਾਨੂੰ ਇਸ ਦੇ ਅਧਿਐਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਤੇ ਬਹਿਸ ਹੋ ਜਾਏ।

ਮਾਨਯੋਗ ਸਪੀਕਰ : ਜਿਵੇਂ ਮੈਂ ਆਖਿਆ ਹੈ, ਪ੍ਰਸਤਾਵਨਾ ਵਿਚ ਕੇਵਲ ਸਾਰ ਹੀ ਹੁੰਦਾ ਹੈ, ਜੋ ਕੁੱਝ ਅੱਗੇ ਆਉਣਾ ਹੈ ਉਸ ਦਾ ਆਮ ਜਿਹਾ ਸਾਰ।

ਡਾ.ਬੀ.ਆਰ.ਅੰਬੇਡਕਰ : ਇਹ ਕਾਰਜਾਕਾਰੀ ਅਧਿਕਾਰੀਆਂ ਲਈ ਹਿਦਾਇਤ ਹੈ।

ਮਾਨਯੋਗ ਬੀ.ਜੀ. ਖੇੜ : ਜੋ ਕੁਝ ਵੀ ਤੁਸੀਂ ਤਜਵੀਜ਼ ਕਰੋ, ਅਸੀਂ ਸਵੀਕਾਰ ਕਰਨ ਲਈ ਤਿਆਰ ਹਾਂ।

ਸ਼੍ਰੀ ਜਮਨਾਦਾਸ ਮ.ਮਹਿਤਾ : ਜੋ ਕੁਝ ਵੀ ਇਸ ਬਹਿਸ ਨੂੰ ਘਟਾਏ, ਅਸੀਂ ਉਸ ਦਾ ਸੁਆਗਤ ਕਰਾਂਗੇ।(ਹਾਸਾ)

ਮਾਨਯੋਗ ਸਪੀਕਰ : ਇਸੇ ਲਈ ਮੈਂ ਉਹ ਅੰਤਿਮ ਸ਼ਬਦਾਵਲੀ ਤਜਵੀਜ਼ ਕਰ ਰਿਹਾ ਹਾਂ ਜੋ ਸਵੀਕਰ ਕੀਤੀ ਜਾ ਚੁਕੀ ਹੈ।ਮੈਂ ਸਾਰੀ ਤਰਮੀਮ ਮੁੜ ਪੜ੍ਹਦਾ ਹਾਂ, ਮਾਨਯੋਗ ਮੈਂਬਰ ਸਬਰ ਨਾਲ ਇਸ ਨੂੰ ਸੁਣਨ:

ਸ਼ਬਦਾਂ "ਅੱਗੇ ਦਰਸਾਏ ਗਏ" ਦੀ ਥਾਂ ਇਹ ਰਖਿਆ ਜਾਏ: "ਉਨ੍ਹਾਂ ਬੰਦਿਆਂ ਨਾਲ ਸਿੱਝਣ ਲਈ ਜੋ ਬੰਬਈ ਸ਼ਹਿਰ ਲਈ ਖ਼ਤਰਾ ਹਨ ਅਤੇ ਫ਼ਿਰਕਿਆਂ ਜਾਂ ਉਨ੍ਹਾਂ ਦੇ ਭਾਗਾਂ ਜਾਂ ਜੁੰਡੀਆਂ ਜਾਂ ਧੜਿਆਂ ਵਿਚਾਲੇ ਵਿਰੋਧ ਕਾਰਨ ਲੋਕ-ਅਮਨ ਜਾਂ ਸ਼ਾਂਤੀ ਵਿਚ ਪੈਦਾ ਹੋਣ ਵਾਲੀ ਗੜਬੜ ਨੂੰ ਰੋਕਣ ਲਈ ਅਤੇ ਦਰਸਾਏ ਗਏ ਮਨੋਰਥਾਂ ਲਈ।"

ਸ੍ਰੀ ਜਮਨਾਦਾਰ ਮ.ਮਹਿਤਾ:"ਹੋਰ" ਜ਼ਰੂਰ ਹੋਣਾ ਚਾਹੀਦਾ ਹੈ।

ਮਾਨਯੋਗ ਸਪੀਕਰ :"ਅਤੇ ਹੋਰ ਮਨੋਰਥਾਂ ਲਈ।"

ਡਾ.ਬੀ.ਆਰ.ਅੰਬੇਡਕਰ : " ਜਿਹਾ ਕਿ ਪਰਵਾਸੀਆਂ ਨਾਲ ਸਿੱਝਣ ਲਈ ।"

ਮਾਨਯੋਗ ਸਪੀਕਰ: ਆਖ਼ਰ, ਵਕੀਲ ਜਾਣਦੇ ਹਨ ਕਿ ਪ੍ਰਸਤਾਵਨਾ ਦਾ ਭਾਵ ਕਿਵੇਂ ਲੈਣਾ ਹੈ ਅਤੇ ਜਿਥੋਂ ਤਕ ਧਾਰਾ ਦੀ ਰਚਨਾ ਦਾ ਸਬੰਧ ਹੈ, ਇਸ ਦੀ ਕੀ ਮਹੱਤਾ ਸਮਝੀ ਜਾਂਦੀ ਹੈ।ਜੇ ਮੈਨੂੰ ਆਗਿਆ ਹੋਵੇ ਤਾਂ ਮੈਂ ਆਖਾਂਗਾ ਕਿ ਇਹ ਇਤਨਾ ਬਹਿਸ ਯੋਗ ਨੁਕਤਾ ਨਹੀਂ ਜਿਤਨੀ ਇਸ ਨੂੰ ਮਹੱਤਾ ਦਿਤੀ ਜਾ ਰਹੀ ਹੈ।

ਸ੍ਰੀ ਜਮਨਾਦਾਸ ਮ.ਮਹਿਤਾ ;"ਹੋਰ" ਜ਼ਰੂਰ ਹੋਣਾ ਚਾਹੀਦਾ ਹੈ ਕਿਉਂਕਿ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ, ਉਹ ਵੀ ਮਨੋਰਥ ਹੀ ਹਨ।

ਮਾਨਯੋਗ ਸਪੀਕਰ:" ਅਤੇ ਹੋਰ ਮਨੋਰਥਾਂ ਲਈ, ਜੋ ਅੱਗੇ ਦਰਸਾਏ ਗਏ ਹਨ।"

ਸ਼੍ਰੀ ਜਮਨਾਦਾਸ ਮ.ਮਹਿਤਾ : ਬਸ, ਕਾਫ਼ੀ ਹੈ।

ਮਾਨਯੋਗ ਸ੍ਰੀ .ਕ.ਮ.ਮੁਨਸ਼ੀ ; ਮੈਂ ਸੋਧ ਸਵੀਕਾਰ ਕਰਦਾ ਹਾਂ।

ਮਾਨਯੋਗ ਸਪੀਕਰ : ਸੋ ਮੈਂ ਮੰਨ ਲੈਂਦਾ ਹਾਂ ਕਿ ਸ਼ਬਦਾਵਲੀ ਇਦਾਂ ਹੋਵੇਗੀ (ਰੁਕਾਵਟ) ਸਬਦਾਵਲੀ ਧਾਰਾਵਾਂ ਦੇ ਆਪਣੇ ਵਿਚੋਂ ਲਈ ਗਈ ਹੈ।

ਡਾ.ਬੀ.ਆਰ.ਅੰਬੇਦਕਰ: ਮੈਨੂੰ ਸਵੀਕਾਰ ਹੈ।

12

ਬੰਬਈ ਨਗਰਪਾਲਿਕਾ ਐਕਟ ਸੋਧਨਾ ਬਿਲ

ਡਾ .ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ, ਬਾਈਖੱਲਾ ਅਤੇ ਪਰੇਲ): ਸ੍ਰੀ ਮਾਨ ਜੀ, ਮੈਂ ਮਾਨਯੋਗ ਮੈਂਬਰ ਸ੍ਰੀ ਅ.ਵ ਚਿਤਰੇ ਦੀ ਪੇਸ਼ ਕੀਤੀ ਤਰਮੀਮ ਦੀ ਹਿਮਾਇਤ ਵਿਚ ਖੜਾ ਹੋਇਆ ਹਾਂ। ਜਨਾਬ, ਤਰਮੀਮ ਇਹ ਹੈ ਕਿ ਕਾਮਗਾਰਾਂ ਦੇ ਪ੍ਰਤਿਨਿਧਾਂ ਦੁਆਰਾ ਚੁਣੇ ਜਾਣ ਵਾਲੇ 4 ਕੌਂਸਲਰਾਂ ਤੋਂ ਇਲਾਵਾ ਦੋ ਕੌਂਸਲਰ ਹੋਰ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਮਿਉਂਸਿਪਲ ਕਰਮਚਾਰੀ ਚੁਣਨ। ਮੇਰੇ ਵਿਚਾਰ ਵਿਚ ਇਸ ਤਰਮੀਮ ਦੀ ਹਿਮਾਇਤ ਹੋਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ: ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਉਂਸਿਪਲ ਕਰਮਚਾਰੀਆਂ ਦੀ ਸਿੱਧੇ ਤੌਰ ਤੇ ਮਿਉਂਸਿਪਲ ਕਾਰਪੋਰਸ਼ਨ ਦੇ ਪ੍ਰਸ਼ਾਸ਼ਨ ਵਿਚ ਦਿਲਚਸਪੀ ਹੁੰਦੀ ਹੈ। ਉਹ ਮਿਉਂਸਿਪਲ ਕਮਿਸ਼ਨਰਾਂ ਅਤੇ ਉਨ੍ਹਾਂ ਅਫ਼ਸਰਾਂ ਦੇ ਅਧੀਨ ਹੁੰਦੇ ਹਨ ਜਿਨ੍ਹਾਂ ਨੂੰ ਉਹ ਮਿਉਂਸਿਪਲ ਕਮੇਟੀ ਨਿਯੁਕਤ ਕਰਦੀ ਹੈ, ਜਿਸ ਵਿਚ ਉਹ ਕੰਮ ਕਰ ਰਹੇ ਹੁੰਦੇ ਹਨ। ਸ੍ਰੀਮਾਨ ਜੀ, ਮਿਉਂਸਿਪਲ ਸੰਵਿਧਾਨ ਨੂੰ ਵੇਖ ਕੇ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਮਿਉਂਸਿਪਲ ਕਰਮਚਾਰੀਆਂ ਨੂੰ ਆਪਣੇ ਉਪਰਲੇ ਅਫ਼ਸਰਾਂ ਦੇ ਆਦੇਸ਼ਾਂ ਵਿਰੁੱਧ ਚਾਰਾ ਕਰਨ ਦਾ ਕੋਈ ਹੱਕ ਹਾਸਲ ਨਹੀਂ। ਉਨ੍ਹਾਂ ਦੀ ਸਥਿਤੀ ਬੰਬਈ ਸਰਕਾਰ ਅਧੀਨ ਕੰਮ ਕਰਨ ਵਾਲੇ ਸਾਧਾਰਨ ਸਿਵਲ ਸੇਵਕ ਤੋਂ ਨਿਸ਼ਚੈ ਹੀ ਬਹੁਤ ਭਿੰਨ ਹੈ। ਉਦਾਹਰਨ ਵਜੋਂ, ਕੋਈ ਵੀ ਸਿਵਲ ਸੇਵਕ ਭਾਵੇਂ ਉਹ ਸੂਬਾਈ ਸਰਕਾਰ ਵਿਚ ਨੌਕਰੀ ਕਰ ਰਿਹਾ ਹੈ ਜਾਂ ਅਧੀਨ ਸੇਵਾ ਵਿਚ, ਉਸ ਨੂੰ ਅਪੀਲ ਕਰਨ ਦਾ ਹੱਕ ਪ੍ਰਾਪਤ ਹੈ, ਜੇ ਕੋਈ ਆਦੇਸ਼ ਉਸ ਨੂੰ ਹਾਨੀ ਪਹੁੰਚਾਉਂਦਾ ਹੈ। ਬੰਬਈ ਮਿਉਂਸਿਪਲ ਕਾਰਪੋਰੇਸ਼ਨ ਵਿਚ ਅਜੇਹਾ ਕੋਈ ਉਪਬੰਧ ਮੌਜੂਦ ਨਹੀਂ। ਕੋਈ ਵੀ ਅਫ਼ਸਰ ਕਿਸੇ ਵੀ ਮਿਉਂਸਿਪਲ ਕਰਮਚਾਰੀ ਵਿਰੁੱਧ ਕੋਈ ਵੀ ਆਦੇਸ਼ ਜਾਰੀ ਕਰ ਸਕਦਾ ਹੈ, ਪਰ ਕਰਚਮਾਰੀ ਨੂੰ ਚਾਰੇ ਦਾ ਕੋਈ ਹੱਕ ਨਹੀਂ। ਇਸ ਤਰਮੀਮ ਦਾ ਮਿਉਂਸਿਪਲ ਕਰਮਚਾਰੀਆਂ ਨੂੰ ਇਕ ਲਾਭ ਇਹ ਹੋਵੇਗਾ ਕਿ ਬੰਬਈ ਮਿਉਂਸਿਪਲ ਕਾਰਪੋਰਸ਼ਨ ਦੇ ਕਿਸੇ ਅਫ਼ਸਰ ਵਲੋਂ ਜਾਰੀ ਕੀਤਾ ਆਦੇਸ਼ ਉਨ੍ਹਾਂ ਦੇ ਪ੍ਰਤਿਨਿਧੀ ਦੁਆਰਾ ਕਾਰਪੋਰੇਸ਼ਨ ਦੀ ਸਭਾ ਸਾਹਮਣੇ ਲਿਆਂਦਾ ਜਾ ਸਕੇਗਾ ਅਤੇ ਨਿਸ਼ਚੈ ਹੀ ਇਹ ਤਰਮੀਮ ਉਨ੍ਹਾਂ ਦੀ ਚਾਰਾਜੋਈ ਵਿਚ ਸਹਾਈ ਹੋਵੇਗੀ। ਮੌਜੂਦਾ ਸੰਵਿਧਾਨ ਵਿਚ ਉਨ੍ਹਾਂ ਨੂੰ ਇਹ ਲਾਭ ਪ੍ਰਾਪਤ ਨਹੀਂ।

ਮਾਨਯੋਗ ਇੰਚਾਰਜ ਮੰਤਰੀ ਜੀ ਨੇ ਆਖਿਆ ਹੈ ਕਿ ਅਸੀਂ ਹੁਣ ਬਾਲਗ ਵੋਟ-ਅਧਿਕਾਰ ਲਈ ਉਪਬੰਧ ਕਰ ਰਹੇ ਹਾਂ, ਇਸ ਲਈ ਸੰਗਠਿਤ ਕਾਮਗਾਰਾਂ ਲਈ ਪ੍ਰਤਿਨਿਧਤਾ ਦਾ ਉਪਬੰਧ ਕਰਨਾ ਜ਼ਰੂਰੀ ਨਹੀਂ। ਮੇਰਾ ਵਿਸ਼ਵਾਸ ਹੈ ਕਿ ਮਾਨਯੋਗ ਮੰਤਰੀ ਜੀ ਨੇ ਉਨ੍ਹਾਂ ਉਪਬੰਧਾਂ ਵਲ ਕਾਫ਼ੀ ਧਿਆਨ ਨਹੀਂ ਦਿਤਾ ਜੋ ਉਨ੍ਹਾਂ ਵਲੋਂ ਪੇਸ਼ ਕੀਤੇ ਬਿਲ ਵਿਚ ਹਨ,

+ ਬੰਬਈ ਵਿਧਾਨ ਸਭਾ ਡਿਬੇਟਸ , ਜ਼ਿਲਦ 3, ਪੰਨੇ 2807-08 ਮਿਤੀ 3 ਮਈ 1938

ਜਿਹੜਾ ਹੁਣ ਸਾਡੇ ਸਾਹਮਣੇ ਹੈ। ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਉਨ੍ਹਾਂ ਦੀ ਰਾਏ ਵਿਚ ਬਾਲਗ਼ ਵੋਟ ਅਧਿਕਾਰ ਪਰਧਾਨ ਉਪਾਅ ਹੈ ਜਿਸ ਉਤੇ ਉਹ ਕਾਫ਼ੀ ਪ੍ਰਤਿਨਿਧਤਾ ਪ੍ਰਾਪਤ ਕਰਨ ਲਈ ਨਿਰਭਰ ਕਰ ਸਕਦੇ ਹਨ ? ਉਸ ਹਾਲਤ ਵਿਚ ਮਜ਼ਦੂਰਾਂ ਲਈ 4 ਕੌਂਸਲਰਾਂ ਦੇ ਉਪਬੰਧ ਦੀ ਕੋਈ ਜ਼ਰੂਰਤ ਨਹੀਂ। ਬੰਬਈ ਵਪਾਰ- ਚੇਂਬਰ, ਭਾਰਤੀ ਵਪਾਰੀਆਂ ਲਈ ਚੇਂਬਰ ਅਤੇ ਮਿਲ ਮਾਲਕਾਂ ਦੀ ਐਸੋਸ਼ੀਏਸ਼ਨ ਲਈ ਪ੍ਰਤਿਨਿਧਤਾ ਮੁਹਈਆ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਚੋਣ ਦੇ ਸਾਧਾਰਨ ਮਾਧਿਅਮ ਰਾਹੀਂ ਪ੍ਰਤਿਨਿਧਤਾ ਪ੍ਰਾਪਤ ਕਰ ਸਕਦੇ ਹਨ। ਜੇ ਬਾਲਗ਼ ਵੋਟ ਅਧਿਕਾਰ ਕਾਮਗਾਰਾਂ ਲਈ ਪ੍ਰਤਿਨਿਧਤਾ ਹਾਸਲ ਕਰਨ ਵਾਸਤੇ ਕਾਫ਼ੀ ਹੈ ਤਾਂ ਸਪਸ਼ਟ ਹੀ ਪ੍ਰਤਿਨਿਧਾਂ ਦੁਆਰਾ ਚੁਣੇ ਜਾਣ ਵਾਲੇ 4 ਕੌਂਸਲਰਾਂ ਦਾ ਉਪਬੰਧ ਬੇਲੋੜਾ ਹੈ। ਇਸ ਲਈ ਇਹ ਤਰਕ ਪੇਸ਼ ਕੀਤਾ ਜਾ ਸਕਦਾ ਹੈ ਕਿ ਮਜ਼ਦੂਰਾਂ ਦੁਆਰਾ 4 ਵਿਅਕਤੀ ਚੁਣੇ ਜਾਣ ਦੇ ਉਪਬੰਧ ਦਾ ਕਾਰਨ ਇਹ ਹੈ ਕਿ ਮੰਤਰੀ ਜੀ ਇਸ ਤੱਥ ਤੋਂ ਜਾਣੂ ਹਨ ਕਿ ਬਾਲਗ਼ ਮਤ ਅਧਿਕਾਰ ਮੌਜੂਦ ਹੋਣ ਤੇ ਵੀ ਮਜ਼ਦੂਰਾਂ ਨੂੰ ਚੋਣਾਂ ਦੇ ਸਾਧਾਰਨ ਮਾਧਿਅਮ ਰਾਹੀਂ ਪ੍ਰਤਿਨਿਧਤਾ ਨਹੀਂ ਮਿਲੇਗੀ। ਜੇ ਮਜ਼ਦੂਰਾਂ ਲਈ ਮਜ਼ਦੂਰ ਚੋਣ- ਹਲਕਿਆਂ ਦੁਆਰਾ ਪ੍ਰਤਿਨਿਧਤਾ ਵਾਸਤੇ ਉਪਬੰਧ ਦੀ ਆਵਸ਼ਕਤਾ ਹੈ ਤਾਂ ਮੇਰੀ ਗੁਜ਼ਾਰਸ਼ ਹੈ ਕਿ ਮਿਉਂਸਿਪਲ ਕਰਮਚਾਰੀਆਂ ਲਈ ਵਿਸ਼ੇਸ਼ ਪ੍ਰਤਿਨਿਧਤਾ ਮੁਹਈਆ ਕਰਨ ਦਾ ਚੰਗੇਰਾ ਕਾਰਨ ਇਹ ਹੈ ਕਿ ਮਿਉਂਸਿਪੈਲਟੀ ਦੀ ਕਾਰਜਕਤਾ ਅਤੇ ਇਸ ਦੇ ਸੰਵਿਧਾਨ ਵਿਚ ਉਨ੍ਹਾਂ ਦੀ ਦਿਲਚਸਪੀ ਆਮ ਮਜ਼ਦੂਰਾਂ ਦੇ ਮੁਕਾਬਲੇ ਵਧੇਰੇ ਹੈ। ਮੇਰੀ ਗੁਜ਼ਾਰਸ਼ ਹੈ ਕਿ ਇਸ ਆਧਾਰ ਤੇ ਇਸ ਸਦਨ ਦੁਆਰਾ ਤਰਮੀਮ ਦੀ ਹਿਮਾਇਤ ਹੋਣੀ ਚਾਹੀਦੀ ਹੈ।

13

ਨਸ਼ੇਬੰਦੀ ਸਬੰਧੀ

ਡਾ ਬ.ਰ. ਅੰਬੇਡਕਰ: ਮੈਨੂੰ ਅਹਿਸਾਸ ਹੈ ਕਿ ਨਸ਼ੇਬੰਦੀ ਸਬੰਧੀ ਇਸ ਸਦਨ ਦੀਆਂ ਭਾਵਨਾਵਾਂ ਉਮਡੀਆਂ ਹੋਈਆਂ ਹਨ। ਇਹ ਗਲ ਨਹੀਂ ਕਿ ਮੈਂ ਇਨ੍ਹਾਂ ਦਾ ਸਾਂਝੀਵਾਲ ਨਹੀਂ, ਪਰ ਕੁੱਝ ਹੋਰ ਕਾਰਨਾਂ ਕਰਕੇ ਮੈਂ ਆਬਕਾਰੀ ਮੰਤਰੀ ਤੇ ਸਖ਼ਤੀ ਨਹੀਂ ਕਰਨਾ ਚਾਹੁੰਦਾ। ਮੈਨੂੰ ਇਹਸਾਸ ਹੈ ਕਿ ਉਹ ਇਸ ਪਦ ਤੇ ਨਵੇਂ ਨਵੇਂ ਆਏ ਹਨ। ਮੈਨੂੰ ਇਹਸਾਸ ਹੈ ਕਿ ਕਿਸੇ ਵਿਅਕਤੀ ਲਈ ਇਸ ਪਦਵੀਂ ਤੇ ਕੰਮ ਕਰਨਾ ਔਕੜ ਤੋਂ ਖ਼ਾਲੀ ਨਹੀਂ। ਮੈਂ ਉਸ ਨੂੰ ਉਸ ਹੌਸਲੇ ਤੋ ਵਧਾਈ ਦਿੰਦਾ ਹਾਂ ਜੋ ਉਸ ਨੂੰ ਇਹ ਪਦਵੀ ਸਵੀਕਾਰ ਕਰਕੇ ਵਿਖਾਇਆ ਹੈ, ਜਿਸ ਪਦਵੀ ਨੂੰ ਇਸ ਸਦਨ ਦੇ ਇਕ ਹੋਰ ਮਾਨਯੋਗ ਮੈਂਬਰ ਨੇ ਛੱਡ ਦੇਣਾ ਚੰਗੇਰਾ ਸਮਝਿਆ।

ਮੈਂ ਇਸ ਵਿਸ਼ੇ ਉਤੇ ਬੋਲਣ ਲਈ ਕੇਵਲ ਇਸ ਲਈ ਉਠਿਆ ਹਾਂ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਮਾਨਯੋਗ ਆਬਕਾਰੀ ਮੰਤਰੀ ਜੀ ਦੇ ਹਥੋਂ ਪਿਛਲੇ ਦੋ ਤਿੰਨ ਦਿਨਾਂ ਵਿਚ ਜੋ ਛੁਟ ਗਿਆ ਹੈ ਉਸ ਨੇ ਮੇਰੇ ਉਤੇ ਇਹ ਪ੍ਰਭਾਵ ਛੱਡਿਆ ਹੈ ਕਿ ਉਹ ਉਨ੍ਹਾਂ ਹੀ ਪੁਰਾਣੀਆਂ ਭੈੜੀਆਂ ਲੀਹਾਂ ਤੇ ਪੈ ਜਾਣਗੇ ਜੋ ਇਸ ਮਹਿਕਮੇ ਦੀਆਂ ਸਥਾਪਿਤ ਲੀਹਾਂ ਹਨ। ਉਸ ਦਿਨ ਰੋਜ਼ਾਨਾ ਕਾਰਵਾਈ ਵਿਚ ਵਿਘਨ ਪਾ ਕੇ ਪੁੱਛੇ ਗਏ ਇਕ ਸਵਾਲ ਦੇ ਦੋਰਾਨ , ਮੇਰੇ ਖ਼ਿਆਲ ਵਿਚ ਉਨ੍ਹਾਂ ਨੇ ਇਕ ਅਸਾਧਾਰਨ ਬਿਆਨ ਦਿੱਤਾ ਸੀ। ਉਨ੍ਹਾਂ ਨੇ ਬਿਆਨ ਦਿਤਾ ਸੀ ਕਿ ਉਨ੍ਹਾਂ ਨੇ ਨਿਜ਼ਾਮ ਦੇ ਰਾਜ ਦੀ ਸੀਮਾ ਉਤੇ ਦੁਕਾਨ ਇਸ ਲਈ ਖੋਲ੍ਹੀ ਕਿਉਂਕਿ ਨਿਜ਼ਾਮ ਨੇ ਸਾਡੇ ਇਲਾਕੇ ਵਿਚ ਦੁਕਾਨ ਖੋਲ੍ਹੀ ਸੀ। ਸ੍ਰੀਮਾਨ ਜੀ, ਮੈਂ ਨਹੀਂ ਸਮਝਦਾ ਕਿ ਜਿਸ ਮੰਤਰੀ ਨੇ ਨਸ਼ੇਬੰਦੀ ਦੀ ਨੀਤੀ ਸਵੀਕਾਰ ਕੀਤੀ ਹੈ , ਉਸ ਨੂੰ ਇਸ ਸਦਨ ਵਿਚ ਅਜੇਹੀ ਦਲੀਲ ਪੇਸ਼ ਕਰਨੀ ਚਾਹੀਦੀ ਹੈ। ਇਸ ਤਰਕ ਦਾ ਮਤਲਬ ਕੁਝ ਇਸ ਤਰ੍ਹਾਂ ਦਾ ਹੈ : ਕੋਈ ਡਾਕੂ, ਡਾਕਾ ਮਾਰ ਕੇ ਕੁਝ ਮਾਲ ਲੁਟ ਕੇ ਲੈ ਗਿਆ ਹੈ ਅਤੇ ਮਾਨਯੋਗ ਮੰਤਰੀ ਜੀ ਆਪ ਵੀ ਇਹ ਕੰਮ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਡਾਕਾ ਮਾਰਨ ਦਾ ਹੱਕ ਹੈ। ਸ੍ਰੀਮਾਨ ਜੀ। ਜੇ ਕੋਈ ਵਿਅਕਤੀ ਗਲਤ ਕੰਮ ਕਰੇ ਤਾਂ ਦੂਜੇ ਵਿਅਕਤੀ ਲਈ ਹੀ ਅਜਿਹਾ ਗ਼ਲਤ ਕਰਨਾ ਜਾਇਜ਼ ਨਹੀਂ ਹੋ ਜਾਂਦਾ। ਮੇਰੇ ਮਾਨਯੋਗ ਮਿੱਤਰ ਆਬਕਾਰੀ ਮੰਤਰੀ ਲਈ ਉੱਤਮ ਨੀਤੀ ਇਹ ਹੁੰਦੀ ਕਿ ਉਹ ਸਾਡੇ ਇਲਾਕਿਆਂ ਦੇ ਨੇੜੇ ਦੁਕਾਨਾਂ ਖੋਲ੍ਹਣ ਬਦਲੇ ਸਰਬਸ੍ਰੇਸ਼ਟ ਨਿਜ਼ਾਮ ਅੱਗੇ ਰੋਸ ਪ੍ਰਗਟ ਕਰਦੇ। ਅਜੇਹਾ ਕਰਨ ਦੀ ਬਜਾਏ ਉਨ੍ਹਾਂ ਨੇ ਆਪਣੀ ਪ੍ਰੈਜ਼ੀਡੈਂਸੀ ਦੇ ਲੋਕਾਂ ਦੇ ਹਿੱਤਾਂ ਤੋਂ ਆਮਦਨ ਨੂੰ ਤਰਜੀਹ ਦਿੱਤੀ ਹੈ।

* ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 19, ਪੰਨਾ 838,40 ਮਿਤੀ,10 ਮਾਰਚ,1927.

ਮੈਨੂੰ ਜਾਪਦਾ ਹੈ ਕਿ ਮੇਰੇ ਮਾਨਯੋਗ ਮਿੱਤਰ ਆਬਕਾਰੀ ਮੰਤਰੀ ਜੀ ਹੋਰ ਸਭਨਾਂ ਗਲਾਂ ਨੂੰ ਛੱਡ ਕੇ ਕੇਵਲ ਆਮਦਨ ਦਾ ਹੀ ਖ਼ਿਆਲ ਕਰਦੇ ਹਨ। ਬਜਟ ਸਬੰਧੀ ਬਹਿਸ ਦੇ ਦੌਰਾਨ ਵੀ ਉਨ੍ਹਾਂ ਨੇ ਅਜਿਹਾ ਬਿਆਨ ਦਿਤਾ ਸੀ ਜਿਸ ਉਤੇ ਮੈਂ ਸਮਝਦਾ ਹਾਂ ਸੰਜੀਦਗੀ ਨਾਲ ਵਿਚਾਰ ਹੋਣਾ ਚਾਹੀਦਾ ਹੈ। ਮੇਰੇ ਵਲੋਂ ਕੀਤੀਆਂ ਗਈਆਂ ਕੁਝ ਆਲੋਚਨਾਵਾਂ ਦੇ ਜਵਾਬ ਵਿਚ ਉਨ੍ਹਾਂ ਆਖਿਆ ਸੀ ਕਿ ਆਬਕਾਰੀ ਮਹਿਕਮੇ ਦੀ ਨੀਤੀ ਦਾ ਮੁਆਂਕਣ ਕਰਨ ਲਈ ਸਾਨੂੰ ਸ਼ਰਾਬ ਦੀ ਖਪਤ ਦੀ ਮਿਕਦਾਰ ਵਿਚਾਰ ਅਧੀਨ ਲਿਆਉਣੀ ਚਾਹੀਦੀ ਹੈ ਨਾ ਕਿ ਆਬਕਾਰੀ ਮਹਿਕਮੇ ਦੁਆਰਾ ਇਕਠੀ ਕੀਤੀ ਗਈ ਰਕਮ ਦੀ ਮਾਤਰਾ। ਉਨ੍ਹਾਂ ਇਹ ਦਰਸਾਉਣ ਲਈ ਕੁਝ ਅੰਕੜੇ ਪੇਸ਼ ਕੀਤੇ ਸਨ ਕਿ ਬੰਬਈ ਦੇ ਲੋਕ ਇਤਨੀ ਸ਼ਰਾਬ ਨਹੀਂ ਪੀਂਦੇ ਜਿਤਨੀ ਹਿੰਦੁਸਤਾਨ ਵਿਚ ਹੋਰ ਸੂਬਿਆਂ ਦੇ ਲੋਕ ਪੀਂਦੇ ਹਨ। ਮੈਨੂੰ ਇਨ੍ਹਾਂ ਅੰਕੜਿਆਂ ਦੀ ਜਾਂਚ ਕਰਨ ਦਾ ਸਮਾਂ ਨਹੀਂ ਮਿਲਿਆ। ਪਰ, ਮੈਂ ਸਮਝਦਾ ਹਾਂ ਕਿ ਮਾਨਯੋਗ ਆਬਾਕਰੀ ਮੰਤਰੀ ਦੁਆਰਾ ਪੇਸ਼ ਕੀਤੇ ਗਏ ਅੰਕੜੇ ਸਾਨੂੰ ਸਵੀਕਾਰ ਕਰ ਲੈਣੇ ਚਾਹੀਦੇ ਹਨ। ਪਰ, ਸ੍ਰੀਮਾਨ ਜੀ, ਮੇਰੇ ਮਾਨਯੋਗ ਮਿੱਤਰ ਜੀ ਇਹ ਮੰਨਣਗੇ ਕਿ ਲੋਕੀ ਭਾਵੇਂ ਜਾਇਜ਼ ਸ਼ਰਾਬ ਘਟ ਪੀ ਰਹੇ ਹਨ, ਪ੍ਰੈਜ਼ੀਡੈਂਸੀ ਵਿਚ ਨਾਜਾਇਜ਼ ਸ਼ਰਾਬ ਤਿਆਰ ਕਰਨ ਦਾ ਧੰਦਾ ਵਧ ਰਿਹਾ ਹੈ। ਸੋ, ਜੇ ਅਸੀਂ ਇਸ ਤੱਥ ਨੂੰ ਵਿਚਾਰੀਏ ਕਿ ਭਾਵੇਂ ਜਾਇਜ਼ ਸ਼ਰਾਬ-ਨੋਸ਼ੀ ਘਟ ਰਹੀ ਹੈ, ਨਾਜਾਇਜ਼ ਸ਼ਰਾਬ ਦਾ ਪੀਣਾ ਵਧ ਰਿਹਾ ਹੈ, ਤਾਂ ਅਸੀਂ ਇਸ ਸਿੱਟੇ ਤੇ ਅਪੜਾਂਗੇ ਕਿ ਖਪਤ ਘਟ ਨਹੀਂ। ਨਿਰਸੰਦੇਹ ਸਾਡੇ ਕੋਲ ਨਾਜਾਇਜ਼ ਸ਼ਰਾਬ ਦੀ ਤਿਆਰੀ ਦੇ ਅੰਕੜੇ ਮੌਜੂਦ ਨਹੀਂ, ਪਰ ਮੈਨੂੰ ਯਕੀਨ ਹੈ ਕਿ ਇਹ ਤੱਥ ਸਵੀਕ੍ਰਿਤ ਹੈ। ਮੇਰਾ ਵਿਚਾਰ ਹੈ ਕਿ ਮਾਨਯੋਗ ਮੰਤਰੀ ਜੀ ਇਸ ਗਲ ਦਾ ਸਮਰਥਨ ਕਰਨਗੇ ਕਿ ਗ਼ੈਰ-ਕਾਨੂੰਨੀ ਸ਼ਰਾਬ ਵੱਧ ਰਹੀ ਹੈ। ਸੋ, ਸਮੁੱਚੇ ਤੌਰ ਤੇ ਅਸੀਂ ਲਾਹੇ ਵਿਚ ਨਹੀ, ਕਿਉਂਕਿ ਇਸ ਦਾ ਇਕੋ ਇਕ ਸਿੱਟਾ ਇਹ ਹੈ ਕਿ ਲੋਕੀ ਕਾਨੂੰਨੀ ਸ਼ਰਾਬ ਘਟ ਪੀ ਰਹੇ ਹਨ ਅਤੇ ਗ਼ੈਰ ਕਾਨੂੰਨੀ ਸ਼ਰਾਬ ਵਧੇਰੇ ਪੀ ਰਹੇ ਹਨ। ਫਿਰ ਸਵਾਲ ਇਹ ਉਠਦਾ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਗ਼ੈਰ ਕਾਨੂੰਨੀ ਸ਼ਰਾਬ ਦੀ ਤਿਆਰੀ ਕਿਉਂ ਹੋ ਰਹੀ ਹੈ ? ਜਿਥੋਂ ਤੀਕ ਮੇਰੀ ਜਾਣਕਾਰੀ ਹੈ, ਇਸ ਸਵਾਲ ਦਾ ਕੋਈ ਸਰਕਾਰੀ ਜਵਾਬ ਨਹੀਂ ਦਿਤਾ ਗਿਆ, ਪਰ ਜਿਵੇਂ ਕਿਵੇਂ ਵੀ ਹੋਵੇ, ਮੈਂ ਇਸ ਦਾ ਉੱਤਰ ਦੇਣ ਦਾ ਹੌਸਲਾ ਕਰਦਾ ਹਾਂ। ਸ੍ਰੀਮਾਨ ਮੈਂ ਸਮਝਦਾ ਹਾਂ ਕਿ ਪ੍ਰੈਜ਼ੀਡੈਂਸੀ ਵਿਚ ਨਾਜਾਇਜ਼ ਸ਼ਰਾਬ ਦੀ ਤਿਆਰੀ ਦਾ ਕਾਰਨ ਕੇਵਲ ਦੇਸੀ ਸ਼ਰਾਬ ਉੱਤੇ ਬਹੁਤ ਜ਼ਿਆਦਾ ਕਰ ਦਾ ਹੋਣਾ ਹੈ। ਸਿਆਸੀ ਆਰਥਿਕਤਾ ਦਾ ਇਹ ਪਰਵਾਣਿਤ ਅਸੂਲ ਹੈ, ਇਹ ਪਾਠ-ਪੁਸਤਕਾਂ ਵਿਚ ਹੀ ਲਿਖਿਆ ਹੋਇਆ ਅਸੂਲ ਨਹੀਂ-ਮੈਂ ਸਮਝਦਾ ਹਾਂ, ਇਕ ਅਜਿਹਾ ਅਸੂਲ ਵੀ ਹੈ ਜਿਸ ਤੇ ਅਮਲ ਹੁੰਦਾ ਹੈ ਅਤੇ ਜਿਸ ਨੂੰ ਹਰ ਘਰੇਲੂ ਇਸਤਰੀ ਜਾਣਦੀ ਹੈ ਕਿ ਜਦੋਂ ਕਿਸੇ ਖ਼ਾਸ ਵਸਤੂ ਦੀ ਕੀਮਤ ਵੱਧ ਜਾਂਦੀ ਹੈ ਤਾਂ ਲੋਕਾਂ ਦੀ ਰੁੱਚੀ ਸਦਾ ਉਸ ਦੀ ਥਾਂ ਦੂਜੀ ਵਸਤ ਲੈਣ ਦੀ ਹੁੰਦੀ ਹੈ ਜੋ ਉਤਨੀ ਕਾਰ-ਆਮਦ ਪਰ ਉਸ ਤੋਂ ਘਟ ਮੁੱਲ ਵਾਲੀ ਹੋਵੇ। ਉਦਾਹਰਨ ਵਜੋਂ ਅਸੀਂ ਸਾਰੇ ਜਾਣਦੇ ਹਾਂ ਕਿ ਖੰਡ ਦਾ ਮੁੱਲ ਵਧ ਜਾਏ ਤਾਂ ਲੋਕੀ ਖੰਡ ਦੀ ਥਾਂ ਗੁੜ ਵਰਤਣ ਲਗ ਜਾਣਗੇ ਅਤੇ ਜੇਕਰ

ਕਾਫ਼ੀ ਦੀ ਕੀਮਤ ਵਧ ਜਾਏ ਤਾ ਲੋਕੀ ਚਾਹ ਦੀ ਖਪਤ ਵਧੇਰੇ ਕਰਨਗੇ। ਇਸ ਮਾਮਲੇ ਤੇ ਇਹ ਅਸੂਲ ਲਾਗੂ ਕਰੀਏ, ਤਾਂ ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਗੈਰ ਕਾਨੂੰਨੀ ਸ਼ਰਾਬ ਦਾ ਵਾਧਾ ਪੂਰਨ ਰੂਪ ਵਿਚ ਦੇਸੀ ਸ਼ਰਾਬ ਤੇ ਲਗੇ ਬਹੁਤੇ ਕਰ ਦੇ ਕਾਰਨ ਹੈ। ਇਸ ਲਈ ਮੇਰੇ ਮਿੱਤਰ ਮਾਨਯੋਗ ਆਬਕਾਰੀ ਮੰਤਰੀ ਜੀ ਪ੍ਰਸ਼ਨ ਦੇ ਇਸ ਪੱਖ ਵਲ ਜ਼ਰਾ ਵਧੇਰੇ ਧਿਆਣ ਦੇਣ। ਜੇ ਉਹ ਸਚਮੁਚ ਹੀ ਨਸ਼ੇਬੰਦੀ ਵਿਚ ਯਕੀਨ ਰਖਦੇ ਹਨ ਤਾਂ ਉਨ੍ਹਾਂ ਨੂੰ ਇਹ ਕਰ ਨਿਯੰਤਰਿਤ ਕਰਨਾ ਚਾਹੀਦਾ ਹੈ। ਜੇ ਉਹ ਕਰ ਨੂੰ ਨਿਯੰਤਰਿਤ ਨਹੀਂ ਕਰਨਗੇ ਤਾਂ ਭਾਵੇਂ ਉਹ ਕਾਨੂੰਨੀ ਸ਼ਰਾਬ ਦੀ ਖਪਤ ਨੂੰ ਵਸ ਵਿਚ ਕਰ ਲੈਣ ਤਾਂ ਵੀ ਉਹ ਨਾਜਾਇਜ਼ ਸ਼ਰਾਬ ਦੀ ਤਿਆਰੀ ਨੂੰ ਸਿੱਧੇ ਤੌਰ ਤੇ ਉਤਸਾਹਿਤ ਕਰਨਗੇ।

ਦੂਜਾ ਨੁਕਤਾ, ਜਿਸ ਬਾਰੇ ਮੈਂ ਕੁਝ ਆਖਣਾ ਚਾਹੁੰਦਾ ਹਾਂ, ਉਹ ਨਸ਼ੇਬੰਦੀ ਦੀ ਨੀਤੀ ਨਾਲ ਸਬੰਧ ਰਖਦਾ ਹੈ। ਮੇਰੇ ਮਾਨਯੋਗ ਮਿੱਤਰ ਸ੍ਰੀ ਮਰਜ਼ਬਾਨ ਵਲੋਂ ਦਿਤੀਆਂ ਗਈਆਂ ਕੁਝ ਦਲੀਲਾਂ ਦੇ ਉੱਤਰ ਵਿਚ ਸਦਨ ਦੇ ਮਾਨਯੋਗ ਨੇਤਾ ਤੋਂ ਇਹ ਸੁਣ ਕੇ ਮੈਨੂੰ ਬੜੀ ਪ੍ਰਸੰਨਤਾ ਹੋਈ ਕਿ ਨਸ਼ੇਬੰਦੀ ਹੁਣ ਸਰਕਾਰ ਦੀ ਪ੍ਰਵਾਨਿਤ ਨੀਤੀ ਹੈ ਅਤੇ ਸਰਕਾਰ ਕਿਸੇ ਵੀ ਹਾਲਤ ਵਿਚ ਵਿਧਾਨ ਪਰਿਸ਼ਦ ਦੁਆਰਾ ਪਾਸ ਹੋਏ ਮਤੇ ਦੀ ਨੀਤੀ ਤੋਂ ਪਿਛੇ ਨਹੀਂ ਹਟੇਗੀ। ਪਰ, ਸ੍ਰੀਮਾਨ, ਮੈਨੂੰ ਉਦੋਂ ਕੁੱਝ ਨਿਰਾਸ਼ਾ ਹੋਈ ਸੀ ਜਦੋਂ (ਇਹ ਮੇਰਾ ਵਿਚਾਰ ਹੈ) ਉਹ ਦਰਪੇਸ਼ ਮਸਲੇ ਤੋਂ ਜ਼ਰਾ ਲਾਂਭੇ ਹਟ ਗਏ। ਉਨ੍ਹਾਂ ਨੇ ਸਾਨੂੰ ਦਸਿਆ ਕਿ ਨਸ਼ੇਬੰਦੀ ਲਾਗੂ ਕਰਨ ਲਈ ਸਾਨੂੰ ਕੀ ਢੰਗ ਵਰਤਣਾ ਚਾਹੀਦਾ ਹੈ? ਸਾਨੂੰ ਰਾਸ਼ਨਿੰਗ ਦੀ ਵਿਧੀ ਅਪਣਾਉਣੀ ਚਾਹੀਦੀ ਹੈ ਜਾਂ ਸਥਾਨਕ ਸਵੈ-ਇੱਛਾ ਦੀ? ਸ੍ਰੀਮਾਨ ਜੀ, ਮੇਰੇ ਵਿਚਾਰ ਵਿਚ ਛੋਟੇ ਮੋਟੇ ਵੇਰਵੇ ਨੂੰ ਅਣਡਿਠ ਕੀਤਾ ਜਾਏ ਤਾਂ ਦੋਵੇਂ ਵਿਧੀਆਂ ਲਗਭਗ ਇਕੋ ਜਿਹੀਆਂ ਸੁਯੋਗ ਹਨ। ਤੁਸੀਂ ਰਾਸ਼ਨਿੰਗ ਦੀ ਵਿਧੀ ਅਪਣਾਉ ਜਾਂ ਸਥਾਨਕ ਸਵੈ-ਇੱਛਾ ਦੀ, ਸਥਿਤੀ ਵਿਚ ਕੁਝ ਫ਼ਰਕ ਨਹੀਂ ਪੈਣ ਲਗਾ, ਕਿਉਂਕਿ, ਹਰ ਇਕ ਦਾ ਪ੍ਰਭਾਵ ਬਾਜ਼ਾਰ ਵਿਚ ਸ਼ਰਾਬ ਦੀ ਸਪਲਾਈ ਨੂੰ ਵਸ ਵਿਚ ਰਖਣਾ ਹੈ। ਤੁਸੀਂ ਇਹ ਕਾਰਜ ਦੁਕਾਨਦਾਰਾਂ ਨੂੰ ਵੱਧ ਸ਼ਰਾਬ ਨਾ ਦੇ ਕੇ ਕਰੋ ਜਾ ਦੁਕਾਨਾਂ ਬਿਲਕੁਲ ਨਾ ਖੋਲ੍ਹ ਕੇ ਕਰੋ, ਨਤੀਜਾ ਇਕੋ ਹੋਵੇਗਾ। ਪਰ, ਸ੍ਰੀਮਾਨ ਜੀ, ਸਵਾਲ ਇਹ ਹੈ ਕਿ ਨਸ਼ੇਬੰਦੀ ਦੀ ਨੀਤੀ ਵਿਚ ਅਸੀਂ ਪ੍ਰਗਤੀ ਕਰਦੇ ਕਿਥੋਂ ਤਕ ਜਾ ਸਕਦੇ ਹਾਂ? ਮੇਰਾ ਖ਼ਿਆਲ ਹੈ ਕਿ ਮੇਰੇ ਮਿੱਤਰ, ਸਦਨ ਦੇ ਨੇਤਾ ਨੇ ਇਸ ਸਵਾਲ ਵਲ ਧਿਆਨ ਨਹੀਂ ਦਿਤਾ। ਸ੍ਰੀਮਾਨ ਜੀ, ਮੈਂ ਮਹਿਸੂਸ ਕਰਦਾ ਹਾਂ ਕਿ ਨਸ਼ੇਬੰਦੀ ਦੀ ਸਮਸਿਆ ਜਿਸ ਨੂੰ ਤੁਸੀਂ ਸਿਰੇ ਚੜ੍ਹਾ ਸਕੋ ਜਾਂ ਨਾ, ਮੇਰੇ ਖ਼ਿਆਲ ਵਿਚ ਪੂਰੀ ਤਰ੍ਹਾਂ ਪ੍ਰਸ਼ਨ ਦੇ ਆਰਥਿਕ ਹਲ ਤੇ ਨਿਰਭਰ ਕਰਦੀ ਹੈ। ਇਹ ਇਸ ਗਲ ਤੇ ਨਿਰਭਰ ਕਰਦੀ ਹੈ ਕਿ ਨਵੀਂ ਆਬਕਾਰੀ ਨੀਤੀ ਦੇ ਸਿੱਟੇ ਵਜੋਂ ਜੋ ਘਾਟਾ ਸਾਨੂੰ ਪੈਣਾ ਹੈ ਉਹ ਪੂਰਾ ਕਿਵੇਂ ਹੋਵੇਗਾ? ਮੈ ਸਮਝਦਾ ਹਾਂ ਕਿ ਸਦਨ ਦੇ ਇਸ ਪਾਸੇ ਵਾਲੇ, ਸਦਨ ਦੇ ਮਾਨਯੋਗ ਨੇਤਾ ਵਲੋਂ ਉਸ ਕਰਬੰਦੀ ਬਾਰੇ ਬਹੁਤ ਕੁਝ ਸੁਣਨਾ ਚਾਹੁੰਦੇ ਸਾਂ ਜੋ ਉਨ੍ਹਾਂ ਦੇ ਮਨ ਵਿਚ ਹੈ। ਜਨਾਬ, ਮੇਰਾ ਵਿਚਾਰ ਹੈ ਕਿ ਇਸ ਬਾਰੇ ਸਦਨ ਵਿਚ ਰਾਏ ਦਾ ਮਤਭੇਦ ਹੋ ਸਕਦਾ ਹੈ। ਅਸੀਂ ਵਾਧੂ ਕਰਾਂ ਦੇ ਵਿਰੁੱਧ ਨਹੀਂ। ਪਰ, ਸ਼ਰਤ ਇਹ ਹੈ

ਕਿ ਸਰਕਾਰ ਕਰਾਂ ਨੂੰ ਕੌਮ ਉਸਾਰੂ ਕਾਰਜਾਂ ਲਈ ਵਰਤੇ। ਅਸੀਂ ਨਿਸਚੈ ਹੀ ਵਾਧੂ ਕਰਾਂ ਦੇ ਵਿਰੁੱਧ ਹਾਂ ਜੇ ਸਰਕਾਰ ਨੇ ਉਨ੍ਹਾਂ ਨੂੰ ਸਰਕਾਰ ਕਾਇਮ ਰਖਣ ਵਾਸਤੇ, ਕੇਵਲ ਸ਼ਾਸਨ ਕਰਨ ਲਈ ਵਰਤਣਾ ਹੈ। ਪਰ ਜੇ ਸਰਕਾਰ ਨੇ ਜੀਵਨ ਨੂੰ ਖ਼ੁਸ਼ਹਾਲ ਬਣਾਉਣਾ ਹੈ, ਕੇਵਲ ਸੰਭਵ ਬਣਾਉਣ ਦਾ ਜਤਨ ਨਹੀਂ ਕਰਨਾ, ਤਾਂ ਮੈਂ ਸਮਝਦਾ ਹਾਂ, ਅਸੀਂ , ਇਸ ਪਾਸੇ ਵਲ ਦੇ ਹਰ ਕਰ ਦੀ ਨਿਸ਼ਚੈ ਹੀ ਹਿਮਾਇਤ ਕਰਨ ਲਈ ਤਿਆਰ ਹਾਂ। ਸਦਨ ਦੇ ਮਾਨਯੋਗ ਨੇਤਾ ਨੇ ਸਰਕਾਰ ਦੇ ਖ਼ਿਲਾਫ਼ ਲਾਏ ਗਏ ਅਸੁਹਿਰਦਤਾ ਦੇ ਇਲਜ਼ਾਮ ਦਾ ਖੰਡਨ ਕਰਨ ਦਾ ਜਤਨ ਕੀਤਾ ਹੈ। ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਕਿਸੇ ਸਰਕਾਰ ਨੂੰ ਵੀ ਨਸ਼ੇਬੰਦੀ ਦੀ ਨੀਤੀ ਦੀ ਪਾਲਣਾ ਕਰਨ ਦਾ ਇਕਰਾਰ ਉਦੋਂ ਤਕ ਨਹੀਂ ਕਰਨਾ ਚਾਹੀਦਾ ਜਦੋਂ ਤਕ ਉਹ ਇਸ ਬਾਰੇ ਨਿਰਨਾ ਨਹੀਂ ਲੈ ਲੈਂਦੀ ਕਿ ਉਸ ਨੇ ਆਮਦਨ ਵਿਚ ਹੋਣ ਵਾਲੇ ਘਾਟੇ ਦੀ ਪੂਰਤੀ ਕਿਵੇਂ ਕਰਨੀ ਹੈ ।ਇਸ ਲਈ , ਜਦੋਂ ਤਕ ਮੇਰੇ ਮਾਨਯੋਗ ਮਿੱਤਰ ਕੋਲ ਹੌਸਲਾ ਹੈ---- ਦ੍ਰਿੜ ਨਿਸ਼ਚੈ ਤੋਂ ਹੌਸਲਾ ਬਹੁਤ ਮਹੱਤਵਪੂਰਨ ਹੈ------ ਉਹਨਾਂ ਲੋਕਾਂ ਉਤੇ ਕਰ ਲਾਉਣ ਦਾ ਹੌਸਲਾ, ਜਿਨ੍ਹਾਂ ਉਤੇ ਹੁਣ ਤਕ ਕਰ ਨਹੀਂ ਲਗੇ, ਉਨ੍ਹਾਂ ਲੋਕਾਂ ਉੱਤੇ ਕਰ ਲਾਉਣ ਦਾ ਹੌਸਲਾ , ਜਿਨ੍ਹਾਂ ਵਿਚ ਬੋਝ ਸਹਿਣ ਦੀ ਸਮਰਥਾ ਹੈ। ਮੈਂ ਸਮਝਦਾ ਹਾਂ, ਅਜਿਹਾ ਵਾਅਦਾ ਕਰਕੇ ਉਸ ਨੂੰ ਪੂਰਾ ਨਾ ਕਰ ਸਕਣ ਦਾ ਇਲਜ਼ਾਮ ਆਪਣੇ ਸਿਰ ਲੈਣ ਦਾ ਕੋਈ ਲਾਭ ਨਹੀਂ। ਸਦਨ ਦੇ ਮਾਨਯੋਗ ਨੇਤਾ ਲਈ ਸਭ ਤੋਂ ਚੰਗਾ ਇਹ ਹੁੰਦਾ ਕਿ ਉਹ ਕਰ ਲਾਉਣ ਲਈ ਤਜੀਵਜ਼ ਪੇਸ਼ ਕਰਦਾ ਤਾਂ ਜੋ ਉਸ ਨੀਤੀ ਬਾਰੇ ਸਦਨ ਦੀ ਸੁਹਿਰਦਤਾ ਦੀ ਪਰਖ ਹੋ ਜਾਂਦੀ ਜਿਸ ਦੀ ਪੈਰਵੀ ਕਰਨ ਲਈ ਇਹ ਉਸ ਨੂੰ ਆਖ ਰਿਹਾ ਹੈ। ਮੈ ਸਮਝਦਾ ਹਾਂ ਕਿ ਸਦਨ ਸਮਝਦਾ ਹੈ- ਜਿਵੇਂ ਹੋਰ ਕੋਈ ਵੀ ਸਮਝ ਸਕਦਾ ਹੈ-ਕਿ ਇਸ ਨੀਤੀ ਵਿਚ ਪੈਸੇ ਦਾ ਖ਼ਰਚਾ ਹੋਣਾ ਹੈ ਅਤੇ ਮੇਰੇ ਮਾਨਯੋਗ ਮਿੱਤਰ, ਸਦਨ ਦੇ ਨੇਤਾ ਦਾ ਇਹ ਕਰਤਵ ਅਤੇ ਹਿੱਤ ਸੀ ਕਿ ਉਹ ਸਦਨ ਤੋਂ ਇਹ ਜ਼ਾਮਨੀ ਲੈਂਦਾ ਕਿ ਸਦਨ ਉਸ ਨੀਤੀ ਤੇ ਆਉਣ ਵਾਲਾ ਖ਼ਰਚ ਦੇਣ ਲਈ ਤਿਆਰ ਹੈ ਜੋ ਇਹ ਉਸ ਉਪਰ ਠੋਸਣ ਦਾ ਤਾਣ ਲਾ ਰਿਹਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣਾ ਸਥਾਨ ਗ੍ਰਹਿਣ ਕਰਨ ਦੀ ਆਗਿਆ ਮੰਗਦਾ ਹਾਂ।

14.

ਪ੍ਰਸੂਤੀ ਬਿਲ

ਡਾ.ਬ.ਆਰ.ਅੰਬੇਡਕਰ : ਮੈਂ ਇਸ ਬਿਲ ਦੀ ਪਹਿਲੀ ਪੜ੍ਹਤ ਦੀ ਹਿਮਾਇਤ ਵਿਚ ਖੜਾ ਹੋ ਰਿਹਾ ਹਾਂ। ਅਜਿਹਾ ਕਰਦਿਆਂ ਮੈਂ ਬਹਿਸ ਦੇ ਦੌਰਾਨ ਬਿਲ ਦੇ ਵਿਰੋਧ ਵਿਚ ਉਠਾਏ ਗਏ ਕੁਝ ਨੁਕਤਿਆਂ ਦਾ ਜਵਾਬ ਹੀ ਦੇਣਾ ਚਾਹੁੰਦਾ ਹਾਂ। ਮਾਨਯੋਗ ਜਨਰਲ ਮੈਂਬਰ ਨੇ ਬਿਲ ਦੇ ਵਿਰੋਧ ਵਿਚ ਬੋਲਦਿਆਂ ਸੁਝਾਇਆ ਹੈ ਕਿ ਇਹ ਇਕ ਦੁਰਘਟਨਾ ਨਹੀਂ: ------ ਦੁਰਘਟਨਾ, ਜੋ ਅਸੀਂ ਕਾਮਾ ਮੁਆਵਜ਼ਾ ਐਕਟ ਅਨੁਸਾਰ ਸਮਝਦੇ ਹਾਂ- ਅਤੇ ਇਸ ਲਈ ਕਾਮਾ ਮੁਆਵਜ਼ਾ ਐਕਟ ਦਾ ਪਸਾਰ ਉਨ੍ਹਾਂ ਤੀਵੀਆਂ ਤਕ ਨਹੀਂ ਹੋ ਸਕਦਾ ਹੈ ਜੋ ਇਸ ਵਿਸ਼ੇਸ਼ ਬਿਲ ਅਧੀਨ ਲਾਭ ਪ੍ਰਾਪਤ ਕਰਨ ਦੀਆਂ ਹਕਦਾਰ ਹੋਣਗੀਆਂ। ਸ੍ਰੀਮਾਨ ਜੀ, ਮੈਂ ਇਹ ਪ੍ਰਵਾਨ ਕਰਦਾ ਹਾਂ ਕਿ ਇਹ ਦੁਰਘਟਨਾ ਨਹੀਂ। ਪਰ, ਇਸ ਤੋਂ ਇਹ ਨਤੀਜਾ ਨਹੀਂ ਨਿਕਲਦਾ ਕਿ ਤੀਵੀਆਂ ਨੂੰ ਉਹ ਲਾਭ ਲੈਣ ਦਾ ਹੱਕ ਨਹੀਂ ਜੋ ਪ੍ਰਸਤਾਵਿਤ ਬਿਲ ਉਨ੍ਹਾਂ ਨੂੰ ਪ੍ਰਦਾਨ ਕਰਨਾ ਚਾਹੁੰਦਾ ਹੈ। ਜਿਸ ਅਸੂਲ ਤੇ ਇਹ ਬਿਲ ਆਧਾਰਿਤ ਹੈ, ਉਹ ਪੂਰਨ ਰੂਪ ਵਿਚ ਪੱਖਪਾਤੀ ਹੈ। ਮੇਰਾ ਵਿਸ਼ਵਾਸ ਹੈ ਕਿ ਇਸ ਪ੍ਰਸਤਾਵ ਤੇ ਸਰਬ-ਸੰਮਤੀ ਹੈ ਕਿ ਕਿਸੇ ਮਾਂ ਉੱਤੇ ਅਸਰ ਪਾਉਣ ਵਾਲੀਆਂ ਪ੍ਰਸੂਤ -ਪੂਰਬ ਹਾਲਤਾਂ ਅਤੇ ਮਗਰੋਂ ਬੱਚੇ ਦਾ ਪਾਲਣ-ਪੋਸਣ, ਬਿਲ ਵਿਚ ਇਕ ਮਹੱਤਵਪੂਰਨ ਘਟਕ ਹਨ। ਮੈਂ ਨਹੀਂ ਸਮਝਦਾ ਕਿ ਕੋਈ ਵੀ ਇਸ ਪ੍ਰਸਤਾਵ ਦਾ ਖੰਡਨ ਕਰੇਗਾ। ਇਸ ਲਈ, ਸ੍ਰੀਮਾਨ ਜੀ, ਮੇਰਾ ਯਕੀਨ ਹੈ ਕਿ ਇਹ ਕੌਮ ਦੇ ਹਿੱਤ ਵਿੱਚ ਹੈ ਕਿ ਜਣਨੀ ਪ੍ਰਸੂਤ-ਪੂਰਬ ਕਾਲ ਵਿਚ ਅਤੇ ਪ੍ਰਸੂਤ ਮਗਰੋਂ ਵੀ ਕੁਝ ਦੇਰ ਵਿਸਰਾਮ ਕਰੇ, ਅਤੇ ਇਸ ਬਿਲ ਦਾ ਅਸੂਲ ਪੂਰੀ ਤਰ੍ਹਾਂ ਇਸੇ ਸਿਧਾਂਤ ਤੇ ਆਧਾਰਿਤ ਹੈ। ਅਜੇਹਾ ਹੋਣ ਕਰਕੇ ਹੀ, ਸ੍ਰੀਮਾਨ ਜੀ, ਮੈਨੂੰ ਸਵੀਕਾਰ ਕਰਨਾ ਪੈ ਰਿਹਾ ਹੈ ਕਿ ਇਸ ਦਾ ਬਹੁਤਾ ਬੋਝ ਸਰਕਾਰ ਨੂੰ ਉਠਾਉਣਾ ਚਾਹੀਦਾ ਹੈ। ਮੈਂ ਇਸ ਤੱਥ ਨੂੰ ਸਵੀਕਾਰ ਕਰਨ ਲਈ ਤਿਆਰ ਹਾਂ ਕਿਉਂਕਿ ਲੋਕਾਂ ਦੀ ਭਲਾਈ ਦੀ ਨਿਗਰਾਨੀ ਸਰਕਾਰ ਦਾ ਮੁੱਢਲਾ ਕਰਤੱਵ ਹੈ ਅਤੇ ਇਸ ਲਈ ਹਰ ਉਹ ਦੇਸ ਜਿਥੇ ਪ੍ਰਸੂਤੀ ਸਹੂਲਤਾਂ ਦਿਤੀਆਂ ਗਈਆਂ ਹਨ, ਤੁਸੀਂ ਵੇਖੋਗੇ ਕਿ ਉੱਥੇ ਪ੍ਰਸੂਤੀ ਸਹੂਲਤਾਂ ਸਬੰਧੀ ਸਰਕਾਰ ਉੱਤੇ ਕੁਝ ਜ਼ਿੰਮੇਵਾਰੀ ਲਦੀ ਗਈ ਹੈ। ਪਰ ਅਜਿਹਾ ਹੋਣ ਦੇ ਨਾਤੇ, ਸ੍ਰੀਮਾਨ ਜੀ, ਮੈਂ ਇਹ ਮੰਨਣ ਲਈ ਤਿਆਰ ਨਹੀਂ ਕਿ ਨੌਕਰ ਰਖਣ ਵਾਲਾ ਜੇ ਕਿਸੇ ਤੀਵੀਂ ਨੂੰ ਨੌਕਰੀ ਦਿੰਦਾ ਹੈ, ਇਨ੍ਹਾਂ ਹਾਲਤਾਂ ਵਿਚ ਤੀਵੀਂ ਦੇ ਹਿੱਤ ਵਿਚ ਇਸ ਸਹੂਲਤ ਦੀ ਦੇਣਦਾਰੀ ਤੋਂ ਬਿਲਕੁਲ ਬੱਰੀ ਹੈ। ਇਸ ਦਾ ਕਾਰਨ ਇਹ ਹੈ : ਇਸ ਵਿਚ ਕੋਈ ਸੰਦੇਹ ਨਹੀਂ ਕਿ ਨੌਕਰੀ ਦੇਣ ਵਾਲਾ ਖ਼ਾਸ ਉਦਯੋਗਾਂ ਵਿਚ ਤੀਵੀਆਂ ਨੂੰ ਨੌਕਰ ਰਖਦਾ ਹੈ, ਕਿਉਂਕਿ ਉਹ ਸਮਝਦਾ ਹੈ ਕਿ ਮਰਦਾਂ ਦੀ ਬਜਾਏ ਤੀਵੀਆਂ ਨੂੰ ਨੌਕਰ ਰਖਣ ਵਿਚ ਉਸ ਨੂੰ ਵਧੇਰੇ ਲਾਭ ਹੈ। ਅਜਿਹਾ ਹੋਣ ਕਾਰਨ ਇਹ ਆਖਣਾ ਬਿਲਕੁਲ ਤਰਕਪੂਰਨ ਹੈ ਕਿ ਘਟੋ ਘਟ ਕਿਸੇ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਖੰਡ 23 ਪੰਨਾ 381-82, 28 ਜੁਲਾਈ, 1928.

ਹਦ ਤਕ ਉਹ ਇਸ ਸਹੂਲਤ ਲਈ ਦੇਣਦਾਰ ਹੈ ਜਦੋਂ ਉਹ ਮਰਦਾਂ ਦੀ ਥਾਂ ਤੀਵੀਆਂ ਨੂੰ ਨੌਕਰ ਰਖ ਕੇ ਖ਼ਾਸ ਲਾਭ ਲੈਂਦਾ ਹੈ। ਇਸ ਲਈ ਮੈਂ ਆਖਦਾ ਹਾਂ ਕਿ ਭਾਵੇਂ ਪ੍ਰਸੂਤੀ ਸਹੂਲਤਾਂ ਦੇ ਮਾਮਲੇ ਵਿਚ ਸਰਕਾਰ ਉਪਰ ਕੁਝ ਜ਼ਿੰਮੇਵਾਰੀ ਆਉਣੀ ਚਾਹੀਦੀ ਹੈ, ਮੈਂ ਸਮਝਦਾ ਹਾਂ ਕਿ ਇਸ ਪਖੋਂ ਬਿਲ ਗ਼ਲਤ ਬਿਲਕੁਲ ਨਹੀਂ ਜੇ ਇਹ ਮੌਜੂਦਾ ਹਾਲਤਾਂ ਵਿਚ, ਨੌਕਰ ਰਖਣ ਵਾਲੇ ਤੇ ਦੇਣਕਾਰੀ ਲਾਗੂ ਕਰਨਾ ਲੋਚਦਾ ਹੈ। ਇਸ ਲਈ ਮੈਂ ਇਸ ਪਖੋਂ ਬਿਲ ਦੀ ਹਿਮਾਇਤ ਕਰਦਾ ਹਾਂ। ਇਹ ਕਿਹਾ ਗਿਆ ਹੈ ਕਿ ਬਿਲ ਕੇਵਲ ਫ਼ੈਕਟਰੀਆਂ ਤੇ ਹੀ ਲਾਗੂ ਹੈ ਅਤੇ ਹੋਰ ਉਦਯੋਗਾਂ ਜ਼ਾਂ ਜ਼ਰਾਇਤੀ ਕਿਤਿਆਂ ਤੇ ਨਹੀਂ। ਇਸ ਦਾ ਉੱਤਰ ਸਰਲ ਹੈ। ਇਸ ਅਸੂਲ ਦਾ ਵਿਸਤਾਰ ਉਨ੍ਹਾਂ ਉਦਯੋਗਾਂ ਉੱਤੇ ਕੀਤਾ ਗਿਆ ਹੈ ਜਿਥੇ ਹਾਲਾਤ ਅਜਿਹੇ ਹਨ ਜੋ ਤੀਵੀਆਂ ਦੀ ਸਿਹਤ ਨੂੰ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕਰਦੇ ਹਨ। ਖੇਤੀ ਅਤੇ ਹੋਰ ਕਿੱਤਿਆਂ ਵਿਚ ਉਹ ਖ਼ਤਰੇ ਨਹੀਂ ਹੁੰਦੇ ਜੋ ਕਾਰਖ਼ਾਨਿਆਂ ਵਿਚ ਹੁੰਦੇ ਹਨ ਅਤੇ ਇਨ੍ਹਾਂ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੀਆਂ ਇਸਤਰੀਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਸੇ ਕਾਰਨ ਕਰਕੇ ਅਜਿਹੇ ਕਾਨੂੰਨ ਆਮ ਤੌਰ ਤੇ ਕਾਰਖ਼ਾਨਿਆਂ ਤਕ ਹੀ ਸੀਮਿਤ ਹੁੰਦੇ ਹਨ। ਉਦਾਹਰਨ ਵਜੋਂ ਕਾਮਿਆਂ ਦੇ ਮੁਆਵਜੇ ਐਕਟ ਬਾਰੇ ਵੀ ਇਹੋ ਆਖਿਆ ਜਾ ਸਕਦਾ ਹੈ। ਇਸੇ ਕਾਰਨ ਇਹ ਐਕਟ ਉਸ ਦੁਰਘਟਨਾ ਤੇ ਲਾਗੂ ਹੁੰਦਾ ਹੈ ਜੋ ਮਜ਼ਦੂਰਾਂ ਨਾਲ ਨੌਕਰੀ ਦੇ ਦੌਰਾਨ ਵਾਪਰਦੀ ਹੈ, ਅਤੇ ਤੁਸੀਂ ਵੇਖੋਗੇ ਕਿ ਇਹੋ ਕਾਰਨ ਹੈ ਕਿ ਉਹ ਕਾਨੂੰਨ ਕਾਰਖ਼ਾਨਿਆਂ ਤਕ ਹੀ ਸੀਮਿਤ ਹੈ ਅਤੇ ਹੋਰ ਕਿੱਤਿਆਂ ਤੇ ਲਾਗੂ ਨਹੀਂ ਹੁੰਦਾ।

ਹੁਣ ਉਦਯੋਗਾਂ ਉੱਤੇ ਬੋਝ ਸਬੰਧੀ : ਮਾਨਯੋਗ ਜਨਰਲ ਮੈਂਬਰ ਨੇ ਆਖਿਆ ਹੈ ਕਿ ਇਸ ਦਾ ਸਿੱਟਾ ਉਜਰਤ -ਘਟਾਈ ਹੋਵੇਗਾ। ਜੇ ਅਜਿਹਾ ਹੋਵੇ ਤਾਂ ਇਸ ਦਾ ਫਲ ਇਹ ਹੋਵੇਗਾ ਕਿ ਉਦਯੋਗਾਂ ਉਪਰਲਾ ਬੋਝ ਕਿਸੇ ਹਦ ਤਕ ਹੋਰ ਪਾਸੇ ਤਬਦੀਲ ਹੋ ਜਾਵੇਗਾ ਅਤੇ ਮਾਨਯੋਗ ਮੈਂਬਰ ਨੂੰ ਇਸ ਆਧਾਰ ਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ । ਜੇ ਇਹ ਬਿਲ ਪਾਸ ਹੋ ਜਾਏ ਤਾਂ ਮੇਰੀ ਗੁਜ਼ਾਰਸ਼ ਹੈ ਕਿ ਬੋਝ ਸ਼ਾਇਦ ਖਪਤਕਾਰ ਤੇ ਪੈ ਜਾਵੇਗਾ ਅਤੇ ਜੇ ਇਹ ਖਪਤਕਾਰ ਉੱਤੇ ਪੈ ਜਾਏ ਤਾਂ ਸਮਾਜ ਨੂੰ ਉਪਜ ਦਾ ਵਧੇਰਾ ਮੁਲ ਦੇਣ ਵਿਚ ਇਤਰਾਜ਼ ਨਹੀਂ ਹੋਣਾ ਚਾਹੀਦਾ ਤਾਂ ਜੋ ਉਪਜ ਕਰਨ ਵਾਲਿਆਂ ਨੂੰ ਲਾਭ ਹੋ ਸਕੇ।

ਫਿਰ ਵੀ ਇਹ ਆਖਿਆ ਜਾਂਦਾ ਹੈ ਕਿ ਬਿਲ ਨੂੰ ਬੰਬਈ ਪ੍ਰੈਜ਼ੀਡੈਂਸੀ ਤਕ ਹੀ ਮਹਿਦੂਦ ਰਖਣਾ ਬੇਇਨਸਾਫ਼ੀ ਹੈ ਅਤੇ ਇਸ ਦਾ ਵਿਸਤਾਰ ਸਾਰੇ ਹਿੰਦੁਸਤਾਨ ਤੇ ਹੋਣਾ ਚਾਹੀਦਾ ਹੈ ਅਤੇ ਹੋਰ ਪ੍ਰੈਜ਼ੀਡੈਂਸੀਂ ਅਤੇ ਹਿੰਦੂਸਤਾਨ ਦੇ ਸੂਬੇ ਬੰਬਈ ਪ੍ਰੈਜ਼ੀਡੈਂਸੀ ਨਾਲ ਸਮਾਨਤਾ ਤੇ ਰਖੇ ਜਾਣੇ ਚਾਹੀਦੇ ਹਨ। ਸ੍ਰੀਮਾਨ ਜੀ, ਮੇਰੀ ਤੁਹਾਡੇ ਅੱਗੇ ਗੁਰਜ਼ਾਰਸ਼ ਹੈ ਕਿ ਮੰਨ ਲਓ ਇਹ ਬਿਲ ਸਾਰੇ ਅੰਗਰੇਜ਼ੀ ਹਿੰਦੁਸਤਾਨ ਉੱਤੇ ਲਾਗੂ ਕਰ ਦਿਤਾ ਜਾਂਦਾ ਹੈ ਤਾਂ ਕਿਸੇ ਨੂੰ ਉਠ ਕੇ ਇਹ ਆਖਣ ਤੋਂ ਕਿਹੜੀ ਚੀਜ਼ ਰੋਕ ਸਕਦੀ ਹੈ ਕ ਇਸ ਨਾਲ ਬਿਲ ਹਿੰਦੁਸਤਾਨ ਹੋਰ ਦੇਸਾਂ ਦੇ ਮੁਕਾਬਲੇ ਘਾਟੇ ਵਿਚ ਰਹੇਗਾ। ਇਸ ਲਈ ਅਸੀਂ ਉਦੋਂ ਤਕ ਉਡੀਕ ਕਰੀਏ ਜਦੋਂ ਤਕ ਸਾਰੀ ਦੁਨੀਆਂ ਇਸ ਬਿਲ ਦਾ ਅਸੂਲ ਪ੍ਰਵਾਨ ਨਹੀਂ ਕਰ ਲੈਂਦੀ। ਉਦੋਂ ਅਸੀਂ ਸਾਰੇ ਇਕ

ਦੂਜੇ ਦੇ ਬਰਾਬਰ ਹੋਵਾਂਗੇ। ਮੇਰੀ ਗੁਜ਼ਾਰਸ਼ ਹੈ ਕਿ ਇਸ ਦਲੀਲ ਵਿਚ ਕੋਈ ਤੱਤ ਨਹੀਂ। ਇਸ ਵਾਸਤੇ ਮੇਰਾ ਵਿਚਾਰ ਹੈ ਕਿ ਇਸ ਬਿਲ ਵਿਚ ਚਿਤਵੇ ਹੋਏ ਲਾਭ ਇਹ ਸਦਨ ਉਨ੍ਹਾਂ ਵਿਚਾਰੀਆਂ ਤੀਵੀਆਂ ਨੂੰ ਪ੍ਰਦਾਨ ਕਰ ਦੇਵੇ ਜੋ ਇਸ ਪ੍ਰੈਜ਼ੀਡੈਂਸੀ ਵਿਚ ਸਾਡੇ ਕਾਰਖ਼ਾਨਿਆਂ ਵਿਚ ਮੁਸ਼ੱਕਤ ਕਰ ਰਹੀਆਂ ਹਨ।

15

ਕੋਰੜੇ ਮਾਰਨ ਦੀ ਸਜ਼ਾ

ਡਾ ਬੀ.ਆਰ.ਅੰਬੇਡਕਰ: ਸ੍ਰੀਮਾਨ ਜੀ, ਬਿਲ ਦੇ ਇੰਚਾਰਜ ਆਪਣੇ ਮਾਨਯੋਗ ਮਿੱਤਰ ਸ੍ਰੀ ਬੋੱਲੋ ਅਤੇ ਕਾਨੂੰਨੀ ਮਾਮਲਿਆਂ ਦੇ ਸਲਾਹਕਾਰ ਮਾਨਯੋਗ ਮੈਂਬਰ ਨੂੰ ਸੁਣਨ ਮਗਰੋਂ ਮੇਰੇ ਵਿਚਾਰ ਵਿਚ ਇਸ ਉਪਾਅ ਦੀ ਲੋੜ ਸੰਬੰਧੀ ਹੋਰ ਤਰਕ ਦੀ ਜ਼ਰੂਰਤ ਬਾਕੀ ਨਹੀਂ ਬਚੀ ਅਤੇ ਨਾ ਹੀ ਮੇਰੇ ਵਿਚਾਰ ਵਿਚ ਇਸ ਸਵਾਲ ਲਈ ਕੋਈ ਦਲੀਲ ਦੇਣ ਦੀ ਲੋੜ ਹੈ ਕਿ ਕੋਰੜੇ ਮਾਰਨਾ ਯੋਗ ਸਜ਼ਾ ਹੈ। ਮੈਨੂੰ ਯਕੀਨ ਹੈ ਕਿ ਕੋਈ ਮਾਨਯੋਗ ਮੈਂਬਰ ਇਸ ਗਲ ਤੇ ਵਿਵਾਦ ਨਹੀਂ ਕਰ ਸਕਦਾ ਕਿ ਬੰਬਈ ਨਗਰ ਵਿੱਚ ਅਤੇ ਅਕਸਰ ਦੁਆਲੇ ਦੇ ਇਲਾਕਿਆਂ ਵਿਚ ਘੋਰ ਫ਼ਸਾਦ ਹੋਏ ਹਨ ਜਿਨ੍ਹਾਂ ਦੇ ਕਾਰਨ ਭਾਰਤੀ ਸਮਾਜ ਅਤੇ ਭਾਰਤੀ ਸਭਿਅਤਾ ਦੀ ਖ਼ੁਨਾਮੀ ਹੋਈ ਹੈ। ਸਜ਼ਾ ਵਜੋਂ ਕੋਰੜੇ ਮਾਰਨਾ, ਭਾਰਤੀ ਵਿਧਾਨ ਸੰਗ੍ਰਹਿ ਵਿਚ ਮੌਜੂਦ ਹੈ। ਜੋ ਵਿਅਕਤੀ ਇਹ ਆਖਦੇ ਹਨ ਕਿ ਅਸੀਂ ਨਵਾਂ ਵਿਚਲਣ ਕਰ ਰਹੇ ਹਾਂ, ਇਹ ਮੌਜੂਦਗੀ ਉਨ੍ਹਾਂ ਦੇ ਵਿਰੁਧ ਆਪ ਹੀ ਕਾਫ਼ੀ ਦਲੀਲ ਹੈ। ਇਸ ਦੇ ਫਲਸਰੂਪ, ਮੇਰੀ ਨਿਮਰ ਵਿਚਾਰ ਅਨੁਸਾਰ ਬਹਿਸ ਲਈ ਬਚਿਆ ਇਕੋ ਇਕ ਨੁਕਤਾ ਇਹ ਹੈ ਕਿ ਬਿਲ ਦੇ ਉਪਬੰਧ- ਜਿਵੇਂ ਕਿ ਇਹ ਤਿਆਰ ਕੀਤੇ ਗਏ ਹਨ- ਮੌਕੇ ਦੀਆਂ ਆਵਸ਼ਕਤਾਵਾਂ ਤੋਂ ਅੱਗੇ ਤਾਂ ਨਹੀਂ ਜਾਂਦੇ ? ਮੈਨੂੰ ਤਾਂ ਇਹੋ ਨੁਕਤਾ ਬਹਿਸ ਲਈ ਬਚਿਆ ਜਾਪਦਾ ਹੈ।

ਸ੍ਰੀਮਾਨ ਜੀ, ਬਿਲ ਪੜ੍ਹ ਕੇ ਮੈਂ ਖੰਡ 2 ਉਪਰ ਗ਼ੌਰ ਕੀਤਾ ਹੈ ਜੋ ਬਿਲ ਦਾ ਮੂਲ ਖੰਡ ਹੈ। ਖੰਡ 2 ਵਿਚਲੇ ਉਪਬੰਧਾਂ ਦੀ ਸ਼ਬਦਾਵਲੀ ਨਾਲ ਸਹਿਮਤ ਹੋਣ ਵਿਚ ਮੈਨੂੰ ਔਕੜ ਪੇਸ਼ ਆ ਰਹੀ ਹੈ। ਇਹ ਖੰਡ, ਜਿਵੇਂ ਹੈ, ਇਹ ਆਖਦਾ ਹੈ ਕਿ ਕੋਰੜੇ ਮਾਰਨ ਦੇ ਐਕਟ ਦੀ ਧਾਰਾ 4 ਦੇ ਉਪਬੰਧ ਦੰਗਿਆਂ ਦੇ ਉਸ ਹਰ ਅਪਰਾਧ ਉੱਪਰ ਲਾਗੂ ਹੋਣਗੇ ਜੋ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 146 ਅਤੇ 148 ਦੇ ਅੰਦਰ ਆਉਂਦਾ ਹੈ। ਸ੍ਰੀਮਾਨ ਜੀ, ਮੈਂ ਇਹ ਪ੍ਰਭਾਵ ਗ੍ਰਹਿਣ ਕੀਤਾ ਸੀ ਕਿ ਇਹ ਉਪਾਅ ਵਿਸ਼ੇਸ਼ ਮਨੋਰਥ ਲਈ ਘੜਿਆ ਅਤੇ ਵਿਉਂਤਿਆ ਗਿਆ ਸੀ ਤਾਂ ਜੋ ਫ਼ਿਰਕੂ ਫਸਾਦ ਆਖੇ ਜਾਂਦੇ ਦੰਗਿਆਂ ਨਾਲ ਨਜਿਠਿਆ ਜਾ ਸਕੇ। ਸ੍ਰੀਮਾਨ ਜੀ, ਦੰਗੇ ਕਈ ਪ੍ਰਕਾਰ ਦੇ ਹੋ ਸਕਦੇ ਹਨ, ਮੌਕਾ, ਮਨੋਰਥ ਜਾਂ ਮੰਤਵ ਭਿੰਨ ਹੋ ਸਕਦਾ ਹੈ। ਬੰਬਈ ਸ਼ਹਿਰ ਵਿਚ ਉਦਯੋਗਿਕ ਹੜਤਾਲ ਕਾਰਨ ਦੰਗਾ ਹੋ ਸਕਦਾ ਹੈ। ਜੇ ਕੁਝ ਗ਼ਰੀਬ ਲੋਕ ਕਿਸੇ ਮਿਲਖ ਉਪਰ ਆਖਣਾ ਹੱਕ ਜਤਾਉਣ ਲਈ ਇਕੱਠੇ ਹੋਣ, ਭਾਵੇਂ ਉਹ ਮਿਲਖ ਨਾਜਾਇਜ਼ ਵੀ ਹੋਵੇ, ਪਰ ਉਨ੍ਹਾਂ ਦੇ ਹੱਕੀ ਵਿਸ਼ਵਾਸ਼ ਅਨੁਸਾਰ ਉਨ੍ਹਾਂ ਦੀ ਮਲਕੀਅਤ ਹੈ, ਤਾਂ ਉਨ੍ਹਾਂ ਵਿਚਕਾਰ ਇਤਫ਼ਾਕੀ ਝਗੜੇ ਤੋਂ ਦੰਗਾ ਹੋ ਸਕਦਾ ਹੈ। ਸ੍ਰੀਮਾਨ ਜੀ, ਇਸ ਸਦਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੰਗੇ ਦਾ ਅਪਰਾਧ ਸਚਮੁਚ ਹੀ ਗ਼ੈਰਕਾਨੂੰਨੀ ਇਕੱਠ ਤੋਂ ਪੈਦਾ ਹੋਇਆ ਹੈ। ਇਕ ਗ਼ੈਰਕਾਨੂੰਨੀ ਇਕੱਠ ਉਦੋਂ ਦੰਗਾ ਬਣ ਜਾਂਦਾ ਹੈ ਜਦੋਂ ਇਹ ਇਕੱਠ

---

* ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 37, ਪੰਨਾ 652-53, 18 ਫ਼ਰਵਰੀ, 1933

ਬਲ ਦੀ ਵਰਤੋਂ ਕਰਦਾ ਹੈ। ਧਾਰਾ 146 ਵਿਚ ਦੰਗੇ ਦੀ ਇਹ ਪਰਿਭਾਸ਼ਾ ਦਿਤੀ ਹੋਈ ਹੈ। ਗ਼ੈਰਕਾਨੂੰਨੀ ਇਕੱਠ ਭਾਵੇਂ ਅਜਿਹਾ ਅਪਰਾਧ ਨਾ ਹੋਵੇ ਜਿਸ ਨੂੰ ਅਸੀਂ ਅਖੀਓਂ ਓਹਲੇ ਕਰ ਸਕੀਏ, ਤਾਂ ਵੀ ਇਹ ਅਜਿਹਾ ਅਪਰਾਧ ਨਹੀਂ ਜਿਸ ਲਈ ਕੋਰੜੇ ਮਾਰਨ ਵਰਗੀ ਭਿਆਨਕ ਸਜ਼ਾ ਦਿਤੀ ਜਾਏ। ਇਸ ਦੇ ਸਿੱਟੇ ਵਜੋਂ ਜੇ ਅਸਾਂ ਕੋਰੜੇ ਮਾਰਨ ਦੀ ਸਜ਼ਾ ਬਾਰੇ ਬਿਲ ਪੇਸ਼ ਕਰਨਾ ਹੀ ਹੈ ਤਾਂ ਸਾਨੂੰ ਖੰਡ 2 ਦੀ ਇਦਾਂ ਸੋਧ ਕਰਨੀ ਪਵੇਗੀ ਕਿ ਇਹ ਉਨ੍ਹਾਂ ਹੀ ਦੰਗਿਆਂ ਤੇ ਲਾਗੂ ਹੋਵੇ ਜੋ ਫ਼ਿਰਕੂ ਝਗੜਿਆਂ ਤੋਂ ਉਠਦੇ ਹਨ ਅਤੇ ਹੋਰ ਕਿਸੇ ਪ੍ਰਕਾਰ ਦੇ ਦੰਗਿਆਂ ਉੱਤੇ ਨਹੀਂ। ਮੇਰੀ ਗੁਜ਼ਾਰਸ਼ ਹੈ ਕਿ ਇਸ ਖੰਡ ਦੀ ਸ਼ਬਦਾਵਲੀ ਇਸ ਤਰ੍ਹਾਂ ਦੀ ਵਿਸ਼ਾਲ ਹੈ ਕਿ ਇਹ ਹਰ ਕਿਸੇ ਦੰਗੇ ਤੇ ਲਾਗੂ ਹੋ ਸਕਦੀ ਹੈ, ਭਾਵੇਂ ਉਹ ਕਿਸੇ ਵੀ ਕਾਰਨ ਉਠ ਖੜਾ ਹੋਵੇ। ਇਹ ਕਾਰਨ ਅਸਥਾਈ ਪ੍ਰਕਿਰਤੀ ਦਾ ਹੋ ਸਕਦਾ ਹੈ ਜਾਂ ਇਨਸਾਨੀ ਮਾਮਲਿਆਂ ਵਿਚ ਇਤਨਾ ਨਾਰਮਲ ਹੋ ਸਕਦਾ ਹੈ ਕਿ ਸਾਨੂੰ ਇਸ ਸਜ਼ਾ ਦਾ ਵਿਸਤਾਰ ਇਨ੍ਹਾਂ ਖੇਤਰਾਂ ਤਕ ਨਹੀਂ ਕਰਨਾ ਚਾਹੀਦਾ। ਭਾਰਤੀ ਦੰਡਾਵਲੀ ਵਿਚ ਬੜੀ ਸਿਆਣਪ ਨਾਲ ਦੰਗਿਆਂ ਦੇ ਸਾਧਾਰਨ ਅਪਰਾਧਾਂ ਲਈ ਸਾਧਾਰਨ ਕਿਸਮ ਦੀ ਸਜ਼ਾ ਮਿਥੀ ਗਈ ਹੈ। ਜੇ ਇਹ ਬਿਲ ਆਵਸ਼ਕ ਹੈ ਤਾਂ ਇਹ ਆਵਸ਼ਕਤਾ ਕੇਵਲ ਫ਼ਿਰਕੂ ਦੰਗਿਆਂ ਨਾਲ ਨਜਿੱਠਣ ਦੇ ਮਨੋਰਥ ਲਈ ਹੈ ਅਤੇ ਕਿਸੇ ਹੋਰ ਮਨੋਰਥ ਲਈ ਨਹੀਂ। ਜੇ ਮੇਰਾ ਮਿੱਤਰ ਗ੍ਰਿਹ-ਮੰਤਰੀ ਖੰਡ 2 ਦੀ ਸ਼ਬਦਾਵਲੀ ਇਸ ਤਰ੍ਹਾਂ ਨਾਲ ਬਦਲਣ ਲਈ ਤਿਆਰ ਹੈ ਕਿ ਇਹ ਸਜ਼ਾ ਕੇਵਲ ਫ਼ਿਰਕੂ ਦੰਗਿਆਂ ਸੰਬੰਧੀ ਅਪਰਾਧਾਂ ਤੇ ਹੀ ਲਾਗੂ ਕੀਤੀ ਜਾ ਸਕੇ, ਤਾਂ ਉਸ ਨੂੰ ਮੇਰੀ ਹਿਮਾਇਤ ਪ੍ਰਾਪਤ ਹੋਵੇਗੀ। ਇਸ ਮੌਕੇ ਤੇ ਮੈਂ ਬਸ ਇਤਨਾ ਕੁਝ ਹੀ ਆਖਣਾ ਹੈ।

16

* ਮੰਤਰੀਆਂ ਦੀਆਂ ਤਨਖ਼ਾਹਾਂ ਸੰਬੰਧੀ ਬਿਲ

ਡਾ. ਬੀ. ਆਰ. ਅੰਬੇਡਕਰ: (ਬੰਬਈ ਸ਼ਹਿਰ, ਬਾਈਖਲਾ ਅਤੇ ਪਰੇਲ): ਸ੍ਰੀਮਾਨ ਸਪੀਕਰ ਜੀ, ਮੈਂ ਇਕ ਬਿਆਨ ਦੇਣ ਲਈ ਖੜਾ ਹੋਇਆ ਹਾਂ। ਮੈਂ ਸ਼ਬਦ "ਬਿਆਨ" ਦੀ ਵਰਤੋਂ ਸੋਚ-ਸਮਝ ਕੇ ਕੀਤੀ ਹੈ। ਮੇਰੇ ਮਾਨਯੋਗ ਮਿਤਰ ਪ੍ਰਧਾਨ ਮੰਤਰੀ ਜੀ ਨੇ ਜੋ ਬਿਲ ਪੇਸ਼ ਕੀਤਾ ਹੈ, ਮੈਂ ਉਸ ਦੀ ਕੋਈ ਤਰਮੀਮ ਨਹੀਂ ਪੇਸ਼ ਕਰ ਰਿਹਾ ਅਤੇ ਨਾ ਹੀ ਇਹ ਮਾਮਲਾ ਵੰਡ ਤਕ ਪਹੁੰਚਾਉਣ ਦੀ ਮੇਰੀ ਤਜਵੀਜ਼ ਹੈ। ਮੈਂ ਸਮਝਦਾ ਹਾਂ ਕਿ ਮੰਤਰੀਆਂ ਦੀਆਂ ਤਨਖ਼ਾਹਾਂ ਸੰਬੰਧੀ ਬਿਲ ਇਕ ਸਹਿਮਤੀ ਵਾਲਾ ਮਾਮਲਾ ਹੋਣਾ ਚਾਹੀਦਾ ਸੀ ਅਤੇ ਅਜਿਹੀ ਕੋਈ ਲੋੜ ਨਹੀਂ ਸੀ ਕਿ ਇਸ ਨੂੰ ਪਾਰਟੀ ਵੋਟ ਦੁਆਰਾ ਹੀ ਨੇਪਰੇ ਚਾੜ੍ਹਿਆ ਜਾਏ ਜਿਵੇਂ ਕਿ ਮੰਤਰਾਲੇ ਦੀ ਤਜਵੀਜ਼ ਹੈ। ਮੰਤਰਾਲੇ ਨੇ ਉਹ ਰਾਹ ਨਹੀਂ ਚੁਣਿਆ। ਇਸ ਲਈ ਮੈਂ ਬਿਲ ਦੇ ਅਸੂਲ ਦੇ ਵਿਰੁਧ ਕੇਵਲ ਰੋਸ ਪ੍ਰਗਟ ਕਰਨ ਦੇ ਮਨੋਰਥ ਵਜੋਂ ਬਿਆਨ ਦੇਣ ਲਈ ਮਜਬੂਰ ਹੋ ਰਿਹਾ ਹਾਂ। ਪ੍ਰਧਾਨ ਮੰਤਰੀ ਜੀ ਨੇ ਬਿਲ ਪੇਸ਼ ਕਰਦਿਆਂ ਜੋ ਕੁਝ ਆਖਿਆ ਹੈ, ਉਸ ਦੇ ਬਾਵਜੂਦ ਜਿਸ ਸੁਹਿਰਦਤਾ ਨਾਲ ਉਨ੍ਹਾਂ ਨੇ ਭਾਸ਼ਣ ਦਿਤਾ ਹੈ ਅਤੇ ਮੰਤਰੀਆਂ ਦੇ ਵਿਹਾਰ ਸੰਬੰਧੀ ਮਹਾਨ ਅਸੂਲਾਂ ਦਾ ਨਿਰੂਪਣ ਕੀਤਾ ਹੈ, ਨਿਰਸੰਦੇਹ ਇਸ ਸਦਨ ਦਾ ਹਰ ਮੈਂਬਰ ਉਨ੍ਹਾਂ ਲਈ ਵਧੇਰੇ ਸਤਿਕਾਰ ਮਹਿਸੂਸ ਕਰੇਗਾ। ਮਾਮਲੇ ਉੱਤੇ ਵਿਹਾਰਕ ਦ੍ਰਿਸ਼ਟੀਕੋਣ ਤੋਂ ਮੇਰਾ ਖ਼ਿਆਲ ਨਹੀਂ ਕਿ ਮੈਂ ਮੰਤਰੀਆਂ ਲਈ ਇਸ ਬਿਲ ਵਿਚ ਨਿਸਚਿਤ ਕੀਤੀ ਪ੍ਰਮਾਣਿਤ ਤਨਖ਼ਾਹ ਨੂੰ ਸਵੀਕ੍ਰਿਤੀ ਦੇ ਸਕਾਂ।.

ਸ੍ਰੀਮਾਨ ਜੀ, ਉਹ ਕਾਰਨ ਦੱਸਣ ਤੋਂ ਪਹਿਲਾਂ ਕਿ ਮੈਂ ਕਿਉਂ ਸਮਝਦਾ ਹਾਂ ਕਿ ਮੰਤਰੀਆਂ ਲਈ ਇਹ ਪ੍ਰਮਾਣਿਤ ਤਨਖ਼ਾਹ ਨਹੀਂ ਹੋਣੀ ਚਾਹੀਦੀ, ਮੈਂ ਸਦਨ ਦੇ ਅੱਗੇ ਕੁਝ ਅੰਕੜੇ ਪੇਸ਼ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਦਾ ਸੰਬੰਧ ਹਿੰਦੁਸਤਾਨ ਤੋਂ ਬਾਹਰਲੇ ਦੇਸਾਂ ਦੇ ਮੰਤਰੀਆਂ ਅਤੇ ਭਾਰਤੀ ਮੰਤਰੀਆਂ ਦੀਆਂ ਤਨਖ਼ਾਹਾਂ ਨਾਲ ਹੈ, ਤਾਂ ਜੋ, ਸ਼ੁਰੂ ਵਿਚ ਹੀ ਸਦਨ ਨੂੰ ਇਸ ਗਲ ਦਾ ਇਹਸਾਸ ਹੋ ਜਾਏ ਕਿ ਅਸੀਂ ਮੌਜੂਦਾ ਮਿਆਰ ਤੋਂ ਕਿਤਨਾ ਲਾਂਭੇ ਜਾਣ ਦੀ ਗਲ ਕਰ ਰਹੇ ਹਾਂ। ਮੇਰੇ ਕੋਲ ਕੁਝ ਅੰਕੜੇ ਹਨ ਜੋ ਮੈਂ ਇਕੱਠੇ ਕੀਤੇ ਹਨ। ਆਇਰਿਸ਼ ਫ੍ਰੀ ਸਟੇਟ ਵਿਚ 11 ਮੰਤਰੀ ਹਨ, ਹਰ ਕਿਸੇ ਨੂੰ 1700 ਪੌਂਡ ਸਾਲਾਨਾ ਤਨਖ਼ਾਹ ਮਿਲਦੀ ਹੈ ਜੋ ਮੇਰੇ ਲੇਖੇ ਅਨੁਸਾਰ 2000 ਰੁਪਏ ਮਹੀਨਾ ਬਣਦੀ ਹੈ। ਦਖਣੀ ਅਫ਼ਰੀਕਾ ਵਿਚ 13 ਮੰਤਰੀ ਹਨ, ਦੋ ਮੰਤਰੀ ਵਿਭਾਗ-ਰਹਿਤ ਹਨ। ਪ੍ਰਧਾਨ ਮੰਤਰੀ ਨੂੰ 2500 ਪੌਂਡ ਸਾਲਾਨਾ ਮਿਲਦੇ ਹਨ ਜੋ ਮੇਰੇ ਲੇਖੇ ਅਨੁਸਾਰ 2900 ਰੁਪਏ ਮਹੀਨਾ ਬਣਦੇ ਹਨ। ਆਸਟ੍ਰੇਲੀਆ ਦੇ ਅੰਕੜੇ ਮੇਰੇ ਕੋਲ ਮੌਜੂਦ ਨਹੀਂ, ਪਰ ਕੈਨੇਡਾ ਦੇ ਅੰਕੜੇ ਇਸ ਪ੍ਰਕਾਰ ਹਨ:

---

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 1, ਪੰਨਾ 247-54 23 ਅਗਸਤ, 1937

ਪ੍ਰਧਾਨ ਮੰਤਰੀ 19000 ਡਾਲਰ ਸਾਲਾਨਾ ਲੈਂਦਾ ਹੈ। ਕੈਨੇਡਾ ਵਿਚ ਕੁਲ 16 ਮੰਤਰੀ ਹਨ ਅਤੇ ਹਰ ਮੰਤਰੀ 14000 ਡਾਲਰ ਸਾਲਾਨਾ ਲੈਂਦਾ ਹੈ, ਜਿਸ ਵਿਚ 4000 ਡਾਲਰ ਅਧਿਵੇਸ਼ਨੀ ਭੱਤੇ ਦੇ ਸ਼ਾਮਲ ਹਨ। ਨਿਊਜ਼ੀਲੈਂਡ ਵਿਚ 12 ਮੰਤਰੀ ਹਨ। ਉਥੇ ਪ੍ਰਧਾਨ ਮੰਤਰੀ ਨੂੰ 1800 ਪੌਂਡ ਸਾਲਾਨਾ ਅਤੇ ਰਹਿਣ ਲਈ ਨਿਵਾਸ ਮਿਲਦਾ ਹੈ, ਮੰਤਰੀ ਨੂੰ ਸਾਲਾਨਾ 1370 ਪੌਂਡ ਮਿਲਦੇ ਹਨ ਜਿਸ ਵਿਚ 200 ਪੌਂਡ ਮਕਾਨ ਭੱਤਾ ਸ਼ਾਮਲ ਹੈ। ਇਸ ਤਰ੍ਹਾਂ ਮੰਤਰੀ ਦੀ ਤਨਖ਼ਾਹ 1500 ਰੁਪਏ ਬਣਦੀ ਹੈ।

ਹੁਣ ਹਿੰਦੁਸਤਾਨ ਦੀ ਗਲ। ਇਸ ਵੇਲੇ ਨਵੇਂ ਭਾਰਤ ਸਰਕਾਰ ਐਕਟ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਦਿਤੀਆਂ ਜਾਣ ਵਾਲੀਆਂ ਤਨਖ਼ਾਹਾਂ ਨੂੰ ਛੱਡ ਕੇ ਉਨ੍ਹਾਂ ਤਨਖ਼ਾਹਾਂ ਦਾ ਜ਼ਿਕਰ ਕਰਾਂਗੇ ਜੋ ਅੰਤਰਿਮ ਮੰਤਰੀਆਂ ਲਈ ਨਿਸਚਿਤ ਕੀਤੀਆਂ ਗਈਆਂ ਸਨ। ਕੋਈ ਨਹੀਂ ਆਖ ਸਕਦਾ ਕਿ ਅੰਤ੍ਰਿਮ ਮੰਤਰਾਲੇ, ਅਜਿਹੇ ਮੰਤਰਾਲੇ ਨਹੀਂ ਸਨ ਜੋ ਕਿਸੇ ਹਦ ਤਕ ਲੋਕ ਰਾਏ ਅੱਗੇ ਜਵਾਬ-ਦੇਹ ਨਾ ਹੋਣ। ਇਹ ਅੰਕੜੇ ਉਸ ਸਾਰਣੀ ਵਿਚੋਂ ਮੈਨੂੰ ਮਿਲੇ ਹਨ ਜੋ ਸੰਸਦ ਅੱਗੇ ਪੇਸ਼ ਕੀਤੀ ਗਈ ਸੀ। ਮਦਰਾਸ ਵਿਚ ਮੁੱਖ ਮੰਤਰੀ ਨੂੰ 3000 ਰੁਪਏ ਮਿਲਦੇ ਹਨ ਅਤੇ ਹਰ ਮੰਤਰੀ ਨੂੰ 2500 ਰੁਪਏ ਅਤੇ ਇਕ ਘਰ। ਬੰਬਈ ਵਿਚ ਮੁੱਖ ਮੰਤਰੀ ਦੀ ਤਨਖ਼ਾਹ 4000 ਰੁਪਏ ਸੀ ਅਤੇ ਹਰ ਮੰਤਰੀ ਦੀ 3500 ਰੁਪਏ। ਉੱਤਰ ਪ੍ਰਦੇਸ਼ ਵਿਚ ਮੁੱਖ ਮੰਤਰੀ ਸਣੇ ਹਰ ਮੰਤਰੀ ਨੂੰ 2500 ਰੁਪਏ ਮਿਲਦੇ ਸਨ। ਮੱਧ ਪ੍ਰਦੇਸ਼ ਵਿੱਚ ਮੁੱਖ ਮੰਤਰੀ ਨੂੰ 3000 ਰੁਪਏ ਅਤੇ ਹਰ ਮੰਤਰੀ ਨੂੰ 2250 ਰੁਪਏ ਮਿਲਦੇ ਸਨ। ਬਿਹਾਰ ਵਿਚ ਮੁੱਖ ਮੰਤ੍ਰੀ ਨੂੰ 2500 ਰੁਪਏ ਅਤੇ ਮੰਤਰੀ ਨੂੰ 2000 ਰੁਪਏ ਮਿਲਦੇ ਸਨ। ਉੜੀਸਾ ਵਿਚ ਹਰ ਮੰਤਰੀ ਨੂੰ 1000 ਰੁਪਏ ਮਿਲਦੇ ਸਨ।

ਸ੍ਰੀਮਾਨ ਜੀ, ਹੁਣ ਇਨ੍ਹਾਂ ਅੰਕੜਿਆਂ ਦੀ ਤੁਲਨਾ ਮੰਤਰੀਆਂ ਦੀਆਂ ਤਨਖ਼ਾਹਾਂ ਬਾਰੇ ਪ੍ਰਸਤਾਵਿਤ ਬਿਲ ਦੇ ਅੰਕੜਿਆਂ ਨਾਲ ਕਰੋ। ਮੈਨੂੰ ਜਾਪਦਾ ਹੈ ਕਿ ਅੰਤਰ, ਦਰਜੇ ਦਾ ਨਹੀਂ, ਕਿਸਮ ਦਾ ਹੈ, ਅਤੇ ਮੇਰੀ ਗੁਜ਼ਾਰਸ਼ ਹੈ ਕਿ ਕਿਸਮ ਦਾ ਅੰਤਰ ਅਸੂਲ ਦਾ ਅੰਤਰ ਹੈ। ਕਿਸੇ ਮੰਤਰੀ ਦੀ ਤਨਖ਼ਾਹ ਨਿਸਚਿਤ ਕਰਨ ਸਮੇਂ ਕਿਹੜੀਆਂ ਕਿਹੜੀਆਂ ਗਲਾਂ ਵਿਚਾਰ ਅਧੀਨ ਲਿਆਉਣੀਆਂ ਚਾਹੀਦੀਆਂ ਹਨ ? ਜਨਾਬ, ਮੇਰੇ ਵਿਚਾਰ ਵਿਚ ਚਾਰ ਗਲਾਂ ਵਿਚਾਰ ਅਧੀਨ ਲਿਆਉਣੀਆਂ ਚਾਹੀਦੀਆਂ ਹਨ। ਪਹਿਲੀ ਵਿਚਾਰ ਯੋਗ ਗਲ, ਮੰਤਰੀਆਂ ਦੀ ਸਮਾਜਕ ਪੱਧਰ ਹੈ, ਅਤੇ ਇਹ ਮੰਤਰੀ ਨਿਰਸੰਦੇਹ ਜਾਤੀ ਦੇ ਸਮਾਜਕ ਨੇਤਾ ਹਨ। ਦੂਜੀ ਵਿਚਾਰਯੋਗ ਗਲ, ਉਨ੍ਹਾਂ ਦੀ ਸੁਯੋਗਤਾ ਹੈ। ਤੀਜਾ ਵਿਚਾਰ, ਲੋਕ-ਰਾਜ ਦਾ ਹੈ। ਚੌਥਾ ਵਿਚਾਰ, ਨੇਕਨੀਤੀ ਅਤੇ ਪ੍ਰਸ਼ਾਸਨ ਦੇ ਸੁਥਰੇਪਣ ਦਾ ਹੈ। ਮੈਂ ਪਹਿਲੇ ਵਿਚਾਰ ਨੂੰ ਲੰਬਾਈ ਤਕ ਨਹੀਂ ਘਸੀਟਣਾ ਚਾਹੁੰਦਾ। ਨਿੱਜੀ ਤੌਰ ਤੇ ਮੇਰੀ ਇਹ ਸੋਚ ਹੋਣੀ ਚਾਹੀਦੀ ਹੈ ਦੇਸ ਦੇ ਮੁੱਖ ਨਾਗਰਿਕ ਹੋਣ ਦੇ ਨਾਤੇ ਮੰਤਰੀਆਂ ਨੂੰ ਅਜਿਹਾ ਜੀਵਨ ਬਿਤਾਉਣਾ ਚਾਹੀਦਾ ਹੈ ਜੋ ਸਦਾਚਾਰਕ ਹੋਵੇ, ਜੋ ਬਾਕੀਆਂ ਲਈ ਨਮੂਨਾ ਹੋਵੇ। ਪਰ, ਜੇ ਮੇਰੇ ਮਿੱਤਰ ਇਸ ਮਾਮਲੇ ਦੇ ਇਸ ਪੱਖ ਦਾ ਵਿਚਾਰ ਨਹੀਂ ਕਰਨਾ ਚਾਹੁੰਦੇ, ਤਾਂ ਮੈਂ ਇਸ ਵਿਚਾਰ ਨੂੰ ਮੂਲੋਂ ਛਡ ਦੇਣ ਨੂੰ ਤਿਆਰ ਹਾਂ। ਪਰ,

ਮੰਤਰੀਆਂ ਦੀਆਂ ਤਨਖ਼ਾਹਾਂ ਨਿਸਚਿਤ ਕਰਨ ਲਈ ਯਕੀਨੀ ਤੌਰ ਤੇ ਸੁਯੋਗਤਾ, ਲੋਕਰਾਜ ਅਤੇ ਨੈਕਨੀਤੀ ਦੇ ਵਿਚਾਰ ਅਖੀਓਂ ਓਹਲੇ ਨਹੀਂ ਕੀਤੇ ਜਾ ਸਕਦੇ। ਮੈਨੂੰ ਨਹੀਂ ਪਤਾ ਮਾਨਯੋਗ ਪ੍ਰਧਾਨ ਜੀ, ਕਿ ਮਾਨਯੋਗ ਪ੍ਰਧਾਨ ਮੰਤਰੀ ਦਾ ਮੰਤਰੀਆਂ ਦੇ ਕਰਤੱਵਾਂ ਅਤੇ ਕਾਰਜਕਤਾਵਾਂ ਬਾਰੇ ਕੀ ਦ੍ਰਿਸ਼ਟੀਕੋਣ ਹੈ ? ਜੇ ਉਹ ਇਹ ਸਮਝਦੇ ਹਨ ਕਿ ਮੰਤਰੀਆਂ ਨੇ ਝੰਡੇ ਲਹਿਰਾਉਣ ਦੀ ਰਸਮ ਅਦਾ ਕਰਦੇ ਫਿਰਨਾ ਹੈ, ਸਲਾਮੀ ਗਾਰਦ ਦੀਆਂ ਕਿਰਮਚੀ ਪੁਸ਼ਾਕਾਂ ਵਿੱਚ ਲਿਪਟੀਆਂ ਤੀਵੀਆਂ ਤੋਂ ਸਲਾਮੀ ਲੈਂਦੇ ਫਿਰਨਾ ਹੈ ਅਤੇ ਇਸ ਤੋਂ ਵੱਧ ਹੋਰ ਕੁਝ ਨਹੀਂ ਕਰਨਾ ਤਾਂ ਇਹ ਵਖਰੀ ਗਲ ਹੈ। ਮੇਰੀ ਦ੍ਰਿਸ਼ਟੀ ਵਿਚ- ਅਤੇ ਮੈਂ ਇਸ ਤੇ ਜਿਤਨਾ ਜ਼ੋਰ ਦੇ ਸਕਾਂ, ਜ਼ੋਰ ਦੇ ਕੇ ਆਖਣਾ ਚਾਹੁੰਦਾ ਹਾਂ- ਜੇ ਅਸੀਂ ਮੰਤਰਾਲੇ ਤੋਂ ਕੋਈ ਆਸ ਕਰਦੇ ਹਾਂ, ਤਾਂ ਇਹ, ਸੁਯੋਗਤਾ ਹੈ। ਮੇਰੇ ਮਨ ਵਿਚ ਕੋਈ ਸੰਦੇਹ ਨਹੀਂ ਕਿ ਰਾਜ ਦੇ ਤਿੰਨ ਅੰਗਾਂ- ਵਿਧਾਨ ਪਾਲਿਕਾ, ਕਾਰਜਕਾਪਲਕਾ ਅਤੇ ਨਿਆਂ-ਪਾਲਕਾ- ਵਿਚੋਂ ਕਾਰਜ-ਪਾਲਕਾ ਕਾਰਜ ਦਾ ਮੁੱਖ ਸੋਮਾਂ ਹੈ। ਇਹ ਕਾਰਜਪਾਲਕਾ ਹੀ ਹੈ ਜਿਸ ਨੇ ਦੇਸ ਅੱਗੇ ਆਉਣ ਵਾਲੀਆਂ ਸਮੱਸਿਆਵਾਂ ਦਾ ਅਧਿਐਨ ਕਰਨਾ ਹੈ, ਇਹ ਕਾਰਜ-ਪਾਲਕਾ ਹੀ ਹੈ ਜਿਸ ਨੇ ਦਸਣਾ ਹੈ ਕਿ ਉਨ੍ਹਾਂ ਸਮਸਿਆਵਾਂ ਨੂੰ ਸੁਲਝਾਉਣ ਲਈ ਕੀ ਹਲ ਸੁਝਾਏ ਜਾ ਸਕਦੇ ਹਨ। ਸ੍ਰੀਮਾਨ ਜੀ, ਸੰਖੇਪ ਵਿਚ, ਜੇ ਅਸਾਂ ਸਾਮ੍ਹਣੇ ਆਉਣ ਵਾਲੀਆਂ ਭਿੰਨ ਭਿੰਨ ਸਮਸਿਆਵਾਂ ਹਲ ਕਰਨੀਆਂ ਹਨ ਅਤੇ ਸੰਵਿਧਾਨ ਦਾ ਉੱਤਮ ਲਾਭ ਲੈਣਾ ਹੈ ਤਾਂ ਕਾਰਜਪਾਲਕਾ ਹੀ ਹੈ ਜਿਸ ਨੂੰ ਬੁਧੀਮਾਨ ਸਲਾਹਕਾਰ ਹੋਣਾ ਚਾਹੀਦਾ ਹੈ।

ਮੇਰੇ ਮਨ ਵਿਚ ਜੋ ਸਵਾਲ ਉਠਦਾ ਹੈ, ਉਹ ਇਹ ਹੈ: ਜੋ ਤਨਖ਼ਾਹ ਤਜਵੀਜ਼ ਕੀਤੀ ਗਈ ਹੈ, ਕੀ ਉਹ ਅਜਿਹੇ ਵਿਅਕਤੀਆਂ ਨੂੰ ਖਿਚ ਪਾਉਣ ਦੇ ਸਮਰਥ ਹੈ ਜੋ ਯੋਗ ਹਨ ਅਤੇ ਜਿਨ੍ਹਾਂ ਕੋਲ ਸਮਸਿਆ ਦਾ ਸਾਮ੍ਹਣਾ ਕਰਨ ਅਤੇ ਉਨ੍ਹਾਂ ਦੇ ਇਲਾਜ ਸੁਝਾਉਣ ਦੀ ਸਮਰਥਾ ਹੈ ? ਦੇਸ ਵਿਚ ਵਿਆਪ ਰਹੇ ਹਾਲਾਤ ਦੀ ਰੋਸ਼ਨੀ ਵਿਚ ਇਸ ਸਵਾਲ ਉਪਰ ਨਿਰਪੇਖ ਰੂਪ ਵਿਚ ਵੇਖਦਿਆਂ, ਮੈਂ ਹਾਂ-ਪਖੀ ਉੱਤਰ ਨਹੀਂ ਦੇ ਸਕਦਾ। ਸਭ ਤੋਂ ਪਹਿਲਾਂ ਇਹ ਤੱਥ ਧਿਆਨਯੋਗ ਹੈ ਕਿ ਜੀਵਨ ਦੇ ਹੋਰ ਪੇਸ਼ੇ, ਜਿਨ੍ਹਾਂ ਵਿਚ ਇਨਾਮ, ਵਜ਼ਾਰਤ ਵਿਚ ਮੁਹੱਈਆ ਕੀਤੇ ਗਏ ਇਨਾਮਾਂ ਤੋਂ ਕਿਤੇ ਵੱਧ ਹਨ- ਬਹੁਤੇ ਲੋਕ, ਜਿਨ੍ਹਾਂ ਵਿਚ ਸੁਯੋਗਤਾ ਹੈ, ਜੋ ਤਾਂਘੀ ਹਨ, ਬਜਾਏ ਵਜ਼ਾਰਤ ਵਿਚ ਅਮਾਉਣ ਦੇ, ਅਤੇ ਵਜ਼ਾਰਤ ਦੀ ਜ਼ਿੰਮੇਵਾਰੀ ਲੈਣ ਦੇ, ਜੀਵਨ ਦ ਉਹੇ ਹੋਰ ਪੇਸ਼ੇ ਅਪਣਾਉਣਾ ਚਾਹੁਣਗੇ। ਮੈਂ ਇਸ ਗਲ ਨੂੰ ਸਮਝ ਲੈਂਦਾ ਜੇ ਵਜ਼ਾਰਤ ਇਹ ਕਾਨੂੰਨ ਬਣਾ ਰਹੀ ਹੁੰਦੀ ਕਿ ਕਿਸੇ ਪੇਸ਼ੇ ਵਿਚ ਵੀ ਕਿਸੇ ਨੂੰ 500 ਰੁਪਏ ਤੋਂ ਵਧ ਤਨਖ਼ਾਹ ਨਹੀਂ ਮਿਲਣੀ ਚਾਹੀਦੀ। ਜੇ ਉਨ੍ਹਾਂ ਅਜਿਹਾ ਕੀਤਾ ਹੁੰਦਾ ਤਾਂ ਗਲ ਹੋਰ ਹੋਣੀ ਸੀ। ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਹ ਯੋਗ ਲੋਕਾਂ ਨੂੰ ਹੋਰ ਪੇਸ਼ਿਆਂ ਵਲ ਧੱਕ ਰਹੇ ਹਨ। ਮਾਮਲੇ ਦਾ ਇਹ ਇਕ ਪੱਖ ਹੈ। ਦੂਜੀ ਵਿਚਾਰ ਯੋਗ ਗਲ ਇਹ ਹੈ: ਜੋ ਸਥਿਤੀ ਹਿੰਦੁਸਤਾਨ ਵਿਚ ਹੈ, ਉਸ ਨੂੰ ਵੇਖਦਿਆਂ ਮੈਂ ਆਖੇ ਬਿਨਾਂ ਨਹੀਂ ਰਹਿ ਸਕਦਾ ਕਿ ਬੁਧੀਜੀਵੀ ਵਰਗ, ਜਿਸ ਵਿਚੋਂ ਤੁਸੀਂ ਸੁਯੋਗ ਵਿਅਕਤੀ ਲੈ ਸਕਦੇ ਹੋ ਅਤੇ ਜੋ ਜ਼ਿੰਮੇਵਾਰੀ ਲੈਣ ਦੇ ਕਾਫ਼ੀ ਸਮਰਥ

ਹਨ, ਉਹ ਬਹੁਤ ਛੋਟਾ ਹੈ। ਸ੍ਰੀਮਾਨ ਜੀ, ਇਸ ਦੇਸ ਵਿਚ ਸਮਾਜੀ ਪ੍ਰਣਾਲੀ ਜੋ ਪ੍ਰਚਲਤ ਹੈ ਅਤੇ ਜਿਸ ਨੂੰ ਬਰਤਾਨਵੀ ਸਰਕਾਰ ਕੋਈ ਬਹੁਤੀ ਢਾਹ ਨਹੀਂ ਲਾ ਸਕੀ, ਉਸ ਦੇ ਕਾਰਨ ਸਿਖਿਆ ਬਹੁਤੇ ਛੋਟੇ ਵਰਗ ਤਕ ਮਹਿਦੂਦ ਸੀ। ਬਹੁਤਿਆਂ ਨੂੰ ਸਿਖਿਆ ਦਾ ਵਿਸ਼ੇਸ਼ ਅਧਿਕਾਰ ਅਤੇ ਅਵਸਰ ਕਦੇ ਪ੍ਰਾਪਤ ਨਹੀਂ ਰਿਹਾ। ਅਸਲ ਵਿਚ ਚਾਰ ਵਰਨਾਂ ਅਧੀਨ ਕੇਵਲ ਇਕੋ ਵਰਨ ਹੀ ਸਿਖਿਆ ਪ੍ਰਾਪਤ ਕਰ ਸਕਦਾ ਸੀ, ਬਾਕੀਆਂ ਲਈ ਇਹ ਵਰਜਿਤ ਸੀ। ਇਸ ਦੇ ਫਲ-ਸਰੂਪ ਜਨਤਾ ਦਾ ਵੱਡਾ ਭਾਗ ਬਿਲਕੁਲ ਅਜਿਹੀ ਸਥਿਤੀ ਵਿਚ ਹੈ ਕਿ ਉਹ ਅਜਿਹੇ ਨੇਤਾ ਮੂਹਰੇ ਨਹੀਂ ਲਿਆ ਸਕਦਾ ਜੋ ਮੰਤਰੀ-ਮੰਡਲ ਵਿਚ ਲਏ ਜਾ ਸਕਣ ਅਤੇ ਪ੍ਰਸ਼ਾਸਨ ਚਲਾ ਸਕਣ। ਇਸ ਲਈ ਮੇਰੀ ਗੁਜ਼ਾਰਸ਼ ਹੈ ਕਿ ਇਹ ਤਨਖ਼ਾਹ ਅਜਿਹੀ ਨਹੀਂ ਜੋ ਪ੍ਰਸ਼ਾਸਨ ਚਲਾਉਣ ਲਈ ਸੁਯੋਗ ਵਿਅਕਤੀਆਂ ਨੂੰ ਲੁਭਾ ਸਕੇ।

ਸ੍ਰੀਮਾਨ ਜੀ, ਹੁਣ ਲੋਕ-ਰਾਜ ਦੇ ਸਵਾਲ ਵਲ ਆਈਏ। ਤਨਖ਼ਾਹ ਦਾ ਅਸਰ ਕੀ ਹੋਵੇਗਾ ? ਮੈਂ ਸਿੱਧਾ ਇਹ ਆਖਾਂਗਾ ਕਿ ਤਨਖ਼ਾਹਾਂ ਬਾਰੇ ਬਿਲ ਦਾ ਨਤੀਜਾ ਇਹ ਹੋਵੇਗਾ: ਜਾਂ ਤਾਂ ਅਜਿਹੇ ਲੋਕ ਹੋਣਗੇ ਜਿਨ੍ਹਾਂ ਨੂੰ ਪੈਸੇ ਦੀ ਕੋਈ ਪ੍ਰਵਾਹ ਨਹੀਂ, ਜਿਨ੍ਹਾਂ ਕੋਲ ਨਿਜੀ ਸਾਧਨ ਹਨ, ਪਰ ਜੋ ਸਿਆਸੀ ਤਾਕਤ ਕਾਬੂ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਸਿਆਸੀ ਤਾਕਤ ਆਪਣੇ ਵਰਗ ਜਾਂ ਆਪਣੇ ਫ਼ਿਰਕੇ ਦੀ ਉੱਨਤੀ ਲਈ ਵਰਤ ਸਕਣ। ਇਹ ਇਕ ਨਤੀਜਾ ਹੋਵੇਗਾ। ਦੂਜਾ ਸਿੱਟਾ ਇਹ ਹੋਵੇਗਾ ਕਿ ਜਿਹੜੇ ਬੰਦੇ ਹੋਰ ਪੇਸ਼ਿਆਂ ਵਿਚ ਪੈਸਾ ਨਹੀਂ ਬਣਾ ਸਕਦੇ, ਮੰਤਰੀ-ਮੰਡਲ ਵਿਚ ਘੁਸ ਆਉਣਗੇ। ਹੋਰ ਕੋਈ ਸਿੱਟਾ ਹੋ ਹੀ ਨਹੀਂ ਸਕਦਾ(ਹਾਸਾ)। ਮੇਰੇ ਮਿੱਤਰ ਇਸ ਗਲ ਤੇ ਹੱਸ ਲੈਣ, ਪਰ ਮੈਨੂੰ ਇਹ ਆਖਣ ਵਿਚ ਕੋਈ ਝਿਜਕ ਨਹੀਂ ਕਿ ਇਸ ਬਿਲ ਦਾ ਸਿੱਟਾ ਇਹੋ ਹੋਵੇਗਾ। ਜੇ ਮੇਰਾ ਡਰ ਸੱਚ ਸਾਬਤ ਹੋ ਜਾਵੇ ਤਾਂ ਇਸ ਤੋਂ ਵੱਡੀ ਕੋਈ ਤਬਾਹੀ ਨਹੀਂ ਹੋਵੇਗੀ। ਅਸੀਂ ਚਾਹੁੰਦੇ ਹਾਂ ਕਿ ਭਾਰਤ ਸਰਕਾਰ ਐਕਟ ਅਧੀਨ ਦਿਤੀ ਗਈ ਸਿਆਸੀ ਤਾਕਤ ਉਹ ਥੋੜ੍ਹੇ ਜਿਹੇ ਵਿਅਕਤੀ ਨਾ ਹਥਿਆ ਲੈਣ ਅਤੇ ਇਸ ਤੇ ਉਨ੍ਹਾਂ ਦਾ ਏਕਾਧਿਕਾਰ ਨਾ ਹੋਵੇ ਜਿਨ੍ਹਾਂ ਕੋਲ ਪੈਸਾ ਹੈ ਅਤੇ ਜਿਨ੍ਹਾਂ ਨੂੰ ਤਨਖ਼ਾਹ ਦੀ ਪਰਵਾਹ ਨਹੀਂ, ਨਾ ਹੀ ਅਸੀਂ ਜਨਤਾ ਦੇ ਹਿੱਤ ਵਿਚ ਇਹ ਚਾਹੁੰਦੇ ਹਾਂ ਕਿ ਸ਼ਕਤੀ ਅਯੋਗ ਬੰਦਿਆਂ ਦੇ ਹੱਥਾਂ ਵਿਚ ਜਾਏ।

ਹੁਣ ਦੂਜੇ ਸਵਾਲ, ਭਾਵ, ਨੇਕ-ਨੀਤੀ ਅਤੇ ਪ੍ਰਸ਼ਾਸਨ ਦੀ ਸ਼ੁੱਧਤਾ ਵਲ ਆਉਂਦੇ ਹਾਂ। ਮੇਰਾ ਇਕ ਮਿੱਤਰ ਕਾਂਗਰਸੀ ਵਿਚਾਰਾਂ ਦਾ ਹੈ। ਉਸ ਨੇ ਇਕ ਗਲ ਆਖੀ ਸੀ ਜੋ ਮੈਂ ਸਦਨ ਵਿਚ ਦੁਹਰਾਉਣਾ ਚਾਹੁੰਦਾ ਹਾਂ। ਉਸ ਨੇ ਆਖਿਆ ਸੀ: ਜੇ ਗਵਰਨਰ ਮੈਨੂੰ ਮੰਤਰੀ ਮੁਹਈਆ ਕਰਨ ਦਾ ਠੇਕਾ ਦੇਵੇ ਤਾਂ ਮੈਂ ਝਟਪਟ ਠੇਕਾ ਲੈਣ ਲਈ ਤਿਆਰ ਹੋ ਜਾਵਾਂਗਾ ਅਤੇ ਠੇਕਾ ਲੈਣ ਬਦਲੇ ਬੰਬਈ ਪ੍ਰੈਜ਼ੀਡੈਂਸੀ ਨੂੰ ਵੀ ਕੁਝ ਦੇਵਾਂਗਾ। ਯੂਰਪ ਵਿਚ ਅਜਿਹੇ ਹੋਟਲ ਮੌਜੂਦ ਹਨ ਜੋ ਮੈਨੇਜਰਾਂ ਨੂੰ ਵੇਟਰ ਵਜੋਂ ਕੰਮ ਕਰਨ ਦੀ ਆਗਿਆ ਦੀ ਤਨਖ਼ਾਹ ਦੇਂਦੇ ਹਨ। ਇਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਲੋਕਾਂ ਲਈ ਕੀ ਕੀ ਸੰਭਾਵਨਾਵਾਂ ਮੌਜੂਦ ਹਨ ਜੋ ਉਹ ਚੀਜ਼ **ਲੈਣ ਦੇ ਲੋਭ ਤੋਂ ਉਪਰ ਨਹੀਂ, ਜਿਹੜੀ ਉਹ ਤਨਖ਼ਾਹ ਵਜੋਂ ਨਹੀਂ ਲੈ** ਸਕਦੇ। ਮੈਂ ਮੌਜੂਦਾ

ਮੰਤਰੀ-ਮੰਡਲ ਬਾਰੇ ਕੁਝ ਨਹੀਂ ਆਖ ਰਿਹਾ, ਕਿਉਂਕਿ ਅਸੀਂ ਬਿਲ ਦੇ ਅਸੂਲ ਤੇ ਬਹਿਸ ਕਰ ਰਹੇ ਹਾਂ ਨਾ ਕਿ ਇਸ ਵਿਚ ਸ਼ਾਮਲ ਸਾਰੀਆਂ ਹਸਤੀਆਂ ਤੇ। ਮੈਂ ਮੰਨਦਾ ਹਾਂ, ਅਤੇ ਸਹਿਜੇ ਹੀ ਮੰਨ ਲੈਂਦਾ ਹਾਂ, ਕਿ ਉਚੇਰੀਆਂ ਤਨਖ਼ਾਹਾਂ ਨਾਲ ਵੀ ਤੁਸੀਂ ਕਿਸੇ ਬੇਈਮਾਨ ਦੀ ਬੇਈਮਾਨੀ ਨਹੀਂ ਖ਼ਰੀਦ ਸਕਦੇ। ਉਸ ਨੂੰ ਜਿਤਨੀ ਤਨਖ਼ਾਹ ਤੁਸੀਂ ਚਾਹੋ ਦੇ ਦਿਓ, ਜੇ ਉਹ ਬੇਈਮਾਨ ਹੈ ਤਾਂ ਬੇਈਮਾਨ ਹੀ ਰਹੇਗਾ। ਪਰ ਵਿਚਾਰਯੋਗ ਮਸਲਾ ਇਹ ਨਹੀਂ। ਵਿਚਾਰਯੋਗ ਮਸਲਾ ਇਹ ਹੈ: ਕੀ ਤੁਸੀਂ ਇਸ ਤਰ੍ਹਾਂ ਤਨਖ਼ਾਹ ਨਿਸਚਿਤ ਨਹੀਂ ਕਰ ਸਕਦੇ ਕਿ ਵਜ਼ੀਰ ਲੋਭ ਤੋਂ ਉਪਰ ਉਠ ਸਕੇ ? ਸ੍ਰੀਮਾਨ ਜੀ, ਇਸ ਸੂਬੇ ਵਿਚ 4000 ਰੁਪਏ ਤਨਖ਼ਾਹ ਵੀ ਰਹੀ ਹੈ ਅਤੇ 3000 ਰੁਪਏ ਵੀ। ਫਿਰ ਵੀ ਪ੍ਰਸ਼ਾਸਨ ਨਾਲ ਸੰਬੰਧਤ ਸਕੈਂਡਲ ਹੋਏ ਸਨ। ਮੈਨੂੰ ਡਰ ਹੈ ਕਿ ਜੇ 3000-4000 ਰੁਪਏ ਤਨਖ਼ਾਹ ਨਾਲ ਸਕੈਂਡਲ ਰੋਕੇ ਨਹੀਂ ਜਾ ਸਕੇ ਤਾਂ 500 ਰੁਪਏ ਤਨਖ਼ਾਹ ਨਾਲ ਬੀਤੇ ਸਮੇਂ ਵਿਚ ਹੋਏ ਸਕੈਂਡਲਾਂ ਤੋਂ ਕਿਤੇ ਵੱਡੇ ਸਕੈਂਡਲ ਹੋਣਗੇ। ਇਸ ਸੰਬੰਧ ਵਿਚ ਵਿਚਾਰ ਲਈ ਪੈਦਾ ਹੋਣ ਵਾਲਾ ਸਵਾਲ ਇਹ ਨਹੀਂ ਕਿ ਤਨਖ਼ਾਹ ਕਾਫ਼ੀ ਹੈ ਜਾਂ ਨਹੀਂ। ਪਰ, ਮੇਰਾ ਵਿਚਾਰ ਹੈ ਕਿ ਇਹ ਦਲੀਲ ਦਾ ਅੰਤ ਨਹੀਂ। ਤਨਖ਼ਾਹ ਦਾ ਸਵਾਲ ਦੋ ਦ੍ਰਿਸ਼ਟੀਕੋਣਾਂ ਤੋਂ ਵਿਚਾਰਨਾ ਪੈਣਾ ਹੈ। ਵਿਅਕਤੀ ਇਹ ਸੋਚਦਾ ਹੈ ਕਿ ਇਹ ਕਾਫ਼ੀ ਹੈ ਜਾਂ ਨਹੀਂ। ਰਾਜ ਦੇ ਨਜ਼ਰੀਏ ਤੋਂ ਵਿਚਾਰ, ਸੁਰਖਿਆ ਅਤੇ ਪ੍ਰਸ਼ਾਸਨ ਦੀ ਸ਼ੁੱਧਤਾ ਦਾ ਹੈ। ਕੋਈ ਆਦਮੀ ਇਹ ਆਖ ਸਕਦਾ ਹੈ ਕਿ ਵਿਸ਼ੇਸ਼ ਤਨਖ਼ਾਹ ਉਸ ਦੇ ਲਈ ਕਾਫ਼ੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਇਹ ਵਿਚਾਰ ਹੀ ਨਾ ਕਰੋ ਕਿ ਸਰਕਾਰੀ ਦ੍ਰਿਸ਼ਟੀਕੋਣ ਤੋਂ ਇਹ ਸੁਰਖਿਅਤ ਤਨਖ਼ਾਹ ਹੈ ਜਾਂ ਨਹੀਂ। ਸਭ ਤੋਂ ਨੀਵੀਂ ਪੱਧਰ, ਲਾਜ਼ਮੀ ਤੌਰ ਤੇ ਸੁਰਖਿਅਤ ਪੱਧਰ ਨਹੀਂ। ਮੈਨੂੰ ਯਕੀਨ ਹੈ ਕਿ ਜਦੋਂ ਮੇਰੇ ਵਿਰੋਧੀ ਧਿਰ ਦੇ ਮਿੱਤਰ ਠੇਕੇ ਦੇਣਗੇ ਤਾਂ ਉਨ੍ਹਾਂ ਨੂੰ ਇਹ ਖੰਡ ਦਰਜ ਕਰਨਾ ਪਵੇਗਾ ਕਿ ਠੇਕੇ ਕੇਵਲ ਇਸ ਲਈ ਦਿਤੇ ਜਾਣਗੇ ਕਿਉਂਕਿ ਉਨ੍ਹਾਂ ਦੇ ਟੈਂਡਰ ਸਭ ਤੋਂ ਘਟ ਹਨ। ਜਿਵੇਂ ਅਸੀਂ ਬੰਦਿਆਂ ਨੂੰ ਠੇਕੇ ਇਸ ਲਈ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਦਾ ਮਿਆਰ ਸਭ ਤੋਂ ਘਟ ਹੈ, ਇਸੇ ਤਰ੍ਹਾਂ ਅਸੀਂ ਉਨ੍ਹਾਂ ਵਿਅਕਤੀਆਂ ਨੂੰ ਮੰਤਰੀ ਵਜੋਂ ਕੰਮ ਕਰਨ ਦੀ ਆਗਿਆ ਨਹੀਂ ਦੇ ਸਕਦੇ ਜੋ ਘਟ ਤੋਂ ਘਟ ਤਨਖ਼ਾਹ ਸਵੀਕਾਰ ਕਰਨ ਲਈ ਤਿਆਰ ਹਨ। ਸਾਨੂੰ ਸਵਾਲ ਦਾ ਦੂਜਾ ਪੱਖ ਵੀ ਵਿਚਾਰਨਾ ਪੈਂਣਾ ਹੈ ਕਿ ਘਟ ਤੋਂ ਘਟ ਟੈਂਡਰ ਦੇਣ ਵਾਲਾ ਠੇਕੇਦਾਰ ਆਪਣੇ ਕੰਮ ਦੀਆਂ ਮੰਗਾਂ ਪੂਰੀਆਂ ਕਰਨ ਦੇ ਸਮਰੱਥ ਵੀ ਹੈ ? ਇਸ ਲਈ ਮੇਰਾ ਸੁਝਾਉ ਹੈ ਕਿ ਭਾਵੇਂ ਮਾਨਯੋਗ ਮੰਤਰੀ ਜੀ ਕਹਿਣ ਕਿ 500 ਰੁਪਏ ਤਨਖ਼ਾਹ ਕਾਫ਼ੀ ਹੈ, ਇਸ ਨਾਲ ਦਲੀਲ ਨਿਬੜ ਨਹੀਂ ਜਾਂਦੀ। ਇਸ ਸਦਨ ਨੇ ਇਸ ਤੇ ਵਿਚਾਰ ਕਰਨੀ ਹੈ ਕਿ ਕੀ ਸਦਨ ਇਹ ਉਮੀਦ ਤੇ ਆਸ ਰਖ ਸਕਦਾ ਹੈ ਕਿ ਇਸ ਆਧਾਰ ਤੇ ਭ੍ਰਿਸ਼ਟਾਚਾਰ ਤੋਂ ਮੁਕਤ ਪ੍ਰਸ਼ਾਸਨ ਸੰਭਵ ਹੈ ?

ਸ੍ਰੀਮਾਨ ਜੀ, ਹੁਣ ਮੈਂ ਸਦਨ ਅੱਗੇ 1920 ਵਿਚ ਲੋਕ ਸਦਨ (ਹਾਊਸ ਆਫ਼ ਕਾਮਨਜ਼) ਵਲੋਂ ਨਿਯੁਕਤ ਕਮੇਟੀ ਦੀ ਰਿਪੋਰਟ ਵਿਚੋਂ ਇਕ ਛੋਟੀ ਜਿਹੀ ਟੂਕ ਪੜ੍ਹਾਂਗਾ। ਇਹ ਕਮੇਟੀ ਉਹ ਅਸੂਲ ਤਜਵੀਜ਼ ਕਰਨ ਲਈ ਬਣਾਈ ਗਈ ਸੀ ਜਿਨ੍ਹਾਂ ਦੇ ਆਧਾਰ ਤੇ ਮੰਤਰੀਆਂ ਦੀਆਂ

ਤਨਖ਼ਾਹਾਂ ਨਿਸਚਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਮੇਟੀ ਦਾ ਪ੍ਰੇਖਣ ਇਹ ਹੈ

"ਸ਼ਾਇਦ ਬਹੁਤ ਥੋੜੇ ਵਿਸ਼ੇ ਅਜਿਹੇ ਹਨ ਜਿਨ੍ਹਾਂ ਤੇ ਇਤਨੀਆਂ ਰਾਵਾਂ ਹੋ ਸਕਦੀਆਂ ਹਨ ਜਿਤਨੀਆਂ ਇਸ ਵਿਸ਼ੇ ਤੇ ਕਿ ਸਰਕਾਰ ਦੇ ਕਿਸੇ ਦਿਤੇ ਹੋਏ ਦਫ਼ਤਰੀ ਪਦ ਲਈ ਠੀਕ ਠੀਕ ਢੁਕਵੀਂ ਤਨਖ਼ਾਹ ਕਿਤਨੀ ਹੋਵੇ। ਕਮੇਟੀ ਲਾਜ਼ਮੀ ਤੌਰ ਤੇ ਅਜਿਹੇ ਅਸਪਸ਼ਟ ਸਵਾਲ ਤੇ ਅਚੂਕ ਨਿਯਮ ਸੁਝਾਉਣ ਦਾ ਦਾਅਵਾ ਰਦ ਕਰਦੇ ਹੋਈ ਵੀ ਉਨ੍ਹਾਂ ਆਮ ਅਸੂਲਾਂ ਸੰਬੰਧੀ ਮੁਢਲੇ ਪਰੇਖਣ ਪੇਸ਼ ਕਰੇਗੀ ਜਿਨ੍ਹਾਂ ਤੋਂ ਅਸੁਖਾਵੇਂ ਕਰਤਵ ਨੂੰ ਈਮਾਨਦਾਰੀ ਨਾਲ ਨਿਭਾਉਣ ਵਿਚ ਉਹ ਪ੍ਰਭਾਵਿਤ ਹੋਈ ਹੈ।

ਇਹ ਅਸੂਲ ਆਪਣੀ ਆਖ਼ਰੀ ਹਦ ਤਕ ਨਾ ਪਰਵਾਨ ਕਰਨਾ ਅਸੰਭਵ ਹੈ ਕਿ ਲੋਕਾਂ ਨੂੰ ਆਪਣੀ ਸੇਵਾ ਉਸ ਘਟ ਤੋਂ ਘਟ ਮੁਲ ਤੇ ਪ੍ਰਾਪਤ ਕਰਨ ਦਾ ਹੱਕ ਹੈ ਜੋ ਸੁਯੋਗ ਕਾਰਗੁਜ਼ਾਰੀ ਨਾਲ ਮੇਲ ਖਾਏ। ਲੋਕ-ਸੇਵਕ ਪਾਲੀਮੈਂਟ ਵਿੱਚ ਬੈਠਣ ਜਾਂ ਨਾਂਹ, ਅਸੂਲ ਉਹੋ ਹੀ ਹੈ। ਕਿਸੇ ਵੀ ਪ੍ਰਕਾਰ ਦੇ ਕਰਾਂ ਦੀ ਉਚਿੱਚਤਾ, ਲੋੜ ਜਾਂ ਸਪਸ਼ਟ ਲੋਕ-ਉਪਯੋਗਤਾ ਹੈ। ਜੇ ਸਦਨ ਦੀਆਂ ਕਮੇਟੀਆਂ ਦੀ ਲਗਾਤਾਰ ਛਾਣ-ਬੀਣ ਦੇ ਬਾਵਜੂਦ ਕੁਝ ਆਰਾਮਦੇਹ ਨੌਕਰੀਆਂ ਅਜੇ ਵੀ ਮੌਜੂਦ ਹਨ ਤਾਂ ਉਨ੍ਹਾਂ ਨੂੰ ਖ਼ਤਮ ਕਰਨ ਵਿਚ ਸਮਾਂ ਗੁਆਉਣਾ ਨਹੀਂ ਚਾਹੀਦਾ ਅਤੇ ਇਸ ਰਿਪੋਰਟ ਵਿਚ ਦਿਸ ਪਵੇਗਾ ਕਿ ਕਮੇਟੀ ਇਸ ਵਰਣਨ ਜਿਹੀਆਂ ਇਕ ਤੋਂ ਵੱਧ ਉਦਾਹਰਨਾਂ ਦੇ ਕੇ ਆਪਣੇ ਕਰਤਵ ਦੀ ਪਾਲਣਾ ਵਿਚ ਪਿਛੇ ਨਹੀਂ ਰਹੀ।"

"ਜੇ ਕੁਝ ਪਦਵੀਆਂ ਦੀ ਤਨਖ਼ਾਹ ਆਵੱਸ਼ਕ ਤੋਂ ਬਹੁਤ ਜ਼ਿਆਦਾ ਹੈ ਤਾਂ ਉਨ੍ਹਾਂ ਦਾ ਪੁਨਰ-ਨਿਰਮਾਣ ਕੀਤਾ ਜਾਏ। ਜੇ ਲੋਕ-ਹਿੱਤਾਂ ਲਈ ਇਨ੍ਹਾਂ ਪਦਵੀਆਂ ਨੂੰ ਹੋਰਨਾਂ ਨਾਲ ਮਿਲਾਇਆ ਜਾ ਸਕਦਾ ਹੈ ਤਾਂ ਇਸ ਕਿਸਮ ਦੀ ਲਾਭਦਾਇਕ ਬਚਤ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ। ਇਸ ਕਿਸਮ ਦੇ ਕਈ ਸੁਝਾਵਾਂ ਦੀਆਂ ਉਦਾਹਰਨਾਂ ਮਿਲ ਜਾਣਗੀਆਂ ਜਿਨ੍ਹਾਂ ਤੇ ਅਮਲ ਕਰਨ ਦਾ ਸੁਝਾਉ ਦੇਣਾ ਕਮੇਟੀ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੇ ਦਾਇਰੇ ਵਿਚ ਨਹੀਂ ਆਉਂਦਾ। ਸੰਖੇਪ ਵਿਚ, ਸਰਕਾਰ ਦੇ ਸਾਰੇ ਮਹਿਕਮਿਆਂ ਉੱਤੇ ਆਮ ਤੌਰ ਤੇ ਬਚਤ ਦੀ ਦ੍ਰਿਸ਼ਟੀ ਤੋਂ ਉਵੇਂ ਹੀ ਨਿਗ੍ਹਾ ਰਖਣੀ ਚਾਹੀਦੀ ਹੈ ਜਿਵੇਂ ਕੋਈ ਵਿਅਕਤੀ ਆਪਣੇ ਨਿੱਜੀ ਮਾਮਲਿਆਂ ਦੇ ਪ੍ਰਬੰਧ ਵਿਚ ਰਖਦਾ ਹੈ।

ਇਹ ਆਖਣਾ ਲਗਭਗ ਗ਼ੈਰ-ਜ਼ਰੂਰੀ ਹੈ ਕਿ ਜੇ ਇਨ੍ਹਾਂ ਅਸੂਲਾਂ ਦੇ ਹਾਸੋ-ਹੀਣੇ ਨਤੀਜੇ ਨਿਕਲਣਗੇ ਜਿਹੜੇ ਕਿ ਇਨ੍ਹਾਂ ਨਾਲ ਜੋੜੇ ਜਾਂਦੇ ਹਨ- ਜਿਹਾ ਕਿ ਘੱਟ ਤਨਖ਼ਾਹ ਸਵੀਕਾਰ ਕਰਨਾ- ਕਿਸੇ ਪਦਵੀ ਲਈ ਲੋੜੀਂਦੀ ਯੋਗਤਾ ਹੀ ਬੱਣ ਜਾਂਦੀ ਹੈ। ਬਚਤ, ਨਾਂ ਦੀ ਪਾਤਰ ਬਨਣ ਵਾਸਤੇ, ਤਰਕਸੰਗਤ ਹੋਣੀ ਚਾਹੀਦੀ ਹੈ। ਅਤਿ ਭਰੋਸੇ ਅਤੇ ਵਿਸ਼ਵਾਸ ਵਾਲੀਆਂ ਪਦਵੀਆਂ ਵਾਸਤੇ ਉਚੱਤਮ ਬੁੱਧੀਮਾਨ ਅਤੇ ਈਮਾਨਦਾਰ ਵਰਗ ਦੀ ਪ੍ਰਾਪਤੀ ਦੀ ਸਰਵ-ਸ੍ਰੇਸ਼ਟ ਅਤੇ ਪ੍ਰਤੱਖ ਲੋੜ ਦੇ ਮੁਕਾਬਲੇ ਤੇ ਪੈਸੇ ਦੇ ਬਹੁਤਾ ਹੋਣ ਦਾ ਕੋਈ ਵੀ ਵਿਚਾਰ ਨਹੀਂ ਰਖਿਆ ਜਾ ਸਕਦਾ। ਇਹ ਅਕਸਰ ਵੇਖਿਆ ਗਿਆ ਹੈ ਅਤੇ ਪਰੇਖਣ ਸਚਾਈ ਅਤੇ ਦਲੀਲ

ਤੇ ਆਧਾਰਿਤ ਹੋਣ ਕਾਰਨ ਇਹ ਗਲ ਕਦੀ ਵੀ ਅੱਖੀਉਂ ਓਹਲੇ ਨਹੀਂ ਕਰਨੀ ਚਾਹੀਦੀ ਕਿ ਆਜ਼ਾਦ ਦੇਸ ਵਿਚ ਪਦਵੀਆਂ ਸਾਧਾਰਨ ਪ੍ਰਾਲਬਧ ਵਾਲੇ ਬੰਦਿਆਂ ਦੀ ਪਹੁੰਚ ਤੋਂ ਪਰੇ ਨਹੀਂ ਹੋਣੀਆਂ ਚਾਹੀਦੀਆਂ। ਜੇ ਤਨਖ਼ਾਹਾਂ ਬਹੁਤ ਘਟ ਰੱਖੀਆਂ ਜਾਣ ਤਾਂ ਧਨੀਆਂ ਦੇ ਹੱਥ ਏਕਾਧਿਕਾਰ ਆ ਜਾਵੇਗਾ ਅਤੇ ਰਾਜ ਦੀ ਚੁਣਨ ਸ਼ਕਤੀ ਨੂੰ ਬਹੁਤ ਹਾਨੀਕਾਰਕ ਹੱਦ ਤੀਕ ਰੋਕ ਪਵੇਗੀ ਅਤੇ ਸਰਕਾਰ ਸੀਮਿਤ ਸਾਧਨਾਂ ਵਾਲੇ ਉਨ੍ਹਾਂ ਵਿਅਕਤੀਆਂ ਦੀ ਸੇਵਾ ਤੋਂ ਮਹਿਰੂਮ ਰਹਿ ਜਾਵੇਗੀ ਜਿਨ੍ਹਾਂ ਨੇ ਉਦਾਰ ਕਿੱਤੇ ਅਪਣਾਉਣ ਦੇ ਨਜ਼ਰੀਏ ਨਾਲ ਪੜ੍ਹਾਈ ਕੀਤੀ ਹੈ ਅਤੇ ਜੋ ਅਜਿਹਾ ਵਰਗ ਹੈ ਜਿਸ ਨੇ ਦਫ਼ਤਰੀ ਜੀਵਨ ਲਈ ਢੁੱਕਵੇਂ, ਪ੍ਰਤਿਭਾਵਾਨ ਅਤੇ ਮਿਹਨਤੀ ਬੰਦੇ ਦਿਤੇ ਹਨ।

"ਇਸ ਤੋਂ ਅਗੇ ਇਹ ਗਲ ਵੀ ਵਿਚਾਰ ਅਧੀਨ ਲਿਆਉਣੀ ਚਾਹੀਦੀ ਹੈ ਕਿ ਸਰਕਾਰੀ ਦਫ਼ਤਰਾਂ ਦੀਆਂ ਉਚੇਰੀਆਂ ਪੱਦਵੀਆਂ, ਉਨ੍ਹਾਂ ਵਿਅਕਤੀਆਂ ਦਾ ਪੂਰਨਕਾਲੀ ਸਮਰਪਣ ਮੰਗਦੀਆਂ ਹਨ ਜੋ ਇਨ੍ਹਾਂ ਪਦਵੀਆਂ ਉਤੇ ਹੁੰਦੇ ਹਨ; ਉਨ੍ਹਾਂ ਦੇ ਨਿਜੀ ਮਾਮਲੇ ਆਵੱਸ਼ਕ ਹੀ ਅਣਗਹਿਲੀ ਦਾ ਸ਼ਿਕਾਰ ਹੋਣੇ ਚਾਹੀਦੇ ਹਨ। ਜੇ ਇਕ ਪਾਸੇ ਇਸ ਗਲ ਦਾ ਖ਼ਿਆਲ ਰਖਿਆ ਜਾਵੇ ਕਿ ਲੋਕ-ਹਿੱਤਾਂ ਵਿਰੁੱਧ ਨਿੱਜੀ ਦੌਲਤ ਦਾ ਢੇਰ ਇਕਠਾ ਕਰਨ ਦੇ ਸਕੈਂਡਲ ਤੋਂ ਬਚਣਾ ਹੈ ਤਾਂ ਦੂਜੇ ਪਾਸੇ ਇਹ ਵੀ ਦੇਸ ਦੇ ਨਾ ਤਾਂ ਹਿੱਤ ਵਿਚ ਹੈ ਅਤੇ ਨਾ ਸ਼ਾਨ ਵਿਚ ਕਿ ਉਨ੍ਹਾਂ ਨੂੰ ਦੇਸ ਦੀ ਸੇਵਾ ਵਿਚ ਤਬਾਹ ਕਰ ਦਿੱਤਾ ਜਾਵੇ।"

ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਕੋਈ ਵੀ ਮੰਤਰੀ ਮੰਡਲ ਜਿਸ ਨੂੰ ਦੇਸ ਦੀ ਸੇਵਾ ਅਤੇ ਪ੍ਰਸ਼ਾਸਨ ਦੀ ਸ਼ੁੱਧਤਾ ਦੀ ਪਰਵਾਹ ਹੈ, ਉਸ ਨੂੰ ਇਨ੍ਹਾਂ ਅਸੂਲਾਂ ਦਾ ਧਿਆਨ ਰਖਣਾ ਚਾਹੀਦਾ ਹੈ, ਅਤੇ ਮੇਰਾ ਖ਼ਿਆਲ ਨਹੀਂ ਕਿ ਵਰਤਮਾਨ ਮੰਤਰੀ-ਮੰਡਲ ਨੇ 500 ਰੁਪਏ ਤਨਖ਼ਾਹ ਨਿਰਧਾਰਿਤ ਕਰਦਿਆਂ ਇਨ੍ਹਾਂ ਅਸੂਲਾਂ ਦਾ ਖ਼ਿਆਲ ਰਖਿਆ ਹੈ ਜੋ ਮੈਂ ਪੜ੍ਹ ਕੇ ਸੁਣਾਏ ਹਨ।

ਹੁਣ ਸ੍ਰੀਮਾਨ ਜੀ, ਉਹ ਕਿਹੜੇ ਅਸੂਲ ਹਨ ਜੋ ਬਿਲ ਵਿਚ ਨਿਰਧਾਰਿਤ ਤਨਖ਼ਾਹ ਲਈ ਸੁਝਾਏ ਗਏ ਹਨ? ਇਕ ਗਲ ਜੋ ਮੈਂ ਅਕਸਰ ਆਖੀ ਜਾਂਦੀ ਸੁਣੀ ਹੈ, ਉਹ ਇਹ ਹੈ ਕਿ ਤਨਖ਼ਾਹ ਲੋਕਾਂ ਦੀ ਆਮਦਨ ਨਾਲ ਮੇਲ ਖਾਣੀ ਚਾਹੀਦੀ ਹੈ। ਜੇ ਅਜਿਹਾ ਹੈ ਤਾਂ ਕੀ ਇਹ ਆਖਿਆ ਜਾ ਸਕਦਾ ਹੈ ਕਿ 500 ਰੁਪਏ ਤਨਖ਼ਾਹ ਲੋਕਾਂ ਦੀ ਆਮਦਨ ਦੇ ਮੁਤਾਬਕ ਹੈ? ਲੋਕਾਂ ਦੀ ਆਮਦਨ ਕਿਤਨੀ ਹੈ? ਮੇਰੇ ਕੋਲ ਹਰਿਜਨ" ਵਿਚ ਦਿਤੇ ਅੰਕੜੇ ਹਨ, ਜੋ ਮੈਂ ਸਮਝਦਾ ਹਾਂ, ਪ੍ਰਮਾਣਿਕ ਅਥਾਰਿਟੀ ਹੈ। ਮੈਂ ਇਸ ਵਿਚੋਂ ਪੜ੍ਹ ਕੇ ਸੁਣਾਉਂਦਾ ਹਾਂ

ਮਾਨਯੋਗ ਬ. ਖੜ: ਮੈਨੂੰ ਪ੍ਰਸੰਨਤਾ ਹੈ ਕਿ ਤੁਸੀਂ ਇਸ ਨੂੰ ਪੜ੍ਹਦੇ ਹੋ।

ਡਾ. ਬੀ.ਆਰ. ਅੰਬੇਡਕਰ: ਮੈਂ ਸਦਾ ਹੀ ਇਸ ਨੂੰ ਪੜ੍ਹਦਾ ਹਾਂ। ਇਥੇ ਦਿਤੇ ਅੰਕੜਿਆਂ

+ ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 1, ਪੰਨੇ 279-80, ਮਿਤੀ 23 ਅਗਸਤ, 1937.

ਅਨੁਸਾਰ ਇੰਗਲੈਂਡ ਵਿਚ ਪ੍ਰਤੀ ਵਿਅਕਤੀ ਆਮਦਨ 50 ਪੌਂਡ ਸਾਲਾਨਾ ਹੈ, ਅਮਰੀਕਾ ਵਿਚ 100 ਪੌਂਡ, ਫ਼ਰਾਂਸ ਵਿਚ 40 ਪੌਂਡ, ਕੈਨੇਡਾ ਵਿਚ 75 ਪੌਂਡ ਅਤੇ ਹਿੰਦੁਸਤਾਨ ਵਿਚ 4 ਪੌਂਡ (ਬ.ਜੀ.ਖ਼ੇੜ: ਬੱਲੇ, ਬੱਲੇ !) । ਸੋ, ਸ੍ਰੀਮਾਨ ਜੀ, ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਸੁਝਾਉ ਕਿਵੇਂ ਦਿੱਤਾ ਜਾ ਸਕਦਾ ਹੈ ਕਿ 500 ਰੁਪਏ ਮਹੀਨਾ ਤਨਖ਼ਾਹ ਇਸ ਦੇਸ ਦੇ ਬੰਦਿਆਂ ਦੀ 4 ਪੌਂਡ ਦੀ ਆਮਦਨ ਨਾਲ ਮੇਲ ਖਾਂਦੀ ਹੈ। ਯਕੀਨਨ ਜੇ ਮੇਰੇ ਮਾਨਯੋਗ ਮਿੱਤਰ ਨੇ ਜੋ ਬਿਲ ਸਾਡੇ ਸਾਮ੍ਹਣੇ ਰਖਿਆ ਹੈ, ਉਸ ਦਾ ਆਧਾਰ ਇਹ ਅਸੂਲ ਬਣਾਇਆ ਹੈ ਕਿ ਤਨਖ਼ਾਹ, ਲੋਕਾਂ ਦੀ ਆਮਦਨ ਨਾਲ ਮੇਲ ਖਾਣੀ ਚਾਹੀਦੀ ਹੈ ਤਾਂ ਮੇਰੀ ਗੁਜਾਰਸ਼ ਹੈ ਕਿ 500 ਰੁਪਏ ਵਜ਼ੀਰ ਲਈ ਲੈਣੇ ਬਹੁਤ ਵੱਡੀ ਫ਼ਜ਼ੂਲ-ਖ਼ਰਚੀ ਹੈ। ਇਹ ਰਕਮ 100 ਰੁਪਏ ਤੋਂ ਘੱਟ ਹੋਣੀ ਚਾਹੀਦੀ ਹੈ, ਇਹ 75 ਰੁਪਏ ਹੋਦੀ ਚਾਹੀਦੀ ਹੈ ਜਿਹਾ ਕਿ ਸੁਝਾਉ ਦਿਤਾ ਗਿਆ ਹੈ। ਜੇ ਉਹ ਈਮਾਨਦਾਰ ਹਨ, ਜੇ ਉਹ ਇਹ ਰਕਮ ਇਨਸਾਫ਼ ਵਜੋਂ ਨਿਸਚਿਤ ਕਰਨਾ ਚਾਹੁੰਦੇ ਹਨ, ਨਾ ਕਿ ਲੋਕਾਂ ਦੀ ਤਸੱਲੀ ਕਰਨ ਲਈ ਤਾਂ ਇਮਾਨਦਾਰੀ ਵਿਚ ਤਰਕਸ਼ੀਲ ਕਿਉਂ ਨਾ ਹੋਵੇ ? ਕਿਉਂ ਅਜਿਹੀ ਰਕਮ ਨਿਸ਼ਚਿਤ ਕਰੋ ਜੋ ਲੋਕਾਂ ਦੀ ਆਮਦਨ ਦੇ ਅਨੁਪਾਤ ਤੋਂ ਬਹੁਤ ਜ਼ਿਆਦਾ ਹੈ ?

ਦੂਜੀ ਗਲ ਜੋ ਥੋੜੀ ਤਨਖ਼ਾਹ ਨੂੰ ਜਾਇਜ਼ ਕਰਾਰ ਦੇਣ ਲਈ ਸੁਝਾਈ ਗਈ ਹੈ, ਉਹ ਇਹ ਹੈ ਕਿ ਮੰਤਰੀਆਂ ਨੂੰ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ ਜਿਵੇਂ ਕਿ ਉਹ ਲੋਕਾਂ ਦੇ ਆਪਣੇ ਹਨ। ਇਕ ਪਾਸੇ ਮੰਤਰੀਆਂ ਅਤੇ ਦੂਜੇ ਪਾਸੇ ਪ੍ਰਾਈਵੇਟ ਨਾਗਰਿਕਾਂ ਵਿਚ ਕੋਈ ਫ਼ਰਕ ਹੀ ਨਹੀ ਦਿਸੱਣਾ ਚਾਹੀਦਾ; ਅਤੇ ਲੋਕਾਂ ਨੂੰ ਉਨ੍ਹਾਂ ਤੇ ਪੂਰਾ ਪੂਰਾ ਭਰੋਸਾ ਹੋਵੇ ਜਿਵੇਂ ਕਿ ਉਹ ਉਨ੍ਹਾਂ ਲੋਕਾਂ ਦੇ ਆਪਣੇ ਹਨ। ਜੇ ਅਜਿਹਾ ਹੈ ਤਾਂ ਮੇਰੀ ਗੁਜ਼ਾਰਸ਼ ਹੈ ਕਿ ਲੋਕਾਂ ਦਾ ਵਿਸ਼ਵਾਸ ਜਿੱਤਣ ਦਾ ਢੰਗ ਇਹ ਨਹੀਂ। ਸ੍ਰੀਮਾਨ ਜੀ, ਇਸ ਦੇਸ ਵਿਚ ਸਮਾਜਕ ਅਤੇ ਧਾਰਮਕ ਪਾੜੇ ਇਤਨੇ ਜ਼ਿਆਦਾ ਹਨ ਜਿਤਨੇ ਦੁਨੀਆਂ ਵਿਚ ਕਿਸੇ ਹੋਰ ਥਾਂ ਨਹੀਂ। ਇਥੇ -ਮੈਂ ਇਸ ਵੇਲੇ ਇਸ ਪ੍ਰੈਜ਼ੀਡੈਂਸੀ ਦੀ ਗਲ ਕਰ ਰਿਹਾ ਹਾਂ-ਅਸੀਂ ਵੰਡੇ ਹੋਏ ਹਾਂ ਬ੍ਰਾਹਮਣਾਂ ਅਤੇ ਗ਼ੈਰ ਬ੍ਰਾਹਮਣਾਂ ਵਿਚ, ਸਵਰਨ ਜ਼ਾਤਾਂ ਅਤੇ ਅਛੂਤਾਂ ਵਿਚ- ਮੈਂ ਫਿਰ ਆਪਣੇ ਆਪ ਨੂੰ ਹਿੰਦੂਆਂ ਤਕ ਸੀਮਿਤ ਰਖ ਰਿਹਾ ਹਾਂ- ਮਹਾਰਾਸ਼ਟਰੀਆਂ ਅਤੇ ਗੁਜ਼ਰਾਤੀਆਂ ਵਿਚ, ਗੁਜਰਾਤੀਆਂ ਅਤੇ ਕੱਨੜਾਂ ਵਿਚ। ਇਸ ਤੋਂ ਛੁੱਟ ਇਨ੍ਹਾਂ ਸਾਰਿਆਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਫ਼ਰਕ ਜੋੜ ਲਵੋ। ਜੇ ਤੁਸੀਂ ਪ੍ਰਸ਼ਾਸ਼ਨ ਵਿਚ ਭਰੋਸਾ ਪੈਦਾ ਕਰਨਾ ਚਾਹੁੰਦੇ ਹੋ ਤਾਂ ਮੇਰੀ ਗੁਜ਼ਾਰਸ਼ ਹੈ ਕਿ ਅਜਿਹਾ ਕਰਨ ਦਾ ਤਰੀਕਾ ਇਹ ਨਹੀਂ ਕਿ ਮੰਤਰੀ ਗਲੀਆਂ ਵਿਚ ਅੱਧ-ਕੱਜੇ ਆਪਣੀ ਸਰੀਰ ਰਚਨਾ ਵੀ ਰਚਨਾ ਵਿਖਾਉਂਦੇ ਤੁਰੇ ਫਿਰਨ, ਜਾਂ ਸਿਗਰਟਾਂ ਦੀ ਥਾਂ ਬੀੜੀਆਂ ਪੀਣ ਜਾਂ ਗਡੀਆਂ ਦੇ ਤੀਜੇ ਦਰਜੇ ਵਿਚ ਜਾਂ ਬੈਲ ਗੱਡੀਆਂ ਵਿਚ ਸਫ਼ਰ ਕਰਨ। ਇਨ੍ਹਾਂ ਗਲਾਂ ਨਾਲ ਕੋਈ ਵੀ ਭੁਚਲਾਇਆ ਨਹੀਂ ਜਾ ਸਕਦਾ। ਜੇ ਤੁਸੀਂ ਲੋਕਾਂ ਦਾ ਵਿਸ਼ਵਾਸ ਜਿਤਣਾ ਚਾਹੁੰਦੇ ਹੋ ਤਾਂ ਮੇਰੀ ਗੁਜ਼ਾਰਸ਼ ਹੈ ਕਿ ਇਸ ਦਾ ਇਕੋ ਇਕ ਰਾਹ ਇਹ ਹੈ ਕਿ ਆਪਣੀ ਸਰਕਾਰ, ਆਪਣੀ ਵਜ਼ਾਰਤ ਅਤੇ ਆਪਣੀਆਂ ਸਿਵਲ ਸੇਵਾਵਾਂ ਇਸ ਤਰ੍ਹਾਂ ਬਣਾਉ ਕਿ ਇਹ ਕਿਸੇ

ਵਿਸ਼ੇਸ਼ ਵਰਗ ਜਾਂ ਵਿਸ਼ੇਸ਼ ਫ਼ਿਰਕੇ ਦੀ ਇਜਾਰੇਦਾਰ ਨਾ ਬਣ ਜਾਣ। (ਤਾੜੀਆਂ)। ਅਸੀਂ ਇਸ ਤਾਕ ਵਿਚ ਰਹਾਂਗੇ ਕਿ ਇਸ ਸਬੰਧ ਵਿਚ ਮੰਤਰਾਲਾ ਕੀ ਕਰਦਾ ਹੈ ? ਪਰ ਜੇ ਉਹ ਅਜਿਹੀਆਂ ਗਲਾਂ, ਜਿਨ੍ਹਾਂ ਨੂੰ ਮੈਂ ਛਛੋਹਰੀਆਂ ਗਲਾਂ ਆਖਾਂਗਾ, ਕਰਕੇ ਵਿਸ਼ਵਾਸ ਪੈਦਾ ਕਰਨ ਦਾ ਢੋਂਗ ਕਰਨਾ ਚਾਹੁਣ, ਤਾਂ ਮੇਰੀ ਗੁਜ਼ਾਰਸ਼ ਹੈ ਕਿ ਇਨ੍ਹਾਂ ਜਤਨਾਂ ਦਾ ਸਿੱਟਾ ਨਾਕਾਮੀ ਤੋਂ ਛੁੱਟ ਕੁਝ ਨਹੀਂ ਹੋਣਾ।

ਫਿਰ, ਸ੍ਰੀਮਾਨ ਜੀ, ਵਜ਼ਾਰਤ ਇਕ ਹੋਰ ਗਲ ਲੈ ਕੇ ਸਾਮ੍ਹਣੇ ਆਈ ਹੈ ਜਿਸ ਨੂੰ ਉਨ੍ਹਾਂ ਦਾ ਆਤਮ- ਤਿਆਗ ਆਖਿਆ ਜਾ ਸਕਦਾ ਹੈ। ਇਹ ਗਲ ਮੈਨੂੰ ਮੱਧਕਾਲੀ ਮਹੰਤਾਂ ਦੇ ਵਤੀਰੇ ਅਤੇ ਜੀਵਨ ਢੰਗ ਦੀ ਯਾਦ ਦਿਵਾਉਂਦੀ ਹੈ। ਮੱਧਕਾਲੀ ਮਹੰਤ ਜਦੋਂ ਮਹੰਤ ਵਜੋਂ ਆਪਣੀ ਜੀਵਨ ਯਾਤਰਾ ਅਰੰਭ ਕਰਦੇ ਸਨ ਤਾਂ ਉਨ੍ਹਾਂ ਨੂੰ ਤਿੰਨ ਸਹੁੰਆਂ ਲੈਣੀਆਂ ਪੈਂਦੀਆਂ ਸਨ-ਬ੍ਰਹਮਚਰਜ ਦੀ, ਜਤ-ਸਤ ਦੀ ਅਤੇ ਰੰਕਪੁਣੇ ਦੀ।

ਮੈਂ ਨਹੀਂ ਜਾਣਦਾ ਕਿ ਮੇਰੇ ਮਾਨਯੋਗ ਮਿਤਰ ਨੇ ਬ੍ਰਾਹਮਚਰਜ ਦੀ ਸੰਹੁ ਚੁੱਕੀ ਹੈ ਜਾਂ ਨਹੀਂ (ਹਾਸਾ)। ਪਰ ਮੇਰਾ ਅਨੁਮਾਨ ਹੈ ਕਿ ਅਜਿਹਾ ਕਰਨ ਲਈ ਹੁਣ ਬਹੁਤ ਦੇਰ ਹੋ ਚੁੱਕੀ ਹੈ। ਮੈਨੂੰ ਪਤਾ ਨਹੀਂ ਕਿ ਉਨ੍ਹਾਂ ਨੇ ਜਤ-ਸਤ ਦੀ ਸਹੁੰ ਚੁੱਕੀ ਹੈ ਜਾਂ ਨਹੀਂ ਪਰ ਜੇ ਉਨ੍ਹਾਂ ਨੇ ਇਹ ਸਹੁੰ ਚੁੱਕੀ ਹੈ ਤਾਂ ਉਹ ਇਸ ਨੂੰ ਤੋੜ ਵੀ ਦੇਣ ਤਾਂ ਨਿਸ਼ਚੇ ਹੀ ਸਦਨ ਲਈ ਇਹ ਕੋਈ ਗਿਲੇ ਸ਼ਿਕਵੇ ਵਾਲੀ ਗੱਲ ਨਹੀਂ। ਪਰ ਜਿਹਾ ਕਿ ਮੈਂ ਬਿਲ ਵਿਚ ਵੇਖ ਰਿਹਾ ਹਾਂ, ਉਨ੍ਹਾਂ ਨੇ ਰੰਕਪੁਣੇ ਵਾਲੀ ਸਹੁੰ ਚੁੱਕੀ ਹੈ। ਕੀ ਉਹ ਇਸ ਸਹੁੰ ਤੇ ਕਾਇਮ ਰਹਿ ਸਕਦੇ ਹਨ ? ਮੱਧਕਾਲੀ ਮਹੰਤ ਕਦੇ ਕਦਾਈਂ ਹੀ ਆਪਣੇ ਬ੍ਰਹਮਚਰਜ ਦੀ ਸਹੁੰ ਤੇ ਕਾਇਮ ਰਹਿਣ ਵਿਚ ਸਫ਼ਲ ਹੁੰਦੇ ਸਨ ਪਰ ਉਹ ਰੰਕਪੁਣੇ ਦੀ ਸਹੁੰ ਤੇ ਕਾਇਮ ਰਹਿਣ ਵਿਚ ਸਫ਼ਲ ਹੁੰਦੇ ਸਨ। ਅਜਿਹਾ ਕਿਉਂ ਸੀ ? ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੇ ਟੱਬਰ ਨਹੀਂ ਸਨ ਹੁੰਦੇ। ਉਹ ਛੜੇ, ਏਕਾਂਤਵਾਸੀ ਵਿਅਕਤੀ ਹੁੰਦੇ ਸਨ ਜਿਨ੍ਹਾਂ ਦੀਆਂ ਕਿਸੇ ਵਲ ਕੋਈ ਜ਼ਿਮੇਵਾਰੀਆਂ ਨਹੀਂ ਸਨ ਹੁੰਦੀਆਂ। ਮੰਤਰੀ, ਇਸ ਪੱਖੋਂ ਬਿਲਕੁਲ ਵਖਰੀ ਸਥਿਤੀ ਵਿਚ ਹਨ। ਯਕੀਨਨ ਉਨ੍ਹਾਂ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਹਨ ਜੋ ਉਨ੍ਹਾਂ ਦੇ ਟੱਬਰਾਂ ਅਤੇ ਬੱਚਿਆਂ ਤੋਂ ਪੈਦਾ ਹੁੰਦੀਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਆਪਣੀ ਰੰਕਪੁਣੇ ਦੀ ਸਹੁੰ ਤੇ ਕਾਇਮ ਰਹਿਣ ਵਿਚ ਕਿਵੇਂ ਸਫਲ ਹੋ ਸਕਦੇ ਹਨ ? ਮੇਰੀ ਕਾਮਨਾ ਹੈ ਕਿ ਉਹ ਸਫਲ ਹੋਣ ਪਰ ਮੈਨੂੰ ਬਹੁਤ ਸੰਦੇਹ ਹੈ ਕਿ ਉਹ ਅਜਿਹਾ ਕਰ ਸਕਣਗੇ।

ਸ਼੍ਰੀ ਅ. ਵ. ਚਿਤਰੇ: ਉਹ ਆਪਣੇ ਲਾਭ-ਅੰਸ਼ ਤਾਂ ਲੈ ਰਹੇ ਹੋਣਗੇ ?

ਡਾ. ਬੀ. ਆਰ. ਅੰਬੇਡਕਰ: ਸ੍ਰੀਮਾਨ ਜੀ, ਹੁਣ ਮੈਂ ਇਕ ਹੋਰ ਮਾਮਲੇ ਸਬੰਧੀ ਬੋਲਣਾ ਚਾਹਵਾਂਗਾ। ਕੀ ਇਸ ਬਿਲ ਦੀ ਕੋਈ ਲੋੜ ਹੈ ? ਨਿੱਜੀ ਤੌਰ ਤੇ ਮੈਂ ਨਹੀਂ ਸਮਝਦਾ ਕਿ ਇਹ ਇਕ ਜ਼ਰੂਰੀ ਬਿਲ ਹੈ। ਮਾਨਯੋਗ ਮੰਤਰੀਆਂ ਨੂੰ ਕੋਈ ਵੀ ਉਸ ਤੋਂ ਵੱਧ ਲੈਣ ਲਈ ਮਜਬੂਰ ਨਹੀਂ ਕਰ ਸਕਦਾ ਜੋ ਕੁਝ ਉਹ ਲੈਣ ਦੀ ਇੱਛਾ ਰਖਦੇ ਹੋਣ। ਯਕੀਨੀ ਤੌਰ ਤੇ ਉਹ ਬਿਲ ਪੇਸ਼ ਕੀਤੇ ਬਿਨਾਂ ਅਤੇ ਗਵਰਨਰ ਦੁਆਰਾ ਤਨਖ਼ਾਹਾਂ ਨਿਸ਼ਚਿਤ ਕੀਤੇ ਅੰਕ ਤੇ ਰਹਿਣ

ਦਿੰਦਿਆਂ 500 ਰੁਪਏ ਲੈ ਕੇ ਬਾਕੀ ਸਰਕਾਰ ਨੂੰ ਜਾਂ ਪਾਰਟੀ ਦੀ ਤਜੌਰੀ ਵਿਚ ਮੋੜ ਸਕਦੇ ਹਨ। ਉਹ ਅਜਿਹਾ ਕਰਦੇ ਕਿਉਂ ਨਹੀਂ ? ਉਹ ਬਿਲ ਕਿਉਂ ਪੇਸ਼ ਕਰ ਰਹੇ ਹਨ ? ਘੁੰਡੀ ਤਾਂ ਇਥੇ ਹੈ। ਮੈਂ ਇਹ ਆਖਣ ਦਾ ਜੇਰਾ ਕਰਦਾ ਹਾਂ ਕਿ ਬਿਲ ਨੇਕ ਨੀਅਤ ਨਾਲ ਪੇਸ਼ ਨਹੀਂ ਕੀਤਾ ਗਿਆ, ਇਸ ਪਿਛੇ ਕੋਈ ਪੈਂਤੜਾ ਹੈ। ਉਹ ਪੈਂਤੜਾ ਇਹ ਹੈ ਕਿ ਉਹ ਸਦਾ ਹੀ ਗੱਦੀ ਤੇ ਕਾਇਮ ਰਹਿਣ ਅਤੇ ਹੋਰ ਕੋਈ ਉਨ੍ਹਾਂ ਦੀਆਂ ਥਾਵਾਂ ਨਾ ਮਲ ਸਕੇ।

ਮਾਨਯੋਗ ਕ.ਮ.ਮੁਨਸ਼ੀ: ਆਪ ਜੀ ਦਾ ਸੁਆਗਤ ਹੈ।

ਡਾ.ਬੀ.ਆਰ.ਅੰਬੇਡਕਰ: ਇਹ ਵਤੀਰਾ ਮੈਨੂੰ ਯਾਦ ਦਿਵਾਉਂਦਾ ਹੈ ਕਿ ਗੋਲ ਮੇਜ਼ ਕਾਨਫ਼ਰੰਸ ਵਿਚ ਕਨਜ਼ਰਵੇਟਿਵ ਪਾਰਟੀ, ਭਾਰਤ ਸਰਕਾਰ ਬਿਲ ਵਿਚ ਕੁਝ ਖੰਡ ਪਰਵੇਸ਼ ਕਰਕੇ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਉਪਬੰਧ ਕਰ ਰਹੀ ਸੀ ਜਿਨ੍ਹਾਂ ਦਾ ਮਨੋਰਥ ਲੇਬਰ ਪਾਰਟੀ ਦੀ ਕਾਰਗੁਜ਼ਾਰੀ ਦੀ ਖੁੱਲ੍ਹ ਤੇ ਬੰਦਸ਼ ਲਾਉਣ ਤੋਂ ਬਿਨਾਂ ਕੁਝ ਨਹੀਂ ਸੀ। ਸਾਡੇ ਵਿਚੋਂ ਬਹੁਤੇ ਉਨ੍ਹਾਂ ਨੂੰ ਸਵਾਲ ਪੁਛਿਆ ਕਰਦੇ ਸਨ ਕਿ ਉਹ ਭਾਰਤ ਸਰਕਾਰ ਐਕਟ ਵਿਚ ਅਜਿਹੇ ਖੰਡ ਕਿਉਂ ਦਾਖ਼ਲ ਕਰਨਾ ਚਾਹੁੰਦੇ ਹਨ ਜਿਨ੍ਹਾਂ ਦੀ ਜ਼ਾਹਰਾ ਤੌਰ ਤੇ ਕੋਈ ਉਚਿਤਤਾ ਨਹੀਂ। ਉਹ ਕੋਈ ਜਵਾਬ ਨਹੀਂ ਸਨ ਦੇ ਸਕੇ, ਪਰ ਹਰ ਕੋਈ ਜਾਣਦਾ ਸੀ ਕਿ ਉਹ ਇਸ ਗਲ ਦੀ ਪੇਸ਼ਬੰਦੀ ਕਰ ਰਹੇ ਸਨ ਕਿ ਜੇ ਕਦੀ ਲੇਬਰ ਪਾਰਟੀ ਸੱਤਾ ਵਿਚ ਆ ਜਾਵੇ ਤਾਂ ਜੋ ਕੁਝ ਕਨਜ਼ਰਵੇਟਿਵ ਪਾਰਟੀ ਕਰਨਾ ਚਾਹੁੰਦੀ ਹੈ ਉਸ ਨੂੰ ਲੇਬਰ ਸਰਕਾਰ ਨਕਾਰ ਨਾ ਸਕੇ। ਜੇ ਮੇਰੇ ਵਿਦਵਾਨ ਮਿੱਤਰ ਇਹ ਨੀਤੀ ਅਪਣਾਉਣਾ ਚਾਹੁੰਦੇ ਹਨ ਤਾਂ ਖ਼ੁਸ਼ੀ ਨਾਲ ਅਜਿਹਾ ਕਰਨ। ਅਸੀਂ ਉਨ੍ਹਾਂ ਨੂੰ ਰੋਕ ਨਹੀਂ ਸਕਦੇ। ਮੈਂ ਕੇਵਲ ਇਹੋ ਆਖਣਾ ਚਾਹੁੰਦਾ ਹਾਂ ਕਿ ਇਹ ਸ਼ਕਤੀ ਦੀ ਦੁਰਵਰਤੋਂ ਹੈ।

ਮੈਨੂੰ ਗਲਤ ਸਮਝਿਆ ਜਾ ਸਕਦਾ ਹੈ, ਇਸ ਲਈ ਇਸ ਪੜਾਅ ਤੇ ਮੈਂ ਇਹ ਸਪਸ਼ਟ ਕਰ ਦਿਆਂ, ਕਿ ਜਦੋਂ ਮੈਂ 500 ਰੁਪਏ ਤਨਖ਼ਾਹ ਨੂੰ ਘਟ ਆਖ ਕੇ ਵਿਰੋਧ ਕਰ ਰਿਹਾ ਹਾਂ ਤਾਂ ਮੈਂ ਇਹ ਸੁਝਾਉ ਬਿਲਕੁਲ ਨਹੀਂ ਦੇ ਰਿਹਾ ਕਿ ਅੰਤਰਿਮ ਮੰਤਰੀ-ਮੰਡਲ ਦੁਆਰਾ ਪ੍ਰਸਤਾਵਿਤ 3000 ਜਾਂ 4000 ਰੁਪਏ ਤਨਖ਼ਾਹ ਮਿਆਰੀ ਤਨਖ਼ਾਹ ਹੈ। ਕਿਸੇ ਨੂੰ ਵੀ ਇਹ ਸਿੱਟਾ ਕੱਢਣ ਦੀ ਲੋੜ ਨਹੀਂ, ਕਿਉਂਕਿ ਮੈਂ ਇਹ ਨਹੀਂ ਕਹਿਣ ਲਗਾ ਕਿ 3000 ਜਾਂ 4000 ਰੁਪਏ ਜ਼ਾਇਜ਼ ਤਨਖ਼ਾਹ ਹੈ। ਮੈਂ ਕਿਸੇ ਅੰਕ ਨਾਲ ਵਚਨਬੱਧ ਨਹੀਂ ਹੁੰਦਾ। ਮੈਂ ਕੇਵਲ ਇਹੋ ਆਖਣਾ ਹੈ ਕਿ 500 ਰੁਪਏ ਮੰਤਰੀ ਲਈ ਠੀਕ ਤਨਖ਼ਾਹ ਨਹੀਂ। ਜੋ ਬਿਆਨ ਮੈਂ ਦਿੱਤਾ ਹੈ, ਇਸ ਨਾਲ ਮੇਰੀ ਇਸ ਅਲੋਚਨਾ ਲਈ ਰਾਹ ਖੁਲ੍ਹਿਆ ਹੈ ਕਿ ਮੈਂ ਫ਼ਜ਼ੂਲਖਰਚੀ ਦਾ ਸੁਝਾਉ ਦੇ ਰਿਹਾ ਹਾਂ। ਪਰ ਇਹ ਸੁਝਾਉ ਦਿੰਦਿਆਂ ਮੈਨੂੰ ਕੋਈ ਜਿੱਚੀ ਮਹਿਸੂਸ ਨਹੀਂ ਹੋ ਰਹੀ ਕਿ ਤਨਖ਼ਾਹ ਉਸ ਤੋਂ ਵਧੀਕ ਹੋਣੀ ਚਾਹੀਦੀ ਹੈ ਜੋ ਬਿਲ ਵਿਚ ਨਿਰਧਾਰਿਤ ਕੀਤੀ ਗਈ ਹੈ।

ਜੇ ਤਨਖ਼ਾਹ ਵਧਾ ਦਿਤੀ ਜਾਏ ਤਾਂ ਯਕੀਨਨ ਇਹ ਮੈਨੂੰ ਨਹੀਂ ਮਿਲਣੀ, ਅਤੇ ਜਿਥੋਂ ਤਕ ਮੈਂ ਭਵਿਖ ਨੂੰ ਦੇਖ ਰਿਹਾ ਹਾਂ, ਮੇਰਾ ਖ਼ਿਆਲ ਨਹੀਂ ਕਿ ਇਹ ਕਦੀ ਵੀ ਮੈਨੂੰ ਮਿਲੇਗੀ।

ਮਾਨਯੋਗ ਬ.ਜੀ. ਖੇੜ: ਨਿਰਾਸ਼ ਨਾ ਹੋਵੋ।

ਡਾ. ਬੀ.ਆਰ.ਅੰਬੇਡਕਰ: ਮੈਨੂੰ ਆਪਣੇ ਵਿਦਵਾਨ ਮਿੱਤਰ ਨੂੰ ਉਤੱਰ ਦੇਣ ਦੀ ਲੋੜ ਨਹੀਂ। ਪਰ ਉਸ ਦੀ ਨੀਤੀ ਜੋ ਹੈ, ਸੋ ਹੈ। ਉਸ ਨੇ ਯਕੀਨਨ ਜਾਣ ਬੁੱਝ ਕੇ ਅਨੁਸੂਚਿਤ ਜਾਤੀਆਂ ਨੂੰ ਆਪਣੇ ਮੰਤਰੀ ਮੰਡਲ ਤੋਂ ਬਾਹਰ ਰਖਿਆ ਹੈ।

ਮਾਨਯੋਗ ਕ.ਮ.ਮੁਨਸ਼ੀ: ਸੰਭਵ ਹੈ ਕਿ ਉਨ੍ਹਾਂ ਨੂੰ 500 ਰੁਪਏ ਨਾ ਜਚਦੇ ਹੋਣ।

ਮਾਨਯੋਗ ਸਪੀਕਰ: ਚੁੱਪ ਕਰੋ। ਚੁੱਪ ਕਰੋ।

ਡਾ. ਬੀ.ਆਰ.ਅੰਬੇਡਕਰ: ਇਹ ਪ੍ਰਸਤਾਵ ਰਖਦਿਆਂ ਮੈਨੂੰ ਜਿੱਚੀ ਮਹਿਸੂਸ ਨਹੀਂ ਹੁੰਦੀ, ਕਿਉਂਕਿ ਇਹ ਤਨਖ਼ਾਹ ਮੈਨੂੰ ਨਹੀਂ ਮਿਲਣੀ। ਮੇਰੇ ਮਨੋਰਥ ਨਿਰੋਲ ਲੋਕ-ਨੀਤੀ ਦੇ ਮਨੋਰਥ ਹਨ। ਡਾ: ਜਾਨਸਨ ਨੇ ਆਖਿਆ ਸੀ ਕਿ ਦੇਸ਼ ਭਗਤੀ ਬਦਮਾਸ਼ਾਂ ਦੀ ਆਖ਼ਰੀ ਠਾਹਰ ਹੈ, ਜੇ ਉਹ ਇਹ ਆਖਦਾ ਤਾਂ ਹੋਰ ਵੀ ਠੀਕ ਹੋਣਾ ਸੀ ਕਿ ਸਿਆਸਤ ਬਦਮਾਸ਼ਾਂ ਦੀ ਆਖ਼ਰੀ ਠਾਹਰ ਹੈ, ਅਤੇ ਮੈਂ ਨਹੀਂ ਚਾਹੁੰਦਾ ਕਿ ਭਾਰਤ ਵਿਚ ਸਿਆਸਤ ਬਦਮਾਸ਼ਾਂ ਦੀ ਆਖ਼ਰੀ ਠਾਹਰ ਬਣੇ, ਇਸੇ ਲਈ ਮੈਂ ਬੋਲਣ ਲਈ ਉਠਿਆ ਹਾਂ।

+ ਡਾ: ਬੀ.ਆਰ. ਅਬੈਡਕਰ(ਬੰਬਈ ਸ਼ਹਿਰ): ਸ੍ਰੀਮਾਨ ਜੀ, ਮੈਂ ਆਪਣੇ ਮਾਨਯੋਗ ਮਿੱਤਰ ਪ੍ਰਧਾਨ-ਮੰਤਰੀ ਨੂੰ ਇਕ ਗਲ ਆਖਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਵੱਖ ਵੱਖ ਮੱਦਾਂ ਦੀ ਥਾਂ ਇਕੋ ਬਿਲ-ਮੁਕਤਾ ਰਕਮ ਰਖਣ ਨਾਲ ਸਾਰੀ ਮੁਸ਼ਕਲ ਹਲ ਨਹੀਂ ਹੋ ਸਕਦੀ ? ਮੈਂ ਕੇਵਲ ਇਹ ਸੁਝਾਓ ਦੇ ਰਿਹਾ ਹਾਂ ਕਿ ਅਸੀਂ ਇਹ ਵੀ ਤਾਂ ਆਖ ਸਕਦੇ ਹਾਂ ਕਿ ਕੁਲ ਮਿਲਾ ਕੇ 750 ਰੁਪਏ ਮਹੀਨਾ ਤਨਖ਼ਾਹ ਮੰਤਰੀ ਨੂੰ ਦੇਣੀ ਚਾਹੀਦੀ ਹੈ। ਮੈਂ ਕੇਵਲ ਉਸ ਦੇ ਵਿਚਾਰ ਲਈ ਇਹ ਸੁਝਾਓ ਦੇ ਰਿਹਾ ਹਾਂ ਕਿ ਅਜਿਹਾ ਕਰਨ ਨਾਲ ਕੀ ਮੁਸ਼ਕਲ ਹਲ ਨਹੀਂ ਹੋ ਜਾਵੇਗੀ ?

ਮਾਨਯੋਗ ਬ.ਜੀ.ਖੇੜ : ਸ੍ਰੀਮਾਨ ਜੀ, ਮੈਂ ਸੋਚਿਆ ਸੀ ਕਿ ਜੋ ਕੁਝ ਅਸਾਂ ਪੂਨੇ ਵਿਚ ਕੀਤਾ, ਮੈਂ ਉਹ ਸਪਸ਼ਟ ਕਰ ਦਿੱਤਾ ਹੈ। ਉੱਥੇ ਚਾਰ ਸਰਕਾਰੀ ਨਿਵਾਸ-ਸਥਾਨ ਉਪਲਬਧ ਸਨ। ਬੰਬਈ ਵਿਚ ਵੀ ਸਰਕਾਰੀ ਨਿਵਾਸ ਸਥਾਨ ਉਪਬਲਧ ਹੋਣਗੇ। ਸੋ, ਮੰਤਰੀ, ਸਪੀਕਰ ਅਤੇ ਪ੍ਰਧਾਨ, ਜਿਨ੍ਹਾਂ ਨੂੰ ਰਹਿਣ ਲਈ ਸਰਕਾਰੀ ਬੰਗਲੇ ਮਿਲਣਗੇ, ਉਨ੍ਹਾਂ ਨੂੰ ਭੱਤਿਆਂ ਦੀ ਲੋੜ ਨਹੀਂ ਅਤੇ ਕੋਈ ਭੱਤੇ ਨਹੀਂ ਮਿਲਣੇ। ਉਨ੍ਹਾਂ ਦੀ ਤਨਖ਼ਾਹ ਨਾਲ ਭੱਤਾ ਜੋੜਨ ਦਾ ਸਵਾਲ ਪੈਦਾ ਨਹੀਂ ਹੁੰਦਾ। ਜੋ ਨਿਵਾਸ-ਸਥਾਨ ਉਨਾਂ ਨੂੰ ਸਰਕਾਰ ਵਲੋਂ ਉਪਬਲਧ ਹਨ ਅਤੇ ਉਨ੍ਹਾਂ ਨੇ ਮੱਲੇ ਹੋਏ ਹਨ, ਉਨ੍ਹਾਂ ਨੂੰ ਭੱਤਾ ਨਹੀਂ ਮਿਲਣਾ। ਜੇ ਉਨ੍ਹਾਂ ਦੇ ਆਪਣੇ ਘਰ ਹਨ ਤਾਂ ਉਹ ਉਨ੍ਹਾਂ ਵਿਚ ਰਹਿਣਾ ਚੁਣਨ ਜਾਂ ਨਾ, ਇਹ ਉਨ੍ਹਾਂ ਦੀ ਮਰਜ਼ੀ ਤੇ ਛੱਡ ਦਿੱਤਾ ਜਾਏ। ਪਰ, ਮਕਾਨ ਭੱਤੇ ਵਜੋਂ ਅਸੀਂ ਸਮਝਦੇ ਹਾਂ ਕਿ 100 ਰੁਪਏ ਮਹੀਨਾ ਤਰਕਸੰਗਤ ਉਪਬੰਧ ਹੈ। ਸਥਿਤੀ ਇਹ ਹੈ। ਇਸ ਲਈ ਮੈਂ ਇਹ ਨਹੀਂ ਸਮਝਦਾ ਕਿ ਤਨਖ਼ਾਹ ਨਾਲ ਭੱਤਾ ਮਿਲਾਉਣਾ ਸੰਭਵ ਹੈ। ਜੋ ਪ੍ਰਬੰਧ ਅਸਾਂ ਪੂਨੇ ਵਿਚ ਕੀਤਾ ਹੈ ਠੀਕ ਕੰਮ ਚਲਾਊ ਲਗਿਆ ਹੈ। ਪੂਨੇ ਵਿਚ ਉਪਬਲਧ ਸਰਕਾਰੀ ਨਿਵਾਸ-ਸਥਾਨਾਂ ਨੂੰ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ। ਮੈਂ ਡਾ: ਅੰਬੇਡਕਰ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਇਕ ਸਰਕਾਰੀ

ਬੰਗਲੇ ਵਿਚ ਦੋ ਜਾਂ ਤਿੰਨ ਮੰਤਰੀ ਵਸਾਏ ਹੋਏ ਹਨ ਜਿਥੇ ਪਹਿਲਾਂ ਉਪਘਰ ਸਮੇਤ ਇਕੋ ਮੰਤਰੀ ਨਵੇਕਲੀ ਸ਼ਾਨ ਨਾਲ ਰਹਿੰਦਾ ਸੀ। ਜੇ ਅਸੀਂ ਬੰਬਈ ਵਿਚ ਵੀ ਇਦਾਂ ਹੀ ਕਰੀਏ ਤਾਂ ਮੰਤਰੀਆਂ, ਸਪੀਕਰ ਅਤੇ ਪ੍ਰਧਾਨ ਨੂੰ ਰਿਹਾਇਸ਼ ਮੁਹੱਈਆ ਕਰਨ ਮਗਰੋਂ ਵੀ ਸਾਡੇ ਕੋਲ ਸ਼ਾਇਦ ਸਰਕਾਰੀ ਨਿਵਾਸ ਸਥਾਨ ਕਿਰਾਏ ਤੇ ਦੇਣ ਲਈ ਬਚ ਜਾਣਗੇ। ਇਸ ਲਈ ਜੋ ਪ੍ਰਬੰਧ ਸਾਡੀ ਦ੍ਰਿਸ਼ਟੀ ਵਿਚ ਹੈ, ਇਸ ਦੇ ਸਿੱਟੇ ਵਜੋਂ ਹੋਰ ਛਾਂਟੀ ਹੋਵੇਗੀ।

ਡਾ: ਬੀ.ਆਰ.ਅੰਬੇਡਕਰ: ਮੈਂ ਕੇਵਲ ਪੈਦਾ ਹੋਈ ਮੁਸ਼ਕਲ ਨੂੰ ਹਲ ਕਰਨ ਦਾ ਰਾਹ ਦਸ ਰਿਹਾ ਸਾਂ। ਮੁਸ਼ਕਲ ਇਹ ਹੈ: ਸ਼ਬਦ "ਭੱਤਾ" ਭਾਰਤ ਸਰਕਾਰ ਐਕਟ ਦੀ ਉਸ ਧਾਰਾ ਵਿਚ ਮੌਜੂਦ ਨਹੀਂ ਜਿਸ ਵਿਚ ਮੰਤਰੀਆਂ ਦੀਆਂ ਤਨਖਾਹਾਂ ਦਾ ਹਵਾਲਾ ਹੈ। ਸੋ, ਅਜਿਹਾ ਕੋਈ ਝਗੜਾ ਨਾ ਖੜਾ ਹੋ ਜਾਏ ਕਿ ਕੋਈ ਭੱਤਾ ਤਨਖ਼ਾਹ ਤੋਂ ਵਾਧੂ ਨਿਰਧਾਰਿਤ ਕੀਤਾ ਗਿਆ ਹੈ, ਜਿਸ ਦੀ ਐਕਟ ਅਧੀਨ ਆਗਿਆ ਨਹੀਂ। ਜੋ ਸੁਝਾਓ ਮੈਂ ਆਪਣੇ ਮਾਨਯੋਗ ਮਿਤਰ ਨੂੰ ਦੇਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਉਹ ਸਭੋ ਕੁਝ ਇਕੱਠਾ ਕਰ ਦੇਵੇ ਅਤੇ ਉਸ ਨੂੰ ਤਨਖ਼ਾਹ ਆਖੇ। ਉਹ ਸ਼ਬਦ "ਭੱਤਾ" ਛੱਡ ਦੇਵੇ ਅਤੇ ਇਸ ਤਰ੍ਹਾਂ ਮੁਸ਼ਕਲ ਵਿਚੋਂ ਨਿਕਲ ਆਏ। ਨਿਰਸੰਦੇਹ ਅਸਾਂ ਐਡਵੋਕੇਟ ਜਨਰਲ ਤੋਂ ਇਹ ਜਾਣਕਾਰੀ ਲੈਣੀ ਹੈ ਕਿ ਉਠਾਏ ਗਏ ਨੁਕਤੇ ਵਿਚ ਕੁੱਝ ਤੱਤ ਹੈ ਜਾਂ ਨਹੀਂ।

17

ਨਾਬਾਲਗ ਅਪਰਾਧੀਆਂ ਦੀ ਪਰਖ ਸਬੰਧੀ ਬਿਲ*

ਡਾ: ਬੀ.ਆਰ.ਅੰਬੇਡਕਰ (ਬੰਬਈ ਸ਼ਹਿਰ): ਜਨਾਬ ਸਪੀਕਰ ਸਾਹਿਬ, ਇਸ ਬਿਲ ਲਈ ਕੋਈ ਖ਼ਾਸ ਉਤਸਾਹ ਵੇਖਣ ਵਿਚ ਨਹੀਂ ਆ ਰਿਹਾ, ਕਿਉਂਕਿ ਜਦੋਂ ਸਦਨ ਅੱਗੇ ਹੋਰ ਬਿਲ ਪੇਸ਼ ਹੋ ਰਹੇ ਹੁੰਦੇ ਹਨ, ਉਨ੍ਹਾਂ ਵਰਗਾ ਮੁਕਾਬਲਾ ਦਿਸ ਨਹੀਂ ਰਿਹਾ। ਮੈਂ ਭਾਵੇਂ ਖੜਾ ਹੋਇਆ ਹਾਂ, ਮੈਂ ਕੇਵਲ ਇਕ ਧਾਰਾ ਵਲ ਹੀ ਇਸ਼ਾਰਾ ਕਰਨ ਦਾ ਇੱਛੁਕ ਹਾਂ ਅਤੇ ਮੈਂ ਵੀ ਮੰਨਦਾ ਹਾਂ ਕਿ ਇਸ ਬਿਲ ਲਈ ਮੈਂ ਬਹੁਤ ਉਤਸਾਹ ਮਹਿਸੂਸ ਨਹੀਂ ਕਰਦਾ ਕਿਉਂਕਿ ਬਿਲ ਕਿਸੇ ਅਜਿਹੀ ਸਮਸਿਆ ਨੂੰ ਨਹੀਂ ਛੋਹੰਦਾ ਜਿਸ ਨੂੰ ਗੰਭੀਰ ਜਾਂ ਅਤਿ ਜ਼ਰੂਰੀ ਆਖਿਆ ਜਾ ਸਕੇ। ਮੈਨੂੰ ਦਸਿਆ ਗਿਆ ਹੈ ਕਿ ਬਿਲ ਬਰਤਾਨਵੀ ਕਾਨੂੰਨ ਦੀ ਨਿਕਟਵਰਤੀ ਪੈਰਵੀ ਕਰਦਾ ਹੈ। ਮੈਨੂੰ ਪਤਾ ਨਹੀਂ ਕਿ ਅੰਗ੍ਰੇਜ਼ ਲੋਕਾਂ ਦੁਆਰਾਂ, ਜਿਨ੍ਹਾਂ ਉਤੇ ਇਹ ਕਾਨੂੰਨ ਲਾਗੂ ਹੈ ਅਤੇ ਜੋ ਇਸ ਬਿਲ ਲਈ ਨਮੂਨੇ ਵਜੋਂ ਲਿਆ ਗਿਆ ਹੈ, ਇਸ ਦਾ ਇਤਨਾ ਲਾਭ ਉਠਾਇਆ ਗਿਆ ਹੈ ਜੋ ਕਾਫ਼ੀ ਆਖਿਆ ਜਾ ਸਕਦਾ ਹੈ, ਜਾਂ ਨਹੀਂ, ਪਰ ਮੈਨੂੰ ਭਰੋਸਾ ਹੈ ਕਿ ਮਾਨਯੋਗ ਮੰਤਰੀ ਜੀ ਨੇ ਸਥਿਤੀ ਤੇ ਧਿਆਨ ਨਾਲ ਗਹੁ ਕੀਤਾ ਹੈ ਅਤੇ ਪ੍ਰਤੱਖ ਤੌਰ ਤੇ ਇਸ ਸਿੱਟੇ ਤੇ ਅਪੜੇ ਹਨ ਇਸ ਐਕਟ ਤੋਂ, ਉਸ ਦੇਸ ਨੂੰ, ਜਿਥੇ ਇਹ ਪ੍ਰਚਲਿਤ ਹੈ ਨਿਸਚੈ ਹੀ ਇਤਨਾ ਜ਼ਿਆਦਾ ਲਾਭ ਪਹੁੰਚਿਆ ਹੈ ਕਿ ਸਾਨੂੰ ਵੀ ਆਪਣੇ ਸੂਬੇ ਵਿਚ ਅਜਿਹਾ ਹੀ ਕਾਨੂੰਨ ਬਣਾ ਕੇ ਇਸ ਦੀ ਪੈਰਵੀ ਕਰਨੀ ਚਾਹੀਦੀ ਹੈ।

ਸ੍ਰੀਮਾਨ ਜੀ, ਮੈਂ ਇਸ ਬਿਲ ਦੇ ਵੇਰਵੇਪੂਰਨ ਉਪਬੰਧਾਂ ਬਾਰੇ ਕੁੱਝ ਨਹੀਂ ਆਖਣਾ। ਪਰ, ਮੈਂ ਪੈਂਦੀ ਸੱਟੇ ਆਖਦਾ ਹਾਂ, ਕਿ ਬਿਲ ਜਿਹੋ ਜਿਹਾ ਵੀ ਹੈ, ਇਸ ਵਿਚ ਕੁਝ ਅਸੂਲ ਮੌਜੂਦ ਹਨ ਜਿਨ੍ਹਾਂ ਦੀ ਮੈਂ ਹਿਮਾਇਤ ਕਰ ਸਕਦਾ ਹਾਂ। ਇਸ ਵਿਚ ਕੇਵਲ ਇਕੋ ਖੰਡ ਅਜਿਹਾ ਹੈ ਜਿਸ ਬਾਰੇ ਮੈਨੂੰ ਕੁਝ ਔਕੜ ਮਹਿਸੂਸ ਹੋ ਰਹੀ ਹੈ। ਇਹ ਖੰਡ ਹੈ-ਖੰਡ 6: ਮੈਨੂੰ ਲਗਦਾ ਹੈ ਕਿ ਖੰਡ 6 ਵਿਚਲਾ ਅਸੂਲ ਅਜਿਹਾ ਹੈ ਜੋ ਅਮਲ ਵਿਚ ਆ ਕੇ ਕੁਝ ਦਮਨਕਾਰੀ ਹੋ ਸਕਦਾ ਹੈ। 'ਦਮਨਕਾਰੀ' ਵੀ ਇਸ ਦੇ ਲਈ ਨਰਮ ਪਦ ਹੈ। ਖੰਡ 6 ਦੇ ਪਿਛਲੇ ਭਾਗ ਵਿਚ ਇਹ ਆਖਿਆ ਗਿਆ ਹੈ:

" ਅਤੇ ਜੇ ਅਪਰਾਧੀ 16 ਸਾਲਾਂ ਤੋਂ ਘਟ ਆਯੂ ਦਾ ਹੈ ਅਤੇ ਅਦਾਲਤ ਨੂੰ ਜਾਪੇ ਕਿ ਅਪਰਾਧੀ ਦੇ ਮਾਪਿਆਂ ਵਿਚੋਂ ਜਾਂ ਸਰਪ੍ਰਸਤ ਦੀ ਲਾਪਰਵਾਹੀ ਜਾਂ ਕਿਸੇ ਹੋਰ ਤਰ੍ਹਾਂ ਅਪਰਾਧੀ ਬਣਿਆ ਹੈ ਤਾਂ ਅਦਾਲਤ ਅਜਿਹੇ ਨੁਕਸਾਨ ਦੀ ਪ੍ਰਤੀਪੂਰਤੀ ਅਤੇ ਖ਼ਰਚੇ ਦੀ ਅਦਾਇਗੀ ਲਈ ਮਾਪੇ ਜਾਂ ਸਰਪ੍ਰਸਤ ਨੂੰ ਆਦੇਸ਼ ਦੇ ਸਕਦੀ ਹੈ।"

ਮੈਨੂੰ ਲਗਦਾ ਹੈ ਕਿ ਇਸ ਨਾਲ ਮਾਪੇ ਜਾਂ ਸਰਪ੍ਰਸਤ ਵਿਰੁੱਧ ਕਾਫ਼ੀ ਦਮਨ ਦੀ ਗੁੰਜਾਇਸ਼ ਹੋ ਸਕਦੀ ਹੈ। ਮੇਰੇ ਵਿਦਵਾਨ ਮਿੱਤਰ ਮਾਨਯੋਗ ਗ੍ਰਹਿ ਮੰਤਰੀ ਇਸ ਗਲ ਨਾਲ ਸਹਿਮਤ

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 2, ਪੰਨਾ 425-26, ਮਿਤੀ 20, ਜਨਵਰੀ, 1938

ਹੋਣਗੇ ਕਿ ਘੌਲ ਅਤੇ ਅਵੇਸਲਾਪਣ, ਅਸਪਸ਼ਟ ਸ਼ਬਦਾਂ ਵਿਚੋਂ ਸਭ ਤੋਂ ਅਸਪਸ਼ਟ ਸ਼ਬਦ ਹਨ ਅਤੇ ਇਸ ਗਲ ਦੀ ਹਾਂ-ਪੱਖੀ ਜਾਂ ਨਿਸ਼ਚਿਤ ਪਰਿਭਾਸ਼ਾ ਦੇਣੀ ਬਹੁਤ ਮੁਸ਼ਕਲ ਹੈ ਕਿ ਅਵੇਸਲਾਪਣ ਕੀ ਹੈ ਅਤੇ ਕੀ ਨਹੀਂ। ਜੇ ਮੈਂ ਸਿਵਲ ਨਾਫ਼ਰਮਾਨੀ ਅੰਦੋਲਨ ਦੇ ਦੌਰਾਨ ਜੋ ਕੁੱਝ ਵਾਪਰਿਆ, ਉਸ ਦੀ ਉਦਾਹਰਨ ਦੇਵਾਂ ਤਾਂ ਮੇਰਾ ਵਿਚਾਰ ਹੈ ਕਿ ਇਕ ਅਨੁਰੂਪਤਾ ਦਰਸਾਏਗੀ ਜਿਸ ਤੋਂ ਸੰਭਵ ਹੈ ਮੇਰੇ ਮਾਨਯੋਗ ਮਿੱਤਰ ਨੂੰ ਉਸ ਔਕੜ ਦਾ ਇਹਸਾਸ ਹੋ ਜਾਏ ਜੋ ਮੈਂ ਮਹਿਸੂਸ ਕਰ ਰਿਹਾ ਹਾਂ। ਮੈਨੂੰ ਯਕੀਨ ਹੈ ਕਿ ਇਹ ਸੱਚ ਹੈ-ਜੇ ਮੈਂ ਗਲਤੀ ਤੇ ਹੋਵਾਂ ਤਾਂ ਠੀਕ ਕਰ ਦੇਣਾ-ਕਿ ਸਿਵਲ ਨਾਫ਼ਰਮਾਨੀ ਅੰਦੋਲਨ ਦੇ ਦੌਰਾਨ ਬਹੁਤ ਸਾਰੇ ਸਿਵਲ ਕਰਮਚਾਰੀ ਜੋ ਰਾਜ ਸਰਕਾਰ ਦੀ ਨੌਕਰੀ ਵਿਚ ਸਨ ਅਤੇ ਜਿਨ੍ਹਾਂ ਦੇ ਬਚਿਆਂ ਨੇ ਸਿਵਲ ਨਾਫ਼ਰਮਾਨੀ ਅੰਦੋਲਨ ਵਿਚ ਹਿੱਸਾ ਲਿਆ, ਉਨ੍ਹਾਂ ਉਪਰ ਇਸ ਆਧਾਰ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਗਈ ਕਿ ਉਨ੍ਹਾਂ ਨੇ ਰਾਜ ਪ੍ਰਤਿ ਆਪਣਾ ਉਚਿਤ ਫ਼ਰਜ਼ ਅਦਾ ਨਹੀਂ ਕੀਤਾ ਕਿਉਂਕਿ ਉਨ੍ਹਾਂ ਨੇ ਆਪਣੇ ਬਚਿਆਂ ਨੂੰ ਅੰਦੋਲਨ ਵਿਚ ਸ਼ਾਮਿਲ ਹੋਣ ਦੀ ਆਗਿਆ ਦੇ ਕੇ ਇਸ ਗਲ ਵਲ ਧਿਆਨ ਨਹੀਂ ਦਿੱਤਾ ਕਿ ਉਹ ਅਜਿਹੀ ਲਹਿਰ ਵਿਚ ਹਿੱਸਾ ਲੈ ਰਹੇ ਹਨ ਜੋ ਵੇਲੇ ਦੀ ਸਰਕਾਰ ਨੂੰ ਢਾਹ ਲਾਉਣ ਲਈ ਸੀ। ਮੈਂ ਸਮਝਦਾ ਹਾਂ ਕਿ ਜੇ ਮੈਂ ਇਹ ਆਖਾਂ ਤਾਂ ਸਹੀ ਹੋਵਾਂਗਾ ਕਿ ਜਿਹੜੇ ਮੈਂਬਰ ਹੁਣ ਸਾਮ੍ਹਣੇ ਬੈਠੇ ਹੋਏ ਹਨ, ਉਨ੍ਹਾਂ ਨੇ ਉਸ ਅਸੂਲ ਤੇ ਬਹੁਤ ਇਤਰਾਜ਼ ਕੀਤਾ ਸੀ, ਕਿਉਂਕਿ ਜੇ ਮੈਂ ਉਨਾਂ ਨੂੰ ਠੀਕ ਸਮਝਦਾ ਹਾਂ ਤਾਂ, ਉਨ੍ਹਾਂ ਦਾ ਮਤ ਇਹ ਸੀ ਕਿ ਕੋਈ ਵੀ ਮਾਪੇ ਬੱਚਿਆਂ ਦੇ ਵਰਤਾਰੇ ਲਈ ਜ਼ਿੰਮੇਵਾਰ ਨਹੀਂ ਠਹਿਰਾਏ ਜਾ ਸਕਦੇ, ਵਿਸ਼ੇਸ਼ ਕਰ ਕੇ ਉਦੋਂ, ਜਦੋਂ ਉਨਾਂ ਦਾ ਵਰਤਾਰਾ ਅਜਿਹੇ ਵਿਸ਼ਵਾਸ ਨਾਲ ਸਬੰਧ ਰਖਦਾ ਹੋਵੇ ਜੋ ਜ਼ਾਇਜ਼ ਤੌਰ ਤੇ ਮਾਪਿਆਂ ਦੇ ਵਿਸ਼ਵਾਸ ਤੋਂ ਭਿੰਨ ਹੋਵੇ। ਮੇਰੀ ਗੁਜਾਰਸ਼ ਹੈ ਕਿ ਬੱਚੇ ਵਿਚ ਅਪਰਾਧੀ ਬਿਰਤੀਆਂ ਦਾ ਵਿਕਾਸ ਹੋ ਸਕਦਾ ਹੈ, ਬਾਵਜੂਦ ਇਸ ਦੇ ਕਿ ਪਿਤਾ ਇਤਨਾ ਸਾਵਧਾਨ ਅਤੇ ਫ਼ਰਮਾਂਬਦਾਰ ਰਿਹਾ ਹੋਵੇ ਜਿਤਨੇ ਸਾਧਾਰਨ ਤੌਰ ਤੇ ਮਾਪੇ ਹੁੰਦੇ ਹਨ। ਅਤੇ, ਜਦੋਂ ਤੀਕ "ਅਵੇਸਲਾਪਣ", ਜਾਂ "ਅਣਡਿਠਤਾ" ਜਾਂ "ਕਾਰਨ ਬਣਦਾ" ਸ਼ਬਦਾਂ ਨੂੰ ਠੀਕ ਤਰ੍ਹਾਂ ਪਰਿਭਾਸ਼ਤ ਨਹੀਂ ਕੀਤਾ ਜਾਂਦਾ, ਮੈਨੂੰ ਜਾਪਦਾ ਹੈ ਕਿ ਇਸ ਬਿਲ ਦੇ ਅਜਿਹੇ ਨਤੀਜੇ ਨਿਕਲਣਗੇ ਜੋ ਉਸ ਤੋਂ ਕਿਤੇ ਵੱਧ ਹੋਣਗੇ ਜੋ ਮਾਨਯੋਗ ਗ੍ਰਿਹ ਮੰਤਰੀ ਦੀ ਮਨਸ਼ਾ ਹਨ।

ਮੇਰੇ ਮਾਨਯੋਗ ਮਿਤਰ ਸ੍ਰੀ ਬੈਂਬਲ ਨੇ, ਜਿਹਾ ਕਿ ਉਸਦੇ ਦਿੱਤੇ ਭਾਸ਼ਣ ਤੋਂ ਪਤਾ ਚਲਦਾ ਹੈ, ਉਸ ਨੇ ਇਸ ਸਮਸਿਆ ਦੇ ਅਧਿਐਨ ਵਲ ਵਿਸ਼ੇਸ਼ ਧਿਆਨ ਦਿੱਤਾ ਹੈ। ਉਸ ਨੇ ਇਸ ਗਲ ਵਲ ਇਸ਼ਾਰਾ ਕੀਤਾ ਹੈ ਕਿ ਬਰਤਾਨਵੀ ਕਾਨੂੰਨ ਵਿਚ ਕੁੱਝ ਅਸੰਗਤੀਆਂ ਹਨ, ਅਤੇ ਜੇ ਬਰਤਾਨਵੀ ਕਾਨੂੰਨ ਨੂੰ ਅਸਾਂ ਨਮੂਨੇ ਵਜੋਂ ਲੈਣਾ ਹੈ ਤਾਂ ਇਸ ਅਵਸਰ ਨੂੰ ਇਸ ਕਾਰਜ ਲਈ ਵਰਤ ਲੈਣਾ ਚਾਹੀਦਾ ਹੈ ਕਿ ਅਸੀਂ ਇਸ ਦਾ ਧਿਆਨ ਰਖੀਏ ਕਿ ਬਰਤਾਨਵੀ ਕਾਨੂੰਨ ਵਿਚ ਮਿਲਣ ਵਾਲੀਆਂ ਅਸੰਗਤੀਆਂ ਇਸ ਕਾਨੂੰਨ ਵਿਚ ਨਾ ਆ ਜਾਣ ਜੋ ਹੁਣ ਅਸੀਂ ਬਣਾ ਰਹੇ ਹਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਸ ਨੇ ਜੋ ਬਿਆਨ ਦਿੱਤਾ ਹੈ ਉਹ ਅਤਿ ਡੂੰਘੇ

ਅਧਿਐਨ ਤੇ ਆਧਾਰਿਤ ਹੈ। ਜੇ ਅਜਿਹਾ ਹੈ ਅਤੇ ਸਰਕਾਰ ਦਾ ਵੱਕਾਰ ਅੱਗੇ ਨਹੀਂ ਆਉਂਦਾ ਤਾਂ ਮੈਂ ਮਾਨਯੋਗ ਮੈਂਬਰ ਸ੍ਰੀ ਬੈਂਬਲ ਦੀ ਇਸ ਬੇਨਤੀ ਵਿਚ ਉਸ ਦਾ ਸਾਥ ਦੇਵਾਂਗਾ ਕਿ ਚੰਗਾ ਹੋਵੇਗਾ ਜੇ ਇਹ ਬਿਲ ਸਿਲੈਕਟ ਕਮੇਟੀ ਦੇ ਸਪੁਰਦ ਕਰ ਦਿੱਤਾ ਜਾਏ ਜਿਥੇ ਕੁਝ ਅਸੂਲਾਂ ਦੇ ਪੱਖ ਜਾਂ ਵਿਰੋਧ ਵਿਚ ਉਠਾਏ ਗਏ ਕੁੱਝ ਨੁਕਤੇ ਸੁਲਝ ਜਾਣਗੇ ਅਤੇ ਬਿਲ ਇਤਨਾ ਸੰਪੂਰਨ ਹੋ ਜਾਵੇਗਾ ਜਿਤਨਾ ਅਸੀਂ ਸਦਨ ਵਿਚ ਇਸ ਨੂੰ ਬਣਾ ਸਕਦੇ ਹਾਂ। ਇਨ੍ਹਾਂ ਸ਼ਬਦਾਂ ਨਾਲ ਮੈਂ ਬਿਲ ਦੀ ਪਹਿਲੀ ਪੜ੍ਹਤ ਦੀ ਹਿਮਾਇਤ ਕਰਦਾ ਹਾਂ।

18

* ਤਮਾਕੂ ਕਰ ਐਕਟ ਸੋਧਨਾ ਬਿਲ

ਡਾ: ਬੀ. ਆਰ. ਅੰਬੇਡਕਰ (ਬੰਬਈ ਸ਼ਹਿਰ): ਸੰਸਦ ਦੇ ਮਾਨਯੋਗ ਨੇਤਾ ਨੇ ਜੋ ਸੁਝਾਉ ਦਿੱਤਾ ਹੈ ਉਸ ਦੇ ਉੱਤਰ ਵਿਚ ਮੈਂ ਗੁਜ਼ਾਰਸ਼ ਕਰਨਾ ਚਾਹਵਾਂਗਾ ਕਿ ਜਦ ਤੱਕ ਤੁਸੀਂ ਇਸ ਅਸੂਲ ਨੂੰ ਬਰਕਰਾਰ ਨਹੀਂ ਰਖਦੇ ਕਿ ਛੋਟ ਜਾਂ ਮੂੰਹ-ਬੰਦੀ ਵਰਗੀ ਕੋਈ ਚੀਜ਼ ਹੈ, ਉਦੋਂ ਤਕ ਜੋ ਬਹਿਸ ਮੇਰਾ ਮਾਨਯੋਗ ਮਿਤਰ ਜਮਨਾਦਾਸ ਮਹਿਤਾ ਚਲਾਉਣਾ ਚਾਹੁੰਦਾ ਹੈ, ਉਹ ਇਸ ਸਦਨ ਦੇ ਨਿਯਮਾਂ ਦੇ ਬਿਲਕੁਲ ਅਨੁਕੂਲ ਹੈ। ਸਦਨ ਦੇ ਮਾਨਯੋਗ ਨੇਤਾ ਨੇ ਜੋ ਨੁਕਤਾ ਉਠਾਇਆ ਹੈ ਉਸਦੇ ਸਬੰਧ ਵਿਚ ਮੇਰੀ ਗੁਜ਼ਾਰਸ਼ ਹੈ ਕਿ ਸਦਨ ਸਹਿਜੇ ਹੀ ਇਹ ਦ੍ਰਿਸ਼ਟੀਕੋਣ ਅਪਣਾ ਸਕਦਾ ਹੈ ਕਿ ਸਦਨ ਕਾਫ਼ੀ ਰਕਮ ਪ੍ਰਦਾਨ ਕਰ ਚੁੱਕਾ ਹੈ ਅਤੇ ਹੋਰ ਰਕਮ ਨਹੀਂ ਦਿੱਤੀ ਜਾਵੇਗੀ। ਮੇਰੀ ਗੁਜਾਰਸ਼ ਹੈ ਕਿ ਸਦਨ ਦੇ ਨੇਤਾ ਦੁਆਰਾ ਉਠਾਏ ਗਏ ਨੁਕਤੇ ਦਾ ਇਹ ਮੁਕੰਮਲ ਉਤਰ ਹੋਵੇਗਾ। ਇਸ ਲਈ ਇਸ ਆਧਾਰ ਤੇ ਕੋਈ ਮੂੰਹ-ਬੰਦੀ ਜਾਂ ਛੋਟ ਨਹੀਂ ਹੋਵੇਗੀ ਤੇ ਸਦਨ ਪਹਿਲਾਂ ਹੀ "ਵਿੱਤ ਬਿਲ" ਦੀ ਮੱਦ ਅਧੀਨ ਬਹਿਸ ਵਿਚ ਹੋਰ ਕਰ ਅਪਣਾ ਕੇ ਖ਼ਰਚ ਪ੍ਰਦਾਨ ਕਰ ਚੁੱਕਾ ਹੈ।

ਤਾਂ ਜਨਾਬ, ਮੈਂ ਜੋ ਨੁਕਤਾ ਉਠਾਉਣਾ ਚਾਹੁੰਦਾ ਹਾਂ, ਇਹ ਹੈ: ਮੇਰੇ ਵਿਚਾਰ ਵਿਚ ਮਸਲਾ ਇਹ ਹੈ ਕਿ ਇਹ ਵਿੱਤ ਬਿਲ ਹੈ ਜਾਂ ਅਜਿਹਾ ਬਿਲ ਹੈ ਜੋ ਕੇਵਲ ਕਰ ਉਗਰਾਹੁਣ ਲਈ ਪ੍ਰਸ਼ਾਸ਼ਨੀ ਮਸ਼ੀਨਰੀ ਨੂੰ ਨਿਯੰਤਰਿਤ ਕਰਦਾ ਹੈ। ਜੇ ਤਾਂ ਇਹ ਅਜਿਹਾ ਬਿਲ ਹੈ ਜੋ ਕਰ ਉਗਰਾਹੁਣ ਲਈ ਮਸ਼ੀਨਰੀ ਦਾ ਉਪਬੰਧ ਹੀ ਕਰਦਾ ਹੈ ਤਾਂ ਮੈਂ ਉਸ ਰੂਲਿੰਗ ਦੀ ਪ੍ਰਾਸੰਗਿਕਤਾ ਨੂੰ ਸਮਝ ਸਕਦਾ ਸਾਂ, ਜਿਸ ਦਾ ਹਵਾਲਾ ਤੁਸਾਂ ਦਿੱਤਾ ਹੈ। ਪਰ, ਬਿਲ ਨਾਲ ਨੱਥੀ ਮਨੋਰਥਾਂ ਅਤੇ ਕਾਰਨਾਂ ਦੇ ਵਿਵਰਣ ਉਤੇ ਨਿਗਾਹ ਮਾਰਨ ਤੇ ਮੈਨੂੰ ਜਾਪਦਾ ਹੈ ਕਿ ਸਰਕਾਰ ਬਿਲ ਨੂੰ ਆਦਿ ਤੋਂ ਅੰਤ ਤੱਕ ਵਿੱਤ ਬਿਲ ਵਾਂਗ ਲੈ ਰਹੀ ਹੈ। ਇਸ ਬਿਲ ਦਾ ਮੂਲ ਮਨੋਰਥ ਵਾਧੂ ਪੈਸਾ ਇਕੱਤਰ ਕਰਨਾ ਹੈ। ਮਸ਼ੀਨਰੀ ਵਿਚ ਤਬਦੀਲੀ ਤਾਂ ਦੂਜੇ ਦਰਜੇ ਦੀ ਗਲ ਹੈ-- ਵਾਧੂ ਆਮਦਨ ਇਕੱਤਰ ਕਰਨ ਦਾ ਸਾਧਨ, ਸਰਕਾਰ ਦੀ ਨਸ਼ੇਬੰਦੀ ਦੀ ਨੀਤੀ ਤੋਂ ਪੈਣ ਵਾਲੇ ਘਾਟੇ ਦੀ ਪੂਰਤੀ, ਬਿਲ ਦਾ ਮੂਲ ਮਨੋਰਥ ਹੈ। ਮੈਂ ਮਨੋਰਥਾਂ ਅਤੇ ਕਾਰਨਾਂ ਦੇ ਵਿਵਰਣ ਵਿਚਲੇ ਇਕ ਦੋ ਪੈਰਿਆਂ ਦਾ ਹਵਾਲਾ ਦੇਵਾਂਗਾ:

" ਬਹੁਤੇਰੇ ਮੁਲਕਾਂ ਵਿਚ ਤਮਾਕੂ ਉਤੇ ਕਾਫ਼ੀ ਕਰ ਲਗਦਾ ਹੈ। ਆਮਦਨ ਦੇ ਇਸ ਸ੍ਰੋਤ ਨੂੰ ਵਿਕਸਿਤ ਕਰਨਾ ਅਤਿ ਆਵੱਸ਼ਕ ਹੈ ਤਾਂ ਜੋ ਨਵੀਂ ਨਸ਼ੇ-ਬੰਦੀ ਜਾਂ ਸ਼ਰਾਬ ਵਿਰੋਧੀ ਨੀਤੀ ਤੋਂ ਹੋਣ ਵਾਲਾ ਘਾਟਾ ਪੂਰਾ ਕੀਤਾ ਜਾ ਸਕੇ। ਬੰਬਈ ਸ਼ਹਿਰ ਵਿਚ ਤਮਾਕੂ ਕਰ (ਬੰਬਈ ਨਗਰ) ਐਕਟ, 1857 ਅਧੀਨ ਲਗਦਾ ਹੈ। ਇਸ ਐਕਟ ਅਧੀਨ ਕਾਫ਼ੀ ਫੀਸ ਪ੍ਰਤੀ ਮਣ ਪਹਿਲਾਂ ਹੀ ਲੱਗੀ ਹੋਈ ਹੈ, ਪਰ ਲਸੰਸ ਫ਼ੀਸ ਨਾਂ-ਮਾਤਰ ਹੈ ਅਤੇ ਲਸੰਸਾਂ ਦੀ ਮੰਗ ਕਾਫ਼ੀ

---

* ਬੰਬਈ ਵਿਧਾਨ-ਸਭਾ ਜਿਲਦ 3, ਪੰਨੇ 336-337, ਮਿਤੀ 5 ਮਾਰਚ, 1938

ਹੈ, ਜੋ ਅਕਸਰ ਅਗੇ ਕਿਰਾਏ ਤੇ ਦੇ ਦਿੱਤੇ ਜਾਂਦੇ ਹਨ। ਬਿਲ ਵਿਚ ਲਸੰਸ ਫ਼ੀਸ ਇਕ ਰੁਪਏ ਤੋਂ ਵਧਾ ਕੇ 25 ਜਾਂ 50 ਰੁਪਏ----"

ਇਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਬਿਲ ਮੁੱਢਲੇ ਤੌਰ ਤੇ ਇਕ ਵਿੱਤ ਬਿਲ ਹੈ, ਨਾ ਕਿ ਅਜਿਹਾ ਬਿਲ ਜੋ ਕਰ ਉਗਰਾਹੁਣ ਲਈ ਮਸ਼ੀਨਰੀ ਦੇ ਉਪਬੰਧ ਬਾਰੇ। ਮੇਰੀ ਇਹੀ ਗੁਜ਼ਾਰਸ਼ ਹੈ। ਜੇ ਇਹੀ ਵਿੱਤ ਬਿਲ ਹੈ ਤਾਂ ਸਦਨ ਦਾ ਇਹ ਬਹਿਸ ਕਰਨ ਦਾ ਹੱਕ ਹੈ ਕਿ ਸਰਕਾਰ ਨੂੰ ਖ਼ਰਚ ਦੇਵੇ ਜਾਂ ਨਾ। ਜਿਥੋਂ ਤੱਕ ਸਦਨ ਦੇ ਨੇਤਾ ਦੁਆਰਾ ਉਠਾਏ ਗਏ ਛੋਟ ਸਬੰਧੀ ਨੁਕਤੇ ਦਾ ਸਵਾਲ ਹੈ, ਮੇਰੀ ਗੁਜ਼ਾਰਸ਼ ਹੈ ਕਿ ਸਦਨ ਖੁਲ੍ਹ ਕੇ ਆਖ ਸਕਦਾ ਹੈ ਕਿ : " ਖ਼ਰਚ ਦਾ ਕੁਝ ਅੰਸ਼ ਅਸੀਂ ਦੇਵਾਗੇ, ਬਾਕੀ ਨਹੀਂ ਦੇਣਾ।"

19

ਨਿਆਂਪਾਲਿਕਾ ਦੀ ਖੁਦਮੁਖਤਾਰੀ*

ਡਾ. ਬੀ.ਆਰ. ਅੰਬੇਡਕਰ (ਬੰਬਈ ਨਗਰ): ਸਪੀਕਰ ਸਾਹਿਬ, ਮੈਂ ਇਸ ਪ੍ਰਸਤਾਵ ਦੀ ਪ੍ਰੋੜ੍ਹਤਾ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਸ ਪ੍ਰਸਤਾਵ ਉਤੇ ਬਹਿਸ ਦੇ ਬਿਲਕੁਲ ਹੀ ਅੰਤ ਵਿਚ ਬੋਲਣ ਲਗਿਆਂ ਮੈਂ ਸਮਝਦਾ ਹਾਂ ਕਿ ਮਾਨਯੋਗ ਗ੍ਰਹਿ ਮੰਤਰੀ ਲਈ ਵੀ ਬਹਿਸ ਦਾ ਜਵਾਬ ਦੇਣ ਲਈ ਸਮਾਂ ਚਾਹੀਦਾ ਹੈ, ਇਸ ਲਈ ਮੈਂ ਸਦਨ ਵਿਚ ਆਪਣਾ ਬਿਆਨ ਸੰਖੇਪ ਵਿਚ ਹੀ ਦੇਣਾ ਚਾਹਵਾਂਗਾ।

ਸ੍ਰੀਮਾਨ ਜੀ, ਮੈਂ ਆਪਣੇ ਵਲੋਂ ਪਹਿਲਾਂ ਇਹ ਆਖਣਾ ਚਾਹੁੰਦਾ ਹਾਂ ਕਿ ਇਹ ਐਕਟ ਜੋ ਨਿਖੇਧੀ ਪ੍ਰਸਤਾਵ ਦਾ ਮੁੱਢ ਹੈ, ਮੇਰੇ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ। ਮੈਂ ਇਸਨੂੰ ਕਾਨੂੰਨ ਤੋੜਨ ਦੀ ਹੱਦ ਤੱਕ ਗਈਆਂ ਕਿਰਿਆਵਾਂ ਦੀ ਉਸ ਲੜੀ ਦਾ ਸਿਖਰ ਸਮਝਦਾ ਹਾਂ ਜਿਨ੍ਹਾਂ ਲਈ ਸਰਕਾਰ ਆਪਣਾ ਕਾਰਜਭਾਰ ਸੰਭਾਲਣ ਦੇ ਸਮੇਂ ਤੋਂ ਹੀ ਦੋਸ਼ੀ ਹੈ। ਇਹ ਲੜੀ ਦਾ ਇਕ ਹਿੱਸਾ ਹੀ ਹੈ ਅਤੇ ਚਲ ਰਹੇ ਨਾਟਕ ਦਾ ਇਕ ਅੰਕ ਹੈ। ਸਾਨੂੰ ਇਹ ਪਤਾ ਨਹੀਂ ਕਿ ਇਹ ਨਾਟਕ ਕਦੋਂ ਖ਼ਤਮ ਹੋਣਾ ਹੈ। ਨਿਰਸੰਦੇਹ ਸਭ ਤੋਂ ਪਹਿਲਾਂ ਮੈਂ ਉਸ ਕਾਰਵਾਈ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜੋ ਕਿ ਮੌਜੂਦਾ ਸਰਕਾਰ ਦੁਆਰਾ ਬਾਰਦੋਲੀ ਦੇ ਕਿਸਾਨਾਂ ਦੀਆਂ ਜ਼ਬਤ ਕੀਤੀਆਂ ਗਈਆਂ ਜ਼ਮੀਨਾਂ ਵਾਪਸ ਕਰਨ ਦੀ ਹੈ। (ਵਿਘਨ) ਮੈਂ ਸਮਝਦਾ ਹਾਂ ਕਿ ਮੈਨੂੰ ਧਿਆਨ ਨਾਲ ਸੁਣਿਆ ਜਾਵੇਗਾ ਕਿਉਂਕਿ ਮੇਰੇ ਕੋਲ ਸਮਾਂ ਬਹੁਤ ਹੀ ਸੀਮਿਤ ਹੈ।

ਮਾਨਯੋਗ ਸਪੀਕਰ: ਸਾਂਤ! ਸਾਂਤ! ਕੀ ਮਾਨਯੋਗ ਮੈਂਬਰ ਆਪਣੀ ਸੀਟ ਤੇ ਜਾਣਗੇ?

ਜੇਕਰ ਬਹਿਸ ਇਨ੍ਹਾਂ ਲੀਹਾਂ ਤੇ ਜਾਰੀ ਰਹੀ ਤਾਂ ਮੈਨੂੰ ਡਰ ਹੈ ਕਿ ਇਸ ਨਾਲ ਬਹਿਸ ਬੇਅੰਤ ਲੰਮੀ ਹੋ ਜਾਵੇਗੀ ਅਤੇ ਕਈ ਹੋਰ ਗੱਲਾਂ ਨਿਕਲ ਪੈਣਗੀਆਂ। ਮੁੱਦਾ ਇਹ ਨਹੀਂ ਕਿ ਸਰਕਾਰ ਦੀ ਪਿਛਲੀ ਕਿਸੇ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਜਾਵੇ, ਬਲਕਿ ਮੁੱਦਾ ਇਹ ਹੈ ਕਿ ਕੀ ਇਹ ਵਿਸ਼ੇਸ਼ ਐਕਟ, ਜੋ ਮੌਜੂਦਾ ਪ੍ਰਸਤਾਵ ਦਾ ਵਿਸ਼ਾ ਹੈ, ਨਿਖੇਧੀ ਯੋਗ ਹੈ ਜਾਂ ਨਹੀਂ। ਪ੍ਰਸਤਾਵ, ਲੋਕ ਮਹੱਤਾ ਦੇ ਇਕ ਜ਼ਰੂਰੀ ਵਿਸ਼ੇਸ਼ ਮਾਲੇ ਨਾਲ ਸਬੰਧਤ ਹੋਣ ਕਾਰਨ ਲਿਆ ਗਿਆ ਹੈ ਅਤੇ ਇਸ ਉਪਰ ਬਹਿਸ ਵਿਚ ਵੀ ਉਹੋ ਮਹੱਤਾ ਦਿਤੀ ਜਾਣੀ ਚਾਹੀਦੀ ਹੈ ਜਿਸ ਦੇ ਕਾਰਨ ਪ੍ਰਸਤਾਵ ਦੀ ਆਗਿਆ ਦਿਤੀ ਗਈ ਹੈ, ਨਹੀਂ ਤਾਂ ਬਹਿਸ ਦਾ ਮੂਲ-ਮਨੋਰਥ ਹੀ ਖੱਟੇ ਵਿਚ ਪੈ ਜਾਵੇਗਾ। ਇਸ ਲਈ ਮੈਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਭਾਸ਼ਣ ਨੂੰ ਸਦਨ ਦੇ ਵਿਚਾਰ ਅਧੀਨ ਐਕਟ ਤੱਕ ਹੀ ਸੀਮਿਤ ਰੱਖਣ।

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 3 ਪੰਨੇ 420-24 ਮਿਤੀ 7 ਮਾਰਚ 1938, ਰੇਲ ਯੂਨੀਅਨ ਦੇ ਸ੍ਰੀ ਜਮਨਾਦਾਸ ਐਮ. ਮਹਿਤਾ ਨੇ ਬੰਬਈ ਹਾਈਕੋਰਟ ਦੀ ਖੁਦ ਮੁਖ਼ਤਾਰੀ ਵਿਚ ਸਰਕਾਰੀ ਦਖ਼ਲ ਵਲ ਜਨਤਾ ਦਾ ਧਿਆਨ ਦਿਵਾਉਣ ਲਈ ਸਦਨ ਦੇ ਸਥਗਨ ਦੀ ਮੰਗ ਕਰਦਿਆਂ ਇਕ ਕੰਮ-ਰੋਕੂ ਮਤਾ ਪੇਸ਼ ਕੀਤਾ। ਸਰਕਾਰ ਨੇ ਦੋ ਕੈਦੀਆਂ ਜਾਧਵ ਜੀ ਅਤੇ ਧੀਰਜ ਲਾਲ ਦੀਆਂ ਸਜ਼ਾਵਾਂ, ਕੈਦੀਆਂ ਦੀਆਂ ਹਾਈਕੋਰਟ ਦੁਆਰਾ ਅਰਜ਼ੀਆਂ ਖ਼ਾਰਜ ਕਰਨ ਤੋਂ ਬਾਅਦ ਰੋਕ ਦਿਤੀਆਂ ਸਨ।

ਡਾ. ਬੀ.ਆਰ. ਅੰਬੇਡਕਰ : ਸ੍ਰੀਮਾਨ ਜੀ, ਮੇਰੀ ਗੁਜ਼ਾਰਸ਼ ਹੈ ਕਿ ਮਿਸਾਲ ਅਤੇ ਦਲੀਲ ਨਾਲ ਕਿਸੇ ਚੀਜ਼ ਦਾ ਹਵਾਲਾ ਦੇਣ ਅਤੇ ਗੁਣ ਦੋਸ਼ ਵਿਚਾਰਨ ਵਿਚ ਫ਼ਰਕ ਹੈ। ਜੇਕਰ ਮੈਂ ਬਾਰਦੋਲੀ ਦੀਆਂ ਜ਼ਮੀਨਾਂ ਨੂੰ ਵਾਪਸ ਕਰਨ ਦੇ ਮਾਮਲੇ ਦਾ ਗੁਣ ਦੋਸ਼ਾਂ ਦੇ ਆਧਾਰ ਤੇ ਹਵਾਲਾ ਦਿੰਦਾ ਤਾਂ ਇਸ ਗੱਲ ਤੇ ਆਪ ਜੀ ਦਾ ਇਤਰਾਜ਼ ਯਕੀਨਨ ਸਹੀ ਸੀ, ਪਰ ਆਪਜੀ ਦੇ ਨਿਰਣੇ ਅਧੀਨ ਰਹਿੰਦਿਆਂ, ਮੇਰਾ ਇਹ ਕਹਿਣਾ ਗ਼ਲਤ ਨਹੀਂ ਕਿ ਇਹ ਕਾਰਵਾਈ ਸਰਕਾਰ ਦੇ ਕੰਮਾਂ ਦੀ ਲੜੀ ਦਾ ਇਕ ਸਿਖਰ ਹੈ ਅਤੇ ਸਰਕਾਰ ਦੀ ਪਿਛਲੀ ਕਿਸੇ ਕਾਰਵਾਈ ਦਾ ਉਸ ਦੇ ਗੁਣ ਦੋਸ਼ਾਂ ਤੇ ਧਿਆਨ ਦਿਤੇ ਬਿਨਾ ਹਵਾਲਾ ਦੇ ਕੇ ਮੈਂ ਕੁਝ ਗ਼ਲਤ ਨਹੀਂ ਕੀਤਾ। ਮੈਂ 5.30 ਵਜੇ ਤੱਕ ਭਾਸ਼ਣ ਖ਼ਤਮ ਕਰ ਦੇਵਾਂਗਾ।

ਮਾਨਯੋਗ ਸਪੀਕਰ : ਇਹ ਮਾਨਯੋਗ ਮੈਂਬਰ ਦਾ ਕਿਸੇ ਖ਼ਾਸ ਸਮੇਂ ਤੇ ਭਾਸ਼ਣ ਸਮਾਪਤ ਕਰਨ ਦੀ ਆਪਣੀ ਸਹਿਮਤੀ ਦੇਣ ਦਾ ਮਾਮਲਾ ਨਹੀਂ। ਮੈਂ ਜੋ ਸਮਝਦਾ ਹਾਂ ਉਹ ਇਹ ਹੈ ਕਿ ਇਕ ਖ਼ਾਸ ਮਾਮਲਾ ਹੈ ਅਤੇ ਮਾਨਯੋਗ ਮੈਂਬਰ ਨੂੰ ਉਸ ਵਿਸ਼ੇਸ਼ ਮਾਮਲੇ ਤੇ ਹੀ ਬਹਿਸ ਕਰਨ ਲਈ ਸਦਨ ਦੀ ਆਗਿਆ ਮਿਲੀ ਹੈ। ਕਿਸੇ ਦੂਜੇ ਮਾਮਲੇ ਦਾ ਹਵਾਲਾ ਦੇਣ ਨਾਲ ਹੀ ਕਈ ਹੋਰ ਮਾਮਲੇ ਉੱਠ ਖੜ੍ਹੇ ਹੋਣਗੇ। ਇਸ ਲਈ, ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਲਈ ਕਿਸੇ ਹੋਰ ਮਾਮਲੇ ਦੀ ਸਾਧਾਰਨ ਤੌਰ ਤੇ ਵੀ ਹਵਾਲਾ ਦੇਣ ਦੀ ਆਗਿਆ ਦੇਣੀ ਉਚਿਤ ਨਹੀਂ ਹੋਵੇਗੀ। ਕਿਸੇ ਮੈਂਬਰ ਦੀ ਆਜ਼ਾਦੀ ਤੇ ਰੋਕ ਲਾਉਣ ਦੀ ਕੋਈ ਮੇਰੀ ਇੱਛਾ ਨਹੀਂ। ਮੈਂ ਤਾਂ ਇਹ ਚਾਹੁੰਦਾ ਹਾਂ ਕਿ ਇਸ ਮਾਮਲੇ ਨਾਲ ਸਬੰਧਤ ਜਿਹੜੇ ਵੀ ਮੁੱਦੇ ਉਠਾਏ ਜਾ ਸਕਦੇ ਹੋਣ ਉਹੋ ਸਾਰੇ ਮੁੱਦੇ ਉਠਾਏ ਜਾਣ ਪਰ ਮੈਂ ਕਿਸੇ ਹੋਰ ਅਜਿਹੇ ਮਾਮਲੇ ਵੱਲ ਇਸ਼ਾਰਾ ਕਰਨ ਦੀ ਆਗਿਆ ਨਹੀਂ ਦੇਣਾ ਚਾਹੁੰਦਾ ਜਿਹੜਾ ਕਿ ਭੁਲ ਚੁੱਕ ਨਾਲ ਸਬੰਧਤ ਕਿਉਂ ਨਾ ਹੋਵੇ। ਇਹ ਗੱਲ ਨਹੀਂ ਕਿ ਮੈਂ ਮਾਮਲੇ ਤੇ ਬਹਿਸ ਛੇਤੀ ਖ਼ਤਮ ਕਰਵਾਉਣਾ ਚਾਹੁੰਦਾ ਹਾਂ ਅਤੇ ਇਸ ਲਈ ਉਨ੍ਹਾਂ ਮਾਮਲਿਆਂ ਦਾ ਹਵਾਲਾ ਦੇਣ ਦੀ ਆਗਿਆ ਨਹੀਂ ਦੇਣਾ ਚਾਹੁੰਦਾ। ਮਾਨਯੋਗ ਮੈਂਬਰ ਨੂੰ ਸਦਨ ਦੇ ਵਿਚਾਰ ਅਧੀਨ ਮੁੱਦੇ ਤੇ ਆਪਣੀ ਪੂਰੀ ਗੱਲ ਕਹਿਣ ਦਾ ਹੱਕ ਹੈ।

ਡਾਕਟਰ ਬੀ.ਆਰ. ਅੰਬੇਡਕਰ : ਸ੍ਰੀਮਾਨ ਜੀ, ਇਸੇ ਗੱਲ ਦੇ ਮੱਦੇ-ਨਜ਼ਰ ਮੈਂ ਆਪਣੇ ਵਿਚਾਰਾਂ ਨੂੰ ਸਦਨ ਸਾਹਮਣੇ ਪੇਸ਼ ਮਾਮਲੇ ਤੱਕ ਹੀ ਸੀਮਿਤ ਰੱਖਣ ਲਈ ਬਚਨਬੱਧ ਹਾਂ।

ਹੁਣ, ਸ੍ਰੀਮਾਨ ਜੀ, ਸਦਨ ਸਾਹਮਣੇ ਪੇਸ਼ ਮਾਮਲੇ ਦੇ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਮਾਮਲੇ ਦੇ ਤੱਥਾਂ ਦੀ ਜਾਣਕਾਰੀ ਨਹੀਂ, ਸਿਵਾਏ ਉਸ ਕੁਝ ਦੇ ਜੋ ਅਸਾਂ ਅਖ਼ਬਾਰਾਂ ਵਿਚ ਪੜ੍ਹਿਆ ਹੈ। ਸਾਡੇ ਕੋਲ ਵਿਸ਼ੇਸ਼ ਸਮੱਗਰੀ ਨਹੀਂ ਅਤੇ ਮੈਨੂੰ ਦੱਸਿਆ ਗਿਆ ਹੈ ਕਿ ਮਾਨਯੋਗ ਗ੍ਰਿਹ ਮੰਤਰੀ ਜੀ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਸਦਨ ਨੂੰ ਸਹੀ ਤੱਥਾਂ ਤੋਂ ਜਾਣੂ ਕਰਵਾਉਣ। ਪਰ, ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਇਸ ਲਈ ਮੈਨੂੰ ਵੀ ਸਦਨ ਦੇ ਦੂਜੇ ਮੈਂਬਰਾਂ ਨਾਲ ਇਸ ਸਬੰਧ ਵਿਚ ਔਕੜ ਪੇਸ਼ ਆ ਰਹੀ ਹੈ। ਹੋ ਸਕਦਾ ਹੈ ਕਿ ਅੰਤ ਵਿਚ ਜਦੋਂ ਤੱਥ ਦੱਸੇ ਜਾਣ ਤਾਂ ਇਹ ਮਹਿਸੂਸ ਕੀਤਾ ਜਾਵੇ ਕਿ ਇਹ ਬਹਿਸ ਬੇਲੋੜੀ ਸੀ ਜਾਂ ਸਮੇਂ ਤੋਂ ਪਹਿਲਾਂ ਕੀਤੀ ਗਈ ਸੀ। ਪਰ, ਜੇਕਰ ਬਹਿਸ ਵਿਅਰਥ ਜਾਂ ਬੇਲੋੜੀ ਸਾਬਤ ਹੋ ਜਾਂਦੀ ਹੈ ਤਾਂ ਉਸ ਲਈ ਦੋਸ਼ੀ ਮਾਨਯੋਗ ਗ੍ਰਿਹ ਮੰਤਰੀ ਜੀ ਹੋਣਗੇ ਕਿਉਂ ਜੋ ਉਨ੍ਹਾਂ

ਨੇ ਹੀ ਸਦਨ ਨੂੰ ਵਿਸ਼ਵਾਸ਼ ਵਿਚ ਨਹੀਂ ਲਿਆ ਅਤੇ ਨਾ ਹੀ ਇਹ ਦਸਿਆ ਹੈ ਕਿ ਅਸਲ ਵਿਚ ਹੋਇਆ ਕੀ ਸੀ ? ਜੇਕਰ ਉਹ ਇੰਝ ਕਰ ਦਿੰਦੇ ਤਾਂ ਪ੍ਰਸਤਾਵ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਸ਼ਾਇਦ ਪ੍ਰਸਤਾਵ ਵਾਪਸ ਲੈ ਲੈਂਦੇ ਜਾਂ ਫਿਰ ਹੋਰ ਮੈਂਬਰ ਸ਼ਾਇਦ ਇਹ ਕਹਿ ਦਿੰਦੇ ਕਿ ਉਹ ਬਹਿਸ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ। ਪਰ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਜੇਕਰ ਬਹਿਸ ਅੰਤ ਵਿਚ ਵਿਅਰਥ ਸਿਧ ਹੁੰਦੀ ਹੈ ਤਾਂ ਕਸੂਰ ਉਨ੍ਹਾਂ ਦਾ ਹੀ ਹੋਵੇਗਾ।

ਅਖ਼ਬਾਰੀ ਰਿਪੋਰਟਾਂ ਤੋਂ ਜੋ ਕੁਝ ਤੱਥ ਸਾਨੂੰ ਪਤਾ ਲਗੇ ਹਨ ਉਨ੍ਹਾਂ ਤੇ ਆਧਾਰਿਤ ਵਿਚਾਰ ਲਈ ਕੀ ਮੁੱਦਾ ਉਠਿਆ ਹੈ ? ਇਹ ਕਿਹਾ ਜਾਂਦਾ ਹੈ ਕਿ ਹਾਈ ਕੋਰਟ ਨੇ ਇਨ੍ਹਾਂ ਬੰਦਿਆਂ ਦੀਆਂ ਅਰਜ਼ੀਆਂ ਖ਼ਾਰਜ ਕਰ ਦਿਤੀਆਂ ਸਨ। ਸਵਾਲ ਇਹ ਹੈ, ਕਿ ਮੰਤਰੀ ਜੀ ਨੇ ਕਿਉਂ ਆਗਿਆ ਦਿਤੀ ? ਮੁੱਦਾ, ਮੈਨੂੰ ਬਹੁਤ ਹੀ ਸੰਕੁਚਿਤ ਮੁੱਦਾ ਜਾਪਦਾ ਹੈ। ਅਰਥਾਤ, ਕੀ ਇਸ ਗੱਲ ਵਿਚ ਕੋਈ ਉਚਿਤਤਾ ਸੀ ਜਿਸਨੂੰ ਸਦਨ, ਦੋ ਦੇਸ਼ੀਆਂ ਨੂੰ ਦਿਤੀ ਗਈ ਸਜ਼ਾ ਮੁਲਤਵੀ ਕੀਤੇ ਜਾਣ ਨੂੰ ਨਿਆਂਸੰਗਤ ਮੰਨ ਲਵੇ। ਮਾਨਯੋਗ ਗ੍ਰਿਹ ਮੰਤਰੀ ਇਹ ਕਹਿ ਸਕਦੇ ਹਨ ਕਿ ਹਾਈ ਕੋਰਟ ਨੂੰ ਸਜ਼ਾ ਰੋਕਣ ਦੀ ਸ਼ਕਤੀ ਪ੍ਰਾਪਤ ਨਹੀਂ ਅਤੇ ਇਸ ਲਈ ਇਹ ਦਲੀਲ ਦੇਣੀ ਬਿਲਕੁਲ ਹੀ ਅਸੰਗਤ ਹੋਵੇਗੀ ਕਿ ਕੀ ਹਾਈ ਕੋਰਟ ਨੇ ਸਜ਼ਾ ਰੋਕਣ ਨੂੰ ਨਕਾਰ ਕੇ ਸਹੀ ਕੀਤਾ ਹੈ ਜਾਂ ਗ਼ਲਤ। ਸਵਾਲ ਇਹ ਨਹੀਂ। ਸਵਾਲ ਇਹ ਹੈ ਕਿ ਕੀ ਕਾਨੂੰਨੀ ਤੌਰ ਤੇ ਦੋਸ਼ੀ ਪਾਏ ਗਏ ਕੈਦੀਆਂ ਦੀ ਸਜ਼ਾਵਾਂ ਨੂੰ ਰੋਕਣ, ਮੁਆਫ਼ ਜਾਂ ਘਟ ਕਰਨ ਲਈ ਸਰਕਾਰ ਵਿਚ ਨਿਹਿਤ ਅਧਿਕਾਰ, ਵਿਸ਼ੇਸ਼ ਅਧਿਕਾਰ ਦੀ ਵਰਤੋਂ ਸਹੀ ਕੀਤੀ ਗਈ ਹੈ ? ਸਵਾਲ ਇਹ ਹੈ ਕਿ ਕੀ ਵਿਵੇਕ ਅਧਿਕਾਰ ਦਾ ਇਸਤੇਮਾਲ ਉਚਿਤ ਤੌਰ ਤੇ ਕੀਤਾ ਗਿਆ ਹੈ ? ਹੁਣ ਸ੍ਰੀਮਾਨ ਜੀ, ਇਹ ਵੇਖਣ ਲਈ ਕਿ ਕੀ ਮਾਨਯੋਗ ਗ੍ਰਿਹ ਮੰਤਰੀ ਨੇ ਇਸ ਵਿਸ਼ੇਸ਼ ਅਧਿਕਾਰ ਦੀ ਵਰਤੋਂ ਸਹੀ ਢੰਗ ਨਾਲ ਕੀਤੀ ਹੈ ਕਿ ਨਹੀਂ, ਕੁਝ ਸੰਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕਰਨਾ ਪਵੇਗਾ। ਸਭ ਤੋਂ ਪਹਿਲਾਂ ਸਾਨੂੰ ਅਖ਼ਬਾਰੀ ਰਿਪੋਰਟਾਂ ਤੋਂ ਪ੍ਰਾਪਤ ਤੱਥਾਂ ਤੋਂ ਇਹ ਗਲ ਸਪਸ਼ਟ ਹੈ ਕਿ ਇੰਨੇ ਵੱਡੇ ਪੈਮਾਨੇ ਤੇ ਜੂਏ ਦੇ ਧੰਦੇ ਵਿਚ ਲਗੇ ਹੋਏ ਲੋਕੀਂ ਨਿਰਸੰਦੇਹ ਗ਼ਰੀਬ ਨਹੀਂ ਸਨ ਜਿਹੜੇ ਆਪਣਾ ਪੇਟ ਪਾਲਣ ਲਈ ਜੂਏ ਦੇ ਇਸ ਮਾੜੇ ਧੰਦੇ ਵਿਚ ਮਜਬੂਰੀ ਵਸ ਪਏ ਹੋਣ। ਇਹ ਮਾਮਲਾ ਅਜਿਹਾ ਤਾਂ ਬਿਲਕੁਲ ਹੀ ਨਹੀਂ। ਦਸੇ ਗਏ ਤੱਥਾਂ ਅਨੁਸਾਰ ਇਹ ਲੋਕ ਅਮੀਰ ਬਾਣੀਏ ਹਨ। ਉਨ੍ਹਾਂ ਪਾਸ ਅਪਾਰ ਪੂੰਜੀ ਹੈ। ਸ਼ਹਿਰ ਵਿਚ ਵੱਖ ਵੱਖ ਥਾਵਾਂ ਅਤੇ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਉਨ੍ਹਾਂ ਦੀਆਂ ਕਈ ਕੰਪਨੀਆਂ ਅਤੇ ਮੁੱਖ ਦਫ਼ਤਰ ਹਨ ਅਤੇ ਉਹ ਬਹੁਤ ਵੱਡੇ ਪੈਮਾਨੇ ਤੇ ਆਪਣਾ ਧੰਦਾ ਚਲਾ ਰਹੇ ਸਨ। ਇਸ ਲਈ ਇਸ ਵਿਸ਼ੇਸ਼ ਕੇਸ ਵਿਚ ਇਸ ਗਲ ਦੀ ਕੋਈ ਉਚਿਤਤਾ ਨਹੀਂ ਹੋ ਸਕਦੀ ਕਿ ਉਹ ਮੰਦਭਾਗੇ ਲੋਕ ਸਨ ਜਿਹੜੇ ਆਪਣੀ ਗ਼ਰੀਬੀ ਜਾਂ ਮਾੜੇ ਦਿਨ ਆਉਣ ਕਾਰਨ ਜੂਏ ਦਾ ਧੰਦਾ ਕਰਨ ਲਈ ਮਜਬੂਰ ਹੋਏ। ਇਸ ਵਿਚ ਮੁਆਫ਼ੀ ਦੀ ਕੋਈ ਵਜ੍ਹਾ ਨਜ਼ਰ ਨਹੀਂ ਆਉਂਦੀ, ਕਿਉਂਜੋ ਤੱਥ ਇਸ ਦੇ ਬਿਲਕੁਲ ਹੀ ਉਲਟ ਹਨ। ਦੂਜੇ, ਘਟੋ ਘਟ ਛਪੀਆਂ ਖ਼ਬਰਾਂ ਅਤੇ ਹਾਈ ਕੋਰਟ ਵਿਚ ਦਿਤੀ ਅਰਜ਼ੀ ਵਿਚ ਕਿਸੇ ਵੀ ਥਾਂ ਸਜ਼ਾ ਦੇ ਰੋਕਣ ਲਈ ਕਿਸੇ ਹੋਰ ਆਧਾਰ ਬਾਰੇ

ਕੁਝ ਨਹੀਂ ਕਿਹਾ ਗਿਆ। ਕਿਸੇ ਗਲ ਤੋਂ ਇਹ ਪਤਾ ਨਹੀਂ ਲਗਦਾ ਕਿ ਦੋਵੇਂ ਦੋਸ਼ੀ ਬਿਮਾਰ ਸਨ ਜਾਂ ਕਿਸੇ ਰੋਗ ਤੋਂ ਪੀੜਤ ਸਨ। ਕੋਈ ਅਜਿਹੀ ਗੱਲ ਵੀ ਨਜ਼ਰ ਨਹੀਂ ਆਉਂਦੀ ਜਿਸ ਤੋਂ ਇਹ ਪਤਾ ਲਗੇ ਕਿ ਘਰੇਲੂ ਸੰਕਟ ਕਾਰਨ ਉਨ੍ਹਾਂ ਦੇ ਪਰਿਵਾਰ ਪਰੇਸ਼ਾਨੀ ਵਿਚ ਸਨ ਜਿਸ ਦੇ ਲਈ ਉਨ੍ਹਾਂ ਦੀ ਰਿਹਾਈ ਜ਼ਰੂਰੀ ਸੀ। ਸਾਡੇ ਸਾਹਮਣੇ ਮੌਜੂਦ ਤੱਥਾਂ ਤੋਂ ਵੀ ਸਾਨੂੰ ਪਤਾ ਨਹੀਂ ਲਗਦਾ ਅਤੇ ਇਸ ਨਿਰਣੇ ਨੂੰ ਵੀ ਨਕਾਰਨਾ ਪੈਂਦਾ ਹੈ। ਤੀਸਰੇ, ਇਕ ਸੰਭਾਵਨਾ ਦਾ ਸੁਝਾਉ ਦਿਤਾ ਜਾ ਸਕਦਾ ਹੈ ਕਿ ਉਹ ਉੱਚ ਟ੍ਰਿਬਿਊਨਲ ਪਾਸ ਅਪੀਲ ਕਰਨਾ ਚਾਹੁੰਦੇ ਸਨ। ਇਸ ਖ਼ਿਆਲ ਅੰਦਾਜ਼ੀ ਬਾਰੇ ਇਹ ਚੰਗੀ ਤਰ੍ਹਾਂ ਪਤਾ ਹੈ ਅਤੇ ਗ੍ਰਿਹ ਮੰਤਰੀ ਜੀ ਮੇਰੇ ਨਾਲੋਂ ਕਿਤੇ ਵੱਡੇ ਵਕੀਲ ਹਨ ਮੇਰੇ ਨਾਲੋਂ ਬਿਹਤਰ ਜਾਣਦੇ ਹਨ, ਕਿ ਪ੍ਰਿਵੀ ਕੌਂਸਲ ਨੇ ਸੈਂਕੜੇ ਮਾਮਲਿਆਂ ਵਿਚ ਇਹ ਫ਼ੈਸਲਾ ਦਿੱਤਾ ਹੈ ਕਿ ਭਾਰਤ ਵਿਚ ਕਿਸੇ ਫ਼ੌਜਦਾਰੀ ਅਦਾਲਤ ਤੋਂ ਉਦੋਂ ਤੱਕ ਕੋਈ ਅਪੀਲ ਸਵੀਕਾਰ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਇਹ ਨਾ ਦਰਸਾਇਆ ਜਾਵੇ ਕਿ ਪੈਰਵੀ ਦੇ ਦੌਰਾਨ ਜ਼ਾਬਤਾ ਫ਼ੌਜਦਾਰੀ ਦੇ ਸਾਧਾਰਨ ਉਪਬੰਧਾਂ ਦੀ ਨਹੀਂ ਸਗੋਂ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਉਲੰਘਣਾ ਹੋਈ ਹੈ। ਕੌਂਸਲ ਨੇ ਕੁਸ਼ਲਤਾ ਪੂਰਬਕ ਫ਼ੌਜਦਾਰੀ ਅਪੀਲਾਂ ਤੇ ਵਿਚਾਰ ਕਰਨ ਸਬੰਧੀ ਕਾਰਜ-ਖੇਤਰ ਅਤੇ ਅਧਿਕਾਰ ਨੂੰ ਪੂਰੀ ਤਰ੍ਹਾਂ ਸੀਮਿਤ ਕਰ ਦਿਤਾ ਹੈ ਅਤੇ ਇਸ ਗੱਲ ਦਾ ਸੁਫ਼ਨਾ ਵੀ ਨਹੀਂ ਲਿਆ ਜਾ ਸਕਦਾ ਕਿ ਇਸ ਮਾਮਲੇ ਵਿਚ ਚੀਫ਼ ਪ੍ਰੈਜ਼ੀਡੈਂਸੀ ਮੈਜਿਸਟ੍ਰੇਟ ਜਾਂ ਹਾਈ ਕੋਰਟ (ਜਿਨ੍ਹਾਂ ਸਾਹਮਣੇ ਕ੍ਰਮਵਾਰ ਮੁਕੱਦਮਾ ਚਲਾਇਆ ਗਿਆ ਸੀ ਅਤੇ ਅਪੀਲ ਦੀ ਸੁਣਵਾਈ ਕੀਤੀ ਗਈ ਸੀ) ਕਿਸੇ ਪੱਖੋਂ ਵੀ ਜ਼ਾਬਤਾ ਫ਼ੌਜ਼ਦਾਰੀ ਦੇ ਉਪਬੰਧਾਂ ਜਾਂ ਕੁਦਰਤੀ ਨਿਆਂ ਦੇ ਸਿਧਾਂਤਾਂ ਦੀ ਉਲੰਘਣਾ ਕੀਤੇ ਜਾਣ ਦੇ ਦੋਸ਼ੀ ਹਨ।ਅਜਿਹੇ ਕੋਈ ਹਾਲਾਤ ਨਜ਼ਰ ਨਹੀਂ ਆਉਂਦੇ ਜਿਹੜੇ ਜ਼ਾਹਿਰਾ ਤੌਰ ਤੇ ਮੈਨੂੰ ਇਹ ਯਕੀਨ ਦਿਵਾ ਸਕਣ ਕਿ ਅਜਿਹੇ ਕੋਈ ਉਚਿਤ ਕਾਰਨ ਮੌਜੂਦ ਸਨ ਜਿਨ੍ਹਾਂ ਕਰਕੇ ਇਨ੍ਹਾਂ ਲੋਕਾਂ ਨੂੰ ਸੁਣਾਈ ਗਈ ਸਜ਼ਾ ਗ੍ਰਿਹ ਮੰਤਰੀ ਨੂੰ ਰੋਕਣੀ ਪਈ। ਤਾਂ, ਸ਼੍ਰੀਮਾਨ ਜੀ, ਗੁਜ਼ਾਰਸ਼ ਹੈ ਕਿ ਮੇਰੀ ਗਿਆਤ ਵਿਚ ਕਿਤੇ ਕੋਈ ਪੂਰਵ ਉਦਾਹਰਨ ਨਹੀਂ ਮਿਲਦੀ ਜਿਸ ਵਿਚ ਮੌਜੂਦਾ ਗ੍ਰਿਹ ਮੰਤ੍ਰੀ ਤੋਂ ਪਹਿਲਾਂ ਕਿਸੇ ਵੀ ਗ੍ਰਿਹ ਮੰਤਰੀ ਨੇ ਕਿਸੇ ਵੀ ਕਾਰਨ ਆਪ ਦੋਸ਼ੀ ਵਿਅਕਤੀਆਂ ਦੀ ਸਜ਼ਾ ਰੋਕ ਦਿਤੀ ਹੋਵੇ।ਅਤੇ, ਨਿਸ਼ਚੇ ਹੀ ਕਿਸੇ ਵੀ ਸਰਕਾਰ ਨੇ ਪ੍ਰਾਂਤ ਦੀ ਸਭ ਤੋਂ ਵੱਡੀ ਅਦਾਲਤ ਦੁਆਰਾ ਦਿਤੀ ਗਈ ਸਜ਼ਾ ਨੂੰ ਰੋਕਣ ਲਈ ਕਦੇ ਵੀ ਬਿਮਾਰੀ ਜਾਂ ਨਿੱਜੀ ਮੁਸ਼ਕਲਾਂ ਨੂੰ ਸਹੀ ਅਤੇ ਯੋਗ ਕਾਰਨ ਨਹੀਂ ਮੰਨਿਆ। ਇਸ ਲਈ, ਮੇਰੀ ਗੁਜ਼ਾਰਸ਼ ਹੈ ਕਿ ਜਦੋਂ ਤੱਕ ਕੋਈ ਉਚਿਤ ਸਪਸ਼ਟੀਕਰਨ ਨਹੀਂ ਦਿੱਤਾ ਜਾਂਦਾ, ਗ੍ਰਿਹ ਮੰਤਰੀ ਦੁਆਰਾ ਹਾਈ ਕੋਰਟ ਤੋਂ ਉਪਰੋਂ ਦੀ ਸਜ਼ਾ ਰੋਕਣਾ ਇਕ ਖ਼ੁਨਾਮੀ ਅਤੇ ਬਦਨਾਮੀ ਵਾਲੀ ਗੱਲ ਹੈ। ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ – ਸਾਨੂੰ ਵੀ ਅਖ਼ਬਾਰਾਂ ਵਿਚ ਛਪੇ ਤੱਥਾਂ ਤੋਂ ਤਾਂ ਪਤਾ ਹੀ ਹੈ – ਕਿ ਹਾਈ ਕੋਰਟ ਵਿਚ ਇਨ੍ਹਾਂ ਦੋਸ਼ੀਆਂ ਵਲੋਂ ਉਨ੍ਹਾਂ ਦੇ ਵਕੀਲ ਨੇ ਦਰਖ਼ਾਸਤ ਦਿਤੀ ਸੀ! ਜਦੋਂ ਦੋਸ਼ੀ ਜੇਲ੍ਹ ਵਿਚ ਸਨ, ਉਦੋਂ ਵਕੀਲ ਨੇ ਇਨ੍ਹਾਂ ਦੋਸ਼ੀਆਂ ਨੂੰ ਵਿਸ਼ੇਸ਼ ਰਿਆਇਤ ਦੇਣ ਬਾਰੇ ਅਰਜ਼ੀ ਦਿਤੀ ਸੀ ਕਿ ਜੇਲ੍ਹ ਵਿਚ ਇਨ੍ਹਾਂ ਨਾਲ 'ਬੀ' ਸ਼੍ਰੇਣੀ ਦੇ ਕੈਦੀਆਂ ਵਾਲਾ ਸਲੂਕ ਕੀਤਾ ਜਾਣਾ ਚਾਹੀਦਾ ਹੈ। ਮੈਨੂੰ ਇਹ ਵੀ ਦਸਿਆ ਗਿਆ

ਹੈ ਕਿ ਪ੍ਰਾਰਥੀਆਂ ਵਲੋਂ ਪੇਸ਼ ਹੋਣ ਵਾਲੇ ਵਕੀਲ ਨੇ ਇਕ ਅਰਜ਼ੀ ਦਿਤੀ ਸੀ ਕਿ ਫ਼ਿਲਹਾਲ ਉਨ੍ਹਾਂ ਦੀ ਸਜ਼ਾ ਰੋਕ ਦਿਤੀ ਜਾਵੇ। ਇਹ ਦੋਵੇਂ ਅਰਜ਼ੀਆਂ ਖ਼ਾਰਜ ਕਰ ਦਿਤੀਆਂ ਗਈਆਂ ਸਨ। ਉਹੋ ਹੀ ਦਰਖ਼ਾਸਤਾਂ – ਬਹਰਹਾਲ ਉਨ੍ਹਾਂ ਵਿਚੋਂ ਇਕ ਦਰਖ਼ਾਸਤ–ਗ੍ਰਿਹ ਮੰਤਰੀ ਨੇ ਮਨਜ਼ੂਰ ਕਰ ਲਈ ਹੈ! ਸ੍ਰੀਮਾਨ ਜੀ, ਗ੍ਰਿਹ ਮੰਤਰੀ ਦੀ ਇਸ ਕਾਰਵਾਈ ਤੋਂ ਵਧ ਕਾਨੂੰਨ ਤੇ ਵਿਵਸਥਾ ਦੀ ਹਤਕ ਦੀ ਹੋਰ ਕੀ ਮਿਸਾਲ ਹੋ ਸਕਦੀ ਹੈ ਜਿਸ ਦੇ ਉਹ ਦੋਸ਼ੀ ਹਨ? ਮੈਨੂੰ ਆਪਣੀ ਇਸ ਰਾਇ ਦਾ ਇਜ਼ਹਾਰ ਕਰਨ ਵਿਚ ਕੋਈ ਗੁਰੇਜ਼ ਨਹੀਂ। ਮੈਂ ਮਾਨਯੋਗ ਗ੍ਰਿਹ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਕਿਸਮ ਦੀ ਕਾਰਵਾਈ ਨਾਲ, ਜਿਸ ਬਾਰੇ ਲੋਕਾਂ ਨੂੰ ਯਕੀਨ ਦਿਵਾਉਣ ਵੱਲ ਕੋਈ ਤਸੱਲੀਬਖਸ਼ ਸਪਸ਼ਟੀਕਰਨ ਨਹੀਂ ਦਿਤਾ ਗਿਆ, ਲੋਕਾਂ ਦੇ ਮਨਾਂ ਵਿਚ ਪ੍ਰਾਂਤ ਦੇ ਪ੍ਰਸ਼ਾਸ਼ਨ ਦੀ ਨਿਸ਼ਕਪਟਤਾ ਅਤੇ ਇਮਾਨਦਾਰੀ ਪ੍ਰਤੀ ਖ਼ਦਸ਼ਾ ਪੈਦਾ ਨਹੀਂ ਹੋਵੇਗਾ? ਸ੍ਰੀਮਾਨ ਜੀ, ਇਸ ਸਬੰਧ ਵਿਚ ਮੈਂ ਇਕ ਹੋਰ ਸਵਾਲ ਪੁੱਛਣਾ ਚਾਹੁੰਦਾ ਹਾਂ ਅਤੇ ਇਹ ਸਵਾਲ ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਕਰਨਾ ਚਾਹੁੰਦਾ ਹਾਂ! ਮੇਰਾ ਸਵਾਲ ਹੈ: ਕੀ ਇਹ ਹੁਕਮ ਪ੍ਰਧਾਨ ਮੰਤਰੀ ਦੀ ਸਹਿਮਤੀ ਨਾਲ ਜਾਰੀ ਕੀਤਾ ਗਿਆ ਸੀ? ਕੀ ਇਹ ਹੁਕਮ ਮੰਤਰੀ ਮੰਡਲ ਦੀ ਸਹਿਮਤੀ ਨਾਲ ਜਾਰੀ ਕੀਤਾ ਗਿਆ ਸੀ? ਜਾਂ, ਫਿਰ ਸਿਰਫ਼ ਗ੍ਰਿਹ ਮੰਤਰੀ ਨੇ ਖ਼ੁਦ ਹੀ ਹੁਕਮ ਜਾਰੀ ਕੀਤਾ ਸੀ? ਸ੍ਰੀਮਾਨ ਜੀ, ਮੈਂ ਇਹ ਸਵਾਲ ਕਿਸੇ ਖ਼ਾਸ ਕਾਰਨ ਕਰਕੇ ਪੁੱਛੇ ਹਨ। ਭਾਵੇਂ ਇਸ ਨੁਕਤੇ ਬਾਰੇ ਕੋਈ ਠੋਸ ਸਬੂਤ ਮੌਜੂਦ ਨਹੀਂ, ਫਿਰ ਵੀ ਅਸੀਂ ਮੰਨਦੇ ਹਾਂ ਕਿ ਨਵੇਂ ਐਕਟ ਅਧੀਨ ਕਾਂਗਰਸ ਮੰਤਰੀ ਮੰਡਲ ਇਕ ਸਾਂਝੀ ਸੰਸਥਾ ਵਜੋਂ ਸਾਂਝੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ ਅਤੇ ਇਸ ਲਈ ਮੈਂ ਸਮਝਦਾ ਹਾਂ ਕਿ ਇਹ ਮਾਮਲਾ ਪੂਰੇ ਮੰਤਰੀ ਮੰਡਲ ਦੇ ਸਾਹਮਣੇ ਰਖਿਆ ਗਿਆ ਸੀ ਅਤੇ ਜੇਕਰ ਪੂਰੇ ਮੰਤਰੀ ਮੰਡਲ ਦੇ ਸਾਹਮਣੇ ਨਹੀਂ ਰਖਿਆ ਗਿਆ ਤਾਂ ਘਟੋ ਘਟ ਪ੍ਰਧਾਨ ਮੰਤਰੀ ਦੇ ਸਾਹਮਣੇ ਤਾਂ ਜ਼ਰੂਰ ਲਿਆਂਦਾ ਗਿਆ ਹੋਵੇਗਾ ਜਿਹੜੇ ਕਿ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਪ੍ਰਾਂਤ ਦਾ ਰਾਜ ਪ੍ਰਬੰਧ ਚਲਾਉਣ ਲਈ ਇਕੱਲਿਆਂ ਹੀ ਪੂਰੀ ਤਰ੍ਹਾਂ ਜਿੰਮੇਵਾਰ ਹਨ। ਮੈਨੂੰ ਵਿਸ਼ੇਸ਼ ਤੌਰ ਤੇ ਇਹ ਹਵਾਲਾ ਦੇਣਾ ਅਤੇ ਇਹ ਸਵਾਲ ਪੁਛਣੇ ਪਏ ਹਨ, ਕਿਉਂਜੋ ਮੈਂ ਇਸ ਨੂੰ ਇਕ ਬਹੁਤ ਹੀ ਗੰਭੀਰ ਮਾਮਲਾ ਸਮਝਦਾ ਹਾਂ। ਦੋਸ਼ੀ ਵਿਅਕਤੀ ਦੀ ਸਜ਼ਾ ਨੂੰ ਰੋਕਣਾ ਨਿਰਸੰਦੇਹ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਬਾਰੇ ਮੇਰਾ ਖ਼ਿਆਲ ਹੈ ਕਿ ਅਜਿਹੀ ਗੰਭੀਰ ਕਾਰਵਾਈ, ਜਿਸ ਨਾਲ ਨਿਆਂ ਕਰਨ ਤੇ ਗੰਭੀਰ ਅਸਰ ਪੈ ਸਕਦਾ ਹੈ, ਅਤੇ ਜਿਸ ਦਾ ਸਬੰਧ ਇਸ ਪ੍ਰਾਂਤ ਦੇ ਲੋਕਾਂ ਦੀ ਭਲਾਈ ਨਾਲ ਹੋਵੇ, ਪ੍ਰਧਾਨ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਮੇਰੀ ਇਹ ਮਾਨਤਾ ਹੈ ਅਤੇ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਮੇਰੀ ਇਹ ਮਾਨਤਾ ਦਰੁਸਤ ਹੈ ਜਾਂ ਨਹੀਂ, ਅਤੇ ਮੈਂ ਆਸ ਕਰਦਾ ਹਾਂ ਕਿ ਮੈਨੂੰ ਮੇਰੇ ਸਵਾਲਾਂ ਦੇ ਜਵਾਬ ਮਿਲਣਗੇ! (ਤਾੜੀਆਂ)

ਸ੍ਰੀ ਵ.ਸ. ਮੁਕੱਦਮ: ਸ੍ਰੀਮਾਨ ਜੀ, ਕੀ ਮੈਂ ਇਹ ਜਾਣ ਸਕਦਾ ਹਾਂ ਕਿ ਕੀ ਸਦਨ ਵਿਚ 'ਕੁਝ ਪੀਤਾ' ਜਾ ਸਕਦਾ ਹੈ? ਮੈਂ ਆਪ ਜੀ ਦਾ ਧਿਆਨ ਇਕ ਤੱਥ ਵੱਲ ਦਿਵਾਉਂਦਾ ਹਾਂ।

ਜਦੋਂ ਟਾਊਨ ਪਲੈਨਿੰਗ ਐਕਟ ਤੇ ਬਹਿਸ ਚਲ ਰਹੀ ਸੀ, ਮੈਂ ਉਦੋਂ ਪੁਆਇੰਟ ਆਫ਼ ਆਰਡਰ ਉਠਾਇਆ ਸੀ ਜਦੋਂ ਸ੍ਰੀ ਮੀਰਾਮਸ ਬੋਲ ਰਹੇ ਸਨ ਅਤੇ ਸਰ ਇਬਰਾਹੀਮ ਰਹਿਮਤੁੱਲਾ ਨੇ ਇਹ ਰੂਲਿੰਗ ਦਿਤੀ ਸੀ ਕਿ ਸਦਨ ਵਿਚ ਕੁਝ ਵੀ ਪੀਣ ਦੀ ਆਗਿਆ ਨਹੀਂ। ਇਸ ਤੇ ਸ੍ਰੀ ਮੀਰਾਮਸ ਨੇ ਪੁਛਿਆ ਕਿ ਕੀ ਪਾਣੀ ਪੀਣ ਦੀ ਆਗਿਆ ਹੈ ? ਤਾਂ ਪ੍ਰੈਜ਼ੀਡੈਂਟ ਨੇ ਕਿਹਾ ਕਿ ਪਾਣੀ ਵੀ ਪੀਣ ਦੀ ਇਜਾਜ਼ਤ ਨਹੀਂ!

ਮਾਨਯੋਗ ਸਪੀਕਰ : ਮੇਰੇ ਖ਼ਿਆਲ ਅਨੁਸਾਰ ਸਦਨ ਵਿਚ ਕੁਝ ਵੀ ਨਾ ਪੀਣ ਦੀ ਪ੍ਰਥਾ ਤੇ ਕਾਇਮ ਰਹਿਣਾ ਚੰਗਾ ਹੋਵੇਗਾ। 'ਪੀਣ' ਤੋਂ ਮੇਰਾ ਭਾਵ ਸਿਰਫ਼ ਪਾਣੀ ਹੀ ਹੈ ਹੋਰ ਕੁਝ ਨਹੀਂ (ਹਾਸਾ)।

ਸ੍ਰੀ ਵ.ਸ. ਮੁਕੱਦਮ : ਸ੍ਰੀ ਮੀਰਾਮਸ ਨੇ ਪੁਛਿਆ ਸੀ ਕਿ ਕੀ ਸਦਨ ਵਿਚ ਪਾਣੀ ਪੀਣ ਦੀ ਆਗਿਆ ਹੈ ਜਾਂ ਨਹੀਂ ਤਾਂ ਪ੍ਰੈਜ਼ੀਡੈਂਟ ਨੇ ਕਿਹਾ ਸੀ ਕਿ ਪਾਣੀ ਵੀ ਪੀਣ ਦੀ ਆਗਿਆ ਨਹੀਂ।

ਮਾਨਯੋਗ ਸਪੀਕਰ : ਮਾਨਯੋਗ ਮੈਂਬਰ (ਸ੍ਰੀ ਮੁਕੱਦਮ) ਨੇ 'ਪੀਣ' ਦਾ ਹਵਾਲਾ ਦਿੰਦਿਆਂ ਇਕ ਪੁਆਇੰਟ-ਆਫ਼-ਆਰਡਰ ਉਠਾਇਆ ਹੈ ਜਿਸ ਦੇ ਕਈ ਅਰਥ ਨਿਕਲ ਸਕਦੇ ਹਨ ਅਤੇ ਇਸ ਲਈ ਮੈਂ ਸ਼ਬਦ 'ਪੀਣ' ਤੋਂ ਭਾਵ 'ਪਾਣੀ ਪੀਣਾ' ਹੀ ਲਵਾਂਗਾ। ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰ (ਸ੍ਰੀ ਮੁਕੱਦਮ) ਨੇ ਇਹ ਪੁਆਇੰਟ ਡਾਕਟਰ ਅੰਬੇਡਕਰ ਦੁਆਰਾ ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਕਾਇਮ ਕਰਨ ਲਈ ਪੀਤੇ ਪਾਣੀ ਦੇ ਮਾਤਰ ਇਕ ਘੁੱਟ ਦੇ ਹਵਾਲੇ ਨਾਲ ਉਠਾਇਆ ਹੈ।

ਡਾਕਟਰ ਬੀ.ਆਰ. : ਸ੍ਰੀਮਾਨ ਜੀ, ਮੈਨੂੰ ਸਪਸ਼ਟੀਕਰਨ ਦੇਣ ਦੀ ਆਗਿਆ ਹੈ ? ਮੈਨੂੰ ਬਦਹਜ਼ਮੀ ਦੀ ਸ਼ਿਕਾਇਤ ਹੈ। ਡਾਕਟਰੀ ਹਿਦਾਇਤਾਂ ਅਨੁਸਾਰ ਮੈਂ ਦੋ ਦਿਨ - ਸ਼ਨਿਚਰਵਾਰ ਅਤੇ ਐਤਵਾਰ ਕੋਈ ਖਾਣਾ ਨਹੀਂ ਖਾਂਦਾ ਅਤੇ ਇਨ੍ਹਾਂ ਦਿਨਾਂ ਵਿਚ ਮੈਨੂੰ ਪਾਣੀ ਪੀਣ ਦੀ ਵੀ ਆਗਿਆ ਨਹੀਂ। ਇਸ ਲਈ ਸੋਮਵਾਰ ਮੈਨੂੰ ਬਹੁਤ ਹੀ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਪਾਣੀ ਦਾ ਘੁਟ ਪੀਣ ਤੋਂ ਬਿਨਾਂ ਮੈਂ ਆਪਣਾ ਭਾਸ਼ਣ ਨਹੀਂ ਸੀ ਦੇ ਸਕਦਾ। ਜੇਕਰ ਮੈਂ ਸਦਨ ਵਿਚ ਸ਼ਿਸਟਾਚਾਰ ਦੇ ਨਿਯਮਾਂ ਅਤੇ ਮਰਿਆਦਾ ਵਿਰੁਧ ਕੁਝ ਕੀਤਾ ਹੈ ਤਾਂ ਮੈਂ ਸਦਨ ਤੋਂ ਖਿਮਾ ਮੰਗਦਾ ਹਾਂ।

ਮਾਨਯੋਗ ਸਪੀਕਰ : ਹੁਣ ਜਦੋਂ ਕਿ ਮਾਨਯੋਗ ਮੈਂਬਰ ਡਾਕਟਰ ਅੰਬੇਡਕਰ ਨੇ ਸਪਸ਼ਟੀਕਰਨ ਦੇ ਦਿਤਾ ਹੈ, ਮੈਂ ਸਮਝਦਾ ਹਾਂ ਕਿ ਇਸ ਮਾਮਲੇ ਤੇ ਮੇਜ਼ ਤੋਂ ਗਿਲਾਸ ਚੁੱਕ ਲਏ ਜਾਣ ਤੋਂ ਛੁੱਟ ਹੋਰ ਕੁਝ ਕਰਨ ਦੀ ਲੋੜ ਨਹੀਂ (ਹਾਸਾ)।

20

ਵਖੱਰੇ ਕਰਨਾਟਕ ਪ੍ਰਾਂਤ ਦੀ ਸਿਰਜਨਾ

ਡਾਕਟਰ ਬੀ.ਆਰ. ਅੰਬੇਡਕਰ (ਬੰਬਈ ਨਗਰ, ਬਾਈਖੁਲਾ ਅਤੇ ਪਰੇਲ):

ਸ੍ਰੀਮਾਨ ਜੀ, ਮੇਰੇ ਸਤਿਕਾਰਯੋਗ ਮਿੱਤਰ ਸਰ ਅਲੀ ਮੁਹੰਮਦ ਖ਼ਾਨ ਦੇਹਲਵੀ ਨੇ ਜੋ ਵਿਚਾਰ ਪ੍ਰਗਟ ਕੀਤਾ ਹਨ, ਮੈਂ ਉਨ੍ਹਾਂ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਅਤੇ ਮੈਂ ਬੜੇ ਅਦਬ ਨਾਲ ਕਹਿੰਦਾ ਹਾਂ ਕਿ ਇਸ ਨੁਕਤੇ ਤੇ ਆਪ ਜੀ ਨੇ ਜੋ ਦ੍ਰਿਸ਼ਟੀਕੋਣ ਦਰਸਾਇਆ ਹੈ ਉਹ ਵੀ ਦਰੁਸਤ ਹੈ। ਮੈਂ ਆਪ ਜੀ ਦਾ ਧਿਆਨ ਨਿਯਮ 22 ਦੇ ਉਪ ਨਿਯਮ (2) ਵੱਲ ਦਿਵਾਉਂਦਾ ਹਾਂ ਜੋ ਇਸ ਪ੍ਰਕਾਰ ਹੈ :

"ਸਪੀਕਰ ਕਿਸੇ ਮਤੇ ਜਾਂ ਮਤੇ ਦੇ ਹਿੱਸੇ ਨੂੰ ਇਸ ਆਧਾਰ ਤੇ ਮਨਜ਼ੂਰੀ ਦੇਣੋਂ ਨਾਂਹ ਕਰ ਸਕਦਾ ਹੈ ਕਿ ਉਸ ਦਾ ਸਬੰਧ ਕਿਸੇ ਅਜਿਹੇ ਮਾਮਲੇ ਨਾਲ ਹੈ ਜੋ ਮੂਲ ਰੂਪ ਵਿਚ ਪ੍ਰਾਂਤ ਸਰਕਾਰ ਦਾ ਵਿਸ਼ਾ ਨਹੀਂ ਅਤੇ ਜੇਕਰ ਉਹ ਮਨਜ਼ੂਰੀ ਨਹੀਂ ਦਿੰਦਾ ਤਾਂ ਮਤਾ ਜਾਂ ਉਸਦਾ ਹਿੱਸਾ ਕਾਰਜ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ।"

ਇਸ ਲਈ ਮੇਰੀ ਗੁਜਾਰਸ਼ ਹੈ ਕਿ ਜਿਥੋਂ ਤਕ ਇਹ ਮਤਾ ਸਿਫ਼ਾਰਸ਼ ਕਰਦਾ ਹੈ ਕਿ ਕੁਝ ਅਜਿਹੇ ਇਲਾਕੇ, ਜਿਹੜੇ ਕਿ ਇਸ ਸਮੇਂ ਮਦਰਾਸ ਪ੍ਰੈਜ਼ੀਡੈਂਸੀ ਦਾ ਹਿੱਸਾ ਹਨ, ਅੱਡ ਕਰ ਦਿੱਤੇ ਜਾਣ, ਇਹ ਇਕ ਅਜਿਹੀ ਸਮਸਿਆ ਹੈ ਜੋ ਪ੍ਰਾਂਤ ਸਰਕਾਰ ਦਾ ਵਿਸ਼ਾ ਨਹੀਂ ਅਤੇ ਇਹ ਪ੍ਰਾਂਤ ਸਰਕਾਰ ਦੇ ਅਧਿਕਾਰ-ਖੇਤਰ ਤੋਂ ਪਰੇ ਹੈ। ਪਰ, ਸ੍ਰੀਮਾਨ ਜੀ, ਧਾਰਾ 290, ਜਿਸਦਾ ਮੇਰੇ ਸਤਿਕਾਰਯੋਗ ਮਿੱਤਰ ਸ੍ਰੀ ਜੋਗ ਨੇ ਹਵਾਲਾ ਦਿੱਤਾ ਹੈ, ਉਸ ਸਬੰਧੀ ਮੈਂ ਆਪ ਜੀ ਦਾ ਧਿਆਨ ਇਸ ਤੱਥ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਮੌਜੂਦਾ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 290, 1919 ਦੇ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 52-ਏ ਦੇ ਸਮਰੂਪ ਹੈ। ਗੌਰਮਿੰਟ ਆਫ਼ ਇੰਡੀਆ ਐਕਟ, 1919 ਦੀ ਧਾਰਾ 52-ਬੀ ਦੀ ਧਾਰਾ 290 ਨਾਲ ਤੁਲਨਾ ਕਰਦਿਆਂ ਇਹ ਪਤਾ ਚਲਦਾ ਹੈ ਕਿ ਬਹੁਤ ਹੀ ਮਹੱਤਵਪੂਰਨ ਅਤੇ ਸੋਚ ਸਮਝ ਕੇ ਤਬਦੀਲੀ ਕੀਤੀ ਗਈ ਹੈ। ਪੁਰਾਣੇ ਐਕਟ ਦੀ ਧਾਰਾ 52-ਏ ਅਧੀਨ ਇਸ ਗੱਲ ਦਾ ਉਪਬੰਧ ਹੈ ਕਿ ਜਦੋਂ ਕਦੀ ਕਿਸੇ ਨਵੇਂ ਪ੍ਰਾਂਤ ਦੀ ਸਿਰਜਣਾ ਕੀਤੀ ਜਾਣੀ ਹੋਵੇ ਤਾਂ ਸਥਾਨਕ ਵਿਧਾਨ ਮੰਡਲ ਲਈ ਇਸ ਸਬੰਧ ਵਿਚ ਆਗਿਆ ਹੈ ਕਿ ਉਹ ਇਕ ਮਤਾ ਪਾਸ ਕਰੇ ਅਤੇ ਇਸ ਦੀ ਸੂਚਨਾ ਗਵਰਨਰ ਜਨਰਲ ਨੂੰ ਭੇਜ। ਸ੍ਰੀਮਾਨ ਜੀ, ਆਪਜੀ ਨੂੰ ਯਾਦ ਹੋਵੇਗਾ ਕਿ 1919 ਦੇ ਪੁਰਾਣੇ ਐਕਟ ਵਿਚ ਨਵੇਂ ਪ੍ਰਾਂਤ ਦੀ ਸਿਰਜਣਾ ਦਾ ਅਧਿਕਾਰ ਗਵਰਨਰ ਜਨਰਲ ਨੂੰ ਸੀ ਅਤੇ ਗਵਰਨਰ ਜਨਰਲ ਦੁਆਰਾ ਧਾਰਾ 52-ਏ ਦੇ ਅਧੀਨ ਕਾਰਵਾਈ ਅਰੰਭਣ ਤੋਂ ਪਹਿਲਾਂ ਪ੍ਰਾਂਤੀ ਵਿਧਾਨ ਮੰਡਲ ਨੂੰ ਇਸ ਮਾਮਲੇ ਤੇ ਆਪਣੇ ਭਾਵ ਪ੍ਰਗਟ ਕਰਦਿਆਂ ਮਤਾ ਪਾਸ ਕਰਨ ਦੀ ਖੁਲ੍ਹ ਹੈ। ਜਿਵੇਂ ਕਿ ਮੈਂ ਕਿਹਾ ਹੈ ਕਿ ਧਾਰਾ 290

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 3, ਪੰਨੇ 1692-93 , ਮਿਤੀ 4 ਅਪ੍ਰੈਲ, 1938

ਦੀ ਤਬਦੀਲੀ ਸੋਚੀ ਸਮਝੀ ਹੈ। ਇਸ ਅਨੁਸਾਰ ਪੁਰਾਣੇ ਪ੍ਰਾਂਤ ਵਿਚੋਂ ਨਵੇਂ ਪ੍ਰਾਂਤ ਦੇ ਗਠਨ ਸਬੰਧੀ ਗਵਰਨਰ ਜਨਰਲ ਨੂੰ ਪ੍ਰਾਪਤ ਇਖ਼ਤਿਆਰ ਵਾਪਸ ਲੈ ਲਏ ਗਏ ਹਨ। ਨਵੇਂ ਐਕਟ ਵਿਚ ਹੁਣ ਇਹ ਇਖ਼ਤਿਆਰ ਸੈਕਰੇਟਰੀ ਆਫ਼ ਸਟੇਟ ਨੂੰ, ਅਸਲ ਵਿਚ ਹਿਜ਼ ਮੈਜਸਟੀ ਇਨ ਕੌਂਸਲ ਨੂੰ ਦਿਤੇ ਗਏ ਹਨ। ਦੂਜੇ, ਇਸ ਰਾਹੀਂ ਸਥਾਨਕ ਵਿਧਾਨ ਮੰਡਲ ਤੋਂ ਪਹਿਲ ਕਰਨ ਦੀ ਸ਼ਕਤੀ ਵੀ ਲੈ ਲਈ ਗਈ ਹੈ। ਪਹਿਲ ਕਰਨ ਦੀ ਸ਼ਕਤੀ ਮੇਰੇ ਅਨੁਸਾਰ ਧਾਰਾ 290 ਅਧੀਨ, ਸੈਕਰੇਟਰੀ ਆਫ ਸਟੇਟ ਨੂੰ ਦਿਤੀ ਗਈ ਹੈ। ਸੈਕਰੇਟਰੀ ਆਫ਼ ਸਟੇਟ ਦੇ ਨਵੇਂ ਪ੍ਰਾਂਤਾਂ ਦੀ ਸਿਰਜਣਾ ਕਰਨ ਸਬੰਧੀ ਫੈਸਲਾ ਕਰਨ ਤੋਂ ਬਾਅਦ ਉਸ ਸਬੰਧ ਵਿਚ ਆਰਡਰ ਨੂੰ ਕੌਂਸਲ ਦੇ ਸਾਹਮਣੇ ਰਖਣ ਤੋਂ ਪਹਿਲਾਂ ਉਸ ਲਈ ਆਰਡਰ ਤੋਂ ਪ੍ਰਭਾਵਿਤ ਹੋਣ ਵਾਲੇ ਵਿਧਾਨ ਮੰਡਲਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਣਾ ਲੋੜੀਂਦਾ ਹੈ। ਉਸ ਉੱਤੇ ਇਹ ਬੰਦਸ਼ ਧਾਰਾ 290 ਦੁਆਰਾ ਲਗਾਈ ਗਈ ਹੈ। ਇਸ ਤੋਂ ਮਗਰੋਂ ਹੀ ਕਿਸੇ ਪ੍ਰਾਂਤੀ ਵਿਧਾਨ ਮੰਡਲ ਲਈ ਇਸ ਸਬੰਧ ਵਿਚ ਮਤੇ ਤੇ ਬਹਿਸ ਕੀਤੇ ਜਾਣ ਦੀ ਆਗਿਆ ਹੋਵੇਗੀ, ਭਾਵੇਂ ਮਤੇ ਤੋਂ ਪ੍ਰਭਾਵਤ ਇਲਾਕੇ ਪ੍ਰਾਂਤ ਵਿਚ ਸ਼ਾਮਲ ਨਹੀਂ। ਜੇਕਰ ਇਹ ਮਤਾ ਇਸ ਸਦਨ ਨੂੰ ਸੈਕਰੇਟਰੀ ਆਫ਼ ਸਟੇਟ ਦੁਆਰਾ ਭੇਜਿਆ ਜਾਂਦਾ ਤਾਂ ਹੀ ਇਸ ਵਿਧਾਨ ਮੰਡਲ ਨੂੰ ਇਸ ਬਾਰੇ ਵਿਚਾਰ ਕਰਨ ਦੀ ਆਗਿਆ ਹੋਣੀ ਸੀ ਕਿ ਕਰਨਾਟਕ ਨੂੰ ਅੱਡ ਕੀਤਾ ਜਾਵੇ ਅਤੇ ਕੁਝ ਅਜਿਹੇ ਇਲਾਕੇ ਜੋ ਕਿ ਇਸ ਪ੍ਰਾਂਤ ਦਾ ਹਿੱਸਾ ਨਹੀਂ, ਉਸ ਵਿਚ ਸ਼ਾਮਲ ਕੀਤੇ ਜਾਣ ਜਾਂ ਨਹੀਂ। ਜਦੋਂ ਤਕ ਅਜਿਹੀ ਕਾਰਵਾਈ ਨਹੀਂ ਕਰ ਲਈ ਜਾਂਦੀ, ਜਦੋਂ ਤਕ ਮਾਮਲੇ ਤੇ ਸੈਕਰੇਟਰੀ ਆਫ਼ ਸਟੇਟ ਦੁਆਰਾ ਬਿਨੈ ਨਹੀਂ ਕੀਤੀ ਜਾਂਦੀ, ਉਦੋਂ ਤੱਕ, ਮੇਰੇ ਵਿਚਾਰ ਅਨੁਸਾਰ ਇਹ ਪ੍ਰਾਂਤ-ਸਰਕਾਰ, ਪ੍ਰਾਂਤੀ ਵਿਧਾਨ ਮੰਡਲ ਉਸ ਅਜਿਹੇ ਮਤੇ ਨਾਲ ਨਹੀਂ ਨਜਿੱਠ ਸਕਦੇ ਜੋ ਅਜਿਹੇ ਮਸਲੇ ਨਾਲ ਸਬੰਧਤ ਹੈ ਜਿਹੜਾ ਵਿਧਾਨ ਮੰਡਲ ਅਤੇ ਇਸ ਪ੍ਰਾਂਤੀ ਸਰਕਾਰ, ਦੋਹਾਂ ਦੀ ਹੱਦ ਅਤੇ ਅਧਿਕਾਰ ਤੋਂ ਬਾਹਰ ਦਾ ਮਾਮਲਾ ਹੈ। ਇਸ ਲਈ ਬੇਨਤੀ ਹੈ ਕਿ ਜਿਹੜਾ ਨਜ਼ਰੀਆ ਆਪ ਨੇ ਅਪਣਾਇਆ ਹੈ ਉਹ ਨਿਯਮਾਂ ਅਤੇ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰ 290, ਦੋਹਾਂ ਅਧੀਨ ਪੂਰਨ ਤੌਰ ਤੇ ਉਚਿਤ ਹੈ।

ਮਾਨਯੋਗ ਸਪੀਕਰ: ਮੈਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ। ਜਿਥੋਂ ਤੱਕ ਸ਼ਬਦਾਂ "ਮਦਰਾਸ ਅਤੇ ਕੂਰਗ" ਨੂੰ ਸ਼ਾਮਲ ਕੀਤੇ ਜਾਣ ਸਬੰਧੀ ਸੁਝਾਅ ਹੈ ਮੈਂ ਉਸ ਨੂੰ ਛੱਡ ਦਿਤਾ ਹੈ। ਮਾਨਯੋਗ ਮੈਂਬਰ ਡਾਕਟਰ ਅੰਬੇਡਕਰ ਦੁਆਰਾ ਦਿਤੀ ਗਈ ਦਲੀਲ ਇਸ ਸਬੰਧੀ ਹੋਰ ਅਗੇ ਜਾਂਦੀ ਹੈ ਅਤੇ ਕਹਿੰਦੀ ਹੈ ਕਿ ਕਿਸੇ ਨਵੇਂ ਪ੍ਰਾਂਤ ਦੀ ਸਿਰਜਣਾ ਜਾਂ ਕਿਸੇ ਪ੍ਰਾਂਤ ਦੀਆਂ ਸਰਹੱਦਾਂ ਵਿਚ ਅਦਲਾ ਬਦਲੀ ਨਾਲ ਸਬੰਧਤ ਕਿਸੇ ਮਤੇ ਤੇ ਕਿਸੇ ਵਿਧਾਨ ਮੰਡਲ ਵਿਚ ਬਹਿਸ ਹੀ ਨਹੀਂ ਕੀਤੀ ਜਾ ਸਕਦੀ ਕਿਉਂਜੋ ਵਿਧਾਨ ਮੰਡਲ ਨੂੰ ਇਸ ਵਿਚ ਪਹਿਲ ਕੀਤੇ ਜਾਣ ਦੀ ਸ਼ਕਤੀ ਪ੍ਰਾਪਤ ਨਹੀਂ ਹੈ। ਮੈਂ ਸਮਝਦਾ ਹਾਂ ਕਿ ਦਲੀਲ ਦਾ ਭਾਵ ਇਹੋ ਹੈ।

ਡਾਕਟਰ ਬੀ.ਆਰ.ਅੰਬੇਦਕਰ: ਜੀ ਹਾਂ।

ਮਾਨਯੋਗ ਸਪੀਕਰ: ਫਿਰ ਤਾਂ ਉਨ੍ਹਾਂ ਦੇ ਪੁਆਇੰਟ ਆਫ਼ ਆਰਡਰ ਨਾਲ ਮਦਰਾਸ

ਅਤੇ ਕੁਰਗ ਸ਼ਾਮਲ ਕੀਤੇ ਜਾਣ ਵਿਚ ਕੋਈ ਫ਼ਰਕ ਨਹੀਂ ਪੈਂਦਾ। ਜੇਕਰ ਕਿਸੇ ਵੀ ਚੀਜ਼ ਤੇ ਬਹਿਸ ਨਹੀਂ ਕੀਤੀ ਜਾ ਸਕਦੀ ਤਾਂ ਮਦਰਾਸ ਅਤੇ ਕੂਰਗ ਨੂੰ ਸ਼ਾਮਲ ਕੀਤੇ ਜਾਣ ਨਾਲ ਕੋਈ ਫ਼ਰਕ ਨਹੀਂ ਪੈਣਾ। ਉਨ੍ਹਾਂ ਦਾ ਨੁਕਤਾ ਮਾਮਲੇ ਦੀ ਤਹਿ ਤਕ ਜਾਂਦਾ ਹੈ। ਇਸ ਸਬੰਧ ਵਿਚ ਇਕ ਔਕੜ ਇਹ ਹੈ ਕਿ ਪਹਿਲ ਕੀਤੇ ਜਾਣ ਦੀ ਸ਼ਕਤੀ ਕੁਝ ਰੋਕਾਂ ਨਾਲ ਦਿਤੀ ਗਈ ਹੈ, ਜਾਂ ਇੰਝ ਕਹਿ ਲਈਏ ਕਿ ਇਸ ਦੀ ਵਰਤੋਂ ਕੁਝ ਸੀਮਾਵਾਂ ਅਧੀਨ ਰਹਿੰਦਿਆਂ ਕੀਤੀ ਜਾਣੀ ਹੈ। ਪਰ, ਵਿਧਾਨ ਮੰਡਲ ਆਪਣੀ ਰਾਇ ਦਾ ਪ੍ਰਗਟਾਉ ਕਰਦਾ ਹੈ ਤਾਂ ਜੋ, ਸਰਕਾਰ, ਜਿਸ ਪਾਸ ਕਾਰਵਾਈ ਆਰੰਭ ਕਰਨ ਦੀ ਸ਼ਕਤੀ ਹੈ, ਕਾਰਵਾਈ ਕਰੇ। ਕੀ ਧਾਰਾ 290 ਵਿਚ ਕੋਈ ਅਜਿਹੀ ਚੀਜ਼ ਹੈ ਜੋ ਕਿਸੇ ਵਿਧਾਨ ਮੰਡਲ ਨੂੰ ਕਾਰਵਾਈ ਆਰੰਭ ਕਰਨ ਲਈ ਬਿਨੈ ਕਰਨ ਤੋਂ ਰੋਕਦੀ ਹੋਵੇ ? ਅਜਿਹੀ ਕੋਈ ਗੱਲ ਨਹੀਂ ਕਿ ਇਹ ਵਿਧਾਨ ਮੰਡਲ ਮਤੇ ਜਾਂ ਕਾਰਵਾਈ ਨਾਲ ਅਸਲ ਵਿਚ ਹੀ ਅੱਡਰੇਪਨ ਦੀ ਕੋਈ ਕਾਰਵਾਈ ਚਾਲੂ ਕਰ ਦੇਵੇਗਾ। ਜੇਕਰ ਸ਼ਬਦ "ਪਹਿਲ" (ਇਨੀਸ਼ੀਏਟਿਵ) ਦੀ ਵਰਤੋਂ ਕਿਸੇ ਹੋਰ ਭਾਵਨਾ ਨਾਲ ਕੀਤੀ ਜਾਣੀ ਹੈ ਤਾਂ ਬਿਨੈ ਕੀਤੇ ਜਾਣ ਨਾਲ ਹੀ ਆਰੰਭ ਹੋਵੇਗੀ। ਕੀ ਇਸ ਤੇ ਧਾਰਾ 290 ਦੀਆਂ ਸ਼ਰਤਾਂ ਅਧੀਨ ਬੇਨਤੀ ਕਰਨ ਤੇ ਵੀ ਰੋਕ ਹੈ ? ਮੈਨੂੰ ਡਰ ਹੈ ਕਿ ਇਸ ਨੁਕਤੇ ਤੇ ਮੈਂ ਵਿਦਵਾਨ ਡਾਕਟਰ ਸਾਹਿਬ ਦੇ ਵਿਚਾਰਾਂ ਨਾਲ ਸਹਿਮਤ ਨਹੀਂ।

ਡਾਕਟਰ ਬੀ.ਆਰ. ਅੰਬੇਡਕਰ : ਮੇਰਾ ਬਿਲਕੁਲ ਇਹੋ ਹੀ ਵਿਚਾਰ ਹੈ ਕਿ ਇਸ ਸਦਨ ਤੇ ਰੋਕ ਹੈ। ਪਹਿਲ ਕਰਨ ਦੀ ਸ਼ਕਤੀ ਸਾਫ਼ ਅਤੇ ਖ਼ਾਸ ਤੌਰ ਤੇ ਸੈਕਰੇਟਰੀ ਆਫ਼ ਸਟੇਟ ਨੂੰ ਦਿਤੇ ਜਾਣ ਦੇ ਤੱਥ ਤੋਂ ਇਹ ਪਤਾ ਲਗਦਾ ਹੈ ਕਿ ਵਿਧਾਨ ਮੰਡਲ ਤੋਂ ਪਹਿਲ ਕਰਨ ਦੀ ਤਾਕਤ ਲੈ ਲਈ ਗਈ ਹੈ ਅਤੇ ਮੇਰੇ ਮੁਤਾਬਕ ਪੁਰਾਣੇ ਐਕਟ ਦੀ ਧਾਰਾ 52-ਏ ਦੀ, ਮੌਜੂਦਾ ਐਕਟ ਦੀ ਧਾਰਾ 290 ਨਾਲ ਤੁਲਨਾ ਕਰਨ ਨਾਲ ਸਥਿਤੀ ਬਿਲਕੁਲ ਸਾਫ਼ ਜਾਪਦੀ ਹੈ। ਇਸ ਤੱਥ ਤੇ ਉਸ ਵੇਲੇ ਸਾਈਮਨ ਕਮਿਸ਼ਨ ਅਤੇ ਗੋਲ ਮੇਜ਼ ਕਾਨਫ਼ਰੰਸ ਦੁਆਰਾ ਵਿਚਾਰ ਕੀਤਾ ਗਿਆ ਸੀ ਅਤੇ ਉਹ ਇਸ ਸਿੱਟੇ ਤੇ ਪੁੱਜੇ ਕਿ ਕੇਵਲ ਉੜੀਸਾ, ਸਿੰਧ ਅਤੇ ਉਤਰ-ਪੱਛਮੀ ਸੀਮਾਂਤ ਪ੍ਰਦੇਸ਼ (ਸੂਬਾ ਸਰਹੱਦ) ਹੀ ਵੱਖਰਾ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਉਨ੍ਹਾਂ ਨੇ ਪਹਿਲ ਦਾ ਅਧਿਕਾਰ ਪ੍ਰਾਂਤਕ ਵਿਧਾਨ ਮੰਡਲ ਕੋਲ ਨਹੀਂ ਛੱਡਿਆ।

ਡਾਕਟਰ ਬੀ.ਆਰ. ਅੰਬੇਡਕਰ (ਬੰਬਈ ਨਗਰ) : ਮਾਨਯੋਗ ਸਪੀਕਰ ਸਾਹਿਬ, ਮੈਂ ਫ਼ਾਜ਼ਿਲ ਦੋਸਤ ਸ੍ਰੀ ਜੋਗ ਦੁਆਰਾ ਪੇਸ਼ ਕੀਤੇ ਮਤੇ ਦਾ ਵਿਰੋਧ ਕਰਦਾ ਹਾਂ। ਇਸ ਮਤੇ ਦਾ ਵਿਸ਼ਾ-ਵਸਤੂ ਯਕੀਨਨ ਮਹੱਤਵਪੂਰਨ ਹੈ। ਮੈਨੂੰ ਸ਼ੱਕ ਹੈ ਕਿ ਇਸ ਸਦਨ ਦੇ ਕਿੰਨੇ ਕੁ ਮੈਂਬਰ ਇਸ ਮਤੇ ਤੇ ਵਿਚਾਰ ਕਰਦਿਆਂ ਭਾਵੁਕਤਾ ਅਤੇ ਉਪਭਾਵੁਕਤਾ ਤੋਂ ਵਿਰਵੇ ਹੋ ਕੇ ਬੋਲਣ ਲਈ ਤਿਆਰ ਹੋਣਗੇ। ਮੈਂ ਸਮਝਦਾ ਹਾਂ ਕਿ ਮੈਨੂੰ, ਅਨੁਸੂਚਿਤ ਜਾਤੀਆਂ ਦਾ ਪ੍ਰਤੀਨਿਧ ਹੋਣ ਕਾਰਣ ਸ਼ਾਇਦ ਦੂਜੇ ਮੈਂਬਰਾਂ ਤੋਂ ਪਹਿਲ ਪ੍ਰਾਪਤ ਹੈ। ਜੇਕਰ ਮੈਂ ਇਹ ਕਹਿੰਦਾ ਹਾਂ ਤਾਂ ਮੈਂ ਕਿਸੇ ਰਸਮੀ ਤੌਰ ਤੇ ਨਹੀਂ ਕਹਿ ਰਿਹਾ ਸਗੋਂ ਇਕ ਬਹੁਤ ਹੀ ਸਹੀ ਭਾਵਨਾ ਵਜੋਂ ਕਹਿ ਰਿਹਾ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਪ੍ਰਤੀਨਿਧ ਅਸੀਂ ਆਪਣੇ ਆਪ ਨੂੰ ਮਹਾਰਾਸ਼ਟਰੀ,

ਗੁਜਰਾਤੀ ਜਾਂ ਕਰਨਾਟਕੀ ਕਹਿਲਾਉਣ ਵਿਚ ਕੋਈ ਮਾਣ ਮਹਿਸੂਸ ਨਹੀਂ ਕਰਦੇ। ਕਈ ਕਾਰਨ ਅਜਿਹੇ ਹਨ-ਜਿਨ੍ਹਾਂ ਦਾ ਮੈਂ ਇਸ ਖ਼ਾਸ ਮੌਕੇ ਤੇ ਜ਼ਿਕਰ ਨਹੀਂ ਕਰਨਾ ਚਾਹੁੰਦਾ-ਅਸੀਂ ਇਹ ਸੋਚਦੇ ਹਾਂ ਕਿ ਇਹ ਭੂਮੀ ਸਾਡੀ ਨਹੀਂ। ਮੈਂ ਇਸ ਦਲੀਲ ਦਾ ਇਸਤੇਮਾਲ ਸਦਨ ਨੂੰ ਇਸ ਮਤੇ ਤੋਂ ਪੇਸ਼ ਹੋਈ ਸਥਿਤੀ ਦੇ ਉਨ੍ਹਾਂ ਹਾਲਾਤ ਤੋਂ ਜਾਣੂ ਕਰਵਾਉਣ ਲਈ ਕਰ ਰਿਹਾ ਹਾਂ ਜਿਨ੍ਹਾਂ ਕਰਕੇ ਮੇਨੂੰ ਅਜਿਹੀ ਉਦਾਸੀਨ ਵਿਚਾਰਧਾਰਾ ਅਪਣਾਉਣੀ ਪਈ ਅਤੇ ਮੈਂ ਇਹ ਉਦਾਸੀਨ ਰਵੱਈਆ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸ੍ਰੀਮਾਨ ਜੀ, ਇਸ ਸਦਨ ਦੇ ਮੈਂਬਰਾਂ ਲਈ ਇਸ ਤੱਥ ਨੂੰ ਆਪਣੇ ਮਨ ਵਿਚ ਰੱਖਣਾ ਚਾਹੀਦਾ ਹੈ। ਇਸ ਐਕਟ ਦੇ ਲਾਗੂ ਹੋਣ ਤੋਂ ਪਹਿਲਾਂ ਬੰਬਈ ਪ੍ਰੈਜ਼ੀਡੈਂਸੀ ਵਿਚ ਚਾਰ ਵੱਖ ਵੱਖ ਇਕਾਈਆਂ ਗੁਜਰਾਤ, ਮਹਾਰਾਸ਼ਟਰ, ਕਰਨਾਟਕ ਅਤੇ ਸਿੰਧ ਸ਼ਾਮਲ ਸਨ। ਇਹ ਸੰਯੁਕਤ ਪਰਵਾਰ ਕੋਈ ਹਾਲ ਦੀ ਉਪਜ ਨਹੀਂ ਸੀ। ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ ਤਾਂ ਪਿਛਲੇ 115 ਸਾਲਾਂ ਤੋਂ ਇਕੱਠੇ ਹਨ। ਸਿੰਧ, ਸਾਡੇ ਨਾਲ ਲਗਭਗ 90 ਸਾਲ ਰਿਹਾ। ਸਿੰਧ, ਅੱਡ ਕਰ ਦਿੱਤਾ ਗਿਆ। ਇਹ ਇਕ ਪੁਰਾਣਾ ਮਸਲਾ ਹੈ ਜਿਸ ਨੂੰ ਹੁਣ ਇਸ ਸਮੇਂ ਉਠਾਉਣ ਦੀ ਜ਼ਰੂਰਤ ਨਹੀਂ। ਮੈਂ ਸਿਰਫ਼ ਇਸ ਗੱਲ ਤੇ ਜ਼ੋਰ ਦਿੰਦਿਆਂ ਇਸ ਤੱਥ ਦਾ ਵਰਨਣ, ਕਿ ਅਸੀਂ ਪਿਛਲੇ 115 ਸਾਲਾਂ ਤੋਂ ਇਕੱਠਿਆਂ ਰਹਿੰਦੇ ਆ ਰਹੇ ਹਾਂ, ਇਸ ਲਈ ਕੀਤਾ ਹੈ ਕਿ ਉਹ ਲੋਕ ਜਿਹੜੇ ਇਹ ਚਾਹੁੰਦੇ ਹਨ ਕਿ ਇਹ ਏਕਤਾ ਭੰਗ ਹੋ ਜਾਵੇ ਅਤੇ ਇਕੱਠੇ ਰਹਿੰਦੇ ਤਿੰਨੋਂ ਹਿੱਸੇ ਵੱਖ ਵੱਖ ਹੋ ਜਾਣ, ਇਸ ਮਸਲੇ ਤੇ ਵਧੇਰੇ ਗੰਭੀਰ ਹੋ ਕੇ ਵਿਚਾਰ ਕਰਨ, ਨਾਂ ਕਿ ਸਿਰਫ਼ ਭਾਵੁਕ ਹੋ ਕੇ।

ਵਿਚਾਰ ਕਰਨ ਲਈ ਮੇਰਾ ਪਹਿਲਾ ਸੁਝਾਉ ਇਹ ਹੈ ਕਿ ਇਹ ਮਤਾ ਪੇਸ਼ ਕਰਨ ਵਾਲੇ ਮੇਰੇ ਮਿੱਤਰ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਇਹ ਪ੍ਰਸਤਾਵ ਇਕ ਵੱਡੀ ਵਿਚਾਰਧਾਰਾ, ਸਾਰੇ ਕਰਨਾਟਕ ਦੇ ਲੋਕਾਂ ਨੂੰ ਇਕੱਠਾ ਕਰਨ ਦਾ ਇਕ ਹਿੱਸਾ ਹੈ ਅਤੇ ਇਹ ਮਤਾ ਕੇਵਲ ਉਸ ਦਿਸ਼ਾ ਵਲ ਇਕ ਕਦਮ ਹੈ। ਸ੍ਰੀਮਾਨ ਜੀ, ਹੁਣ ਇਸ ਸੰਬੰਧ ਵਿਚ ਮੈਂ ਇਹ ਸਵਾਲ ਪੁਛਣਾ ਚਾਹੁੰਦਾ ਹਾਂ-ਕੀ ਇਹ ਆਦਰਸ਼, ਇਹ ਸੁਪਨਾ-ਜੇਕਰ ਮੇਰੇ ਫ਼ਾਜ਼ਿਲ ਦੋਸਤ ਕਹਿਣ ਦੀ ਇਜਾਜ਼ਤ ਦੇਣ-ਸਾਰੇ ਕੱਨੜ ਭਾਸ਼ੀ ਲੋਕਾਂ ਦੇ ਏਕੀਕਰਨ ਦਾ ਆਦਰਸ਼, ਪੂਰਾ ਹੋ ਸਕਦਾ ਹੈ ? ਮੈਨੂੰ ਕੋਈ ਸ਼ੱਕ ਨਹੀਂ ਕਿ ਇਹ ਇਕ ਅਜਿਹਾ ਸੁਪਨਾ ਹੈ ਜਿਹੜਾ ਕਦੇ ਸਾਕਾਰ ਨਹੀਂ ਹੋ ਸਕਦਾ ਅਤੇ ਮੇਰਾ ਅਜਿਹਾ ਕਹਿਣ ਦਾ ਕਾਰਨ ਇਹ ਹੈ: ਜਿਹੜੀ ਇਥੇ ਇਕ ਪੁਸਤਕ ਸਰਕੁਲੇਟ ਕੀਤੀ ਗਈ ਹੈ, ਅਤੇ ਮੈਨੂੰ ਕਿਸੇ ਤਰ੍ਹਾਂ ਇਕ ਕਾਪੀ ਪ੍ਰਾਪਤ ਹੋਈ ਹੈ ਉਸ ਦਾ ਸਿਰਲੇਖ "ਕਰਨਾਟਕ ਦੇ ਏਕੀਕਰਨ ਦਾ ਕੇਸ" ਹੈ। ਮੇਰੇ ਵਿਚਾਰ ਅਨੁਸਾਰ ਇਹ ਅਜਿਹੀ ਸੰਸਥਾ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ ਜਿਹੜੀ ਇਸ ਅੰਦੋਲਨ ਲਈ ਜ਼ਿੰਮੇਵਾਰ ਹੈ। ਇਸ ਪੁਸਤਕ ਦੇ ਪੰਨਾ 22 ਤੇ ਇਕ ਬਿਆਨ ਮੈਂ ਪੜ੍ਹਿਆ ਹੈ ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕੱਨੜ ਭਾਸ਼ੀ ਲੋਕਾਂ ਦਾ ਇਕ ਹਿੱਸਾ ਭਾਰਤੀ ਸੂਬਿਆਂ ਦੀਆਂ ਹੱਦਾਂ ਦੇ ਅੰਦਰ ਸ਼ਾਮਲ ਹੈ। ਇਸ ਤੱਥ ਨੂੰ ਮੱਦੇਨਜ਼ਰ ਰੱਖਦਿਆਂ ਮੈਂ ਇਸ ਪ੍ਰਸਤਾਵ ਦੀ ਪੋਰ੍ਹਤਾ ਕਰਨ ਵਾਲੇ ਆਪਣੇ ਦੋਸਤਾਂ ਤੋਂ ਇਕ ਸਵਾਲ ਇਹ ਪੁਛਣਾ ਚਾਹੁੰਦਾ ਹਾਂ ਕੀ ਕੱਨੜ ਭਾਸ਼ਾ ਬੋਲਣ ਵਾਲੇ ਲੋਕਾਂ ਨੂੰ ਭਾਰਤੀ ਸੂਬਿਆਂ ਦੇ ਅਧਿਕਾਰ ਖ਼ੇਤਰ ਅਤੇ ਪ੍ਰਭੁਤਾ ਤੋਂ ਬਾਹਰ ਲਿਆਉਣਾ ਸੰਭਵ ਹੈ

ਤਾਂ ਜੋ ਉਹ ਖ਼ੁਦਮੁਖ਼ਤਾਰ ਕੱਨੜ ਭਾਸ਼ੀ ਪ੍ਰਾਂਤ ਦਾ ਹਿੱਸਾ ਬਣ ਸਕਣ ? ਮੈਂ ਇਸ ਗੱਲ ਨਾਲ ਸਹਿਮਤ ਹਾਂ ਅਤੇ ਮੰਨ ਸਕਦਾ ਹਾਂ ਕਿ ਅਜਿਹਾ ਹੋ ਸਕਦਾ ਹੈ। ਬ੍ਰਿਟਿਸ਼ ਇੰਡੀਆ ਦਾ ਪ੍ਰਸ਼ਾਸਨ ਚਲਾਉਣ ਵਾਲੇ ਅਧਿਕਾਰੀਆਂ ਲਈ ਇਹ ਸੰਭਵ ਹੈ ਕਿ ਉਹ ਮਦਰਾਸ ਪ੍ਰੈਜ਼ੀਡੈਂਸੀ ਜਾਂ ਕਿ ਬ੍ਰਿਟਿਸ਼ ਕਾਨੂੰਨ ਅਧੀਨ ਆਉਂਦੇ ਕਿਸੇ ਹੋਰ ਪ੍ਰਸ਼ਾਸ਼ਨ ਨੂੰ ਇਸ ਗਲ ਤੇ ਰਾਜ਼ੀ ਕਰ ਲੈਣ ਕਿ ਅਜਿਹੇ ਇਲਾਕੇ, ਜਿਨ੍ਹਾਂ ਵਿਚ ਕੱਨੜ ਭਾਸ਼ੀ ਲੋਕ ਰਹਿੰਦੇ ਹੋਣ, ਛੱਡ ਦੇਣ ਤਾਂ ਜੋ ਉਹ ਸਾਰੇ ਇਕ ਸਾਂਝੇ ਪ੍ਰਸ਼ਾਸ਼ਨ ਹੇਠ ਇਕੱਠੇ ਕਰ ਦਿੱਤੇ ਜਾਣ। ਪਰ ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਕਿਸੇ ਲਈ ਇਹ ਕਿਵੇਂ ਸੰਭਵ ਹੋ ਸਕੇਗਾ ਕਿ ਭਾਰਤੀ ਰਿਆਸਤਾਂ ਵਿਚ ਵਸਦੇ ਕੱਨੜ ਭਾਸ਼ੀ ਲੋਕਾਂ ਦੀ ਨਿਸ਼ਠਾ ਨੂੰ ਰਿਆਸਤਾਂ ਤੋਂ ਬ੍ਰਿਟਿਸ਼ ਭਾਰਤੀ ਪ੍ਰਾਂਤਾਂ ਵਲ ਮੋੜ ਸਕੇ। ਮੇਰੇ ਵਿਚਾਰ ਵਿਚ ਇਕੋ ਹੀ ਇਸ ਮਸਲੇ ਨੂੰ ਸਫਲਤਾਪੂਰਵਕ ਹੱਲ ਕਰਨ ਦੀ ਸਥਿਤੀ ਨਜ਼ਰ ਆਉਂਦੀ ਹੈ ਜੇਕਰ ਕੱਨੜ ਭਾਸ਼ੀ ਲੋਕਾਂ ਦੀ ਵਸੋਂ ਵਾਲੇ ਇਲਾਕੇ ਦੇ ਬਦਲੇ ਵਿਚ ਬ੍ਰਿਟਿਸ਼ ਇੰਡੀਆ ਤੋਂ ਕੁਝ ਇਲਾਕੇ ਭਾਰਤੀ ਰਿਆਸਤਾਂ ਨੂੰ ਦੇ ਦਿਤੇ ਜਾਣ। ਹੁਣ ਇਸ ਗੱਲ ਤੇ ਹੈਰਾਨੀ ਹੋਵੇਗੀ ਕਿ ਕੀ ਅਜਿਹੇ ਕੋਈ ਲੋਕ ਜਿਹੜੇ ਗੌਰਮਿੰਟ ਆਫ਼ ਇੰਡੀਆ ਐਕਟ ਦੁਆਰਾ ਦਿਤੇ ਗਏ ਸੰਵਿਧਾਨ ਅਧੀਨ ਰਹਿ ਰਹੇ ਹਨ, ਭਾਰਤੀ ਰਿਆਸਤਾਂ ਦੇ ਅਧਿਕਾਰ ਖੇਤਰ ਵਿਚ ਜਾਣ ਲਈ ਤਿਆਰ ਹੋਣਗੇ ਤਾਂ ਜੋ ਭਾਰਤੀ ਰਿਆਸਤਾਂ ਆਪਣੀਆਂ ਸੀਮਾਵਾਂ ਵਿਚੋਂ ਕੱਨੜ ਭਾਸ਼ੀ ਲੋਕਾਂ ਦੀ ਵਸੋਂ ਵਾਲਾ ਇਲਾਕਾ ਦੇਣ ਲਈ ਸਹਿਮਤ ਹੋ ਜਾਣ। ਮੈਨੂੰ ਇਸ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਇਸ ਲਈ ਮੈਂ ਇਸ ਮਤੇ ਦਾ ਨੋਟਿਸ ਦੇਣ ਵਾਲੇ ਸਤਿਕਾਰਯੋਗ ਮੈਂਬਰਾਂ ਨੂੰ ਕਹਾਂਗਾ ਕਿ ਉਹ ਵਿਚਾਰ ਕਰ ਕੇ ਵੇਖਣ ਕਿ ਮੇਰੇ ਵਿਚਾਰ– ਭਾਵ, ਸਾਰੇ ਕੱਨੜ ਭਾਸ਼ੀ ਲੋਕਾਂ ਨੂੰ ਇਕ ਸਾਂਝੀ ਖ਼ੁਦਮੁਖ਼ਤਿਆਰ ਸਰਕਾਰ ਵਿਚ ਸ਼ਾਮਲ ਕਰਨ ਦੀ ਪ੍ਰਾਪਤੀ, ਵਿਚ ਸਫਲ ਹੋ ਸਕਦੇ ਹਨ ? ਕੀ ਉਨ੍ਹਾਂ ਲਈ ਬਰਤਾਨਵੀ ਭਾਰਤ ਦੇ ਕੁਝ ਜ਼ਿਲ੍ਹਿਆਂ ਵਿਚਲੇ ਕੱਨੜ ਭਾਸ਼ੀ ਲੋਕਾਂ ਦੀ ਵਸੋਂ ਨੂੰ ਅੱਡ ਕਰਨਾ ਅਤੇ ਇਕ ਖ਼ੁਦਮੁਖ਼ਤਿਆਰ ਪ੍ਰਾਂਤ ਬਣਾਉਣਾ ਉਚਿਤ ਹੋਵੇਗਾ ? ਜੇਕਰ ਮੈਂ ਇੰਝ ਆਖਾਂ ਕਿ ਅਜਿਹਾ ਕਦਮ ਪੁੱਟਣ ਦਾ ਕੀ ਫ਼ਾਇਦਾ ਜਿਸ ਬਾਰੇ ਸਾਨੂੰ ਪਹਿਲਾਂ ਹੀ ਪਤਾ ਹੋਵੇ ਕਿ ਇਸ ਨਾਲ ਟੀਚਾ ਪ੍ਰਾਪਤ ਨਹੀਂ ਹੋਣਾ ?

ਹੁਣ ਮੈਂ ਦੂਜੇ ਪਾਸੇ ਆਉਂਦਾ ਹਾਂ। ਜੇਕਰ ਇਕ ਸਾਂਝੇ ਖ਼ੁਦਮਖ਼ਤਿਆਰ ਪ੍ਰਸ਼ਾਸ਼ਨ ਹੇਠ ਲਿਆਂਦੇ ਸਾਰ ਕੱਨੜ ਭਾਸ਼ੀ ਲੋਕਾਂ ਨੂੰ ਇਕੱਠਿਆਂ ਕਰਨ ਦਾ ਆਦਰਸ਼ ਪ੍ਰਾਪਤ ਕਰਨਾ ਸੰਭਵ ਨਹੀਂ ਤਾਂ ਮੇਰੇ ਦਿਮਾਗ਼ ਵਿਚ ਇਹ ਸਵਾਲ ਉਠਦਾ ਹੈ : ਕੀ ਇਹ ਪ੍ਰਸ਼ਾਸਨ, ਜਿਸ ਨੂੰ ਮੈਂ ਬਹੁ–ਭਾਸ਼ੀ ਪ੍ਰਸ਼ਾਸਨ ਕਹਿੰਦਾ ਹਾਂ, ਕੱਨੜ ਭਾਸ਼ੀ ਲੋਕਾਂ ਦੇ ਮੁੜ ਇਕੱਠੇ ਹੋਣ ਜਾਂ ਉਹ ਸਾਰੇ ਲਾਭ ਪ੍ਰਾਪਤ ਕਰਨ ਵਿਚ ਜੋ ਇਹ ਪ੍ਰਸ਼ਾਸਨ ਉਨ੍ਹਾਂ ਨੂੰ ਦੇ ਸਕਦਾ ਹੈ, ਕੋਈ ਅੜਚਨ ਪੇਸ਼ ਆਈ ਹੈ, ਕੋਈ ਮੁਸ਼ਕਲ ਪੇਸ਼ ਆਈ ਹੈ ? ਮੈਨੂੰ ਨਿੱਜੀ ਤੌਰ ਤੇ ਅਜਿਹੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ ਜਿਸ ਵਿਚ ਇਸ ਬਹੁ–ਭਾਸ਼ੀ ਪ੍ਰਾਂਤ ਦੇ ਪ੍ਰਸ਼ਾਸਨ ਵਿਚ ਕੱਨੜ ਭਾਸ਼ੀ ਲੋਕਾਂ ਨੂੰ ਕੋਈ ਅੜਚਨ ਜਾਂ ਮੁਸ਼ਕਲ ਪੇਸ਼ ਆ ਰਹੀ ਹੋਵੇ।

ਹੁਣ, ਸ੍ਰੀਮਾਨ ਜੀ, ਮੈਂ ਇਸ ਸਵਾਲ ਨੂੰ ਦੋ ਵੱਖ ਵੱਖ ਪਹਿਲੂਆਂ ਤੋਂ ਵਾਚਿਆ ਹੈ। ਸਭ ਤੋਂ ਪਹਿਲਾਂ ਮੈਂ ਨਵੀਂ ਸਰਕਾਰ ਵਿਚ ਅਹੁਦਿਆਂ ਦੀ ਵੰਡ ਦਾ ਸਵਾਲ ਲੈਂਦਾ ਹਾਂ। ਕੀ ਉਨ੍ਹਾਂ ਨੂੰ ਇਸ ਸਬੰਧ ਵਿਚ ਕੋਈ ਨੁਕਸਾਨ ਪੁੱਜਿਆ ਹੈ ? ਕੀ ਉਨ੍ਹਾਂ ਨੂੰ ਉਸ ਤੋਂ ਕੁਝ ਘਟ ਮਿਲਿਆ ਹੈ ਜਿਸ ਦੇ ਉਹ ਹੱਕਦਾਰ ਸਨ ? ਦੂਜੀ ਚੀਜ਼ ਜੋ ਮੈਂ ਪਰਖ ਵਜੋਂ ਲੈਂਦਾ ਹਾਂ ਉਹ ਹੈ : ਕੀ ਇਸ ਸਦਨ ਵਿਚ ਜਿਸ ਪ੍ਰਤੀਨਿਧਤਾ ਦੇ ਉਹ ਹੱਕਦਾਰ ਸਨ, ਉਸ ਨਾਲੋਂ ਉਨ੍ਹਾਂ ਨੂੰ ਘਟ ਪ੍ਰਤੀਨਿਧਤਾ ਮਿਲੀ ਹੈ ? ਹੁਣ, ਸ੍ਰੀਮਾਨ ਜੀ, ਮੈਂ ਅੰਕੜਿਆਂ ਵੱਲ ਆਉਂਦਾ ਹਾਂ ਅਤੇ ਅੰਕੜੇ ਲੈਣ ਲੱਗਿਆਂ ਮੈਂ ਸਾਂਝੇ ਇਲਾਕੇ (ਜਿਵੇਂ ਕਿ ਉਦਾਹਰਨ ਵਜੋਂ ਬੰਬਈ ਸ਼ਹਿਰ, ਜਿਹੜਾ ਕਿ ਵਾਸਤਵ ਵਿਚ ਨਾ ਤਾਂ ਪੂਰਾ ਮਰਾਠੀ ਭਾਸ਼ੀ ਹੈ, ਨਾ ਪੂਰਾ ਗੁਜਰਾਤੀ ਭਾਸ਼ੀ ਅਤੇ ਨਾ ਹੀ ਪੂਰਨ ਰੂਪ ਵਿਚ ਕੱਨੜ ਭਾਸ਼ੀ ਹੈ) ਨੂੰ ਨਹੀਂ ਗਿਣਿਆ। ਮੈਂ ਅਜਿਹੇ ਇਲਾਕਿਆਂ ਨੂੰ ਛੱਡ ਰਿਹਾ ਹਾਂ। ਮੈਂ ਵਿਸ਼ੇਸ਼ ਹਿੱਤਾਂ ਨੂੰ ਦਿਤੀਆਂ ਗਈਆਂ ਸੀਟਾਂ ਨੂੰ ਵੀ ਨਹੀਂ ਲੈ ਰਿਹਾ ਅਤੇ ਇਸ ਤੋਂ ਬਾਅਦ ਮੈਨੂੰ ਇਹ ਅੰਕੜੇ ਲੱਭੇ ਹਨ। ਜਿੱਥੋਂ ਤੱਕ ਆਬਾਦੀ ਦਾ ਸੰਬੰਧ ਹੈ, ਮਰਾਠੀ ਭਾਸ਼ੀ ਇਲਾਕਿਆਂ ਵਿਚ ਮਰਾਠੀ ਬੋਲਣ ਵਾਲੇ ਲੋਕਾਂ ਦੀ ਗਿਣਤੀ 9,868,765 ਹੈ। ਮਰਾਠੀ ਭਾਸ਼ੀਆਂ ਵਿਚ ਮੈਂ ਸਭਨਾਂ ਹਿੰਦੂਆਂ, ਮੁਸਲਮਾਨਾਂ ਅਤੇ ਅਨੁਸੂਚਿਤ ਜਾਤੀਆਂ ਨੂੰ ਗਿਣਿਆ ਹੈ। ਮੈਂ ਸਿਰਫ਼ ਭਾਸ਼ਾਈ ਆਧਾਰ ਮੰਨਿਆ ਹੈ – ਗੁਜਰਾਤੀ ਭਾਸ਼ੀ ਲੋਕਾਂ ਦੀ ਗਿਣਤੀ 3,422,139 ਹੈ, ਜਦੋਂ ਕਿ ਕੱਨੜ ਭਾਸ਼ੀ ਲੋਕਾਂ ਦੀ ਸੰਖਿਆ 3,266,233 ਹੈ। ਸਦਨ ਵਿਚ ਸੀਟਾਂ ਸੰਬੰਧੀ ਪੁਜ਼ੀਸ਼ਨ ਇੰਝ ਹੈ। ਨਿਰੋਲ ਆਬਾਦੀ ਦੇ ਆਧਾਰ ਤੇ ਮਰਾਠੀ ਭਾਸ਼ੀ ਲੋਕਾਂ ਨੂੰ ਦਿੱਤੀਆਂ ਗਈਆਂ 81 ਸੀਟਾਂ ਨੂੰ ਮਿਆਰ ਮੰਨਿਆਂ ਜਾਏ ਤਾਂ ਇਸ ਕਸੌਟੀ ਅਨੁਸਾਰ ਗੁਜਰਾਤੀ ਭਾਸ਼ੀ ਲੋਕਾਂ ਨੂੰ 27 ਸੀਟਾਂ ਮਿਲਣੀਆਂ ਚਾਹੀਦੀਆਂ ਸਨ। ਕੱਨੜ ਭਾਸ਼ੀ ਲੋਕਾਂ ਦੀ ਸੰਖਿਆ ਸਰਕੁਲੇਟ ਕੀਤੀ ਗਈ ਪੁਸਤਕ ਅਨੁਸਾਰ 12 ਪ੍ਰਤੀਸ਼ਤ ਹੈ ਅਤੇ ਉਸ ਅਨੁਸਾਰ ਉਹ 21 ਸੀਟਾਂ ਲਈ ਹੱਕਦਾਰ ਹਨ। ਕੀ ਅਸਲ ਵਿਚ ਉਨ੍ਹਾਂ ਨੂੰ ਇੰਨੀਆਂ ਸੀਟਾਂ ਪ੍ਰਾਪਤ ਹੋਈਆਂ ਹਨ ? ਗੁਜਰਾਤੀ ਭਾਸ਼ੀ ਲੋਕਾਂ ਨੂੰ 31 ਸੀਟਾਂ ਪ੍ਰਾਪਤ ਹਨ ਜਦੋਂ ਵਾਸਤਵ ਵਿਚ ਉਹ ਸਿਰਫ਼ 27 ਸੀਟਾਂ ਦੇ ਹੱਕਦਾਰ ਸਨ। ਕੱਨੜ ਭਾਸ਼ੀ ਲੋਕਾਂ ਨੇ 28 ਸੀਟਾਂ ਪ੍ਰਾਪਤ ਕੀਤੀਆਂ ਜਦੋਂ ਕਿ ਅਸਲ ਵਿਚ ਉਹ ਕੇਵਲ 21 ਸੀਟਾਂ ਦੇ ਹੀ ਹੱਕਦਾਰ ਸਨ।

ਹੁਣ ਅਹੁਦਿਆਂ ਦੇ ਸਬੰਧ ਵਿਚ। ਦੋਵੇਂ ਸਦਨਾਂ ਨੂੰ ਇਕੱਠਿਆਂ ਲਈਏ ਤਾਂ ਕੁੱਲ 16 ਥਾਵਾਂ ਹਨ। ਹਰ ਇਕ ਵਰਗ ਅਸਲ ਆਬਾਦੀ ਦੇ ਆਧਾਰ ਤੇ ਸੀਟਾਂ ਦੀ ਆਦਰਸ਼ ਸੰਖਿਆ ਇਸ ਪ੍ਰਕਾਰ ਹੈ: ਮਰਾਠੀ ਭਾਸ਼ੀ ਲੋਕ 19.6, ਗੁਜਰਾਤੀ ਭਾਸ਼ੀ 3.3 ਅਤੇ ਕੱਨੜ ਭਾਸ਼ੀ ਲੋਕ 3.1 ਦੇ ਹੱਕਦਾਰ ਸਨ। ਪ੍ਰਾਪਤ ਸੀਟਾਂ ਦੀ ਅਸਲ ਗਿਣਤੀ ਦੇ ਆਧਾਰ ਤੇ, ਇਸ ਗੱਲ ਤੇ ਵਿਚਾਰ ਕੀਤੇ ਬਿਨਾਂ ਕਿ ਕੀ ਕੋਟਾ ਪੂਰਾ ਸੀ ਜਾਂ ਨਹੀਂ, ਮਰਾਠੀ ਭਾਸ਼ੀ ਲੋਕਾਂ ਦਾ ਕੋਟਾ 9.3, ਗੁਜਰਾਤੀ ਭਾਸ਼ੀ ਲੋਕਾਂ ਦਾ ਕੋਟਾ 3.6 ਅਤੇ ਕੱਨੜ ਭਾਸ਼ੀ ਲੋਕਾਂ ਦਾ ਕੋਟਾ 3.1 ਸੀ। ਵਾਸਤਵ ਵਿਚ ਅਹੁਦਿਆਂ ਦੀ ਵੰਡ ਕੀ ਰਹੀ ਹੈ ? 6 ਅਹੁਦੇ ਮਰਾਠੀ ਭਾਸ਼ੀ ਲੋਕਾਂ ਨੂੰ ਦਿਤੇ ਗਏ ਹਨ, 6 ਅਹੁਦੇ ਗੁਜਰਾਤੀ ਭਾਸ਼ੀ ਲੋਕਾਂ ਨੂੰ ਅਤੇ 4 ਅਹੁਦੇ ਕੱਨੜ ਭਾਸ਼ੀ ਲੋਕਾਂ

ਨੂੰ ਦਿਤੇ ਗਏ ਹਨ।

ਸ੍ਰੀਮਾਨ ਜੀ, ਜਿਵੇਂ ਕਿ ਮੈਂ ਕਿਹਾ ਹੈ, ਮੈਨੂੰ ਮਹਾਰਾਸ਼ਟਰੀ ਹੋਣ ਦਾ ਕੋਈ ਮਾਣ ਨਹੀਂ ਪਰ ਅਸਲੀਅਤ ਤਾਂ ਅਸਲੀਅਤ ਹੈ। ਅਤੇ, ਜਦੋਂ ਮੈਂ ਇਸ ਦਾ ਇਸਤੇਮਾਲ ਕਰਦਾ ਹਾਂ ਤਾਂ ਮੈਂ ਸਦਨ ਨੂੰ ਇਸ ਸਬੰਧ ਵਿਚ ਚੌਕਸ ਕਰਨਾ ਚਾਹੁੰਦਾ ਹਾਂ। ਮੈਂ ਇਸ ਨੂੰ ਸ਼ਿਕਾਇਤ ਵਜੋਂ ਨਹੀਂ ਕਹਿ ਰਿਹਾ ਅਤੇ ਨਾ ਹੀ ਮੇਰਾ ਇਸ ਤਰ੍ਹਾਂ ਕਰਨ ਦਾ ਕੋਈ ਮਨਸ਼ਾ ਹੈ। ਮੈਂ ਸਿਰਫ਼ ਇਹ ਅਸਲੀਅਤ ਦੱਸਣ ਲਈ ਹੀ ਹਵਾਲਾ ਦੇ ਰਿਹਾ ਹਾਂ। ਅਸਲੀਅਤ ਇਹ ਹੈ ਕਿ ਘਟ ਗਿਣਤੀ ਵਾਲੇ ਲੋਕਾਂ, ਅਰਥਾਤ ਗੁਜਰਾਤੀ ਭਾਸ਼ੀ ਅਤੇ ਕੰਨੜ ਭਾਸ਼ੀ ਲੋਕਾਂ ਨਾਲ ਨਾ ਤਾਂ ਸੀਟਾਂ ਦੇ ਮਾਮਲੇ ਵਿਚ ਅਤੇ ਨਾ ਹੀ ਅਹੁਦਿਆਂ ਦੇ ਮਾਮਲੇ ਵਿਚ ਕੋਈ ਨਿਆਂ ਕੀਤਾ ਗਿਆ ਹੈ। ਇਸ ਸਦਨ ਵਿਚ ਮਾਮਲੇ ਤੇ ਬਹਿਸ ਤੋਂ ਪਹਿਲਾਂ ਮੈਂ ਆਪਣੇ ਸਤਿਕਾਰਯੋਗ ਮਿੱਤਰ ਸ਼੍ਰੀ ਜੋਗ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਸੀ ਕਿ ਜੇਕਰ ਉਹ ਮੇਰੇ ਗਿਆਨ ਅਤੇ ਧਾਰਣਾ ਅਨੁਸਾਰ ਇਹ ਸਾਬਤ ਕਰ ਦੇਣ ਕਿ ਕਰਨਾਟਕ ਦੇ ਲੋਕਾਂ ਨਾਲ ਨੂੰ ਤਰ੍ਹਾਂ ਹਾਨੀ ਹੋਈ ਹੈ, ਭਾਵੇਂ ਉਨ੍ਹਾਂ ਨੂੰ ਸਦਨ ਵਿਚ ਚੋਖੀ ਅਤੇ ਉਚਿਤ ਪ੍ਰਤੀਨਿਧਤਾ ਨਹੀਂ ਮਿਲੀ ਜਾਂ ਫਿਰ ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਚੋਖੀ ਲੋੜੀਂਦੀ ਪ੍ਰਤੀਨਿਧਤਾ ਪ੍ਰਾਪਤ ਨਹੀਂ ਹੋਈ, ਤਾਂ ਮੇਰਾ ਸਮਰਥਨ ਉਨ੍ਹਾਂ ਨੂੰ ਸਦਾ ਪ੍ਰਾਪਤ ਰਹੇਗਾ। ਮੈਂ ਇਸ ਲਈ ਹਰ ਵਕਤ ਤਿਆਰ ਹਾਂ। ਪਰ ਸ੍ਰੀਮਾਨ ਜੀ, ਇਨ੍ਹਾਂ ਅੰਕੜਿਆਂ (ਜਿਨ੍ਹਾਂ ਦਾ ਅਧਿਐਨ ਕਰਨ ਵਿਚ ਮੈਂ ਬੜੀ ਹੀ ਸਾਵਧਾਨੀ ਵਰਤੀ ਹੈ ਅਤੇ ਇਹ ਸਰਕਾਰੀ ਅੰਕੜਿਆਂ ਵਿਚੋਂ ਹੀ ਲਏ ਗਏ ਹਨ) ਵੱਲ ਝਾਤ ਮਾਰਦਿਆਂ ਇਹ ਗੱਲ ਘਟੋ ਘਟ ਮੈਂ ਆਪਣੇ ਵਲੋਂ ਤਾਂ ਆਖ ਹੀ ਸਕਦਾ ਹਾਂ ਕਿ ਮੈਨੂੰ ਇਹ ਗੱਲ ਕਿਤੇ ਵੀ ਨਜ਼ਰ ਨਹੀਂ ਆਉਂਦੀ ਕਿ ਕਰਨਾਟਕ ਦੇ ਲੋਕਾਂ ਨੂੰ ਬੰਬਈ ਪ੍ਰੈਜ਼ੀਡੈਂਸੀ ਵਿਚ ਰਹਿੰਦਿਆਂ ਕਿਸੇ ਕਿਸਮ ਦਾ ਕੋਈ ਨੁਕਸਾਨ ਪੁੱਜਾ ਹੋਵੇ।

ਸ੍ਰੀਮਾਨ ਜੀ, ਹੁਣ ਇਕ ਹੋਰ ਦਲੀਲ, ਇਕ ਸਵਾਲ, ਜਿਸਨੂੰ ਮੈਂ ਬਹੁਤ ਹੀ ਅਹਿਮ ਸਮਝਦਾ ਹਾਂ ਅਤੇ ਜਿਸ ਤੇ ਸਿਰਫ਼ ਇਸ ਪਾਸੇ ਬੈਠੇ ਮੈਨੂੰ ਹੀ ਨਹੀਂ ਬਲਕਿ ਇਸ ਮਤੇ ਦੇ ਪ੍ਰਸਤਾਵਕਾਂ ਨੂੰ ਜ਼ਰੂਰ ਵਿਚਾਰ ਕਰਨਾ ਪਵੇਗਾ, ਉਹ ਹੈ-ਵਿੱਤ ਦਾ ਮਾਮਲਾ। ਕੀ ਨਵੇਂ ਗਠਿਤ ਕੰਨੜ ਭਾਸ਼ੀ ਪ੍ਰਾਂਤ ਲਈ ਵਿੱਤੀ ਤੌਰ ਤੇ ਖ਼ਰਚਿਆਂ ਦਾ ਉਹੀ ਮਿਆਰ ਕਾਇਮ ਰੱਖਣਾ ਸੰਭਵ ਹੋ ਸਕੇਗਾ ਜਿਸ ਨੂੰ ਅਜ ਕਲ੍ਹ ਦੇ ਆਧੁਨਿਕ ਸਮੇਂ ਵਿਚ ਹਰ ਇਕ ਸਭਿਅ ਸਰਕਾਰ ਨੇ ਸ੍ਵੀਕਾਰ ਕੀਤਾ ਹੋਇਆ ਹੈ? ਮੈਂ ਸਮਝਦਾ ਹਾਂ ਕਿ ਇਹ ਬਹੁਤ ਹੀ ਅਹਿਮ ਸਵਾਲ ਹੈ। ਦੂਜੇ ਪਾਸੇ ਬੈਠੇ ਮੇਰੇ ਦੋਸਤਾਂ ਨੇ ਮਤੇ ਦੇ ਹੱਕ ਵਿਚ ਬੋਲਦਿਆਂ ਸਦਨ ਦਾ ਧਿਆਨ ਇਸ ਸ਼ਿਕਾਇਤ ਵਲ ਦਿਵਾਇਆ ਹੈ ਕਿ ਬੀਤੇ ਸਮੇਂ ਵਿਚ ਕਰਨਾਟਕ ਨੂੰ ਇਸ ਪ੍ਰਾਂਤ ਦੀ ਸਰਕਾਰ ਦੀ ਅਣਗਹਿਲੀ ਕਾਰਣ ਕਾਫ਼ੀ ਨੁਕਸਾਨ ਪੁੱਜਾ ਹੈ।

ਮਾਨਯੋਗ ਸਪੀਕਰ: ਮੈਂ ਮਾਨਯੋਗ ਮੈਂਬਰ ਦਾ ਧਿਆਨ ਸਿਰਫ਼ ਸਮੇਂ ਦੀ ਸੀਮਾਂ ਵਲ ਦਿਵਾਉਣਾ ਚਾਹਵਾਂਗਾ।

ਡਾਕਟਰ ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਜੇਕਰ ਆਪ ਚਾਹੁੰਦੇ ਹੋ ਤਾਂ ....

ਮਾਨਯੋਗ ਸਪੀਕਰ : ਮੈਂ ਮਾਨਯੋਗ ਮੈਂਬਰ ਨੂੰ ਉਨ੍ਹਾਂ ਦੀ ਦਲੀਲ ਵਿਚਾਲਿਓਂ ਟੋਕਣਾ ਨਹੀਂ ਚਾਹੁੰਦਾ, ਪਰ ਮੈਂ ਉਨ੍ਹਾਂ ਨੂੰ ਭਾਸ਼ਣਾਂ ਉੱਤੇ ਸਮੇਂ ਦੀ ਪਾਬੰਦੀ ਦੀ ਯਾਦ ਕਰਵਾਉਂਦਾ ਹਾਂ। ਇਸ ਲਈ ਉਹ ਸੰਖੇਪ ਵਿਚ ਹੀ ਦਲੀਲ ਦੇਣ।

ਡਾਕਟਰ ਬੀ.ਆਰ.ਅੰਬੇਡਕਰ : ਵਿੱਤ ਸਬੰਧੀ ਮਾਮਲੇ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ: ਜਿਹੜੀ ਪੁਸਤਕ ਇਥੇ ਪ੍ਰਸਾਰਿਤ ਕੀਤੀ ਗਈ ਹੈ ਉਸ ਵਿਚ ਸਾਨੂੰ ਕੁਝ ਅੰਕੜੇ ਉਪਲਬਧ ਕੀਤੇ ਗਏ ਹਨ।ਅੰਤਿਕਾ 'ਬੀ' ਵਿਚ ਦਸਿਆ ਗਿਆ ਹੈ ਕਿ ਨਵੇਂ ਕੱਨੜ ਭਾਸ਼ੀ ਪ੍ਰਾਂਤ ਦਾ ਕੁਲ ਖ਼ਰਚਾ 2 ਕਰੋੜ ਰੁਪਏ ਦੇ ਲਗਭਗ ਹੋਵੇਗਾ ਜਦੋਂ ਕਿ ਕੁਲ ਆਮਦਨ 2.57 ਲੱਖ ਰੁਪਏ ਹੋਵੇਗੀ। ਮੈਨੂੰ ਇਹ ਨਹੀਂ ਪਤਾ ਕਿ ਇਸ ਅੰਤਿਕਾ ਵਿਚ ਦਿਤੇ ਗਏ ਅੰਕੜਿਆਂ ਵਿਚ ਪ੍ਰਾਂਤ ਦੇ ਪ੍ਰਸ਼ਾਸ਼ਨ ਨੂੰ ਚਲਾਉਣ ਲਈ ਉਪਰਲੇ ਖ਼ਰਚੇ ਜਿਨ੍ਹਾਂ ਨੂੰ ਬੱਝੇ ਖ਼ਰਚੇ ਕਿਹਾ ਜਾਂਦਾ ਹੈ, ਕਿਸ ਹਦ ਤੱਕ ਸ਼ਾਮਲ ਕੀਤੇ ਗਏ ਹਨ ? ਮੈਨੂੰ ਤਾਂ ਸਿਰਫ ਆਮਦਨ ਅਤੇ ਖ਼ਰਚਿਆਂ ਦੀਆਂ ਕੁਝ ਮੱਦਾਂ ਹੇਠ ਕੁਝ ਰਕਮਾਂ ਹੀ ਲਭੀਆਂ ਹਨ। ਮੈਨੂੰ ਗਵਰਨਰ ਦੀ ਤਨਖ਼ਾਹ, ਉਸਦੇ ਨਿੱਜੀ ਸਟਾਫ਼, ਸਕੱਤਰਾਂ, ਮੰਤਰੀਆਂ, ਡਾਇਰੈਕਟਰ ਸਿਖਿਆ ਵਿਭਾਗ (ਜੋ ਕਿ ਲਾਜ਼ਮੀ ਹੋਵੇਗਾ), ਪੁਲੀਸ ਦੇ ਇਨਸਪੈਕਟਰ ਜਨਰਲ, ਹੈਲਥ ਅਫ਼ਸਰ ਅਤੇ ਉਨ੍ਹਾਂ ਸਾਰੇ ਉੱਚ ਅਧਿਕਾਰੀਆਂ (ਜਿਹੜੇ ਕਿ ਪ੍ਰਸ਼ਾਸਨ ਨੂੰ ਚਲਾਉਣ ਲਈ ਜ਼ਰੂਰੀ ਹਨ) ਨੂੰ ਤਨਖ਼ਾਹਾਂ ਦੀ ਅਦਾਇਗੀ ਲਈ ਖ਼ਰਚੇ ਕਿਤੇ ਵੀ ਨਹੀਂ ਲਭੇ।

ਸ੍ਰੀ ਵ.ਨ.ਜੋਗ : ਤੁਹਾਨੂੰ ਇਹ ਅੰਕੜੇ ਦੂਜੀ ਪੁਸਤਕ ਦੀ ਅੰਤਿਕਾ 'ਬੀ' ਵਿਚੋਂ ਲਭ ਪੈਣਗੇ।

ਸ੍ਰੀ ਵ.ਨ.ਅੰਬੇਡਕਰ : ਹੋ ਸਕਦਾ ਹੈ ਹੋਣ। ਪਰ, ਸ੍ਰੀਮਾਨ ਜੀ, ਹਾਲ ਦੀ ਘੜੀ ਜੇ ਇਸ ਨੂੰ ਬਜਟ ਮੰਨ ਲਈਏ ਤਾਂ ਕੋਈ ਪੰਜ ਲੱਖ ਜਾਂ ਇੰਨੀ ਕੁ ਰਕਮ ਵਾਧੂ ਬਚੇਗੀ। ਇਸ ਸਬੰਧ ਵਿਚ ਮੈਂ ਇਕ ਸਵਾਲ ਪੁਛਣਾ ਚਾਹੁੰਦਾ ਹਾਂ। ਕੀ ਇਹ ਆਮਦਨ ਉਹ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਾਫ਼ੀ ਹੋਵੇਗੀ ਜੋ ਇਕ ਆਧੁਨਿਕ ਪ੍ਰਸ਼ਾਸਨ ਨੂੰ ਮੁਹੱਈਆ ਕਰਨ ਲਈ ਚਾਹੀਦੀਆਂ ਹਨ ? ਜੇਕਰ ਮੇਰੇ ਫ਼ਾਜ਼ਿਲ ਦੋਸਤ ਨੂੰ ਇਹ ਪਤਾ ਹੋਵੇ ਕਿ ਬੰਬਈ ਨਗਰ ਨਿਗਮ ਦੀ ਆਮਦਨ ਕਿੰਨੀ ਹੈ ਤਾਂ ਉਨ੍ਹਾਂ ਨੂੰ ਪਤਾ ਚਲੇਗਾ ਕਿ ਨਵੇਂ ਪ੍ਰਾਂਤ ਦੀ ਆਮਦਨ ਬੰਬਈ ਨਗਰ ਨਿਗਮ ਦੀ ਆਮਦਨ ਦਾ ਅੱਧ ਵੀ ਨਹੀਂ ਹੋਵੇਗੀ। ਬੰਬਈ ਨਗਰ ਨਿਗਮ ਦੀ ਆਮਦਨ ਚਾਰ ਕਰੋੜ ਰੁਪਏ ਹੈ ਅਤੇ ਇਸ ਚਾਰ ਕਰੋੜ ਰੁਪਏ ਦੀ ਆਮਦਨ ਨਾਲ ਬੰਬਈ ਨਗਰ ਨਿਗਮ ਉਹ ਸਭ ਕੁਝ ਨਹੀਂ ਕਰ ਸਕਦੀ ਜੋ ਕਿ ਆਧੁਨਿਕ ਸਰਕਾਰ ਨੂੰ ਕਰਨਾ ਚਾਹੀਦਾ ਹੈ। ਮੈਂ ਇਹ ਪੁਛਦਾ ਹਾਂ, ਅਤੇ ਬੜੀ ਗੰਭੀਰਤਾ ਨਾਲ ਇਹ ਕਹਿੰਦਾ ਹਾਂ – ਕੀ ਇਹ ਵਿਚਾਰ ਅਜਿਹਾ ਨਹੀਂ ਜਿਸ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ? ਮੇਰੇ ਫ਼ਾਜ਼ਿਲ ਦੋਸਤ ਨੇ ਬਹਿਸ ਦੇ ਦੌਰਾਨ ਉੜੀਆ ਦੇ ਮੁੱਖ ਮੰਤਰੀ ਦੁਆਰਾ ਦਿਤੇ ਗਏ ਭਾਸ਼ਣ ਦਾ ਹਵਾਲਾ ਦਿਤਾ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਹੀ ਖ਼ੁਸ਼ੀ ਹੈ ਕਿ ਸਾਰੇ ਅੰਗ ਇਕੱਠੇ ਕਰ ਦਿਤੇ ਗਏ ਹਨ।ਮੈਨੂੰ ਨਹੀਂ ਪਤਾ, ਮੇਰੇ ਸਤਿਕਾਰਯੋਗ

ਮਿੱਤਰ ਉਦੋਂ ਕੀ ਕਹਿਣਗੇ ਜਦੋਂ ਮੈਂ ਇਹ ਆਖਾਂ ਕਿ ਅੰਗਾਂ ਲੂੰ ਇਕੱਠਿਆਂ ਕਰਨਾ ਇੰਨਾਂ ਮਹੱਤਵਪੂਰਨ ਨਹੀਂ ਜਿੰਨਾ ਕਿ ਉਨ੍ਹਾਂ ਲਈ ਖ਼ੁਰਾਕ ਮੁਹੱਈਆ ਕਰਨਾ ਹੈ। ਇਹ ਇਕ ਪ੍ਰਸ਼ਨ ਹੈ ਜਿਸ ਤੇ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ। ਸ੍ਰੀਮਾਨ ਜੀ, ਮੈਂ ਇਹ ਕਹਿੰਦਾ ਹਾਂ, ਅਤੇ ਬੜਾ ਜ਼ੋਰ ਦੇ ਕੇ ਕਹਿ ਰਿਹਾ ਹਾਂ ਕਿ ਇਸ ਦੇਸ ਵਿਚ ਸਭ ਤੋਂ ਵੱਡੀ ਦਿਲ ਦੁਖਾਉਣ ਵਾਲੀ ਗੱਲ ਇਹ ਹੈ ਕਿ ਲੋਕਾਂ ਨੂੰ ਛੋਟੀਆਂ ਛੋਟੀਆਂ ਸੰਸਥਾਵਾਂ ਵਿਚ ਵੰਡ ਦਿਤਾ ਜਾਵੇ ਜਿਨ੍ਹਾਂ ਦੀ ਆਮਦਨ ਇਕ ਸਾਧਾਰਨ ਸਥਾਨਕ ਬੋਰਡ ਦੀ ਆਮਦਨ ਨਾਲੋਂ ਵਧ ਨਹੀਂ। ਪ੍ਰਾਂਤ ਨੂੰ ਅੱਡ ਕਰਨ ਨਾਲ ਉਨ੍ਹਾਂ ਕੁਝ ਲੋਕਾਂ ਦੀ ਤ੍ਰਿਸ਼ਨਾ ਪੂਰੀ ਹੋ ਜਾਵੇਗੀ ਜੋ ਪ੍ਰਾਂਤ ਦੇ ਮੁਖੀ ਦੇ ਤੌਰ ਤੇ ਆਪਣਾ ਨਾਂ ਕਰਨਾ ਚਾਹੁੰਦੇ ਹਨ, ਪਰ ਬਾਕੀ ਦੀ ਆਬਾਦੀ ਦਾ ਕੀ ਬਣੇਗਾ ਜਿਨ੍ਹਾਂ ਲਈ ਰੋਟੀ, ਕਪੜਾ ਅਤੇ ਮਕਾਨ ਉਪਬਲਧ ਕਰਨ ਦੀ ਜ਼ਰੂਰਤ ਹੈ? ਸਾਡੇ ਵਿਚੋਂ ਕੋਈ ਵੀ ਵਿਅਕਤੀ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਪੂਰੇ ਜ਼ੋਰ ਨਾਲ ਇਹ ਕਹਿੰਦਾ ਹਾਂ: ਸ੍ਰੀਮਾਨ ਜੀ, ਆਖ਼ਰਕਾਰ ਇਹ ਜ਼ਿਲ੍ਹੇ ਕੀ ਹਨ? ਇਨ੍ਹਾਂ ਵਿਚੋਂ ਦੋ ਜ਼ਿਲ੍ਹਿਆਂ ਵਿਚ ਕਾਲ ਪਿਆ ਹੈ। ਬੀਜਾਪੁਰ ਦਾ ਸਾਰਾ ਜ਼ਿਲ੍ਹਾ ਕਾਲ ਪੀੜਤ ਹੈ। ਜਿਵੇਂ ਕਿ ਮੈਨੂੰ ਲਗਿਆ ਹੈ, ਸਾਰਾ ਬੈਲਾਰੀ ਜ਼ਿਲ੍ਹਾ ਵੀ ਕਾਲ ਦਾ ਮਾਰਿਆ ਹੋਇਆ ਹੈ। ਕਾਲ ਤੋਂ ਪ੍ਰਭਾਵਤ ਇਲਾਕਿਆਂ ਤੋਂ ਉਹ ਕਿਸ ਕਿਸਮ ਦੇ ਮਾਲੀਏ ਦੀ ਆਸ ਰਖਦੇ ਹਨ? ਕੀ ਬੰਬਈ ਪ੍ਰੈਜ਼ੀਡੈਂਸੀ ਤੋਂ ਇਨ੍ਹਾਂ ਨੂੰ ਅਲੱਗ ਕਰਨ ਨਾਲ ਹੀ ਗਾਂ ਦੁੱਧਲ (ਲਵੇਗੀ) ਬਣ ਜਾਵੇਗੀ?

ਇਕ ਹੋਰ ਸਵਾਲ ਜਿਸ ਵੱਲ ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ: ਘਟ ਗਿਣਤੀ ਦਾ ਮੈਂਬਰ ਹੋਣ ਦੇ ਨਾਤੇ ਲਾਜ਼ਮੀ ਹੈ ਕਿ ਮੈਂ ਇਸ ਨੂ ਘਟ ਗਿਣਤੀ ਦੇ ਨਜ਼ਰੀਏ ਤੋਂ ਸੋਚਾਂ ਵਿਚਾਰਾਂ। ਮੈਨੂੰ ਬਹੁਤ ਖ਼ੁਸ਼ੀ ਹੈ ਕਿ ਮੱਤੇ ਦੇ ਹੱਕ ਵਿਚ ਬੋਲਣ ਵਾਲੇ ਬਹੁਤ ਸਾਰੇ ਮੈਂਬਰਾਂ ਨੇ ਯਕੀਨ ਦਿਵਾਇਆ ਹੈ ਕਿ ਮੁਸਲਮਾਨਾਂ ਅਤੇ ਹਰੀਜਨਾਂ ਦੇ ਹਿਤਾਂ ਦੀ ਰੱਖਿਆ ਕੀਤੀ ਜਾਵੇਗੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰਾਂਤ ਦੇ ਇਲਾਕਿਆਂ ਦੀ ਵੰਡ ਹੋਣ ਦੇ ਨਾਲ ਨਾਲ ਘਟ ਗਿਣਤੀ ਦੀ ਵੀ ਵੰਡ ਹੋ ਜਾਵੇਗੀ। ਮੈਂ ਇਹ ਗੱਲ ਕਦੇ ਨਹੀਂ ਭੁੱਲ ਸਕਦਾ ਕਿ ਕਰਨਾਟਕ ਵਿਚ ਸਾਡੀਆਂ ਸਿਰਫ਼ ਦੋ ਹੀ ਸੀਟਾਂ ਹਨ। ਮੈਨੂੰ ਯਕੀਨ ਹੈ ਕਿ ਕਰਨਾਟਕ ਤੋਂ ਆਉਣ ਵਾਲੇ ਉਹ ਮੈਂਬਰ ਜ਼ਰੂਰ ਹੀ ਇਹ ਮਹਿਸੂਸ ਕਰਦੇ ਹੋਣਗੇ ਕਿ ਉਨ੍ਹਾਂ ਦੀ ਤਾਕਤ ਇਸ ਕਰ ਕੇ ਹੀ ਹੈ ਕਿ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਪ੍ਰੈਜ਼ੀਡੈਂਸੀ ਦੇ ਦੂਜੇ ਹਿੱਸਿਆਂ ਤੋਂ ਆਉਣ ਵਾਲੇ 13 ਮੈਂਬਰ ਹਨ। ਉਨ੍ਹਾਂ ਦਾ ਕੀ ਬਣੇਗਾ? ਇਸੇ ਹੀ ਤਰ੍ਹਾਂ, ਮਿਸਾਲ ਵਜੋਂ, ਮੈਨੂੰ ਯਕੀਨ ਹੈ ਕਿ ਕਰਨਾਟਕ ਤੋਂ ਮੁਸਲਿਮ ਭਾਈਚਾਰੇ ਦੀਆਂ 8 ਸੀਟਾਂ ਹਨ।

ਸਰ ਅਲੀ ਮੁਹੰਮਦ ਖ਼ਾਨ ਦੇਹਲਵੀ : ਸਿਰਫ਼ ਚਾਰ!

ਡਾਕਟਰ ਬੀ.ਆਰ.ਅੰਬੇਡਕਰ: ਬਹੁਤ ਖ਼ੂਬ! ਮੈਂ ਹੁਣ ਦਲੀਲ ਨਹੀਂ ਦੇਵਾਂਗਾ, ਕਿਉਂਜੋ ਮੇਰੇ ਕੋਲ ਸਮਾਂ ਥੋੜ੍ਹਾ ਹੈ। ਪਰ, ਸ੍ਰੀਮਾਨ ਜੀ, ਅਸੀਂ ਇਸ ਕਿਸਮ ਦੀ ਵੰਡ ਦੀ ਇਜਾਜ਼ਤ ਨਹੀਂ ਦੇ ਸਕਦੇ। ਇਹ ਚੰਗੀ ਗੱਲ ਹੈ ਕਿ ਬਹੁ-ਗਿਣਤੀ ਦੇ ਮੈਂਬਰ ਨੇ ਕਿਹਾ ਹੈ ਕਿ ਉਹ

ਫ਼ਰਾਖ਼ਦਿਲ ਅਤੇ ਮਿਹਰਬਾਨ ਹੋਣਗੇ। ਅਸੀਂ ਉਨ੍ਹਾਂ ਦੀ ਫ਼ਰਾਖ਼ਦਿਲੀ ਅਤੇ ਮਿਹਰਬਾਨੀ ਜਾਂ ਕ੍ਰਿਪਾ ਦੇ ਪਾਤਰ ਬਣਕੇ ਉਨ੍ਹਾਂ ਤੇ ਆਸਰਿਤ ਨਹੀਂ ਰਹਿ ਸਕਦੇ। ਅਸੀਂ ਹੱਕ ਮੰਗਦੇ ਹਾਂ ਅਤੇ ਹੱਕ ਕਦੇ ਵੀ ਦਿਆਲਤਾ ਨਾਲ ਨਹੀਂ ਦਿਤੇ ਜਾ ਸਕਦੇ। ਕਿਸੇ ਭਾਈਚਾਰੇ ਨੂੰ, ਜੋ ਕਿ ਨਿਰੋਲ ਆਬਾਦੀ ਤੇ ਆਧਾਰ ਤੇ ਛੋਟੀ ਜਿਹੀ ਘਟ ਗਿਣਤੀ ਹੈ-ਜੇਕਰ ਮੰਨ ਲਿਆ ਜਾਵੇ ਕਿ ਉਹ ਉਸ ਨੂੰ ਕੁਝ ਮਹੱਤਾ ਦੇਣ ਲਈ ਤਿਆਰ ਵੀ ਹਨ-ਉਹ ਕੀ ਮਹੱਤਾ ਦੇ ਸਕਦੇ ਹਨ ਜਿਸ ਦੀ ਆਬਾਦੀ ਕੁਝ ਲੱਖ ਹੀ ਹੈ ? ਇਹ ਵੀ ਇਕ ਮੁੱਦਾ ਹੈ, ਜਿਸ ਲਈ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹਾਂ। ਇਸ ਵੰਡ ਨੂੰ ਮੈਂ ਸਵੀਕਾਰ ਕਰਨ ਲਈ ਤਿਆਰ ਨਹੀਂ। ਸਾਡੀ ਤਾਕਤ ਬਹੁ-ਭਾਸ਼ੀ ਰਾਜ ਵਿਚ ਹੀ ਹੈ। ਮੈਂ ਆਖਣਾ ਤਾਂ ਚਾਹੁੰਦਾ ਹਾਂ ਪਰ ਮੈਨੂੰ ਡਰ ਹੈ ਕਿ ਜੇਕਰ ਕਰਨਾਟਕ ਦੇ ਇਕ ਨਵੇਂ ਪ੍ਰਾਂਤ ਦੀ ਸਿਰਜਣਾ ਕੀਤੀ ਗਈ ਤਾਂ ਇਹ ਦੂਜਿਆਂ ਸਾਰਿਆਂ ਦੇ ਮੁਕਾਬਲੇ ਨਿਰੋਲ ਲਿੰਗਾਯਤਾਂ ਦਾ ਹੀ ਪ੍ਰਾਂਤ ਬਣ ਜਾਵੇਗਾ। ਮੈਂ ਸਿਧੀ ਗੱਲ ਕਰਾਂਗਾ। ਮਿਸਾਲ ਦੇ ਤੌਰ ਤੇ ਜੇਕਰ ਵੰਡ ਹੋ ਜਾਂਦੀ ਹੈ ਤਾਂ ਕੱਨੜ ਭਾਸ਼ੀ ਲੋਕਾਂ ਵਿਰੁੱਧ ਮਰਾਠੇ ਇਕ ਜੁਟ ਇਕੱਠੇ ਖੜ੍ਹੇ ਹੋ ਜਾਣਗੇ। ਅਸੀਂ ਅਜਿਹਾ ਨਹੀਂ ਚਾਹੁੰਦੇ ਅਤੇ ਨਾ ਹੀ ਉਹ ਸਾਂਝਾ ਮੁਹਾਜ਼ ਸੰਭਵ ਹੈ ਜਿਹੜਾ ਕਿ ਅਜ ਕਲ੍ਹ ਸਾਡਾ ਹੈ।

ਇਕ ਹੋਰ ਗੱਲ ਜਿਸ ਵੱਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਤੇ ਇਹ ਕਹਿ ਕੇ ਮੈਂ ਭਾਸ਼ਣ ਬੰਦ ਕਰ ਦਿਆਂਗਾ। ਮੈਨੂੰ ਪਤਾ ਹੈ ਕਿ ਸ਼ਾਇਦ ਕੁਝ ਲੋਕ ਹੋਣਗੇ ਜੋ ਮੇਰੇ ਨਾਲ ਇਸ ਗਲ ਤੇ ਸਹਿਮਤ ਨਾ ਹੋਣ ਪਰ ਇਹ ਮੇਰਾ ਵਿਸ਼ਵਾਸ਼ ਹੈ ਕਿ ਅੰਗ੍ਰੇਜ਼ਾਂ ਨੇ ਭਾਵੇਂ ਇਤਿਹਾਸ ਵਿਚ ਕੁਝ ਵੀ ਕੀਤਾ ਹੈ ਅਤੇ ਜੋ ਕੁਝ ਉਹ ਨਹੀਂ ਕਰ ਸਕੇ-ਅਤੇ ਬਹੁਤ ਸਾਰੀਆਂ ਚੀਜ਼ਾਂ ਇਹੋ ਜਿਹੀਆਂ ਹਨ ਜਿਹੜੀਆਂ ਉਹ ਆਪਣੇ ਹਿੱਤਾਂ ਕਾਰਨ ਨਹੀਂ ਕਰ ਸਕੇ-ਪਰ ਦੋ ਅਜਿਹੀਆਂ ਚੀਜ਼ਾਂ ਉਨ੍ਹਾਂ ਨੇ ਕੀਤੀਆਂ ਹਨ ਜਿਨ੍ਹਾਂ ਨੂੰ ਫ਼ਰਾਖ਼ਦਿਲੀ ਨਾਲ ਸਵੀਕਾਰਦਾ ਹੋਇਆ ਮੈਂ ਕਹਿੰਦਾ ਹਾਂ ਕਿ ਇਹ ਚੀਜ਼ਾਂ ਇਸ ਦੇਸ ਤੇ ਉਨ੍ਹਾਂ ਦੀ ਹਕੂਮਤ ਦੀ ਯਾਦਗਾਰ ਹੋਣਗੀਆਂ ਅਤੇ ਜਿਹੜੀਆਂ ਉਨ੍ਹਾਂ ਦੇ ਇਸ ਦੇਸ ਤੋਂ ਚਲੇ ਜਾਣ ਤੋਂ ਬਾਅਦ ਵੀ ਸੁਰਜੀਤ ਰਹਿਣਗੀਆਂ। ਇਕ ਚੀਜ਼ ਜਿਹੜੀ ਉਨ੍ਹਾਂ ਨੇ ਸਾਨੂੰ ਦਿਤੀ ਹੈ, ਉਹ ਹੈ: ਕਾਨੂੰਨ ਦੀ ਸਾਂਝੀ ਨਿਯਮਾਵਲੀ ! ਤੁਸੀਂ ਕਸ਼ਮੀਰ ਤੋਂ ਹੇਠ ਦੱਖਣ ਵਲ ਜਿਥੇ ਮਰਜ਼ੀ ਚਲੇ ਜਾਓ 'ਕਤਲ' ਤੋਂ ਭਾਵ ਇਕੋ ਹੀ ਹੋਵੇਗਾ ਚਾਹੇ ਉਹ ਕਸ਼ਮੀਰ ਵਿਚ ਕੀਤਾ ਗਿਆ ਹੋਵੇ ਜਾਂ ਫਿਰ ਪੰਜਾਬ, ਅਤੇ ਉਤਰ ਪੱਛਮੀ ਸੀਮਾਂ ਪ੍ਰਾਂਤ ਜਾਂ ਫਿਰ ਮਦਰਾਸ ਵਿਚ ਰਾਜਾਮੁੰਦਰੀ ਵਿਖੇ। ਜਿਥੇ ਮਰਜ਼ੀ ਚਲੇ ਜਾਈਏ ਸਾਨੂੰ ਸਭਨਾਂ ਨੂੰ ਅਜ ਪਤਾ ਹੈ ਕਿ ਜਾਇਦਾਦ ਦੇ ਇੰਤਕਾਲ ਦਾ ਕੀ ਭਾਵ ਹੈ, ਅਤੇ ਗਵਾਹੀ ਦਾ ਕੀ ਮਤਲਬ ਹੈ। ਸ੍ਰੀਮਾਨ ਜੀ, ਮੈਂ ਇਹ ਇਸ ਲਈ ਕਹਿੰਦਾ ਹਾਂ ਕਿਉਂਕਿ ਸਾਡੇ ਕੋਲ ਇਹ ਚੀਜ਼ਾਂ ਨਹੀਂ ਸਨ। ਦੂਜੀ ਚੀਜ਼ ਜਿਹੜੀ ਅੰਗਰੇਜ਼ਾਂ ਨੇ ਇਹ ਕੀਤੀ ਉਹ ਇਹ ਹੈ ਕਿ ਉਨ੍ਹਾਂ ਨੇ ਸਾਨੂੰ ਸਾਂਝੀ ਕੇਂਦਰੀ ਸਰਕਾਰ ਦਿਤੀ। ਅਜਿਹੀ ਚੀਜ਼ ਪਹਿਲਾਂ ਸਾਡੇ ਕੋਲ ਨਹੀਂ ਸੀ ! ਅਸੀ ਸਾਂਝੇ ਰਾਸ਼ਟਰ ਦੇ ਨਿਰਮਾਣ ਦੇ ਰਾਹ ਤੇ ਹਾਂ, ਰਾਸ਼ਟਰਵਾਦ ਦੀ ਭਾਵਨਾ ਦੀ ਗਲ ਸੋਚਦੇ ਹਾਂ। ਇਹ ਅਹਿਸਾਸ ਕਰਦੇ ਹਾਂ ਕਿ ਅਸੀਂ ਸਾਰੇ

ਇਕ ਹਾਂ, ਤਾਂ ਇਹ ਭਾਵਨਾ ਇਸ ਕਰਕੇ ਆਈ ਹੈ ਕਿ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਅਸੀਂ ਇਕ ਸਾਂਝੀ ਸਰਕਾਰ ਦੇ ਨਾਗਰਿਕ ਹਾਂ। ਸ੍ਰੀਮਾਨ ਜੀ, ਮੈਂ ਇਸ ਸਦਨ ਦੇ ਮੈਂਬਰਾਂ ਨੂੰ ਗੁਜ਼ਾਰਸ਼ ਕਰਾਂਗਾ ਕਿ ਉਹ ਅਜਿਹਾ ਕੁਝ ਨਾ ਕਰਨ ਜਿਸ ਨਾਲ ਅਸੀਂ ਉਹਨਾਂ ਦੋ ਲਾਭਾਂ ਤੋਂ ਵਾਂਝਿਆ ਹੋ ਜਾਈਏ ਜਿਹੜੇ ਅਸੀਂ ਪ੍ਰਾਪਤ ਕੀਤੇ ਹਨ। ਮੈਂ ਜ਼ਾਤੀ ਤੌਰ ਤੇ ਸ਼ਰੇਆਮ ਕਹਿੰਦਾ ਹਾਂ ਕਿ ਇਸ ਦੇਸ ਵਿਚ ਕਿਸੇ ਖ਼ਾਸ ਸੰਸਕ੍ਰਿਤੀ – ਕੱਨੜ ਸੰਸਕ੍ਰਿਤੀ ਜਾਂ ਫਿਰ ਗੁਜਰਾਤੀ ਸੰਸਕ੍ਰਿਤੀ ਲਈ ਕੋਈ ਥਾਂ ਨਹੀਂ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਨੂੰ ਹਾਨੀਆਂ ਸਮਝਣਾ ਚਾਹੀਦਾ ਹੈ ਜਿਹੜੀਆਂ ਸਾਡੀਆਂ ਵਫ਼ਾਦਾਰੀਆਂ ਵਿਚ ਪਾੜ ਪਾ ਕੇ ਸਾਂਝੇ ਉਦੇਸ਼ ਦੀ ਪ੍ਰਾਪਤੀ ਤੋਂ ਸਾਨੂੰ ਪਰ੍ਹੇ ਲੈ ਜਾਂਦੀਆਂ ਹਨ। ਸਾਂਝਾ ਉਦੇਸ਼, ਇਹ ਭਾਵਨਾ ਪੈਦਾ ਕਰਦਾ ਹੈ ਕਿ ਅਸੀਂ ਸਾਰੇ ਹਿੰਦੁਸਤਾਨੀ ਹਾਂ। ਮੈਨੂੰ ਇਹ ਆਖਣਾ ਪਸੰਦ ਨਹੀਂ, ਜਿਵੇਂ ਕੁਝ ਲੋਕ ਕਹਿੰਦੇ ਹਨ। ਕਿ ਅਸੀਂ ਪਹਿਲਾਂ ਹਿੰਦੁਤਾਨੀ ਹਾਂ ਅਤੇ ਬਾਅਦ ਵਿਚ ਹਿੰਦੂ ਜਾਂ ਮੁਸਲਮਾਨ। ਮੇਰੀ ਇਸ ਪਖੋਂ ਤਸੱਲੀ ਨਹੀਂ ਅਤੇ ਬੜੇ ਸਾਫ਼ ਸ਼ਬਦਾਂ ਵਿਚ ਇਹ ਕਹਿੰਦਾ ਹਾਂ ਕਿ ਮੇਰੀ ਇਸ ਤਰ੍ਹਾਂ ਸੰਤੁਸ਼ਟੀ ਨਹੀਂ ਹੁੰਦੀ। ਮੈਂ ਨਹੀਂ ਚਾਹੁੰਦਾ ਕਿ ਇਕ ਹਿੰਦੁਤਾਨੀ ਹੋਣ ਦੇ ਨਾਤੇ ਸਾਡੀ ਵਫ਼ਾਦਾਰੀ ਉੱਤੇ ਇਸ ਦੇ ਮੁਕਾਬਲੇ ਦੀ ਵਫ਼ਾਦਾਰੀ ਕਾਰਨ ਰੱਤਾ ਵੀ ਕਿਸੇ ਕਿਸਮ ਦਾ ਅਸਰ ਪਵੇ, ਭਾਵੇਂ ਉਹ ਵਫ਼ਾਦਾਰੀ ਸਾਡੇ ਧਰਮ, ਸਾਡੀ ਸੰਸਕ੍ਰਿਤੀ ਜਾਂ ਫਿਰ ਸਾਡੀ ਭਾਸ਼ਾ ਤੋਂ ਪੈਦਾ ਹੋਵੇ। ਮੈਂ ਇਹ ਚਾਹੁੰਦਾ ਹਾਂ ਕਿ ਅਸੀਂ ਸਾਰੇ ਲੋਕ ਇਹ ਆਖੀਏ ਕਿ ਅਸੀਂ ਪਹਿਲਾਂ ਹਿੰਦੁਤਾਨੀ ਹਾਂ, ਆਖ਼ਰ ਵਿਚ ਹਿੰਦੁਸਤਾਨੀ ਹਾਂ ਅਤੇ ਹਿੰਦੁਸਤਾਨੀ ਹੋਣ ਤੋਂ ਸਿਵਾਏ ਹੋਰ ਕੁਝ ਵੀ ਨਹੀਂ। ਇਸੇ ਲਈ ਹੀ ਮੈਂ ਕਹਿੰਦਾ ਹਾਂ ਕਿ ਇਹ ਮਤਾ ਇਸ ਆਦਰਸ਼ ਦੇ ਬਿਲਕੁਲ ਉਲਟ ਹੈ। ਸ੍ਰੀਮਾਨ ਜੀ, ਸਾਨੂੰ ਇਸੇ ਭਾਵਨਾ ਨੂੰ ਜੋਸ਼ ਨਾਲ ਪ੍ਰਫੁਲਿਤ ਕਰਨਾ ਚਾਹੀਦਾ ਹੈ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਿਵੇਂ ਅਮਰੀਕਾ ਵਿਚ ਜਰਮਨੀ ਅਤੇ ਯੂਰਪ ਦੇ ਦੇਸ਼ਾਂ ਵਿਚ ਲੋਕ ਏਕਤਾ ਦੀ ਭਾਵਨਾ ਨਾਲ ਜਕੜੇ ਹੋਏ ਹਨ, ਉਥੇ ਕਿਸੇ ਨੂੰ ਇਹ ਮਹਿਸੂਸ ਕਰਵਾਉਣ ਦੀ ਲੋੜ ਨਹੀਂ ਪੈਂਦੀ ਕਿ ਜੇ ਉਹ ਕਿਸੇ ਵੀ ਤਰ੍ਹਾਂ ਦੇ ਵਖਰੇਪਨ ਨੂੰ ਬਰਦਾਸ਼ਤ ਕਰਦਾ ਹੈ ਤਾਂ ਉਹ ਜਰਮਨ ਨਹੀਂ। ਪਰ, ਜਿਥੇ ਇਹ ਭਾਵਨਾ ਸਾਡੇ ਹਿੰਦੁਸਤਾਨੀਆਂ ਵਿਚ ਅਜੇ ਭਰੂਣ ਰੂਪ ਵਿਚ ਹੈ ਅਤੇ ਵਿਕਸਿਤ ਹੋਣੀ ਸ਼ੁਰੂ ਹੀ ਹੋਈ ਹੈ ਉਦੋਂ ਦੂਜੀਆਂ ਵਫ਼ਾਦਾਰੀਆਂ–ਜਿਵੇਂ ਕਿ ਸੰਸਕ੍ਰਿਤੀ ਦੀ ਵਫ਼ਾਦਾਰੀ, ਕੌਮੀਅਤ ਦੀ ਵਫ਼ਾਦਾਰੀ ਆਦਿ–ਨੂੰ ਇਸ ਦੇ ਨਾਲ ਪ੍ਰਫੁਲਤ ਕਰਨ ਦੀ ਆਗਿਆ ਦੇਣੀ, ਮੈਂ ਸਮਝਦਾ ਹਾਂ ਸਭ ਤੋਂ ਵੱਡਾ ਜੁਰਮ ਹੈ ਅਤੇ ਮੈਂ ਇਸ ਵਿਚ ਭਾਗੀ ਨਹੀਂ ਬਣਾਂਗਾ। ਮੈਂ ਇਸ ਮਤੇ ਦੀ ਡਟ ਕੇ ਵਿਰੋਧਤਾ ਕਰਦਾ ਹਾਂ (ਤਾੜੀਆਂ)।

21

*ਵਿਧਾਨ ਸਭਾ ਦੀ ਕਾਰਜ-ਪ੍ਰਣਾਲੀ

ਡਾਕਟਰ .ਬੀ .ਆਰ .ਅੰਬੇਡਕਰ (ਬੰਬਈ ਨਗਰ) : ਸ਼੍ਰੀਮਾਨ ਜੀ, ਇਸ ਸੋਧਨਾ ਦੇ ਸਬੰਧ ਵਿਚ ਮੈਂ ਸਭ ਤੋਂ ਪਹਿਲਾਂ ਆਪਜੀ ਦਾ ਧਿਆਨ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 73 ਦੇ ਉਪ ਖੰਡ (2) ਵਲ ਦਿਵਾਉਣਾ ਚਾਹੁੰਦਾ ਹਾਂ ਅਤੇ ਇਸ ਬਾਰੇ ਮੇਰੀ ਪਹਿਲੀ ਗੁਜ਼ਾਰਸ ਇਹ ਹੈ ਕਿ ਇਹ ਨਿਯਮ ਧਾਰਾ 73 ਦੇ ਉਪ ਖੰਡ 2 ਦੇ ਮੱਦੇਨਜ਼ਰ ਸਦਨ ਦੇ ਨਿਯਮਾਂ ਵਿਰੁਧ ਹੋਵੇਗਾ ।ਧਾਰਾ 73 ਹੇਠ ਲਿਖੇ ਅਨੁਸਾਰ ਹੈ:

"1 ਵਿੱਤ ਬਿਲਾਂ ਦੇ ਸਬੰਧ ਵਿਚ ਇਸ ਐਕਟ ਦੇ ਇਸ ਭਾਗ ਦੇ ਵਿਸ਼ੇਸ਼ ਉਪਬੰਧਾਂ ਅਧੀਨ ਕੋਈ ਵੀ ਬਿਲ ਕਿਸੇ ਪ੍ਰਾਂਤ ਦੇ ਕਿਸੇ ਵੀ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ ਜਿਥੇ ਵਿਧਾਨ ਪਰਿਸ਼ਦ ਹੋਵੇ।

2 ਕਿਸੇ ਪ੍ਰਾਂਤ ਦੇ ਵਿਧਾਨ ਮੰਡਲ ਦੇ ਸਾਹਮਣੇ ਲੰਬਿਤ ਕੋਈ ਵੀ ਬਿਲ ਉਸ ਦੇ ਸਦਨ ਜਾਂ ਸਦਨਾਂ ਦੇ ਉਠ ਜਾਣ ਕਾਰਨ ਵਿਹਾ ਨਹੀਂ ਜਾਵੇਗਾ ।"

ਇਸ ਲਈ, ਧਾਰਾ 73 ਦੇ ਉਪ ਖੰਡ 2 ਵਿਚ ਦਰਜ ਉਪਬੰਧਾਂ ਦੇ ਮੱਦੇ ਨਜ਼ਰ ਬੇਨਤੀ ਹੈ ਕਿ ਇਹ ਸਦਨ ਇਹ ਨਿਯਮ ਬਣਾਉਣ ਦੇ ਸਮਰਥ ਨਹੀਂ ਕਿ ਕੋਈ ਬਿਲ ਦੋ ਸਮਾਗਮਾਂ ਤੋਂ ਬਾਅਦ ਜਾਂ ਇਕ ਸਾਲ ਬੀਤ ਜਾਣ ਉਪਰੰਤ ਵਿਹਾ ਜਾਵੇਗਾ ਜਿਵੇਂ ਕਿ ਮੇਰੇ ਸਤਿਕਾਰਯੋਗ ਦੋਸਤ ਸ਼੍ਰੀ ਗੁਪਤੇ ਵਲੋਂ ਦਿਤੀ ਗਈ ਸੋਧਨਾ ਰਾਹੀਂ ਸੁਝਾਅ ਦਿਤਾ ਗਿਆ ਹੈ। ਇਸ ਨਿਯਮ ਸਬੰਧੀ ਮੇਰੀ ਪਹਿਲੀ ਗੁਜਾਰਸ਼ ਇਹ ਹੈ।

ਇਸ ਨਿਯਮ ਦੇ ਸਬੰਧੀ ਮੇਰੀ ਦੂਜੀ ਗੁਜਾਰਸ਼ ਇਹ ਹੈ ਕਿ ਨਿਯਮ ਇਸ ਸਦਨ ਦੁਆਰਾ ਪਹਿਲਾਂ ਹੀ ਪਾਸ ਕੀਤੇ ਜਾ ਚੁਕੇ ਨਿਯਮ 19 ਮੇਲ ਨਾਲ ਨਹੀਂ ਖਾਂਦਾ। ਨਿਯਮ 19 ਨਿਮਨ ਅਨੁਸਾਰ ਹੈ:-

" ਇਜਲਾਸ ਦੇ ਉਠ ਜਾਣ ਤੋਂ ਬਾਅਦ ਸਾਰੇ ਲੰਬਿਤ ਪਏ ਨੋਟਸ ਵਿਹਾ ਜਾਣਗੇ ਸਿਵਾਏ ਉਨ੍ਹਾਂ ਨੋਟਿਸਾਂ ਦੇ, ਜਿਨ੍ਹਾਂ ਦਾ ਸਬੰਧ ਪ੍ਰਸ਼ਨਾਂ, ਕਾਨੂੰਨੀ ਪ੍ਰਸਤਾਵਾਂ, ਨਿਯਮ ਦੀ ਸੋਧਨਾ ਸਬੰਧੀ ਪ੍ਰਸਤਾਵਾਂ, ਅਜਿਹੇ ਪ੍ਰਸਤਾਵਾਂ ਜਿਨ੍ਹਾਂ ਤੇ ਵਿਚਾਰ ਕੀਤਾ ਜਾਣਾ ਨਿਯਮ 34 ਅਧੀਨ ਅਗਲੇ ਸਮਾਗਮ ਤਕ ਪਾ ਦਿਤਾ ਗਿਆ ਹੋਵੇ ਅਤੇ ਪੇਸ਼ ਕੀਤੇ ਜਾ ਚੁਕੇ ਬਿਲਾਂ ਨਾਲ ਹੋਵੇ।"

ਇਸ ਲਈ ਬਿਲਾਂ ਸਬੰਧੀ ਪ੍ਰਸਤਾਵਨਾ ਦਾ ਬਚਾਅ ਨਿਯਮ 19 ਦੁਆਰਾ ਹੋ ਜਾਂਦਾ ਹ। ਨਿਯਮ 19 ਲਾਗੂ ਨਹੀਂ ਹੁੰਦਾ ਅਤੇ ਮੇਰੀ ਗੁਜਾਰਸ਼ ਇਹ ਹੈ ਕਿ ਇਸ ਤੱਥ ਦੇ

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 4, ਪੰਨੇ 1062-65 ਮਿਤੀ 10 ਸਤੰਬਰ 1938

ਮੱਦੇਨਜ਼ਰ ਕਿ ਸਦਨ ਨੇ ਪਹਿਲਾਂ ਹੀ ਨਿਯਮ 19 ਪਾਸ ਕਰ ਲਿਆ ਹੈ, ਹੁਣ ਇਹ ਸਦਨ ਨਾ ਤਾਂ ਨਿਯਮ 103 ਨੂੰ ਅਤੇ ਨਾ ਹੀ ਉਸ ਸੋਧਨਾ ਨੂੰ ਸਵੀਕਾਰ ਕਰ ਸਕਦਾ ਹੈ ਜਿਸ ਦਾ ਸੁਝਾਉ ਦਿਤਾ ਗਿਆ ਹੈ।

ਮੇਰੀ ਤੀਜੀ ਗੁਜਾਰਸ਼ ਇਹ ਹੈ ਕਿ ਜੇਕਰ ਇਹ ਮੰਨ ਲਿਆ ਜਾਵੇ ਕਿ ਇਸ ਸਦਨ ਨੂੰ, ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 73 ਦੇ ਉਪ ਖੰਡ 2 ਵਿਚ ਸਪਸ਼ਟ ਉਪਬੰਧ ਹਨ ਅਤੇ ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਇਸ ਸਦਨ ਨੇ ਪਹਿਲਾਂ ਹੀ ਨਿਯਮ 19 ਪਾਸ ਕਰ ਦਿਤਾ ਹੈ, ਇਸ ਨਿਯਮ ਨੂੰ ਪਾਸ ਕਰਨ ਦਾ ਅਧਿਕਾਰ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਨਿਯਮ ਬਿਲਕੁਲ ਹੀ ਬੇਲੋੜਾ ਹੈ। ਇਹ ਨਿਯਮ ਕਹਿੰਦਾ ਹੈ,"ਜੇਕਰ ਕੋਈ ਪ੍ਰਸਤਾਵ ਨਹੀਂ ਕੀਤਾ ਜਾਂਦਾ" ਮੈਨੂੰ ਇਸ ਵਿਚ ਸ਼ਬਦ "ਪ੍ਰਸਤਾਵ" ਦੀ ਪਰਿਭਾਸ਼ਾ ਕਿਤੇ ਵੀ ਨਜ਼ਰ ਨਹੀਂ ਆਉਂਦੀ ।ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਵਿਅਕਤੀ ਉਦੋਂ ਤੱਕ ਦੂਜਾ ਪ੍ਰਸਤਾਵ ਪੇਸ਼ ਕਰਨ ਦੀ ਸਥਿਤੀ ਵਿਚ ਨਹੀਂ ਹੋਵੇਗਾ ਜਦੋਂ ਤਕ ਬਿਲ ਨੂੰ ਸਕੱਤਰ ਦੁਆਰਾ ਪੁਕਾਰਿਆ ਨਹੀਂ ਜਾਂਦਾ। ਇਸ ਦਾ ਮਤਲਬ ਇਹ ਹੋਇਆ ਕਿ ਬਿਲ, ਕਾਰਜ ਸੂਚੀ ਵਿਚ ਲਾਜ਼ਮੀ ਹੋਣਾ ਚਾਹੀਦਾ ਹੈ। ਦੂਜੇ, ਬਿਲ, ਕ੍ਰਮ ਪੱਤਰ ਆਰਡਰ ਪੇਪਰ ਤੇ ਵੀ ਲਾਜ਼ਮੀ ਤੌਰ ਤੇ ਹੋਣਾ ਚਾਹੀਦਾ ਹੈ, ਅਤੇ ਤੀਜੇ, ਇਸ ਨੂੰ ਸਕੱਤਰ ਦੁਆਰਾ ਅਵੱਸ਼ ਪੁਕਾਰਿਆ ਜਾਂਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਬਿਲ ਦੇ ਕਿਸੇ ਪ੍ਰਭਾਰੀ ਮੈਂਬਰ ਨੂੰ ਇਸ ਪ੍ਰਸਤਾਵ ਰਾਹੀਂ ਉਦੋਂ ਤੱਕ ਦੰਡਿਤ ਨਹੀਂ ਕੀਤਾ ਜਾਣਾ ਚਾਹੀਦਾ ਜਦੋਂ ਤਕ ਸਕੱਤਰ ਬਿਲ ਨੂੰ ਨਾ ਪੁਕਾਰ, ਨਹੀਂ ਤਾਂ, ਮੇਰੀ ਗੁਜਾਰਸ਼ ਹੈ ਕਿ ਉਸ ਦੀ ਇਸ ਵਿਚ ਕੋਈ ਉਕਾਈ ਨਹੀਂ ਹੋਵੇਗੀ।

ਮਾਨਯੋਗ ਸਪੀਕਰ : ਇਹ ਤਾਂ ਲਗਭਗ ਨਿਯਮ ਦੇ ਗੁਣ ਦੋਸ਼ਾਂ ਤੇ ਇਕ ਤਰਕ ਹੋਵੇਗਾ।

ਡਾਕਟਰ ਬੀ.ਆਰ.ਅੰਬੇਡਕਰ : ਇਹੋ ਤਾਂ ਮੈਂ ਕਿਹਾ ਹੈ। ਇਹ ਤੀਜੀ ਚਿਤਾਵਨੀ ਸੀ। ਪਹਿਲੀਆਂ ਦੋ ਸਨ.....

ਮਾਨਯੋਗ ਸਪੀਕਰ : ਮੈਂ ਸਮਝਦਾ ਹਾਂ ਕਿ ਪਹਿਲਾਂ ਮੈਂ ਪਹਿਲੀਆਂ ਦੋਹਾਂ ਦਾ ਨਿਪਟਾਰਾ ਕਰ ਲਵਾਂ ਅਤੇ ਫੇਰ ਮਾਨਯੋਗ ਮੈਂਬਰ ਗੁਣ ਦੋਸ਼ ਦੇ ਆਧਾਰ ਤੇ ਦਲੀਲ ਵਜੋਂ ਆਪਣੀਆਂ ਮੁਸ਼ਕਲਾਂ ਨੂੰ ਬਿਆਨ ਕਰ ਸਕਦੇ ਹਨ। ਦੋ ਮੁੱਦੇ ਉਠਾਏ ਗਏ ਹਨ ।ਜਿਨ੍ਹਾਂ ਵਿਚੋਂ ਪਹਿਲਾ ਮੁੱਦਾ ਇਹ ਹੈ ਕਿ ਇਹ ਸਦਨ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 73 ਦੇ ਉਪੰਬੰਧਾਂ ਦੇ ਮੱਦੇਨਜ਼ਰ ਇਸ ਕਿਸਮ ਦਾ ਨਿਯਮ ਬਨਾਉਣ ਲਈ ਸਮਰਥ ਨਹੀਂ। ਮੈਂ ਇਸ ਪਹਿਲੂ ਤੇ ਵਿਚਾਰ ਕੀਤੀ ਸੀ, ਕਿਉਂ ਜੋ ਇਸ ਸਬੰਧੀ ਇਤਰਾਜ਼ ਮਾਨਯੋਗ ਪ੍ਰਧਾਨ ਮੰਤਰੀ ਵਲੋਂ ਉਦੋਂ ਉਠਾਇਆ ਗਿਆ ਸੀ ਜਦੋਂ ਪਿਛੇ ਨਿਯਮ 103 ਤੇ ਵਿਚਾਰ ਕੀਤਾ ਜਾ ਰਿਹਾ ਸੀ ।ਧਾਰਾ 73 ਦਾ ਉਪ ਖੰਡ 2 ਇਸ ਗੱਲ ਦਾ ਉਪਬੰਧ ਕਰਦਾ ਹੈ ਕਿ

ਵਿਧਾਨ ਮੰਡਲ ਵਿਚ ਲੰਬਿਤ ਕੋਈ ਬਿਲ ਸਦਨਾਂ ਦੇ ਉਠ ਜਾਣ ਦੇ ਕਾਰਨ ਵਿਹਾ ਨਹੀਂ ਜਾਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਉਪਬੰਧ ਹੈ ਕਿ ਬਿਲ, ਉਠਾਣ ਕਰਕੇ ਵਿਹਾ ਨਹੀਂ ਜਾਣਗੇ ਪਰ ਇਸ ਦਾ ਇਹ ਭਾਵ ਨਹੀਂ ਕਿ ਬਿਲ ਉਠਾਣ ਤੋਂ ਇਲਾਵਾ ਕਿਸੇ ਹੋਰ ਕਾਰਨ ਕਰਕੇ ਵਿਹਾ ਹੀ ਨਹੀਂ ਸਕਦਾ। ਨਿਯਮ ਦਾ ਇਹ ਉਪਬੰਧ ਕਰਨ ਦਾ ਮਨਸ਼ਾ ਹੈ ਕਿ ਉਠਾਣ ਜਾਂ ਕਿਸੇ ਕਾਰਨ ਬਿਲ ਕੁਝ ਸਮੇਂ ਬਾਅਦ ਵਿਹਾ ਜਾਵੇਗਾ। ਜੇ ਵਾਲ ਰਚਨਾ ਵਿਚ ਦੋ ਪੂਰਨ ਇਜਲਾਸਾਂ ਦਾ ਜ਼ਿਕਰ ਹੋਵੇ ਤਾਂ ਸ਼ਾਇਦ ਸੰਦੇਹ ਦੀ ਗੁੰਜਾਇਸ਼ ਰਹਿ ਸਕਦੀ ਸੀ। ਪਰ ਜਦੋਂ ਕਿਸੇ ਵਿਸ਼ੇਸ਼ ਸਮੇਂ ਦਾ ਉਪਬੰਧ ਕਰਨਾ ਹੁੰਦਾ ਜਿਵੇਂ ਕਿ ਇਸ ਨਿਯਮ ਵਿਚ "ਇਸ ਸਾਲ ਦੇ ਸਮੇਂ" ਦਾ ਪ੍ਰਸਤਾਵ ਕੀਤਾ ਗਿਆ ਹੈ, ਤਾਂ ਚਲਦੇ ਇਜਲਾਸ ਦੇ ਦੌਰਾਨ ਵੀ ਬਿਲ ਵਿਹਾ ਜਾਵੇਗਾ। ਇਸ ਲਈ ਪ੍ਰਸਤਾਵਿਤ ਨਿਯਮ ਅਧੀਨ ਇਜਲਾਸ ਦਾ ਉਠਾਵ ਬਿਲ ਦੇ ਵਿਹਾ ਜਾਣ ਦਾ ਕਾਰਨ ਨਹੀਂ ਬਣਦਾ।

ਮੈਂ ਗੁਣ ਦੋਸ਼ ਨਾਲ ਨਹੀਂ ਨਜਿੱਠ ਰਿਹਾ, ਕੇਵਲ ਸੰਵਿਧਾਨਕ ਪਹਿਲੂ ਤੋਂ ਵਿਚਾਰ ਪ੍ਰਗਟ ਕਰ ਰਿਹਾ ਹਾਂ। ਪ੍ਰਸਤਾਵਿਤ ਨਿਯਮ ਦੀ ਮੰਗ ਇਹ ਹੈ ਕਿ ਭਾਵੇਂ ਬਿਲ ਕਾਰਜ ਸੂਚੀ ਤੇ ਲਿਆਂਦਾ ਵੀ ਗਿਆ ਹੋਵੇ ਅਤੇ ਸਦਨ ਦਾ ਇਜਲਾਸ ਚਲ ਵੀ ਰਿਹਾ ਹੋਵੇ, ਇਕ ਸਾਲ ਦਾ ਸਮਾਂ ਪੂਰਾ ਹੁੰਦੇ ਸਾਰ ਹੀ ਬਿਲ ਇਜਲਾਸ ਉਠ ਜਾਣ ਤੋਂ ਬਿਨਾਂ ਹੀ ਆਪਣੇ ਆਪ ਵਿਹਾ ਜਾਵੇਗਾ। ਇਸ ਲਈ ਮੇਰੇ ਵਿਚਾਰ ਮੁਤਾਬਕ ਗੌਰਮਿੰਟ ਆਫ਼ ਇੰਡੀਆ ਐਕਟ ਦੀ ਧਾਰਾ 73 ਦਾ ਉਪ ਖੰਡ 2 ਸੋਧਨਾਂ ਰਾਹੀਂ ਪ੍ਰਸਤਾਵਿਤ ਨਿਯਮ ਬਣਾਉਣ ਵਿਚ ਕੋਈ ਰੁਕਾਵਟ ਨਹੀਂ ਪਾਉਂਦਾ।

ਫਿਰ ਦੂਜਾ ਇਤਰਾਜ਼ ਜਿਹੜਾ ਉਠਾਇਆ ਗਿਆ ਹੈ, ਉਹ ਹੈ-----

ਡਾਕਟਰ ਭ.ਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਆਪ ਜੀ ਦੀ ਤਵੱਜੋ ਇਕ ਤੱਥ ਵਲ ਦਿਵਾ ਸਕਦਾ ਹਾਂ ? ਮੇਰੀ ਗੁਜ਼ਾਰਸ਼ ਇਹ ਹੈ ਕਿ ਜੇਕਰ ਇਥੇ ਸ਼ਬਦ "ਕੇਵਲ" ਹੁੰਦਾ ਤਾਂ ਆਪ ਜੀ ਵਲੋਂ ਦਿੱਤੀ ਗਈ ਸ਼ਬਦਾਵਲੀ ਦੀ ਬਨਾਵਟ ਉਚਿਤ ਹੁੰਦੀ। ਸ੍ਰੀ ਮਾਨ ਜੀ, ਪ੍ਰਸਤਾਵਿਤ ਸੋਧਨਾ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਅਜਿਹਾ ਕੋਈ ਖ਼ਾਸ ਕਾਰਨ ਨਹੀਂ ਪਤਾ ਲਗਿਆ ਜਿਸ ਕਰਕੇ ਇਹ ਨਿਯਮ 103 ਬਣਾਉਣ ਦੀ ਲੋੜ ਪਈ ਹੋਵੇ। ਬਿਲ, ਜੇ ਕਾਰਜ ਸੂਚੀ ਤੇ ਰਹੇ, ਪਰ ਇਸ ਤੇ ਬਹਿਸ ਨਾ ਹੋਵੇ, ਤਾਂ, ਕੀ ਨੁਕਸਾਨ ਹੋ ਸਕਦਾ ਹੈ ? ਜੇ ਇਹ ਦਸਿਆ ਜਾ ਸਕੇ ਕਿ ਬਿਲ ਦੇ ਬਹਿਸ ਕੀਤੇ ਬਿਨਾਂ ਹੀ ਸਦਨ ਦੇ ਰਿਕਾਰਡ ਤੇ ਰਹਿਣ ਨਾਲ ਕੋਈ ਨੁਕਸਾਨ ਪੁੱਜਦਾ ਹੈ ਜਾਂ ਕੋਈ ਔਖਿਆਈ ਆਉਂਦੀ ਹੈ ਤਾਂ ਮੇਰੀ ਸਮਝ ਵਿਚ ਗੱਲ ਆਉਂਦੀ ਹੈ ਕਿ ਅਜਿਹੇ ਨਿਯਮ 103 ਵਿਚ ਦਿਤੇ ਗਏ ਉਪੁਬੰਧਾਂ ਦੀ ਸੱਚ ਮੁੱਚ ਹੀ ਕੋਈ ਲੋੜ ਹੈ, ਪਰ, ਮੈਨੂੰ ਇਸ ਵਿਚ ਅਜਿਹੀ ਕੋਈ ਚੀਜ਼ ਨਜ਼ਰ ਨਹੀਂ ਆਈ ਜਿਸ ਨਾਲ ਕੋਈ ਨੁਕਸਾਨ ਪੁੱਜਾ ਹੋਵੇ ਜਾਂ ਔਖਿਆਈ ਪੇਸ਼ ਆਈ ਹੋਵੇ। ਮੇਰੀ ਦੂਜੀ ਗੁਜਾਰਸ਼ ਇਹ ਹੈ ਕਿ ਜਿਵੇਂ ਇਹ ਬਣਾਇਆ ਗਿਆ ਹੈ ਅਤੇ ਇਸ ਸੋਧਨਾ ਨਾਲ ਵੀ ਬਿਨਾਂ ਕਿਸੇ ਕਸੂਰ ਤੋਂ ਬਿਲ ਨੂੰ ਜਾਰੀ ਰੱਖਣ ਦੇ ਮੈਂਬਰ ਦੇ ਅਧਿਕਾਰ ਤੋਂ ਉਸ ਨੂੰ ਵਾਂਝਿਆਂ

ਕਰਨਾ ਹੈ। ਸ਼ਬਦ ਹਨ– "ਜੇਕਰ ਕੋਈ ਪ੍ਰਸਤਾਵ ਨਹੀਂ ਕੀਤਾ ਜਾਂਦਾ"। ਸ਼ਬਦਾਵਲੀ ਤਾਂ ਇਹ ਹੀ ਹੈ ਪਰ ਮੇਰੀ ਬੇਨਤੀ ਹੈ ਕਿ ਸੰਭਵ ਹੈ, ਮੈਂਬਰ ਪ੍ਰਸਤਾਵਿਤ ਕਰਨ ਦੀ ਸਥਿਤੀ ਵਿਚ ਨਾ ਹੋਵੇ ਕਿਉਂਕਿ ਬਿਲ ਤੱਕ ਅਜੇ ਪੁੱਜੇ ਨਹੀਂ ਜਾਂ ਬਿਲ ਕਾਰਜ ਸੂਚੀ ਤੇ ਲਿਆਂਦਾ ਨਹੀਂ ਗਿਆ, ਜਾਂ ਹੋਰ ਕਾਰਨਾਂ ਕਰਕੇ ਪੁਕਾਰਿਆ ਹੀ ਨਹੀਂ ਗਿਆ ਤਾਂ ਮੈਂ ਸਮਝਦਾ ਹਾਂ ਇਹ ਗੱਲ ਬਹੁਤ ਹੀ ਗ਼ਲਤ ਹੋਵੇਗੀ ਜੇਕਰ ਕਿਸੇ ਮੈਂਬਰ ਨੂੰ ਸਿਰਫ਼ ਇਸ ਕਰਕੇ ਕਿਸੇ ਵਿਧਾਨਣ ਸਬੰਧੀ ਬਿਲ ਪੇਸ਼ ਕਰਨ ਤੋਂ ਵਾਂਝਿਆ ਰਖਿਆ ਜਾਵੇ ਕਿ ਉਹ ਹੋਰ ਲੋੜਾਂ ਜਾਂ ਕਾਰਨਾਂ ਕਰਕੇ ਬਿਲ ਦੇ ਸਬੰਧ ਵਿਚ ਪ੍ਰਸਤਾਵ ਨਹੀਂ ਕਰ ਸਕਿਆ। ਇਸ ਲਈ ਮੇਰੇ ਵਿਚਾਰ ਅਨੁਸਾਰ ਜਦੋਂ ਤੱਕ ਇਸ ਨਿਯਮ ਵਿਚ ਹੋਰ ਕੁਝ ਵਾਧਾ ਨਾ ਕੀਤਾ ਜਾਵੇ ਜਿਵੇਂ ਕਿ "ਭਾਵੇਂ ਸਕੱਤਰ ਦੁਆਰਾ ਪੁਕਾਰ ਲਿਆ ਗਿਆ ਹੋਵੇ।" ਮੈਂ ਸਮਝਦਾ ਹਾਂ ਕਿ ਇਸ ਨਿਯਮ ਨਾਲ ਬਹੁਤ ਹੀ ਔਖਿਆਈ ਪੇਸ਼ ਆਵੇਗੀ। ਇਸ ਲਈ ਜਿਸ ਰੂਪ ਵਿਚ ਇਹ ਸੋਧਨਾ ਪੇਸ਼ ਕੀਤੀ ਗਈ ਹੈ, ਮੈਂ ਇਸ ਦਾ ਵਿਰੋਧ ਕਰਦਾ ਹਾਂ।

ਮਾਨਯੋਗ ਸ੍ਰੀ ਬੀ. ਜੀ. ਖੇੜ: ਸ੍ਰੀਮਾਨ ਜੀ, ਸਥਿਤੀ ਹੋਰ ਹੀ ਗੁੰਝਲਾਦਰ ਬਣ ਗਈ ਹੈ ਕਿਉਂ ਜੋ ਮਾਨਯੋਗ ਮੈਂਬਰ ਸਾਹਿਬ ਨਾ ਤਾਂ ਉਸ ਵੇਲੇ ਹਾਜ਼ਰ ਸਨ ਜਦੋਂ ਨਿਯਮ ਪੇਸ਼ ਕੀਤਾ ਗਿਆ ਅਤੇ ਨਾ ਹੀ ਉਦਾਂ, ਜਦੋਂ ਸੋਧਨਾਵਾਂ ਤੇ ਕਮੇਟੀ ਵਿਚ ਵਿਚਾਰ ਕੀਤਾ ਜਾ ਰਿਹਾ ਸੀ, ਸਣੇ ਉਸ ਸੋਧਨਾ ਦੇ, ਜਿਹੜੀ ਹੁਣ ਉਹ ਪਾਸ ਕਰਵਾਉਣਾ ਚਾਹੁੰਦੇ ਹਨ। ਇਸ ਲਈ, ਉਨ੍ਹਾਂ ਦੇ ਇਤਰਾਜ਼ਾਂ ਦੇ ਜਵਾਬ ਦੇਣ ਤੋਂ ਪਹਿਲਾਂ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਉਹ ਕੀ ਕਹਿਣਾ ਚਾਹੁੰਦੇ ਹਨ ਜਿਨ੍ਹਾਂ ਨੇ ਮੇਰੇ ਨਾਲ ਇਸ ਨਿਯਮ ਤੇ ਵਿਚਾਰ ਵਟਾਂਦਰਾ ਕੀਤਾ ਸੀ, ਕਿਉਂਜੋ ਕਲ੍ਹ ਰਾਤ ਹੀ ਇਸ ਸੋਧਨਾ ਨਾਲ ਸਾਰਿਆਂ ਨੇ ਸਹਿਮਤੀ ਪ੍ਰਗਟਾਈ ਸੀ। ਮਾਨਯੋਗ ਮੈਂਬਰ ਸ੍ਰੀ ਅਲੀ ਬਹਾਦਰ ਖ਼ਾਨ ਉਥੇ ਸਨ ਅਤੇ ਉਨ੍ਹਾਂ ਨੇ ਸਦਨ ਦੇ ਸਾਹਮਣੇ ਬਿਲਕਲ ਇਹੋ ਜਿਹੀ ਹੀ ਇਕ ਸੋਧਨਾ ਪੇਸ਼ ਕੀਤੀ ਸੀ, ਅਰਥਾਤ ਇਹ ਸ਼ਬਦ ਜੋੜ ਦਿਤੇ ਜਾਣ "ਭਾਵੇਂ ਅਜਿਹਾ ਕਰਨ ਲਈ ਕਿਹਾ ਗਿਆ ਹੋਵੇ।" ਇਹ ਮਾਨਯੋਗ ਮੈਂਬਰ ਅਲੀ ਬਹਾਦਰ ਖ਼ਾਨ ਦੀ ਸੋਧਨਾ ਸੀ ਅਤੇ ਅਸਾਂ ਸਾਰਿਆਂ ਨੇ ਕਈ ਪ੍ਰਸਤਾਵਾਂ ਦੇ ਗੁਣ ਦੋਸ਼ਾਂ ਤੇ ਵਿਚਾਰ ਕੀਤਾ ਅਤੇ ਅੰਤ ਇਸੇ ਸਿੱਟੇ ਤੇ ਪੁੱਜੇ ਕਿ ਇਹੋ ਹੀ ਸਭ ਤੋਂ ਚੰਗਾ ਹੱਲ ਹੈ। ਸੰਵਿਧਾਨ ਸਬੰਧੀ ਜੋ ਇਤਰਾਜ਼ ਮਾਨਯੋਗ ਮੈਂਬਰ ਨੇ ਉਠਾਇਆ ਹੈ, ਉਹ ਵੀ ਸਾਡੇ ਦਿਮਾਗ਼ ਵਿਚ ਸੀ। ਸਾਡੀ ਬਦਕਿਸਮਤੀ ਇਹ ਹੈ ਕਿ ਮਾਨਯੋਗ ਮੈਂਬਰ ਸਦਨ ਵਿਚ ਕਦੇ ਕਦਾਈਂ ਆਉਂਦੇ ਹਨ ਅਤੇ ਸਥਿਤੀ ਤੋਂ ਜਾਣੂ ਹੋਏ ਬਿਨਾਂ ਉਹ ਸਦਨ ਵਿਚ ਆਪਣੀ ਗ਼ੈਰਹਾਜ਼ਰੀ ਵਿਚ ਪਹਿਲਾਂ ਵਾਪਰੀਆਂ ਘਟਨਾਵਾਂ ਦੀ ਸੰਗਲੀ ਨਾਲ ਕੜੀ ਨਹੀਂ ਜੋੜ ਸਕਦੇ। ਇਸ ਲਈ ਮੈਂ ਪੇਸ਼ ਕੀਤੀ ਗਈ ਸੋਧਨਾ ਵਿਚ ਕੁਝ ਜੋੜਨ ਲਈ ਉਨ੍ਹਾਂ ਵਲੋਂ ਦਿਤੇ ਗਏ ਸੁਝਾਅ ਦੇ ਗੁਣ ਦੋਸ਼ਾਂ ਵਿਚ ਨਹੀਂ ਜਾਣਾ ਚਾਹੁੰਦਾ। ਮੈਂ ਉਨ੍ਹਾਂ ਨੂੰ ਸਿਰਫ਼ ਉਨ੍ਹਾਂ ਸਿਧਾਂਤਾਂ ਬਾਰੇ ਹੀ ਦਸਣਾ ਚਾਹਵਾਂਗਾ ਜਿਨ੍ਹਾਂ ਕਰਕੇ ਮੌਜੂਦਾ ਨਿਯਮਾਂ ਵਿਚ ਇਸ ਨਿਯਮ ਨੂੰ ਜੋੜਨ ਦੀ ਲੋੜ ਪਈ ਅਤੇ ਇਹ ਵੀ ਦਸਣਾ ਚਾਹਾਂਗਾ ਕਿ ਪੁਰਾਣੇ ਨਿਯਮਾਂ (ਜਿਵੇਂ ਕਿ ਉਹ ਹੁਣ

ਹਨ) ਵਿਚ ਵੀ ਅਜਿਹੇ ਉਪਬੰਧ ਹਨ; ਨਿਯਮ ਇਸ ਤਰ੍ਹਾਂ ਹੈ:

" ਜੇਕਰ ਬਿਲ ਦਾ ਪ੍ਰਭਾਰੀ ਮੈਂਬਰ, ਦੋ ਪੂਰੇ ਇਜਲਾਸਾਂ ਦੇ ਦੌਰਾਨ ਉਸ ਦੇ ਸੰਬਧ ਵਿਚ ਕੋਈ ਪ੍ਰਸਤਾਵ ਨਹੀਂ ਕਰਦਾ ਤਾਂ ਬਿਲ ਵਿਹਾ ਜਾਵੇਗਾ, ਬਸ਼ਰਤੇ ਕਿ, ਅਸੈਂਬਲੀ ਉਸੇ ਮੈਂਬਰ ਦੁਆਰਾ ਅਗਲੇ ਇਜਲਾਸ ਵਿਚ ਕੀਤੇ ਗਏ ਪ੍ਰਸਤਾਵਿਤ ਬਿਲ ਦੇ ਜਾਰੀ ਰਹਿਣ ਲਈ ਵਿਸ਼ੇਸ਼ ਆਦੇਸ਼ ਨਹੀਂ ਦੇਂਦੀ।"

ਡਾਕਟਰ ਬੀ.ਆਰ. ਅੰਬੇਡਕਰ: ਮਾਨਯੋਗ ਪ੍ਰਧਾਨ ਮੰਤਰੀ ਨੂੰ ਯਾਦ ਹੋਵੇਗਾ ਕਿ ਇਸ ਦੀ ਉਸ ਸਮੇਂ ਲੋੜ ਸੀ ਜਦੋਂ ਪੁਰਾਣੇ ਗੌਰਮਿੰਟ ਆਫ਼ ਇੰਡੀਆ ਐਕਟ ਵਿਚ ਅਜਿਹਾ ਕੋਈ ਉਪਬੰਧ ਨਹੀਂ ਸੀ, ਜਿਵੇਂ ਕਿ ਮੈਂ ਦਸਿਆ ਹੈ।

22

* ਉਦਯੋਗਿਕ ਵਿਵਾਦ ਬਿਲ

ਡਾਕਟਰ .ਬੀ .ਆਰ .ਅੰਬੇਡਕਰ (ਬੰਬਈ ਨਗਰ) : ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਪਹਿਲੀ ਪੜ੍ਹਤ ਦਾ ਵਿਰੋਧ ਕਰਨ ਲਈ ਖੜ੍ਹਾ ਹੋਇਆ ਹਾਂ। ਬੋਲਣ ਲਈ ਖੜ੍ਹੇ ਹੋਣ ਲਗਿਆਂ ਮੈਨੂੰ ਆਪਣੀਆਂ ਉਨ੍ਹਾਂ ਔਖਿਆਈਆਂ ਦਾ ਪੂਰਾ ਪੂਰਾ ਆਭਾਸ ਹੈ, ਜਿਨ੍ਹਾਂ ਵਿਚੋਂ ਦੀ ਮੈਂ ਲੰਘ ਰਿਹਾ ਹਾਂ। ਮੈਨੂੰ ਦੁਖ ਹੈ ਕਿ ਮੈਂ ਆਪਣੇ ਤੋਂ ਪਹਿਲਾਂ, ਬਿਲ ਤੇ ਬੋਲਣ ਵਾਲੇ ਮੈਂਬਰਾਂ ਦੇ ਭਾਸ਼ਣ ਸੁਣ ਨਹੀਂ ਸਕਿਆ। ਇਹ ਮੇਰੀ ਬਦਕਿਸਮਤੀ ਹੈ ਜਿਸ ਤੋਂ ਮੈਂ ਬਚ ਨਹੀਂ ਸਕਦਾ। ਦੂਜੀਆਂ ਥਾਂਵਾਂ ਤੇ ਮੇਰੇ ਰੁਝੇਵੇਂ ਅਜਿਹੇ ਸਨ ਜਿਨ੍ਹਾਂ ਕਰਕੇ ਮੈਂ ਇਥੇ ਹਾਜ਼ਰ ਨਹੀਂ ਹੋ ਸਕਿਆ ਅਤੇ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰਾਂ ਦੁਆਰਾ ਦਸੇ ਗਏ ਨੁਕਤੇ ਸੁਣਨ ਤੋਂ ਵਾਂਝਿਆਂ ਰਿਹਾ ਹਾਂ। ਮੇਰੀ ਮੁਸ਼ਕਲ ਇਹ ਵੀ ਹੈ ਕਿ ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮੈਂਬਰ ਬੋਲ ਚੁੱਕੇ ਹਨ ਅਤੇ ਬਹਿਸ ਇੰਨੀ ਹੋ ਚੁੱਕੀ ਹੈ ਕਿ ਮੈਨੂੰ ਇਸ ਗੱਲ ਤੇ ਹੈਰਾਨੀ ਹੈ ਕਿ ਬਹਿਸ ਦੇ ਬਿਲਕੁਲ ਅੰਤ ਵਿਚ ਮੇਰੇ ਲਈ ਕਹਿਣ ਲਈ ਕੁਝ ਰਹਿ ਗਿਆ ਹੈ ਜਾਂ ਨਹੀਂ ? ਪਰ ਮੈਂ ਇਹ ਗਲ ਬੜੇ ਹੌਸਲੇ ਨਾਲ ਕਹਿ ਸਕਦਾ ਹਾਂ ਕਿ ਇੰਨਾ ਲੰਬਾ ਚੌੜਾ ਬਿਲ ਜਿਸ ਦੇ 84 ਉਪ ਖੰਡ ਹਨ, ਇਸਦੇ ਸਬੰਧ ਵਿਚ ਕੋਈ ਵੀ ਮੈਂਬਰ ਬਹਿਸ ਦੇ ਬਿਲਕੁਲ ਅੰਤ ਤੇ ਵੀ ਕੁਝ ਨਾ ਕੁਝ ਕਹਿ ਸਕਦਾ ਹੈ। ਮੇਰੇ ਫ਼ਾਜ਼ਿਲ ਦੋਸਤ ਸ੍ਰੀ ਜਮਨਾ ਦਾਸ ਮਹਿਤਾ ਜੀ ਨੇ ਠੀਕ ਹੀ ਆਖਿਆ ਹੈ ਕਿ ਇੰਨੇ ਵਿਸ਼ਾਲ ਬਿਲ ਨੂੰ ਜੇਕਰ ਸੇਸ਼ਸਾਈ ਇਸ ਤੇ ਲਿਖਣ ਦੀ ਜ਼ਿੰਮੇਵਾਰੀ ਲੈਂਦੇ, ਸਮੁੰਦਰ ਦਾ ਪਾਣੀ ਸਿਆਹੀ ਹੁੰਦੀ ਅਤੇ ਧਰਤੀ ਹੁੰਦੀ ਕਾਗ਼ਜ਼ ਤਾਂ ਵੀ ਸਾਰੇ ਬਿਲ ਬਾਰੇ ਲਿਖਣ ਲਈ ਇਹ ਕੁਝ ਕਾਫ਼ੀ ਨਹੀਂ ਸੀ ਹੋਣਾ। ਇਨ੍ਹਾਂ ਸੀਮਾਵਾਂ ਦਾ ਧਿਆਨ ਰਖਦਿਆਂ ਮੈਂ ਆਪਣਾ ਭਾਸ਼ਣ ਸੰਖੇਪ ਵਿਚ ਕਰਾਂਗਾ।

ਮੈਂ ਸਮਝਦਾ ਹਾਂ, ਇਸ ਬਿਲ ਨੂੰ ਸਮਝਣ ਲਈ ਇਸ ਦੇ ਉਪਬੰਧਾਂ ਨੂੰ ਪਿਛਲੇ ਕਾਨੂੰਨ ਦੀ ਰੋਸ਼ਨੀ ਵਿਚ ਪੜ੍ਹਨਾ ਜ਼ਰੂਰੀ ਹੈ। ਮੇਰਾ ਵਿਸ਼ਵਾਸ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਗੱਲ ਨੂੰ ਆਸਾਨੀ ਨਾਲ ਸਵੀਕਾਰ ਕੀਤਾ ਜਾਵੇਗਾ ਕਿ ਇਸ ਬਿਲ ਦੇ ਖੰਡਾਂ ਦੀ ਮੱਹਤਾ ਉਦੋਂ ਤੱਕ ਸਪਸ਼ਟ ਨਹੀਂ ਹੋਵੇਗੀ ਜਦੋਂ ਤਕ ਅਸੀਂ ਇਸ ਦੇ ਉਪਬੰਧਾਂ ਦੀ ਤੁਲਨਾ ਅਤੇ ਇਨ੍ਹਾਂ ਦਾ ਟਾਕਰਾ ਪਿਛਲੇ ਕਾਨੂੰਨ ਦੇ ਉਪਬੰਧਾਂ ਨਾਲ ਨਾ ਕਰੀਏ। ਬਿਲ ਦੇ ਅੰਤਿਮ ਖੰਡ ਵਿਚ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਸ ਬਿਲ ਦਾ ਮਨੋਰਥ 1934 ਦੇ ਬੰਬਈ ਟ੍ਰੇਡ ਡਿਸਪਿਊਟਸ ਕੰਨਸਿਲਿਏਸ਼ਨ ਐਕਟ ਦੀ ਥਾਂ ਲੈਣਾ ਹੈ। ਇਸ ਲਈ, ਵਿਚਾਰ ਲਈ ਮੂਲ ਰੂਪ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਧਾਨ ਮੰਤਰੀ (ਜੋ ਕਿ ਇਸ ਬਿਲ ਦੇ

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 4, ਪੰਨੇ 1330-59 ਮਿਤੀ 15 ਸਤੰਬਰ 1938

ਇਨਚਾਰਜ ਹਨ) ਨੇ ਉਸ ਤਬਦੀਲੀ ਸਬੰਧੀ ਕੋਈ ਕੇਸ ਤਿਆਰ ਕੀਤਾ ਹੈ ਜਿਹੜੀ ਉਹ ਇਸ ਬਿਲ ਰਾਹੀਂ ਲਿਆਉਣਾ ਚਾਹ ਰਹੇ ਹਨ ? 1934 ,ਦਾ ਕਾਨੂੰਨ ਸਮਝੌਤੇ ਲਈ ਮਸ਼ੀਨਰੀ ਦਾ ਉਪਬੰਧ ਕਰਨ ਲਈ ਲਿਆਂਦਾ ਗਿਆ ਸੀ। 1934 ਦੇ ਕਾਨੂੰਨ ਦਾ ਸਿਧਾਂਤ ਸਵੈ-ਇੱਛਤ ਸਮਝੌਤਾ ਸੀ। ਹੁਣ ਇਸ ਬਿਲ ਰਾਹੀਂ ਤਬਦੀਲੀ ਲਿਆਂਦੀ ਗਈ ਹੈ, ਅਰਥਾਤ ਸਮਝੌਤਾ ਲਾਜ਼ਮੀ ਹੋਵੇਗਾ ਅਤੇ ਮੇਰੀ ਬੇਨਤੀ ਹੈ ਕਿ ਸਦਨ ਦੇ ਵਿਚਾਰ ਲਈ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ 1934 ਦੇ ਐਕਟ ਦੇ ਸਵੈ-ਇੱਛਤ ਉਪਬੰਧ ਵਿਚ ਤਬਦੀਲੀ ਲਿਆਉਣ ਅਤੇ ਉਸ ਨੂੰ ਲਾਜ਼ਮੀ ਰੂਪ ਦਿਤੇ ਜਾਣ ਲਈ ਕੋਈ ਕੇਸ ਤਿਆਰ ਕੀਤਾ ਗਿਆ ਹੈ ?

ਹੁਣ ਸਾਲ 1934 ਅਤੇ ਉਸ ਸਾਲ ਦੇ ਹਾਲਾਤ, ਜਿਨ੍ਹਾਂ ਦੇ ਕਾਰਨ ਲਾਜ਼ਮੀਪੁਣੇ ਦਾ ਉਪਾਅ ਲਾਗੂ ਕਰਨ ਦੀ ਲੋੜ ਪਈ ਸੀ, ਨੂੰ ਮਿਆਰ ਮੰਨਦਿਆ ਮੈਂ ਕੁਝ ਤੱਥਾਂ ਦਾ ਹਵਾਲਾ ਦੇਣਾ ਚਾਹਾਂਗਾ ਜਿਹੜੇ ਕਿ ਬੜੇ ਸਬੰਧਤ ਅਤੇ ਮਹੱਤਵਪੂਰਨ ਹਨ। ਪਹਿਲਾ ਤੱਥ ਜਿਸ ਵੱਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ, ਉਹ ਇਹ ਹੈ ਕਿ 1934 ਵਿਚ ਆਨਰੇਬਲ ਸਰ ਰਾਬਰਟ ਬੋੱਲ ਦੁਆਰਾ ਪੇਸ਼ ਕੀਤੇ ਗਏ ਮੂਲ ਬਿਲ (ਜਿਸ ਨੇ ਬਾਅਦ ਵਿਚ ਐਕਟ ਦਾ ਰੂਪ ਲੈ ਲਿਆ), ਵਿਚ ਲਾਜ਼ਮੀ ਸਮਝੌਤੇ ਦਾ ਉਪਬੰਧ ਸੀ। ਪਰ, ਬਿਲ ਪੇਸ਼ ਕੀਤੇ ਜਾਣ ਤੇ, ਪਹਿਲੇ ਹੀ ਪੜਾ ਤੇ ਉਸ ਬਿਲ ਦੇ ਪੇਸ਼ ਕਰਤਾ ਇਸ ਤੱਥ ਤੋਂ ਪ੍ਰਭਾਵਿਤ ਹੋ ਗਏ ਕਿ ਸਾਲ 1934 ਵਿਚ ਮੌਜੂਦ ਹਾਲਾਤ ਮੁਤਾਬਕ ਸਮਝੌਤੇ ਦੇ ਮਾਮਲੇ ਵਿਚ ਲਾਜ਼ਮੀਪਣੇ ਦੀ ਕੋਈ ਲੋੜ ਨਹੀਂ। ਇਸ ਦੇ ਸਿੱਟੇ ਵਜੋਂ ਉਨ੍ਹਾਂ ਨੇ ਸ਼ੁਰੂ ਵਿਚ ਹੀ ਬਿਲ ਦੀ ਪਹਿਲੀ ਪੜ੍ਹਤ ਸਮੇਂ ਆਪਣੇ ਆਰੰਭਕ ਭਾਸ਼ਣ ਵਿਚ ਆਪਣੇ ਆਪ ਹੀ ਇਹ ਪ੍ਰਸਤਾਵ ਕੀਤਾ ਕਿ ਉਹ ਸ਼ਬਦ "ਜ਼ਰੂਰ" ਦੀ ਥਾਂ ਸ਼ਬਦ 'ਹੋ ਸਕਦਾ' ਰੱਖਣ ਵਾਸਤੇ ਇਕ ਸੋਧਨਾ ਲਿਆ ਰਹੇ ਹਨ। ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਇਸ ਗੱਲ ਦਾ ਸਬੂਤ ਹੈ ਕਿ 1934 ਵਿਚ ਆਨਰੇਬਲ ਸਰ ਰਾਬਰਟ ਬੋੱਲ ਨੇ ਰਾਜ਼ੀਨਾਵੇਂ ਦੇ ਮਾਮਲੇ ਵਿਚ ਲਾਜ਼ਮੀਪੁਣੇ ਦੀ ਜ਼ਰੂਰਤ ਮਹਿਸੂਸ ਨਹੀਂ ਸੀ ਕੀਤੀ। ਜਦੋਂ ਬਿਲ ਪੇਸ਼ ਕੀਤਾ ਗਿਆ ਸੀ ਉਸ ਸਮੇਂ ਸਦਨ ਵਿਚ ਮੇਰੇ ਫ਼ਾਜ਼ਿਲ ਦੋਸਤ, ਬੰਬਈ ਦੇ ਮਿਲ ਮਾਲਕਾਂ ਦੇ ਪ੍ਰਤੀਨਿਧ ਵਜੋਂ ਸ੍ਰੀ ਸਕਲਾਤਵਾਲਾ, ਵੀ ਹਾਜ਼ਰ ਸਨ। ਉਨ੍ਹਾਂ ਨੇ ਵੀ 1934 ਵਿਚ ਰਾਜ਼ੀਨਾਵੇਂ ਦੇ ਮਾਮਲੇ ਵਿਚ ਲਾਜ਼ਮੀਪੁਣੇ ਦੀ ਮੰਗ ਨਹੀਂ ਸੀ ਕੀਤੀ। ਦੂਜੇ ਪਾਸੇ ਉਨ੍ਹਾਂ ਨੇ ਬਿਲ ਦੀ ਪਹਿਲੀ ਪੜ੍ਹਤ ਸਮੇਂ ਦਿਤੇ ਭਾਸ਼ਣ ਵਿਚ ਬਿਲ ਦੀ ਹਿਮਾਇਤ ਵਿਚ ਉਤਸਾਹ ਵੀ ਨਹੀਂ ਵਿਖਾਇਆ ਸਗੋਂ ਇਥੋਂ ਤਕ ਕਹਿ ਦਿਤਾ ਕਿ ਬਿਲ ਦੀ ਸਾਧਾਰਨ ਤੌਰ ਤੇ ਕੋਈ ਲੋੜ ਨਹੀਂ। ਉਨ੍ਹਾਂ ਦਾ ਨਜ਼ਰੀਆ ਇਹ ਸੀ ਅਤੇ ਰਾਜ਼ੀਨਾਵੇਂ ਦੇ ਸਬੰਧ ਵਿਚ ਉਨ੍ਹਾਂ ਨੇ ਲਾਜ਼ਮੀਪੁਣੇ ਤੇ ਨਾ ਤਾਂ ਕੋਈ ਜ਼ੋਰ ਪਾਇਆ ਅਤੇ ਨਾ ਹੀ ਇਸ ਸਬੰਧੀ ਕੋਈ ਮੰਗ ਕੀਤੀ। 1934 ਅਤੇ 1938 ਦੇ ਸਾਲਾਂ ਵਿਚਕਾਰ ਅਜਿਹਾ ਕੀ ਵਾਪਰਿਆ ਹੈ ਜਿਨ੍ਹਾਂ ਕਰਕੇ ਇਸ ਸਦਨ ਨੂੰ ਉਸ ਐਕਟ ਦੇ ਉਪਬੰਧ ਬਦਲ ਕੇ ਸਵੈ-ਇੱਛਤ ਸਮਝੌਤੇ ਦੀ ਥਾਂ ਲਾਜ਼ਮੀ ਸਮਝੌਤਾ

ਲਿਆਉਣ ਲਈ ਮਜਬੂਰ ਹੋਣਾ ਪੈ ਗਿਆ ? ਲਾਜ਼ਮੀਪੁਣੇ ਦੇ ਹੱਕ ਵਿਚ ਕੇਸ ਬਣਾਉਣ ਦੇ ਸਬੰਧ ਵਿਚ ਪ੍ਰਧਾਨ ਮੰਤਰੀ ਨੇ ਸਾਨੂੰ ਦੇਸ਼ ਵਿਚ ਹੜਤਾਲਾਂ ਦੇ ਅੰਕੜੇ ਦੇਣ ਤੋਂ ਸ਼ੁਰੂ ਕੀਤਾ। ਅਜਿਹਾ ਇਹ ਦੱਸਣ ਲਈ ਕੀਤਾ ਕਿ ਦੇਸ ਵਿਚ ਹੋਣ ਵਾਲੀਆਂ ਹੜਤਾਲਾਂ ਅਕਸਰ ਇੰਨੀਆਂ ਗੰਭੀਰ ਕਿਸਮ ਦੀਆ ਹਨ, ਕਿ ਸਵੈ-ਇੱਛਤ ਉਪਬੰਧ ਨੂੰ ਲਾਜ਼ਮੀ ਉਪਬੰਧ ਵਿਚ ਬਦਲਣ ਦੀ ਹੁਣ ਲੋੜ ਪੈ ਗਈ ਹੈ। ਮੈ ਦਿਹਾੜੀਆਂ ਦੇ ਅੰਕੜਿਆਂ ਨੂੰ ਘੋਖਿਆ ਹੈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਹੜਤਾਲ ਸਬੰਧੀ ਅੰਕੜਿਆਂ ਨੂੰ ਲੈ ਕੇ ਜੋ ਮੁੱਖ ਮੰਤਰੀ ਜੀ ਨੇ ਆਖਿਆ ਹੈ ਉਸ ਨਾਲ ਮੇਰੀ ਤਸੱਲੀ ਨਹੀਂ ਹੁੰਦੀ। ਬੰਬਈ ਨਗਰ ਵਿਚ ਹੋਈਆਂ ਹੜਤਾਲਾਂ ਵਲ ਧਿਆਨ ਦਿਵਾਉਣ ਲਈ ਮੇਰੇ ਕੋਲ ਲੇਬਰ ਆਫ਼ਿਸ ਦੁਆਰਾ ਪ੍ਰਕਾਸ਼ਿਤ ਲੇਬਰ ਗਜ਼ਟ ਦਾ ਮਾਰਚ ਅੰਕ ਹੈ। ਉਸ ਦੇ ਪੰਨਾ541 ਤੇ ਬੰਬਈ ਪ੍ਰਾਂਤ ਵਿਚ ਹੋਈਆਂ ਹੜਤਾਲਾਂ ਸਬੰਧੀ ਅੰਕੜੇ ਦਰਸਾਏ ਗਏ ਹਨ ਜਿਸ ਦੇ ਪਹਿਲੇ ਕਾਲਮ ਵਿਚ 1921 ਤੋਂ 1937 ਤਕ ਹੋਏ ਕਿਰਤੀ ਝਗੜਿਆਂ ਦੀ ਸੰਖਿਆ ਹੈ। ਦੂਜੇ ਇਨ੍ਹਾਂ ਝਗੜਿਆਂ ਨਾਲ ਸਬੰਧਤ ਕਾਮਿਆਂ ਦੀ ਗਿਣਤੀ ਹੈ ਅਤੇ ਤੀਜੇ, ਨੁਕਸਾਨ ਹੋਈਆਂ ਕਾਰ-ਦਿਹਾੜੀਆਂ ਦੀ ਗਿਣਤੀ ਦਿਤੀ ਹੋਈ ਹੈ। ਜੇਕਰ ਇਨ੍ਹਾਂ ਅੰਕੜਿਆਂ ਤੇ ਝਾਤ ਮਾਰੀਏ ਤਾਂ ਸਾਨੂੰ ਯਕੀਨ ਹੈ ਕਿ ਕੋਈ ਵੀ ਵੇਖ ਸਕਦਾ ਹੈ ਕਿ ਉਦਯੋਗਿਕ ਝਗੜੇ ਵਧਣ ਦੀ ਬਜਾਏ ਸਾਲ-ਦਰ-ਸਾਲ ਘਟਦੇ ਰਹੇ ਹਨ। ਮਿਸਾਲ ਵਜੋਂ 1921 ਵਿਚ ਬੰਬਈ ਵਿਚ 103 ਉਦਯੋਗਿਕ ਝਗੜੇ ਹੋਏ ,1922 ਵਿਚ 143 ,1923 ਵਿਚ 109 ਝਗੜੇ ਹੋਏ ਅਤੇ 1924 ਅਤੇ 1927 ਵਿਚਕਾਰ ਇਹ ਝਗੜੇ ਘਟ ਕੇ 50 ਰਹਿ ਗਏ-50 ਪ੍ਰਤੀਸ਼ਤ ਦੀ ਕਮੀ। ਫਿਰ 1928 ਦੇ ਸਾਲ ਤੋਂ1937 ਤੱਕ ਇਨ੍ਹਾਂ ਦੀ ਗਿਣਤੀ 88 ਅਤੇ 53 ਵਿਚਕਾਰ ਸੀ। ਮੈਂ ਮੰਨਦਾ ਹਾਂ ਕਿ ਹੜਤਾਲਾਂ ਦੀ ਗਿਣਤੀ ਤੋਂ ਉਦਯੋਗਾਂ ਵਿਚ ਪੈਦਾ ਹੋਣ ਵਾਲੀ ਗੜਬੜੀ ਜਾਂ ਵਿਸਥਾਪਨ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਇਸ ਸਾਰਣੀ ਵਿਚ ਦਿਤੇ ਗਏ ਅੰਕੜਿਆਂ ਤੋਂ ਮੈਂ ਵੇਖਿਆ ਹੈ ਕਿ ਕੁਝ ਅਜਿਹੇ ਕੇਸ ਹਨ ਜਿਨ੍ਹਾਂ ਵਿਚ ਹੜਤਾਲਾਂ ਦੀ ਗਿਣਤੀ ਭਾਵੇਂ ਥੋੜ੍ਹੀ ਹੈ ਪਰ ਮੁਕਾਬਲਤਨ ਸ਼ਾਮਲ ਲੋਕਾਂ ਦੀ ਗਿਣਤੀ ਕਿਤੇ ਜ਼ਿਆਦਾ ਹੈ ਅਤੇ ਅਜਾਈਂ ਗਈਆਂ ਕਾਰ-ਦਿਹਾੜੀਆਂ ਦੀ ਗਿਣਤੀ ਵੀ ਤੁਲਨਾਤਮਕ ਤੌਰ ਤੇ ਜ਼ਿਆਦਾ ਹੈ। ਪਰ ਨੁਕਸਾਨ ਹੋਈਆਂ ਦਿਹਾੜੀਆਂ ਦੀ ਗਿਣਤੀ ਨੂੰ ਕਸੌਟੀ ਮੰਨਦਿਆਂ, ਜਿਹੜੀ ਕਿ ਇਕੋ ਇਕ ਕਸੌਟੀ ਹੈ, ਮੈਂ ਵੇਖਿਆ ਹੈ ਕਿ ਸਭ ਤੋਂ ਮਾੜਾ ਸਾਲ 1928 ਸੀ ਜਿਸ ਵਿਚ ਦੋ ਕਰੋੜ ਚਾਲੀ ਲੱਖ ਦਿਹਾੜੀਆਂ ਦਾ ਨੁਕਸਾਨ ਹੋਈਆ। ਦੂਜੇ ਨੰਬਰ ਤੇ 1925 ਦਾ ਸਾਲ ਸੀ ਜਿਸ ਵਿਚ ਇਕ ਕਰੋੜ ਦਸ ਲੱਖ ਦਿਹਾੜੀਆਂ ਦਾ ਨੁਕਸਾਨ ਹੋਇਆ ਅਤੇ ਤੀਜਾ ਸਾਲ 1929 ਦਾ ਸੀ ਜਿਸ ਵਿਚ ਅੱਸੀ ਲੱਖ ਕਾਰ-ਦਿਹਾੜੀਆਂ ਅਜਾਈਂ ਗਈਆਂ। ਪਰ ਅੱਗੇ ਚਲੀਏ ਤਾਂ ਪਤਾ ਲਗੇਗਾ ਕਿ 1929 ਦੇ ਬਾਅਦ ਦੇ ਸਾਲਾਂ ਵਿਚ ਸ਼ਾਮਲ ਕਾਮਿਆਂ, ਅਜਾਈਂ ਗਈਆਂ ਦਿਹਾੜੀਆਂ ਅਤੇ 1934 ਤੋਂ ਬਾਅਦ ਹੋਈਆਂ ਹੜਤਾਲਾਂ ਦੀ ਗਿਣਤੀ ਤੋਂ, ਜਿਥੋਂ ਤੱਕ ਮੈਂ ਵੇਖਿਆ ਹੈ, ਅਜਿਹੀ ਕੋਈ ਗਲ ਨਜ਼ਰ ਨਹੀਂ ਆਉਂਦੀ ਜਿਸ

ਬਾਰੇ ਇਹ ਆਖਿਆ ਜਾ ਸਕੇ ਕਿ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਜੋ ਸਰਕਾਰ ਦੇ ਕਿਸੇ ਮੈਂਬਰ ਲਈ ਚਿੰਤਾ ਦਾ ਕਾਰਨ ਬਣ ਸਕੇ। ਸਿਰਫ਼ 1937 ਦਾ ਸਾਲ ਭੈੜਾ ਸਮਝਿਆ ਜਾ ਸਕਦਾ ਹੈ ਜਿਸ ਵਿਚ 897 ਕਾਰ-ਦਿਹਾੜੀਆਂ ਦਾ ਨੁਕਸਾਨ ਹੋਇਆ ਸੀ। ਇਸ ਵਿਚ ਪਿਛਲੇ ਸਾਲ ਨਾਲ ਮੁਕਾਬਲਾ ਕਰਨ ਵਾਲੀ ਕੋਈ ਗਲ ਨਹੀਂ। ਮੈਨੂੰ ਦਸਿਆ ਗਿਆ ਹੈ ਕਿ ਅਜਿਹਾ ਇਸ ਕਰਕੇ ਹੋਇਆ ਕਿਉਂਜੋ ਅਹਿਮਦਾਬਾਦ ਸ਼ਹਿਰ ਵਿਚ ਆਮ ਹੜਤਾਲ ਹੋਈ ਸੀ ਜੋ 15 ਦਿਨ ਰਹੀ। ਇਸ ਲਈ ਮੇਰੀ ਪਹਿਲੀ ਗੁਜ਼ਾਰਸ਼ ਇਹ ਹੈ ਕਿ ਸਰਕਾਰ ਅਤੇ ਮਾਨਯੋਗ ਪ੍ਰਧਾਨ ਮੰਤਰੀ ਦੁਆਰਾ ਅਜਿਹੀ ਕੋਈ ਦਲੀਲ ਨਹੀਂ ਦਿਤੀ ਗਈ ਜੋ ਸਦਨ ਦੇ ਇਸ ਭਾਗ ਨੂੰ, ਘਟੋ ਘਟ ਮੈਨੂੰ ਇਸ ਗਲੋਂ ਕਿਸੇ ਵੀ ਤਰ੍ਹਾਂ ਪ੍ਰੇਰਿਤ ਕਰੇ ਕਿ 1934 ਦੇ ਐਕਟ ਦੇ ਉਪਬੰਧ ਵਿਚ ਅਜਿਹੀ ਬੁਨਿਆਦੀ ਤਬਦੀਲੀ ਲਈ ਸਹਿਮਤ ਹੋਇਆ ਜਾ ਸਕੇ। ਲਾਜ਼ਮੀ ਤੌਰ ਤੇ ਸਮਝੌਤੇ ਨੂੰ ਲਾਗੂ ਕਰਨ ਸਬੰਧੀ ਬਸ ਇਹੋ ਕੁਝ। ਹੁਣ ਬਿਲ ਦੇ ਦੂਜੇ ਉਪਬੰਧਾਂ ਵਲ ਆਈਏ। ਜਿਨ੍ਹਾਂ ਉਪਬੰਧਾਂ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ, ਉਹ ਹੜਤਾਲਾਂ ਨਾਲ ਸਬੰਧਤ ਹਨ ਜੋ ਵਾਸਤਵ ਵਿਚ ਮਹੱਤਵਪੂਰਨ ਹਨ। ਸਦਨ ਦਾ ਇਹ ਪਾਸਾ, ਖ਼ਾਸ ਕਰ ਕੇ ਉਹ ਪਾਰਟੀ ਜਿਸ ਦਾ ਮੈਂ ਨੁਮਾਇੰਦਾ ਹਾਂ, ਹਰ ਕੀਮਤ ਤੇ ਇਨ੍ਹਾਂ ਦੀ ਵਿਰੋਧਤਾ ਕਰਦਾ ਹੈ। ਇਹ ਬਿਲ, ਕੁਝ ਹਾਲਤਾਂ ਵਿਚ ਹੜਤਾਲਾਂ ਨੂੰ ਗ਼ੈਰ ਕਾਨੂੰਨੀ ਕਰਾਰ ਦਿੰਦਾ ਹੈ। ਹੜਤਾਲਾਂ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੇ ਉਪਬੰਧ ਬਿਲ ਦੇ ਖੰਡ 62 ਵਿਚ ਦਿਤੇ ਗਏ ਹਨ। ਇਹ ਖੰਡ ਬਹੁਤ ਹੀ ਮਹੱਤਵਪੂਰਨ ਹੈ। ਇਸ ਵਿਚ ਇਹ ਕਿਹਾ ਗਿਆ ਹੈ :--

"62(1) ਕੋਈ ਵੀ ਹੜਤਾਲ ਗ਼ੈਰਕਾਨੂੰਨੀ ਹੋਵੇਗੀ ਜੇਕਰ ਉਹ ਨਿਮਨ ਲਿਖਿਤ ਕਰਕੇ ਆਰੰਭ ਕੀਤੀ ਜਾਂ ਜਾਰੀ ਰਖੀ ਜਾਂਦੀ ਹੈ :

(ੳ) ਅਨੁਸੂਚੀ 1 ਵਿਚ ਵਰਣਿਤ ਕਿਸੇ ਉਦਯੋਗਿਕ ਮਾਮਲੇ ਨਾਲ ਸਬੰਧਤ ਕਿਸੇ ਅਜਿਹੇ ਕੇਸ ਵਿਚ ਜਿਥੇ ਮਾਮਲੇ ਨਾਲੇ ਧਾਰਾ 26 ਅਧੀਨ ਕਿਰਤ ਕਮਿਸ਼ਨਰ ਨੂੰ ਸੌਂਪੇ ਗਏ ਮਾਮਲੇ ਤੇ ਉਸ ਦੁਆਰਾ ਜਾਂ ਉਦਯੋਗਿਕ ਅਦਾਲਤ (ਜਿਹੋ ਜਿਹੀ ਵੀ ਸੂਰਤ ਹੋਵੇ) ਵਲੋਂ ਦਿਤੇ ਗਏ ਸਥਾਈ ਹੁਕਮਾਂ ਦੇ ਲਾਗੂ ਹੋਣ ਦੀ ਮਿਤੀ ਤੋਂ ਇਕ ਸਾਲ ਖ਼ਤਮ ਹੋਣ ਤੋਂ ਪਹਿਲਾਂ;

(ਅ) ਧਾਰਾ 28 ਦੇ ਉਪਬੰਧਾਂ ਅਨਸਾਰ ਨੋਟਿਸ ਦਿਤੇ ਬਿਨਾਂ;

(ੲ) ਸਿਰਫ਼ ਇਸ ਕਾਰਨ ਕਿ ਨਿਯੋਜਕ (ਮਾਲਕ) ਨੇ ਕਿਸੇ ਸਥਾਈ ਹੁਕਮ ਦੇ ਕਿਸੇ ਉਪਬੰਧ ਨੂੰ ਅਮਲ ਵਿਚ ਨਹੀਂ ਲਿਆਂਦਾ ਜਾਂ ਕੋਈ ਗ਼ੈਰ ਕਾਨੂੰਨੀ ਤਬਦੀਲੀ ਕੀਤੀ ਹੈ।

(ਸ) ਅਜਿਹੇ ਕੇਸ ਵਿਚ ਜਿਥੇ ਤਬਦੀਲੀ ਦਾ ਨੋਟਿਸ ਧਾਰਾ 28 ਦੇ ਉਪੰਧਾਂ ਅਨੁਸਾਰ ਦਿਤਾ ਜਾਵੇ ਅਤੇ ਰਜਿਸਟਰਾਰ ਦੁਆਰਾ ਧਾਰਾ 34 ਵਿਚ ਹਵਾਲਾ ਦਿਤੇ ਕੇਸ ਦਾ ਵਿਵਰਨ ਪ੍ਰਾਪਤ ਹੋਣ ਤੋਂ ਪਹਿਲਾਂ ਅਜਿਹੀ ਤਬਦੀਲੀ ਦੇ ਸਬੰਧ ਵਿਚ ਕੋਈ ਸਮਝੌਤਾ ਨਾ ਹੋਇਆ ਹੋਵੇ।

(ਹ) ਅਜਿਹੇ ਕੇਸ ਵਿਚ ਜਦੋਂ ਉਸ ਉਦਯੋਗਿਕ ਝਗੜੇ, ਜਿਸ ਦੇ ਸਬੰਧ ਵਿਚ ਸਮਝੌਤੇ ਦੀ ਕਾਰਵਾਈ ਸ਼ੁਰੂ ਹੋ ਗਈ ਹੋਵੇ ਜਿਸ ਕਰਕੇ ਹੜਤਾਲ ਸ਼ੁਰੂ ਹੋਈ ਸੀ, ਪਰ ਅਜਿਹੀ ਕਾਰਵਾਈ ਅਜੇ ਮੁਕੰਮਲ ਨਾ ਹੋਈ ਹੋਵੇ।

(ਕ) ਅਜਿਹੇ ਮਾਮਲਿਆਂ ਵਿਚ ਜਿਥੇ ਅਜਿਹੇ ਝਗੜੇ ਜਾਂ ਅਜਿਹੇ ਝਗੜਿਆਂ ਨਾਲ ਸਬੰਧਿਤ ਕਿਸੇ ਝਗੜੇ ਸਬੰਧੀ ਅਰਜ਼ੀ ਦਰਜ ਕੀਤੀ ਜਾਂਦੀ ਹੈ ਤਾਂ ਜਦੋਂ ਤਕ ਅਜਿਹੀ ਅਰਜ਼ੀ ਕਾਨੂੰਨੀ ਤੌਰ ਤੇ ਵਾਪਸ ਨਹੀਂ ਲਈ ਜਾਂਦੀ ; ਜਾਂ

(ਖ) ਰਜਿਸਟਰ ਹੋਏ ਸਮਝੌਤੇ, ਨਿਪਟਾਰੇ ਜਾਂ ਫ਼ੈਸਲੇ ਦੀ ਸ਼ਰਤਾਂ ਦੀ ਉਲੰਘਣਾ ਕਰਨ ਦੀ ਹਾਲਤ ਵਿਚ।

(2) ਜਿਹੜੇ ਮਾਮਲਿਆਂ ਵਿਚ ਕਿਸੇ ਉਦਯੋਗਿਕ ਝਗੜੇ ਦੇ ਸਬੰਧ ਵਿਚ ਸਮਝੌਤੇ ਦੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ, ਉਨ੍ਹਾਂ ਨਾਲ ਸਬੰਧਿਤ ਹੜਤਾਲ ਉਸ ਸਮੇਂ ਗ਼ੈਰ ਕਾਨੂੰਨੀ ਹੋਵੇਗੀ ਜਦੋਂ ਹੜਤਾਲ ਅਜਿਹੀ ਕਾਰਵਾਈ ਦੇ ਮੁਕੰਮਲ ਹੋਣ ਤੋਂ ਦੋ ਮਹੀਨੇ ਬੀਤਣ ਤੇ ਕੀਤੀ ਜਾਂਦੀ ਹੈ।"

ਫਿਰ , ਇਸ ਖੰਡ ਨੂੰ ਅਸਰਦਾਰ ਬਣਾਉਣ ਲਈ ਬਿਲ ਵਿਚ ਗ਼ੈਰ ਕਾਨੂੰਨੀ ਹੜਤਾਲਾਂ ਕਰਨ ਲਈ ਕੁਝ ਦੰਡ ਨਿਸ਼ਚਿਤ ਕੀਤੇ ਗਏ ਹਨ। ਇਨ੍ਹਾਂ ਸਬੰਧੀ ਖੰਡ 66 ਹੇਠ ਲਿਖੇ ਅਨੁਸਾਰ ਹੈ :--

" ਕੋਈ ਕਰਮਚਾਰੀ ਜੋ ਹੜਤਾਲ ਤੇ ਚਲਾ ਜਾਂਦਾ ਹੈ ਜਾਂ ਅਜਿਹੀ ਹੜਤਾਲ ਵਿਚ ਹਿੱਸਾ ਲੈਂਦਾ ਹੈ ਜਿਸ ਨੂੰ ਉਦਯੋਗਿਕ ਅਦਾਲਤ ਨੇ ਗ਼ੈਰ ਕਾਨੂੰਨੀ ਕਰਾਰ ਦਿਤਾ ਹੈ, ਉਸ ਨੂੰ ਦੋਸ਼ਸਿਧੀ ਤੇ ਛੇ ਮਹੀਨਿਆਂ ਤਕ ਦੀ ਸਜ਼ਾ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।"

ਧਾਰਾ 67 ਨਿਮਨ ਅਨੁਸਾਰ ਹੈ :--

" ਜੇਕਰ ਕੋਈ ਵਿਅਕਤੀ ਕਿਸੇ ਅਜਿਹੀ ਹੜਤਾਲ ਜਾਂ ਤਾਲਾਬੰਦੀ ਵਿਚ ਹਿੱਸਾ ਲੈਣ ਲਈ ਕਿਸੇ ਵਿਅਕਤੀ ਨੂੰ ਉਕਸਾਉਂਦਾ ਹੈ ਜਾਂ ਭੜਕਾਉਂਦਾ ਹੈ, ਜਿਸ ਨੂੰ ਉਦਯੋਗਿਕ ਅਦਾਲਤ ਨੇ ਗ਼ੈਰਕਾਨੂੰਨੀ ਕਰਾਰ ਦਿਤਾ ਹੋਵੇ, ਤਾਂ ਦੋਸ਼ਸਿਧੀ ਤੇ ਉਸ ਨੂੰ ਛੇ ਮਹੀਨਿਆਂ ਤਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵੇਂ ਤਰ੍ਹਾਂ ਦੀ ਸਜ਼ਾ ਹੋ ਸਕਦੀ ਹੈ।"

ਵਿਆਖਿਆ : ਇਸ ਧਾਰਾ ਦੇ ਮੰਤਵ ਲਈ ਕੋਈ ਵਿਅਕਤੀ ਜੋ ਕਿਸੇ ਹੜਤਾਲ ਜਾਂ ਤਾਲਾਬੰਦੀ ਲਈ ਕਿਸੇ ਕਿਸਮ ਦਾ ਚੰਦਾ ਦਿੰਦਾ ਹੈ, ਚੰਦਾ ਇਕੱਠਾ ਕਰਦਾ ਹੈ ਜਾਂ ਮੰਗਦਾ ਹੈ, ਉਸਨੂੰ ਅਜਿਹੀ ਹੜਤਾਲ ਜਾਂ ਤਾਲਾਬੰਦੀ ਨੂੰ ਉਤਸਾਹਤਿ ਕਰਨ ਵਾਲਾ ਵਿਅਕਤੀ ਸਮਝਿਆ ਜਾਵੇਗਾ।"

ਹੁਣ, ਸ੍ਰੀਮਾਨ ਜੀ, ਇਹ ਕਿਹਾ ਗਿਆ ਹੈ ਕਿ ਇਹ ਖੰਡ ਉਚਿਤ ਹਨ ਕਿਉਂ ਜੋ ਹੜਤਾਲ ਦੇ ਹੱਕ ਵਜੋਂ ਜਾਣੇ ਜਾਣ ਵਾਲੀ ਕੋਈ ਚੀਜ਼ ਨਹੀਂ। ਇਸ ਲਈ ਜਿਸ ਨੂੰ ਮਜ਼ਦੂਰ ਹੜਤਾਲ ਦਾ ਹੱਕ ਕਹਿੰਦੇ ਹਨ ਉਸ ਦੇ ਲਈ ਬਿਲ ਵਿਚ ਨਿਸ਼ਚਿਤ ਕਰਨ ਨਾਲ ਨਿਰਸੰਦੇਹ ਨੈਤਿਕਤਾ

ਦੇ ਕਿਸੇ ਨਿਯਮ ਜਾਂ ਨਿਆਂ ਸ਼ਾਸਤਰ ਦੇ ਕਿਸੇ ਨਿਯਮ ਦੀ ਉਲੰਘਣਾ ਨਹੀਂ। ਸ੍ਰੀਮਾਨ ਜੀ, ਮੇਰੇ ਭਾਸ਼ਣ ਦਾ ਪਹਿਲਾ ਉਦੇਸ਼ ਉਸ ਦਲੀਲ ਨੂੰ ਝੁਠਲਾਉਣਾ ਅਤੇ ਇਸ ਸਥਿਤੀ ਨੂੰ ਨਕਾਰਨਾ ਹੈ। ਹੁਣ ਸਥਿਤੀ ਨੂੰ ਸਪਸ਼ਟ ਕਰਨ ਲਈ ਮੈਂ ਬਹੁਤ ਹੀ ਆਰੰਭਕ ਸਮਸਿਆਵਾਂ ਤੋਂ ਸ਼ੁਰੂ ਕਰਾਂਗਾ। ਸਭ ਤੋਂ ਪਹਿਲਾਂ ਮੈਂ ਇਹ ਸਪਸ਼ਟ ਕਰ ਦੇਵਾਂ ਕਿ "ਹੜਤਾਲ" ਸ਼ਬਦ ਤੋਂ ਅਸੀਂ ਕੀ ਭਾਵ ਲੈਂਦੇ ਹਾਂ। ਇਸ ਦਾ ਮਤਲਬ ਕੀ ਹੈ ? ਮੈਂ ਸਮਝਦਾ ਹਾਂ ਕਿ ਚੰਗਾ ਇਹ ਹੋਵੇਗਾ ਕਿ ਸ਼ਬਦ "ਹੜਤਾਲ" ਦੇ ਮਤਲਬ ਨੂੰ ਸਮਝ ਲਈਏ। ਆਮ ਲੋਕਾਂ ਦੀ ਭਾਸ਼ਾ ਵਿਚ ਹੜਤਾਲ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਤੋਂ ਵਧ ਕੁਝ ਨਹੀਂ। ਜਦੋਂ ਕੋਈ ਕਾਮਾ ਹੜਤਾਲ ਕਰਦਾ ਹੈ ਤਾਂ ਇਹੋ ਹੀ ਮਤਲਬ ਲਿਆ ਜਾਂਦਾ ਹੈ ਕਿ ਉਸ ਨੇ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ–ਇਸ ਤੋਂ ਨਾ ਕੁਝ ਵਧ ਨਾ ਘਟ। ਅਗਲਾ ਸਵਾਲ ਜਿਹੜਾ ਉਠਾਉਣ ਦੀ ਮੇਰੀ ਤਜਵੀਜ਼ ਹੈ, ਉਹ ਇਹ ਹੈ ਕਿ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਭਾਰਤੀ ਕਾਨੂੰਨ ਪੁਸਤਕ ਵਿਚ ਦਰਜ ਕਾਨੂੰਨ ਕਿਵੇਂ ਨਜਿੱਠਦਾ ਹੈ ? ਭਾਰਤੀ ਕਾਨੂੰਨ ਹੜਤਾਲ ਦੇ ਇਸ ਅਧਿਕਾਰ ਨੂੰ ਮਾਨਤਾ ਦਿੰਦਾ ਹੈ ਜਾਂ ਨਹੀਂ ? ਅਤੇ ਜੇਕਰ ਮਾਨਤਾ ਦਿੰਦਾ ਹੈ ਤਾਂ ਕਿਸ ਤਰ੍ਹਾਂ ਅਤੇ ਜੇਕਰ ਸਜ਼ਾ ਦਿੰਦਾ ਹੈ ਤਾਂ ਕਿਸ ਤਰ੍ਹਾਂ ਦੀ ਸਜ਼ਾ ਦਿੰਦਾ ਹੈ ? ਸ੍ਰੀਮਾਨ ਜੀ, ਇਸ ਬਾਰੇ ਵੀ ਮੈਂ ਮੁੱਢਲੀ ਸਮਸਿਆ ਨਾਲ ਆਰੰਭ ਕਰਾਂਗਾ ਅਤੇ ਉਹ ਇਹ ਹੈ ਕਿ ਕੋਈ ਕਾਰਵਾਈ ਜਾਂ ਉਕਾਈ ਇਕ ਦੀਵਾਨੀ ਗ਼ਲਤੀ ਹੋ ਸਕਦੀ ਹੈ ਜਾਂ ਫਿਰ ਫ਼ੌਜਦਾਰੀ ਅਪਰਾਧ ? ਅਤੇ ਪਹਿਲਾ ਸਵਾਲ ਜਿਹੜਾ ਮੈਂ ਕਰਨਾ ਚਾਹੁੰਦਾ ਹਾਂ (ਮੈਂ ਇਸ ਮਾਮਲੇ ਨਾਲ ਬੜੇ ਹੀ ਵਿਸਤ੍ਰਿਤ ਪੈਮਾਨੇ ਤੇ ਨਜਿੱਠਣਾ ਚਾਹੁੰਦਾ ਹਾਂ) ਉਹ ਇਹ ਹੈ : ਕੀ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨਾ ਦੀਵਾਨੀ ਗ਼ਲਤੀ ਹੈ ? ਕਾਨੂੰਨ ਇਸ ਦਾ ਜਵਾਬ ਦਿੰਦਾ ਹੈ। ਜਿਸ ਵਿਅਕਤੀ ਨੂੰ ਦੀਵਾਨੀ ਗ਼ਲਤੀ ਤੋਂ ਨੁਕਸਾਨ ਪੁੱਜਿਆ ਹੋਵੇ ਉਸ ਲਈ ਕੀ ਉਪਾਅ ਉਪਲੱਬਧ ਹਨ ? ਇਹ ਮੇਰਾ ਅਗਲਾ ਸਵਾਲ ਹੋਵੇਗਾ। ਜਿਸ ਦੀਆਂ ਸੇਵਾਵਾਂ ਦੀਆਂ ਸ਼ਰਤਾਂ ਦੀ ਕੋਈ ਕਾਮਾ ਉਲੰਘਣਾ ਕਰੇ, ਅਜਿਹੇ ਪੀੜਤ ਵਿਅਕਤੀ ਲਈ ਮੌਜੂਦਾ ਕਾਨੂੰਨ ਦੋ ਉਪਾਅ ਉਪਬੰਧ ਕਰਦਾ ਹੈ ਅਤੇ ਉਹ ਉਪਾਅ ਹਨ : ਹਰਜਾਨਾ ਅਤੇ ਵਿਸ਼ੇਸ਼ ਰਾਹਤ। ਭਾਵੇਂ ਕਾਨੂੰਨ ਦੀਵਾਨੀ ਕਸੂਰ ਕਰਨ ਤੇ ਦੋ ਕਿਸਮ ਦੇ ਉਪਾਵਾਂ ਅਰਥਾਤ ਹਰਜਾਨੇ ਅਤੇ ਵਿਸ਼ੇਸ਼ ਕਾਰਗੁਜ਼ਾਰੀ ਦਾ ਉਪਬੰਧ ਕਰਦਾ ਹੈ, ਪਰ ਅਜਿਹਾ ਇਕ ਉਪਬੰਧ ਹੈ ਜਿਹੜਾ ਸੇਵਾ ਦੀਆਂ ਸ਼ਰਤਾਂ ਤੇ ਖ਼ਾਸ ਤੌਰ ਤੇ ਲਾਗੂ ਹੁੰਦਾ ਹੈ। ਜਦੋਂ ਕੋਈ ਵਿਅਕਤੀ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਪੀੜਿਤ ਧਿਰ ਉਦੋਂ ਕੇਵਲ ਹਰਜਾਨੇ ਦੀ ਹੀ ਹੱਕਦਾਰ ਹੁੰਦੀ ਹੈ, ਉਹ ਕਿਸੇ ਵਿਸ਼ੇਸ਼ ਰਾਹਤ ਦੀ ਮੰਗ ਨਹੀਂ ਕਰ ਸਕਦੀ ਅਤੇ ਅਦਾਲਤ ਵੀ ਅਜਿਹੀ ਰਾਹਤ ਨਹੀਂ ਦੇ ਸਕਦੀ ਜਿਸ ਰਾਹੀਂ ਕਿਸੇ ਵਿਅਕਤੀ ਨੂੰ ਸੇਵਾ ਕਰਨ ਦੀਆਂ ਉਨ੍ਹਾਂ ਸ਼ਰਤਾਂ ਨੂੰ ਪੂਰੀਆਂ ਕਰਨ ਲਈ ਮਜਬੂਰ ਕੀਤਾ ਜਾ ਸਕੇ ਜਿਨ੍ਹਾਂ ਬਾਰੇ ਮੁਆਇਦਾ ਕੀਤਾ ਗਿਆ ਸੀ। ਪੀੜਿਤ ਧਿਰ ਸਿਰਫ਼ ਹਰਜਾਨੇ ਦੀ ਹੀ ਹੱਕਦਾਰ ਹੋਵੇਗੀ। ਸ੍ਰੀਮਾਨ ਜੀ, ਜਿਥੋਂ ਤਕ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਦੇ ਦੀਵਾਨੀ ਕਸੂਰ ਦਾ ਸਬੰਧ ਹੈ ਉਸ ਸਬੰਧੀ ਸਥਿਤੀ ਇਹੋ ਹੀ ਹੈ। ਦੀਵਾਨੀ

ਗ਼ਲਤੀ ਦੀ ਸੂਰਤ ਵਿਚ ਮਾਲਕ ਨੂੰ ਹਰਜਾਨੇ ਤੋਂ ਸਿਵਾਏ ਹੋਰ ਕੁਝ ਨਹੀਂ ਮਿਲ ਸਕਦਾ।

ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਅਪਰਾਧ ਦੇ ਨਜ਼ਰੀਏ ਨਾਲ ਵੇਖਦਿਆਂ ਸਵਾਲ ਉਠਦਾ ਹੈ: ਕੀ ਇਹ ਅਪਰਾਧ ਹੈ ? ਭਾਰਤੀ ਕਾਨੂੰਨ ਵਿਚ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਦੇ ਸਬੰਧ ਵਿਚ ਕੀ ਉਪਬੰਧ ਹੈ ? ਸ੍ਰੀ ਮਾਨ ਜੀ , ਸਪਸ਼ਟੀਕਰਨ ਦੇ ਮੰਤਵ ਲਈ ਸਦਨ ਵਿਚ ਥੋੜ੍ਹਾ ਜਿਹਾ ਪਿਛੋਕੜ ਦੱਸਣ ਦੀ ਜ਼ਰੂਰਤ ਹੈ ਕਿ ਹਿੰਦੁਤਾਨੀ ਕਾਨੂੰਨ ਵਿਚ ਇਸ ਮਾਮਲੇ ਨੂੰ ਕਿਵੇਂ ਨਬੇੜਿਆ ਗਿਆ ਹੈ ? ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨਾਲ ਨਜਿੱਠਣ ਲਈ ਸਭ ਤੋਂ ਪਹਿਲਾ ਹਿੰਦੁਤਾਨੀ ਕਾਨੂੰਨ 1859 ਦਾ ਐਕਟ ਦਾ ਅਧਿਨਿਯਮ ਨੰ : 13 ਸੀ। ਇਸ ਨੂੰ ਵਰਕਮੈਨਜ਼ ਬ੍ਰੀਚ ਆਫ਼ ਕਾਨਟਰੈਕਟ ਐਕਟ ਕਿਹਾ ਗਿਆ ਸੀ। ਇਹ 1859 ਵਿਚ ਗ਼ਦਰ ਤੋਂ ਤੁਰੰਤ ਬਾਅਦ ਜਾਂ ਗ਼ਦਰ ਦੇ ਦੌਰਾਨ ਪਾਸ ਕੀਤਾ ਗਿਆ ਸੀ। ਮੈਂ ਸਦਨ ਨੂੰ ਉਨ੍ਹਾਂ ਕਾਰਣਾਂ ਤੋਂ ਫਿਰ ਜਾਣੂ ਕਰਵਾਵਾਂਗਾ ਜਿਨ੍ਹਾਂ ਕਰਕੇ ਇਹ ਕਾਨੂੰਨ ਪਾਸ ਕੀਤਾ ਗਿਆ ਸੀ। ਫਿਰ, ਭਾਰਤੀ ਦੰਡਾਵਲੀ ਵਿਚ ਉਪਬੰਧ ਵੀ ਹਨ, ਜੋ ਇਸ ਮਾਮਲੇ ਦਾ ਨਬੇੜਾ ਕਰਦੇ ਹਨ, ਅਰਥਾਤ ਅਪਰਾਧ ਵਜੋਂ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਅਪਰਾਧ ਵਜੋਂ ਲੈਂਦੀਆਂ ਹਨ ਅਤੇ ਉਹ ਧਾਰਾਵਾਂ ਹਨ- 490,491 ਅਤੇ 492। ਜਿਥੋਂ ਤਕ 1859 ਦੇ ਐਕਟ ਅਧਿਨਿਯਮ 13 ਦਾ ਸਬੰਧ ਹੈ, ਇਸ ਐਕਟ ਦਾ ਇਸਤੇਮਾਲ ਸੀਮਿਤ ਰੂਪ ਵਿਚ ਸੀ। ਇਹ ਸਿਰਫ਼ ਕਾਰੀਗਰਾਂ ਅਤੇ ਦਸਤਕਾਰਾਂ ਉਤੇ ਲਾਗੂ ਸੀ। ਇਹ ਅਜਿਹੇ ਮਾਮਲਿਆਂ ਤੇ ਲਾਗੂ ਹੁੰਦਾ ਸੀ ਜਿਥੇ ਦਸਤਕਾਰਾਂ ਅਤੇ ਕਾਰੀਗਰਾਂ ਨੇ ਆਪਣੇ ਮਾਲਕਾਂ ਤੋਂ ਪੇਸ਼ਗੀ ਰਕਮਾਂ ਲੈ ਕੇ ਬਾਅਦ ਵਿਚ ਉਹ ਕੰਮ ਕਰਨ ਤੋਂ ਇਨਕਾਰ ਕਰ ਦਿਤਾ ਜਿਹੜਾ ਕਰਨ ਦਾ ਉਨ੍ਹਾਂ ਨੇ ਵਾਅਦਾ ਕੀਤਾ ਸੀ। ਹਾਲਾਤ ਇਸ ਗੱਲ ਦੀ ਮੰਗ ਕਰਦੇ ਸਨ। ਅੰਗਰੇਜ਼ ਸਰਕਾਰ ਨੂੰ ਗ਼ਦਰ ਦਾ ਸਾਹਮਣਾ ਸੀ। ਗ਼ਦਰ ਦੇ ਦੌਰਾਨ, ਫ਼ੌਜ ਨੇ ਬਹੁਤ ਸਾਰੇ ਦਸਤਕਾਰ ਅਤੇ ਕਾਰੀਗਰ ਕੰਮ ਤੇ ਲਾਏ ਅਤੇ ਉਨ੍ਹਾਂ ਨੂੰ ਇਸ ਆਸ ਤੇ ਪੇਸ਼ਗੀਆਂ ਦਿਤੀਆਂ ਕਿ ਉਹ ਸੌਂਪਿਆ ਗਿਆ ਕੰਮ ਕਰਨਗੇ। ਪਰ ਡਰ ਜਾਂ ਹੋਰ ਹਾਲਾਤ ਕਰਕੇ ਉਹ ਦਸਤਕਾਰ ਅਤੇ ਕਾਰੀਗਰ ਆਪਣੇ ਆਪਣੇ ਘਰਾਂ ਨੂੰ ਪਰਤ ਗਏ ਅਤੇ ਇਸ ਦੇ ਸਿੱਟੇ ਵਜੋਂ ਉਹ, ਉਹ ਕੰਮ ਨਹੀਂ ਕਰ ਸਕੇ ਜਿਨ੍ਹਾਂ ਦਾ ਉਨ੍ਹਾਂ ਨੇ ਜ਼ਿੰਮਾ ਲਿਆ ਸੀ, ਭਾਵੇਂ ਉਨ੍ਹਾਂ ਨੇ ਪੇਸ਼ਗੀ ਰਕਮਾਂ ਲਈਆਂ ਹੋਈਆਂ ਸਨ। ਅਜਿਹੇ ਮਾਮਲੇ ਨਜਿੱਠਣ ਲਈ 1859 ਦਾ ਐਕਟ ਪਾਸ ਕੀਤਾ ਗਿਆ ਸੀ। ਇਤਿਹਾਸਕ ਪ੍ਰਮਾਣ ਮੌਜੂਦ ਹੈ ਕਿ ਭਾਵੇਂ ਇਹ ਐਕਟ ਪਾਸ ਤਾਂ ਕੀਤਾ ਗਿਆ, ਜਿਸ ਰਾਹੀਂ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਅਪਰਾਧ ਮੰਨਿਆ ਗਿਆ ਹੈ, ਪਰ ਇਸ ਦੀ ਵਰਤੋਂ ਕਦੇ ਕਦਾਈਂ, ਬਹੁਤ ਹੀ ਘਟ ਕੀਤੀ ਗਈ । ਇਹ ਕਾਨੂੰਨ ਅਸਲ ਵਿਚ ਲੋਕਾਂ ਨੂੰ ਦੁੱਖ ਦੇਣ ਵਾਸਤੇ ਨਹੀਂ ਸੀ ਬਣਾਇਆ ਗਿਆ। ਸ੍ਰੀਮਾਨ ਜੀ, ਇਸ ਐਕਟ ਦੀ ਬਾਅਦ ਦੀ ਕਹਾਣੀ ਬਹੁਤ ਹੀ ਰੋਚਕ ਹੈ। ਇਹ ਐਕਟ ਰਸਮੀ ਤੌਰ ਤੇ 1859 ਤੋਂ ਕਾਨੂੰਨ ਤਾਂ ਬਣ ਗਿਆ ਸੀ ਪਰ ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ, ਇਸ ਦੀ ਵਰਤੋਂ ਕਦੀ ਨਹੀਂ ਕੀਤੀ ਗਈ ਅਤੇ ਇਸ ਨੂੰ 1920 ਵਿਚ ਗੌਰਮਿੰਟ ਆਫ਼ ਇੰਡੀਆ ਐਕਟ ਦੇ ਅਧਿਨਿਯਮ 12 ਰਾਹੀਂ ਸੋਧਿਆ ਗਿਆ। ਸੋਧ

ਐਕਟ ਰਾਹੀਂ ਇਸ ਐਕਟ ਵਿਚ ਦੋ ਬਹੁਤ ਹੀ ਨਰੋਏ ਸਿਧਾਂਤ ਦਾਖ਼ਲ ਕੀਤੇ ਗਏ। ਇਸ ਐਕਟ ਵਿਚ ਲਿਆਂਦਾ ਗਿਆ ਇਕ ਨਰੋਆ ਸਿਧਾਂਤ ਇਹ ਸੀ ਕਿ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਕਾਰੀਗਰਾਂ ਨੂੰ ਸਜ਼ਾ ਦੇਣ ਤੋਂ ਪਹਿਲਾਂ ਮੈਜਿਸਟਰੇਟ ਨੂੰ ਇਸ ਗਲ਼ ਦੀ ਪੜਤਾਲ ਕਰਨ ਦਾ ਅਧਿਕਾਰ ਪ੍ਰਾਪਤ ਹੋਵੇਗਾ ਕਿ ਕੀ ਅਹਿਦਨਾਮਾ ਨਿਆਂ ਸੰਗਤ ਸੀ ? ਜੇਕਰ ਮੈਜਿਸਟਰੇਟ ਇਸ ਸਿੱਟੇ ਤੇ ਪੁਜੇ ਕਿ ਅਹਿਦਨਾਮਾ ਨਿਆਂ ਸੰਗਤ ਨਹੀਂ ਸੀ ਤਾਂ ਉਸ ਨੂੰ ਕੰਮ ਤੋਂ ਇਨਕਾਰ ਕਰਨ ਵਾਲੇ ਕਾਰੀਗਰਾਂ ਨੂੰ, ਆਪਣੇ ਮਾਲਕ ਤੋਂ ਪੇਸ਼ਗੀ ਰਕਮ ਲਏ ਹੋਣ ਦੇ ਬਾਵਜੂਦ ਸਜ਼ਾ ਦੇਣ ਦਾ ਹੱਕ ਨਹੀਂ। ਇਹ ਪਹਿਲੀ ਤਬਦੀਲੀ ਸੀ ਜਿਹੜੀ 1920 ਦੇ ਐਕਟ ਰਾਹੀਂ ਲਿਆਂਦੀ ਗਈ । ਦੂਜਾ ਨਰੋਆ ਉਪਬੰਧ ਜੋ 1920 ਦੇ ਐਕਟ ਰਾਹੀਂ ਲਿਆਂਦਾ ਗਿਆ, ਉਹ ਇਹ ਸੀ ਕਿ ਮੈਜਿਸਟਰੇਟ ਨੂੰ ਝੂਠੀ ਸ਼ਿਕਾਇਤ ਕਰਨ ਵਾਲੇ ਮਾਲਕ ਨੂੰ ਸਜ਼ਾ ਦੇਣ ਦੀ ਸ਼ਕਤੀ ਦਿਤੀ ਗਈ –ਇਹ ਉਪਬੰਧ ਮੂਲ ਐਕਟ ਵਿਚ ਨਹੀਂ ਸੀ।

ਹੁਣ ਭਾਰਤੀ ਦੰਡਾਵਲੀ ਸੰਘਤਾ ਦੀ ਧਾਰਾਵਾਂ ਵਲ ਆਉਂਦੇ ਹਾਂ। ਮੈਂ ਜਿਹੜੀਆਂ ਤਿੰਨ ਧਾਰਾਵਾਂ ਦਾ ਹਵਾਲਾ ਦਿਤਾ ਹੈ ਉਨ੍ਹਾਂ ਦੀ ਕਹਾਣੀ ਵੀ ਬੜੀ ਰੋਚਕ ਹੈ। ਧਾਰਾ 490 ਦਾ ਸਬੰਧ ਸਮੁੰਦਰੀ ਯਾਤਰਾ ਜਾਂ ਯਾਤਰਾ ਦੇ ਦੌਰਾਨ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨਾਲ ਹੈ। ਇਸ ਧਾਰਾ ਦਾ ਖੇਤਰ ਵੀ ਬਹੁਤ ਸੀਮਿਤ ਸੀ। ਇਹ ਸੇਵਾ ਦੀਆਂ ਸ਼ਰਤਾਂ ਵਿਚ ਹਰ ਕਿਸਮ ਦੀ ਉਲੰਘਣਾ ਤੇ ਲਾਗੂ ਨਹੀਂ ਸੀ ਹੁੰਦਾ। ਇਹ ਸਿਰਫ਼ ਸਮੁੰਦਰੀ ਯਾਤਰਾ ਜਾਂ ਸਫ਼ਰ ਤੇ ਗਏ ਮਲਾਹਾਂ ਤੇ ਲਾਗੂ ਹੁੰਦਾ ਸੀ। ਸਾਫ਼ ਤੌਰ ਤੇ ਇਹ ਜ਼ਰੂਰੀ ਸੀ ਕਿ ਮਲਾਹਾਂ ਦੀ ਸੇਵਾ ਵਿਚ ਅਜਿਹੀ ਕਿਸਮ ਦਾ ਕੋਈ ਅਪਵਾਦ ਲਿਆਂਦਾ ਜਾਵੇ, ਜਿਸ ਦੀ ਨਿਰੰਤਰ ਸੇਵਾ ਤੇ ਸਮੁੰਦਰੀ ਯਾਤਰਾ ਦੀ ਸਫ਼ਲਤਾ ਅਤੇ ਸੁਰੱਖਿਆ ਨਿਰਭਰ ਕਰਦੀ ਹੈ। ਦੂਜੀ ਧਾਰਾ ਹੈ– 491, ਜਿਸ ਦਾ ਸਬੰਧ ਲਾਚਾਰ ਤੇ ਮਜਬੂਰ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਰਖੇ ਗਏ ਸੇਵਕਾਂ ਦੁਆਰਾ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਨਾਲ ਹੈ। ਮਿਸਾਲ ਲਈ ਇਹ ਉਸ ਆਇਆ ਤੇ ਲਾਗੂ ਹੁੰਦਾ ਹੈ ਜਿਸ ਨੂੰ ਉਸ ਬੱਚੇ ਦੀ ਦੇਖਭਾਲ ਲਈ ਰੱਖਿਆ ਗਿਆ ਹੈ ਜੋ ਆਪਣੀ ਦੇਖਭਾਲ ਖ਼ੁਦ ਨਹੀਂ ਕਰ ਸਕਦਾ। ਇਹ ਉਸ ਵਿਅਕਤੀ ਤੇ ਲਾਗੂ ਹੁੰਦਾ ਹੈ ਜਿਸ ਨੂੰ ਅਜਿਹੇ ਵਿਅਕਤੀ ਨੂੰ ਵਸਤਾਂ ਮੁਹੱਈਆ ਕਰਨ ਲਈ ਰੱਖਿਆ ਗਿਆ ਸੀ, ਜੋ ਲੰਗੜਾ ਹੈ ਅਤੇ ਆਪਣੀ ਦੇਖਭਾਲ ਆਪ ਨਹੀਂ ਕਰ ਸਕਦਾ। ਇਹ ਤਾਂ ਸੀ ਧਾਰਾ 491; ਫਿਰ, ਧਾਰਾ 492 ਅਧੀਨ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਦੇ ਉਹ ਮਾਮਲੇ ਆਉਂਦੇ ਹਨ ਜਿਨ੍ਹਾਂ ਵਿਚ ਮਾਲਕ ਦੇ ਖ਼ਰਚੇ ਤੇ ਨੌਕਰ ਨੂੰ ਦੂਰ ਥਾਵਾਂ ਤੇ ਭੇਜਿਆ ਗਿਆ ਹੋਵੇ। ਇਹ ਤਿੰਨ ਉਪਬੰਧ ਸਨ ਜਿਹੜੇ ਭਾਰਤੀ ਦੰਡਾਵਲੀ ਦੇ ਲਾਗੂ ਹੋਣ ਸਮੇਂ ਬਣਾਏ ਗਏ ਸਨ। ਹੁਣ ਸ੍ਰੀਮਾਨ ਜੀ, ਇਨ੍ਹਾਂ ਤਿੰਨਾਂ ਧਾਰਾਵਾਂ ਦੇ ਬਣਾਏ ਜਾਣ ਤੋਂ ਲੈ ਕੇ ਹੁਣ ਤਕ ਕੀ ਕਹਾਣੀ ਰਹੀ ਹੈ ? ਕਹਾਣੀ ਇਹ ਹੈ ਕਿ ਕੇਂਦਰੀ ਵਿਧਾਨ ਮੰਡਲ ਨੇ 1925 ਦੇ ਐਕਟ ◇◇◇ਦੁਆਰਾ ਧਾਰਾਵਾਂ 490 ਅਤੇ 492 ਮਨਸੂਖ਼ ਕਰ

ਦਿਤੀਆਂ। ਇਹ ਧਾਰਾਵਾਂ ਹੁਣ ਲਾਗੂ ਨਹੀਂ ਰਹੀਆਂ ਅਤੇ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਜੋ ਕਿ ਇਨ੍ਹਾਂ ਧਾਰਾਵਾਂ ਅਧੀਨ ਜੁਰਮ ਮੰਨੀ ਜਾਂਦੀ ਸੀ ਉਹ ਹੁਣ ਅਪਰਾਧ ਨਹੀਂ ਰਹੀ। ਇਸ ਲਈ, ਹੁਣ ਇਸ ਸਮੇਂ ਪਿੱਛੇ ਬਚੀ ਜਿਹੜੀ ਧਾਰਾ ਲਾਗੂ ਹੈ ਉਹ ਧਾਰਾ ਹੈ ਭਾਰਤੀ ਦੰਡਾਵਲੀ ਦੀ ਧਾਰਾ 491, ਭਾਰਤ ਦੇ ਮੌਜੂਦਾ ਕਾਨੂੰਨ ਅਨੁਸਾਰ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਲਈ ਹਰਜਾਨੇ ਤੋਂ ਇਲਾਵਾ ਹੋਰ ਦੰਡ ਦੇਣ ਵਾਲੀ ਜੋ ਕੋਈ ਧਾਰਾ ਹੈ ਤਾਂ ਉਹ ਉਹ ਹੈ ਧਾਰਾ 491 ਅਤੇ ਮੈਂ ਨਹੀਂ ਸਮਝਦਾ ਕਿ ਸਦਨ ਦਾ ਕੋਈ ਵੀ ਮੈਂਬਰ ਇਸ ਉਪਬੰਧ ਵਿਚ ਮੀਨ-ਮੇਖ ਕਢੇਗਾ, ਜੇਕਰ ਉਹ ਇਹ ਜਾਣਦਾ ਹੈ ਕਿ ਇਸ ਦਾ ਮੰਤਵ , ਇਸ ਨੂੰ ਅਸਲ ਵਿਚ ਅਜਿਹੇ ਵਿਅਕਤੀ ਦੇ ਸਬੰਧ ਵਿਚ ਲਾਗੂ ਕਰਨਾ ਹੈ ਜੋ ਲਾਚਾਰ ਹੈ ਅਤੇ ਆਪਣੀ ਦੇਖ ਭਾਲ ਖ਼ੁਦ ਨਹੀਂ ਕਰ ਸਕਦਾ।

ਹੁਣ ਸ੍ਰੀਮਾਨ ਜੀ, ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨਾਲ ਸਬੰਧਤ ਕਾਨੂੰਨੀ ਸਥਿਤੀ ਬਾਰੇ ਜੋ ਕੁਝ ਮੈਂ ਕਿਹਾ ਹੈ ਉਸ ਸਭ ਕੁਝ ਦਾ ਜਾਇਜ਼ਾ ਲੈਂਦਿਆਂ ਮੈਂ ਕਹਿ ਸਕਦਾ ਹਾਂ ਕਿ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕੇਵਲ ਵਰਜਕ ਸ਼ਬਦ "ਹੜਤਾਲ" ਦਾ ਪ੍ਰਚਲਿਤ ਰੂਪ ਹੀ ਹੈ। ਇਸ ਬਾਰੇ ਸਥਿਤੀ ਕੀ ਹੈ ? ਸਥਿਤੀ ਇੰਝ ਹੈ: ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕੋਈ ਜੁਰਮ ਨਹੀਂ ਅਤੇ ਹਿੰਦੁਸਤਾਨੀ ਕਾਨੂੰਨ ਅਧੀਨ ਸਜ਼ਾਯੋਗ ਨਹੀਂ, ਸਿਵਾਏ ਉਸ ਹਾਲਤ ਦੇ ਜਦੋਂ ਇਹ ਧਾਰਾ 491 ਅਧੀਨ ਆਉਂਦੀ ਹੋਵੇ। ਭਾਵ ਇਹ ਕਿ ਇਹ ਸਿਰਫ਼ ਇਕ ਦੀਵਾਨੀ ਗ਼ਲਤੀ ਹੈ ਜਿਸ ਲਈ ਰਾਹਤ ਉਪਾਅ ਸਿਰਫ ਹਰਜਾਨਾ ਹੀ ਹੋ ਸਕਦਾ ਹੈ ਅਤੇ ਕੋਈ ਵਿਸ਼ੇਸ਼ ਕਾਰਕਰਦਗੀ ਨਹੀਂ। ਮੈਂ ਇਸੇ ਤੇ ਜ਼ੋਰ ਦੇਣਾ ਚਾਹੁੰਦਾ ਹਾਂ । ਇਕ ਸਵਾਲ , ਜਿਸ ਬਾਰੇ ਮੈਨੂੰ ਪੂਰਾ ਯਕੀਨ ਹੈ, ਕਿ ਸਦਨ ਬੜੀ ਗੰਭੀਰਤਾ ਨਾਲ ਵਿਚਾਰ ਕਰੇਗਾ, ਇਹ ਹੈ: ਕਿਉਂ ਹਿੰਦੁਸਤਾਨੀ ਕਾਨੂੰਨ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਜੁਰਮ ਨਹੀਂ ਗਰਦਾਨਦਾ ਅਤੇ ਹਿੰਦੁਸਤਾਨੀ ਕਾਨੂੰਨ ਵਿਚ ਵਿਸ਼ੇਸ਼ ਕਾਰਗੁਜ਼ਾਰੀ ਦਾ ਉਪਬੰਧ ਕਿਉਂ ਨਹੀਂ ਕੀਤਾ ਗਿਆ ? ਇਸ ਬਾਰੇ ਸਦਨ ਦੇ ਦੂਜੇ ਮੈਂਬਰ ਜੋ ਮਰਜ਼ੀ ਜਵਾਬ ਦੇਣ, ਪਰ ਮੇਰਾ ਜਵਾਬ ਬਹੁਤ ਹੀ ਸਰਲ ਹੈ। ਮੇਰਾ ਜਵਾਬ ਇਹ ਹੈ ਕਿ ਭਾਰਤੀ ਵਿਧਾਨ ਮੰਡਲ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਨੂੰ ਇਸ ਲਈ ਜੁਰਮ ਨਹੀਂ ਗਰਦਾਨਣਾ ਚਾਹੁੰਦਾ ਕਿਉਂਜੋ ਇਹ ਸਮਝਦਾ ਹੈ ਕਿ ਇਸ ਨੂੰ ਜੁਰਮ ਮੰਨਣ ਦਾ ਮਤਲਬ ਹੋਵੇਗਾ ਕਿਸੇ ਵਿਅਕਤੀ ਨੂੰ ਉਸ ਦੀ ਮਰਜ਼ੀ ਦੇ ਖ਼ਿਲਾਫ਼ ਕੰਮ ਕਰਨ ਲਈ ਮਜਬੂਰ ਕਰਨਾ ਅਤੇ ਉਸ ਨੂੰ ਗ਼ੁਲਾਮ ਬਣਾਉਣਾ । (ਵਾਹ !ਵਾਹ !) ਇਸ ਲਈ ਮੈਂ ਸਮਝਦਾ ਹਾਂ ਕਿ ਹੜਤਾਲ ਲਈ ਕਿਸੇ ਕਾਮੇ ਨੂੰ ਦੰਡ ਦੇਣਾ ਗ਼ੁਲਾਮ ਬਣਾਉਣ ਤੋਂ ਘਟ ਨਹੀਂ। ਆਖ਼ਰ ਗ਼ੁਲਾਮੀ ਕੀ ਹੈ ? ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਵਿਚ ਗ਼ੁਲਾਮੀ ਦੀ ਪਰਿਭਾਸ਼ਾ ਇਉਂ ਹੈ : ਗ਼ੁਲਾਮੀ ਅਣਚਾਹੀ ਅਧੀਨਤਾ ਤੋਂ ਇਲਾਵਾ ਹੋਰ ਕੁਝ ਨਹੀਂ, ਅਤੇ ਇਹ ਇਕ ਅਣਚਾਹੀ ਅਧੀਨਤਾ ਹੈ ਜਿਹੜੀ ਕਿ ਨੈਤਿਕਤਾ ਦੇ ਵਿਰੁਧ ਹੈ, ਇਹ ਨਿਆਂ ਸ਼ਾਸਤਰ ਦੇ ਵੀ ਵਿਰੁਧ ਹੈ। ਸ੍ਰੀਮਾਨ ਜੀ, ਭਾਰਤੀ ਦੰਡਾਵਲੀ ਦੇ ਨਿਰਮਾਤਾ ਨੂੰ ਉਨ੍ਹਾਂ ਉਪਬੰਧਾਂ ਦਾ ਜਿਨ੍ਹਾਂ ਦਾ ਮੈਂ ਹਵਾਲਾ ਦਿਤਾ ਹੈ- ਅਰਥਾਤ

ਧਾਰਾਵਾਂ 490,491 ਅਤੇ 492 ਦਾ ਖ਼ਰੜਾ ਤਿਆਰ ਕਰਦਿਆਂ ਇਸ ਗਲ ਦੀ ਬੜੀ ਚਿੰਤਾ ਸੀ (ਜਿਵੇਂ ਕਿ ਇਸੇ ਦੇ ਹੀ ਸਿਰਲੇਖ ਤੋਂ ਪਤਾ ਲਗਦਾ ਹੈ), ਕਿ ਉਨ੍ਹਾਂ ਦੀ ਅੰਤਰ ਆਤਮਾ ਵਿਚ ਇਸ ਗਲ ਦਾ ਤੌਖਲਾ ਸੀ ਕਿ ਉਨ੍ਹਾਂ ਨੇ ਧਾਰਾਵਾਂ 490,491 ਅਤੇ 492 ਵਿਚ ਦਰਜ ਇਹ ਮਾਮੂਲੀ ਜਿਹਾ ਉਪਬੰਧ ਬਣਾ ਕੇ ਠੀਕ ਕੀਤਾ ਹੈ ਜਾਂ ਨਹੀਂ ! ਭਾਰਤੀ ਦੰਡਾਵਲੀ ਦੇ ਨਿਰਮਾਤਾਵਾਂ ਨੇ ਅਧਿਆਇ 19 "ਸੇਵਾ ਦੀ ਦੀਆਂ ਸ਼ਰਤਾਂ ਦੀ ਅਪਰਾਧਕ ਉਲੰਘਣਾ" ਸਿਰਲੇਖ ਵਾਲੇ ਅਧਿਆਇ ਸਬੰਧੀ ਇਉਂ ਆਖਿਆ ਹੈ :

"ਅਸੀਂ ਨਿਆਂ ਸ਼ਾਸਤਰੀਆਂ ਦੀ ਇਸ ਮਹਾਨ ਸੰਸਥਾ ਨਾਲ ਇਸ ਵਿਚਾਰ ਤੇ ਸਹਿਮਤੀ ਪ੍ਰਗਟ ਕਰਦੇ ਹਾਂ ਕਿ ਆਮ ਤੌਰ ਤੇ ਸ਼ਰਤਾ ਦੀ ਉਲੰਘਣਾ ਮਾਤਰ ਜੁਰਮ ਨਹੀਂ ਹੋ ਸਕਦਾ, ਇਹ ਕੇਵਲ ਦੀਵਾਨੀ ਕਾਰਵਾਈ ਦਾ ਇਕ ਵਿਸ਼ਾ ਹੀ ਹੋ ਸਕਦਾ ਹੈ। ਇਹ ਆਮ ਨਿਯਮ ਵਿਚ ਕੁਝ ਛੋਟਾਂ ਹਨ। ਸੇਵਾ ਦੀਆਂ ਸ਼ਰਤਾਂ ਦੀਆਂ ਕੁਝ ਉਲੰਘਣਾਵਾਂ ਅਜਿਹੀਆਂ ਹੋ ਸਕਦੀਆਂ ਹਨ ਜਿਨ੍ਹਾਂ ਦੀ ਭਰਪਾਈ ਕਿਸੇ ਹਰਜਾਨੇ ਨਾਲ ਨਹੀਂ ਹੋ ਸਕਦੀ ਜਾਂ ਬਹੁਤ ਹੀ ਭਾਰੀ ਹਰਜਾਨੇ ਨਾਲ ਹੋ ਸਕਦੀ ਹੈ ਅਤੇ ਇਹ ਉਲੰਘਣਾਵਾਂ ਕਿਸੇ ਅਜਿਹੇ ਵਿਅਕਤੀ ਦੁਆਰਾ ਕੀਤੀਆਂ ਜਾ ਸਕਦੀਆਂ ਹਨ ਜਿਸ ਤੋਂ ਅਜਿਹਾ ਹਰਜਾਨਾ ਪ੍ਰਾਪਤ ਕਰਨ ਦੀ ਸੰਭਾਵਨਾ ਬਿਲਕੁਲ ਨਹੀਂ ਹੋ ਸਕਦੀ। ਸੇਵਾ ਦੀਆਂ ਸ਼ਰਤਾਂ ਦੀਆਂ ਅਜਿਹੀਆਂ ਉਲੰਘਣਾਵਾਂ ਨੂੰ ਦੰਡ ਕਾਨੂੰਨ ਅਧੀਨ ਲਿਆਉਣਾ ਅਸੀਂ ਉਚਿਤ ਅਤੇ ਸਹੀ ਸਮਝਦੇ ਹਾਂ।" ਜਿਨ੍ਹਾਂ ਉਕਾਈਆਂ ਬਾਰੇ ਸਜ਼ਾ ਦਿਤੀ ਜਾ ਸਕਦੀ ਹੈ ਅਜਿਹੀਆਂ ਵਖ ਵਖ ਊਣਤਾਈਆਂ ਲਈ ਸਜ਼ਾ ਦੇਣ ਨਾਲ ਸਬੰਧਤ ਇਹ ਤਿੰਨੋ ਹੀ ਉਪਬੰਧ ਹਨ, ਹੋਰ ਕੋਈ ਨਹੀਂ।

ਸ੍ਰੀ ਮਾਨ ਜੀ, ਇਹ ਕਿਹਾ ਜਾਂਦਾ ਹੈ ਕਿ ਹੜਤਾਲ ਤੇ ਜਾਣ ਦੇ ਅਧਿਕਾਰ ਨਾਂ ਦੀ ਕੋਈ ਚੀਜ਼ ਨਹੀਂ। ਇਸ ਦੇ ਉੱਤਰ ਵਿਚ ਮੇਰਾ ਆਖਣਾ ਇਹ ਹੈ ਕਿ ਅਜਿਹਾ ਬਿਆਨ ਅਜਿਹਾ ਵਿਅਕਤੀ ਹੀ ਦੇ ਸਕਦਾ ਹੈ ਜਿਸ ਨੂੰ ਇਹ ਪਤਾ ਹੀ ਨਹੀਂ ਕਿ ਹੜਤਾਲ ਕੀ ਹੁੰਦੀ ਹੈ ? ਜੇਕਰ ਮੈਂਬਰ ਸ਼ਬਦ "ਹੜਤਾਲ" ਦੇ ਮੇਰੇ ਭਾਵ ਨੂੰ ਸਵੀਕਾਰ ਕਰਨ ਨੂੰ ਤਿਆਰ ਹਨ ਕਿ "ਹੜਤਾਲ" ਤੋਂ ਭਾਵ ਮੁਆਇਦੇ ਦੀ ਉਲੰਘਣਾ ਤੋਂ ਵਧ ਕੁਝ ਨਹੀਂ , ਤਾਂ ਮੇਰੀ ਗਜ਼ਾਰਸ਼ ਹੈ ਕਿ ਹੜਤਾਲ ਸਾਧਾਰਨ ਤੌਰ ਤੇ ਆਜ਼ਾਦੀ ਦੇ ਹੱਕ ਦਾ ਦੂਜਾ ਨਾਂ ਹੀ ਹੈ: ਇਹ ਕਿਸੇ ਵਿਅਕਤੀ ਦੀ ਮਰਜ਼ੀ ਦੁਆਰਾ ਕੁਝ ਸ਼ਰਤਾਂ ਤੇ ਸੇਵਾਵਾਂ ਹਾਸਲ ਕਰਨ ਲਈ ਆਜ਼ਾਦੀ ਦੇ ਹੱਕ ਦੀ ਵਰਤੋਂ ਕਰਨ ਤੋਂ ਸਿਵਾਏ ਕੁਝ ਵੀ ਨਹੀਂ, ਅਤੇ ਇਕ ਵਾਰੀ ਜੇਕਰ ਤੁਸੀਂ ਆਜ਼ਾਦੀ ਦੇ ਹੱਕ ਨੂੰ ਮੰਨ ਲੈਂਦੇ ਹੋ ਤਾਂ ਤੁਹਾਨੂੰ ਹੜਤਾਲ ਦੇ ਹੱਕ ਨੂੰ ਵੀ ਸਵੀਕਾਰ ਕਰਨਾ ਪਵੇਗਾ, ਕਿਉਂਜੋ, ਜਿਵੇਂ ਕਿ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ, ਹੜਤਾਲ ਦਾ ਹੱਕ ਸਾਧਾਰਨ ਤੌਰ ਤੇ ਆਜ਼ਾਦੀ ਦੇ ਹੱਕ ਦਾ ਹੀ ਦੂਜਾ ਨਾਂ ਹੈ। ਇਕ ਤਰ੍ਹਾਂ ਮਸ਼ਕਰੀ ਵਜੋਂ ਇਹ ਗੱਲ ਕਹੀ ਜਾਂਦੀ ਹੈ ਕਿ ਇਹ ਰਾਜਿਆਂ ਦੇ ਰੱਬੀ ਅਧਿਕਾਰ ਵਰਗੀ ਗੱਲ ਹੋ ਗਈ। ਕਿਸੇ ਕਿਸਮ ਦੇ ਕਾਵਮਈ ਅਤੇ ਤਸਵੀਰੀ ਵਰਣਨ ਨਾਲ ਦਲੀਲ ਨੂੰ ਝੁਠਲਾਇਆ ਨਹੀਂ ਜਾ ਸਕਦਾ। ਮੈਨੂੰ ਇਸ ਸਬੰਧ ਵਿਚ ਕਿਤੇ ਵੀ – ਅਦਾਲਤਾਂ ਵਿਚ ਵੀ– ਅਜਿਹਾ ਫ਼ੈਸਲਾ ਨਹੀਂ ਮਿਲਿਆ ਜਿਸ

ਵਿਚ ਰਾਜਿਆਂ ਦੇ ਇਸ ਅਖੌਤੀ ਰੱਬੀ ਅਧਿਕਾਰ ਨੂੰ ਸਵੀਕਾਰ ਕੀਤਾ ਗਿਆ ਹੋਵੇ। ਜੇਕਰ ਆਜ਼ਾਦੀ ਦੇ ਹੱਕ ਨੂੰ ਤੁਸੀਂ ਰੱਬੀ ਹੱਕ ਵਜੋਂ ਸਵੀਕਾਰ ਕਰਦੇ ਹੋ ਤਾਂ ਮੇਰੀ ਦਲੀਲ ਹੈ ਕਿ ਫੇਰ ਤਾਂ ਤੁਹਾਨੂੰ ਹੜਤਾਲ ਦੇ ਹੱਕ ਨੂੰ ਵੀ ਰੱਬੀ ਅਧਿਕਾਰ ਸਮਝਣਾ ਪਵੇਗਾ (ਵਾਹ ! ਵਾਹ), ਮੈਂ ਤਾਂ ਇਥੋਂ ਤੱਕ ਕਹਿੰਦਾ ਹਾਂ ਕਿ ਜੇਕਰ ਦਸ, ਵੀਹ ਜਾਂ ਦੋ ਸੌ ਬੰਦੇ ਇਕੱਠਿਆਂ ਮਿਲ ਕੇ ਹੜਤਾਲ ਦਾ ਐਲਾਨ ਕਰ ਦਿੰਦੇ ਹਨ ਤਾਂ ਵੀ ਕਾਨੂੰਨੀ ਤੌਰ ਤੇ ਹਾਲਾਤ ਵਿਚ ਕੋਈ ਫ਼ਰਕ ਨਹੀਂ ਪੈ ਸਕਦਾ !

ਸ੍ਰੀਮਾਨ ਜੀ, ਮੈਨੂੰ ਪਤਾ ਹੈ ਕਿ ਕੁਝ ਮੇਰੇ ਸਾਥੀ ਭਾਰਤੀ ਦੰਡਾਵਲੀ ਦੀ ਧਾਰਾ 120-ਏ ਦਾ ਹਵਾਲਾ ਦੇਣਾ ਚਾਹੁਣਗੇ । ਮੈਂ ਆਪਣਾ ਭਾਸ਼ਣ ਖ਼ਤਮ ਕਰਨ ਤੋਂ ਪਹਿਲਾਂ ਇਸ ਮਾਮਲੇ ਤੇ ਵੀ ਆਪਣੇ ਵਿਚਾਰ ਰਖਾਂਗਾ ! ਸ੍ਰੀਮਾਨ ਜੀ, ਭਾਰਤੀ ਦੰਡਾਵਲੀ ਦੀ ਧਾਰਾ 120 ਏ ਦਾ ਸਬੰਧ ਸਾਜ਼ਸ਼ ਨਾਲ ਹੈ। ਮੈਨੂੰ ਇਸ ਗਲ ਤੇ ਹੈਰਾਨੀ ਨਹੀਂ ਹੋਵੇਗੀ ਜੇ ਵਿਰੋਧ ਕਰਨ ਵਾਲੇ ਮੈਂਬਰ ਇਹ ਦਲੀਲ ਦੇਣ ਕਿ ਹੜਤਾਲ ਦੇ ਹੱਕ ਨਾਂ ਦੀ ਕੋਈ ਵੀ ਚੀਜ਼ ਨਹੀਂ ਕਿਉਂਜੋ ਕਾਮਿਆਂ ਦੇ ਕਿਸੇ ਗੁੱਟ ਦੁਆਰਾ ਹੜਤਾਲ ਇਕ ਸਾਜ਼ਸ਼ ਹੈ ਅਤੇ ਜੇਕਰ ਉਨ੍ਹਾਂ ਦਾ ਇਹ ਵਿਚਾਰ ਹੈ ਤਾਂ ਇਸ ਦਾ ਵਿਰੋਧ ਕਰਦਿਆਂ ਧਾਰਾ 120-ਏ ਦਾ ਸਹਾਰਾ ਲੈਂਦਿਆਂ ਇਹ ਕਹਿਣ ਵਾਲੇ ਸਜਣਾਂ ਨੂੰ ਕਿ ਕਾਮਿਆਂ ਦੀ ਕਿਸੇ ਸੰਸਥਾ ਨੂੰ ਹੜਤਾਲ ਤੇ ਜਾਣ ਦਾ ਕੋਈ ਹੱਕ ਨਹੀਂ, ਮੈਂ ਇਹ ਕਹਾਂਗਾ ਕਿ ਉਹ ਸਾਬਤ ਕਰਨ ਕਿ ਹੜਤਾਲ ਤੇ ਜਾਣ ਦਾ ਕੋਈ ਹੱਕ ਨਹੀਂ। ਮੈਂ ਇਹ ਕਹਾਂਗਾ ਕਿ ਉਹ ਸਾਬਤ ਕਰਨ ਕਿ ਹੜਤਾਲ ਕਿਸੇ ਕਿਸਮ ਦੀ ਸਾਜ਼ਸ਼ ਹੈ ! ਜਦੋਂ ਤਕ ਉਹ ਇਹ ਗੱਲ ਸਾਬਤ ਨਹੀਂ ਕਰ ਦਿੰਦੇ ਕਿ ਹੜਤਾਲ ਇਕ ਸਾਜ਼ਸ਼ ਹੈ ਉਦੋਂ ਤੱਕ ਧਾਰਾ 120-ਏ ਲਾਗੂ ਹੀ ਨਹੀਂ ਹੁੰਦੀ ਅਤੇ ਮੇਰੀ ਦਲੀਲ ਇਹੋ ਹੀ ਹੈ ਕਿ ਹੜਤਾਲ ਕਰਨਾ ਕੋਈ ਸਾਜ਼ਸ਼ ਨਹੀਂ।

ਇਕ ਮਾਨਯੋਗ ਮੈਂਬਰ : ਕੌਣ ਕਹਿੰਦਾ ਹੈ ਕਿ ਇਹ ਲਾਗੂ ਹੁੰਦੀ ਹੈ ? ਇਹ ਤਾਂ ਜਨਤਕ ਉਪਯੋਗਤਾ ਦਾ ਇਕ ਮਾਮਲਾ ਹੈ ।

ਡਾਕਟਰ ਬੀ. ਆਰ. ਅੰਬੇਡਕਰ: ਮੈਂ ਜਨਤਕ ਉਪਯੋਗਤਾ ਦੇ ਸਵਾਲ ਤੇ ਫਿਰ ਬਾਅਦ ਵਿਚ ਗੱਲ ਕਰਾਂਗਾ।

ਸ੍ਰੀਮਾਨ ਜੀ, ਮੇਰੀ ਬਦਕਿਸਮਤੀ ਇਹ ਹੈ ਕਿ ਭਾਰਤ ਵਿਚ ਸਾਡੇ ਕੋਲ ਕੋਈ ਨਿਰਣੇਈ ਕੇਸ ਮੌਜੂਦ ਨਹੀਂ। ਮੇਰੀ ਖੋਜ ਦੇ ਸਿਲਸਿਲੇ ਵਿਚ ਮੈਨੂੰ ਨਜਿੱਠਿਆ ਗਿਆ ਅਜਿਹਾ ਕੋਈ ਕੇਸ ਨਹੀਂ ਲਭਿਆ ਜਿਸ ਵਿਚ ਕਿਸੇ ਨੂੰ ਹੜਤਾਲ ਕਾਰਨ ਧਾਰਾ 120--ਏ ਅਧੀਨ ਇਸ ਆਧਾਰ ਤੇ ਫੜਿਆ ਗਿਆ ਹੋਵੇ ਕਿ ਇਹ ਇਕ ਸਾਜ਼ਸ਼ ਹੈ। ਪਰ ਮੈਨੂੰ ਇਸ ਵਿਸ਼ੇ ਤੇ ਅੰਗਰੇਜ਼ੀ ਕਾਨੂੰਨ ਦੀ ਮਦਦ ਮਿਲੀ ਹੈ ਜਿਸ ਵਿਚ ਹੜਤਾਲ ਨੂੰ ਸਾਜ਼ਸ਼ ਦੇ ਪਹਿਲੂ ਤੋਂ ਵੀ ਨਜਿੱਠਿਆ ਗਿਆ ਹੈ ਅਤੇ ਮੈਂ ਇਸ ਸਬੰਧ ਵਿਚ ਸਦਨ ਨੂੰ ਸਕੋਲੋਸਰ ਦੁਆਰਾ "ਟ੍ਰੇਡ ਯੂਨੀਅਨਾਂ ਦੀ ਕਾਨੂੰਨੀ ਸਥਿਤੀ" ਸਿਰਲੇਖ ਹੇਠ ਲਿਖੀ ਪੁਸਤਕ ਵਿਚੋਂ ਇਕ ਛੋਟਾ ਜਿਹਾ ਪੈਰਾ ਪੜ੍ਹ ਕੇ ਸੁਣਾਉਂਦਾ ਹਾਂ। ਪੁਸਤਕ ਦੇ ਪੰਨਾ 76 ਵਿਚ ਇਹ ਕਿਹਾ ਗਿਆ ਹੈ :

"ਇਸ ਲਈ, ਕਾਮਿਆਂ ਦੀ ਹਾਲਤ ਨੂੰ ਬਿਹਤਰ ਬਣਾਉਣ ਵਾਸਤੇ, ਹੜਤਾਲਾਂ ਅਤੇ ਅਜਿਹੇ ਹੋਰ ਇਕੱਠ ਆਮ ਕਾਨੂੰਨ ਦੇ ਮੁਤਾਬਕ ਆਪਣੇ ਆਪ ਵਿਚ ਗ਼ੈਰ ਕਾਨੂੰਨੀ ਨਹੀਂ। ਇਸ ਵਿਚਾਰ ਦਾ ਕੋਈ ਆਧਾਰ ਨਹੀਂ ਕਿ ਇੰਗਲੈਂਡ ਦੇ ਕਾਨੂੰਨ ਵਿਚ ਹੜਤਾਲਾਂ ਆਪਣੇ ਆਪ ਵਿਚ ਗ਼ੈਰ ਕਾਨੂੰਨੀ ਜਾਂ ਅਣਅਧਿਕਾਰਿਤ ਹਨ। ਇਹ ਸਹੀ ਹੈ ਕਿ ਕਾਮਿਆਂ ਦੀ ਹਾਲਤ ਨੂੰ ਬਿਹਤਰ ਬਣਾਉਣ ਦੇ ਨਾਂ ਤੇ ਬਾਰ ਬਾਰ ਹੜਤਾਲ ਦਾ ਸੱਦਾ ਦੇਣਾ ਆਮ ਕਾਨੂੰਨ ਅਨੁਸਾਰ ਗ਼ੈਰ ਕਾਨੂੰਨੀ ਗਿਣਿਆ ਜਾਂਦਾ ਰਿਹਾ ਹੈ ਪਰ ਅਦਾਲਤਾਂ ਨੇ ਇਸ ਸਬੰਧੀ ਬਣਾਏ ਗਏ ਕਾਨੂੰਨ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਅਤੇ ਵਿਦਵਾਨ ਜੱਜ ਸਾਹਿਬਾਨ ਨੇ ਇਸ ਦੇ ਉਲਟ ਹੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਸਾਰੀ ਸਤਾਰ੍ਹਵੀਂ ਸਦੀ ਅਤੇ ਅਠਾਰ੍ਹਵੀਂ ਸਦੀ ਵਿਚ ਕਿਸੇ ਵੀ ਅਦਾਲਤ ਨੇ ਕਾਮਿਆਂ ਦੀ ਹਾਲਤ ਵਿਚ ਬਿਹਤਰੀ ਲਿਆਉਣ ਲਈ ਇਕੱਠਾਂ ਨੂੰ ਆਮ ਕਾਨੂੰਨ ਦੇ ਖ਼ਿਲਾਫ਼ ਨਹੀਂ ਸਮਝਿਆ ਅਤੇ ਨਾ ਹੀ ਕਿਰਤੀਆਂ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਮਜ਼ਦੂਰ ਸੰਗਠਨਾਂ ਦੁਆਰਾ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਨੂੰ ਰੋਕਣ ਲਈ ਬਣਾਏ ਗਏ ਵਿਧਾਨਕ ਕਾਨੂੰਨਾਂ ਨੇ ਹੀ ਆਮ ਕਾਨੂੰਨ ਦਾ ਹੀ ਸਹਾਰਾ ਲਿਆ। ਜੇਕਰ ਅਸੀਂ ਰੈਕਸ ਬਨਾਮ ਮਾਓਬੇ ਵਿਚ ਗਰੋਸ .ਜੇ ਦੇ ਪ੍ਰਸੰਗਕ ਕਥਨ (ਔਬੀਟਰ ਡਿਕਟਮ) ਨੂੰ ਮੰਨ ਵੀ ਲਈਏ ਤਾਂ ਵੀ ਸੁਝਾਏ ਗਏ ਵਿਚਾਰ ਦੇ ਸਮਰਥਨ ਵਿਚ ਉਦੋਂ ਤੱਕ ਕੋਈ ਕਾਨੂੰਨੀ ਉਕਤੀਆਂ ਨਹੀਂ ਸਨ ਜਦੋਂ ਤਕ ਵਿਧਾਨ ਮੰਡਲ ਨੇ 1925 ਦੇ ਕੰਬੀਨੇਸ਼ਨ ਐਕਟ ਰਾਹੀਂ ਸਾਰੇ ਕਾਨੂੰਨ ਖ਼ਤਮ ਕਰਨ ਤੋਂ ਬਾਅਦ ਇਸ ਨੂੰ ਮਾਨਤਾ ਨਹੀਂ ਦਿਤੀ। ਆਮ ਕਾਨੂੰਨ ਅਨੁਸਾਰ ਇਸ ਸਬੰਧ ਵਿਚ ਜਿੰਹੜੇ ਸਿੱਟੇ ਹਾਲ ਵਿਚ ਹੀ ਪਹਿਲੀ ਵਾਰ ਸਾਹਮਣੇ ਆਏ ਹਨ, ਉਨ੍ਹਾਂ ਨੂੰ ਵੀ ਬੜੀ ਹੀ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। 1824 ਤੋਂ ਹੀ ਬਹੁਤ ਸਾਰੇ ਵਿਦਵਾਨ ਇਸ ਸਿਧਾਂਤ ਦੇ ਵਿਰੋਧੀ ਹਨ। ਹੜਤਾਲਾਂ ਆਪਣੇ ਆਪ ਵਿਚ ਇਕੱਠ ਹੀ ਹਨ।" ਫ਼ੈਸਲੇ ਦਾ ਇਕ ਮਹੱਤਵਪੂਰਨ ਭਾਗ ਇਹ ਹੈ:-

"---- ਨਾ ਤਾਂ ਕਿਸੇ ਗ਼ੈਰ ਕਾਨੂੰਨੀ ਮੰਤਵ ਲਈ ਅਤੇ ਨਾ ਹੀ ਗ਼ੈਰ ਕਾਨੂੰਨੀ ਕਾਰਵਾਈ ਰਾਹੀਂ ਕਾਨੂੰਨੀ ਮੰਤਵ ਦੀ ਪ੍ਰਾਪਤੀ ਲਈ ਕਾਨੂੰਨ ਸਪਸ਼ਟ ਹੈ ਕਿ ਕਾਮਿਆਂ ਨੂੰ ਆਪਣੀ ਰੱਖਿਆ ਲਈ ਇਕੱਠਿਆਂ ਹੋਣ ਦਾ ਹੱਕ ਹੈ, ਜਦੋਂ ਇਕੱਠ ਅਜਿਹਾ ਲਾਭ ਪ੍ਰਾਪਤ ਕਰਨ ਲਈ ਹੋਵੇ ਜਿਸ ਦੀ ਕਾਨੂੰਨ ਅਨੁਸਾਰ ਉਹ ਮੰਗ ਕਰ ਸਕਦੇ ਹਨ। ਉਨ੍ਹਾਂ ਪਾਸ ਕਿਰਤ ਅਤੇ ਸ਼ਰਤਾਂ ਦੇ ਸਬੰਧ ਵਿਚ ਚੋਣ ਕਰਨ ਦਾ ਇਖ਼ਤਿਆਰ ਪ੍ਰਾਪਤ ਹੈ ਜਿਸ ਦਾ ਕੋਈ ਵੀ ਇਸਤੇਮਾਲ ਕਰ ਸਕਦਾ ਹੈ, ਅਤੇ ਇਸੇ ਹੀ ਨੁਕਤੇ ਤੇ ਮੈਂ ਜ਼ੋਰ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ:

" ਅਤੇ ਇਕਲਿਆਂ ਉਸ ਦਾ ਐਲਾਨ ਕਰ ਸਕਦਾ ਹੈ। ਬਹੁਤ ਸਾਰੇ ਲੋਕ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਕੱਠਿਆਂ ਮਿਲ ਬੈਠ ਕੇ ਆਪਣੇ ਚੁਣੇ ਗਏ ਇਖ਼ਤਿਆਰ ਦਾ ਐਲਾਨ ਕਰ ਸਕਦੇ ਹਨ ਅਤੇ ਲੋੜੀਂਦੀਆਂ ਮੰਗਾਂ ਦੀ ਤੁਰੰਤ ਪ੍ਰਾਪਤੀ ਦੇ ਮੰਤਵ ਵਜੋਂ ਕਾਨੂੰਨ ਵਿਚ ਰਹਿ ਕੇ ਆਪਣੇ ਇਖ਼ਤਿਆਰ ਸਬੰਧੀ ਕ਼ਾਰਵਾਈ ਕਰ ਸਕਦੇ ਹਨ।

ਹੜਤਾਲ ਕਰਾਉਣਾ ਜਾਂ ਉਸ ਦਾ ਸਮਰਥਨ ਕਰਨਾ ਲਾਜ਼ਮੀ ਤੌਰ ਤੇ ਗ਼ੈਰ ਕਾਨੂੰਨੀ ਨਹੀਂ ਅਤੇ ਜੇਕਰ ਅਹਿਦਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਵਿਚ ਹੜਤਾਲ ਹੋ ਵੀ ਗਈ ਹੋਵੇ, ਪਰ ਟੁੱਟੇ ਅਹਿਦਨਾਮੇ ਦਾ ਸਮਾਂ ਬੀਤ ਗਿਆ ਹੋਵੇ ਤਾਂ ਅਜਿਹੀ ਹਾਲਤ ਵਿਚ, ਜਦੋਂ ਕਾਮਿਆਂ ਵਲੋਂ ਅਹਿਦਨਾਮੇ ਦੀ ਸਮਾਪਤੀ ਜੋ ਵਿਅਕਤੀ ਕਾਮਿਆਂ ਦੀ ਪਿੱਠ ਪੂਰ ਕੇ ਨਵੀਆਂ ਸ਼ਰਤਾਂ ਤੇ ਅਹਿਦਨਾਮਾ ਕਰਨ ਲਈ ਇਨਕਾਰ ਕਰਨ ਤੇ ਹੜਤਾਲ ਕਾਇਮ ਰਖਣ ਵਿਚ ਸਹਾਈ ਹੁੰਦੇ ਹਨ, ਉਨ੍ਹਾਂ ਦਾ ਅਜੇਹਾ ਕਰਨਾ ਗ਼ੈਰ ਕਾਨੂੰਨੀ ਨਹੀਂ। ਅਜਿਹੇ ਇਕਠ ਗ਼ੈਰ ਕਾਨੂੰਨੀ ਗੱਲ ਨਹੀਂ ਰਹੇ।"

ਇਸੇ ਹੀ ਮੁੱਦੇ ਵਲ ਮੈਂ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਜੋ ਇਸ ਦਾ ਭਾਰਤੀ ਦੰਡਾਵਲੀ ਦੀ ਧਾਰਾ 120-ਏ ਨਾਲ ਸਿੱਧਾ ਸਬੰਧ ਹੈ। ਜਿਨ੍ਹਾਂ ਨਾਲ ਕਿਸੇ ਨੂੰ ਚੋਟ ਪਹੁੰਚੀ ਹੋਵੇ, ਉਹ ਉਦੋਂ ਗ਼ੈਰ ਕਾਨੂੰਨੀ ਹੋ ਸਕਦੇ ਹਨ ਜਦੋਂ ਉਨ੍ਹਾਂ ਦਾ ਉਦੇਸ਼ ਚੋਟ ਪਹੁੰਚਾਉਣਾ ਹੋਵੇ । ਸ਼ਬਦ ਹਨ" ਜਦੋਂ ਇਕੱਠ ਦਾ ਉਦੇਸ਼ ਚੋਟ ਪਹੁੰਚਾਉਣਾ ਹੋਵੇ " ਅਤੇ ਜੇਕਰ ਚੋਟ ਪਹੁੰਚ ਗਈ ਹੋਵੇ ਤਾਂ ਸਾਜ਼ਸ਼ ਸਬੰਧੀ ਕਾਰਵਾਈ ਹੋ ਸਕਦੀ ਹੈ। ਹਰ ਇਕ ਕੇਸ ਵਿਚ ਵਖਰੇ ਤੌਰ ਤੇ ਇਸ ਪ੍ਰਸ਼ਨ ਦਾ ਨਿਰਣਾ ਕੀਤਾ ਜਾਣਾ ਹੈ ਕਿ ਕਾਨੂੰਨੀ ਤੌਰ ਤੇ ਜਾਇਜ਼ ਇਕੱਠ ਨਾਲ ਚੋਟ ਪਹੁੰਚਾਉਣ ਦਾ ਕਿਥੋਂ ਤੱਕ ਸਬੰਧ ਹੈ ਅਤੇ ਕਿਥੋਂ ਤੱਕ ਚੋਟ ਪਹੰਚਾਉਣ ਦੇ ਮੰਤਵ ਲਈ ਇਕੱਠ ਹੋਇਆ ਸੀ।"

ਇਸ ਲਈ ਮੇਰੀ ਗੁਜ਼ਾਰਸ਼ ਇਹ ਹੈ ਕਿ ਹੜਤਾਲ ਨੂੰ ਧਾਰਾ 120-ਏ ਅਧੀਨ ਲਿਆਉਣ ਲਈ ਇਸਤਗ਼ਾਸੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੋਵੇਗਾ ਕਿ ਹੜਤਾਲ ਦਾ ਮਤੰਵ ਕਿਸੇ ਨੂੰ ਚੋਟ ਪਹੁੰਚਾਉਣਾ ਸੀ। ਜੇਕਰ ਸਿਰਫ਼ ਹੜਤਾਲ ਦੇ ਸਿੱਟੇ ਵਜੋਂ ਕਿਸੇ ਨੂੰ ਚੋਟ ਪਹੰਚੀ ਹੋਵੇ ਤਾਂ ਅਜਿਹੀ ਸੂਰਤ ਵਿਚ ਧਾਰਾ 120-ਏ ਦੇ ਅਰਥਾਂ ਵਿਚ ਹੜਤਾਲ ਗ਼ੈਰ ਕਾਨੂੰਨੀ ਇਕੱਠ ਨਹੀਂ ਬਣ ਜਾਂਦੀ । ਇਸ ਲਈ ਮੇਰੀ ਪਹਿਲੀ ਦਲੀਲ ਇਹ ਹੈ ਕਿ ਇਸ ਬਿਲ ਰਾਹੀਂ ਹੜਤਾਲ ਨੂੰ ਦੰਡਯੋਗ ਕਰਾਰ ਦੇਣਾ ਕਾਮਿਆਂ ਦਾ ਪਤਨ ਕਰਕੇ ਉਨ੍ਹਾਂ ਨੂੰ ਦਾਸਤਾ ਦੀ ਹਾਲਤ ਤਕ ਪੁਚਾਉਣਾ ਹੈ, ਇਸ ਤੋਂ ਛੁਟ ਹੋਰ ਕੁਝ ਨਹੀਂ। ਮੇਰੇ ਖ਼ਿਆਲ ਮੁਤਾਬਕ ਦਰਅਸਲ ਇਸ ਬਿਲ ਦਾ ਨਾਂ" ਕਾਮਿਆਂ ਦੇ ਨਾਗਰਿਕ ਅਧਿਕਾਰਾਂ ਦਾਂ" ਦਮਨ ਐਕਟ" ਹੋਣਾ ਚਾਹੀਦਾ ਹੈ ! ਇਸ ਨੂੰ ਇਹੋ ਹੀ ਸਿਰਲੇਖ ਦੇਣਾ ਉਚਿਤ ਹੋਵੇਗਾ। ਸ਼ਾਇਦ ਇਹ ਸਮਝਣਗੇ ਕਿ ਆਖ਼ਿਰਕਾਰ ਹੜਤਾਲ ਤੋਂ ਰੋਕ ਸਿਰਫ਼ ਦੋ ਮਹੀਨਿਆਂ -- ਜਦੋਂ ਤਕ ਸਮਝੌਤੇ ਸਬੰਧੀ ਕਾਦਰਵਾਈ ਖ਼ਤਮ ਨਹੀਂ ਹੋ ਜਾਂਦੀ- ਲਈ ਹੀ ਹੈ ਅਤੇ ਉਸ ਤੋਂ ਬਾਅਦ ਕਾਮੇ ਜੇ ਚਾਹੁਣ ਤਾਂ ਉਨ੍ਹਾਂ ਨੂੰ ਹੜਤਾਲ ਤੇ ਜਾਣ ਦੀ ਖੁਲ੍ਹ ਹੋਵੇਗੀ। ਸ੍ਰੀਮਾਨ ਜੀ, ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਇਹ ਸਮਝਣਾ ਗ਼ਲਤ ਹੈ। ਮੇਰਾ ਕਹਿਣਾ ਇਹ ਹੈ ਕਿ ਇਸ ਬਿਲ ਦੇ ਉਪਬੰਧ ਲਾਗੂ ਹੋ ਜਾਣ ਨਾਲ ਸਦੀਵੀ ਗ਼ੁਲਾਮੀ ਫੈਲੇਗੀ ਅਤੇ ਕਾਮੇ ਕਦੀ ਵੀ ਹੜਤਾਲ ਨਹੀਂ ਕਰ ਸਕਣਗੇ। ਆਉ ਅਸੀਂ ਬਿਲ ਦੇ ਉਪਬੰਧਾਂ ਤੇ ਇਕ ਝਾਤ ਮਾਰੀਏ । ਸਭ ਤੋਂ ਪਹਿਲਾਂ, ਬਿਲ ਵਿਚ ਇਹ ਉਪਬੰਧ ਹੈ ਕਿ ਜਦੋਂ ਐਕਟ ਲਾਗੂ ਹੋਵੇ ਤਾਂ

ਇਕ ਸਾਲ ਕਿਸੇ ਵੀ ਕਿਸਮ ਦੀ ਕੋਈ ਹੜਤਾਲ ਨਾ ਹੋਵੇ। ਕੀ ਹਾਲਾਤ ਅਜਿਹੇ ਹਨ ਕਿ ਕੋਈ ਸਹੀ ਕਾਮਾ ਇਸ ਗੱਲ ਨੂੰ ਸਵੀਕਾਰ ਕਰ ਲਵੇਗਾ ? ਜਾਂ ਕੋਈ ਵੀ ਸਹੀ ਕਾਮਾ ਇਸ ਗਲ ਨੂੰ ਸਵੀਕਾਰ ਨਹੀਂ ਕਰੇਗਾ ਕਿ ਉਹ ਇਕ ਸਾਲ ਲਈ ਪੂਰਨ ਤੌਰ ਤੇ ਦਾਸ ਬਣਕੇ ਰਹੇ ? ਕਾਮੇ, ਦੂਜੀ ਅਨੁਸੂਚੀ ਵਿਚ ਦਸੀਆਂ ਗਈਆਂ ਸ਼ਰਤਾਂ ਤੇ ਵਚਨਬਧ ਹਨ। ਉਹ ਉਨ੍ਹਾਂ ਤੋਂ ਮੁਕਰ ਨਹੀਂ ਸਕਦੇ। ਇਸ ਸਥਿਤੀ ਤੋਂ ਉਹ ਬਚ ਕੇ ਭਜ ਨਹੀਂ ਸਕਦੇ। ਪਹਿਲੇ ਸਾਲ ਦੇ ਖ਼ਤਮ ਹੋਣ ਤੋਂ ਬਾਅਦ ਕੀ ਹੋਵੇਗਾ ? ਹੋਵੇਗਾ ਇਹ : ਨੋਟਿਸ ਦੇਣਾ ਪੈਣਾ ਹੈ। ਇਸ ਨਾਲ ਕੁਝ ਸਮਾਂ ਲੰਘ ਜਾਵੇਗਾ ਜਿਸ ਵਿਚ ਤੁਸੀਂ ਹੜਤਾਲ ਨਹੀਂ ਕਰ ਸਕਦੇ। ਨੋਟਸ ਦੇਣ ਮਗਰੋਂ ਨੋਟਿਸ ਦੇ ਜਵਾਬ ਦੇਣ ਲਈ ਕੁਝ ਸਮੇਂ ਦੀ ਆਗਿਆ ਹੈ। ਜਵਾਬ ਦੇ ਸਮੇਂ ਦੇ ਦੌਰਾਨ ਤੁਸੀਂ ਹੜਤਾਲ ਨਹੀਂ ਕਰ ਸਕਦੇ। ਫਿਰ ਸਮਝੌਤੇ ਸਬੰਧੀ ਕਾਰਵਾਈ ਸ਼ੁਰੂ ਹੋ ਜਾਵੇਗੀ ਅਤੇ ਜੇਕਰ ਦੋਵੇਂ ਧਿਰਾਂ ਖੁਸ਼ਕਿਸਮਤ ਅਤੇ ਤਰਕਸ਼ੀਲ ਹੋਣ ਤਾਂ ਵੀ ਕਾਰਵਾਈ ਦੋ ਮਹੀਨੇ ਲਵੇਗੀ। ਪਰ, ਬਿਲ ਵਿਚ ਇਸ ਗਲ ਦਾ ਉਪਬੰਧ ਹੈ ਕਿ ਸਮਝੌਤੇ ਦੀ ਕਾਰਵਾਈ ਦੇ ਸਮੇਂ ਦੀ ਮਿਆਦ ਚਾਰ ਮਹੀਨੇ ਤੱਕ ਦੀ ਹੋ ਸਕਦੀ ਹੈ। ਇਸ ਲਈ ਕਾਮਿਆਂ ਦੇ ਝਗੜੇ ਦੇ ਸ਼ੁਰੂ ਹੋਣ ਤੋਂ ਚਾਰ ਮਹੀਨਿਆਂ ਅਤੇ ਪੂਰੇ 25 ਦਿਨਾਂ ਤੱਕ (ਮੇਰੀ ਗਿਣਤੀ ਗ਼ਲਤ ਵੀ ਹੋ ਸਕਦੀ ਹੈ ਕਿਉਂਜੋ ਮੈਂ ਵੇਰਵਿਆਂ ਦਾ ਅਧਿਐਨ ਨਹੀਂ ਕੀਤਾ) ਕਾਮੇ ਨੂੰ ਕੁਝ ਨਹੀਂ ਕਰਨਾ ਚਾਹੀਦਾ। ਉਸ ਨੂੰ ਇਸ ਬਾਰੇ ਕਿਸੇ ਨਾਲ ਗਲਬਾਤ ਨਹੀਂ ਕਰਨੀ ਚਾਹੀਦੀ, ਕੋਈ ਤਕਰੀਰ ਨਹੀਂ ਕਰਨੀ ਚਾਹੀਦੀ, ਸੰਗਠਿਤ ਨਹੀਂ ਹੋਣਾ ਚਾਹੀਦਾ, ਕੁਝ ਵੀ ਨਹੀਂ ਕਰਨਾ ਚਾਹੀਦਾ। ਇਸ ਕਾਲ ਵਿਚ ਹਰ ਕਿਸਮ ਦੀ ਤਿਆਰੀ, ਵਸੀਲਿਆਂ ਦੀ ਇਕੱਤਰਤਾ, ਕਿਸੇ ਕਿਸਮ ਦੀ ਤਕਰੀਰ ਜਾਂ ਸਰਗਰਮੀ ਲਈ ਸਜ਼ਾ ਦਿਤੀ ਜਾ ਸਕਦੀ ਹੈ। ਮੰਨ ਲਓ ਕਿ ਚਾਰ ਮਹੀਨੇ 25 ਦਿਨ ਦੇ ਇਸ ਲੰਮੇ ਅਰਸੇ, (ਜਿਸ ਨੂੰ ਮੈਂ ਲੰਮਾ ਗਰਭ ਕਾਲ ਕਹਿੰਦਾ ਹਾਂ) ਵਿਚ ਕਿਸੇ ਕਿਸਮ ਦਾ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਫਿਰ ਕੀ ਹੋਵੇਗਾ ? ਸਮਝੌਤੇ ਦੀ ਮਿਆਦ ਖ਼ਤਮ ਹੋ ਜਾਣ ਤੋਂ ਬਾਅਦ ਕਾਮੇ ਨੂੰ ਹੜਤਾਲ ਲਈ ਸਿਰਫ਼ ਦੋ ਮਹੀਨਿਆ ਦਾ ਸਮਾਂ ਦਿਤਾ ਗਿਆ ਹੈ। ਮੈਨੂੰ ਨਹੀਂ ਪਤਾ ਕਿ ਕੀ ਬਿਲ ਪੇਸ਼ ਕਰਨ ਵਾਲੇ ਮੇਰੇ ਮਾਨਯੋਗ ਦੋਸਤ ਕਿਰਤੀਆਂ ਦੀ ਖਿੰਡੀ ਹੋਈ ਸ਼ਕਤੀ ਨੂੰ ਲਾਮਬੰਦ ਕਰਨ ਲਈ ਦੋ ਮਹੀਨੇ ਦਾ ਸਮਾਂ ਕਾਫ਼ੀ ਸਮਝਦੇ ਹਨ ? ਮੈਂ ਮਜ਼ਦੂਰਾਂ ਵਿਚ ਇਕ ਸਰਗਰਮ ਕਾਰਕੁਨ ਰਿਹਾ ਹਾਂ। ਮੈਂ ਇਹ ਨਹੀਂ ਕਹਿ ਸਕਦਾ ਕਿ ਮੈਂ ਕੋਈ ਖੇਤਰੀ ਵਿਅਕਤੀ ਹੋਣ ਦਾ ਦਾਅਵਾ ਨਹੀਂ ਕਰਦਾ, ਇਸ ਲਈ ਮੈਂ ਉਨ੍ਹਾਂ ਮੁਸ਼ਕਲਾਂ ਤੋਂ ਵਾਕਿਫ਼ ਨਹੀਂ ਜਿਹੜੀਆਂ ਉਸ ਵਿਅਕਤੀ ਨੂੰ ਹੜਤਾਲ ਲਈ ਲੋਕਾਂ ਨੂੰ ਸੰਗਠਿਤ ਕਰਨ ਵੇਲੇ ਪੇਸ਼ ਆਉਂਦੀਆਂ ਹਨ। ਅਜਿਹੇ ਤਜਰਬੇ ਤੋਂ ਜੋ ਮੈਨੂੰ ਬੰਬਈ ਨਗਰ ਦੇ ਹਾਲਾਤ ਵੇਖਣ ਤੋਂ ਹਾਸਲ ਹੋਇਆ ਹੈ, ਮੈਨੂੰ ਇਹ ਕਹਿਣ ਵਿਚ ਰੱਤੀ ਭਰ ਵੀ ਗੁਰੇਜ਼ ਨਹੀਂ ਕਿ ਕਿਸੇ ਵੀ ਅਜਿਹੇ ਮਜ਼ਦੂਰ ਸੰਗਠਨ ਨੂੰ, ਜਿਸ ਨੂੰ ਹੜਤਾਲੀ ਤਾਕਤਾਂ ਨੂੰ ਲਾਮਬੰਦ ਕਰਨ ਤੋਂ ਚਾਰ ਮਹੀਨੇ ਅਤੇ 25 ਦਿਨਾਂ ਲਈ ਦੂਰ ਰਖਿਆ ਗਿਆ ਹੋਵੇ, ਮੁੜ ਹੜਤਾਲ ਕਰਨ ਲਈ ਸ਼ਕਤੀਆਂ ਲਾਮਬਦ ਕਰਨ ਵਾਸਤੇ ਦੋ ਮਹੀਨਿਆਂ ਦਾ ਸਮਾਂ ਬਹੁਤ ਹੀ ਘੱਟ ਹੈ। ਜੇਕਰ ਉਹ ਦੋ

ਮਹੀਨਿਆਂ ਦੇ ਅੰਦਰ ਅੰਦਰ ਹੜਤਾਲ ਤੇ ਨਹੀਂ ਜਾਂਦੇ ਤਾਂ ਫਿਰ ਕੀ ਹੋਵੇਗਾ ? ਹੋਵੇਗਾ ਇਹ, ਕਿ ਕਾਨੂੰਨੀ ਤੌਰ ਤੇ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਨੇ ਸਥਿਤੀ ਨੂੰ ਪ੍ਰਵਾਨ ਕਰ ਲਿਆ ਹੈ ਅਤੇ ਉਨ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਰਹੀ। ਜੇਕਰ ਉਹ ਫਿਰ ਸਿਰ ਉਠਾਉਣ ਅਤੇ ਉਨ੍ਹਾਂ ਨੂੰ ਨਵੀਆਂ ਸ਼ਿਕਾਇਤਾਂ ਹੋਣ ਤਾਂ ਕਾਨੂੰਨ ਇਹੋ ਕਹਿੰਦਾ ਹੈ ਕਿ ਉਨ੍ਹਾਂ ਨੂੰ ਦੁਬਾਰਾ ਚਾਰ ਮਹੀਨੇ 25 ਦਿਨ ਇੰਤਜ਼ਾਰ ਕਰਨੀ ਪਵੇਗੀ ਅਤੇ ਸਮਝੌਤੇ ਦੀ ਕਾਰਵਾਈ ਦੇ ਚਲਦੇ ਜਾਣ ਨਾਲ ਸਹਿਮਤ ਹੋਣਾ ਪਵੇਗਾ। ਇੰਤਜ਼ਾਰ ਕਰੋ ਅਤੇ ਵੇਖੋ ਕੀ ਹੁੰਦਾ ਹੈ ? ਚਾਰ ਮਹੀਨੇ 25 ਦਿਨ ਹੋਰ ਇੰਤਜ਼ਾਰ ਕਰਕੇ ਇਹ ਵੇਖੋ ਕਿ ਕੀ ਬਣਦਾ ਹੈ ? ਅਤੇ, ਜੇਕਰ ਚਾਰ ਮਹੀਨੇ 25 ਦਿਨ ਦਾ ਸਮਾਂ ਬੀਤ ਜਾਣ ਤੇ ਕੁਝ ਨਹੀਂ ਬਣਦਾ ਤਾਂ ਫਿਰ, ਜੇਕਰ ਇਹ ਸਮਝਦੇ ਹੋ ਕਿ ਤੁਸੀਂ ਹੜਤਾਲ ਕਰਨ ਦੇ ਕਾਬਲ ਹੋ, ਤਾਂ ਦੋ ਮਹੀਨਿਆਂ ਦੇ ਅੰਦਰ ਅੰਦਰ ਹੜਤਾਲ ਕਰੋ। ਜੇਕਰ ਤੁਸੀਂ ਹੜਤਾਲ ਨਾ ਕੀਤੀ ਅਤੇ ਦੋ ਮਹੀਨਿਆਂ ਬਾਅਦ ਹੋਰ ਕੋਈ ਸ਼ਿਕਾਇਤ ਕੀਤੀ ਤਾਂ ਫਿਰ ਤੁਹਾਨੂੰ ਚਾਰ ਮਹੀਨੇ 25 ਦਿਨ ਇੰਤਜ਼ਾਰ ਕਰਨੀ ਪਵੇਗੀ। ਸ੍ਰੀਮਾਨ, ਜੀ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਮਨਾਹੀ ਦੇ ਇਸ ਚੱਕਰ ਨਾਲ ਸਦਾ ਲਈ ਕਾਮਿਆਂ ਦੀ ਮੁਕੰਮਲ ਗ਼ੁਲਾਮੀ, ਸਦੀਵੀ ਗ਼ੁਲਾਮੀ ਪੈਦਾ ਨਹੀਂ ਹੋਵੇਗੀ ? ਜੇਕਰ ਇਹ ਬਿਲ ਕਾਮਿਆਂ ਨੂੰ ਗ਼ੁਲਾਮ ਬਣਾਉਣ ਵਾਸਤੇ ਨਹੀਂ ਤਾਂ ਮੈਨੂੰ ਦਸਿਆ ਜਾਵੇ ਕਿ ਹੋਰ ਕਿਹੜਾ ਬਿਲ ਅਜਿਹਾ ਹੋਵੇਗਾ ਜਿਹੜਾ ਕਾਮਿਆਂ ਵਿਚ ਗ਼ੁਲਾਮੀ ਪੈਦਾ ਕਰੇਗਾ ? ਹੜਤਾਲ ਸਬੰਧੀ ਬਿਲ ਦੇ ਉਪਬੰਧਾਂ ਬਾਰੇ ਬਸ ਇਤਨਾ ਹੀ। ਹੁਣ ਸ੍ਰੀਮਾਨ ਜੀ, ਹੜਤਾਲ ਦੇ ਸਬੰਧ ਵਿਚ ਇਸ ਬਿਲ ਦੇ ਉਪਬੰਧਾਂ ਅਤੇ 1929 ਦੇ ਵਪਾਰ ਵਿਵਾਦ ਐਕਟ ਵਿਚ ਇਸ ਸਬੰਧੀ ਉਪਬੰਧਾਂ ਦੀ ਤੁਲਨਾ ਕਰਨੀ ਜ਼ਰੂਰੀ, ਅਤੇ ਮੈਂ ਤਾਂ ਇਥੋਂ ਤਕ ਕਹਾਂਗਾ, ਬਹੁਤ ਹੀ ਸਿਖਿਆਦਾਇਕ ਹੋਵੇਗੀ। ਉਸ ਐਕਟ ਵਿਚ ਵੀ ਹੜਤਾਲ ਦੇ ਹੱਕ ਤੇ ਕੁਝ ਪਾਬੰਦੀਆਂ ਲਗਾਈਆਂ ਗਈਆਂ ਸਨ ਅਤੇ ਇਸ ਲਈ ਤੁਲਨਾ ਲਾਹੇਵੰਦ ਹੋਵੇਗੀ ਤਾਂ ਜੋ ਸਦਨ ਇਹ ਮਹਿਸੂਸ ਕਰ ਸਕੇ ਕਿ ਅਸੀਂ ਕਿਸ ਦਿਸ਼ਾ ਵਲ ਨੂੰ ਜਾ ਰਹੇ ਹਾਂ। ਕੀ ਅਸੀਂ ਗ਼ੁਲਾਮੀ ਵਲ ਤਾਂ ਨਹੀਂ ਜਾ ਰਹੇ ? ਸ੍ਰੀਮਾਨ ਜੀ, 1929 ਦਾ ਉਹ ਐਕਟ ਕਾਮਿਆਂ ਦੇ ਹੜਤਾਲ ਕਰਨ ਦੇ ਹੱਕ ਤੇ ਕੁਝ ਪਾਬੰਦੀਆਂ ਲਾਉਂਦਾ ਹੈ ਅਤੇ ਉਸ ਦੀਆਂ ਦੋ ਧਾਰਾਵਾਂ ਦਾ ਹਵਾਲਾ ਦੇਣਾ ਹੀ ਕਾਫ਼ੀ ਹੋਵੇਗਾ। 1929 ਦੇ ਐਕਟ ਵਿਚ ਰਾਜਸੀ ਮੰਤਵ ਵਾਸਤੇ ਕੀਤੀ ਹੜਤਾਲ ਲਈ ਸਜ਼ਾ ਦਾ ਉਪਬੰਧ ਕੀਤਾ ਗਿਆ ਹੈ। ਅਜਿਹੀ ਧਾਰਾ 16 ਹੈ ਅਤੇ ਦੂਜੀ ਸਬੰਧਿਤ ਧਾਰਾ 15 ਹੈ ਜਿਹੜੀ ਨੋਟਿਸ ਤੋਂ ਬਿਨਾਂ ਕੀਤੀ ਗਈ ਹੜਤਾਲ ਨੂੰ ਸਜ਼ਾਯੋਗ ਗਰਦਾਨਦੀ ਹੈ। 1929 ਦੇ ਐਕਟ ਅਤੇ ਮੌਜੂਦਾ ਬਿਲ ਵਿਚ ਜਿਥੋਂ ਤਕ ਨੋਟਿਸ ਤੋਂ ਬਿਨਾਂ ਹੜਤਾਲ ਕਰਨ ਦਾ ਸਬੰਧ ਹੈ ਕੁਝ ਹੱਦ ਤੱਕ ਸਾਫ਼ ਤੌਰ ਤੇ ਸਮਾਨਤਾ ਜਾਪਦੀ ਹੈ ਕਿਉਂਜੋ ਇਸ ਬਿਲ ਰਾਹੀਂ ਵੀ ਨੋਟਿਸ ਤੋਂ ਬਿਨਾਂ ਕੀਤੀ ਹੜਤਾਲ ਸਜ਼ਾਯੋਗ ਹੈ। ਪਰ ਇਸ ਤੋਂ ਅੱਗੇ ? ਜਿਵੇਂ ਚਾਕ ਮਿੱਟੀ ਅਤੇ ਪਨੀਰ ਦਾ ਆਪਸ ਵਿਚ ਕੋਈ ਮੇਲ ਨਹੀਂ, ਉਸੇ ਤਰ੍ਹਾਂ ਉਸ ਬਿਲ ਅਤੇ ਇਸ ਬਿਲ ਦਾ ਉਪਰੋਕਤ ਤੋਂ ਇਲਾਵਾ ਆਪਸ ਵਿਚ ਕੋਈ ਮੇਲ ਨਹੀਂ। ਰੋਕਾਂ ਦਾ ਆਪਸ ਵਿਚ ਕਿਸੇ ਕਿਸਮ ਦਾ ਕੋਈ ਸਰੋਕਾਰ ਨਹੀਂ ਅਤੇ ਤੁਲਨਾਤਮਕ ਤੌਰ ਤੇ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ

ਕਿ ਇਹ ਬਿਲ ਪ੍ਰਤੀਗਾਮੀ ਅਤੇ ਪਿਛਲਪੈਰਾ ਹੈ ਅਤੇ ਇਸ ਬਿਲ ਦੇ ਨਿਰਮਾਤਾ 1929 ਦੇ ਐਕਟ ਦੇ ਨਿਰਮਾਤਾ ਨਾਲੋਂ ਕਿਤੇ ਜ਼ਿਆਦਾ ਹੀ ਪ੍ਰਤੀਕ੍ਰਿਆਵਾਦੀ ਹਨ।

ਸ੍ਰੀਮਾਨ ਜੀ, ਅਸੀਂ ਹੁਣ 1929 ਦੇ ਐਕਟ ਦੀ ਧਾਰਾ 15 ਦੇ ਉਪਬੰਧਾਂ ਨਾਲ ਤੁਲਨਾ ਕਰੀਏ । ਵਿਸ਼ੇ ਤੋਂ ਜਾਣੂ ਹਰ ਇਕ ਵਿਅਕਤੀ ਨੂੰ ਇਸ ਗੱਲ ਦਾ ਪਤਾ ਹੈ ਕਿ 1929 ਦੇ ਐਕਟ ਦੀ ਧਾਰਾ 15 ਸਿਰਫ਼ ਜਨ-ਉਪਯੋਗੀ ਸੇਵਾਵਾਂ ਤੱਕ ਹੀ ਸੀਮਿਤ ਹੈ। ਐਕਟ ਵਿਚ ਸਾਰੀ ਕਿਸਮਾਂ ਦੀਆਂ ਹੜਤਾਲਾਂ ਲਈ ਸਜ਼ਾ ਦਾ ਉਪਬੰਧ ਹੈ ਜਿਨ੍ਹਾਂ ਦਾ ਸਬੰਧ ਜਨ-ਉਪਯੋਗੀ ਸੇਵਾਵਾਂ ਨਾਲ ਹੈ ਅਤੇ ਮੇਰੇ ਅਨੁਸਾਰ ਇਹੋ ਹੀ ਇਸ ਬਿਲ ਅਤੇ 1929 ਦੇ ਐਕਟ ਵਿਚ ਮੂਲ ਅੰਤਰ ਹੈ। ਹੁਣ ਸ੍ਰੀਮਾਨ ਜੀ, ਮੈਂ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ 1929 ਵਾਲੀ ਸਥਿਤੀ ਤੋਂ ਲਾਂਭੇ ਹਟਣਾ ਕਿਸੇ ਤਰ੍ਹਾਂ ਵੀ ਉਚਿਤ ਹੈ ? ਅਤੇ, ਇੱਛਤ ਇਹੋ ਹੀ ਹੋਵੇਗਾ ਕਿ ਜੇਕਰ ਮੈਂ ਦਸਾਂ ਕਿ 1929 ਵਿਚ ਜਦੋਂ ਇਹ ਬਿਲ ਕੇਂਦਰੀ ਅਸੈਂਬਲੀ ਵਿਚ ਪੇਸ਼ ਕੀਤਾ ਗਿਆ ਸੀ ਉਦੋਂ ਕਾਂਗਰਸ ਦੀ ਪੁਜ਼ੀਸ਼ਨ ਕੀ ਸੀ ? ਸ੍ਰੀਮਾਨ ਜੀ ਮੈਂ ਉਸ ਬਿਲ ਦੇ ਉਪਬੰਧਾਂ ਤੇ ਵਿਚਾਰ ਕਰਨ ਲਈ ਕੇਂਦਰੀ ਵਿਧਾਨ ਮੰਡਲ ਦੁਆਰਾ ਨਿਯੁਕਤ ਕੀਤੀ ਗਈ ਸਿਲੈਕਟ ਕਮੇਟੀ ਦੀ ਰਿਪੋਰਟ ਲਭ ਕੇ ਉਸ ਦਾ ਅਧਿਐਨ ਕੀਤਾ ਹੈ, ਜਿਸ ਨੇ ਆਖ਼ਿਰਕਾਰ 1929 ਵਿਚ ਐਕਟ ਦਾ ਰੂਪ ਲਿਆ। ਮੈਂ ਆਪਣੀ ਤਵੱਜੋ ਦੋ ਹੀ ਧਿਰਾਂ ਤਕ ਸੀਮਿਤ ਰਖਾਂਗਾ। ਇਕ ਪਾਸੇ ਅਫ਼ਸਰਸ਼ਾਹੀ (ਮੈਂ ਉਹ ਸ਼ਬਦ ਇਸਤੇਮਾਲ ਕਰ ਰਿਹਾ ਹਾਂ ਜਿਨ੍ਹਾਂ ਤੋਂ ਸਾਹਮਣੇ ਵਾਲੇ ਜ਼ਿਆਦਾ ਜਾਣੂ ਹਨ) ਅਤੇ ਦੂਜੇ ਪਾਸੇ ਕਾਂਗਰਸ ਪਾਰਟੀ। ਜਦੋਂ 1929 ਦਾ ਐਕਟ ਪੜ੍ਹਿਆ ਜਾ ਰਿਹਾ ਸੀ ਤਾਂ ਇਨ੍ਹਾਂ ਦੋਹਾ ਵਿਚਾਲੇ ਵਿਵਾਦ ਦਾ ਮੁੱਦਾ ਕੀ ਸੀ ? ਮੇਰੇ ਖ਼ਿਆਲ ਮੁਤਾਬਕ ਦੋ ਗੱਲਾਂ ਤੇ ਮਤਭੇਦ ਸੀ। ਸਰਕਾਰ ਚਾਹੁੰਦੀ ਕਿ ਜਨ- ਉਪਯੋਗੀ ਸੇਵਾਵਾਂ ਦੀ ਪਰਿਭਾਸ਼ਾ ਕਰਨਾ ਉਨ੍ਹਾਂ ਦੀ ਮਰਜ਼ੀ ਤੇ ਛੱਡ ਦਿਤੀ ਜਾਵੇ ।ਸਰਕਾਰ, ਐਕਟ ਵਿਚ ਇਸ ਦੀ ਪਰਿਭਾਸ਼ਾ ਨਹੀਂ ਸੀ ਦੇਣੀ ਚਾਹੁੰਦੀ ਕਿ ਜਨ- ਉਪਯੋਗੀ ਸੇਵਾ ਕਿਹੜੀ ਕਿਹੜੀ ਹੈ ? ਅਤੇ, ਨਾ ਹੀ ਉਹ ਉਸ ਸਮੇਂ ਇਹ ਦਸਣ ਲਈ ਤਿਆਰ ਸੀ ਕਿ ਸਰਕਾਰ ਦੇ ਵਿਚਾਰ ਵਿਚ ਜਨ-ਉਪਯੋਗੀ ਸੇਵਾ ਕਿਸ ਨੂੰ ਕਿਹਾ ਜਾਂਦਾ ਹੈ। ਸਰਕਾਰ ਦਾ ਵਿਚਾਰ ਸੀ ਕਿ ਜਨ-ਉਪਯਗਤਾ ਅਤੇ ਉਸ ਦੀ ਮਹੱਤਾ ਕੇਸ ਦੇ ਹਾਲਾਤ ਤੇ ਨਿਰਭਰ ਕਰਦੀ ਹੈ ।ਸਮੇਂ ਅਤੇ ਹਾਲਾਤ ਅਨੁਸਾਰ ਇਹ ਬਦਲ ਸਕਦੀ ਹੈ। ਕੋਈ ਸੇਵਾ ਕਿਸੇ ਸਮੇਂ ਜਨ ਉਪਯੋਗੀ ਨਹੀਂ ਹੋ ਸਕਦੀ ਅਤੇ ਕਿਸੇ ਖ਼ਾਸ ਸਮੇਂ ਉਹੋ ਹੀ ਜਨ ਉਪਯੋਗੀ ਹੋ ਵੀ ਸਕਦੀ ਹੈ ਅਤੇ ਇਸੇ ਲਈ ਸਰਕਾਰ ਮਹਿਸੂਸ ਕਰਦੀ ਸੀ ਕਿ ਸਮਾਜ ਦੇ ਹਿੱਤ, (ਜਿਸ ਤਰ੍ਹਾਂ ਉਨ੍ਹਾਂ ਦੀ ਵਿਚਾਰਧਾਰਾ ਹੋਵੇ ਅਤੇ ਜਿਸ ਤਰ੍ਹਾਂ ਉਹ ਸਮਝਦੀ ਸੀ) ਵਿਚ ਇਹ ਜ਼ਰੂਰੀ ਹੈ ਕਿ ਜਨ ਉਪਯੋਗਤਾ ਦੀ ਪਰਿਭਾਸ਼ਾ ਸਕਰਾਰ ਦੀ ਮਰਜ਼ੀ ਤੇ ਛੱਡ ਦਿੱਤੀ ਜਾਵੇ ।ਕਾਂਗਰਸ ਪਾਰਟੀ ਉਸੇ ਸਮੇਂ ਦੋ ਗੱਲਾਂ ਚਾਹੁੰਦੀ ਸੀ। ਇਕ ਤਾਂ ਇਹ ਕਿ ਕੋਈ ਵੀ ਚੀਜ਼ ਅਫ਼ਸਰਸ਼ਾਹੀ ਦੀ ਮਰਜ਼ੀ ਤੇ ਨਾ ਛੱਡੀ ਜਾਵੇ। ਅਤੇ, ਅਫ਼ਸਰਸ਼ਾਹੀ ਤੋਂ ਹਰ ਚੀਜ਼ ਮਨਵਾਈ ਨਹੀਂ ਜਾ ਸਕਦੀ, ਇਸ ਲਈ ਕਾਂਗਰਸ ਪਾਰਟੀ ਨੇ ਇਹ ਰਵੱਈਆ ਅਪਣਾਇਆ ਕਿ ਸਰਕਾਰ ਦੀ ਮਰਜ਼ੀ ਤੇ ਕੋਈ ਵੀ ਚੀਜ਼ ਨਹੀਂ ਛੱਡੀ ਜਾਣੀ ਚਾਹੀਦੀ । ਜਿਹੜੀ ਗਲ ਜਨ ਉਪਯੋਗੀ ਸੇਵਾ ਐਕਟ ਦੀ

ਧਾਰਾ 15 ਅਧੀਨ ਲਿਆਉਣੀ ਹੈ ਉਹ ਐਕਟ ਵਿਚ ਹੀ ਸਾਫ਼ ਤੌਰ ਤੇ ਵਰਣਿਤ ਕੀਤੀ ਜਾਣੀ ਚਾਹੀਦੀ ਹੈ। 1929 ਵਿਚ ਜਦੋਂ ਬਿਲ ਪੇਸ਼ ਕੀਤਾ ਗਿਆ, ਉਦੋਂ ਕਾਂਗਰਸ ਪਾਰਟੀ ਨੇ ਜਿਹੜਾ ਦੂਜਾ ਰਵੱਈਆ ਇਖ਼ਤਿਆਰ ਕੀਤਾ ਉਹ ਇਹ ਸੀ ਕਿ ਉਨ੍ਹਾਂ ਮੁਤਾਬਕ ਜਨ ਉਪਯੋਗੀ ਸੇਵਾ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਕਿਸੇ ਵੀ ਹੜਤਾਲ ਨੂੰ ਸਿਰਫ਼ ਇਹ ਕਹਿ ਕੇ ਗ਼ੈਰਕਾਨੂੰਨੀ ਨਾ ਕਰਾਰ ਦੇ ਦਿਤਾ ਜਾਵੇ ਕਿ ਇਹ ਜਨ-ਉਪਯੋਗੀ ਸੇਵਾ ਹੈ। ਉਨ੍ਹਾਂ ਨੇ ਇਹ ਰੁਖ਼ ਅਪਣਾਇਆ ਕਿ ਬਿਲ ਦੀ ਧਾਰਾ ਨੂੰ ਸਮਾਜਕ ਸੁਰਖਿਆ ਸੇਵਾਵਾਂ ਆਖੀਆਂ ਜਾਂਦੀਆਂ ਸੇਵਾਵਾਂ ਤਕ ਹੀ ਸੀਮਿਤ ਰਖਿਆ ਜਾਣਾ ਚਾਹੀਦਾ ਹੈ । 1929 ਵਿਚ ਸਥਿਤੀ ਇਹ ਸੀ। ਇਸ ਸਬੰਧ ਵਿਚ ਸਰਕਾਰ ਇਕ ਨੁਕਤੇ ਤੇ ਪਿਛੇ ਹਟ ਗਈ । ਉਹ ਇਸ ਗਲੋਂ ਰਾਜ਼ੀ ਹੋ ਗਈ ਕਿ ਜਨ ਉਪਯੋਗੀ ਸੇਵਾ ਨੂੰ ਐਕਟ ਵਿਚ ਹੀ ਪਰਿਭਾਸ਼ਤ ਕੀਤਾ ਜਾਵੇ, ਅਤੇ ਇਸ ਤਰ੍ਹਾਂ ਸ੍ਰੀਮਾਨ ਜੀ, ਤੁਸੀਂ ਵੇਖੋਗੇ ਕਿ ਐਕਟ ਦੇ ਖੰਡ 2 ਵਿਚ ਜੋ ਵਿਆਖਿਆਤਮਕ ਖੰਡ ਹੈ, ਜਨ - ਉਪਯੋਗੀ ਸੇਵਾ ਦੀ ਪਰਿਭਾਸ਼ਾ ਦਿਤੀ ਗਈ ਹੈ ਅਤੇ ਉਸ ਵਿਚ ਜਨ ਉਪਯੋਗੀ ਸੇਵਾਵਾਂ ਗਿਣ ਕੇ ਦਰਸਾਈਆਂ ਗਈਆਂ ਹਨ। ਸਰਕਾਰ ਆਪਣੀ ਮਰਜ਼ੀ ਨਾਲ ਇਸ ਵਿਚ ਨਾ ਤਾਂ ਕਿਸੇ ਹੋਰ ਸੇਵਾ ਨੂੰ ਦਰਜ ਕਰ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਵਿਚੋਂ ਕਿਸੇ ਸੇਵਾ ਨੂੰ ਕਢ ਸਕਦੀ ਹੈ। ਦੂਜੇ ਨੁਕਤੇ, ਅਰਥਾਤ ਹੜਤਾਲ ਨੂੰ ਗ਼ੈਰਕਾਨੂੰਨੀ ਕਰਾਰ ਦੇਣ ਲਈ ਸੇਵਾ ਦੀ ਸ਼੍ਰੇਣੀ ਦਾ ਘੇਰਾ ਤੰਗ ਕਰਨ ਬਾਰੇ ਸਰਕਾਰ ਆਪਣੇ ਵਿਚਾਰ ਤੇ ਅੜੀ ਰਹੀ। ਸਰਕਾਰ ਨੇ ਇਹ ਕਿਹਾ ਕਿ ਜਨ- ਉਪਯੋਗੀ ਸੇਵਾਵਾਂ, ਉਨ੍ਹਾਂ ਦਾ ਫ਼ਾਰਮੂਲਾ ਪਸਾਰ ਤਕ ਦਾ ਰਹਿਣਾ ਚਾਹੀਦਾ ਹੈ ਅਤੇ ਕਾਂਗਰਸ ਪਾਰਟੀ ਸਫਲ ਨਹੀਂ ਹੋਈ। ਇਸ ਗੱਲ ਦਾ ਮੇਰੀ ਦਲੀਲ ਤੇ ਕੋਈ ਫ਼ਰਕ ਨਹੀਂ ਪੈਂਦਾ ਕਿਉਂਜੋ ਮੇਰੀ ਦਲੀਲ ਤਾਂ ਇਹ ਹੈ, ਕਿ 1929 ਵਿਚ ਤਾਂ ਕਾਂਗਰਸ ਪਾਰਟੀ ਸਿਰਫ਼ ਸਮਾਜ ਸੁਰੱਖਿਆ ਸੇਵਾਵਾਂ ਤਕ ਸੀਮਤ ਕਰਨ ਲਈ ਹੜਤਾਲ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੀ ਹਾਮੀ ਸੀ। ਸ੍ਰੀਮਾਨ ਜੀ, ਮੈਂ ਸਿਲੈਕਟ ਕਮੇਟੀ ਦੀ ਰਿਪੋਰਟ ਵਿਚੋਂ ਕੁਝ ਟਿਪਣੀਆਂ, ਜਿਹੜੀਆ ਕਿ ਕਾਂਗਰਸੀ ਮੈਂਬਰਾਂ ਨੇ ਕੀਤੀਆਂ, ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਮੇਰੇ ਖ਼ਿਆਲ ਵਿਚ, ਮੈਂ ਪੂਰੇ ਯਕੀਨ ਨਾਲ ਤਾਂ ਨਹੀਂ ਆਖ ਸਕਦਾ, ਪਰ ਸ਼ਾਇਦ ਮਾਨਯੋਗ ਮੈਂਬਰ ਸ੍ਰੀ ਜਮਨਾਦਾਸ ਮਹਿਤਾ ਉਦੋਂ ਕਾਂਗਰਸ ਦੇ ਮੈਂਬਰ ਹੁੰਦੇ ਸਨ,

ਸ੍ਰੀ ਜਮਨਾ ਦਾਸ ਐਮ.ਮਹਿਤਾ : ਮੈਂ ਅੱਜ ਵੀ ਆਪਣੀ ਉਸ ਵਿਚਾਰਧਾਰਾ ਤੇ ਕਾਇਮ ਹਾਂ।

ਡਾਕਟਰ ਬੀ.ਆਰ ਅੰਬੇਡਕਰ : ਸ੍ਰੀਮਾਨ ਜੀ, ਇਹ ਸ੍ਰੀ ਜਮਨਾਦਾਰ ਮਹਿਤਾ, ਸ੍ਰੀ ਮ.ਸ ਸੇਸ਼ਾ ਅਇੰਗਾਰ, ਸ੍ਰੀ ਸ.ਚ. ਮਿੱਤਰਾ ਅਤੇ ਸ੍ਰੀ ਵ.ਵ. ਜੋਗੀਰਾ ਵਲੋਂ ਲਿਖੀਆਂ ਗਈਆਂ ਟਿਪਣੀਆਂ ਵਿਚੋਂ ਹੈ :-

"ਸਿਲੈਕਟ ਕਮੇਟੀ ਤੇ ਆਉਣ ਤੋਂ ਬਾਅਦ ਵੀ ਬਿਲ ਸਬੰਧੀ ਮੂਲ ਇਤਰਾਜ਼ ਉਂਜ ਦੇ ਉਂਜ ਰਹੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਖੰਡ 15 ਅਤੇ ਇਸ ਤੋਂ ਅੱਗੇ ਦੇ ਖੰਡ ਮਜ਼ਦੂਰ

ਝਗੜਿਆਂ ਨੂੰ ਹੱਲ ਨਹੀਂ ਕਰ ਸਕਣਗੇ, ਸਗੋਂ, ਇਨ੍ਹਾਂ ਨਾਲ ਝਗੜੇ ਵਧਣਗੇ ਹੀ। ਇਸ ਨਾਲ ਮਾਲਕਾਂ ਅਤ ਨੌਕਰਾਂ ਦੇ ਆਪਸੀ ਸੰਬਧਾਂ ਵਿਚ ਕੁੜਤੱਣ ਆ ਜਾਵੇਗੀ। ਅਤੇ ਇਸ ਦਾ ਇਸਤੇਮਾਲ , ਜਿਵੇਂ ਕਿ ਅਜਿਹੇ ਪਹਿਲੇ ਕਾਨੂੰਨ ਦੇ ਤਜਰਬੇ ਤੋਂ ਪਤਾ ਲਗਦਾ ਹੈ, ਅਫ਼ਸਰਸ਼ਾਹੀ ਨੂੰ ਚੰਗੇ ਨਾ ਲਗਣ ਵਾਲੇ ਰਾਜਸੀ ਪ੍ਰਚਾਰ ਨੂੰ ਦਬਾਉਣ ਲਈ ਕੀਤਾ ਜਾਵੇਗਾ। ਜੇਕਰ ਬਿਲ ਦਾ ਉਦੇਸ਼ ਦੇਸ ਵਿਚ ਮਜ਼ਦੂਰ ਸੰਘਾਂ ਨੂੰ ਸਹੀ ਮਾਨਿਆਂ ਵਿਚ ਵਿਕਸਿਤ ਅਤੇ ਉਤਸਾਹਿਤ ਕਰਨਾ ਹੈ ਤਾਂ ਖੰਡ 15 ਤੋਂ ਅਗਲੇ ਖੰਡ ਇਸ ਉਦੇਸ਼ ਨੂੰ ਮਾਤ ਪਾ ਦੇਣਗੇ।"

ਇਨ੍ਹਾਂ ਨੇ ਉਦੋਂ ਇਹ ਰੁਖ਼ ਅਪਣਾਇਆ ਸੀ ਕਿ ਕਿਸੇ ਵੀ ਹੜਤਾਲ , ਭਾਵੇਂ ਉਹ ਜਨ-ਉਪਯੋਗੀ ਸੇਵਾ ਨਾਲ ਹੀ ਸਬੰਧਤ ਕਿਉਂ ਨਾ ਹੋਵੇ, ਸਜ਼ਾਯੋਗ ਨਹੀਂ ਹੋਣੀ ਚਾਹੀਦੀ। ਅਸੰਮਤੀ ਦੀ ਟਿਪਣੀ ਵਿਚ ਅਗੇ ਉਹ ਹੋਰ ਇਹ ਕਹਿੰਦੇ ਹਨ--

.....ਪਰ, ਇਸ ਉਦੇਸ਼ ਵਿਚ ਅਸਫਲ ਹੋਣ ਕਰਕੇ ਅਸਾਨੂੰ ਇਸ ਨਾਲ ਆਪਣੀ ਅਸਹਿਮਤੀ ਦੀ ਟਿੱਪਣੀ ਨੱਥੀ ਕਰਨੀ ਪੈ ਰਹੀ ਹੈ। ਬਿਲ ਦੇ ਖੰਡ 14 ਤੱਕ ਤਾਂ ਮਜ਼ਦੂਰ ਝਗੜਿਆਂ ਦਾ, ਪੜਤਾਲੀਆ ਅਦਾਲਤਾਂ ਅਤੇ ਸਮਝੌਤਾ ਬੋਰਡਾਂ ਰਾਹੀਂ, ਨਿਪਟਾਰਾ ਕਰਨ ਦੀਆਂ ਸਹੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਜਿਥੋਂ ਤਕ ਬਿਲ ਦੇ ਇਸ ਹਿਸੇ ਦਾ ਸਬੰਧ ਹੈ, ਅਸੀਂ ਸਮਝਦੇ ਹਾਂ ਕਿ ਸਿਲੈਕਟ ਕਮੇਟੀ ਨੇ ਬਿਲ ਵਿਚ ਚੋਖੇ ਸੁਧਾਰ ਕੀਤੇ ਹਨ ਅਤੇ ਇਸ ਨੂੰ ਮਜ਼ਬੂਤ ਕੀਤਾ ਹੈ।, ਬਿਲ ਵਿਚ ਇਸ ਖੰਡ ਤਕ ਕੀਤੀਆਂ ਗਈਆਂ ਲਗਭਗ ਸਾਰੀਆਂ ਹੀ ਤਬਦੀਲੀਆਂ ਰਾਹੀਂ ਬਿਲ ਨੂੰ ਨਿਆਂਸੰਗਤ ਅਤੇ ਸੁਨੀਤੀ ਸੰਗਤ ਬਣਾਇਆ ਗਿਆ ਹੈ। ਪਰ ਅਸੀਂ ਖੰਡ 2 (ਜੀ) ਵਿਚ 'ਜਨ-ਉਪਯੋਗੀ ਸੇਵਾ' ਦੀ ਪਰਿਭਾਸ਼ਾ ਨੂੰ ਆਪਣੇ ਵਿਚਾਰ ਤੋਂ ਬਾਹਰ ਰਖਿਆ ਹੈ। ਇਹ ਪਰਿਭਾਸ਼ਾ ਖੰਡ 15 ਦੀ ਪਰਿਣਾਮੀ ਹੈ, ਇਸ ਲਈ ਇਸ ਤੇ ਵਿਚਾਰ ਉਸ ਦੇ ਨਾਲ ਕੀਤਾ ਜਾਵੇਗਾ। ਸਾਡਾ ਵਿਸ਼ਵਾਸ ਹੈ ਕਿ ਇਹ ਖੰਡ ਨੌਕਰਾਂ ਅਤੇ ਮਾਲਕਾਂ ਵਿਚਕਾਰ ਦੋਸਤਾਨਾਂ ਸੰਬੰਧਾਂ ਲਈ ਕਾਫ਼ੀ ਖ਼ਤਰਨਾਕ ਸਾਬਿਤ ਹੋ ਸਕਦਾ ਹੈ। ਕੋਈ ਲੋਕ ਸੇਵਾ, 'ਜਨ ਉਪੌਗੀ ਸੇਵਾ' ਹੋ ਸਕਦੀ ਹੈ। ਪਰ, ਇਸ ਦਾ ਇਹ ਮਤਲਬ ਨਹੀਂ ਕਿ ਅਜਿਹੀਆਂ ਸੇਵਾਵਾਂ ਵਿਚ ਨੋਟਸ ਤੋਂ ਬਿਨਾਂ ਹੜਤਾਲ ਲਈ ਫ਼ੌਜਦਾਰੀ ਮੁਕੱਦਮੇ ਚਲਾਏ ਜਾਣ। ਇਹ ਠੀਕ ਹੈ ਕਿ ਅਜਿਹੀਆਂ ਸੇਵਾਵਾਂ ਵਿਚ ਤਾਲਾਬੰਦੀ ਨੂੰ ਇਕ ਜੁਰਮ ਕਰਾਰ ਦਿਤਾ ਗਿਆ ਹੈ, ਪਰ ਇਸ ਦਾ ਹੜਤਾਲ ਨੂੰ ਦੰਡਾਤਮਕ ਅਪਰਾਧ ਮੰਨਣ ਵਿਰੁਧ ਦਲੀਲ ਤੇ ਕੋਈ ਪ੍ਰਭਾਵ ਨਹੀਂ। ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਡਾਕ-ਤਾਰ, ਟੈਲੀਫ਼ੂਨ ਸੇਵਾ ਅਤੇ ਇਸ ਮੰਤਵ ਲਈ ਰੇਲਵੇ ਸੇਵਾ ਵਿਚ ਹੜਤਾਲ ਨੂੰ ਅਪਰਾਧ ਕਿਉਂ ਮੰਨਿਆ ਜਾਵੇ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੀਆਂ ਹੜਤਾਲਾਂ ਨਾਲ ਅਸੁਵਿਧਾ ਹੁੰਦੀ ਹੈ ਅਤੇ ਸਾਡੇ ਆਮ ਸੁਖ ਸਾਧਨਾਂ ਤੇ ਵੀ ਅਸਰ ਪੈਂਦਾ ਹੈ। ਪਰ, ਇਹ ਕਹਿਣਾ ਵੀ ਸਰਾਸਰ ਗ਼ਲਤ ਹੋਵੇਗਾ ਕਿ ਜਦੋਂ ਕਾਮਿਆਂ ਦੀ ਕੋਈ ਸੰਸਥਾ ਸਾਨੂੰ ਸੁਖ ਸੁਵਿਧਾਵਾਂ ਦੇਣ ਤੋਂ ਨਾਂਹ ਕਰੇ ਤਾਂ ਉਸ ਵੇਲੇ ਕੋਈ ਇਹ ਦਾਵਾ ਕਰੇ ਕਿ ਇਹ ਸੰਸਥਾ ਮੁਜਰਮ ਹੈ, ਖ਼ਾਸ ਕਰਕੇ ਉਦੋਂ ਜਦੋਂ ਹੜਤਾਲੀ ਕਾਮੇ ਇਹ ਮਹਿਸੂਸ ਕਰਦੇ ਹੋਣ ਕਿ ਅਜਿਹੀਆਂ ਸੁਖ ਸੁਵਿਧਾਵਾਂ ਉਨ੍ਹਾਂ ਦੀ

ਆਪਣੀ ਅਧੋਗਤੀ ਤੇ ਮੰਦਹਾਲੀ ਨਾਲ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ।ਕੀ ਗੰਭੀਰਤਾ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਫ਼ਰੰਟੀਅਰ ਮੇਲ ਅਤੇ ਅਜਿਹੀਆਂ ਹੋਰ ਸੁਖਦਾਇਕ ਸੇਵਾਵਾਂ ਸਮਾਜ ਲਈ ਅਜਿਹੀਆਂ ਮਹੱਤਵਪੂਰਨ ਹਨ ਕਿ ਉਨ੍ਹਾਂ ਦੀ ਹੜਤਾਲ ਨੂੰ ਗ਼ੈਰਕਾਨੂੰਨੀ ਕਰਾਰ ਦਿਤਾ ਜਾਵੇ ?

ਮੈਂ ਸਾਹਮਣੇ ਬੈਠੇ ਮਾਨਯੋਗ ਮਿੱਤਰਾਂ ਨੂੰ ਅੰਤਿਮ ਕੁਝ ਸਤਰਾਂ ਦੀ ਯਾਦ ਦਿਵਾਉਂਦਾਂ ਹਾਂ। ਅਗੇ ਟੂਕ ਇਉਂ ਚਲਦੀ ਹੈ :

"ਵਿਧਾਨ ਮੰਡਲ ਲਈ ਖੰਡ 15 ਵਿਚ ਦਰਸਾਏ ਗਏ ਸਿਧਾਂਤ ਵਰਗੇ ਅਤਿਆਚਾਰੀ ਸਿਧਾਂਤ ਨੂੰ ਮਾਨਤਾ ਦੇਣੀ ਦੁਨੀਆਂ ਨੂੰ ਇਹ ਐਲਾਨ ਕਰਨਾ ਹੈ ਕਿ ਮਾਨਵੀ ਸਮਾਜ ਦੇ ਬਹੁਤੇ ਮਜ਼ਦੂਰਾਂ ਨੂੰ ਗੁਲਾਮ ਹੀ ਬਣਕੇ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਹੜਤਾਲ ਸਿਰਫ ਜੇਲ੍ਹ ਦੀ ਹਵਾ ਖਾਣ ਲਈ ਹੀ ਕਰਨੀ ਹੈ। ਅਸੀਂ ਆਪਣੇ ਦੇਸ ਦੇ ਸਨਅਤੀ ਵਿਕਾਸ ਲਈ ਬਹੁਤ ਹੀ ਇਛੁਕ ਹਾਂ, ਪਰ ਇਸ ਖੰਡ ਅਧੀਨ ਦਰਸਾਏ ਗਏ ਜਬਰੀ ਢੰਗ ਨਾਲ ਕਤਈ ਨਹੀਂ।ਅਸੀਂ ਇਹ ਮੰਨਦੇ ਹਾਂ ਕਿ ਪਾਣੀ ਦੀ ਸਪਲਾਈ, ਬਿਜਲੀ ਅਤੇ ਸਫ਼ਾਈ ਵਰਗੀਆਂ ਸੇਵਾਵਾਂ ਸਮਾਜ ਦੀ ਹੋਂਦ ਲਈ ਬਹੁਤ ਹੀ ਲਾਜ਼ਮੀ ਹਨ ਅਤੇ ਅਜਿਹੀਆਂ ਸੇਵਾਵਾਂ ਵਿਚ ਹੜਤਾਲਾਂ ਨੂੰ ਕਾਨੂੰਨੀ ਢੰਗ ਅਪਣਾ ਕੇ ਰੋਕਣਾ ਚਾਹੀਦਾ ਹੈ-ਇਸ ਲਈ ਨਹੀਂ ਕਿ ਉਹ ਜਨ-ਉਪਯੋਗੀ ਸੇਵਾਵਾਂ ਹਨ ਸਗੋਂ ਇਸ ਲਈ ਕਿ ਉਹ ਸਮਾਜ ਸੁਰੱਖਿਆ ਸੇਵਾਵਾਂ ਹਨ। ਕਿਸੇ ਵੀ ਵਿਅਕਤੀ ਨੂੰ ਸਮਾਜ ਦੀ ਹੋਂਦ ਵਿਰੁਧ ਆਪਣੇ ਹਿੱਤ ਕਾਇਮ ਰਖਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਇਸ ਲਈ ਅਸੀਂ 'ਸਮਾਜ ਸੁਰਖਿਆ ਸੇਵਾਵਾਂ' ਵਿਚ ਹੜਤਾਲਾਂ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਵਾਲੇ ਕਿਸੇ ਵੀ ਵਿਧਾਨਕ ਬਿਲ ਦੇ ਵਿਰੋਧੀ ਨਹੀਂ, ,.....

ਸ੍ਰੀਮਾਨ ਜੀ, ਉਸ ਸਮੇਂ ਕਾਂਗਰਸ ਨੇ ਇਹ ਰੁਖ਼ ਅਪਣਾਇਆ ਸੀ। ਸ੍ਰੀਮਾਨ ਜੀ, ਹੁਣ ਮੈਂ ਸ੍ਰੀ ਕੁੰਜ਼ਰੂ ਦੁਆਰਾ ਦਿਤੀ ਗਈ ਅਸਹਿਮਤੀ ਦੀ ਟਿੱਪਣੀ ਵਿਚੋਂ ਕੁਝ ਟੂਕਾਂ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਉਹ ਉਦਾਰਵਾਦੀ ਹਨ। ਮੈਂ ਜ਼ੋਰ ਦੇ ਕੇ ਇਹ ਇਸ ਲਈ ਕਹਿਣਾ ਚਾਹੁੰਦਾ ਹਾਂ ਕਿ ਆਪ ਜਾਣ ਸਕੋ ਕਿ ਉਨ੍ਹਾਂ ਵਰਗੇ ਨਰਮ-ਖ਼ਿਆਲੀਏ ਨੇ ਵੀ ,ਜਿਨ੍ਹਾਂ ਦਾ ਕਾਂਗਰਸ ਦੀ ਨੀਤੀ ਅਤੇ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ, 1929 ਵਿਚ ਕੀ ਕਿਹਾ ਸੀ ? ਉਨ੍ਹਾਂ ਨੇ ਕਿਹਾ ਸੀ :--

" ਖੰਡ 15 ਦਾ ਸਬੰਧ ਜਨ-ਉਪਯੋਗੀ ਸੇਵਾਵਾਂ ਵਿਚ ਹੜਤਾਲਾਂ ਨਾਲ ਹੈ ਅਤੇ ਇਹ ਧਾਰਾ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਿਆਂ ਬਿਨਾਂ ਪੂਰਵ ਨੋਟਿਸ ਦੇ ਹੜਤਾਲ ਨੂੰ ਗ਼ੈਰ ਕਾਨੂੰਨੀ ਕਰਾਰ ਦਿੰਦੀ ਹੈ। ਜਿਨ੍ਹਾਂ ਸੇਵਾਵਾਂ ਵਿਚ, ਪੂਰਵ ਨੋਟਿਸ ਤੋਂ ਬਿਨਾਂ ਅਚਾਨਕ ਹੜਤਾਲ ਹੋਣ ਨਾਲ ਮਨੁੱਖੀ ਸਿਹਤ ਜਾਂ ਜੀਵਨ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ, ਜੇਕਰ ਕੇਵਲ ਉਨ੍ਹਾਂ ਨੂੰ ਸਜ਼ਾ ਯੋਗ ਕਰਾਰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਅਜਿਹੀ ਕਾਰਵਾਈ ਸਿਧਾਂਤ ਰੂਪ ਵਿਚ ਤਾਂ ਸ਼ਾਫ਼ ਸਪਸ਼ਟ ਨਜ਼ਰ ਆਉਂਦੀ ਹੈ, ਭਾਵੇਂ ਵਿਹਾਰਕ ਤੌਰ ਤੇ ਕਾਨੂੰਨ ਨੂੰ ਲਾਗੂ ਕਰਨਾ ਕਿਤਨਾ ਹੀ ਮੁਸ਼ਕਲ ਕਿਉਂ ਨਾ ਹੋਵੇ। ਪਰ, ਸਿਲੈਕਟ ਕਮੇਟੀ ਦੁਆਰਾ

ਇਸ ਸਬੰਧੀ ਉਪਬੰਧ ਨੂੰ ਕਟ ਦਿਤੇ ਜਾਣ ਦੇ ਬਾਵਜੂਦ ਵੀ ਜਨ- ਉਪਯੋਗੀ ਸੇਵਾਵਾਂ ਦੀ ਪਰਿਭਾਸ਼ਾ , ਜਿਸ ਨਾਲ ਸਰਕਾਰ ਵਿਚ ਕਿਸੇ ਸੇਵਾ ਨੂੰ ਜਨ-ਉਪਯੋਗੀ ਸੇਵਾ ਵਜੋਂ ਕਰਾਰ ਦੇਣ ਦੀ ਇਖ਼ਤਿਆਰੀ ਸ਼ਕਤੀ ਨਿਹਿਤ ਹੋ ਜਾਣੀ ਸੀ, ਅਜਿਹੀਆਂ ਸੇਵਾਵਾਂ ਆਪਣੇ ਵਿਚ ਸ਼ਾਮਲ ਕਰਦੀ ਹੈ ਜਿਨ੍ਹਾਂ ਵਿਚ ਅਚਾਨਕ ਹੜਤਾਲ ਕਿਤਨੀ ਵੀ ਅਸੁਵਿਧਾ ਜਨਕ ਕਿਉਂ ਨਾ ਹੋਵੇ, ਜੀਵਨ ਨੂੰ ਖ਼ਤਰਾ ਪੈਦਾ ਨਹੀਂ ਹੁੰਦਾ। ਕਿਸੇ ਵੀ ਅਦਾਰੇ ਵਿਚ ਅਣ-ਉਚਿਤ ਅਚਾਨਕ ਹੜਤਾਲ ਕਿਤਨੀ ਵੀ ਅਣਇੱਛਿਤ ਕਿਉਂ ਨਾ ਹੋਵੇ, ਉਸ ਨੂੰ ਸਜ਼ਾਯੋਗ ਗਰਦਾਨਣ ਦਾ ਉਦੋਂ ਤਕ ਕੋਈ ਆਧਾਰ ਨਹੀਂ ਬਣਦਾ ਜਦੋਂ ਤਕ ਉਸ ਤੋਂ ਸਮਾਜਕ ਜੀਵਨ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ। ਇਹ ਵੀ ਦਸਿਆ ਜਾਂਦਾ ਹੈ ਕਿ ਜਿਨ੍ਹਾਂ ਸੇਵਾਵਾਂ ਵਿਚ ਅਚਾਨਕ ਹੜਤਾਲ ਨਾਲ ਸਮਾਜ ਦੀ ਹੋਂਦ ਪ੍ਰਭਾਵਤ ਹੁੰਦੀ ਹੈ , ਉਨ੍ਹਾਂ ਨੂੰ ਨਜਿੱਠਣ ਲਈ ਪ੍ਰਾਂਤਾਂ ਨੇ ਉਪਾਅ ਕੀਤੇ ਹੋਏ ਹਨ। ਇਸ ਤੋਂ ਇਲਾਵਾ ਜੇਕਰ ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਕੇ ਹੜਤਾਲ ਕੀਤੀ ਜਾਂਦੀ ਹੈ ਤਾਂ ਅਜਿਹੇ ਮਾਮਲੇ ਨਾਲ ਭਾਰਤੀ ਦੰਡਾਵਲੀ ਅਧੀਨ ਸਖ਼ਤੀ ਨਾਲ ਨਜਿੱਠਿਆ ਜਾ ਸਕਦਾ ਹੈ .....।

ਇਹ ਸ੍ਰੀ ਕੁੰਜ਼ਰੂ ਦਾ ਰਵਈਆ ਸੀ। ਮੈਂ ਵੀ ਇਨ੍ਹਾਂ ਨਾਲ ਇਸ ਗਲ ਵਿਚ ਸਹਿਮਤ ਹਾਂ ਕਿ ਨੋਟਿਸ ਤੋਂ ਬਿਨਾਂ ਹੜਤਾਲ ਦੇ ਹੱਕ ਤੇ ਰੋਕ ਲਗਾਈ ਜਾਣੀ ਚਾਹੀਦੀ ਹੈ, ਪਰ ਅਜਿਹੀ ਰੋਕ ਸਿਰਫ਼ ਅਜੇਹੀਆਂ ਸੇਵਾਵਾਂ ਤੇ ਹੀ ਲਾਉਣੀ ਚਾਹੀਦੀ ਹੈ, ਜਿਹੜੀਆਂ ਕਿ ਜਨ-ਉਪਯੋਗੀ ਸੇਵਾਵਾਂ ਨਹੀਂ ਬਲਕਿ ਸਮਾਜਕ ਸੁਰਖਿਆ ਸੇਵਾਵਾਂ ਹਨ। ਸ੍ਰੀਮਾਨ ਜੀ ਇਹ ਗਲ ਅੰਗ੍ਰੇਜ਼ੀ ਕਾਨੂੰਨ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਇਸ ਸਬੰਧ ਵਿਚ ਸਦਨ ਦਾ ਧਿਆਨ 1920 ਦੇ ਐਮਰਜੈਂਸੀ ਪਾਵਰਜ਼ (ਸੰਕਟਕਾਲੀ ਸ਼ਕਤੀਆਂ) ਐਕਟ ਵਲ ਦਿਵਾਉਣਾ ਚਾਹੁੰਦਾ ਹਾਂ। ਇਸ ਨੂੰ ਬਰਤਾਨਵੀ ਸੰਸਦ ਨੇ ਮਹਾਂਯੁਧ ਦੇ ਖ਼ਤਮ ਹੋਣ ਤੋਂ ਇਕ ਜਾਂ ਦੋ ਸਾਲਾਂ ਬਾਅਦ ਪਾਸ ਕੀਤਾ ਸੀ। ਇਸ ਵਿਚ ਵੀ ਹੰਗਾਮੀ ਹਾਲਾਤ ਨਾਲ ਨਿਪਟਣ ਲਈ ਨਿਯਮ ਬਣਾਉਣ ਲਈ ਸਰਕਾਰ ਨੂੰ ਸ਼ਕਤੀਆਂ ਦਿਤੀਆਂ ਗਈਆਂ ਸਨ। ਮੈਂ ਉਸ ਐਕਟ ਦੀਆਂ ਇਕ ਜਾਂ ਦੋ ਧਾਰਾਵਾਂ ਹੀ ਪੜ੍ਹਾਂਗਾ। ਧਾਰਾ 1 ਕਹਿੰਦੀ ਹੈ :-

" ਜੇਕਰ ਪ੍ਰਤਾਪੀ ਮਹਾਰਾਜੇ ਨੂੰ ਕਿਸੇ ਸਮੇਂ ਇੰਝ ਭਾਸੇ ਕਿ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੀ ਸੰਸਥਾ ਦੁਆਰਾ ਕੋਈ ਅਜਿਹੀ ਕਾਰਵਾਈ ਕੀਤੀ ਗਈ ਹੈ ਜਾਂ ਇਤਨੇ ਵੱਡੇ ਪੈਮਾਨੇ ਤੇ ਤੁਰਤ ਕੀਤੇ ਜਾਣ ਦਾ ਖ਼ਤਰਾ ਹੈ ਕਿ ਇਸ ਪੈਮਾਨੇ ਤੇ ਅਜਿਹੀ ਕਾਰਵਾਈ ਕਰਨ ਨਾਲ...."

ਮੈਂ ਸਦਨ ਦਾ ਧਿਆਨ ਵਿਸ਼ੇਸ਼ ਤੌਰ ਤੇ ਇਨ੍ਹਾਂ ਸ਼ਬਦਾਂ ਵਲ ਦਿਵਾਉਣਾ ਚਾਹੁੰਦਾ ਹਾਂ :

....ਅਨਾਜ, ਪਾਣੀ, ਬਾਲਣ ਜਾਂ ਬਿਜਲੀ ਦੀ ਸਪਲਾਈ ਜਾਂ ਵੰਡ ਜਾਂ ਆਵਾਜਾਈ ਵਿਚ ਖ਼ਲਲ ਪੈਦਾ ਹੋਣ ਜਾਂ ਸਮਾਜ ਕਿਸੇ ਦੇ ਹਿੱਸੇ ਦੇ ਜ਼ਰੂਰੀ ਸੇਵਾਵਾਂ ਤੋਂ ਵਾਂਝਿਆਂ ਰਹਿ

ਜਾਣ ਦੀ ਸੰਭਾਵਨਾ ਹੈ ਤਾਂ ਪ੍ਰਤਾਪੀ ਮਹਾਰਾਜਾ ਘੋਸ਼ਣਾ ਰਾਹੀਂ ਐਲਾਨ ਕਰ ਸਕਦੇ ਹਨ ਕਿ ਸੰਕਟ-ਕਾਲ ਆ ਗਿਆ ਹੈ।....

ਫਿਰ ਧਾਰਾ 2 ਵਿਚ ਕਿਹਾ ਗਿਆ ਹੈ :-

"ਜਦੋਂ ਸੰਕਟ ਕਾਲ ਦਾ ਐਲਾਨ ਕਰ ਦਿਤਾ ਜਾਂਦਾ ਹੈ ਅਤੇ ਜਦੋਂ ਤਕ ਐਲਾਨ ਲਾਗੂ ਰਹਿੰਦਾ ਹੈ ਉਦੋਂ ਤਕ ਪ੍ਰਤਾਪੀ ਮਹਾਰਾਜੇ ਦੀ ਅਦਾਲਤ ਲਈ ਸਮਾਜ ਨੂੰ ਜੀਵਨ ਦੀਆਂ ਜ਼ਰੂਰੀ ਵਸਤਾਂ ਪ੍ਰਾਪਤ ਕਰਵਾਉਣ ਲਈ ਵਿਨਿਯਮ ਬਣਾਉਣਾ ਕਾਨੂੰਨੀ ਤੌਰ ਤੇ ਜਾਇਜ਼ ਹੋਵੇਗਾ ਅਤੇ ਅਜਿਹੇ ਵਿਨਿਯਮਾਂ ਦੁਆਰਾ ....ਸਰਕਾਰ ਨੂੰ ਅਜਿਹੀਆਂ ਸ਼ਕਤੀਆਂ ਅਤੇ ਜ਼ਿਮੇਵਾਰੀਆਂ ਸੌਂਪੀਆਂ ਜਾਣਗੀਆਂ ਜੋ ਪ੍ਰਤਾਪੀ ਮਹਾਰਾਜ ਜ਼ਰੂਰੀ ਸਮਝਣ..."

ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਇਹ ਸਭ ਕੁਝ ਜਨ-ਸੁਰੱਖਿਆ ਅਤੇ ਮਨੁੱਖੀ ਜੀਵਨ ਨਾਲ ਸੰਬੰਧਿਤ ਜ਼ਰੂਰਤਾਂ ਦੇ ਮਾਮਲਿਆਂ ਤਕ ਹੀ ਸੀਮਿਤ ਹੈ। ਹਮੇਸ਼ਾ ਹੀ ਇਸ ਗਲ ਨੂੰ ਧਿਆਨ ਵਿਚ ਰਖਿਆ ਗਿਆ ਹੈ, ਕਿ, ਜੇਕਰ ਤੁਸੀਂ ਹੜਤਾਲ ਦੇ ਹੱਕ ਨੂੰ ਪਾਬੰਦ ਕਰਨਾ ਚਾਹੁੰਦੇ ਹੋ ਅਤੇ ਇਸ ਨੂੰ ਗ਼ੈਰ-ਕਾਨੂੰਨੀ ਕਰਾਰ ਦੇਣਾ ਹੈ ਤਾਂ ਇਹ ਸਿਰਫ਼ ਉਨ੍ਹਾਂ ਹੀ ਸੇਵਾਵਾਂ ਦੇ ਸਬੰਧ ਵਿਚ ਹੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਜੋ ਕਿਸੇ ਭਾਈਚਾਰੇ ਦੇ ਜੀਵਨ ਦਾ ਆਧਾਰ ਹਨ। ਇਹ ਸਾਫ਼ ਜ਼ਾਹਰ ਹੈ ਕਿ ਇਹ ਬਿਲ ਹਰ ਇਕ ਕਿਸਮ ਦੇ ਵਣਜ ਅਤੇ ਸਨਅਤ ਤੇ ਪਸਰਿਆ ਹੋਇਆ ਹੈ। ਮੈਂ ਇਹ ਗਲ ਕਿਸੇ ਨੂੰ ਮਸ਼ਕਰੀ ਵਜੋਂ ਜਾਂ ਲਾ ਕੇ ਨਹੀਂ ਕਹਿਣ ਲਗਾ ਪਰ ਆਪਣੇ ਨੁਕਤੇ ਨੂੰ ਸਮਝਾਉਣ ਦੇ ਮੰਤਵ ਨਾਲ ਉਦਾਹਰਨ ਦੇ ਤੌਰ ਤੇ ਕਹਿੰਦਾ ਹਾਂ, ਕਿ ਮੰਨ ਲਵੋ, ਕੁਲ ਭਾਰਤੀ ਇਸਤਰੀਆਂ (ਮੈਂ ਆਸ ਰਖਦਾ ਹਾਂ ਕਿ ਉਹ ਅਜਿਹਾ ਨਹੀਂ ਕਰਨਗੀਆਂ) ਆਪਣੇ ਹੋਠਾਂ ਨੂੰ ਰੰਗਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਕੋਈ ਸਨਅਤਕਾਰ ਜਿਸ ਨੂੰ ਪੈਸਾ ਕਮਾਉਣ ਦੀ ਜਾਚ ਹੈ, ਉਨ੍ਹਾਂ ਔਰਤਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਵਾਸਤੇ ਲਿਪਸਟਿਕ ਦਾ ਕਾਰਖ਼ਾਨਾ ਲਾਕੇ ਲਿਪਸਟਿਕ ਬਣਾਉਣੀ ਸ਼ੁਰੂ ਕਰ ਦਿੰਦਾ ਹੈ ਅਤੇ ਜੇਕਰ ਇਸ ਐਕਟ ਅਧੀਨ ਉਸਦੇ ਕਾਮੇ ਹੜਤਾਲ ਕਰ ਦਿੰਦੇ ਹਨ ਤਾਂ ਇਸ ਐਕਟ ਦੇ ਉਪਬੰਧ ਮੌਤ ਵਾਗੂੰ ਉਨ੍ਹਾਂ ਦੇ ਸਿਰ ਤੇ ਲਟਕਦੇ ਰਹਿਣਗੇ। ਕੀ ਕੋਈ ਵਿਅਕਤੀ ਸੰਜੀਦਗੀ ਨਾਲ ਇਸ ਗੱਲ ਨੂੰ ਮੰਨ ਸਕਦਾ ਹੈ ਕਿ ਲਿਪਸਟਿਕ ਬਣਾਉਣ ਵਾਲਾ ਉਦਯੋਗ ਜੀਵਨ ਲਈ ਬਹੁਤ ਹੀ ਜ਼ਰੂਰੀ ਹੈ, ਇਸ ਲਈ ਉਸ ਵਿਚ ਹੜਤਾਲ ਦੇ ਹੱਕ ਤੇ ਰੋਕ ਲਗਾਈ ਜਾਵੇ ਕਿਉਂ ਜੋ ਕੁਝ ਔਰਤਾਂ ਆਪਣੇ ਬੁਲ੍ਹਾਂ ਨੂੰ ਰੰਗਣ ਦੀ ਖ਼ੁਸ਼ੀ ਤੋਂ ਵਾਂਝੀਆਂ ਰਹਿ ਜਾਣਗੀਆਂ ? ਸ੍ਰੀਮਾਨ ਜੀ, ਸਰਕਾਰ ਨੇ 1929 ਵਿਚ ਆਪਣਾਏ ਗਏ ਸਮਾਜ ਸੁਰਖਿਅਕ ਸੇਵਾਵਾਂ ਵਿਚ ਹੜਤਾਲ ਤੇ ਸਜ਼ਾ ਸੰਬੰਧੀ ਰੁਖ਼ ਨੂੰ ਨਾ ਸਿਰਫ ਨਜ਼ਰ ਅੰਦਾਜ਼ ਕੀਤਾ ਹੈ ਬਲਕਿ 1929 ਦੇ ਐਕਟ ਦੇ ਉਪਬੰਧਾਂ ਤੋਂ ਉਪਰ ਜਾ ਕੇ ਅਫ਼ਸਰਸ਼ਾਹੀ ਨੂੰ ਵੀ ਪਿਛਾਂਹ ਸੁਟ ਦਿਤਾ ਹੈ।

ਅਫ਼ਸਰਸ਼ਾਹੀ ਨੂੰ ਘਟੋ ਘਟ ਇਸ ਗਲ ਦਾ ਅਹਿਸਾਸ ਤਾਂ ਸੀ (ਆਗਿਆ ਹੋਵੇ ਤਾਂ ਮੈਂ

ਇਸ ਨੂੰ ਜ਼ਿਮੇਵਾਰੀ ਹੀ ਕਹਾਂਗਾ) ਕਿ ਹੜਤਾਲ ਦਾ ਹੱਕ ਇਤਨਾ ਮਹੱਤਵਪੂਰਨ ਹੱਕ ਹੈ ਕਿ ਇਸਦੇ ਲਈ ਹੜਤਾਲ ਨੂੰ ਜਨ ਸੁਰਖਿਆ ਦੀਆਂ ਚਾਰੇ ਕੰਨੀਆਂ ਤੋਂ ਪਰੇ ਸਜ਼ਾ-ਯੋਗ ਨਹੀਂ ਬਣਾਉਣਾ ਚਾਹੀਦਾ ਅਤੇ ਹੁਣ ਇਕ ਅਜਿਹਾ ਬਿਲ ਪੇਸ਼ ਹੈ ਜਿਹੜਾ ਕਿ ਮੈਂ ਮੁੜ ਕਹਾਂਗਾ, ਲਿਪਸਟਿਕ ਉਦਯੋਗ ਵਿਚ ਹੜਤਾਲ ਨੂੰ ਸਜ਼ਾ ਯੋਗ ਬਣਾ ਦੇਵੇਗਾ।

ਅਜਿਹਾ ਸਭ ਕੁਝ ਕਿਸ ਲਈ ? ਗ਼ਰੀਬ ਕਾਮਿਆਂ ਨੂੰ ਅਜ਼ਮਾਇਸ਼ਾਂ ਵਿਚ ਪਾ ਕੇ ਅਤੇ ਸੰਤਾਪ ਦੇ ਕੇ ਸਾਨੂੰ ਕੀ ਹਾਸਲ ਹੋਣ ਵਾਲਾ ਹੈ ? ਨਤੀਜਾ, ਮੇਰੇ ਮੁਤਾਬਕ, ਇਹ ਹੋਵੇਗਾ ਕਿ ਕਿਸੇ ਮਹਾਨੁਭਾਵ (ਜਿਸ ਨੂੰ ਬਿਲ ਵਿਚ ਸਮਝੌਤਾਕਾਰ ਕਿਹਾ ਗਿਆ ਹੈ) ਦੀ 4 ਮਹੀਨੇ 25 ਦਿਨ ਤਕ ਸੇਵਕੀ ਕਰਨੀ। ਉਸ ਤੋਂ ਅੱਗੇ ਮੈਨੂੰ ਕੁਝ ਨਹੀਂ ਦਿਸਦਾ। ਮਾਨਯੋਗ ਗ੍ਰਿਹ ਮੰਤਰੀ ਨੇ ਕਿਹਾ ਕਿ ਇਸ ਬਿਲ ਨੂੰ ਪੇਸ਼ ਕੀਤੇ ਜਾਣ ਦਾ ਇਕ ਕਾਰਨ ਇਹ ਹੈ ਕਿ ਰਾਜ ਆਪਣੇ ਮੋਢਿਆਂ ਤੇ ਸਮੂਹਕ ਸੌਦੇਬਾਜ਼ੀ ਦੀ ਜ਼ਿਮੇਵਾਰੀ ਲੈ ਰਿਹਾ ਹੈ। ਮੇਰਾ ਖ਼ਿਆਲ ਹੈ ਇਹੋ ਜਿਹਾ ਕੁਝ ਉਨ੍ਹਾਂ ਨੇ ਕਿਹਾ ਹੈ। ਜੇਕਰ ਮੈਂ ਗ਼ਲਤ ਹੋਵਾਂ ਤਾਂ ਮੈਨੂੰ ਉਮੀਦ ਹੈ ਕਿ ਉਹ ਦਰੁਸਤੀ ਕਰ ਦੇਣਗੇ।

ਮਾਨਯੋਗ ਕ.ਮ. ਮੁਨਸ਼ੀ : ਨਹੀਂ, ਆਪਣੇ ਮੋਢਿਆਂ ਤੇ ਸਮੂਹਕ ਸੌਦੇਬਾਜ਼ੀ ਦੀ ਜਿੰਮੇਵਾਰੀ ਲੈ ਨਹੀਂ ਰਹੀ ਸਗੋਂ ਸਮੂਹਕ ਸੌਦੇਬਾਜ਼ੀ ਨੂੰ ਨਿਯੰਤਰਿਤ ਕਰ ਰਹੀ ਹੈ।

ਡਾਕਟਰ.ਬੀ.ਰ. ਅੰਬੇਡਕਰ : ਸਮੂਹਕ ਸੌਦੇਬਾਜ਼ੀ ਨੂੰ ਨਿਯੰਤਰਿਤ ਕਰਨਾ। ਮੈਂ ਬਿਲਕੁਲ ਹੀ ਸਪਸ਼ਟ ਕਹਾਂਗਾ, ਇਨ੍ਹਾਂ ਵਿਨਿਯਮਾਂ ਦਾ ਕੀ ਫ਼ਾਇਦਾ ? ਜ਼ਾਬਤਾ ਦੀਵਾਨੀ ਵਿਚ ਢੇਰਾਂ ਵਿਨਿਯਮ ਹਨ। ਕੀ ਮੁਕਦਮੇਬਾਜ਼ਾਂ ਦੀ ਉਨ੍ਹਾਂ ਵਿਚ ਕੋਈ ਦਿਲਚਸਪੀ ਹੈ ? ਮੁਕਦਮੇਬਾਜ਼ ਦੀ ਦਿਲਚਸਪੀ ਤਾਂ ਉਸ ਦੇ ਮੁਕਦਮੇ ਦੇ ਫ਼ੈਸਲੇ ਵਿਚ ਹੁੰਦੀ ਹੈ। ਸਾਰੀਆਂ ਰਸਮੀ ਕਾਰਵਾਈਆਂ ਨਾਲ, ਸਾਰੇ ਉਪਬੰਧਾਂ ਅਤੇ ਕਾਰਜ ਵਿਧੀ ਨਾਲ, ਨੋਟਿਸ ਕਿੰਨੇ ਦੇਣਾ ਹੈ, ਨੋਟਿਸ ਦੇਣ ਤੋਂ ਬਾਅਦ ਕੀ ਕੁਝ ਹੋਵੇਗਾ ? ਜਵਾਬਦਾਵਾ ਕਿਸ ਨੇ ਲਿਖਣਾ ਹੈ ? ਅਤੇ ਹੋਰ ਅਜਿਹੀਆਂ ਚੀਜ਼ਾਂ ਨਾਲ ਭੁੱਖੇ ਕਾਮਿਆਂ ਦੀ ਦਿਲਚਸਪੀ ਅਜਿਹੀ ਕਿਸੇ ਵੀ ਚੀਜ਼ ਵਿਚ ਨਹੀਂ ਹੁੰਦੀ।

ਮਾਨਯੋਗ ਸ੍ਰੀ ਕ.ਮ.ਮੁਨਸ਼ੀ : ਇਸੇ ਲਈ ਕੀ ਜ਼ਾਬਤਾ ਦੀਵਾਨੀ ਮਨਸੂਖ਼ ਕਰ ਦਿਤਾ ਜਾਵੇ ?

ਡਾਕਟਰ .ਬੀ.ਆਰ. ਅੰਬੇਡਕਰ : ਮੈਂ ਅਜਿਹੀ ਕੋਈ ਗਲ ਨਹੀਂ ਕਹਿੰਦਾ। ਮੈਂ ਇਹ ਆਖਦਾ ਹਾਂ ਕਿ ਇੰਨੇ ਸਾਰੇ ਉਪਬੰਧ ਕੋਲ ਹੁੰਦਿਆਂ ਉਨ੍ਹਾਂ ਵਿਚ ਹੌਸਲਾ ਹੋਣਾ ਚਾਹੀਦਾ ਸੀ। ਉਹ ਹਿੱਕ ਥਾਪੜ ਕੇ ਆਖਦੇ, "ਅਸੀਂ ਜ਼ਰੂਰੀ ਸਾਲਸੀ ਕਰਨੀ ਹੈ, ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ।" (ਵਿਘਨ) ਇਹ ਵਖਰੀ ਗਲ ਹੈ ਕਿ ਮੈਂ ਉਸ ਨਾਲ ਸਹਿਮਤ ਹੋਵਾਂ ਜਾਂ ਨਹੀਂ। ਜੇਕਰ ਤੁਸੀਂ ਇਹੋ ਜਿਹਾ ਰਵਈਆ ਅਪਣਾਉਂਦੇ ਤਾਂ ਮੈਂ ਯਕੀਨੀ ਤੌਰ ਤੇ ਸਮਝ ਜਾਂਦਾ, ਕਿਉਂਕਿ ਹਾਲਤ ਇਹ ਹੁੰਦੀ ਕਿ 4 ਮਹੀਨੇ 25 ਦਿਨਾਂ ਬਾਅਦ ਤੁਹਾਨੂੰ ਸੁਨਿਸਚਿਤ

ਨਤੀਜੇ ਦਾ ਯਕੀਨ ਹੁੰਦਾ।

ਇਕ ਮਾਨਯੋਗ ਮੈਂਬਰ : ਇਹ ਤਾਂ ਫਿਰ ਮਜ਼ਦੂਰਾਂ ਦੀ ਗ਼ੁਲਾਮੀ ਹੁੰਦੀ।

ਡਾਕਟਰ.ਬੀ.ਆਰ. ਅੰਬੇਡਕਰ : ਤੁਹਾਡੇ ਕੋਲ ਪਹਿਲਾਂ ਹੀ ਕਾਫ਼ੀ ਕੁਝ ਹੈ ਅਤੇ ਤੁਹਾਨੂੰ ਇਸ ਬਿਲ ਰਾਹੀਂ ਇਕ ਕਦਮ ਹੋਰ ਅੱਗੇ ਜਾ ਕੇ ਠਿੱਠ ਹੋਣ ਦੀ ਕੋਈ ਲੋੜ ਨਹੀਂ (ਵਿਘਨ)।

ਮਾਨਯੋਗ ਸਪੀਕਰ : ਸ਼ਾਂਤ, ਸ਼ਾਂਤ !

ਡਾਕਟਰ.ਬੀ.ਆਰ. ਅੰਬੇਡਕਦਰ : ਇਸ ਲਈ, ਸ੍ਰੀਮਾਨ ਜੀ, ਇਹ ਸਭ ਕੁਝ ਕਿਸ ਲਈ ਹੈ ? ਤੁਹਾਨੂੰ ਅਨੇਕਾਂ ਪੜਾਵਾਂ ਥਾਣੀਂ -ਰਜਿਸਟਰਾਰ, ਸਮਝੌਤਾਕਾਰ ਅਤੇ ਜੇਕਰ ਦੋਵੇਂ ਧਿਰਾਂ ਰਜ਼ਾਮੰਦ ਹੋਣ ਤਾਂ ਸਮਝੌਤਾ ਬੋਰਡ-ਲੰਘਣਾ ਪਵੇਗਾ। ਇਹ ਤਾਂ ਸਿਰਫ਼ ਖ਼ੁਸ਼ ਖ਼ੁਲਕ ਵਿਅਕਤੀ ਸਾਹਮਣੇ ਪੇਸ਼ੀ, ਲਈ ਲਿਜਾਣ ਦਾ ਮਾਮਲਾ ਹੈ ਜਿਹੜਾ ਵਖ ਵਖ ਬੰਦਿਆਂ ਨਾਲ ਮਿੱਠਾ ਬੋਲ ਕੇ, ਸ਼ਾਇਦ ਉਨ੍ਹਾਂ ਨੂੰ ਚੰਗੇ ਰੌਂ ਵਿਚ ਲਿਆ ਸਕੇ, ਜੇ ਕਿਸੇ ਭੁੱਖੇ ਬੰਦੇ ਨੂੰ, ਜਿਸ ਨੂੰ ਕਿਸੇ ਚੀਜ਼ ਦੀ ਲੋੜ ਹੋਵੇ, ਚੰਗੇ ਰੌਂ ਵਿਚ ਲਿਆਂਦਾ ਜਾ ਸਕਦਾ ਹੋਵੇ। ਮੈਨੂੰ ਤਾਂ ਨਹੀਂ ਲਗਦਾ। ਇਹ ਮੇਰੇ ਵਿਚਾਰ ਵਿਚ ਬਿਲਕੁਲ ਹੀ ਅਰਥਹੀਣ ਹੋਵੇਗਾ ਜਿਸ ਤੋਂ ਕੋਈ ਠੋਸ ਨਤੀਜਾ ਬਿਲਕੁਲ ਨਹੀਂ ਨਿਕਲ ਸਕਦਾ। ਇਕੋ ਠੋਸ ਨਤੀਜਾ ਇਹੋ ਹੀ ਨਿਕਲੇਗਾ ਕਿ 4 ਮਹੀਨੇ 25 ਦਿਨ ਦੀ ਦੇਰੀ ਕਰਨ ਵਾਲੀ ਇਹ ਕਾਰਵਾਈ ਅੰਤ ਵਿਚ ਕਾਮਿਆਂ ਨੂੰ ਹੜਤਾਲ ਕਰਨ ਦੇ ਅਯੋਗ ਬਣਾ ਦੇਵੇਗੀ। ਇਥੇ ਵੀ ਮੈਂ ਫਿਰ ਸਦਨ ਦੇ ਧਿਆਨ ਵਿਚ 1934 ਦੇ ਬੰਬਈ ਐਕਟ ਅਤੇ ਮੌਜੂਦਾ ਬਿਲ ਵਿਚਲੇ ਫ਼ਰਕ ਲਿਆਉਣਾ ਚਾਹੁੰਦਾ ਹਾਂ। ਸ੍ਰੀਮਾਨ ਜੀ, ਜਦੋਂ 1934 ਦਾ ਬਿਲ ਪਾਸ ਹੋ ਰਿਹਾ ਸੀ ਤਾਂ ਇਹ ਸੁਝਾਅ ਦਿਤਾ ਗਿਆ ਸੀ ਕਿ ਸਮਝੌਤਾ ਵਾਰਤਾ ਦੇ ਸਮੇਂ ਦੇ ਦੌਰਾਨ ਹੜਤਾਲ ਤੇ ਮਨਾਹੀ ਹੋਣੀ ਚਾਹੀਦੀ ਹੈ। ਇਸ ਸਬੰਧ ਵਿਚ ਇਹ ਇਕ ਪ੍ਰਸਤਾਵ ਸੀ। ਪਰ ਉਸ ਪ੍ਰਸਤਾਵ ਨੂੰ ਸਰ ਰਾਬਰਟ ਬੈਲੱ ਨੇ ਰੱਦ ਕਰ ਦਿਤਾ ਸੀ। ਉਨ੍ਹਾਂ ਉੱਤੇ ਇਥੋਂ ਤਕ ਜ਼ੋਰ ਪਾਇਆ ਗਿਆ ਕਿ ਜੇਕਰ ਹੜਤਾਲ ਤੇ ਮਨਾਹੀ ਨਹੀਂ ਲਗਾਈ ਜਾਂਦੀ ਤਾਂ ਘਟੋ ਘਟ ਧਰਨੇ ਦੇਣ (ਪਿਕਟਿੰਗ) ਤੇ ਤਾਂ ਰੋਕ ਹੋਣੀ ਚਾਹੀਦੀ ਹੈ। ਪਰ ਉਨ੍ਹਾਂ ਨੇ ਇਸ ਨੂੰ ਵੀ ਨਹੀਂ ਮੰਨਿਆ।

ਇਕ ਮਾਨਯੋਗ ਮੈਂਬਰ : ਨਹੀਂ, ਨਹੀਂ ! ਇਸ ਸਬੰਧ ਵਿਚ ਵੰਗਾਰ ਪਈ ਹੈ। ਇਸ ਲਈ ਮੈਂ ਉਨ੍ਹਾਂ ਦੀ ਤਕਰੀਰ ਦਾ ਇਕ ਹਿੱਸਾ ਪੜ੍ਹ ਕੇ ਸੁਣਾਉਂਦਾ ਹਾਂ। ਬੰਬਈ ਵਿਧਾਨ ਪਰਿਸ਼ਦ ਦੇ ਡਿਬੇਟ ਜਿਲਦ XL ਪੰਨਾ ਨੰ: 180 ਤੇ ਉਹ ਫ਼ਰਮਾਉਂਦੇ ਹਨ :-

"ਮੈਂ ਪਿੰਕਟਿੰਗ ਦੇ ਵਿਸ਼ੇ ਨਾਲ ਸੰਬੰਧਿਤ ਇਸ ਮਾਮਲੇ ਬਾਰੇ ਕਹਿਣਾ ਚਾਹੁੰਦਾ ਹਾਂ। ਖੰਡ 15 ਵਿਚ ਤੁਸੀਂ ਵੇਖੋਗੇ ਕਿ ਸਮਝੌਤੇ ਦੀ ਕਾਰਵਾਈ ਵਿਚ ਪਿਕਟਿੰਗ ਨੂੰ ਰੋਕਣ ਲਈ ਉਪਬੰਧ ਕੀਤਾ ਗਿਆ ਹੈ ਅਤੇ ਆਮ ਕੰਮਕਾਰ ਜਾਂ ਕਾਰੋਬਾਰ ਨਾਲ ਸੰਬੰਧਿਤ ਸਮਝੌਤੇ ਦੀ ਕਾਰਵਾਈ ਦੇ ਸਮੇਂ ਦੇ ਦੌਰਾਨ ਕਿਸੇ ਕੰਮ ਜਾਂ ਕਾਰੋਬਾਰ ਤੇ ਜਾਣ ਤੋਂ ਰੋਕਣ ਦੇ ਮੰਤਵ ਲਈ ਕਿਸੇ

ਵਿਅਕਤੀ ਨੂੰ ਤੰਗ ਕਰਨ ਲਈ ਵੀ ਉਪਬੰਧ ਕੀਤੇ ਹੋਏ ਹਨ। ਦੂਜੇ ਸ਼ਬਦਾਂ ਵਿਚ, ਸਰਕਾਰ ਦੀ ਇਹ ਮਨਸ਼ਾ ਸੀ ਕਿ ਸਮਝੌਤੇ ਸਬੰਧੀ ਕਾਰਵਾਈ ਦੇ ਆਰੰਭ ਹੋਣ ਤੋਂ ਬਾਅਦ ਮਿਲ ਦੇ ਗੇਟ ਤੇ ਧਰਨੇ (ਪਿਕਟਿੰਗ) ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ, ਇਥੋਂ ਤਕ ਕਿ ਜੇਕਰ ਹੜਤਾਲ ਚਲ ਵੀ ਰਹੀ ਹੋਵੇ ਤਾਂ ਵੀ ਮਿਲ ਦੇ ਇਹਾਤੇ ਵਿਚ ਪਿਕਟਿੰਗ ਨੂੰ ਰੋਕਿਆ ਜਾਣਾ ਚਾਹੀਦਾ ਹੈ। ਜੇਕਰ ਦੋਵੇਂ ਧਿਰਾਂ ਕਿਸੇ ਸਮਝੌਤੇ ਤੇ ਪੁਜਣ ਦੀਆਂ ਇਛੁੱਕ ਹੋਣ ਤਾਂ ਇਹ ਸਮਝਿਆ ਜਾਂਦਾ ਹੈ ਕਿ ਇਹ ਇਕ ਉਚਿਤ ਉਪਾਅ ਹੈ। ਦੂਜੇ ਪਾਸੇ ਕਰਮਚਾਰੀਆਂ ਵਿਰੁਧ ਤਾਲਾਬੰਦੀ ਤੇ ਕੋਈ ਰੋਕ ਨਹੀਂ। ਕੁਝ ਹਲਕਿਆਂ ਵਿਚ ਇਹ ਸਮਝਿਆ ਜਾਂਦਾ ਹੈ ਕਿ ਪਿਕਟਿੰਗ ਕਰਨ ਦਾ ਹੱਕ ਇਕ ਪਵਿਤਰ ਹੱਕ ਹੈ ਅਤੇ ਇਸ ਤੇ ਪੂਰੀ ਤਰ੍ਹਾਂ ਅਤੇ ਬੜੇ ਧਿਆਨ ਨਾਲ ਵਿਚਾਰ ਉਪਰੰਤ ਅਸਾਂ ਖੰਡ 15 ਵਿਚੋਂ ਮਿਲ ਦੇ ਗੇਟ ਤੇ ਪਿਕਟਿੰਗ ਨੂੰ ਰੋਕਣ ਵਾਲੇ ਸ਼ਬਦਾਂ ਨੂੰ ਲੋਪ ਕਰਨ ਦੇ ਲਈ ਤਰਮੀਮ ਪੇਸ਼ ਕਰਨ ਦਾ ਫ਼ੈਸਲਾ ਕੀਤਾ ਹੈ।"

ਇਹ ਉਨ੍ਹਾਂ ਦੀ ਵਿਚਾਰਧਾਰਾ ਸੀ ਅਤੇ ਸ੍ਰੀਮਾਨ ਜੀ, ਮੈਂ ਸੰਜੀਦਗੀ ਨਾਲ ਇਹ ਦਾਅਵਾ ਕਰਦਾ ਹਾਂ ਕਿ ਜੇ ਹੜਤਾਲ ਦੀ ਇਜਾਜਤ ਹੋਵੇ ਤਾਂ ਸਮਝੌਤਾ ਹੋਣ ਦੀ ਜ਼ਿਆਦਾ ਸੰਭਾਵਨਾ ਹੋਵੇਗੀ। ਇਸ ਪਹਿਲੂ ਨੂੰ ਮੇਰੇ ਖ਼ਿਆਲ ਵਿਚ ਬਿਲਕੁਲ ਵਿਚਾਰ ਅਧੀਨ ਨਹੀਂ ਲਿਆਂਦਾ ਗਿਆ। ਕੋਈ ਵੀ ਮਾਲਕ ਸਮਝੌਤਾ ਕਰਨ ਨੂੰ ਕਿਉਂ ਰਾਜ਼ੀ ਹੋਵੇਗਾ ਜਦੋਂ ਉਨ੍ਹਾਂ ਨੂੰ ਪਤਾ ਹੋਵੇ ਕਿ ਆਪਣੀਆਂ ਸ਼ਕਤੀਆਂ ਲਾਮਬੰਦ ਕਰਨ ਵਾਸਤੇ ਉਸ ਕੋਲ ਚਾਰ ਮਹੀਨੇ 25 ਦਿਨਾਂ ਦਾ ਸਮਾਂ ਹੈ, ਅਤੇ ਜਦੋਂ ਉਸਨੂੰ ਇਹ ਵੀ ਪਤਾ ਹੋਵੇ ਕਿ ਇਨ੍ਹਾਂ ਚਾਰ ਮਹੀਨੇ ਪੰਜ੍ਹੀ ਦਿਨਾਂ ਵਿਚ ਕੋਈ ਵੀ ਕਾਮਾ ਲਾਮਬੰਦ ਨਹੀਂ ਹੋ ਸਕਦਾ, ਕੋਈ ਕਾਮਾ ਤਿਆਰੀ ਨਹੀਂ ਕਰ ਸਕਦਾ, ਅਤੇ ਜਦੋਂ ਉਸਨੂੰ ਹੋਰ ਇਹ ਵੀ ਪਤਾ ਹੋਵੇ ਕਿ ਹੜਤਾਲ ਕਰਨ ਲਈ ਮਜ਼ਦੂਰ ਕੋਲ ਸਿਰਫ਼ ਦੋ ਮਹੀਨਿਆਂ ਦਾ ਥੋੜ੍ਹਾ ਜਿਹਾ ਸਮਾਂ ਹੈ? ਸਮਝੌਤਾ ਕਰਨ ਵਾਸਤੇ ਮਾਲਕ ਲਈ ਕਿਸੇ ਕਿਸਮ ਦਾ ਉਤਸਾਹ ਨਹੀਂ, ਉਸ ਉਤੇ ਕੋਈ ਦਬਾਅ ਨਹੀਂ। ਅਤੇ, ਜੇਕਰ ਬਿਲ ਨੂੰ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਦੀ ਇਹ ਰਾਇ ਹੈ ਅਤੇ ਉਨ੍ਹਾਂ ਦਾ ਇਹ ਉਦੇਸ਼ ਹੈ ਕਿ ਸਮਝੌਤੇ ਦੀ ਮਸ਼ੀਨਰੀ ਸਫਲ ਹੋਵੇ, ਅਤੇ ਇਸ ਤੋਂ ਚੰਗੇ ਸਿੱਟੇ ਪ੍ਰਾਪਤ ਹੋਣ ਜਿਹੜੇ ਦੋਵੇਂ ਧਿਰਾਂ ਨੂੰ ਸਵੀਕਾਰ ਹੋਣ ਤਾਂ ਮੇਰਾ ਵਿਚਾਰ ਹੈ ਕਿ ਅਪਨਾਉਣ ਲਈ ਸਹੀ ਵਿਧੀ ਉਹ ਹੈ ਜੋ ਸਰ ਰਾਬਰਟ ਬੈੱਲ ਦੁਆਰਾ ਅਪਣਾਈ ਗਈ ਸੀ। ਅਰਥਾਤ, ਉਨ੍ਹਾਂ ਨੂੰ ਹੜਤਾਲ ਕਰਨ ਦੀ ਆਗਿਆ ਦਿਤੀ ਜਾਵੇ। ਭਾਵ ਇਹ, ਕਿ ਮੌਜੂਦਾ ਐਕਟ ਦੇ ਉਪਬੰਧ ਲਾਗੂ ਰਹਿਣ। ਪਰ ਸ੍ਰੀਮਾਨ ਜੀ, ਇਥੇ ਤਾਂ ਸਰਕਾਰ ਉਸ ਪੈਂਤੜੇ ਤੇ ਖਲੋਣ ਨੂੰ ਵੀ ਤਿਆਰ ਨਹੀਂ ਜਿਸ ਤੇ ਇਕ ਦਫ਼ਤਰਸ਼ਾਹ ਖੜ੍ਹਾ ਹੋ ਗਿਆ ਸੀ। ਇਕ ਦਫ਼ਤਰਸ਼ਾਹ ਨੇ ਇਹ ਵਿਚਾਰਧਾਰਾ ਅਪਣਾਈ ਸੀ ਕਿ ਹੜਤਾਲ ਨੂੰ ਰੋਕਣ ਦੀ ਕੋਈ ਜ਼ਰੂਰਤ ਨਹੀਂ, ਜਦੋਂ ਕਿ ਇਹ ਲੋਕਪ੍ਰਿਯ ਸਰਕਾਰ, ਜਿਹੜੀ ਆਪਣੇ ਆਪ ਨੂੰ ਕਾਮਿਆਂ ਦੀਆਂ ਵੋਟਾਂ ਤੇ ਜਿੱਤਣ ਦਾ ਦਾਅਵਾ ਕਰਦੀ ਹੈ, ਉਸ ਵਿਅਕਤੀ ਦੀ ਵਿਚਾਰਧਾਰਾ ਨੂੰ ਆਪਣੀ ਹਿਮਾਇਤ ਵੀ ਨਹੀਂ ਦਿੰਦੀ, ਜਿਸ ਨੂੰ ਉਹ ਇਕ ਅਜਿਹਾ ਦਫ਼ਤਰਸ਼ਾਹ ਸਮਝਦੀ ਹੈ, ਜਿਸ ਦੀ ਕਾਮਿਆਂ ਦੀ ਭਲਾਈ ਅਤੇ ਦੇਸ ਦੀ ਭਲਾਈ

ਵਿਚ ਕੋਈ ਦਿਲਚਸਪੀ ਨਹੀਂ ਸੀ। ਜੇਕਰ ਇਹ ਪ੍ਰਜਾਤੰਤਰ ਹੈ – (ਹਾਂ, ਹੋ ਸਕਦਾ ਹੈ)– ਪਰ ਮੈਂ ਨਹੀਂ ਕਹਿੰਦਾ ਕਿ ਇਹ ਪ੍ਰਜਾਤੰਤਰ ਹੈ। ਜਿਹੜਾ ਪ੍ਰਜਾਤੰਤਰ ਮਜ਼ਦੂਰ ਤਬਕੇ ਨੂੰ ਗ਼ੁਲਾਮ ਬਣਾਉਂਦਾ ਹੋਵੇ, ਜੋ ਤਬਕਾ ਸਿਖਿਆ ਤੋਂ ਵਾਂਝਾ ਹੈ, ਜੀਵਨ ਜਿਉਣ ਦੇ ਢੰਗਾਂ ਤੋਂ ਵਾਂਝਾ ਹੈ, ਅਤੇ ਸੰਗਠਨ ਦੀ ਸ਼ਕਤੀ ਤੋਂ ਵਾਂਝਾ ਹੈ, ਸੂਝਹੀਣ ਹੈ, ਮੇਰੇ ਵਿਚਾਰ ਵਿਚ ਉਹ ਪ੍ਰਜਾਤੰਤਰ ਨਹੀਂ ਸ਼ਰੋਂ ਪ੍ਰਜਾਤੰਤਰ ਦਾ ਮਜ਼ਾਕ ਹੈ। ਬਿਲ ਦੇ ਮੁਖ ਉਪਬੰਧਾਂ ਸਬੰਧੀ ਇਤਨਾ ਹੀ ਕਾਫ਼ੀ ਹੈ।

ਫਿਰ, ਸ੍ਰੀਮਾਨ ਜੀ, ਬਿਲ ਵਿਚ ਅਜਿਹੇ ਹੋਰ ਉਪਬੰਧ ਹਨ ਜਿਨ੍ਹਾਂ ਵਲ ਮੈਂ ਤਵੱਜੋ ਦਿਵਾਉਣਾ ਚਾਹੁੰਦਾ ਹਾਂ ਜਿਹੜੇ ਖੰਡ 4 ਤੋਂ ਖੰਡ 20 ਤਕ ਵਿਚ ਦਰਜ ਹਨ। ਇਨ੍ਹਾਂ ਖੰਡਾਂ ਵਿਚ ਚਾਰ ਵੱਖ ਵੱਖ ਵਿਸ਼ਿਆਂ ਦਾ ਹਵਾਲਾ ਦਿਤਾ ਗਿਆ ਹੈ। ਇਨ੍ਹਾਂ ਵਿਚ ਵੱਖ ਵੱਖ ਮਜ਼ਦੂਰ ਸੰਘਾਂ ਦੀਆਂ ਸ਼੍ਰੇਣੀਆਂ ਬਾਰੇ ਵਰਣਨ ਹੈ। ਇਹ ਹਨ : ਯੋਗਤਾ ਪ੍ਰਾਪਤ ਸੰਘ, ਰਜਿਸਟਰਡ ਸੰਘ, ਪ੍ਰਤੀਨਿਧ ਸੰਘ ! ਸ੍ਰੀਮਾਨ ਜੀ, ਮੈਨੂੰ ਇਸ ਬਿਲ ਦੇ ਪਹਿਲੇ ਖਰੜੇ ਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ। ਉਸ ਖਰੜੇ ਵਿਚ ਵੱਖਰੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਸੀ। ਜਿਵੇਂ ਕਿ ਖਿਤਿਜੀਸੰਘ (ਹਾਰੀਜ਼ਾਂਟਲ), ਖੜ੍ਹਵੇਂ (ਵਰਟੀਕਲ) ਸੰਘ, ਕਰਨੀ (ਡਾਇਗਨਲ) ਸੰਘ, ਅਤੇ ਲੰਬਾਤਮਕ (ਪਰਪੈਂਡੀਕੁਲਰ) ਸੰਘ। ਮੈਨੂੰ ਖੁਸ਼ੀ ਹੈ ਕਿ ਉਹ ਸ਼ਬਦਾਵਲੀ ਤਿਆਗ ਦਿਤੀ ਗਈ ਹੈ। ਮੇਰਾ ਹਿਸਾਬ ਬਹੁਤਾ ਚੰਗਾ ਨਹੀਂ ਅਤੇ ਨਿਸ਼ਚੇ ਹੀ ਮੈਨੂੰ ਰੇਖਾ-ਗਣਿਤ ਦਾ ਗਿਆਨ ਵੀ ਘਟ ਹੀ ਹੈ ਅਤੇ ਮੈਂ ਸਮਝਦਾ ਹਾਂ ਕਿ ਥੋੜ੍ਹਾ ਜਿਹਾ ਤਰਸ ਖਾ ਕੇ ਇਨ੍ਹਾਂ ਨੇ ਜੋ ਸ਼ਬਦਾਵਲੀ ਬਦਲ ਦਿਤੀ ਹੈ ਇਸ ਦੇ ਲਈ ਬਿਲ ਪੇਸ਼ ਕਰਨ ਵਾਲੇ ਮਾਨਯੋਗ ਮੈਂਬਰ ਅਤੇ ਉਨ੍ਹਾਂ ਵਿਅਕਤੀਆਂ ਦਾ, ਜਿਨ੍ਹਾਂ ਨੇ ਮੌਜੂਦਾ ਬਿਲ ਨੂੰ ਤਿਆਰ ਕੀਤਾ ਹੈ, ਧੰਨਵਾਦ ਕਰਨਾ ਬਹੁਤ ਹੀ ਉਚਿਤ ਹੋਵੇਗਾ। ਦੂਜੇ, ਇਨ੍ਹਾਂ ਖੰਡਾਂ ਵਿਚ ਵਖ ਵਖ ਵਰਗਾਂ ਦੀਆਂ ਯੂਨੀਅਨਾਂ (ਸੰਘਾਂ) ਨੂੰ ਰਜਿਸਟਰ ਕਰਵਾਉਣ ਲਈ ਸ਼ਰਤਾਂ ਅਤੇ ਕਾਰਜ-ਵਿਧੀਆਂ ਬਾਰੇ ਦਸਿਆ ਗਿਆ ਹੈ। ਤੀਜੇ, ਇਨ੍ਹਾਂ ਮਾਨਤਾ ਪ੍ਰਾਪਤ ਜਾਂ ਰਜਿਸਟਰਡ ਯੂਨੀਅਨਾਂ ਨੂੰ ਪ੍ਰਤੀਨਿਧ ਯੂਨੀਅਨ ਵਜੋਂ ਘੋਸ਼ਣਾ ਕਰਨ ਸਬੰਧੀ ਸ਼ਰਤਾਂ ਅਤੇ ਕਾਰਜ-ਪ੍ਰਣਾਲੀ ਹੈ ਅਤੇ ਚੌਥੇ, ਯੂਨੀਅਨ ਨੂੰ ਰਜਿਸਟਰ ਕਰਨ ਅਤੇ ਪ੍ਰਤੀਨਿਧ ਯੂਨੀਅਨ ਵਜੋਂ ਐਲਾਨ ਨੂੰ ਮਨਸੂਖ਼ ਕਰਵਾਉਣ ਲਈ ਕਾਰਜ-ਪ੍ਰਣਾਲੀ ਦਿਤੀ ਗਈ ਹੈ। ਪਰ, ਸ੍ਰੀਮਾਨ ਜੀ, ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਖੰਡਾਂ ਦਾ ਬਿਲ ਦੇ ਮੁਖ ਉਪਬੰਧਾਂ ਨਾਲ ਵਿਹਾਰਕ ਤੌਰ ਤੇ ਕੀ ਸਬੰਧ ਹੈ। ਬਿਲ ਦੇ ਮੁਖ ਉਪਬੰਧ ਪਹਿਲਾਂ ਤਾਂ ਲਾਜ਼ਮੀ ਸਮਝੌਤੇ ਅਤੇ ਦੂਜੇ ਸਮਝੌਤੇ ਦੀ ਕਾਰਵਾਈ ਦੇ ਦੌਰਾਨ ਹੜਤਾਲ ਲਈ ਸਜ਼ਾ ਨਾਲ ਸਬੰਧ ਰਖਦੇ ਹਨ। ਮੇਰੇ ਵਿਚਾਰ ਵਿਚ ਜਿਥੋਂ ਤਕ ਇਨ੍ਹਾਂ ਦੋਹਾਂ ਵਿਸ਼ਿਆਂ (ਜਿਹੜੇ ਬਿਲ ਦੇ ਮੁਖ ਮੰਤਵ ਹਨ) ਨੂੰ ਨਜਿੱਠਣ ਲਈ ਇਨ੍ਹਾਂ ਖੰਡਾਂ ਅਤੇ ਬਿਲ ਦੇ ਦੂਜੇ ਖੰਡਾਂ ਵਿਚਕਾਰ ਕੋਈ ਸਬੰਧ ਨਹੀਂ। ਜਿਥੋਂ ਤਕ ਬਿਲ ਦੇ ਸਿਰਲੇਖ ਦਾ ਸਬੰਧ ਹੈ, ਮੈਨੂੰ ਇੰਝ ਜਾਪਦਾ ਹੈ ਕਿ ਇਸ ਵਿਚ ਬਿਲ ਦਾ ਮੰਤਵ ਦਰਸਾਉਣ ਦੀ ਥਾਂ ਮੰਤਵ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਿਲ ਦੇ ਸਿਰਲੇਖ ਵਿਚ ਕਿਹਾ ਗਿਆ ਹੈ

"ਉਦਯੋਗਿਕ ਝਗੜਿਆਂ ਦੇ ਸ਼ਾਂਤਮਈ ਅਤੇ ਦੋਸਤਾਨਾ ਢੰਗ ਨਾਲ ਗਲਬਾਤ ਅਤੇ ਸਾਲਸੀ ਰਾਹੀਂ ਸਮਝੌਤੇ ਕਰਵਾਉਣ ਅਤੇ ਦੂਜੇ ਕੁਝ ਹੋਰ ਮੰਤਵਾਂ ਲਈ ਬਿਲ"।

ਸ੍ਰੀਮਾਨ ਜੀ, ਦੂਜੇ ਹੋਰ ਕਿਹੜੇ ਮੰਤਵ ਹਨ ? ਅਤੇ ਉਨ੍ਹਾਂ ਦਾ ਬਿਲ ਦੇ ਸਿਰਲੇਖ ਵਿਚ ਜ਼ਿਕਰ ਕਿਉਂ ਨਹੀਂ ਕੀਤਾ ਗਿਆ ? ਕੀ ਇਹ ਕੋਈ ਸ਼ਰਮਿੰਦਗੀ ਮਹਿਸੂਸ ਕਰਨ ਵਾਲੀ ਗੱਲ ਹੈ ? ਮੈਨੂੰ ਤਾਂ ਇਹ ਪਤਾ ਨਹੀਂ। ਜਾਂ ਤਾਂ ਬਿਲ ਦੇ ਦੋਵੇਂ ਭਾਗਾਂ ਵਿਚ ਕੋਈ ਵਿਹਾਰਕ ਸਬੰਧ ਹਨ ਜਾਂ ਫਿਰ ਨਹੀਂ ਹਨ। ਜੇਕਰ ਹਨ ਤਾਂ ਫਿਰ ਉਨ੍ਹਾਂ ਬਾਰੇ ਅਵੱਸ਼ ਦਸਿਆ ਜਾਣਾ ਚਾਹੀਦਾ ਹੈ ਅਤੇ ਜੇਕਰ ਕੋਈ ਆਪਸੀ ਸਬੰਧ ਨਹੀਂ ਹਨ ਤਾਂ ਤਰਕਸ਼ੀਲ ਸਿੱਟਾ ਇਹ ਨਿਕਲਦਾ ਹੈ ਕਿ ਇਨ੍ਹਾਂ ਧਾਰਾਵਾਂ ਨੂੰ ਬਿਲ ਵਿਚੋਂ ਕੱਟ ਦੇਣਾ ਚਾਹੀਦਾ ਸੀ। ਪਰ, ਸ੍ਰੀਮਾਨ ਜੀ, ਮੇਰੀ ਖੋਜ ਦਾ ਇਹ ਨਤੀਜਾ ਨਿਕਲਿਆ ਹੈ ਕਿ ਇਨ੍ਹਾਂ ਦੋਹਾਂ ਵਿਚ ਕੋਈ ਆਪਸੀ ਸਬੰਧ ਜ਼ਰੂਰ ਹੈ। ਇਹ ਆਪਸੀ ਸਬੰਧ ਕੀ ਹੈ ?, ਉਹ ਬਿਲ ਦੇ ਖੰਡ 75 ਵਲ ਝਾਤ ਮਾਰਦਿਆਂ ਝਟ ਪਤਾ ਲਗ ਜਾਏਗਾ। ਬਿਲ ਦੇ ਖੰਡ 75 ਵਿਚ ਕਿਹਾ ਗਿਆ ਹੈ :

"ਕਿਸੇ ਵੀ ਕਰਮਚਾਰੀ ਨੂੰ, ਸਿਵਾਏ ਕਰਮਚਾਰੀ ਪ੍ਰਤਿਨਿਧੀਆਂ ਰਾਹੀਂ, ਇਸ ਐਕਟ ਅਧੀਨ ਕਿਸੇ ਵੀ ਕਾਰਵਾਈ ਵਿਚ ਪੇਸ਼ ਹੋਣ ਦਾ ਹਕ ਨਹੀਂ ਹੋਵੇਗਾ।"

ਸ੍ਰੀਮਾਨ ਜੀ, ਇਹੋ ਖੰਡ ਹੀ ਸਭ ਤੋਂ ਮੁਢਲਾ ਖੰਡ ਹੈ ਅਤੇ ਮੈਂ ਤਾਂ ਕਹਿੰਦਾ ਹਾਂ ਕਿ ਇਹ ਖੰਡ ਭਾਰਤ ਵਿਚ ਮਜ਼ਦੂਰ ਸੰਗਠਨਾਂ ਲਈ ਮਾਰੂ ਖੰਡ ਹੈ। ਕਰਮਚਾਰੀਆਂ ਵਲੋਂ ਗਲਬਾਤ ਸਬੰਧੀ ਕਾਰਵਾਈ ਵਿਚ ਪੇਸ਼ ਹੋਣ ਲਈ ਕਿਸ ਨੂੰ ਪ੍ਰਤੀਨਿਧਤਾ ਕਰਨ ਦਾ ਹੱਕ ਹੈ ? ਕਿਸੇ ਵੀ ਵਿਅਕਤੀ ਦਾ ਕਿਸੇ ਉਦਯੋਗਿਕ ਝਗੜੇ ਦੇ ਸਮਝੌਤੇ ਵਿਚ ਉਦੋਂ ਤਕ ਦਖ਼ਲ ਦੇਣ ਦਾ ਹੱਕ ਨਹੀਂ ਹੋਵੇਗਾ ਜਦੋਂ ਤਕ ਉਹ ਇਸ ਬਿਲ ਵਿਚ ਕਰਮਚਾਰੀਆਂ ਦੇ ਕਥਿਤ ਪ੍ਰਤੀਨਿਧ ਦੀ ਪਰਿਭਾਸ਼ਾ ਵਿਚ ਨਹੀਂ ਆ ਜਾਂਦਾ, ਭਾਵੇਂ ਉਸ ਪਾਸ ਯੋਗਤਾ ਵੀ ਕਿਉਂ ਨਾ ਹੋਵੇ।ਅਤੇ, ਕਿਰਤੀਆਂ ਦੇ ਪ੍ਰਤੀਨਿਧੀ ਸਬੰਧੀ ਪਰਿਭਾਸ਼ਾ ਦੇਣ ਦੇ ਮੰਤਵ ਲਈ ਮੇਰੇ ਫਾਜ਼ਿਲ ਦੋਸਤ ਨੇ ਬਿਲ ਦੇ ਖੰਡ 4 ਤੋਂ 20 ਤਕ ਪੇਸ਼ ਕੀਤੇ ਹਨ। ਉਹ ਸਾਰੇ ਇਸ ਧਾਰਾ ਅਧੀਨ ਆਉਂਦੇ ਹਨ। ਇਸ ਲਈ ਅਹਿਮ ਸਵਾਲ ਇਹ ਹੈ ਕਿ ਇਸ ਬਿਲ ਅਧੀਨ ਕਰਮਚਾਰੀਆਂ ਦਾ ਪ੍ਰਤੀਨਿਧੀ ਕੌਣ ਹੈ ?

ਹੁਣ, ਸ੍ਰੀਮਾਨ ਜੀ, ਇਸ ਬਿਲ ਹੇਠ, ਸੰਘ ਦੋ ਵਰਗਾਂ ਦੇ ਹਨ ਜਿਨ੍ਹਾਂ ਨੂੰ ਕਿਰਤੀਆਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਪ੍ਰਾਪਤ ਹੈ। ਪਹਿਲੀ ਉਹ ਯੂਨੀਅਨ ਹੈ ਜਿਸਦੇ 20 ਪ੍ਰਤੀਸ਼ਤ ਕਾਮੇ ਮੈਂਬਰ ਹਨ ਜਾਂ 20 ਪ੍ਰਤੀਸ਼ਤ ਤੋਂ ਬਿਲਕੁਲ ਘਟ ਵਰਕਰ ਮੈਂਬਰ ਨਾ ਹੋਣ ਅਤੇ ਜਿਸ ਨੂੰ ਨਿਯੋਜਕ ਦੁਆਰਾ ਮਾਨਤਾ ਦਿਤੀ ਗਈ ਹੋਵੇ, ਅਤੇ ਦੂਜੀ ਉਹ ਯੂਨੀਅਨ, ਜਿਸਦੇ 50 ਪ੍ਰਤੀਸ਼ਤ ਕਾਮੇ ਮੈਂਬਰ ਹੋਣ , ਉਹ ਸਮਝੌਤੇ ਦੀ ਕਾਰਵਾਈ ਵਿਚ ਕਿਰਤੀਆਂ ਦੀ ਨੁਮਾਇੰਦਗੀ ਕਰ ਸਕਦੀ ਹੈ। ਇਸ ਤਰ੍ਹਾਂ ਸਿਰਫ ਦੋ ਹੀ ਕਿਸਮ ਦੀਆਂ ਯੂਨੀਅਨਾਂ ਨੂੰ ਹੀ ਕਿਰਤੀਆਂ ਦੀ ਨੁਮਾਇੰਦਗੀ ਕਰਨ ਦਾ ਹੱਕ ਹਾਸਲ ਹੈ। ਫਿਰ ਹੁਣ ਮੇਰੇ

ਫ਼ਾਜ਼ਿਲ ਦੋਸਤ ਮਾਨਯੋਗ ਮੰਤਰੀ ਜੀ ਉਨ੍ਹਾਂ ਦੋਹਾਂ ਨੂੰ "ਪ੍ਰਤੀਨਿਧੀ ਯੂਨੀਅਨਾਂ" ਕਹਿੰਦੇ ਹਨ। ਮੈਂ ਉਨ੍ਹਾਂ ਦੀ ਇਸ ਸ਼ਬਦਾਵਲੀ ਨਾਲ ਸਹਿਮਤ ਨਹੀਂ ਹਾਂ। ਮੇਰੇ ਵਿਚਾਰ ਵਿਚ ਗਲ ਸਾਫ਼ ਸਾਫ਼ ਕਹਿਣੀ ਚਾਹੀਦੀ ਹੈ ਅਤੇ ਇਸ ਵਿਚ ਕੋਈ ਲੁਕਾ ਛੁਪਾ ਨਹੀਂ ਹੋਣਾ ਚਾਹੀਦਾ। ਨਿਰਸੰਦੇਹ ਇਸ ਬਿਲ ਅਧੀਨ ਦੋ ਕਿਸਮ ਦੀਆਂ ਪ੍ਰਤੀਨਿਧ ਯੂਨੀਅਨਾਂ ਹਨ, ਪਰ ਦੇਖਣ ਵਾਲੀ ਮਹੱਤਵਪੂਰਨ ਗਲ ਇਹ ਹੈ ਕਿ ਇਕ ਯੂਨੀਅਨ ਗ਼ੁਲਾਮ ਯੂਨੀਅਨ ਅਤੇ ਦੂਜੀ ਇਕ ਆਜ਼ਾਦ ਯੂਨੀਅਨ। ਸ੍ਰੀਮਾਨ ਜੀ, ਇਹ ਮੈਂ ਕੋਈ ਵਧਾ ਚੜ੍ਹਾ ਕੇ ਨਹੀਂ ਕਹਿ ਰਿਹਾ ਅਤੇ ਨਾ ਹੀ ਕੋਈ ਲਫ਼ਜ਼ਾਂ ਦੀ ਹੇਰਾਫੇਰੀ ਕਰ ਰਿਹਾ ਹੋਵਾਂਗਾ ਜੇਕਰ ਮੈਂ ਇਹ ਕਹਾਂ ਕਿ ਜੇਕਰ ਕਿਸੇ ਯੂਨੀਅਨ ਦਾ ਵਜੂਦ ਕਾਇਮ ਤਾਂ ਹੀ ਰਹਿ ਸਕਦਾ ਹੈ, ਉਹ ਕਾਨੂੰਨੀ ਰੂਪ ਅਖ਼ਤਿਆਰ ਤਾਂ' ਹੀ ਕਰ ਸਕਦੀ ਹੈ ਅਤੇ ਉਸ ਨੂੰ ਨੁਮਾਇੰਦਗੀ ਕਰਨ ਅਤੇ ਬੋਲਣ ਦਾ ਅਧਿਕਾਰ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਨੂੰ ਮਾਲਕ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਹੋਵੇ। ਅਜਿਹੀ ਯੂਨੀਅਨ ਗ਼ੁਲਾਮ ਯੂਨੀਅਨ ਹੈ, ਨਾ ਕਿ ਆਜ਼ਾਦ ਲੋਕਾਂ ਦੀ ਯੂਨੀਅਨ। ਮੇਰੇ ਖ਼ਿਆਲ ਵਿਚ ਉਨ੍ਹਾਂ ਨੂੰ ਸ਼ਬਦ "ਪ੍ਰਵਾਨਗੀ" ਵਰਤਣਾ ਚਾਹੀਦਾ ਸੀ "ਮਾਲਕ ਵਲੋਂ ਪ੍ਰਵਾਨ ਹੋਈ ਯੂਨੀਅਨ" ਕਿਉਂ ਜੋ ਉਸ ਵੇਲੇ ਅਸੀਂ ਸਪਸ਼ਟ ਸ਼ਬਦਾਂ ਵਿਚ ਇਸ ਨੂੰ ਸਵੀਕਾਰ ਲੈਂਦੇ ਜਿਸ ਲਈ ਸਾਨੂੰ ਹੁਣ ਆਪਣੀ ਮਨਜ਼ੂਰੀ ਦੇਣ ਲਈ ਕਿਹਾ ਜਾ ਰਿਹਾ ਹੈ। ਹੋਰ, ਸ੍ਰੀਮਾਨ ਜੀ, ਮੈਨੂੰ ਇਹ ਗਲ ਸਮਝ ਨਹੀਂ ਆਉਂਦੀ ਅਤੇ ਮੇਰੇ ਫ਼ਾਜ਼ਿਲ ਦੋਸਤ ਮੈਨੂੰ ਸਮਝਾਉਣਗੇ ਕਿ ਉਨ੍ਹਾਂ ਨੇ ਕਿਸੇ ਯੂਨੀਅਨ ਲਈ ਪ੍ਰਤੀਨਿਧ ਰੂਪ ਅਖ਼ਤਿਆਰ ਕਰਨ ਵਾਸਤੇ ਇਸ ਬਿਲ ਅਧੀਨ ਰਜਿਸਟ੍ਰੇਸ਼ਨ ਲਈ ਪੂਰਵ ਸ਼ਰਤ ਕਿਉਂ ਰਖੀ ਹੈ? ਮੈਨੂੰ ਬਿਲ ਦੇ ਇਨ੍ਹਾਂ ਉਪਬੰਧਾਂ ਨੂੰ ਸਮਝਣ ਲਈ ਕਾਫ਼ੀ ਮੁਸ਼ਕਲ ਮਹਿਸੂਸ ਹੋ ਰਹੀ ਹੈ। ਸ੍ਰੀਮਾਨ ਜੀ, ਮੌਜੂਦਾ ਉਪਬੰਧ ਜੋ ਕਿ ਅਜਕਲ੍ਹ ਪ੍ਰਚਲਿਤ ਹਨ ਉਹ ਇੰਝ ਹਨ – ਭਾਰਤ ਸਰਕਾਰ ਵਲੋਂ 1926 ਵਿਚ ਟ੍ਰੇਡ ਯੂਨੀਅਨ ਸਬੰਧੀ ਐਕਟ ਪਾਸ ਕੀਤਾ ਹੋਇਆ ਹੈ ਜਿਸਨੂੰ ਟ੍ਰੇਡ ਯੂਨੀਅਨ ਐਕਟ ਕਿਹਾ ਜਾਂਦਾ ਹੈ, ਅਤੇ ਫਿਰ ਇਹ ਬਿਲ ਇਸ ਗਲ ਤੇ ਜ਼ੋਰ ਦਿੰਦਾ ਹੈ ਕਿ ਇਸ ਬਿਲ ਦੇ ਉਪਬੰਧਾਂ ਅਧੀਨ ਰਜਿਸਟਰੇਸ਼ਨ ਕਰਵਾਉਣ ਤੋਂ ਪਹਿਲਾਂ ਉਹ ਉਸ ਐਕਟ ਅਧੀਨ ਜ਼ਰੂਰ ਰਜਿਸਟਰ ਹੋਣੀ ਚਾਹੀਦੀ ਹੈ। ਇਹ ਗਲ ਇਸ ਬਿਲ ਵਿਚ ਯੂਨੀਅਨ ਦੀ ਦਿਤੀ ਗਈ ਪਰਿਭਾਸ਼ਾ ਤੋਂ ਸਾਫ਼ ਨਜ਼ਰ ਆਉਂਦੀ ਹੈ। ਮੈਂ ਹੁਣ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਅਜਿਹਾ ਕਿਉਂ ਕੀਤਾ ਗਿਆ ਹੈ? ਮੈਨੂੰ ਜਾਪਦਾ ਹੈ ਕਿ ਇਸ ਪਿਛੇ ਕੋਈ ਸਾਜ਼ਸ਼ ਹੈ। ਇਸ ਲਈ ਪੁਜੀਸ਼ਨ ਇਹ ਹੈ ਕਿ ਇਕ ਯੂਨੀਅਨ ਲਈ ਦੂਹਰੀ ਰਜਿਸਟਰੇਸ਼ਨ ਲੈਣੀ ਲਾਜ਼ਮੀ ਹੋਵੇਗੀ। ਇਕ 1926 ਦੇ ਐਕਟ ਅਧੀਨ ਅਤੇ ਦੂਜੀ ਨਵੇਂ ਐਕਟ ਅਧੀਨ। ਮੇਰਾ ਦਿਲ ਕਰਦਾ ਹੈ ਕਿ ਚੰਗਾ ਇਹ ਹੋਵੇਗਾ ਕਿ ਮੈਂ ਅਜਿਹੇ ਲਾਭਾਂ ਵਲ ਧਿਆਨ ਦਿਵਾਵਾਂ ਜਿਹੜੇ ਯੂਨੀਅਨ ਨੂੰ 1926 ਦੇ ਐਕਟ ਅਧੀਨ ਰਜਿਸਟਰੇਸ਼ਨ ਤੋਂ ਪ੍ਰਾਪਤ ਹੋਣਗੇ, ਤਾਂ ਜੋ ਸਾਨੂੰ ਇਹ ਪਤਾ ਲਗ ਸਕੇ ਕਿ ਇਸ ਬਿਲ ਤੋਂ ਸਾਨੂੰ ਕੀ ਵਧੇਰੇ ਪ੍ਰਾਪਤ ਹੋਵੇਗਾ? ਜਾਂ, ਕੀ ਇਸ ਬਿਲ ਰਾਹੀਂ ਕੀ ਕੁਝ ਸਾਥੋਂ ਲਿਆ ਜਾ ਰਿਹਾ ਹ? ਮੇਰੇ ਵਿਚਾਰ ਮੁਤਾਬਕ 1926 ਦੇ ਐਕਟ ਅਧੀਨ ਰਜਿਸਟਰੇਸ਼ਨ ਨਾਲ ਯੂਨੀਅਨ ਨੂੰ ਇਹ ਲਾਭ ਹੋਵੇਗਾ ਕਿ ਯੂਨੀਅਨ ਇਸ ਨਾਲ

ਕਾਰਪੋਰੇਸ਼ਨ ਬਣ ਜਾਵੇਗੀ ਜਿਸਨੂੰ ਮੁਕੱਦਮਾ ਚਲਾਉਣ ਦਾ ਹੱਕ ਹੋਵੇਗਾ ਅਤੇ ਇਸ ਤੇ ਮੁਕੱਦਮਾ ਚਲਾਇਆ ਜਾ ਸਕੇਗਾ। ਕਾਰਪੋਰੇਸ਼ਨ ਵਜੋਂ ਇਸ ਨੂੰ ਆਪਣੇ ਮੈਂਬਰਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਪ੍ਰਾਪਤ ਹੋ ਜਾਵੇਗਾ, ਨਹੀਂ ਤਾਂ ਕਾਰਪੋਰੇਟ ਵਜੂਦ ਦਾ ਕੋਈ ਫ਼ਾਇਦਾ ਨਹੀਂ। ਦੂਜੇ, ਸਦਨ ਇਹ ਮਹਿਸੂਸ ਕਰੇਗਾ ਕਿ 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਨੂੰ ਗੌਰਮਿੰਟ ਆਫ਼ ਇੰਡੀਆ ਐਕਟ 1935 ਅਧੀਨ ਸਿਆਸੀ ਨੁਮਾਇੰਦਗੀ ਕਰਨ ਦਾ ਹੱਕ ਪ੍ਰਾਪਤ ਹੈ। ਅਰਥਾਤ 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਇਸ ਸਦਨ ਲਈ ਮੈਂਬਰ ਚੁਣ ਸਕਦੀ ਹੈ ਅਤੇ ਇਸ ਸਦਨ ਦੇ ਕੁਝ ਮਾਨਯੋਗ ਮੈਂਬਰ ਇਸ ਤੱਥ ਨਾਲ ਸਹਿਮਤ ਹੋਣਗੇ। ਇਸੇ ਤਰ੍ਹਾਂ 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਦੇ ਮੈਂਬਰਾਂ ਨੂੰ ਬੰਬਈ ਨਗਰ ਨਿਗਮ ਵਿਚ ਆਪਣੇ ਨੁਮਾਇੰਦੇ ਵੀ ਭੇਜਣ ਦਾ ਅਧਿਕਾਰ ਹੈ। ਹੁਣ, ਸ੍ਰੀਮਾਨ ਜੀ, ਸਵਾਲ ਇਹ ਪੈਦਾ ਹੁੰਦਾ ਹੈ: ਜੇਕਰ 1926 ਦੇ ਐਕਟ ਅਧੀਨ ਰਜਿਸਟਰੇਸ਼ਨ ਤੋਂ ਯੂਨੀਅਨ ਨੂੰ ਨੁਮਾਇੰਦਗੀ ਦੇ ਅਧਿਕਾਰ ਪ੍ਰਾਪਤ ਹਨ ਤਾਂ ਫਿਰ ਇਸ ਬਿਲ ਅਧੀਨ ਹੋਰ ਰਜਿਸਟਰੇਸ਼ਨ ਨੂੰ ਲਾਜ਼ਮੀ ਕਰਨ ਦੀ ਕੀ ਜ਼ਰੂਰਤ ਹੈ ? ਜੇਕਰ 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਸਮੂਹ ਕਿਰਤੀ ਤਬਕੇ ਦੇ ਨੁਮਾਇੰਦਿਆਂ ਨੂੰ ਸਦਨ ਵਿਚ ਬੋਲਣ ਲਈ, ਸਦਨ ਵਿਚ ਵੋਟ ਦੇਣ ਲਈ ਭੇਜਣ ਦੇ ਸਮਰੱਥ ਹੈ ਤਾਂ ਫਿਰ ਇਸ ਬਿਲ ਅਧੀਨ ਰਜਿਸਟਰੇਸ਼ਨ ਨੂੰ ਲਾਜ਼ਮੀ ਬਣਾਉਣ ਦੀ ਕੀ ਲੋੜ ਹੈ ? ਬਿਲ ਵਿਚ ਇਕ ਹੋਰ ਅਜੀਬ ਗੱਲ ਹੈ ਜਿਹੜੀ ਕਿ ਮੈਨੂੰ ਸਮਝ ਨਹੀਂ ਆਉਂਦੀ। 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਸਦਨ ਵਿਚ ਇਕ ਗੁੰਝਲ ਨੂੰ ਨਹੀਂ ਸੁਲਝਾ ਸਕੇਗੀ। 1926 ਦੇ ਐਕਟ ਅਧੀਨ ਰਜਿਸਟਰ ਹੋਈ ਯੂਨੀਅਨ ਵਿਧਾਨ ਮੰਡਲ ਵਿਚ ਕਾਮਿਆਂ ਦੀ ਨੁਮਾਇੰਦਗੀ ਕਰਨ ਲਈ ਚੋਖੀ ਸਮਰੱਥ ਹੈ ਪਰ ਇਸ ਬਿਲ ਅਧੀਨ ਉਹ ਸਮਝੌਤਾ ਅਧਿਕਾਰੀ ਸਾਹਮਣੇ ਕਾਮਿਆਂ ਦੀ ਪ੍ਰਤੀਨਿਧਤਾ ਕਰਨ ਦੇ ਸਮਰੱਥ ਨਹੀਂ। ਇਹ ਤਰੁੱਟੀ ਕਿਉਂ ? ਇਸ ਬਿਲ ਨਾਲ ਸਿਰਫ਼ ਤਰੁਟੀਆਂ ਹੀ ਪੈਦਾ ਨਹੀਂ ਹੋਣੀਆਂ ਬਲਕਿ ਮੈਂ ਤਾਂ ਇਥੋਂ ਤਕ ਕਹਾਂਗਾ ਕਿ ਇਹ 1926 ਦੇ ਐਕਟ ਅਧੀਨ ਰਜਿਸਟਰ ਹੋਈਆਂ ਯੂਨੀਅਨਾਂ ਦੇ ਵਿਸ਼ੇਸ਼ ਅਧਿਕਾਰ ਨੂੰ ਵੀ ਖ਼ਤਮ ਕਰਦਾ ਹੈ।

ਇਸ ਸਬੰਧ ਵਿਚ ਮੈਂ ਸਦਨ ਦਾ ਧਿਆਨ 1934 ਦੇ ਬੰਬਈ ਐਕਟ ਦੇ ਉਪਬੰਧਾਂ ਅਧੀਨ ਜੋ ਕੁਝ ਵਾਪਰਦਾ ਰਿਹਾ ਹੈ ਉਸ ਵੱਲ ਦਿਵਾਉਣਾ ਚਾਹਾਂਗਾ। ਜਦੋਂ ਸਮਝੌਤੇ ਦੀਆਂ ਕਾਰਵਾਈਆਂ ਸ਼ੁਰੂ ਹੋਈਆਂ, ਉਹ ਮੈਂਬਰ ਜਿਨ੍ਹਾਂ ਨੂੰ ਉਸ ਐਕਟ ਦੇ ਉਪਬੰਧਾਂ ਬਾਰੇ ਪਤਾ ਹੈ, ਉਨ੍ਹਾਂ ਨੂੰ ਯਾਦ ਹੋਵੇਗਾ ਕਿ ਧਾਰਾ 9 ਅਧੀਨ ਨੁਮਾਇੰਦਿਆਂ ਦੁਆਰਾ ਮਜ਼ਦੂਰਾਂ ਦੀ ਪ੍ਰਤੀਨਿਧਤਾ ਹੁੰਦੀ ਸੀ। ਇਸ ਐਕਟ ਦਾ ਇਹੀ ਉਪਬੰਧ ਸੀ। ਧਾਰਾ 9 ਦੇ ਇਹ ਸ਼ਬਦ ਹਨ :

ਧਾਰਾ 8 ਦੇ ਅਧੀਨ ਨੋਟਿਸ ਮਿਲਣ ਤੇ ਉਦਯੋਗਿਕ ਝਗੜਿਆਂ ਵਿੱਚ ਹਿੱਸਾ ਲੈਣ ਵਾਲੇ, ਨੋਟਿਸ ਵਿਚ ਦਿੱਤੇ ਸਮੇਂ ਅੰਦਰ, ਜਾਂ, ਇਸ ਪਾਸਿਉਂ ਸਮਝੌਤਾ ਅਧਿਕਾਰੀ ਵਲੋਂ

ਮਿੱਥੇ ਗਏ ਸਮੇਂ ਵਿਚ ਪ੍ਰਤੀਨਿਧੀਆਂ ਨੂੰ ਇਸ ਢੰਗ ਨਾਲ ਨਿਯੁਕਤ ਕਰ ਸਕਦੇ ਹਨ, ਜਿਵੇਂ ਕਿ ਸਮਝੌਤਾ ਅਧਿਕਾਰੀ ਹਿਦਾਇਤ ਕਰੇ।

ਇਸ ਲਈ 1934 ਦੇ ਐਕਟ ਅਧੀਨ ਸਮਝੌਤੇ ਦੀ ਕਾਰਵਾਈ ਵਿਚ ਪ੍ਰਤੀਨਿਧੀਆਂ ਵਲੋਂ ਮਜ਼ਦੂਰਾਂ ਦੀ ਨੁਮਾਇੰਦਗੀ ਕੀਤੀ ਗਈ। ਇਨ੍ਹਾਂ ਪ੍ਰਤੀਨਿਧੀਆਂ ਦੀ ਚੋਣ ਕਿਵੇਂ ਹੋਈ? 1934 ਦੇ ਐਕਟ ਅਧੀਨ ਸਮਝੌਤਾ ਅਧਿਕਾਰੀ ਦੇ ਸਾਹਮਣੇ ਮਜ਼ਦੂਰ ਦੀ ਨੁਮਾਇੰਦਗੀ ਕਰਨ ਵਾਲੇ ਇਨ੍ਹਾਂ ਪ੍ਰਤੀਨਿਧੀਆਂ ਦੀ ਚੋਣ ਕਰਨ ਵਾਲੇ ਅਧਿਕਾਰੀ ਕਿਹੜੇ ਸੀ? ਸ੍ਰੀਮਾਨ ਜੀ, ਮੈਂ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਨੂੰ ਪੜ੍ਹਿਆ ਹੈ ਅਤ ਨਿਯਮਾਂ ਦਾ ਹਵਾਲਾ ਇਹ ਦਰਸਾਏਗਾ ਕਿ ਜਿਹੜੀਆਂ ਪਾਰਟੀਆਂ ਪ੍ਰਤੀਨਿਧੀਆਂ ਦੀ ਚੋਣ ਕਰਨ ਲਈ ਹਕਦਾਰ ਸਨ, ਉਹੋ ਹੀ ਰਜਿਸਟਰਡ ਮਜ਼ਦੂਰ ਸੰਗਠਨ ਸਨ ਜਿਹੜੇ 1926 ਦੇ ਉਦਯੋਗਿਕ ਵਿਵਾਦ ਅਧਿਨਿਯਮ ਦੇ ਅਧੀਨ ਰਜਿਸਟਰ ਕੀਤੇ ਗਏ ਸਨ। ਇਸ ਦਾ ਉਪਬੰਧ 1934 ਦੇ ਬੰਬਈ ਅਧਿਨਿਯਮ ਦੇ ਅਧੀਨ ਨਿਯਮਾਂ ਦੇ ਨਿਯਮ ਨੰਬਰ 3 ਵਿਚ ਕੀਤਾ ਗਿਆ ਹੈ। ਇਸ ਲਈ ਇਹ ਸਪਸ਼ਟ ਤੌਰ ਤੇ ਪ੍ਰਮਾਣਿਤ ਹੋ ਜਾਂਦਾ ਹੈ ਕਿ ਇਸ ਸਮੇਂ ਤਕ ਜਿਹੜਾ ਸੰਗਠਨ ਕੇਂਦਰੀ ਵਿਧਾਨ ਮੰਡਲ ਦੇ 1926 ਦੇ ਐਕਟ ਅਧੀਨ ਰਜਿਸਟਰ ਕੀਤਾ ਗਿਆ ਸੀ, ਉਸਨੂੰ ਇਸ ਸੋਚ ਦੇ ਕਾਰਨ ਕਿ ਪਹਿਲਾਂ ਉਹ ਨਿਗਮ ਸੀ, ਸਾਰੇ ਮੁਕਾਮਾਂ ਅਤੇ ਮੌਕਿਆਂ ਤੇ ਮਜ਼ਦੂਰਾਂ ਦੀ ਨੁਮਾਇੰਦਗੀ ਕਰਨ ਦਾ ਅਧਿਕਾਰ ਹੈ। ਸੰਵਿਧਾਨਕ ਤੌਰ ਤੇ 1935 ਦੇ ਭਾਰਤ ਸਰਕਾਰ ਦੇ ਐਕਟ ਰਾਹੀਂ ਉਹਨਾਂ ਨੂੰ ਵਿਧਾਨ ਮੰਡਲ ਵਿਚ ਮਜ਼ਦੂਰਾਂ ਦੀ ਨੁਮਾਇੰਦਗੀ ਕਰਨ ਦਾ ਅਧਿਕਾਰ ਦਿਤਾ ਗਿਆ ਹੈ ਅਤੇ 1934 ਦਾ ਬੰਬਈ ਐਕਟ ਸਪਸ਼ਟ ਤੌਰ ਤੇ ਇਹ ਪ੍ਰਵਾਨ ਕਰਦਾ ਹੈ ਕਿ ਉਸ ਐਕਟ ਅਧੀਨ ਰਜਿਸਟਰ ਹੋਇਆ ਮਜ਼ਦੂਰ ਸੰਗਠਨ, ਯਾਨਿ ਕਿ 1934 ਦਾ ਬੰਬਈ ਅਧਿਨਿਯਮ ਸਮਝੌਤਾ ਅਧਿਕਾਰੀ ਦੇ ਸਾਹਮਣੇ ਪ੍ਰਤੀਨਿਧੀ ਭੇਜਣ ਦਾ ਕੇਵਲ ਇਕ ਸਮਰੱਥ ਅਧਿਕਾਰੀ ਹੈ। ਸ੍ਰੀਮਾਨ ਜੀ, ਮੇਰੀ ਪਹਿਲੀ ਸ਼ਿਕਾਇਤ ਇਹ ਹੈ ਕਿ ਇਹ ਬਿਲ ਇਕ ਕੀਮਤੀ ਅਧਿਕਾਰ ਖੋਹ ਲੈਂਦਾ ਹੈ ਜਿਹੜਾ ਸੰਗਠਨਾਂ ਕੋਲ ਸੀ ਅਤੇ ਇਹ ਕਿਸ ਨੂੰ ਦਿੰਦਾ ਹੈ? ਇਹ ਉਸ ਅਧਿਕਾਰ ਨੂੰ ਗ਼ੁਲਾਮ ਸੰਗਠਨਾਂ ਨੂੰ ਦਿੰਦਾ ਹੈ, ਜਿਵੇਂ ਕਿ ਮੈਂ ਹੁਣੇ ਦੱਸਣ ਵਾਲਾ ਹਾਂ। ਜੇਕਰ ਇਹ ਆਜ਼ਾਦ ਸੰਗਠਨਾਂ ਨੂੰ ਦਿਤਾ ਜਾਂਦਾ ਤਾਂ ਬੁਰਾ ਨਹੀਂ ਸੀ ਲਗਣਾ। ਸ੍ਰੀਮਾਨ ਜੀ, ਫਿਰ ਅਜਿਹਾ ਕਿਉਂ ਹੋਇਆ? ਇਹ ਸਮਝਣ ਲਈ ਇਕ ਮਹੱਤਵਪੂਰਨ ਮੁੱਦਾ ਹੈ; ਅਜਿਹਾ ਕਿਉਂ ਹੈ ਕਿ ਇਸ ਬਿਲ ਅਧੀਨ ਰਜਿਸਟਰਡ ਸੰਗਠਨਾਂ ਨੂੰ 1926 ਦੇ ਕੇਂਦਰੀ ਅਧਿਨਿਯਮ ਦੇ ਅਧੀਨ ਵੀ ਰਜਿਸਟਰ ਕਰਾਉਣ ਦੀ ਜ਼ਰੂਰਤ ਹੈ? ਸ੍ਰੀਮਾਨ ਜੀ, ਇਹ ਹੋਰ ਕੁਝ ਨਹੀਂ ਸਗੋਂ ਰਾਜਨੀਤਕ ਜਾਂ ਆਰਥਿਕ ਲਾਭ ਪ੍ਰਾਪਤ ਕਰਨਾ ਹੈ ਜਿਵੇਂ ਕਿ ਅਮਰੀਕਾ ਵਾਸੀ ਕਹਿੰਦੇ ਹਨ। ਮੇਰੇ ਮਾਨਯੋਗ ਮਿੱਤਰ ਚਾਹੁੰਦੇ ਹਨ ਕਿ ਇਸ ਬਿਲ ਦੇ ਅਧੀਨ ਬਣੇ ਸੰਗਠਨਾਂ ਨੂੰ ਨਾ ਕੇਵਲ ਸਮਝੌਤਾ ਅਧਿਕਾਰੀਆਂ ਦੇ ਸਾਹਮਣੇ ਨੁਮਾਇੰਦਗੀ ਕਰਨ ਦਾ ਅਧਿਕਾਰ ਮਿਲੇ ਬਲਕਿ ਉਹ ਉਸ ਰਾਜਨੀਤਿਕ ਪ੍ਰਤਿਨਿਧਤਾ, ਨੂੰ ਵੀ ਆਸਾਨੀ ਨਾਲ ਕੁਚਲ ਦੇਣ, ਜਿਹੜਾ ਕਿ 1926 ਦੇ

ਅਧਿਨਿਯਮ ਦੇ ਅਧੀਨ ਰਜਿਸਟਰਡ ਸੰਗਠਨਾਂ ਨੂੰ ਮਿਲਿਆ ਹੈ। ਇਹ ਹੜੱਪ ਕਰਨ ਦੀ ਨੀਤੀ ਹੈ।

ਅਤੇ, ਇਹ ਸਾਰੀ ਰਾਜਨੀਤਕ ਤੇ ਆਰਥਿਕ ਸ਼ਕਤੀਆਂ ਦਾ ਪ੍ਰਦਾਨ ਕਿਸ ਦੇ ਫ਼ਾਇਦੇ ਲਈ ਹੈ ? ਮੈਂ ਫਿਰ ਕਹਿੰਦਾ ਹਾਂ ਕਿ ਇਹ ਗ਼ੁਲਾਮ ਸੰਗਠਨਾਂ ਲਈ ਹੈ। ਬੇਸ਼ਕ, ਜੇਕਰ ਮੇਰੇ ਮਾਨਯੋਗ ਮਿੱਤਰ ਸੋਚਦੇ ਹਨ ਕਿ ਮਾਲਕ ਦੇ ਸਿਧਾਂਤ ਤੇ ਆਧਾਰਿਤ ਸੰਘਵਾਦ ਵਿਚ ਕੁਝ ਗ਼ਲਤ ਨਹੀਂ ਹੈ, ਤਾਂ ਮੇਰਾ ਕੋਈ ਝਗੜਾ ਨਹੀ। ਇਹ ਉਹਨਾਂ ਦੇ ਜੀਵਨ ਦਾ ਫ਼ਲਸਫ਼ਾ ਹੈ ਨਾ ਕਿ ਮੇਰੇ ਜੀਵਨ ਦਾ। ਜੇਕਰ ਉਹ ਸੋਚਦੇ ਹਨ ਕਿ ਇਕ ਵਿਅਕਤੀ ਜੋ ਕਿ ਗ਼ੁਲਾਮ ਬਣਿਆ ਹੋਇਆ ਹੈ, ਉਹ ਆਜ਼ਾਦ ਵਿਅਕਤੀ ਹੈ ਤਾਂ ਇਹ ਉਹਨਾਂ ਦਾ ਨਜ਼ਰੀਆ ਹੈ। ਜੇਕਰ ਉਹ ਸੋਚਦੇ ਹਨ ਕਿ ਉਦਯੋਗ ਵਿਚ ਅਮਨ ਰਹੇ, ਇਸ ਲਈ ਕਰਮਚਾਰੀ ਨੂੰ ਆਪਣੇ ਮਾਲਕ ਨਾਲ ਬੰਨ੍ਹਿਆ ਰਹਿਣਾ ਚਾਹੀਦਾ ਹੈ ਤਾਂ ਇਹ ਵੀ ਉਹਨਾਂ ਦੀ ਹੀ ਸੋਚ ਹੈ, ਇਸ ਵਿਚ ਮੇਰਾ ਕੋਈ ਝਗੜਾ ਨਹੀਂ, ਪਰ ਆਪਣੇ ਲਈ ਮੈਂ ਉਸ ਸਥਿਤੀ ਨੂੰ ਮੰਨਣ ਲਈ ਤਿਆਰ ਨਹੀਂ ਹਾਂ। ਅਸੀਂ ਕੇਵਲ ਸ਼ਾਂਤੀ ਹੀ ਨਹੀਂ ਚਾਹੁੰਦੇ ਅਤੇ ਫਿਰ ਮੈਂ ਇਸ ਤਰ੍ਹਾਂ ਦੀ ਸ਼ਾਂਤੀ ਦਾ ਖੰਡਨ ਕਰਦਾ ਹਾਂ, ਜਿਸ ਤਰ੍ਹਾਂ ਦੀ ਸ਼ਾਂਤੀ ਦੀ ਅਸੀਂ ਕਾਮਨਾ ਕੀਤੀ ਹੈ। (ਸ੍ਰੀ ਐਸ.ਵੀ. ਪਾਰੂਲੇਕਰ : ਬੱਲੇ ! ਬੱਲੇ !) ਪੱਕੇ ਤੌਰ ਤੇ, ਇਹ ਉਸ ਆਦਮੀ ਦੀ ਸ਼ਾਂਤੀ ਹੈ, ਜਿਸ ਦਾ ਪੇਟ ਭਰਿਆ ਹੋਇਆ ਅਤੇ ਜਿਸਦਾ ਢਿੱਡ ਫੁੱਲਿਆ ਹੋਇਆ ਹੈ। ਮੈਨੂੰ ਇਸ ਤਰ੍ਹਾਂ ਦੀ ਸ਼ਾਂਤੀ ਨਹੀਂ ਚਾਹੀਦੀ।

ਜਿਸ ਪ੍ਰਸ਼ਨ ਵਿਚ ਮੇਰੀ ਰੁਚੀ ਹੈ, ਉਹ ਇਹ ਹੈ ਕਿ ਮੈਂ ਮਸਲੇ ਦਾ ਉਦਾਰ ਨਜ਼ਰੀਆ ਅਪਣਾਉਣ ਲਈ ਤਿਆਰ ਹਾਂ ਅਤੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਹ ਉਦਾਰ ਨਜ਼ਰੀਆ ਪ੍ਰਵਾਨ ਹੋਵੇਗਾ ? ਜਿਵੇਂ ਕਿ ਮੇਰੇ ਮਾਨਯੋਗ ਮਿੱਤਰ ਨੇ ਕਿਹਾ ਹੈ, ਅਜਿਹਾ ਹੋ ਸਕਦਾ ਹੈ ਕਿ ਭਾਰਤ ਵਿਚ ਕੋਈ ਸੰਘਵਾਦ ਨਹੀਂ, ਅਜਿਹੇ ਲੋਕ ਵੀ ਹੋ ਸਕਦੇ ਹਨ, ਜੋ ਕਿ ਸੰਘਾਂ ਦੇ ਵਿਕਾਸ ਨੂੰ ਨਸ਼ਟ ਕਰ ਰਹੇ ਹਨ। ਮੈਨੂੰ ਹੈਰਾਨੀ ਹੈ ਕਿ ਉਹਨਾਂ ਨੂੰ ਹੁਣ ਵੀ ਸਾਮਵਾਦੀ ਦਲ ਦੇ ਮੈਂਬਰਾਂ ਤੋਂ ਡਰ ਹੈ, ਜਿਹੜੇ ਪਹਿਲਾਂ ਕਾਂਗਰਸ ਨੂੰ ਰੜਕਦੇ ਸਨ, ਪਰ ਹੁਣ ਉਹ ਇਸ ਵਿਚ ਸ਼ਾਮਲ ਹੋ ਗਏ ਹਨ – ਉਹ ਖੁਲ੍ਹੇ ਆਮ ਸ਼ਾਂਤੀ ਦੀ ਘੋਸ਼ਣਾ ਕਰਦੇ ਹਨ, ਉਹ ਖੁਲ੍ਹੇ –ਆਮ ਸਚਾਈ ਦੀ ਗਲ ਕਰਦੇ ਹਨ, ਉਹ ਖੁਲ੍ਹੇ–ਆਮ ਅਹਿੰਸਾ ਦਾ ਪ੍ਰਗਟ ਤੌਰ ਤੇ ਐਲਾਨ ਕਰਦੇ ਹਨ, ਇਥੋਂ ਤਕ ਕਿ ਜਿਵੇਂ ਕਿ ਮੈਂ ਸਮਝਦਾ ਹਾਂ ਉਹਨਾਂ ਨੇ ਚਾਰ ਆਨੇ ਵੀ ਖ਼ਰਚ ਕੀਤੇ ਹਨ। ਕਿਉਂ ? ਮੈਂ ਪੁਛਦਾ ਹਾਂ ਕਿ ਕੀ ਉਨ੍ਹਾਂ ਨੂੰ ਹੁਣ ਇਸ ਗਲ ਦਾ ਡਰ ਹੈ ਕਿ ਕੋਈ ਮਜ਼ਦੂਰਾਂ ਦੇ ਸ਼ਾਂਤੀਪੂਰਨ ਵਿਕਾਸ ਦੀ ਖੇਡ ਨੂੰ ਬਰਬਾਦ ਕਰ ਰਿਹਾ ਹੈ ? ਮੰਨ ਲਉ ਅਜਿਹਾ ਹੈ, ਤਾਂ ਚਲੋ ਦੇਖਦੇ ਹਾਂ ਕਿ ਇਸ ਦਾ ਅੰਤ ਕਿਵੇਂ ਹੁੰਦਾ ਹੈ ? ਜੇਕਰ ਮੇਰੇ ਮਾਨਯੋਗ ਮਿੱਤਰ ਮੈਨੂੰ ਸੰਤੁਸ਼ਟ ਕਰ ਦੇਣ ਕਿ ਅਜਿਹਾ ਸਮਾਂ ਆਏਗਾ ਜਦੋਂ ਜਿਸਨੂੰ ਮੈਂ ਗ਼ੁਲਾਮ ਸੰਘ ਕਹਿੰਦਾ ਹਾਂ, ਉਹ ਆਜ਼ਾਦ ਸੰਘ ਦੇ ਰੂਪ ਵਿਚ ਤਰੱਕੀ ਕਰੇਗਾ, ਤਾਂ ਮੈਂ ਆਪਣੇ ਨਜ਼ਰੀਏ ਤੇ ਮੁੜ ਵਿਚਾਰ ਕਰ ਸਕਦਾ ਹਾਂ। ਪਰ ਮੈਨੂੰ ਇਹ ਕਹਿਣ ਵਿਚ ਬਿਲਕੁਲ ਵੀ ਝਿਜਕ

ਮਹਿਸੂਸ ਨਹੀਂ ਹੁੰਦੀ ਕਿ ਸੰਘ ਕਦੇ ਵੀ ਆਜ਼ਾਦ ਨਹੀਂ ਹੋਣਗੇ; ਅਤੇ ਇਹ ਇਸ ਲਈ ਕਿ ਉਹਨਾਂ ਨੇ ਆਜ਼ਾਦ ਸੰਘ ਤੇ ਜੋ ਸ਼ਰਤਾਂ ਲਾਗੂ ਕੀਤੀਆਂ ਹਨ, ਉਹ ਇਤਨੀਆਂ ਗ਼ੈਰ ਮੁਮਕਿਨ ਹਨ ਕਿ ਕਦੇ ਵੀ ਪੂਰੀਆਂ ਨਹੀਂ ਹੋ ਸਕਦੀਆਂ। ਆਜ਼ਾਦ ਸੰਘ ਦੀਆਂ ਕੀ ਸ਼ਰਤਾਂ ਹਨ ? ਸ਼ਰਤਾਂ ਇਹ ਹਨ ਕਿ ਤੁਸੀਂ ਹਮੇਸ਼ਾਂ ਇਹ ਦਿਖਾਉ ਕਿ ਰਜਿਸਟਰ ਵਿਚ ਤੁਹਾਡੇ ਕੋਲ 50 ਪ੍ਰਤੀਸ਼ਤ ਮੈਂਬਰਸ਼ਿਪ ਹੈ। 20 ਫ਼ੀ ਸਦੀ ਕਾਫੀ ਨਹੀਂ ਹੈ, 25 ਫ਼ੀ ਸਦੀ ਕਾਫ਼ੀ ਨਹੀਂ ਹੈ। ਜੇਕਰ ਤੁਸੀਂ ਆਜ਼ਾਦ ਹੋਣਾ ਚਾਹੁੰਦੇ ਹੋ ਤਾਂ 50.1 ਫੀ ਸਦੀ ਦਾ ਹਿਸਾਬੀ ਅਨੁਪਾਤ ਦਿਖਾਉ। ਸ੍ਰੀਮਾਨ ਜੀ, ਮੈਂ ਇਹ ਪ੍ਰਸ਼ਨ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਦਲੀਲਯੁਕਤ ਸ਼ਰਤਾਂ ਹਨ ? ਜੇਕਰ ਮੈਂ ਰੋਮ ਦੇ ਕਾਨੂੰਨ ਦੀ ਮਿਸਾਲ ਦੀ ਵਰਤੋਂ ਕਰਾਂ ਤਾਂ ਇਹ ਗ਼ੁਲਾਮ ਬਣਾਉਣ ਤੋਂ ਸ਼ੁਰੂ ਹੁੰਦਾ ਹੈ। ਜੇਕਰ ਤਕਨੀਕੀ ਤੌਰ ਤੇ ਕਹੀਏ ਤਾਂ ਇਸ ਵਿਚ ਵੀ ਗ਼ੁਲਾਮੀ ਤੋਂ ਮੁਕਤੀ ਦਾ ਉਪਬੰਧ ਸੀ। ਅੰਤ ਵਿਚ ਗ਼ੁਲਾਮਾਂ ਨੂੰ ਮੁਕਤ ਕਰ ਦਿੱਤਾ ਜਾਂਦਾ ਸੀ ਅਤੇ ਉਹ ਆਜ਼ਾਦ ਵਿਅਕੰਤੀ ਬਣ ਜਾਂਦੇ ਸਨ, ਨਾਗਰਿਕ ਬਣ ਜਾਂਦੇ ਸਨ। ਉਸ ਮਿਸਾਲ ਨੂੰ ਹੀ ਲਾਗੂ ਕਰਦੇ ਹੋਏ, ਮੈਂ ਕਹਿੰਦਾ ਹਾਂ ਕਿ ਅਸੀਂ ਵੀ ਗ਼ੁਲਾਮੀ ਤੋਂ ਸ਼ੁਰੂਆਤ ਕੀਤੀ - ਕਿਉਂਕਿ ਇਜਾਜ਼ਤ ਅਤੇ ਮਾਨਤਾ ਗ਼ੁਲਾਮੀ ਤੋਂ ਕੁਝ ਘਟ ਨਹੀਂ ਸਨ। ਪਰ ਕੀ ਗ਼ੁਲਾਮੀ ਤੋਂ ਮੁਕਤੀ ਦਾ ਕੋਈ ਉਪਬੰਧ ਹੈ ? ਅਤੇ ਜੇਕਰ ਕੋਈ ਅਜਿਹਾ ਉਪਬੰਧ ਹੈ, ਤਾਂ ਕੀ ਉਹ ਦਲੀਲਯੁਕਤ ਹੈ ? ਅਤੇ, ਕੋਈ ਅਜਿਹੀਆਂ ਸੰਭਵ ਸ਼ਰਤਾਂ ਹਨ, ਜਿਹੜੀਆਂ ਕਿ ਕਾਮਿਆਂ ਤੋਂ ਪੂਰੀਆਂ ਕਰਨ ਦੀ ਉਮੀਦ ਕੀਤੀ ਜਾ ਸਕੇ ? ਸ਼ਰਤ ਇਹ ਹੈ ਕਿ ਤੁਸੀਂ ਕਾਮਿਆਂ ਦੀ ਕੁਲ ਗਿਣਤੀ ਵਿਚੋਂ 50.1 ਫ਼ੀ ਸਦੀ ਜ਼ਰੂਰ ਦਿਖਾਉ ਤੇ ਫਿਰ ਹੀ ਤੁਸੀਂ ਆਪਣੇ ਮਾਲਕ ਦੇ ਬੰਧਨ ਤੇ ਦੰਡ ਤੋਂ ਬਚ ਸਕਦੇ ਹੋ। ਕੀ ਇਹ ਮੰਨਣਯੋਗ ਸ਼ਰਤਾਂ ਹਨ ?

ਸ੍ਰੀਮਾਨ ਜੀ, ਹੁਣ ਮੇਰੇ ਮਾਨਯੋਗ ਮਿੱਤਰ ਜਿਹੜੇ ਸ਼ਾਇਦ ਸਾਨੂੰ ਭਟਕੇ ਹੋਏ ਕਹਿਣਾ ਚਾਹੁੰਣਗੇ, ਸਾਡਾ ਧਿਆਨ ਅਹਿਮਦਾਬਾਦ ਵਿਚ ਮੌਜੂਦ ਆਦਰਸ਼ ਹਾਲਾਤ ਵਲ ਦਿਵਾਉਣਾ ਚਾਹੁੰਦੇ ਹਨ। ਸਾਨੂੰ ਕਿਹਾ ਗਿਆ ਹੈ ਕਿ ਅਹਿਮਦਾਬਾਦ ਦੀ ਪੁਸਤਕ ਵਿਚੋਂ ਇਕ ਪੰਨਾ ਕੱਢ ਲਉ ਅਤੇ ਉਸ ਆਦਰਸ਼ ਦਾ ਪਾਲਣ ਕਰੋ। ਮੈਂ ਇੰਝ ਕਰਨ ਲਈ ਤਿਆਰ ਹਾਂ। ਕਿਉਂਕਿ ਮੈਂ ਉਦਾਹਰਨ ਨੂੰ ਪੜ੍ਹਿਆ ਹੈ, ਇਸ ਲਈ ਇਹ ਪ੍ਰਸ਼ਨ ਪੁੱਛਣਾ ਜ਼ਰੂਰੀ ਹੋ ਜਾਂਦਾ ਹੈ : ਇਸ ਬਿਲ ਦੇ ਅਧੀਨ ਅਹਿਮਦਾਬਾਦ ਮਜ਼ੂਰ-ਮਹਾਜਨ ਦੇ ਆਜ਼ਾਦ ਸੰਘ ਹੋਣ ਦੀ ਕੀ ਕੋਈ ਸੰਭਾਵਨਾ ਹੈ ? ਮੈਨੂੰ ਕੋਈ ਆਸ ਨਹੀਂ ਕਿ ਉਹ ਸੰਘ ਆਜ਼ਾਦ ਕਾਮਿਆਂ ਦਾ ਸੰਘ ਬਣ ਸਕਦਾ ਹੈ। ਪੱਕੇ ਤੌਰ ਤੇ ਅਹਿਮਦਾਬਾਦ ਇਕ ਆਦਰਸ਼ ਜਗ੍ਹਾ ਹੈ। ਜਿਵੇਂ ਕਿ ਰਾਇਲ ਕਮਿਸ਼ਨ ਨੇ ਅੰਕਿਤ ਕੀਤਾ ਹੈ, ਭਾਰਤ ਵਿਚ ਕਿਧਰੇ ਵੀ ਅਜਿਹੀ ਆਦਰਸ਼ ਸੰਸਥਾ ਮੌਜੂਦ ਨਹੀਂ। ਉਥੇ ਅਜਿਹੇ ਕਾਮੇ ਹਨ ਜਿਨ੍ਹਾਂ ਦਾ ਧਰਮ ਉਹੀ ਹੈ ਜਿਹੜਾ ਕਿ ਉਹਨਾਂ ਦੇ ਮਾਲਕ ਦਾ, ਸਿਰਫ਼ ਅਜਿਹੇ ਕੁਝ ਮੁਸਲਮਾਨਾਂ ਨੂੰ ਛੱਡਕੇ ਜੋ ਕਿ ਜੁਲਾਹੇ ਹਨ ਅਤੇ ਜਿਹੜੇ ਕਿ ਸੰਘ ਤੋਂ ਬਾਹਰ ਹਨ। ਕਾਮੇ ਉਹੀ ਭਾਸ਼ਾ ਬੋਲਦੇ ਹਨ ਜਿਹੜੀ ਕਿ ਉਹਨਾਂ ਦੇ ਮਾਲਕ। ਉਥੇ ਸਭਿਆਚਾਰਕ ਏਕਤਾ ਕਾਫ਼ੀ ਮਾਤਰਾ ਵਿਚ ਮੌਜੂਦ ਹੈ। ਇਸ

ਲਈ ਹੋਰਵੇਂ ਹਾਲਾਤਾਂ ਵਿਚ ਜੋ ਵੀ ਫੁਟ ਪਾਊ ਅਤੇ ਅਨੁਸ਼ਾਸ਼ਨਹੀਨ ਝੁਕਾਉ ਹੋ ਸਕਦੇ ਹਨ, ਉਹ ਉਥੇ ਮੌਜੂਦ ਨਹੀਂ ਹਨ। ਇਸ ਸਭ ਤੋਂ ਵੱਧ, ਉੱਥੇ ਮਹਾਤਮਾ ਵਰਗੀ ਮਹਾਨ ਸ਼ਖਸੀਅਤ ਹੈ, ਜਿਸਤੇ ਸ਼ਾਇਦ ਹਰੇਕ ਅਨੁਸ਼ਾਸਨਹੀਨ ਸ਼ਰਧਾ ਰਖੇ ਅਤੇ ਉਹਨਾਂ ਦੇ ਪੱਦ-ਚਿੰਨ੍ਹਾਂ ਤੇ ਚਲੇ, ਭਾਵੇਂ ਕਿ ਉਸਦੀਆਂ ਕਿੰਨੀਆਂ ਵੀ ਵਿਅਕਤੀਗਤ ਸ਼ਿਕਾਇਤਾਂ ਕਿਉਂ ਨਾ ਹੋਣ। ਅਹਿਮਦਾਬਾਦ-ਮਜ਼ੂਰ-ਮਹਾਜਨ ਸੰਘ ਅਜਿਹੀ ਹੀ ਸ੍ਰੇਸ਼ਟ ਅਗਵਾਈ ਵਿਚ ਪਲਿਆ ਹੈ। ਇਸ ਦੀ ਉਮਰ ਦੋ ਦਹਾਕਿਆਂ ਤੋਂ ਵਧ ਹੈ। ਮੈਨੂੰ ਦਸਿਆ ਗਿਆ ਹੈ ਕਿ ਉਹ ਅਠਾਰਾਂ ਸਾਲਾਂ ਤੋਂ ਮੌਜੂਦ ਹੈ। ਇਸ ਸੰਗਠਨ ਦੀ ਕੀ ਸਥਿਤੀ ਹੈ ? ਮੇਰੇ ਕੋਲ ਮਈ 1938 ਦਾ ਲੇਬਰ ਗਜ਼ਟ ਹੈ, ਜਿਸ ਵਿਚ ਇਸ ਦੇ ਅੰਕੜੇ ਹਨ ਅਤੇ ਵਿਸ਼ਲੇਸ਼ਣ ਕਰਨ ਤੇ ਮੈਨੂੰ ਪਤਾ ਲਗਾ ਹੈ ਕਿ ਅਜਿਹੀ ਸਥਿਤੀ ਅਹਿਮਦਾਬਾਦ ਵਿਚ ਸੀ। ਮੈਂ ਸਿਰਫ਼ ਕਪੜਾ ਉਦਯੋਗ ਨੂੰ ਲੈ ਰਿਹਾ ਹਾਂ। ਅਹਿਮਦਾਬਾਦ ਕਪੜਾ ਉਦਯੋਗ ਵਿਚ ਕਾਮਿਆਂ ਦੀ ਕੁਲ ਸੰਖਿਆ 90,000 ਹੈ। ਇਹ ਉਹਨਾਂ ਕਾਮਿਆਂ ਦੀ ਕੁਲ ਗਿਣਤੀ ਹੈ ਜਿਹੜੇ ਕਿ ਸੰਘ ਵਿਚ ਸ਼ਾਮਲ ਹਨ। ਮਜ਼ੂਰ-ਮਹਾਜਨ ਜਿਵੇਂ ਕਿ ਸਾਰੇ ਜਾਣਦੇ ਹਨ ਪੰਜ ਵੱਖੋ ਵੱਖ ਸੰਘਾਂ ਦਾ ਸੰਘ ਹੈ ਅਤੇ ਇਸ ਦੀ ਕੁਲ ਸੰਖਿਆ 22,000 ਹੈ। ਇਹ ਸੰਖਿਆ, ਮਈ 1938 ਵਿਚ ਸੀ। ਸ੍ਰੀਮਾਨ ਜੀ, ਇਸ ਦਾ ਕੁਲ ਜੋੜ-ਮੈਂ ਕਮਜ਼ੋਰ ਹਿਸਾਬਦਾਨ ਹਾਂ, ਜੇਕਰ ਕੋਈ ਮੇਰੇ ਅੰਕੜਿਆਂ ਦੀ ਸੋਧਨਾ ਕਰੇ ਤਾਂ ਮੈਨੂੰ ਠੀਕ ਕਰ ਦਿਤਾ ਜਾਵੇ - ਇਸ ਦਾ ਕੁਲ ਜੋੜ ਮੇਰੇ ਅਨੁਸਾਰ 21 ਫ਼ੀ ਸਦੀ ਹੈ। ਇਸ ਪਰੀਖਣ ਨੂੰ ਅਹਿਮਦਾਬਾਦ ਤੇ ਲਾਗੂ ਕਰਦੇ ਹੋਏ, ਮੈਂ ਕਹਿੰਦਾ ਹਾਂ, ਕੀ ਕੋਈ ਕਹਿ ਸਕਦਾ ਹੈ ਕਿ ਜੇਕਰ ਸਾਨੂੰ ਅੱਜ ਰਜਿਸਟਰੇਸ਼ਨ ਲਈ ਦਰਖ਼ਾਸਤ ਦੇਣੀ ਪਵੇ ਤਾਂ ਕੀ ਅਹਿਮਦਾਬਾਦ ਮਜ਼ੂਰ-ਮਹਾਨ, ਮਾਲਿਕ ਦੀ ਪ੍ਰਵਾਨਗੀ ਤੋਂ ਬਗ਼ੈਰ ਅਜਿਹਾ ਕਰ ਸਕਦਾ ਹੈ ? ਨਹੀਂ !

(ਸਭਾ ਵਿਸ਼ਰਾਮ ਤੋਂ ਬਾਅਦ ਢਾਈ ਵਜੇ ਫਿਰ ਇਕੱਠੀ ਹੋਈ)

ਡਾਕਟਰ ਭੀਮਰਾਉ ਅੰਬੇਡਕਰ : ਮਾਨਯੋਗ ਸਭਾਪਤੀ ਜੀ, ਵਿਸ਼ਰਾਮ ਤੋਂ ਪਹਿਲਾਂ ਮੈਂ ਇਸ ਗਲ ਤੇ ਜ਼ੋਰ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇਸ ਬਿਲ ਵਿਚ ਦਿੱਤੀਆਂ ਸ਼ਰਤਾਂ ਦੇ ਅਧੀਨ ਇਸ ਦੇਸ ਵਿਚ ਕਿਸੇ ਆਜ਼ਾਦ ਸੰਘ ਦੇ ਪ੍ਰਫੁਲਤ ਹੋਣ ਦੀ ਸੰਭਾਵਨਾ ਨਹੀਂ ਹੈ ਅਤੇ ਜੋ ਮੈਂ ਕਹਿਣਾ ਚਾਹੁੰਦਾ ਹਾਂ ਉਸਦਾ ਵਰਨਣ ਮੈਂ ਅਹਿਮਦਾਬਾਦ ਮਿਲ ਮਜ਼ਦੂਰ ਸੰਘ ਦੀ ਸਥਿਤੀ ਦਾ ਹਵਾਲਾ ਦਿੰਦੇ ਹੋਏ ਪੇਸ਼ ਕੀਤਾ ਹੈ ਅਤੇ ਇਹ ਦਰਸਾਇਆ ਹੈ ਕਿ ਅਹਿਮਦਾਬਾਦ ਵਿਚ ਮੌਜੂਦ ਅਤਿ ਅਨੁਕੂਲ ਹਾਲਾਤ ਦੇ ਹੁੰਦਿਆਂ ਵੀ ਮਜ਼ੂਰ-ਮਹਾਜਨ ਲਈ ਉਥੇ ਆਪਣਾ ਆਜ਼ਾਦ ਸੰਘ ਬਣਾਉਣਾ ਸੰਭਵ ਨਹੀਂ, ਜਦ ਕਿ ਉਹ ਮਾਲਿਕ ਦੀ ਮਨਜ਼ੂਰੀ ਪ੍ਰਾਪਤ ਕੀਤੇ ਬਿਨਾਂ ਐਕਟ ਅਧੀਨ ਮਾਨਤਾ ਹਾਸਲ ਕਰਨ ਦਾ ਹੱਕਦਾਰ ਹੈ। ਸ੍ਰੀਮਾਨ ਜੀ, ਇਹ ਸਚਮੁਚ ਬਹੁਤ ਹੀ ਅਸੰਭਵ ਸਥਿਤੀ ਹੈ ਜਿਸ ਨੂੰ ਕਿ ਇੰਗਲੈਂਡ ਵਰਗੇ ਉਦਯੋਗਿਕ ਤੌਰ ਤੇ ਸੰਗਠਿਤ ਦੇਸ਼ ਵਿਚ ਵੀ ਮਹਿਸੂਸ ਕਰਨਾ ਸੰਭਵ ਨਹੀਂ ਹੋਵੇਗਾ। ਬਦਕਿਸਮਤੀ ਨਾਲ ਅਜਿਹੀਆਂ ਸਾਰੀਆਂ ਪੁਸਤਕਾਂ ਵਿਚ ਜਿਨ੍ਹਾਂ ਤਕ ਮੇਰੀ ਪਹੁੰਚ ਸੀ, ਸਾਨੂੰ ਦੇਸ਼ ਵਿਚ ਵੱਖ ਵੱਖ ਸੰਘਾਂ ਦੀ ਕੁਲ ਮੈਂਬਰਸ਼ਿਪ ਦੇ ਅੰਕੜਿਆਂ ਦਾ ਸੌਟ ਮਿਲਦਾ ਹੈ,

ਪਰ ਸਾਨੂੰ ਇਸ ਦੇ ਨਾਲ ਕਿਤੇ ਵੀ ਅਜਿਹੇ ਅੰਕੜੇ ਨਹੀਂ ਮਿਲੇ ਜੋ ਦੇਸ ਵਿਚ ਵੱਖ ਵੱਖ ਉਦਯੋਗਾਂ ਵਿਚ ਕੰਮ ਕਰ ਰਹੇ ਵਿਅਕਤੀਆਂ ਦੀ ਕੁਲ ਗਿਣਤੀ ਦਰਸਾਉਂਦੇ ਹੋਣ। ਨਤੀਜੇ ਵਜੋਂ ਇਹ ਜਾਣ ਲੈਣਾ ਆਸਾਨ ਨਹੀਂ ਕਿ ਇੰਗਲੈਂਡ ਵਿਚ ਕਰਮਚਾਰੀਆਂ ਦਾ ਕੁਲ ਫ਼ੀ ਸਦੀ ਕਿੰਨਾ ਹੈ ਜਿਨ੍ਹਾਂ ਨੂੰ ਦੇਸ ਵਿਚ ਸੰਘਾਂ ਦਾ ਮੈਂਬਰ ਕਿਹਾ ਜਾ ਸਕੇ। ਪਰ ਇਥੇ ਮੈਨੂੰ ਸ੍ਰੀ ਵਾਲਟਰ ਸਿਟਰਾਇਨ ਵਲੋਂ ਲਿਖੀ ਗਈ ਅਤੇ 1926 ਵਿਚ ਪ੍ਰਕਾਸ਼ਿਤ ਹੋਈ ਪੁਸਤਕ ਦਾ ਸਮਰਥਨ ਹਾਸਲ ਹੈ। ਇੰਗਲੈਂਡ ਵਿਚ ਮਜ਼ਦੂਰ ਅੰਦੋਲਨ ਤੋਂ ਵਾਕਫ਼ ਹਰੇਕ ਵਿਅਕਤੀ ਨੂੰ ਪਤਾ ਹੋਵੇਗਾ ਕਿ ਉਸ ਦੀ ਮਜ਼ਦੂਰ ਅੰਦੋਲਨ ਵਿਚ ਇਕ ਮਹੱਤਵਪੂਰਨ ਸਥਿਤੀ ਹੈ ਅਤੇ ਇਸ ਲਈ ਜਿਸ ਮਾਮਲੇ ਤੇ ਅਸੀਂ ਵਿਚਾਰ ਕਰ ਰਹੇ ਹਾਂ, ਉਸ ਵਿਚ ਉਹਨਾਂ ਦੀ ਪੁਸਤਕ ਨੂੰ ਇਕ ਠੋਸ ਦਸਤਾਵੇਜ਼ ਵਜੋਂ ਲਿਆ ਜਾ ਸਕਦਾ ਹੈ। ਉਹਨਾਂ ਨੇ ਦਿਖਾਇਆ ਹੈ ਕਿ– ਬਦਕਿਸਮਤੀ ਨਾਲ ਸਾਲ 1924 ਦੇ ਅੰਤ ਸਮੇਂ ਵਿਚ ਨਵੇਂ ਅੰਕੜੇ ਨਹੀਂ ਸਨ – ਇੰਗਲੈਂਡ ਵਿਚ ਸਥਿਤੀ ਇਹ ਸੀ ਕਿ ਵੱਖ ਵੱਖ ਉਦਯੋਗਾਂ ਵਿਚ ਕੰਮ ਕਰ ਰਹੇ ਵਿਅਕਤੀਆਂ ਦੀ ਕੁਲ ਗਿਣਤੀ ਇਕ ਕਰੋੜ ਅੱਸੀ ਲੱਖ ਸੀ, ਸੰਘਾਂ ਦੇ ਇਸਤਰੀ–ਪੁਰਖ ਮੈਂਬਰਾਂ ਦੀ ਸੰਖਿਆ ਕੇਵਲ 55,31,000 ਸੀ। ਇਸ ਦਾ ਮਤਲਬ ਹੈ ਕਿ ਇਹ ਨਿਸ਼ਚਿਤ ਤੌਰ ਤੇ 30 ਫ਼ੀਸਦੀ ਤੋਂ ਵੱਧ ਨਹੀਂ ਸੀ। ਹੁਣ ਜੇਕਰ ਇੰਗਲੈਂਡ ਵਰਗੇ ਦੇਸ਼ ਵਿਚ ਅਜਿਹੀ ਹਾਲਤ ਹੈ ਜਿਥੇ ਮਜ਼ਦੂਰ ਬਹੁਤ ਹੀ ਚੰਗੀ ਤਰ੍ਹਾਂ ਸੰਗਠਿਤ ਹਨ ਅਤੇ ਉਦਯੋਗ ਵੱਡੀ ਮਾਤਰਾ ਵਿਚ ਫੈਲੇ ਹੋਏ ਹਨ, ਤਾਂ ਅਸੀਂ ਭਾਰਤ ਵਰਗੇ ਦੇਸ਼ ਵਿਚ ਕੀ ਉਮੀਦ ਕਰ ਸਕਦੇ ਹਾਂ? ਇਸ ਲਈ ਮੇਰੀ ਬੇਨਤੀ ਹੈ ਕਿ ਬਿਲ ਵਿਚ ਦਰਸਾਈਆਂ ਗਈਆਂ ਸ਼ਰਤਾਂ ਬਹੁਤ ਗ਼ੈਰ–ਮੁਮਕਿਨ ਸ਼ਰਤਾਂ ਹਨ ਅਤੇ ਅਗਲੇ 10 ਜਾਂ 20 ਸਾਲਾਂ ਤਕ ਦੀ ਸਥਿਤੀ ਨੂੰ ਦੇਖਦਿਆਂ ਕੋਈ ਵੀ ਮਜ਼ਦੂਰ ਸੰਗਠਨ ਆਪਣੇ ਆਪ ਨੂੰ ਏਨਾਂ ਮਜ਼ਬੂਤ ਨਹੀਂ ਬਣਾ ਸਕੇਗਾ ਕਿ ਆਪਣੇ ਮੈਂਬਰਾਂ ਦੀ ਸੂਚੀ ਵਿਚ 51 ਫ਼ੀਸਦੀ ਮਜ਼ਦੂਰਾਂ ਨੂੰ ਵਿਖਾ ਸਕੇ। ਨਤੀਜੇ ਵਜੋਂ ਇਸ ਦਾ ਵਿਵਾਦ ਰਹਿਤ ਸਿੱਟਾ ਇਹ ਨਿਕਲਿਆ ਕਿ ਹੜਤਾਲ ਵਿਚ ਸਮਝੌਤਾ ਕਾਰਵਾਈਆਂ ਵਿਚ ਜਿਸ ਪ੍ਰਕਾਰ ਦਾ ਮਜ਼ਦੂਰ ਸੰਘ ਮਜ਼ਦੂਰਾਂ ਦੀ ਨੁਮਾਇੰਦਗੀ ਕਰੇਗਾ ਉਹ ਕੁਝ ਹੋਰ ਨਹੀਂ ਹੋਵੇਗਾ ਬਲਕਿ ਮਾਲਕਾਂ ਤੋਂ ਮਾਨਤਾ ਪ੍ਰਾਪਤ ਉਹਨਾਂ ਦਾ ਗ਼ੁਲਾਮ ਸੰਘ ਹੋਵੇਗਾ।

ਸ੍ਰੀਮਾਨ ਜੀ, ਮੈਂ ਹੁਣ ਦੋ ਹੋਰ ਬਹੁਤ ਮਹੱਤਵਪੂਰਨ ਪ੍ਰਸ਼ਨਾਂ ਵਲ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ – ਪਹਿਲਾਂ ਪ੍ਰਸ਼ਨ ਇਹ ਹੈ ਕਿ ਭਾਰਤ ਮਜ਼ਦੂਰ ਸੰਘਾਂ ਦੇ ਵਿਕਾਸ ਤੇ ਇਸ ਬਿਲ ਦਾ ਕੀ ਪ੍ਰਭਾਵ ਪਵੇਗਾ? ਇਸ ਨਜ਼ਰੀਏ ਤੋਂ ਮੈਂ ਬੇਨਤੀ ਕਰਦਾ ਹਾਂ ਕਿ ਬਿਲ ਦਾ ਬਹੁਤ ਮਹੱਤਵਪੂਰਨ ਭਾਗ 8, ਉਪ ਭਾਗ (ਓ) ਹੈ। ਇਸ ਖੰਡ ਵਿਚ ਇਕ ਅਜਿਹਾ ਸਿਧਾਂਤ ਨਿਰਧਾਰਿਤ ਕੀਤਾ ਗਿਆ ਹੈ ਜਿਸ ਨੂੰ ਮੈਂ ਅਸਾਧਰਨ ਸਿੱਧ ਕਰਨ ਦਾ ਜਤਨ ਕਰਾਂਗਾ। ਇਸ ਭਾਗ ਦੇ ਅਨੁਸਾਰ 'ਕਿਸੇ ਉਦਯੋਗ ਜਾਂ ਕਿੱਤੇ ਦੇ ਸੰਬੰਧ ਵਿਚ ਜਿਸ ਤਰ੍ਹਾਂ ਦੀ ਵੀ ਸੂਰਤ ਹੋਵੇ ਰਜਿਸਟਰਾਰ ਕਿਸੇ ਸਥਾਨਕ ਖੇਤਰ ਵਿਚ ਇਕ ਤੋਂ ਵੱਧ ਸੰਘ ਦਰਜ ਨਹੀਂ ਕਰੇਗਾ।' ਦੂਸਰੇ ਸ਼ਬਦਾਂ ਵਿਚ, ਬਿਲ ਵਿਚ ਕਰਮਚਾਰੀਆਂ ਨੂੰ ਇਹ ਕਹਿਣ ਦਾ

ਉਪਬੰਧ ਹੈ ਕਿ ਜੇਕਰ ਉਹ ਇਕ ਸੰਘ ਵਿਚ ਸੰਗਠਿਤ ਹੋਣਾ ਚਾਹੁੰਦੇ ਹਨ ਤਾਂ ਉਹ ਇਕ ਉਦਯੋਗ ਜਾਂ ਕਿੱਤੇ ਵਿਚ ਕੇਵਲ ਇਕ ਹੀ ਸੰਘ ਬਣਾ ਸਕਦੇ ਹਨ। ਇਹ ਕਰਮਚਾਰੀਆਂ ਨੂੰ ਦਸਦਾ ਹੈ ਕਿ ਜੇਕਰ ਉਹ ਇਕ ਮਜ਼ਦੂਰ ਸੰਘ ਵਿਚ ਸੰਗਠਤ ਹੋਣਾ ਚਾਹੁੰਦੇ ਹਨ ਤਾਂ ਕਿਸੇ ਨਿਸ਼ਚਿਤ ਤੌਰ ਤੇ ਨਿਰਧਾਰਿਤ ਕੀਤੇ ਗਏ ਸਥਾਨਕ ਖੇਤਰ ਵਿਚ ਇਕ ਉਦਯੋਗ ਜਾਂ ਕਿੱਤੇ ਵਿਚ ਕੇਵਲ ਇਕ ਹੀ ਸੰਘ ਬਣਾ ਸਕਦੇ ਹਨ। ਸ੍ਰੀਮਾਨ ਜੀ, ਹੁਣ ਮੇਰਾ ਦਾਅਵਾ ਇਹ ਹੈ ਕਿ ਬਿਲ ਵਿਚ ਇਕ ਉਪਬੰਧ ਹੈ ਜੋ ਕਿ ਮੇਰੇ ਵਿਸ਼ਵਾਸ ਅਨੁਸਾਰ ਇਸ ਦੇਸ ਵਿਚ ਸੰਘਾਂ ਦੀ ਸੰਖਿਆ ਨੂੰ ਵਧਣ ਤੋਂ ਰੋਕੇਗਾ। ਸਭ ਤੋਂ ਪਹਿਲਾਂ, ਮੈਂ ਇਸ ਬਿਲ ਦੇ ਪੇਸ਼ਕਰਤਾ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ ਇਹ ਸਿਧਾਂਤ ਲਾਗੂ ਹੈ ? ਸ੍ਰੀਮਾਨ ਜੀ, ਹੁਣ ਜਿਥੋਂ ਤਕ ਬਰਤਾਨੀਆ ਦੇ ਮਜ਼ਦੂਰ ਸੰਗਠਨਾਂ ਦੀ ਸਥਿਤੀ ਦੀ ਮੇਰੇ ਵਲੋਂ ਕੀਤੀ ਗਈ ਘੋਖ ਦਾ ਪ੍ਰਸ਼ਨ ਹੈ ਮੈਂ ਇਕ ਵਿਅਕਤੀ ਦੀ ਪ੍ਰਮਾਣਿਕਤਾ ਦਾ ਵਰਨਣ ਕਰਨ ਲਈ ਤਿਆਰ ਹਾਂ ਜੋ ਇਸ ਖੇਤਰ ਵਿਚ ਇਹ ਸਿੱਧ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੈ ਕਿ ਪੱਕੇ ਤੌਰ ਤੇ ਬਰਤਾਨੀਆ ਦੇ ਕਾਨੂੰਨ ਵਿਚ ਕੋਈ ਅਜਿਹਾ ਉਪਬੰਧ ਨਹੀਂ ਹੈ। ਅਸਲ ਵਿਚ ਅੰਗਰੇਜ਼ੀ ਕਾਨੂੰਨ ਵਿਚ ਮਜ਼ਦੂਰਾਂ ਵਲੋਂ ਸੰਗਠਿਤ ਹੋਣ ਲਈ ਕਿਸੇ ਵੀ ਤਰੀਕੇ ਨੂੰ ਅਪਣਾਉਣਾ ਉਹਨਾਂ ਉਪਰ ਛੱਡ ਦਿਤਾ ਗਿਆ ਹੈ। ਉਥੇ ਅਜਿਹਾ ਕੋਈ ਨਿਯਮ ਨਹੀਂ ਕਿ ਸੰਘ ਕਿਸੇ ਇਕ ਉਦਯੋਗ ਜਾਂ ਕਿਸੇ ਇਕ ਕਿੱਤੇ ਤਕ ਹੀ ਸੀਮਤ ਰਹੇ ਅਤੇ ਨਾ ਹੀ ਕੋਈ ਅਜਿਹਾ ਕਾਨੂੰਨ ਹੈ ਕਿ ਸੰਘ ਕਿਸੇ ਇਕ ਮਾਮਲੇ ਨੂੰ ਹੀ ਉਠਾਵੇ। ਇਸ ਮਸਲੇ ਤੇ ਮੈਂ ਸਦਨ ਦਾ ਧਿਆਨ ਸ਼ੇਵਿਡਨ ਅਤੇ ਮਾਇਰਡਿਨ ਈਵਾਨਜ਼ ਦੀ ਹਾਲ ਵਿਚ ਹੀ ਪ੍ਰਕਾਸ਼ਿਤ ਹੋਈ ਪੁਸਤਕ "ਦ ਐਮਪਲਾਇਮੈਂਟ ਐਕਸਚੇਂਜ ਸਰਵਿਸ ਆਫ਼ ਗਰੇਟ ਬ੍ਰਿਟੇਨ" ਦੇ ਇਕ ਪੈਰੇ ਵਲ ਦਿਵਾਉਣਾ ਚਾਹੁੰਦਾ ਹਾਂ ਅਤੇ ਉਹਨਾਂ ਦਾ ਸਿੱਟਾ ਇਹ ਹੈ, ਜਿਸ ਨੂੰ ਕਿ ਮੈਂ ਪੰਨਾ 30 ਤੇ ਪੜ੍ਹ ਰਿਹਾ ਹਾਂ :

"ਇਹ ਜ਼ਰੂਰੀ ਨਹੀਂ ਕਿ ਕਿਸੇ ਇਕ ਉਦਯੋਗ ਦੇ ਸਾਰੇ ਕਰਮਚਾਰੀ ਇਕ ਹੀ ਸੰਘ ਵਿਚ ਸੰਗਠਿਤ ਹੋਣ, ਬਲਕਿ ਉਹ ਅਨੇਕ ਵਖੋ ਵਖ ਸੰਘਾਂ ਵਿਚ ਸ਼ਾਮਲ ਹੋ ਸਕਦੇ ਹਨ : ਕੁਝ ਮਾਮਲਿਆਂ ਵਿਚ ਸੰਗਠਨ ਜ਼ਿਲ੍ਹਿਆਂ ਦੇ ਆਧਾਰ ਤੇ ਹੁੰਦਾ ਹੈ ਜਦ ਕਿ ਹੋਰਨਾਂ ਮਾਮਲਿਆਂ ਵਿਚ ਕਿੱਤਿਆਂ ਦੇ ਆਧਾਰ ਤੇ। ਅਤੇ ਕਿਸੇ ਇਕ ਉਦਯੋਗ ਵਿਚ ਕਰਮਚਾਰੀਆਂ ਦਾ ਇਕ ਹਿੱਸਾ ਉਸ ਸੰਘ ਵਿਚ ਵੀ ਸ਼ਾਮਲ ਹੋ ਸਕਦਾ ਹੈ ਜੋ ਕਿ ਆਮ ਤੌਰ ਕਿਸੇ ਹੋਰ ਉਦਯੋਗ ਦੇ ਕਰਮਚਾਰੀਆਂ ਦੀ ਜ਼ਰੂਰਤ ਪੂਰੀ ਕਰਦਾ ਹੋਵੇ ਜਾਂ ਕੋਈ ਆਮ ਮਜ਼ਦੂਰ ਸੰਘ ਹੋਵੇ। ਕਈ ਮਾਮਲਿਆਂ ਵਿਚ ਅੰਸ਼ਿਕ ਸੰਘ ਕਿਸੇ ਇਕ ਪਰਿਸ਼ਦ ਜਾਂ ਮਹਾਂ-ਸੰਘ ਜਾਂ ਸੰਘ ਵਿਚ ਸ਼ਾਮਲ ਹੋ ਸਕਦਾ ਹੈ ਜੋ ਕਿ ਕਿਸੇ ਖ਼ਾਸ ਉਦਯੋਗ ਦੇ ਪੂਰੇ ਹਿੱਸੇ ਵਿਚ ਜਾਂ ਵੱਡੇ ਹਿੱਸੇ ਵਿਚ ਕੰਮ ਕਰ ਰਿਹਾ ਹੋਵੇ ਜਾਂ ਉਸ ਮਹਾਂ-ਸੰਘ ਜਾਂ ਸੰਘ ਵਿਚ ਕੰਮ ਕਰ ਰਿਹਾ ਹੋਵੇ, ਜੋ ਕਿ ਵੱਖ ਵੱਖ ਉਦਯੋਗਾਂ ਵਿਚ ਉਸ ਕਾਰੋਬਾਰ ਜਾਂ ਉਸ ਵਰਗੇ ਹੋਰ ਧੰਦਿਆਂ ਵਿਚ ਲੱਗੇ ਮੈਂਬਰਾਂ ਨੂੰ ਲੈਂਦਾ ਹੈ, ਜਾਂ ਆਮ ਮਜ਼ਦੂਰ ਸੰਘਾਂ ਦੇ ਕਿਸੇ ਮਹਾਂ-ਸੰਘ ਨਾਲ ਸੰਬੰਧਿਤ

ਹੈ।"

ਇਸ ਤੋਂ ਪਤਾ ਲਗਦਾ ਹੈ ਕਿ ਇੰਗਲੈਂਡ ਵਿਚ ਆਮ ਮਜ਼ਦੂਰ ਸੰਘ ਹੋ ਸਕਦੇ ਹਨ। ਅਰਥਾਤ, ਵੱਖ ਵੱਖ ਉਦਯੋਗਾਂ ਵਿਚ ਕੰਮ ਕਰ ਰਹੇ ਕਰਮਚਾਰੀ ਆਪਸ ਵਿਚ ਸੰਗਠਿਤ ਹੋ ਸਕਦੇ ਹਨ ਅੰਤੇ ਸੰਘ ਬਣਾ ਸਕਦੇ ਹਨ। ਆਮ ਮਜ਼ਦੂਰ ਸੰਘ ਦਾ ਵੀ ਇਹ ਹੀ ਅਰਥ ਹੈ। ਜਿਥੋਂ ਤਕ ਉਦਯੋਗ ਜਾਂ ਧੰਦੇ ਦਾ ਸਬੰਧ ਹੈ, ਹੋ ਸਕਦਾ ਹੈ ਕਿ ਇਕ ਮਜ਼ਦੂਰ ਦਾ ਦੂਸਰੇ ਦੇ ਨਾਲ ਕੋਈ ਮਤਲਬ ਹੀ ਨਾ ਹੋਵੇ, ਇਸ ਲਈ ਉਥੇ ਆਮ ਮਜ਼ਦੂਰ ਸੰਘ ਹੀ ਹੋ ਸਕਦਾ ਹੈ। ਲੇਖਕ ਇਹ ਵੀ ਦਸਦਾ ਹੈ ਕਿ ਇੰਗਲੈਂਡ ਦੇ ਵੱਖ ਵੱਖ ਉਦਯੋਗਾਂ ਨਾਲ ਸੰਬੰਧਿਤ ਵਿਅਕਤੀ ਸੰਘ ਬਣਾ ਸਕਦੇ ਹਨ। ਉਦਾਹਰਨ ਦੇ ਤੌਰ ਤੇ ਮੰਨ ਲਉ ਕਿ ਕੋਈ ਵਿਅਕਤੀ ਖਾਣ ਮਜ਼ਦੂਰ ਹੈ। ਫਿਰ ਵੀ ਉਹ ਅਜਿਹੇ ਕਿਸੇ ਹੋਰ ਸੰਘ ਦਾ ਮੈਂਬਰ ਬਣ ਸਕਦਾ ਹੈ, ਜਿਸ ਦਾ ਖਾਣਾਂ ਨਾਲ ਕੋਈ ਸਬੰਧ ਨਹੀਂ । ਇਸ ਲਈ ਇੰਗਲੈਂਡ ਵਿਚ ਕਾਨੂੰਨ ਪੂਰਨ ਤੌਰ ਤੇ ਕਾਮਿਆਂ ਤੇ ਇਹ ਗੱਲ ਛੱਡ ਦਿੰਦਾ ਹੈ ਕਿ ਉਹ ਕਿਸ ਢੰਗ ਨਾਲ, ਕਿਨ੍ਹਾਂ ਹਾਲਾਤ ਵਿਚ ਸੰਗਠਿਤ ਹੋਣਗੇ। ਕਾਨੂੰਨ ਸਿਰਫ਼ ਇਹ ਦੇਖਦਾ ਹੈ ਕਿ ਦਰਜ ਕਰਨ ਤੋਂ ਪਹਿਲਾਂ ਸੰਘ, ਦੇ ਨਿਸ਼ਚਿਤ ਕਾਨੂੰਨ ਅਨੁਸਾਰ ਉਦੇਸ਼ ਹੋਣ। ਸੰਘ ਦੇ ਉਦੇਸ਼ਾਂ ਦੀ ਜਾਂਚ ਕਰਨ ਤੋਂ ਇਲਾਵਾ ਅੰਗਰੇਜ਼ੀ ਕਾਨੂੰਨ ਨਿਸਚਿਤ ਰੂਪ ਨਾਲ ਇਹ ਨਹੀਂ ਦੇਖਦਾ ਕਿ ਕੀ ਸੰਘ ਕਿਸੇ ਇਕ ਨਿਸਚਿਤ ਢੰਗ ਨਾਲ ਸੰਗਠਿਤ ਹੈ ਜਾਂ ਨਹੀਂ ਅਤੇ ਮੇਰੀ ਸਮਝ ਵਿਚ ਇਹ ਨਹੀਂ ਆਉਂਦਾ ਕਿ ਇਸ ਦਸ ਵਿਚ ਇਸ ਸਿਧਾਂਤ ਨੂੰ ਕਿਉਂ ਨਹੀਂ ਅਪਣਾਇਆ ਜਾ ਸਕਦਾ। ਮੈਨੂੰ ਇਸ ਵਿਚ ਕੋਈ ਉਚਿੱਤਤਾ ਨਜ਼ਰ ਨਹੀਂ ਆਉਂਦੀ ਅਤੇ ਮੈਨੂੰ ਨਹੀਂ ਪਤਾ ਕਿ ਹੁਣ ਇਸ ਬਿਲ ਵਿਚ ਇਸ ਸਿਧਾਂਤ ਦਾ ਪ੍ਰਸਤਾਵ ਕਿਉਂ ਕੀਤਾ ਗਿਆ ਹੈ ?

ਸ੍ਰੀਮਾਨ ਜੀ, ਕੀ ਇਕ ਉਦਯੋਗ ਜਾਂ ਇਕ ਧੰਦੇ ਵਿਚ ਕੰਮ ਕਰ ਰਹੇ ਸਾਰੇ ਮਜ਼ਦੂਰਾਂ ਦਾ ਸੰਘ ਹੋਣਾ ਮੁਨਾਸਬ ਹੈ ? ਮੈਨੂੰ ਯਕੀਨ ਹੈ ਕਿ ਇਸ ਕਾਰਨ ਕਰਕੇ ਹੀ ਇਹ ਮੁਨਾਸਬ ਨਹੀਂ ਜਿਵੇਂ ਕਿ ਸਾਰੇ ਜਾਣਦੇ ਹਨ ਕਿ ਕਿਸੇ ਮਜ਼ਦੂਰ ਸੰਘ ਦੇ ਤਿੰਨ ਆਪਸੀ ਵੱਖਰੇ ਉਦੇਸ਼ ਜਾਂ ਟੀਚੇ ਹੋ ਸਕਦੇ ਹਨ। ਇਹ ਵੀ ਹੋ ਸਕਦਾ ਹੈ ਕਿ ਕਿਸੇ ਸੰਘ ਦੇ ਆਪਣੇ ਵਿਸ਼ੇਸ਼ ਹਿੱਤ ਦੀ ਤਰੱਕੀ ਦੇ ਮੰਤਵ ਹੋਣ, ਜਿਵੇਂ ਕਿ ਕਰਮਚਾਰੀ, ਮਜ਼ਦੂਰੀ, ਕੰਮ ਦੇ ਘੰਟੇ, ਉਦਯੋਗ ਵਿਚ ਤਰੱਕੀ ਆਦਿ। ਇਹਨਾਂ ਨੂੰ ਕੇਵਲ ਮਜ਼ਦੂਰ ਸੰਘ ਦੇ ਉਦੇਸ਼ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ, ਇਕ ਮਜ਼ਦੂਰ ਸੰਘ ਦੇ ਸਮਾਜਿਕ ਉਦੇਸ਼ ਹੋ ਸਕਦੇ ਹਨ, ਜੋ ਕੁਝ ਲਾਭ ਪ੍ਰਦਾਨ ਕਰਦੇ ਹਨ, ਜਿਵੇਂ -ਬੁਢੇਪਾ ਪੈਨਸ਼ਨ ਦੇਣਾ, ਮੈਂਬਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣਾ, ਉਹਨਾਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣਾ ਆਦਿ। ਇੰਗਲੈਂਡ ਵਿਚ ਇਹ ਸਮਾਜਿਕ ਉਦੇਸ਼ਾਂ ਦੇ ਨਾਂ ਨਾਲ ਜਾਣੇ ਜਾਂਦੇ ਹਨ। ਸੰਘ ਦਾ ਇਕ ਉਦੇਸ਼ ਕਿਸੇ ਅਜਿਹੀ ਰਾਜਨੀਤਕ ਵਿਚਾਰਧਾਰਾ ਨੂੰ ਅੱਗੇ ਵਧਾਉਣਾ ਵੀ ਹੋ ਸਕਦਾ ਹੈ ਜਿਸਨੂੰ ਉਹ ਆਪਣੀ ਆਰਥਿਕ ਤੇ ਸਮਾਜਿਕ ਸਥਿਤੀ ਦੀ ਸੁਰੱਖਿਆ ਦੇ ਲਈ ਜ਼ਿਆਦਾ ਉਪਯੁਕਤ ਸਮਝਦਾ ਹੋਵੇ। ਸ੍ਰੀਮਾਨ ਜੀ, ਹੁਣ ਮੇਰਾ ਪ੍ਰਸ਼ਨ ਹੈ ਕਿ ਕੀ ਕਿਸੇ ਉਦਯੋਗ ਵਿਚ ਕੰਮ ਕਰ ਰਹੇ ਸਾਰੇ ਵਿਅਕਤੀਆਂ

ਦੇ ਲਈ ਇਹਨਾਂ ਤਿੰਨ ਉਦੇਸ਼ਾਂ ਤੇ ਸਹਿਮਤ ਹੋਣਾ ਸੰਭਵ ਹੈ ? ਮੈਨੂੰ ਨਹੀਂ ਲਗਦਾ ਕਿ ਸਾਰੇ ਮਸਲਿਆਂ ਵਿਚ ਸਵੀਕਾਰਾਤਮਕ ਉੱਤਰ ਦੇਣਾ ਸੰਭਵ ਹੋਵੇਗਾ ਅਤੇ ਮੈਂ ਇਸ ਮਾਮਲੇ ਤੇ ਵਿਸਤਾਰਪੂਰਬਕ ਵਿਚਾਰ ਕਰਨ ਦਾ ਪ੍ਰਸਤਾਵ ਕਰਦਾ ਹਾਂ, ਤਾਂ ਕਿ ਇਹ ਦਿਖਾ ਸਕਾਂ ਕਿ ਸਾਨੂੰ ਸਵੀਕਾਰਾਤਮਕ ਉੱਤਰ ਕਿਉਂ ਨਹੀਂ ਮਿਲ ਸਕਦਾ । ਇਸੇ ਤਰ੍ਹਾਂ ਦਾ ਇਕ ਮਾਮਲਾ ਲੈਂਦੇ ਹਾਂ। ਉਦਾਹਰਨ ਦੇ ਤੌਰ ਤੇ ਬੰਬਈ ਵਿਚ ਕਪੜਾ ਮਿਲ ਮਜ਼ਦੂਰਾਂ ਦੀ ਇਕ ਸੰਸਥਾ ਹੈ ਅਤੇ ਮੈਂ ਇਸ ਮਾਮਲੇ ਵਿਚ ਕੇਵਲ ਹਵਾਲੇ ਅਧੀਨ ਪਹਿਲੂ ਨੂੰ ਹੀ ਲਵਾਂਗਾ, ਕਿਉਂਕਿ ਮੈਂ ਤਰਕ ਤੇ ਜ਼ੋਰ ਦੇਣਾ ਚਾਹੁੰਦਾ ਹਾਂ। ਉਥੇ ਮਿਲ ਉਦਯੋਗ ਵਿਚ ਕਈ ਮੁਸਲਮਾਨ ਕਰਮਚਾਰੀ ਹਨ। ਉਹ ਮਜ਼ਦੂਰ ਸੰਘ ਦੇ ਮੈਂਬਰ ਬਣਨ ਦੇ ਚਾਹਵਾਨ ਹਨ।ਪਰ ਹੋਰ ਗ਼ੈਰ-ਮੁਸਲਮਾਨ ਕਰਮਚਾਰੀ ਚਾਹੁੰਦੇ ਹਨ ਕਿ ਸੰਘ ਦੇ ਕਰਮਚਾਰੀ ਕਾਂਗਰਸ ਦੀਆਂ ਰਾਜਨੀਤਕ ਲੀਹਾਂ ਨੂੰ ਅਪਣਾਉਣ। ਅਜਿਹੇ ਵੀ ਮੁਸਲਮਾਨ ਮੈਂਬਰ ਹਨ ਜੋ ਕਿ ਸੰਘ ਵਿਚ ਸ਼ਾਮਲ ਹੋਣ ਨੂੰ ਤਿਆਰ ਹਨ ਪਰ ਮੁਸਲਿਮ ਲੀਗ ਦੀ ਰਾਜਨੀਤੀ ਦੀਆਂ ਲੀਹਾਂ ਤੇ ਚਲਣਾ ਠੀਕ ਸਮਝਦੇ ਹਨ। ਜਦੋਂ ਤਕ ਇਹਨਾਂ ਦੋਹਾਂ ਵਿਚੋਂ ਇਕ ਪਾਰਟੀ ਵੀ ਆਪਣਾ ਰਾਜਨੀਤਕ ਕਾਰਜਕਰਮ ਛੱਡਣ ਨੂੰ ਤਿਆਰ ਨਾ ਹੋਵੇਗੀ ਉਸ ਸਮੇਂ ਤਕ ਉਹ ਦੋ ਜਨ ਸਮੂਹਾਂ ਨੂੰ ਕਿਵੇਂ ਇਕ ਕਰਨਗੇ ? ਇਕ ਹੋਰ ਉਦਾਹਰਨ ਦੇਖੋ – ਅਜਿਹੇ ਕਈ ਕਰਮਚਾਰੀ ਹਨ ਜਿਹੜੇ ਅਛੂਤ ਜਾਤੀਆਂ ਨਾਲ ਸੰਬੰਧਿਤ ਹਨ। ਉਹ ਇਕ ਸੰਘ ਦਾ ਮੈਂਬਰ ਬਣਨ ਨੂੰ ਤਿਆਰ ਹਨ, ਪਰ ਨਾਲ ਹੀ ਉਹ ਇਸ ਗਲ ਤੇ ਵੀ ਜ਼ੋਰ ਦਿੰਦੇ ਹਨ ਕਿ ਜਿਸ ਜਾਤੀ ਵਿਚੋਂ ਉਨ੍ਹਾਂ ਨੂੰ ਲਿਆ ਗਿਆ ਹੈ, ਉਸ ਸੰਘ ਦੇ ਲਾਭ ਲਈ ਸੰਘ ਨੂੰ ਕੁਝ ਸਮਾਜਿਕ ਉਦੇਸ਼ਾਂ ਨੂੰ ਵਧਾਉਣਾ ਚਾਹੀਦਾ ਹੈ। ਉਹ ਚਾਹੁੰਦੇ ਹਨ ਕਿ ਉਹਨਾਂ ਦੀਆਂ ਜਾਤੀਆਂ ਨੂੰ ਕੁਝ ਹੋਰ ਸਹੂਲਤਾਂ ਦਿੱਤੀਆਂ ਜਾਣ। ਪਰ ਹੋਰ ਵਰਗਾਂ ਦੇ ਕਰਮਚਾਰੀ ਉਹਨਾਂ ਨਾਲ ਸਹਿਮਤ ਨਹੀਂ ਹਨ। ਇਹ ਸੰਘ ਕਿਵੇਂ ਬਣੇਗਾ ? ਮੇਰੀ ਸਮਝ ਵਿਚ ਨਹੀਂ ਆਉਂਦਾ ਕਿ ਤੁਸੀਂ ਅਜਿਹੀਆਂ ਸ਼ਰਤਾਂ ਕਿਉਂ ਰਖਦੇ ਹੋ, ਜਿਨ੍ਹਾਂ ਨਾਲ ਕੁਝ ਵੀ ਕਰਨਾ, ਇਤਨਾ ਅਸੰਭਵ ਹੋ ਜਾਂਦਾ ਹੈ। ਮੈਨੂੰ ਇਹ ਸੋਚਣਾ ਚਾਹੀਦਾ ਸੀ ਕਿ ਇਸ ਬਿਲ ਵਿਚ ਸ਼ਾਮਲ ਪ੍ਰਸਤਾਵ ਏਨਾ ਹੀ ਦੂਰਦਰਸ਼ੀ ਤੇ ਵਿਵੇਕਸ਼ੀਲ ਹੈ ਜਿੰਨਾਂ ਕਿ ਕਿਸੇ ਸਿਹਤ ਅਫ਼ਸਰ ਦਾ ਇਹ ਨਿਰਧਾਰਿਤ ਕਰਨਾ ਕਿ ਤੁਸੀਂ ਵਿਸ਼ੇਸ਼ ਪ੍ਰਕਾਰ ਦਾ ਘਰ ਬਣਾਉ, ਤੁਹਾਡਾ ਦਰਵਾਜ਼ਾ ਸਿਰਫ਼ ਦੱਖਣ ਵੱਲ ਖੁਲ੍ਹੇ, ਕੋਈ ਵੀ ਦਰਵਾਜ਼ਾ ਉੱਤਰ ਵੱਲ ਨਾ ਹੋਵੇ, ਤੁਹਾਡੇ ਕੋਲ ਕੇਵਲ ਖ਼ਾਸ ਤਰ੍ਹਾਂ ਦੀ ਖਿੜਕੀ ਹੋਵੇ, ਘਰ ਇਕ ਖ਼ਾਸ ਉਚਾਈ ਤੋਂ ਵੱਧ ਉੱਚਾ ਨਾ ਹੋਵੇ, ਇਕ ਅਜਿਹਾ ਘਰ ਬਣਾਉ ਜਿਸ ਦਾ ਐਲੀਵੇਸ਼ਨ (ਉਚਾਣ) ਵਿਸ਼ੇਸ਼ ਪ੍ਰਕਾਰ ਦਾ ਹੋਵੇ। ਇਸ ਲਈ ਜਾਂ ਤਾਂ ਤੁਸੀਂ ਅਜਿਹਾ ਘਰ ਬਣਾਉ, ਜਿਹੜਾ ਕਿ ਇਹਨਾਂ ਨਿਯਮਾਂ ਨੂੰ ਪੂਰਾ ਕਰਦਾ ਹੋਵੇ, ਨਹੀਂ ਤਾਂ ਤੁਸੀਂ ਗਲੀ ਵਿਚ ਪਏ ਰਹੋ। ਇਹ ਬਿਲ ਇਸ ਤਰ੍ਹਾਂ ਦਾ ਹੀ ਬਦਲ ਕਰਮਚਾਰੀਆਂ ਦੇ ਸਾਹਮਣੇ ਪੇਸ਼ ਕਰਦਾ ਹੈ। ਜੇਕਰ ਮਜ਼ਦੂਰਾਂ ਦੇ ਸੰਗਠਨ ਦਾ ਮਾਮਲਾ ਉਹਨਾਂ ਦੀ ਇੱਛਾ ਤੇ ਛੱਡ ਦਿੱਤਾ ਜਾਵੇ ਤਾਂ ਇਸ ਵਿਚ ਕੀ ਬੁਰਾਈ ਹੋ ਸਕਦੀ ਹੈ ? ਤੁਸੀਂ ਇਸ ਤੋਂ ਕੀ ਲੈਣਾ ਦੇਣਾ ਹੈ ? ਮੈਨੂੰ ਸਮਝ ਨਹੀਂ ਆਉਂਦੀ ਇਹ

ਸਭ ਕੀ ਹੈ ? ਅਤੇ ਇਕ ਉਦਯੋਗ ਵਿਚ ਕੰਮ ਕਰ ਰਹੇ ਸਾਰੇ ਲੋਕਾਂ ਨੂੰ ਇਕ ਵਿਸ਼ੇਸ਼ ਸੰਘ ਵਿਚ ਸ਼ਾਮਲ ਕਰਕੇ ਤੁਹਾਨੂੰ ਕੀ ਮਿਲੇਗਾ ? ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ, ਮੇਰਾ ਨਜ਼ਰੀਆ ਇਹ ਹੈ ਕਿ ਜੇਕਰ ਤੁਸੀਂ ਇਹ ਗ਼ੈਰ ਮੁਮਕਿਨ ਸ਼ਰਤਾਂ ਲਗਾਉਗੇ ਤਾਂ ਲੋਕ, ਸੰਘ ਬਣਾਉਣ ਦੀ ਬਿਲਕੁਲ ਚਿੰਤਾ ਨਹੀਂ ਕਰਨਗੇ। ਮੇਰੇ ਵਿਚਾਰ ਵਿਚ ਜਿਹੜੇ ਮੁਸਲਮਾਨ ਕਿਸੇ ਰਾਜਨੀਤਕ ਵਿਚਾਰਧਾਰਾ ਨੂੰ ਚੁਣਨਾ ਚਾਹੁੰਦੇ ਹਨ, ਉਹਨਾਂ ਨੂੰ ਉਹਨਾਂ ਦੀ ਮਨ-ਪਸੰਦ ਵਿਚਾਰਧਾਰਾ ਚੁਣਨੀ ਚਾਹੀਦੀ ਹੈ। ਜੇਕਰ ਉਹ ਸੋਚਦੇ ਹਨ ਕਿ ਉਹਨਾਂ ਦਾ ਮਜ਼ਦੂਰ ਸੰਘ ਮੁਸਲਿਮ ਲੀਗ ਦੀ ਨੀਤੀ ਨੂੰ ਮੰਨਣ ਲਈ ਤਿਆਰ ਨਹੀਂ ਅਤੇ ਉਹਨਾਂ ਲਈ ਮਜ਼ਦੂਰ ਸੰਘ ਦੇ ਹੋਣ ਦਾ ਕੋਈ ਲਾਭ ਨਹੀਂ, ਤਾਂ ਹੋ ਸਕਦਾ ਹੈ ਕਿ ਉਹ ਕਿਸੇ ਸੰਘ ਵਿਚ ਸ਼ਾਮਲ ਹੀ ਨਾ ਹੋਣ। ਇਸੇ ਤਰ੍ਹਾਂ ਹੀ ਜੇਕਰ ਅਛੂਤ ਮਹਿਸੂਸ ਕਰਦੇ ਹਨ ਕਿ ਉਹਨਾਂ ਨੂੰ ਆਪਣੇ ਬਚਿਆਂ ਦੀ ਵਿਦਿਆ ਅਤੇ ਉਹਨਾਂ ਦੀ ਸ਼੍ਰੇਣੀ ਨਾਲ ਸਬੰਧਿਤ ਹੋਰ ਸਹੂਲਤਾਂ ਲਈ ਕੁਝ ਵਿਵਸਥਾ ਕਰਨ ਦੀ ਇਜਾਜ਼ਤ ਨਹੀਂ ਹੈ ਤਾਂ ਉਹ ਅਜਿਹੇ ਸੰਘ ਦਾ ਨਾ ਹੋਣਾ ਹੀ ਪਸੰਦ ਕਰਨਗੇ। ਤੁਸੀਂ ਇੰਜ ਕਰਕੇ ਕਿਸ ਤਰ੍ਹਾਂ ਦੇ ਹਾਲਾਤ ਉਤਪੰਨ ਕਰ ਰਹੇ ਹੋ ਕਿ ਲੋਕ ਕੋਈ ਵੀ ਸੰਘ ਨਾ ਬਣਾਉਣ ਲਈ ਮਜਬੂਰ ਹੋ ਜਾਣ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਇਕ ਅਜਿਹੀ ਵਿਵਸਥਾ ਹੈ ਜਿਸ ਦੀ ਕਲਪਨਾ ਬਹੁਤ ਹੀ ਸ਼ਰਾਰਤਪੂਰਨ ਢੰਗ ਨਾਲ ਕੀਤੀ ਗਈ ਹੈ।

ਸ੍ਰੀਮਾਨ ਜੀ, ਉਪਬੰਧ 4 ਤੋਂ 20 ਵਿਚ ਦੂਸਰਾ ਪ੍ਰਸ਼ਨ ਇਹ ਉਠਦਾ ਹੈ ਕਿ ਮਜ਼ਦੂਰ ਸੰਘ ਦੇ ਅੰਦੋਲਨ ਦੀ ਸਥਿਰਤਾ ਤੇ ਇਸ ਬਿਲ ਦਾ ਕੀ ਪ੍ਰਭਾਵ ਪਏਗਾ ? ਮੰਨ ਲਵੋ ਕਿ ਅੰਤ ਵਿਚ ਕਿਸੇ ਮਜ਼ਦੂਰ ਸੰਘ ਵਿਚ ਮਾਲਕ ਦੇ ਕੰਟਰੋਲ ਤੋਂ ਮੁਕਤ ਹੋਣ ਦੀ ਇੱਛਾ ਪੈਦਾ ਹੋ ਜਾਂਦੀ ਹੈ ਤਾਂ ਇਸ ਬਿਲ ਦੇ ਉਪਬੰਧਾਂ ਵਿਚ ਕੋਈ ਅਜਿਹੀ ਗਰੰਟੀ ਹੈ ਕਿ ਉਹ ਸੰਘ ਇਕ ਸੁਚਾਰੂ ਸੰਘ ਦੇ ਰੂਪ ਵਿਚ ਬਣਿਆ ਰਹੇਗਾ ? ਜਿਥੋਂ ਤਕ ਮੈਂ ਇਸ ਬਿਲ ਦੇ ਉਪਬੰਧਾਂ ਨੂੰ ਪੜ੍ਹਿਆ ਹੈ ਉਨ੍ਹਾਂ ਅਨੁਸਾਰ ਇਕ ਵਾਰ ਰਜਿਸਟਰ ਹੋਇਆ ਸੰਘ ਉਸੇ ਰਜਿਸਟਰੇਸ਼ਨ ਨੂੰ ਬਣਾਈ ਰਖੇਗਾ। ਭਾਗ 10 ਸਭ ਤੋਂ ਖ਼ਤਰਨਾਕ ਹੈ। ਇਹ ਭਾਗ ਸੰਘ ਉਪਰ ਹਮੇਸ਼ਾਂ ਇਕ ਤਲਵਾਰ ਵਾਂਗੂ ਲਟਕਦਾ ਰਹੇਗਾ। ਇਸ ਦੀ ਹਸਤੀ ਹਮੇਸ਼ਾਂ ਮੁਸੀਬਤ ਵਿਚ ਰਹੇਗੀ ਅਤੇ ਇਹ ਕਦੇ ਵੀ ਨਿਸ਼ਚਿਤ ਨਹੀਂ ਹੋ ਸਕੇਗਾ ਕਿ ਕਾਨੂੰਨ ਦੇ ਅਨੁਸਾਰ ਅਜ ਜੋ ਇਸ ਦੀ ਹਸਤੀ ਹੈ ਇਹ ਉਸਨੂੰ ਕਲ੍ਹ ਵੀ ਬਰਕਰਾਰ ਰੱਖ ਸਕੇਗਾ। ਕਿਉਂਕਿ ਜੇਕਰ ਕੋਈ ਵਿਸ਼ੇਸ਼ ਹਾਲਾਤ ਪੈਦਾ ਨਾ ਹੋਏ ਤਾਂ ਇਸ ਦੀ ਰਜਿਸਟਰੇਸ਼ਨ ਨੂੰ ਰੱਦ ਕੀਤਾ ਜਾ ਸਕਦਾ ਹੈ ਅਤੇ ਜੇਕਰ ਇਕ ਵਾਰ ਰਜਿਸਟਰੇਸ਼ਨ ਰੱਦ ਹੋ ਜਾਏ ਤਾਂ ਇਸ ਦਾ ਪੂਰਾ ਢਾਂਚਾ ਮਿਟ ਜਾਏਗਾ ਜੋ ਕਿ ਬਹੁਤ ਮਿਹਨਤ ਨਾਲ ਅਤੇ ਬਹੁਤ ਸ਼ਕਤੀ ਲਗਾ ਕੇ ਬਣਾਇਆ ਗਿਆ ਸੀ। ਸ੍ਰੀਮਾਨ ਜੀ, ਇਸ ਵਿਚ ਅਗੇ ਵੀ ਸ਼ਰਾਰਤ ਕੀਤੀ ਗਈ ਹੈ ਅਤੇ ਉਹ ਇਹ ਹੈ ਕਿ ਸੰਘ ਦੀ ਰਜਿਸਟਰੇਸ਼ਨ ਦਾ ਰੱਦ ਹੋਣਾ ਵਿਰੋਧੀ ਸੰਘ ਜਾਂ ਮਾਲਕ ਤੇ ਛੱਡ ਦਿੱਤਾ ਜਾਵੇ, ਜਿਸ ਦਾ ਭਾਵ ਇਹ ਹੋਵੇਗਾ ਕਿ ਵਿਰੋਧੀ ਸੰਘ ਨੂੰ ਖ਼ਤਮ ਕਰਨ ਲਈ ਮਜ਼ਦੂਰ ਸੰਘਾਂ ਦੇ ਵਿਅਕਤੀਆਂ ਵਿਚ ਆਪਸੀ

ਦੁਸ਼ਮਣੀ, ਆਪਸੀ ਈਰਖਾ ਤੇ ਸਖ਼ਤ ਮੁਕਾਬਲਾ ਹੋਵੇਗਾ। ਇਸ ਲਈ ਜਿਹੜਾ ਮਜ਼ਦੂਰ ਸੰਘ ਐਕਟ ਅਧੀਨ ਇਕ ਵਾਰੀ ਰਜਿਸਟਰ ਹੋ ਗਿਆ, ਉਸਦੀ ਹਸਤੀ ਨੂੰ ਲਗਾਤਾਰ ਹੋਂਦ ਵਿਚ ਰੱਖਣ ਲਈ ਉਸਦੇ ਮੈਂਬਰਾਂ ਦੀ ਸੂਚੀ ਵਿਚ ਕਰਮਚਾਰੀਆਂ ਦੀ ਕੁਲ ਸੰਖਿਆ ਦਾ 51 ਫ਼ੀਸਦੀ ਹੋਣਾ ਲਾਜ਼ਮੀ ਹੈ। ਸ੍ਰੀਮਾਨ ਜੀ, ਮੈਂ ਇਕ ਵਾਰੀ ਫਿਰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਸੰਘ ਲਈ ਇੰਝ ਦਿਖਾਉਣਾ ਸੰਭਵ ਹੋਵੇਗਾ ਕਿ ਉਸਦੇ ਕੋਲ ਕੰਮ ਕਰ ਰਹੇ ਕਰਮਚਾਰੀਆਂ ਦੀ ਕੁਲ ਸੰਖਿਆ ਦੇ 51 ਫ਼ੀਸਦੀ ਮੈਂਬਰ ਹਨ ? ਇਹ ਇਕ ਦਿਲਚਸਪ ਗਲ ਹੋਵੇਗੀ। ਮੈਂ ਮੰਨਦਾ ਹਾਂ ਕਿ ਮੈਂ ਸਦਨ ਨੂੰ ਇਹ ਦਿਖਾਵਾਂ ਕਿ ਕਿਵੇਂ ਮਜ਼ਦੂਰ ਸੰਘ ਦੀ ਮੈਂਬਰਸ਼ਿਪ ਸਾਲ-ਦਰ-ਸਾਲ ਘਟਦੀ ਵਧਦੀ ਰਹਿੰਦੀ ਹੈ ਅਤੇ ਮੈਂ ਇਹ ਅੰਕੜੇ ਦਿੰਦਾ ਹਾਂ, ਜਿਹੜੇ ਗ੍ਰੇਟ ਬ੍ਰਿਟੇਨ ਦੇ ਅੰਕੜਿਆਂ ਵਿਚੋਂ ਲਏ ਹਨ। ਸਾਲ 1892 ਵਿਚ ਮਜ਼ਦੂਰ ਸੰਘ ਦੇ ਮੈਂਬਰਾਂ ਦੀ ਕੁਲ ਗਿਣਤੀ 1,526,000 ਸੀ। ਸਾਲ 1910 ਵਿਚ ਇਹ ਗਿਣਤੀ 2,265,000 ਹੋ ਗਈ ਸੀ। 1920 ਵਿਚ ਇਹ ਗਿਣਤੀ 8,346,000 ਸੀ। ਇਹ ਸਾਲ 1934 ਵਿਚ ਘਟ ਕੇ 4,441,000 ਰਹਿ ਗਈ। ਦੱਸ ਸਾਲਾਂ ਵਿਚ ਮਜ਼ਦੂਰ ਸੰਘਾਂ ਦੇ ਮੈਂਬਰਾਂ ਦੀ ਗਿਣਤੀ 50 ਫ਼ੀ ਸਦੀ ਘਟ ਗਈ। ਇਥੇ ਅਸੀਂ ਇਕ ਵਿਸ਼ੇਸ਼ ਉਦਯੋਗ ਦੇ ਅੰਕੜੇ ਲੈ ਰਹੇ ਹਾਂ। ਖੇਤੀਬਾੜੀ ਖੇਤਰ ਵਿਚ ਸਾਲ 1920 ਵਿਚ ਕੁਲ 210,000 ਮੈਂਬਰ ਸਨ ਜੋ ਕਿ 1932 ਵਿਚ ਕੇਵਲ 33,000 ਰਹਿ ਗਏ, ਉਹਨਾਂ ਦੀ ਗਿਣਤੀ 2,10,000 ਤੋਂ ਘਟ ਕੇ 33,000 ਰਹਿ ਗਈ। 1920 ਵਿਚ ਕੋਲਾ ਖਾਣ ਉਦਯੋਗ ਵਿਚ ਮੈਂਬਰਾਂ ਦੀ ਗਿਣਤੀ 1,115,000 ਸੀ। 1932 ਵਿਚ ਇਹ ਘਟ ਕੇ 554,000 ਰਹਿ ਗਈ। ਧਾਤ ਉਦਯੋਗ ਵਿਚ 1920 ਵਿਚ ਇਹ ਗਿਣਤੀ 1,172,000 ਸੀ ਅਤੇ 1932 ਵਿਚ ਇਹ 527,000 ਸੀ। ਮਕਾਨ ਉਸਾਰੀ ਉਦਯੋਗ ਵਿਚ 1920 ਵਿਚ ਮੈਂਬਰਾਂ ਦੀ ਗਿਣਤੀ 563,000 ਸੀ। 1932 ਵਿਚ ਇਹ ਘਟ ਕੇ 275,000 ਰਹਿ ਗਈ। 1920 ਵਿਚ ਆਵਾਜਾਈ ਅਤੇ ਆਮ ਮਜ਼ਦੂਰਾਂ ਦੀ ਕੁਲ ਗਿਣਤੀ 1,685,000 ਸੀ ਜਦ ਕਿ 1932 ਵਿਚ ਇਹ ਘਟ ਕੇ 660,000 ਰਹਿ ਗਈ। 1920 ਵਿਚ ਮਜ਼ਦੂਰ ਸੰਘ-ਕਾਂਗਰਸ ਦੀ ਕੁਲ ਮੈਂਬਰਸ਼ਿਪ 6,505,000 ਸੀ ਜਦ ਕਿ 1932 ਵਿਚ ਇਸ ਵਿਚ ਕੇਵਲ 3,613,000 ਮੈਂਬਰ ਰਹਿ ਗਏ। ਸ੍ਰੀਮਾਨ ਜੀ, ਜੇਕਰ ਇੰਗਲੈਂਡ ਵਰਗੇ ਦੇਸ ਵਿਚ ਜਿਥੇ ਮਜ਼ਦੂਰ ਸੰਘਵਾਦ ਕਰਮਚਾਰੀਆਂ ਲਈ ਸਹਿਜ ਸੁਭਾ ਵਾਲੀ ਗਲ ਕਹੀ ਜਾ ਸਕਦੀ ਹੈ, ਉਥੇ ਮਜ਼ਦੂਰ ਸੰਘ ਦੀ ਮੈਂਬਰਸ਼ਿਪ ਇਕ ਦਹਾਕੇ ਵਿਚ 50 ਫ਼ੀਸਦੀ ਘਟਦੀ-ਵਧਦੀ ਹੈ ਤਾਂ ਇਹ ਸਮਝ ਨਹੀਂ ਆਉਂਦਾ ਕਿ ਕੋਈ ਇਹ ਉਮੀਦ ਕਿਸ ਤਰ੍ਹਾਂ ਕਰ ਸਕਦਾ ਹੈ ਕਿ ਸਾਡੇ ਇਸ ਦੇਸ ਵਿਚ ਮਜ਼ਦੂਰ ਸੰਘ ਦਾ ਕੋਈ ਵੀ ਸੰਗਠਨ ਹਮੇਸ਼ਾਂ ਆਪਣੇ ਮੈਂਬਰਾਂ ਦੀ ਸੂਚੀ ਵਿਚ ਕੁਲ ਮੈਂਬਰਾਂ ਦੇ 51 ਫ਼ੀਸਦੀ ਦੀ ਮੈਂਬਰਸ਼ਿਪ ਕਾਇਮ ਰੱਖ ਸਕਦਾ ਹੈ ? ਜੇਕਰ ਮੈਂਬਰਸ਼ਿਪ ਇਕ ਫੀਸਦੀ ਤਕ ਡਿੱਗ ਜਾਂਦੀ ਹੈ ਤਾਂ ਉਸਨੂੰ ਆਪਣਾ ਸਾਰਾ ਕਾਰੋਬਾਰ ਹੀ ਖਤਮ ਕਰਨਾ ਪਵੇਗਾ। ਮੈਂ ਪੁਛਦਾ ਹਾਂ ਕਿ ਕੀ ਇਹ ਯੁਕਤੀਸ਼ੀਲ ਹੈ ? ਕੀ ਇਹ ਅਜਿਹੀ ਸ਼ਰਤ ਹੈ, ਜਿਸ ਵਿਚ ਮਜ਼ਦੂਰ ਸੰਘ

ਅੰਦੋਲਨ ਦਾ ਵਿਕਾਸ ਜ਼ਰੂਰ ਹੋ ਸਕੇਗਾ ? ਜੇਕਰ ਹਰ ਇਕ ਰਜਿਸਟਰਡ ਮਜ਼ਦੂਰ ਸੰਘ ਨੂੰ ਆਪਣੀ ਰਜਿਸਟਰੇਸ਼ਨ ਨੂੰ ਰੱਦ ਸਮਝਣ ਲਈ ਤਿਆਰ ਰਹਿਣਾ ਪਏ ਅਤੇ ਦਿਨ-ਪ੍ਰਤੀਦਿਨ ਇਸ ਹੀ ਡਰ ਵਿਚ ਰਹਿਣਾ ਪਏ, ਤਾਂ ਇਸ ਦੇਸ ਵਿਚ ਮਜ਼ਦੂਰ ਸੰਘਵਾਦ ਦੇ ਪ੍ਰਫੁੱਲਤ ਹੋਣ ਦਾ ਕੀ ਭਵਿੱਖ ਹੈ ?

ਸ੍ਰੀਮਾਨ ਜੀ, ਇਕ ਅਫ਼ਸੋਸਨਾਕ ਲੱਛਣ ਹੋਰ ਵੀ ਹੈ ਜੋ ਕਿ ਗੰਭੀਰ ਵਿਚਾਰ ਦਾ ਵਿਸ਼ਾ ਹੋ ਸਕਦਾ ਹੈ ਅਤੇ ਉਹ ਇਹ ਹੈ ਕਿ ਇਸ ਬਿਲ ਦੇ ਅਧੀਨ ਜਿਸ ਵਿਅਕਤੀ ਨੂੰ ਸੰਘ ਦੀ ਰਜਿਸਟਰੇਸ਼ਨ ਰੱਦ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ, ਉਹ ਆਪਣੇ ਹੀ ਸੰਘ ਦੀ ਰਜਿਸਟ੍ਰੇਸ਼ਨ ਲਈ ਅਰਜ਼ੀ ਨਹੀਂ ਦੇ ਸਕਦਾ। ਮੈਂ ਇਸ ਪ੍ਰਸਤਾਵ ਨੂੰ ਉਚਿੱਤ ਸਮਝ ਸਕਦਾ, ਜੇਕਰ ਰਜਿਸਟਰੇਸ਼ਨ ਰੱਦ ਕਰਨ ਦਾ ਅਧਿਕਾਰ ਸੰਘ ਦੇ ਉਹਨਾਂ ਮੈਂਬਰਾਂ ਨੂੰ ਦਿੱਤਾ ਗਿਆ ਹੁੰਦਾ, ਜੋ ਇਸ ਤੱਥ ਦੇ ਕਾਰਨ ਆਪਣੇ ਸੰਘ ਨੂੰ ਰਜਿਸਟਰ ਕਰਵਾਉਣ ਦੀ ਹਾਲਤ ਵਿਚ ਹੁੰਦੇ ਕਿ ਉਹਨਾਂ ਦੇ ਕੋਲ ਮੁਕਾਬਲੇ ਵਿਚ ਜ਼ਿਆਦਾ ਮੈਂਬਰ ਹਨ। ਮੈਂ ਅਜਿਹੀ ਸਥਿਤੀ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹਾਂ। ਪਰ ਬਿਲ ਦੇ ਭਾਗ 10 ਨੂੰ ਪੜ੍ਹ ਕੇ ਇਹ ਪਤਾ ਲਗਦਾ ਹੈ ਕਿ ਕਿਸੇ ਵਿਅਕਤੀ ਨੂੰ ਆਪਣੇ ਸੰਘ ਦੀ ਰਜਿਸਟਰੇਸ਼ਨ ਕਰਾਉਣ ਦੀ ਸਥਿਤੀ ਵਿਚ ਹੋਣਾ ਲਾਜ਼ਮੀ ਨਹੀਂ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਉਸ ਕੋਲ ਕਿਸੇ ਉਦਯੋਗ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਕੁਲ ਗਿਣਤੀ ਦਾ 51 ਫ਼ੀਸਦੀ ਵੀ ਮੈਂਬਰਸ਼ਿਪ ਦੇ ਤੌਰ ਤੇ ਨਾ ਹੋਵੇ। ਕਿਸੇ ਸ਼ਰਾਰਤ ਕਰਨ ਵਾਲੇ ਲਈ ਕੇਵਲ ਇਤਨਾ ਹੀ ਸਿੱਧ ਕਰਨਾ ਜ਼ਰੂਰੀ ਹੈ ਕਿ ਮਾਲਕ ਦੇ ਹਾਜ਼ਰੀ ਰਜਿਸਟਰ ਅਤੇ ਸੰਘ ਦੇ ਹਾਜ਼ਰੀ ਰਜਿਸਟਰ ਦੇ ਹਿਸਾਬ ਨਾਲ ਕਰਮਚਾਰੀਆਂ ਦੀ ਫ਼ੀਸਦੀ, 50 ਫ਼ੀਸਦੀ ਤੋਂ ਘਟ ਹੋ ਗਈ ਹੈ। ਜਿਵੇਂ ਕਿ ਮੈਂ ਕਿਹਾ ਹੈ, ਉਦਯੋਗਿਕ ਹਾਲਾਤੇ ਅਨੁਸਾਰ ਜਿਥੇ ਕੰਮ ਘਟਦਾ ਵਧਦਾ ਰਹਿੰਦਾ ਹੈ, ਮਜ਼ਦੂਰ ਵੀ ਘਟਦੇ ਵਧਦੇ ਰਹਿੰਦੇ ਹਨ, ਉਥੇ ਇਹ ਸ਼ਰਤਾਂ ਪੂਰੀਆਂ ਕਰਨੀਆਂ ਅਸੰਭਵ ਹਨ।

ਸ੍ਰੀਮਾਨ ਜੀ, ਇਕ ਹੋਰ ਉਪਬੰਧ ਹੈ ਜਿਸ ਵਲ ਮੈਂ ਸਦਨ ਦਾ ਧਿਆਨ ਦਿਵਾਉਣਾ ਜ਼ਰੂਰੀ ਸਮਝਦਾ ਹਾਂ ਅਤੇ ਉਹ ਇਹ ਹੈ ਕਿ ਅਜਿਹੇ ਸੰਘ ਦਾ ਕੀ ਹੋਵੇਗਾ ਜਿਸਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਗਈ ਹੈ ? ਕੀ ਉਹ ਮੁੜ ਰਜਿਸਟਰੇਸ਼ਨ ਲਈ ਅਰਜ਼ੀ ਦੇ ਸਕਦਾ ਹੈ ? ਉੱਤਰ ਇਹ ਹੈ ਕਿ ਬਿਲ ਦਾ ਭਾਗ 54 ਉਦਯੋਗਿਕ ਅਦਾਲਤ ਨੂੰ ਕਿਸੇ ਹਾਲਤ ਅੰਦਰ ਇਹ ਘੋਸ਼ਣਾ ਕਰਨ ਦੀ ਸ਼ਕਤੀ ਦਿੰਦਾ ਹੈ ਕਿ ਸੰਘ ਦੀ ਰਜਿਸਟਰੇਸ਼ਨ ਰੱਦ ਹੋ ਗਈ ਹੈ। ਇਸ ਅਨੁਸਾਰ :

ਇਸ ਐਕਟ ਦੇ ਅਧੀਨ ਜੇਕਰ ਕਿਸੇ ਕਾਰਵਾਈ ਵਿਚ, ਉਦਯੋਗਿਕ ਅਦਾਲਤ ਇਹ ਸਮਝਦੀ ਹੈ ਕਿ ਕਿਸੇ ਸੰਘ ਦੀ ਰਜਿਸਟਰੇਸ਼ਨ ਜਾਂ ਕਿਸੇ ਸੰਘ ਦੀ ਘੋਸ਼ਣਾ ਜਾਇਜ਼ ਮਜ਼ਦੂਰ ਸੰਘ ਦੇ ਤੌਰ ਤੇ ਜਾਂ ਪ੍ਰਤੀਨਿਧੀ ਸੰਘ ਦੇ ਤੌਰ ਤੇ ਗ਼ਲਤੀ ਨਾਲ ਜਾਂ ਗਲਤ ਹਾਲਾਤ ਦਰਸਾ ਕੇ ਕੀਤੀ ਗਈ ਹੈ ਜਾਂ ਕਿਸੇ ਅਜਿਹੇ ਸੰਘ ਨੇ ਇਸ ਬਿਲ ਦੇ ਕਿਸੇ ਉਪਬੰਧ ਨੂੰ ਨਜ਼ਰਅੰਦਾਜ਼ ਕੀਤਾ ਹੈ ਤਾਂ ਉਦਯੋਗਿਕ ਅਦਾਲਤ ਇਹ ਹਿਦਾਇਤ ਜਾਰੀ ਕਰ ਸਕਦੀ

ਹੈ ਕਿ ਅਜਿਹੇ ਸੰਘ ਦੀ ਰਜਿਸਟਰੇਸ਼ਨ ਨੂੰ ਅਜਿਹੇ ਸੰਘ ਦੀ ਨਾਕਾਬਲ ਮਜ਼ਦੂਰ ਸੰਘ ਜਾਂ ਪ੍ਰਤੀਨਿਧਤਾ ਸੰਘ ਦੇ ਤੌਰ ਤੇ ਕੀਤੀ ਗਈ ਘੋਸ਼ਣਾ ਨੂੰ ਰੱਦ ਕਰ ਦਿੱਤਾ ਜਾਏ।

ਹੁਣ ਭਾਗ 8 ਨੂੰ ਲੈ ਲਵੋ। ਇਸ ਵਿਚ ਰਜਿਸਟਰਾਰ ਨੂੰ ਦਿਤੀ ਗਈ ਹਿਦਾਇਤ ਇਹ ਹੈ ਕਿ ਰਜਿਸਟਰੇਸ਼ਨ ਦੇ ਮਾਮਲੇ ਵਿਚ ਉਸਨੂੰ ਕਿਹੜੇ ਨਿਯਮਾਂ ਦਾ ਪਾਲਣ ਕਰਨਾ ਹੈ। ਸਦਨ ਵੇਖੇਗਾ ਕਿ ਜੋ ਮੈਂ ਕਹਿ ਰਿਹਾ ਹਾਂ ਉਹ ਬਿਲਕੁਲ ਠੀਕ ਹੈ। ਭਾਗ 8 ਦਾ ਸਾਰ ਇਸ ਤਰ੍ਹਾਂ ਹੈ:

ਧਾਰਾ 7 ਦੇ ਅਧੀਨ ਦਰਜ ਕਰਨ ਲਈ ਕਿਸੇ ਸੰਘ ਦੀ ਅਰਜ਼ੀ ਮਿਲਣ ਤੇ ਜਾਂ ਮਿਥੇ ਗਏ ਕਰ ਦੀ ਅਦਾਇਗੀ ਹੋ ਜਾਣ ਤੇ ਰਜਿਸਟਰਾਰ, ਜਿਵੇਂ ਵੀ ਠੀਕ ਸਮਝੇ, ਅਜਿਹੀ ਜਾਂਚ ਕਰ ਸਕਦਾ ਹੈ, ਬਸ਼ਰਤੇ ਕਿ ਉਸ ਦੀ ਇਸ ਗਲ ਤੇ ਤੱਸਲੀ ਹੋ ਜਾਂਦੀ ਹੈ ਕਿ ਅਜਿਹਾ ਸੰਘ ਰਜਿਸਟਰ ਕਰਨ ਲਈ ਧਾਰਾ 7 ਵਿਚ ਦਰਜ ਜ਼ਰੂਰੀ ਸ਼ਰਤਾਂ ਦਾ ਪਾਲਣ ਕਰਦਾ ਹੈ ਅਤੇ ਐਕਟ ਦੇ ਅਧੀਨ ਰਜਿਸਟਰ ਹੋਣ ਦੇ ਕਾਬਲ ਨਹੀਂ ਹੈ।

ਇਹ ਵੀ ਭਾਗ 8 ਦੁਆਰਾ ਨਿਰਧਾਰਤ ਸ਼ਰਤਾਂ ਵਿਚੋਂ ਇਕ ਹੈ ਕਿ ਸੰਘ ਨੂੰ ਭਾਗ 54 ਅਧੀਨ ਰੱਦ ਨਾ ਕੀਤਾ ਗਿਆ ਹੋਵੇ। ਹੁਣ ਮੈਂ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ ਕਿ ਅਜਿਹੀ ਸਥਾਈ ਅਯੋਗਤਾ ਕਿਉਂ ਹੋਣੀ ਚਾਹੀਦੀ ਹੈ? ਮੈਂ ਇਹ ਸ਼ਮਝਦਾ ਹਾਂ ਕਿ ਕੁਝ ਸਮੇਂ ਲਈ ਅਯੋਗਤਾ ਹੋ ਸਕਦੀ ਹੈ। ਇਹ ਬਹਿਸ ਕਰਨਾ ਸੰਭਵ ਹੋ ਸਕਦਾ ਹੈ ਜਿਸ ਵਿਅਕਤੀ ਨੇ ਰਜਿਸਟਰੇਸ਼ਨ ਧੋਖੇ ਨਾਲ, ਗ਼ਲਤ ਬਿਆਨੀ ਕਰਕੇ ਕਰਾਈ ਹੈ, ਉਸਨੂੰ ਕੁਝ ਸਮੇਂ ਲਈ ਪਰੀਖਿਆ ਅਧੀਨ ਰੱਖਿਆ ਜਾਵੇ। ਮੈਂ ਇਸ ਤਰ੍ਹਾਂ ਦੇ ਪ੍ਰਸਤਾਵ ਦੀ ਉਚਿੱਤਤਾ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹਾਂ। ਪਰ ਮੈਂ ਉਸ ਪ੍ਰਤਿਬੰਧ ਦੀ ਉਚਿੱਤਤਾ ਨੂੰ ਨਹੀਂ ਸਮਝ ਸਕਦਾ, ਜਿਹੜਾ ਕਹਿੰਦਾ ਹੈ ਕਿ ਕਿਉਂਕਿ ਇਕ ਵਿਅਕਤੀ ਧੋਖੇ ਜਾਂ ਗ਼ਲਤ ਤੱਥ ਪੇਸ਼ ਕਰਨ ਦਾ ਦੋਸ਼ੀ ਹੈ, ਇਸ ਲਈ ਉਸਨੂੰ ਰਜਿਸਟਰਾਰ ਦੇ ਸਾਹਮਣੇ ਆਉਣ ਅਤੇ ਆਪਣੇ ਸੰਘ ਦੀ ਰਜਿਸਟਰੇਸ਼ਨ ਕਰਾਉਣ ਲਈ ਵੀ ਪੱਕੇ ਤੌਰ ਤੇ ਵੰਚਿਤ ਕਰ ਦੇਣਾ ਚਾਹੀਦਾ ਹੈ। ਸ੍ਰੀਮਾਨ ਜੀ, ਮੈਂ ਇਸ ਸਬੰਧ ਵਿਚ ਉਸ ਉਪਬੰਧ ਦਾ ਵਰਨਣ ਕਰਦਾ ਹਾਂ, ਜਿਹੜਾ ਕਿ 1935 ਦੇ ਭਾਰਤ ਸਰਕਾਰ ਐਕਟ ਵਿਚ ਹੈ। ਇਸ ਸਦਨ ਦੇ ਮੈਂਬਰਾਂ ਨੂੰ ਭਾਰਤ ਸਰਕਾਰ ਦੇ ਐਕਟ ਵਿਚ ਦਰਜ ਕੁਝ ਅਯੋਗਤਾਵਾਂ ਦਾ ਟਾਕਰਾ ਕਰਨਾ ਪਵੇਗਾ। ਅਸੀਂ ਜਾਣਦੇ ਹਾਂ ਕਿ ਵਿਅਕਤੀ ਚੋਣ ਵਿਚ ਇਸ ਲਈ ਖੜ੍ਹੇ ਨਹੀਂ ਹੋ ਸਕਦੇ, ਕਿਉਂਕਿ ਉਹਨਾਂ ਨੂੰ ਅਯੋਗ ਕਰਾਰ ਦਿੱਤਾ ਹੁੰਦਾ ਗਿਆ ਹੈ ਅਤੇ ਇਹ ਵੀ ਕਿ ਕੁਝ ਵਿਅਕਤੀ ਚੁਣੇ ਜਾਣ ਤੋਂ ਬਾਅਦ ਵੀ ਵਿਧਾਨ ਮੰਡਲ ਦੇ ਮੈਂਬਰ ਨਹੀਂ ਬਣ ਸਕਦੇ ਕਿਉਂਕਿ ਉਹ ਅਯੋਗ ਹੁੰਦੇ ਹਨ। ਮੈਂ ਅਜਿਹੇ ਮੈਂਬਰਾਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਇਹ ਕਿਹਾ ਗਿਆ ਹੈ ਕਿ ਸਰਕਾਰ ਮੇਰੀ ਸਹਾਇਤਾ ਲਈ ਆ ਗਈ ਅਤੇ ਮੇਰੇ ਲਈ ਸੀਟ ਬਚਾਉਣ ਵਿਚ ਕਾਮਯਾਬ ਹੋ ਗਈ, ਨਹੀਂ ਤਾਂ ਮੈਨੂੰ ਅਯੋਗ ਕਰਾਰ ਦਿੱਤਾ ਜਾਂਦਾ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਦੇ ਐਕਟ ਵਿਚ ਦਰਜ ਅਯੋਗਤਾਵਾਂ ਨਿਸ਼ਚਿਤ ਤੌਰ ਤੇ

ਸਥਾਈ ਨਹੀਂ ਹਨ। ਇਹ ਅਯੋਗਤਾਵਾਂ ਆਰਜ਼ੀ ਹਨ। ਸਮੇਂ ਦੇ ਨਾਲ ਜੇਕਰ ਇਕ ਵਾਰੀ ਅਯੋਗਤਾ ਖ਼ਤਮ ਹੋ ਜਾਂਦੀ ਹੈ ਤਾਂ ਮੈਂਬਰ ਚੋਣਾਂ ਵਿਚ ਖੜ੍ਹੇ ਹੋਣ ਅਤੇ ਇਸ ਸਦਨ ਦਾ ਮੈਂਬਰ ਬਨਣ ਦੇ ਕਾਬਲ ਹੋ ਜਾਂਦਾ ਹੈ। ਜੇਕਰ ਭਾਰਤ ਸਰਕਾਰ ਦੇ ਐਕਟ ਵਿਚ ਇਸ ਸਿਧਾਂਤ ਨੂੰ ਹੀ ਸ਼ਾਮਲ ਕੀਤਾ ਗਿਆ ਹੈ ਅਤੇ ਜੇਕਰ ਅਸੀਂ ਉਨ੍ਹਾਂ ਮੈਂਬਰਾਂ ਦੀ ਅਯੋਗਤਾ ਜੋ ਕਿ ਸਦਨ ਵਿਚ ਆਪਣੇ ਅਧਿਕਾਰਾਂ, ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਅਤੇ ਫਰਜ਼ਾਂ ਦੇ ਪਾਲਣ ਕਰਨ ਲਈ ਸਾਰੇ ਨੈਤਿਕ ਦੋਸ਼ਾਂ ਅਤੇ ਹਰ ਤਰ੍ਹਾਂ ਦੀ ਚਰਿੱਤਰਹੀਨਤਾ ਤੋਂ ਮੁਕਤ ਰਹਿੰਦੇ ਹਨ, ਸਥਾਈ ਨਹੀਂ ਹੈ, ਤਾਂ ਮੈਂ ਪੁੱਛਦਾ ਹਾਂ ਕਿ ਉਹਨਾਂ ਵਿਅਕਤੀਆਂ ਦੀ ਅਯੋਗਤਾ ਸਥਾਈ ਕਿਉਂ ਹੋਣੀ ਚਾਹੀਦੀ ਹੈ, ਜਿਹੜੇ ਕਿ ਮਜ਼ਦੂਰਾਂ ਨੂੰ ਸੰਗਠਿਤ ਕਰ ਰਹੇ ਹਨ ? ਇਸ ਦਾ ਕੋਈ ਉੱਤਰ ਸਮਝ ਵਿਚ ਨਹੀਂ ਆਉਂਦਾ। ਅਸਲ ਵਿਚ ਮੈਂ ਕਹਾਂਗਾ ਕਿ ਇਹ ਉਪਬੰਧ ਸਚਮੁਚ ਕਲਕੱਤਾ ਦੀ ਅਦਾਲਤ ਦੇ ਪੂਰੇ ਬੈਂਚ ਦੇ ਫ਼ੈਸਲੇ ਨੂੰ ਰੱਦ ਕਰ ਦਿੰਦਾ ਹੈ। ਮੈਨੂੰ ਅਫ਼ਸੋਸ ਹੈ ਕਿ ਮੈਂ ਜਲਦਬਾਜ਼ੀ ਵਿਚ ਆਇਆ ਸੀ, ਇਸ ਲਈ ਰਿਪੋਰਟ ਤੇ ਚੰਗੀ ਤਰ੍ਹਾਂ ਨਾਲ ਵਿਚਾਰ ਨਹੀਂ ਕਰ ਸਕਦਾ। ਪਰ ਇਕ ਮਾਮਲਾ ਅਜਿਹਾ ਹੈ ਜਿਸਦੇ ਬਾਰੇ ਹੋ ਸਕਦਾ ਹੈ ਕਾਫ਼ੀ ਮੈਂਬਰਾਂ ਨੂੰ ਪਤਾ ਹੋਵੇ –ਘਟ ਤੋਂ ਘਟ ਉਹਨਾਂ ਨੂੰ ਜਿਹੜੇ ਕਿ ਮਜ਼ਦੂਰ ਰਾਜਨੀਤੀ ਵਿਚ ਦਿਲਚਸਪੀ ਲੈਂਦੇ ਹਨ – ਕਿ ਸੰਕਟਕਾਲ ਸ਼ਕਤੀ ਸਬੰਧੀ ਐਕਟ ਦੇ ਅਧੀਨ ਇਕ ਸੰਘ ਨੂੰ ਰਜਿਸਟਰਾਰ ਨੇ ਗ਼ੈਰ ਕਾਨੂੰਨੀ ਘੋਸ਼ਿਤ ਕਰ ਦਿੱਤਾ, ਕਿਉਂਕਿ ਉਸ ਨੂੰ ਸਾਮਵਾਦੀ ਚਲਾ ਰਹੇ ਸਨ। ਜਿਥੋਂ ਤਕ ਸੰਕਟਕਾਲ ਸ਼ਕਤੀ ਸਬੰਧੀ ਐਕਟ ਦਾ ਸਬੰਧ ਹੈ, ਇਹ ਪੂਰਨ ਤੌਰ ਤੇ ਉਚਿਤ ਸੀ। ਪਰ ਉਹ ਵਿਅਕਤੀ ਅਤੇ ਉਹ ਸਾਮਵਾਦੀ ਜਿਹੜੇ ਸੰਘ ਦੇ ਪ੍ਰਬੰਧਕ ਸਨ, ਉਹ ਕਿਸੇ ਤਰ੍ਹਾਂ ਵੀ ਹਾਰ ਮੰਨਣ ਵਾਲੇ ਨਹੀਂ ਸਨ। ਉਹਨਾਂ ਨੇ ਇਕ ਹੋਰ ਢੰਗ ਲਭ ਲਿਆ ਅਤੇ ਉਹ ਢੰਗ ਇਹ ਸੀ ਕਿ ਨਵੇਂ ਨਾਂ ਦੀ ਰਜਿਸਟਰੇਸ਼ਨ ਲਈ ਇਕ ਹੋਰ ਅਰਜ਼ੀ ਦੇ ਦਿੱਤੀ ਜਾਵੇ। ਰਜਿਸਟਰਾਰ ਨੂੰ ਇਸ ਵਿਚ ਕੁਝ ਗੜਬੜ ਲਗੀ, ਕਿਉਂਕਿ ਉਸਨੇ ਵੇਖਿਆ ਕਿ ਜਿਹੜੇ ਵਿਅਕਤੀ ਦੀ ਰਜਿਸਟਰੇਸ਼ਨ ਰੱਦ ਕਰ ਦਿੱਤੀ ਗਈ ਸੀ ਅਤੇ ਜਿਹੜਾ ਅਰਜ਼ੀ ਦੇ ਰਿਹਾ ਸੀ, ਉਹ ਇਕ ਹੀ ਵਿਅਕਤੀ ਹੈ। ਉਸਨੇ ਕਿਹਾ, "ਮੈਨੂੰ ਰੁਕਣਾ ਚਾਹੀਦਾ ਹੈ ਅਤੇ ਇਸ ਦੀ ਪੜਤਾਲ ਕਰਨੀ ਚਾਹੀਦੀ ਹੈ"। ਇਸ ਲਈ ਉਸ ਨੇ ਇਸ ਨਵੇਂ ਸੰਘ ਦੇ ਕਾਰਿੰਦਿਆਂ ਅਤੇ ਪ੍ਰਬੰਧਕਾਂ ਦੀ ਪੜਤਾਲ ਕੀਤੀ, ਜਿਨ੍ਹਾਂ ਨੇ ਰਜਿਸਟਰੇਸ਼ਨ ਲਈ ਅਰਜ਼ੀ ਦਿੱਤੀ ਸੀ। ਉਸ ਨੇ ਆਖਿਆ," ਤੁਸੀਂ ਉਹੋ ਵਿਅਕਤੀ ਹੋ, ਮੈਂ ਰਜਿਸਟਰੇਸ਼ਨ ਨਹੀਂ ਕਰਾਂਗਾ।" ਉਹ ਕਲਕੱਤਾ ਹਾਈ ਕੋਰਟ ਵਿਚ ਗਏ ਅਤੇ ਕਲਕੱਤਾ ਹਾਈਕੋਰਟ ਨੇ ਫ਼ੈਸਲਾ ਦਿੱਤਾ ਗਿ ਸੰਗਠਨ ਦੇ ਕਰਮਚਾਰੀਆਂ ਦੀ ਜਾਂਚ ਕਰਨਾ ਰਜਿਸਟਰਾਰ ਦਾ ਕੰਮ ਨਹੀਂ ਹੈ। ਰਜਿਸਟਰਾਰ ਕੇਵਲ ਸੰਘ ਦੀ ਸਥਾਪਨਾ ਦੇ ਉਦੇਸ਼ਾਂ ਦੀ, ਅਤੇ ਇਸ ਗੱਲ ਦੀ ਕਿ ਕੀ ਸੱਤ ਵਿਅਕਤੀਆਂ ਨੇ ਅਰਜ਼ੀ ਤੇ ਹਸਤਾਖਰ ਕੀਤੇ ਹਨ, ਜਾਂਚ ਕਰਨ ਦਾ ਅਧਿਕਾਰੀ ਹੈ। ਇਸਤੋਂ ਇਲਾਵਾ ਉਸ ਨੂੰ ਹੋਰ ਕਿਸੇ ਵੀ ਗਲ ਨਾਲ ਕੋਈ ਮਤਲਬ ਨਹੀਂ। ਪੁਰਾਣੇ ਕਾਨੂੰਨ ਦੇ ਅਧੀਨ ਇਹੋ ਹੀ ਸਥਿਤੀ ਸੀ। ਅਰਥਾਤ, ਉਹੀ ਵਿਅਕਤੀ ਜਿਹੜਾ ਇਕ ਵਾਰੀ ਅਯੋਗ ਕਰਾਰ ਦੇ ਦਿੱਤਾ

ਜਾ ਚੁੱਕਾ ਹੋਵੇ, ਉਹ ਕਿਸੇ ਕਾਨੂੰਨੀ ਅੜਚਨ ਤੋਂ ਬਗ਼ੈਰ ਰਜਿਸਟਰੇਸ਼ਨ ਕਰਾ ਸਕਦਾ ਹੈ। ਜਿਹੜੇ ਵਿਅਕਤੀ ਮਜ਼ਦੂਰਾਂ ਨੂੰ ਇਕੱਠਿਆਂ ਕਰਨਾ ਚਾਹੁੰਦੇ ਹਨ ਉਹਨਾਂ ਦੇ ਰਸਤੇ ਵਿਚ ਇਹ ਬਿਲ ਲਗਾਤਾਰ ਰੁਕਾਵਟਾਂ ਖੜ੍ਹੀਆਂ ਕਰਦਾ ਹੈ, ਕਿਉਂਕਿ ਉਹਨਾਂ ਨੇ ਕਦੇ ਕਿਸੇ ਤਰ੍ਹਾਂ ਦਾ ਧੋਖਾ ਕੀਤਾ ਸੀ ਜਾਂ ਗ਼ਲਤ ਤੱਥ ਪੇਸ਼ ਕੀਤੇ ਸਨ। ਬਿਲ ਦੇ ਉਪਬੰਧਾਂ ਦੇ ਬਾਰੇ ਮੈਂ ਇਹੋ ਹੀ ਕਹਿਣਾ ਚਾਹੁੰਦਾ ਸੀ।

ਬਿਨਾਂ ਸ਼ੱਕ ਇਹ ਕਿਹਾ ਜਾ ਸਕਦਾ ਹੈ ਕਿ ਕੀ ਇਹ ਬਿਲ ਕਰਮਚਾਰੀ ਅਤੇ ਮਾਲਕ ਵਿਚਕਾਰ ਵਿਹਾਰ ਵਿਚ ਸਮਾਨਤਾ ਲਿਆਉਂਦਾ ਹੈ ? ਕਿਉਂਕਿ, ਜਿਵੇਂ ਕਿ ਇਹ ਬਿਲ ਕਰਮਚਾਰੀਆਂ ਦੀ ਹੜਤਾਲ ਹੋਣ ਤੇ ਜੁਰਮਾਨੇ ਦੀ ਵਿਵਸਥਾ ਕਰਦਾ ਹੈ, ਇਹ ਮਾਲਕਾਂ ਵਲੋਂ ਕੀਤੀ ਗਈ ਤਾਲਾਬੰਦੀ ਦੇ ਲਈ ਵੀ ਦੰਡ ਦੀ ਵਿਵਸਥਾ ਕਰਦਾ ਹੈ। ਮੈਨੂੰ ਨਹੀਂ ਲਗਦਾ ਕਿ ਇਹਨਾਂ ਹਾਲਾਤ ਨੂੰ ਕਾਇਮ ਰੱਖਿਆ ਜਾ ਸਕਦਾ ਹੈ, ਕਿਉਂਕਿ ਮੇਰੀ ਜਾਣਕਾਰੀ ਵਿਚ ਅਜਿਹੇ ਇਕ ਦੋ ਮਾਮਲੇ ਆਏ ਹਨ, ਜਿਨ੍ਹਾਂ ਵਿਚ ਮਾਲਕਾਂ ਅਤੇ ਕਰਮਚਾਰੀਆਂ ਵਿਚਕਾਰ ਮੱਤਭੇਦ ਕੀਤਾ ਗਿਆ ਹੈ। ਉਦਾਹਰਨ ਦੇ ਤੌਰ ਤੇ, ਮੈਂ ਭਾਗ 28 ਦੇ ਅਧੀਨ ਨੋਟਿਸ ਦੇ ਪ੍ਰਸ਼ਨ ਦਾ ਵਰਣਨ ਕਰਦਾ ਹਾਂ (੧) ਜੇਕਰ ਮਾਲਕ ਪੱਕੇ ਹੁਕਮਾਂ ਵਿਚ ਕੋਈ ਤਬਦੀਲੀ ਚਾਹੁੰਦਾ ਹੈ ਤਾਂ ਉਸਨੂੰ ਨੋਟਿਸ ਦੇਣਾ ਪਵੇਗਾ, ਅਤੇ (੨) ਸੂਚੀ -2 ਵਿਚ ਦਿੱਤੇ ਉਦਯੋਗਿਕ ਮਾਮਲਿਆਂ ਦੇ ਸਬੰਧ ਵਿਚ ਜਦੋਂ ਤੁਸੀਂ ਕਰਮਚਾਰੀ ਦੇ ਕੋਲ ਆਉਂਦੇ ਹੋ, ਤਾਂ ਪੱਕੇ ਕਾਨੂੰਨ ਵਿਚ ਕੋਈ ਤਬਦੀਲੀ ਕਰਨ ਲਈ ਉਸਨੂੰ ਨੋਟਿਸ ਦੇਣਾ ਪਵੇਗਾ ਅਤੇ ਕਿਸੇ ਵੀ ਉਦਯੋਗਿਕ ਮਾਮਲੇ ਵਿਚ ਸੂਚੀ-2 ਤਕ ਸੀਮਿਤ ਰਹਿਣਾ ਲਾਜ਼ਮੀ ਨਹੀਂ ਹੈ। ਇਹ ਪੱਕੇ ਤੌਰ ਤੇ ਬਰਾਬਰੀ ਵਾਲੀ ਸਥਿਤੀ ਨਹੀਂ ਹੈ। ਜਿਥੋਂ ਤਕ ਹਾਜ਼ਰੀ ਦਾ ਸਵਾਲ ਹੈ, ਮਾਲਕ ਜੇਕਰ ਹਾਜ਼ਰ ਨਹੀਂ ਹੋਵੇਗਾ, ਤਾਂ ਉਸ ਨੂੰ ਨਿਸ਼ਚਿਤ ਤੌਰ ਤੇ ਦੰਡਿਤ ਨਹੀਂ ਕੀਤਾ ਜਾਵੇਗਾ। ਪਰ ਜੇਕਰ ਸੰਘ ਹਾਜ਼ਰ ਨਾ ਹੋਵੇ ਤਾਂ ਮਜ਼ਦੂਰ ਨੂੰ ਹਾਜ਼ਰੀ ਲਈ ਮਜਬੂਰ ਕੀਤਾ ਜਾ ਸਕਦਾ ਹੈ। ਜੇਕਰ ਕੋਈ ਨਹੀਂ ਹੈ ਤਾਂ ਵੀ ਮਜ਼ਦੂਰ ਅਧਿਕਾਰੀ ਤਾਂ ਹੈ ਹੀ ਜਿਹੜਾ ਕਿ ਮਜ਼ਦੂਰਾਂ ਦੀ ਨੁਮਾਇੰਦਗੀ ਕਰ ਸਕਦਾ ਹੈ ਅਤੇ ਸੁਲਹ ਤੋਂ ਬਾਅਦ ਕੀਤਾ ਗਿਆ ਸਮਝੌਤਾ ਮਜ਼ਦੂਰਾਂ ਨੂੰ ਬੰਧੇਜ ਵੀ ਕਰ ਸਕਦਾ ਹੈ ਹਾਲਾਂਕਿ, ਮਜ਼ਦੂਰ ਨੇ ਸੁਲਹ ਨੂੰ ਅਸਵੀਕਾਰ ਕੀਤਾ ਅਤੇ ਉਹ ਉਸ ਅਧਿਕਾਰੀ ਵਲੋਂ ਆਪਣੇ ਹਿਤਾਂ ਦੀ ਨੁਮਾਇੰਦਗੀ ਕਰਾਉਣ ਲਈ ਤਿਆਰ ਨਹੀਂ ਸੀ। ਇਹ ਛੋਟੀਆਂ ਗੱਲਾਂ ਹਨ। ਇਸ ਤੋਂ ਇਲਾਵਾ ਜਿਹੜੀ ਗਲ ਤੇ ਮੈਂ ਜ਼ੋਰ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਸ੍ਰੀਮਾਨ ਜੀ, ਉਹ ਇਹ ਹੈ ਕਿ ਅਸੀਂ ਜੋ ਚਾਹੁੰਦੇ ਹਾਂ ਉਹ ਸੁਲਹ ਨਹੀਂ ਹੈ। ਅਸੀਂ ਨਿਰਪੱਖਤਾ ਚਾਹੁੰਦੇ ਹਾਂ। ਮੈਂ ਇਸ ਸਦਨ ਦੇ ਸਾਹਮਣੇ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਸਮਾਨਤਾ ਨਿਰਪੱਖ ਹੋਵੇ (ਰੁਕਾਵਟ) ...ਮੈਂ ਇਹ ਸਿੱਧ ਕਰਕੇ ਰਹਾਂਗਾ। ਅਸੀਂ ਸਮਾਜ ਵਿਚ ਨਿਰਪੱਖਤਾ ਲਿਆਈਏ, ਕਿਉਂਜੋ ਇਸ ਨਾਲ ਸਮਾਜ ਨੂੰ ਨਿਆਂ ਮਿਲ ਸਕੇਗਾ। ਅਜਿਹਾ ਕਰਨ ਲਈ ਸਾਨੂੰ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਇਕਸਮਾਨ ਵਿਹਾਰ ਕਰਨਾ ਹੋਵੇਗਾ। ਦੂਰ ਕਿਉਂ ਜਾਈਏ,

ਆਮਦਨੀ ਕਰ ਦਾ ਹੀ ਮਾਮਲਾ ਲੈ ਲਉ। ਮੈਂ ਵਿੱਤੀ ਪ੍ਰਬੰਧ ਦਾ ਵਿਦਿਆਰਥੀ ਸੀ। ਇਸ ਲਈ ਮੈਨੂੰ ਇਹ ਉਦਾਹਰਨ ਤੁਰੰਤ ਯਾਦ ਆ ਗਈ। ਸਾਡੇ ਕੋਲ ਅਗਰਗਾਮੀ ਆਮਦਨ ਕਰ ਦੀ ਵਿਵਸਥਾ ਕਿਉਂ ਹੈ ? ਸਾਡੇ ਸਾਰਿਆਂ ਤੇ ਇਕਸਾਰ ਆਮਦਨ ਕਰ ਕਿਉਂ ਨਹੀਂ ਲਗਾਉਂਦੇ ? ਅਸੀਂ ਅਮੀਰ ਉੱਤੇ ਉੱਚੀ ਦਰ ਨਾਲ ਅਤੇ ਗ਼ਰੀਬ ਤੇ ਨੀਵੀਂ ਦਰ ਨਾਲ ਆਮਦਨ ਕਰ ਇਸ ਲਈ ਲਗਾਉਂਦੇ ਹਾਂ ਕਿਉਂਕਿ ਦੋਹਾਂ ਦੀ ਆਮਦਨ ਕਰ ਦੇਣ ਦੀ ਸਮਰੱਥਾ ਵੱਖ ਵੱਖ ਹੈ। ਮੰਨ ਲਉ ਕਿ ਇਕ ਪਰਿਵਾਰ ਦੇ ਕਈ ਮੈਂਬਰਾਂ ਵਿਚੋਂ ਇਕ ਬਿਮਾਰ ਹੈ। ਬਿਮਾਰ ਵਿਅਕਤੀ ਰਾਜ਼ੀ ਹੋ ਜਾਵੇ, ਇਸ ਲਈ ਅਸੀਂ ਉਸਨੂੰ ਚਿਕਨ ਸੂਪ ਦਿੰਦੇ ਹਾਂ। ਪਰ ਅਸੀਂ ਦੂਸਰੇ ਲੋਕਾਂ ਨੂੰ ਚਿਕਨ ਸੂਪ ਦੇਣ ਨਹੀਂ ਦਿੰਦੇ। ਬਿਮਾਰ ਵਿਅਕਤੀ ਨੂੰ ਚਿਕਨ ਸੂਪ ਅਤੇ ਦੂਸਰੇ ਸਿਹਤਮੰਦ ਵਿਅਕਤੀ ਨੂੰ ਨਾ ਦੇਣ ਤੇ ਘਰ ਵਿਚ ਕੋਈ ਵੀ ਮਾਂ ਨੂੰ ਦੋਸ਼ ਨਹੀਂ ਦਿੰਦਾ। ਅਸੀਂ ਨਿਰਪੱਖਤਾ ਚਾਹੁੰਦੇ ਹਾਂ ਤਾਂ ਅਜਿਹੀ ਸੂਰਤ ਵਿਚ ਨਿਰਪੱਖਤਾ ਉਤਪੰਨ ਨਹੀਂ ਕੀਤੀ ਜਾ ਸਕਦੀ ਕਿ ਅਸੀਂ ਤਾਕਤਵਰ ਅਤੇ ਕਮਜ਼ੋਰ, ਅਮੀਰ ਅਤੇ ਗ਼ਰੀਬ, ਅਣਜਾਣ ਤੇ ਬੁਧੀਮਾਨ ਨੂੰ ਇਕੋ ਨਜ਼ਰ ਨਾਲ ਵੇਖਣ ਦੀ ਗਲ ਕਰੀਏ। ਜੇਕਰ ਮੇਰੇ ਮਾਨਯੋਗ ਮਿੱਤਰ ਦੋਹਾਂ ਸ਼੍ਰੇਣੀਆਂ ਨੂੰ ਨਿਰਪੱਖਤਾ ਨਾਲ ਵੇਖਣਾ ਚਾਹੁੰਦੇ ਹਨ, ਤਾਂ ਇਹ ਬਿਲ ਕਾਫ਼ੀ ਨਹੀਂ ਹੈ। ਉਹਨਾਂ ਨੂੰ ਬਿਲ ਵਿਚ ਹੋਰ ਉਪਬੰਧਾਂ ਦੀ ਤਜਵੀਜ਼ ਕਰਨੀ ਹੋਵੇਗੀ ਅਤੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਬਿਲ ਵਿਚ ਅਜਿਹੇ ਉਪਬੰਧਾਂ ਦੀ ਤਜਵੀਜ਼ ਕਰਨ ਲਈ ਤਿਆਰ ਹਨ ?

ਸਾਡੇ ਉਦਯੋਗਾਂ ਵਿਚ ਅਜ ਕਲ੍ਹ ਕੀ ਹੋ ਰਿਹਾ ਹੈ ? ਮੈਨੂੰ ਅਫ਼ਸੋਸ ਹੈ ਕਿ ਇਸ ਮੌਕੇ ਤੇ ਮੈਂ ਜੋ ਮਹਿਸੂਸ ਕਰਦਾ ਹਾਂ ਉਹ ਮੈਨੂੰ ਸਾਫ਼ ਸ਼ਬਦਾਂ ਵਿਚ ਕਹਿਣਾ ਹੋਵੇਗਾ। ਬੰਬਈ ਨਗਰ ਵਿਚ ਅਜਿਹੀਆਂ ਮਿਲਾਂ ਹਨ, ਜੋ ਪਾਰਸੀਆਂ, ਗੁਜਰਾਤੀਆਂ, ਯਹੂਦੀਆਂ ਜਾਂ ਯੂਰਪੀਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਮੈਂ ਬਚਪਨ ਵਿਚ ਇਹਨਾਂ ਸਾਰੀਆਂ ਮਿਲਾਂ ਵਿਚ ਗਿਆ ਹਾਂ; ਕਿਉਂਕਿ ਮੇਰੇ ਪਰਿਵਾਰ ਦੇ ਕਈ ਮੈਂਬਰ ਇਹਨਾਂ ਮਿਲਾਂ ਵਿਚ ਕੰਮ ਕਰਦੇ ਸੀ। ਉਥੇ ਮੈਂ ਉਹਨਾਂ ਦਾ ਖਾਣਾ ਲੈ ਕੇ ਜਾਇਆ ਕਰਦਾ ਸੀ। ਹੁਣੇ ਹਾਲ ਵਿਚ ਹੀ ਮੈਂ ਇਕ ਅੱਧ ਵਾਰੀ ਕਈ ਮਿਲਾਂ ਵਿਚ ਗਿਆ ਸੀ। ਇਹਨਾਂ ਮਿਲਾਂ ਦੇ ਬਾਰੇ ਸਾਰਿਆਂ ਨਾਲੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹਨਾਂ ਨੂੰ ਪ੍ਰਬੰਧਕਾਂ ਦੇ ਰਿਸ਼ਤੇਦਾਰਾਂ ਲਈ ਸਵਰਗ ਬਣਾ ਦਿੱਤਾ ਗਿਆ ਹੈ। ਹਜ਼ਾਰਾਂ ਫ਼ਜ਼ੂਲ ਵਿਅਕਤੀ ਇਹਨਾਂ ਮਿਲਾਂ ਵਿਚ ਉੱਚ ਤਨਖ਼ਾਹ ਸਕੇਲਾਂ ਵਿਚ ਕੇਵਲ ਇਸ ਲਈ ਭਰਤੀ ਕੀਤੇ ਗਏ ਹਨ ਕਿਉਂਕਿ ਉਹ ਕਿਸੇ ਨਾ ਕਿਸੇ ਰੂਪ ਵਿਚ ਪ੍ਰਬੰਧਕਾਂ ਨਾਲ ਜੁੜੇ ਹੋਏ ਹਨ। ਤੁਸੀਂ ਪਾਰਸੀ ਮਿਲ ਵਿਚ ਜਾਉ। ਉਥੇ ਤੁਸੀਂ ਵੇਖੋਗੇ ਕਿ ਅਨੇਕ ਪਾਰਸੀ ਵਿਅਕਤੀ ਕੰਮ ਕਰ ਰਹੇ ਹਨ, ਭਾਵੇਂ ਉਹਨਾਂ ਦੀ ਜ਼ਰੂਰਤ ਹੈ ਜਾਂ ਨਹੀਂ। ਯਹੂਦੀਆਂ ਵਲੋਂ ਚਲਾਈਆਂ ਜਾ ਰਹੀਆਂ ਮਿਲਾਂ ਵਿਚ ਜਾਉ। ਉਥੇ ਤੁਹਾਨੂੰ ਸੈਂਕੜੇ ਯਹੂਦੀ ਭਰਤੀ ਹੋਏ ਮਿਲਣਗੇ, ਭਲੇ ਹੀ ਉਹਨਾਂ ਦੀ ਜ਼ਰੂਰਤ ਹੋਵੇ ਜਾਂ ਨਾ। ਕਰਮਚਾਰੀਆਂ ਦੀ ਕਮਾਈ ਦਾ ਇਕ ਚੰਗਾ ਹਿੱਸਾ ਪ੍ਰਬੰਧਕ ਲੈ ਲੈਂਦੇ ਹਨ, ਕਿਉਂ ਜੋ ਮਿਲ

ਵਿਚ ਕੰਮ ਕਰ ਰਹੇ ਇਹਨਾਂ ਲੋਕਾਂ ਨੂੰ ਖਿਲਾ ਸਕਣ, ਭਾਵੇਂ ਉਹ ਕੰਮ ਵਿਚ ਨਿਪੁੰਨ ਹਨ ਜਾਂ ਨਹੀਂ ਅਤੇ ਉਨ੍ਹਾਂ ਦੀ ਜ਼ਰੂਰਤ ਹੈ ਜਾਂ ਨਹੀਂ। ਮਿਲਾਂ ਦਾ ਪ੍ਰਬੰਧ ਚਲਾ ਰਹੇ ਇਹ ਸਾਰੇ ਲੋਕ ਪੂੰਜੀ ਨੂੰ ਉਡਾ ਦਿੰਦੇ ਹਨ ਅਤੇ ਕਾਗ਼ਜ਼ੀ ਕਾਰਵਾਈ ਕਰਕੇ ਉਸਨੂੰ ਲੁਕੋ ਦਿੰਦੇ ਹਨ। ਜਦੋਂ ਕਰਮਚਾਰੀ ਇਹ ਕਹਿੰਦਾ ਹੈ ਕਿ ਉਸਨੂੰ ਘਟ ਮਜ਼ਦੂਰੀ ਮਿਲਦੀ ਹੈ ਤਾਂ ਮਿਲ ਦਾ ਪ੍ਰਬੰਧ ਕਰਨ ਵਾਲੇ ਲੋਕ ਕਹਿੰਦੇ ਹਨ, "ਇਹ ਮੇਰੀ ਪੂੰਜੀ ਹੈ"। ਇਹ ਸਾਰੀ ਜਾਹਲੀ ਪੂੰਜੀ ਹੈ, ਸ਼ੇਅਰ ਬਾਜ਼ਾਰ ਦੀ ਪੂੰਜੀ ਹੈ, ਸੱਟੇਬਾਜ਼ੀ ਦੁਆਰਾ ਲਗਾਈ ਹੋਈ ਪੂੰਜੀ ਹੈ। ਉਦਯੋਗਾਂ ਦੀ ਕਮਾਈ ਦਾ ਵੱਡਾ ਹਿੱਸਾ ਇਹਨਾਂ ਲੋਕਾਂ ਦੁਆਰਾ ਹੜੱਪ ਕਰ ਲਿਆ ਜਾਂਦਾ ਹੈ। ਅਤੇ, ਜੋ ਕੁਝ ਬਚ ਜਾਂਦਾ ਹੈ ਉਸ ਵਿਚੋਂ ਥੋੜ੍ਹੇ ਜਿਹੇ ਨਾਲ ਮਜ਼ਦੂਰਾਂ ਨੂੰ ਆਪਣਾ ਗੁਜ਼ਾਰਾ ਕਰਨ ਲਈ ਕਿਹਾ ਜਾਂਦਾ ਹੈ। ਜੇਕਰ ਮਾਨਯੋਗ ਪ੍ਰਧਾਨ ਮੰਤਰੀ ਸਾਹਿਬ ਬਰਾਬਰਤਾ ਲਾਗੂ ਕਰਨੀ ਚਾਹੁੰਦੇ ਹਨ ਤਾਂ ਉਹ ਉਦਯੋਗ ਦੇ ਲਾਭ ਵਿਚ ਮਜ਼ਦੂਰਾਂ ਦੀ ਮਜ਼ਦੂਰੀ ਨੂੰ ਪਹਿਲੀ ਜ਼ਿੰਮੇਵਾਰੀ ਬਣਾਉਣ। ਮੈਨੂੰ ਇਹ ਨਹੀਂ ਸਮਝ ਆਉਂਦੀ ਕਿ ਇਸ ਮਕਸਦ ਲਈ ਮਿਲ ਮਾਲਕਾਂ ਜਾਂ ਕਿਸੇ ਉਦਯੋਗ ਲਈ ਆਪਣਾ ਸਾਲਾਨਾ ਬਜਟ ਕਾਨੂੰਨੀ ਤੌਰ ਤੇ ਕਿਉਂ ਨਹੀਂ ਜ਼ਰੂਰੀ ਬਣਾਇਆ ਗਿਆ। ਸਰਕਾਰ ਲਈ ਆਪਣਾ ਬਜਟ ਹਰ ਸਾਲ ਪੇਸ਼ ਕਰਨਾ ਜ਼ਰੂਰੀ ਹੈ; ਸਾਲ ਬਾਅਦ ਸਰਕਾਰ ਸਾਨੂੰ ਬਜਟ ਪੇਸ਼ ਕਰਦੀ ਹੈ ਜਿਸ ਵਿਚ ਸਰਕਾਰ ਇਹ ਦਸਦੀ ਹੈ ਕਿ ਕਿੰਨੇ ਮੰਤਰੀ ਭਰਤੀ ਕੀਤੇ ਗਏ ਹਨ, ਮੰਤਰੀਆਂ ਨੂੰ ਕਿੰਨੇ ਚਪੜਾਸੀ ਦਿਤੇ ਗਏ ਹਨ, ਵਿਭਾਗਾਂ ਵਿਚ ਕਿੰਨੇ ਸੁਪਰਡੰਟ ਹਨ, ਕਿੰਨੇ ਕਲਰਕ ਹਨ ਅਤੇ ਇਸੇ ਤਰ੍ਹਾਂ ਹੋਰ ਆਦਿ। ਹੁਣ ਇਹ ਸਦਨ ਜਾਣ ਸਕਦਾ ਹੈ ਕਿ ਕੀ ਅਮਲਾ ਜ਼ਿਆਦਾ ਹੈ ਕਿ ਨਹੀਂ। ਇਸ ਸਦਨ ਨੂੰ ਹੁਣ ਇਹ ਪਤਾ ਲਗ ਸਕੇਗਾ ਕਿ ਕੀ ਪੈਸਾ ਉਚਿਤ ਰੂਪ ਵਿਚ ਖ਼ਰਚਿਆ ਗਿਆ ਹੈ ਜਾਂ ਨਹੀਂ? ਇਕ ਮਿਲ ਦਾ ਮਾਲਕ ਜਾਂ ਕਿਸੇ ਉਦਯੋਗ ਦਾ ਮਾਲਕ ਜੋ ਆਪਣੀ ਰੋਜ਼ੀ ਰੋਟੀ ਆਪਣੀ ਪੂੰਜੀ ਤੋਂ ਨਹੀਂ ਕਮਾਉਂਦਾ ਸਗੋਂ ਕਿਸੇ ਹੋਰ ਵਿਅਕਤੀ ਦੇ ਖ਼ੂਨ ਪਸੀਨੇ ਦੀ ਕਮਾਈ ਤੋਂ ਰੋਟੀ ਰੋਜ਼ੀ ਕਮਾਉਂਦਾ ਹੈ, ਉਸ ਲਈ ਇਹ ਕਿਉਂ ਨਹੀਂ ਜ਼ਰੂਰੀ ਕਿ ਉਹ ਪ੍ਰਬੰਧ ਦਾ ਸਾਰਾ ਵੇਰਵਾ ਦੇਵੇ? ਇਹ ਇਕ ਬਹੁਤ ਉਚਿਤ ਮੰਗ ਹੈ। ਇਸ ਦਾ ਫ਼ਾਇਦਾ ਇਹ ਹੋਵੇਗਾ ਕਿ ਜਦੋਂ ਇਕ ਵਾਰ ਉਦਯੋਗ ਦੇ ਮਾਲਕ ਦੁਆਰਾ ਇਸ ਤਰ੍ਹਾਂ ਦਾ ਬਜਟ ਪੇਸ਼ ਕਰ ਦਿੱਤਾ ਜਾਵੇਗਾ ਤਾਂ ਉਸ ਉਦਯੋਗ ਦੇ ਮਜ਼ਦੂਰ ਇਹ ਮਹਿਸੂਸ ਕਰ ਸਕਣਗੇ ਅਤੇ ਇਸ ਚੀਜ਼ ਦੀ ਛਾਣ-ਬੀਣ ਕਰ ਸਕਣਗੇ ਕਿ ਜੋ ਬਕਾਇਆ ਮਜ਼ਦੂਰਾਂ ਦਰਮਿਆਨ ਵੰਡੇ ਜਾਣ ਲਈ ਛੱਡਿਆ ਗਿਆ ਹੈ, ਉਹ ਉਚਿਤ ਹੈ ਜਾਂ ਨਹੀਂ; ਜਾਂ, ਮਾਲਕ ਨੇ ਕੁੱਲ ਲਾਭ ਦਾ ਜ਼ਿਆਦਾ ਹਿੱਸਾ ਤਾਂ ਨਹੀਂ ਲੈ ਲਿਆ? ਜੇਕਰ ਕਿਸੇ ਕਰਮਚਾਰੀ ਨੂੰ ਇਹ ਛਾਣ-ਬੀਣ ਕਰਨ ਦਾ ਅਧਿਕਾਰ ਨਹੀਂ ਕਿ ਅਸਲੀਅਤ ਕੀ ਹੈ ਤਾਂ ਇਸ ਸਮਝੌਤੇ ਦਾ ਅਤੇ ਮਾਲਕ ਨੂੰ ਆਪਣੀਆਂ ਲੇਖਾ-ਪੁਸਤਕਾਂ ਪੇਸ਼ ਕਰਨ ਲਈ ਕਹਿਣ ਦਾ ਕੀ ਫ਼ਾਇਦਾ ਹੈ? ਜਿਸ ਪ੍ਰਣਾਲੀ ਦਾ ਮੈਂ ਸੁਝਾਅ ਦਿੰਦਾ ਹਾਂ, ਜੇਕਰ ਉਹ ਪ੍ਰਣਾਲੀ ਅਪਣਾ ਲਈ ਜਾਂਦੀ ਹੈ ਤਾਂ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਮਜ਼ਦੂਰਾਂ ਦੀਆਂ ਬਹੁਤ ਘਟ ਸਮੱਸਿਆਵਾਂ ਪੈਦਾ ਹੋਣਗੀਆਂ ਅਤੇ ਇਹ ਸਮਝੌਤਾ ਜ਼ਿਆਦਾ ਪ੍ਰਭਾਵਸ਼ਾਲੀ

ਹੋਵੇਗਾ ਅਤੇ ਉਦਯੋਗਿਕ ਹੋਰ ਜ਼ਿਆਦਾ ਸ਼ਾਂਤੀ ਹੋਵੇਗੀ। ਜੇਕਰ ਮਾਨਯੋਗ ਪ੍ਰਧਾਨ ਮੰਤਰੀ ਜੀ ਮਜ਼ਦੂਰਾਂ ਅਤੇ ਪੂੰਜੀ ਨੂੰ ਜਿਸ ਭਾਵਨਾ ਨਾਲ ਮੈਂ ਸੁਝਾਅ ਦਿੱਤਾ ਹੈ, ਕਿ ਬਰਾਬਰਤਾ ਹੋਣੀ ਚਾਹੀਦੀ ਹੈ, ਬਰਾਬਰਤਾ ਦੀ ਪੱਧਰ ਤੇ ਲਿਆਉਣਾ ਚਾਹੁੰਦੇ ਹਨ ਤਾਂ ਇਸ ਬਿਲ ਦੇ ਉਪਬੰਧਾਂ ਵਿਚ ਬਰਾਬਰਤਾ ਦਾ ਕੋਈ ਆਧਾਰ ਨਹੀਂ।

ਦੂਸਰਾ ਇਹ, ਕਿ ਪੂੰਜੀ ਅਤੇ ਮਜ਼ਦੂਰਾਂ ਵਿਚ ਬਰਾਬਰਤਾ ਦਾ ਕੋਈ ਆਧਾਰ ਨਹੀਂ ਕਿਉਂਕਿ ਜਦੋਂ ਵੀ ਕੋਈ ਝਗੜਾ ਪੈਦਾ ਹੁੰਦਾ ਹੈ, ਸਰਕਾਰ ਹਮੇਸ਼ਾਂ ਮਾਲਕ ਦਾ ਪੱਖ ਲੈਂਦੀ ਹੈ। ਹੜਤਾਲਾਂ ਦੇ ਦੌਰਾਨ ਜਦੋਂ ਸਰਕਾਰ ਦੁਆਰਾ ਪੁਲਿਸ ਲਗਾਈ ਜਾਂਦੀ ਹੈ, ਉਸ ਤੋਂ ਇਹ ਸਪੱਸ਼ਟ ਜ਼ਾਹਰ ਹੈ। ਪੁਲਿਸ ਫ਼ੋਰਸ ਦਾ ਸਾਰਾ ਖਰਚਾ ਸਰਕਾਰੀ ਫ਼ੰਡ ਜਾਂ ਉਹਨਾਂ ਟੈਕਸਾਂ ਵਿਚੋਂ ਜੋ ਅਸੀਂ ਦਿੰਦੇ ਹਾਂ, ਕੀਤਾ ਜਾਂਦਾ ਹੈ। ਪੁਲਿਸ ਫ਼ੋਰਸ ਸਾਰਿਆਂ ਦੇ ਫ਼ਾਇਦੇ ਲਈ ਹੁੰਦੀ ਹੈ। ਯਕੀਨੀ ਤੌਰ ਤੇ, ਕਿਸੇ ਵੀ ਸਰਕਾਰ ਨੂੰ ਕੇਵਲ ਇਸ ਕਰਕੇ ਪੁਲਿਸ ਫ਼ੋਰਸ ਦੀ ਵਰਤੋਂ ਕਰਨ ਦਾ ਅਧਿਕਾਰ ਨਹੀਂ ਕਿ ਮਜ਼ਦੂਰਾਂ ਦੁਆਰਾ ਹੜਤਾਲ ਕਰਨ ਨਾਲ ਸ਼ਾਂਤੀ ਭੰਗ ਹੁੰਦੀ ਹੈ। ਹੋਰ ਜੋ ਕੁਝ ਜ਼ਰੂਰੀ ਹੈ ਉਹ ਇਹ ਵਿਖਾਉਣਾ ਹੈ ਕਿ ਸ਼ਾਂਤੀ ਦੀ ਉਲੰਘਣਾ ਉਦਯੋਗ ਦੇ ਕਿਸੇ ਇਕ ਖ਼ਾਸ ਵਰਗ ਦੁਆਰਾ ਕੀਤੀ ਗਈ ਹੈ। ਜੇਕਰ ਸ਼ਾਂਤੀ ਦੀ ਉਲੰਘਣਾ ਮਜ਼ਦੂਰਾਂ ਦੁਆਰਾ ਕੀਤੀ ਗਈ ਕਿਸੇ ਅਣਉਚਿਤ ਮੰਗ ਕਾਰਨ ਹੁੰਦੀ ਹੈ ਤਾਂ ਤੁਹਾਡੇ ਲਈ ਉਨ੍ਹਾਂ ਦੇ ਖਿਲਾਫ਼ ਪੁਲਿਸ ਬਲ ਦੀ ਵਰਤੋਂ ਕਰਨਾ ਉਚਿਤ ਹੋਵੇਗਾ। ਦੂਜੇ ਪਾਸੇ, ਜੇਕਰ ਸ਼ਾਂਤੀ ਦੀ ਉਲੰਘਣਾ ਕਿਸੇ ਅਜਿਹੀ ਚੀਜ਼ ਦੁਆਰਾ ਕੀਤੀ ਗਈ ਹੋਵੇ ਜੋ ਮਾਲਕ ਦੁਆਰਾ ਪੈਦਾ ਕੀਤੀ ਗਈ ਹੈ ਅਤੇ ਜਿਸ ਦਾ ਕੋਈ ਕਾਰਨ ਨਹੀਂ ਅਤੇ ਜੋ ਨਿਆਂ ਅਤੇ ਬਰਾਬਰਤਾ ਦੇ ਉਲਟ ਹੈ ਤਾਂ ਸਰਕਾਰ ਨੂੰ ਮਜ਼ਦੂਰਾਂ ਵਿਰੁਧ ਪੁਲਿਸ ਫ਼ੋਰਸ ਦੀ ਵਰਤੋਂ ਕਰਨ ਦਾ ਕੋਈ ਅਧਿਕਾਰ ਨਹੀਂ। ਮਾਲਕ ਅਤੇ ਕਰਮਚਾਰੀ ਦਰਮਿਆਨ ਅਸਲ ਬਰਾਬਰਤਾ ਕੇਵਲ ਇਨ੍ਹਾਂ ਦੋ ਉਪਬੰਧਾਂ ਨੂੰ ਦਰਜ ਕਰਕੇ ਹੀ ਲਿਆਂਦੀ ਜਾ ਸਕਦੀ ਹੈ। ਮਾਲਕ ਨੂੰ ਆਪਣਾ ਬਜਟ ਦੱਸਣ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਮਜ਼ਦੂਰਾਂ ਦੇ ਖ਼ਿਲਾਫ਼ ਉਸ ਸਮੇਂ ਹੀ ਪੁਲਿਸ ਦੀ ਵਰਤੋਂ ਕਰਨੀ ਚਾਹੀਦੀ ਹੈ ਜਦੋਂ ਸ਼ਾਂਤੀ ਦੀ ਉਲੰਘਣਾ ਹੋਵੇ। ਇਸ ਤੋਂ ਬਗੈਰ, ਸ਼ਕਤੀ ਦਾ ਸੌਦਾ ਕਰਨ ਲਈ ਪੂੰਜੀਵਾਦ ਅਤੇ ਮਜ਼ਦੂਰ ਵਿਚਕਾਰ ਬਰਾਬਰਤਾ ਨਹੀਂ ਆ ਸਕਦੀ। ਕੀ ਤੁਸੀਂ ਅਜਿਹਾ ਕਰੋਗੇ ? ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਤੁਸੀਂ ਮਾਲਕਾਂ ਪ੍ਰਤੀ ਆਪਣਾ ਕੇਸ ਹਾਰ ਜਾਵੋਗੇ। ਜੇਕਰ ਤੁਸੀਂ ਅਜਿਹਾ ਨਹੀਂ ਕਰਦੇ ਤਾਂ ਤੁਸੀਂ ਮਜ਼ਦੂਰਾਂ ਦੇ ਦੋਸਤ ਨਹੀਂ ਬਣ ਸਕਦੇ। ਜਿਸ ਤਰ੍ਹਾਂ ਹੁਣ ਬਿਲ ਪੇਸ਼ ਕੀਤਾ ਗਿਆ ਹੈ, ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਹ ਪਾਸ ਨਹੀਂ ਹੋਣਾ ਚਾਹੀਦਾ। ਇਸ ਦੇ ਪਾਸ ਹੋਣ ਨਾਲ ਮਜ਼ਦੂਰ ਨੂੰ ਨੁਕਸਾਨ ਹੈ। ਮਜ਼ਦੂਰ ਨੂੰ ਹੁਣ ਪਤਾ ਨਹੀਂ ਕਿ ਇਸ ਬਿਲ ਦਾ ਕੀ ਮੰਤਵ ਹੈ। ਪਰ ਜਦੋਂ ਇਹ ਬਿਲ ਲਾਗੂ ਕਰ ਦਿਤਾ ਜਾਵੇਗਾ ਅਤੇ ਮਜ਼ਦੂਰ ਨੂੰ ਬਿਲ ਬਾਰੇ ਪਤਾ ਲਗੇਗਾ ਤਾਂ ਉਹ ਇਹ ਜ਼ਰੂਰ ਕਹੇਗਾ ਕਿ ਇਹ ਬਿਲ ਭੈੜਾ ਹੈ, ਨੁਕਸਾਨਦੇਹ ਹੈ ਅਤੇ ਘਾਤਕ ਹੈ। ਸ੍ਰੀਮਾਨ ਜੀ, ਮੈਂ ਇਸ ਬਿਲ ਦੇ ਹੱਕ ਵਿਚ ਨਹੀਂ ਹਾਂ। (ਤਾਲੀਆਂ)

23

ਗੜਬੜ ਦੰਗਿਆਂ ਸਬੰਧੀ ਪੁਛ-ਪੜਤਾਲ ਕਮੇਟੀ ਦੀ ਰਿਪੋਰਟ

ਡਾਕਟਰ ਬੀ.ਆਰ. ਅੰਬੇਡਕਰ (ਬੰਬਈ ਸ਼ਹਿਰ): ਮੈਂ ਆਪਣਾ ਭਾਸ਼ਣ ਪੰਜ ਮਿੰਟਾਂ ਵਿਚ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ ਕਿਉਂਕਿ ਮੇਰੇ ਪਾਸ ਕਹਿਣ ਨੂੰ ਜ਼ਿਆਦਾ ਕੁਝ ਨਹੀਂ ਹੈ। ਸਪੀਕਰ ਸਾਹਿਬ, ਜੇਕਰ ਮੈਂ ਇਸ ਕਟੌਤੀ ਪ੍ਰਸਤਾਵ ਤੇ ਬੋਲਣਾ ਸ਼ੁਰੂ ਕਰਦਾ ਹਾਂ ਤਾਂ ਮੈਂ ਸੋਚਦਾ ਹਾਂ ਕਿ ਉਹ ਇਸ ਕਰਕੇ ਨਹੀਂ ਕਿ ਜੋ ਕੁਝ ਕਮੇਟੀ ਨੇ ਮਰੀ ਬਾਬਤ ਕਿਹਾ ਹੈ ਮੈਨੂੰ ਉਸ ਬਾਰੇ ਕੁਝ ਕਹਿਣ ਲਈ ਕਿਹਾ ਗਿਆ ਹੈ। ਮੇਰੇ ਖ਼ਿਆਲ ਅਨੁਸਾਰ ਇਸ ਹੜਤਾਲ ਸਬੰਧੀ ਜੋ ਮੈਂ ਪੱਖ ਲਿਆ ਹੈ, ਉਸ ਸਬੰਧੀ ਮੇਰੇ ਪਾਸ ਦਲੀਲ ਦੇਣ ਲਈ ਨਾ ਤਾਂ ਸਮਾਂ ਹੈ ਅਤੇ ਨਾ ਹੀ ਇਸ ਦੀ ਜ਼ਰੂਰਤ ਹੈ ਅਤੇ ਇਸ ਲਈ, ਮੈਂ ਇਸ ਮਾਮਲੇ ਨੂੰ ਇਕ ਪਾਸੇ ਰੱਖਦਾ ਹਾਂ। ਜੇਕਰ ਬੋਲਣ ਲਈ ਮੈਂ ਖੜ੍ਹਾ ਹੋਇਆ ਹਾਂ ਤਾਂ ਉਹ ਇਸ ਕਰਕੇ ਕਿ ਮੈਂ ਸੋਚਦਾ ਹਾਂ ਮੇਰੇ ਤੋਂ ਪਹਿਲਾਂ ਇਸ ਸਦਨ ਵਿਚ ਮਾਨਯੋਗ ਦੋ ਮੈਂਬਰਾਂ ਨੇ ਜੋ ਕੁਝ ਕਿਹਾ ਹੈ ਇਸ ਤੋਂ ਮੈਨੂੰ ਇਹ ਪ੍ਰਭਾਵ ਮਿਲਿਆ ਹੈ ਕਿ ਮੂਲ ਮੁੱਦੇ, ਜਿਨ੍ਹਾਂ ਨਾਲ ਇਸ ਰਿਪੋਰਟ ਦੇ ਸਿੱਟੇ ਵਜੋਂ ਅਸੀਂ ਸਬੰਧਤ ਹਾਂ, ਉਹ ਆਪਣਾ ਧਿਆਨ ਇਨ੍ਹਾਂ ਤੋਂ ਪਾਸੇ ਰੱਖਣਗੇ। ਮੇਰੇ ਖ਼ਿਆਲ ਅਨੁਸਾਰ ਇਹ ਤਿੰਨ ਪ੍ਰਸ਼ਨ ਹਨ ਜੋ ਮੈਂ ਮਾਨਯੋਗ ਗ੍ਰਿਹ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ। ਮੈਂ ਇਸ ਚੀਜ਼ ਨੂੰ ਮੰਨਦਾ ਹਾਂ ਕਿ ਦਲੀਲ ਦੇਣ ਲਈ ਇਸ ਕਮੇਟੀ ਦੇ ਸਿੱਟੇ ਕਿਸ ਲਈ ਲਾਹੇਵੰਦ ਹਨ ਕਿ ਉਥੇ ਗੜਬੜ ਸੀ।

ਸ੍ਰੀ ਜਮਨਾਦਾਸ ਐਮ. ਮਹਿਤਾ: ਇਹ ਕਮੇਟੀ ਦੇ ਸਿੱਟੇ ਨਹੀਂ ਪਰ ਇਹ ਕਮੇਟੀ ਲਈ ਪਾਏ ਗਏ ਸਨ।

ਡਾਕਟਰ ਬੀ.ਆਰ. ਅੰਬੇਡਕਰ: ਜੋ ਕੁਝ ਵੀ ਹੋਵੇ, ਜੋ ਕੁਝ ਕਮੇਟੀ ਨੇ ਰਿਪੋਰਟ ਦਿਤੀ ਹੈ ਉਹ ਇਹ ਹੈ ਅਤੇ ਉਹ ਠੋਸ ਸ਼ਬਦਾਂ ਵਿਚ ਹੇਠਾਂ ਦਰਸਾਈ ਗਈ ਹੈ। ਪੈਰਾ 84 ਹੇਠ ਲਿਖੇ ਅਨੁਸਾਰ ਹੈ :-

"ਭੀੜ ਦਾ ਵਤੀਰਾ ਅਤੇ ਕਾਰਵਾਈ ਗੋਲੀ ਚਲਾਏ ਜਾਣ ਲਈ ਜ਼ਿੰਮੇਵਾਰ ਸੀ। ਸਾਡੀ ਇਹ ਰਾਇ ਹੈ ਕਿ ਐਲਫ਼ਿਨਸਟਨ ਮਿਲ ਵਿਖੇ ਗੜਬੜ, ਜਿਸ ਦੇ ਸਿੱਟੇ ਵਜੋਂ ਗੋਲੀ ਚਲਾਉਣੀ ਪਈ ਅਤੇ ਬਾਅਦ ਵਿਚ ਮੌਤਾਂ ਵੀ ਹੋਈਆਂ ਉਸ ਦੇ ਲਈ ਮੁੱਖ ਜਿੰਮੇਵਾਰੀ ਕੌਂਸਲ ਆਫ਼ ਐਕਸ਼ਨ ਦੇ ਮੈਂਬਰਾਂ ਦੀ ਸੀ, ਜਿਨ੍ਹਾਂ ਨੇ ਹੜਤਾਲ ਨੂੰ ਕਾਮਯਾਬ ਬਣਾਉਣ ਲਈ ਜ਼ੋਰਦਾਰ ਪ੍ਰਾਪੇਗੰਡਾ ਕਰਦੇ ਅਨਪੜ੍ਹ ਮਜ਼ਦੂਰਾਂ ਨੂੰ ਹਿੰਸਾ ਕਰਨ ਲਈ ਸੱਦਾ ਦਿੱਤਾ।"

---

*ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 5, ਪੰਨੇ 1724-27 ਮਿਤੀ-17 ਮਾਰਚ, 1939

ਜਿਵੇਂ ਮੈਂ ਕਿਹਾ ਹੈ, ਮੈਂ ਕਮੇਟੀ ਦੀ ਰਿਪੋਰਟ ਦੇ ਪਰਿਣਾਮ ਦੀ ਸ਼ੁੱਧੀ ਦੀ ਜਾਂਚ-ਪੜਤਾਲ ਨਹੀਂ ਕਰ ਰਿਹਾ। ਮੈਂ ਸੋਚਦਾ ਹਾਂ, ਕਿ ਜੇਕਰ ਕੋਈ ਵਿਅਕਤੀ ਰਿਪੋਰਟ ਦੀ ਸ਼ੁੱਧੀ ਦੀ ਜਾਂਚ-ਪੜਤਾਲ ਕਰਨੀ ਚਾਹੁੰਦਾ ਹੈ ਤਾਂ ਉਹ ਇਸ ਬਾਰੇ ਬਹੁਤ ਕੁਝ ਕਹਿ ਸਕਦਾ ਹੈ, ਕਿਉਂਕਿ ਮੈਂ ਇਹ ਵੇਖਦਾ ਹਾਂ ਕਿ ਆਪਣੇ ਬਾਬਤ ਕਹਿਣਾ ਕਿ ਜਿਨ੍ਹਾਂ ਸਬੂਤਾਂ ਤੇ ਇਹ ਪਰਿਣਾਮ ਆਧਾਰਿਤ ਹੈ ਅਤੇ ਕੌਂਸਲ ਆਫ਼ ਐਕਸ਼ਨ ਦੇ ਮੈਂਬਰਾਂ ਦੁਆਰਾ ਕਥਿਤ ਤੌਰ ਤੇ ਜੋ ਬਹੁਤ ਸਾਰੇ ਭਾਸ਼ਣ ਕੀਤੇ ਗਏ ਹਨ ਅਤੇ ਉਹ ਸਾਰੇ ਪੰਨਾ 10 ਤੋਂ ਅੱਗੇ ਵਾਸਤਵ ਵਿਚ ਇਸ ਰਿਪੋਰਟ ਵਿਚ ਦਿਤੇ ਗਏ ਹਨ, ਉਹ ਮੇਰੀ ਰਾਇ ਵਿਚ ਇਸ ਪਰਿਣਾਮ ਦੀ ਹਿਮਾਇਤ ਨਹੀਂ ਕਰਦੇ। ਜਿਵੇਂ ਮੈਂ ਕਿਹਾ ਹੈ, ਮੈਂ ਇਸ ਨੂੰ ਦਲੀਲ ਵਜੋਂ ਸਹੀ ਪਰਿਣਾਮ ਵਜੋਂ ਲੈ ਰਿਹਾ ਹਾਂ ਅਤੇ ਜੋ ਸਵਾਲ ਮੈਂ ਮਾਨਯੋਗ ਗ੍ਰਿਹ ਮੰਤਰੀ ਜੀ ਤੋਂ ਪੁੱਛਣ ਜਾ ਰਿਹਾ ਹਾਂ ਉਹ ਇਹ ਹੈ: ਕੀ ਉਹ ਵਿਸ਼ਵਾਸ਼ ਰੱਖਦੇ ਹਨ ਕਿ ਇਹ ਰਿਪੋਰਟ ਸਹੀ ਹੈ ? ਜੇਕਰ ਉਹ ਕਹਿੰਦੇ ਹਨ ਕਿ ਇਹ ਰਿਪੋਰਟ ਸੱਚੀ ਹੈ ਤਾਂ ਕੀ ਉਹ ਕੌਂਸਲ ਆਫ਼ ਐਕਸ਼ਨ ਦੇ ਉਨ੍ਹਾਂ ਮੈਂਬਰਾਂ ਵਿਰੁੱਧ ਮੁਕੱਦਮਾ ਚਲਾਉਣ ਲਈ ਤਿਆਰ ਹਨ ਜਿਨ੍ਹਾਂ ਨੇ ਇਸ ਹਿੰਸਾ ਦੀ ਸਹਾਇਤਾ ਕੀਤੀ ਅਤੇ ਹਿੰਸਾ ਕਰਨ ਲਈ ਲੋਕਾਂ ਨੂੰ ਸ਼ਹਿ ਦਿਤੀ ? ਜਿਥੋਂ ਤੱਕ ਇਸ ਕੌਂਸਲ ਆਫ਼ ਐਕਸ਼ਨ ਨਾਲ ਸੰਬੰਧਿਤ ਹਾਂ, ਮੈਂ ਆਪਣੀ ਬਾਬਤ ਕਹਿੰਦਾ ਹਾਂ ਕਿ ਮੈਂ ਤਿਆਰ ਹਾਂ, ਮੇਰੇ ਤੇ ਮੁਕੱਦਮਾ ਚਲਾਇਆ ਜਾਵੇ। ਕੋਈ ਵੀ ਆਦਮੀ ਜਿਸ ਵਿਚ ਹੌਸਲਾ ਹੈ, ਜਿਸ ਨੂੰ ਆਪਣੇ ਆਪ ਤੇ ਵਿਸ਼ਵਾਸ਼ ਹੈ, ਜਿਸ ਨੂੰ ਇਸ ਸ਼ਹਾਦਤ ਵਿਚ ਵਿਸ਼ਵਾਸ਼ ਹੈ, ਉਹ ਸਾਹਮਣੇ ਆਵੇ ਅਤੇ ਉਹ ਮੇਰੇ ਤੇ ਮੁਕੱਦਮਾ ਚਲਾਵੇ। ਮੈਂ ਮੁਕੱਦਮਾ ਲੜਨ ਲਈ ਤਿਆਰ ਹਾਂ ਅਤੇ ਕਾਨੂੰਨ ਜੋ ਵੀ ਮੈਨੂੰ ਸਜ਼ਾ ਦਵੇ ਮੈਂ ਉਹ ਭੁਗਤਣ ਨੂੰ ਤਿਆਰ ਹਾਂ। ਇਹ ਮੇਰਾ ਪਹਿਲਾ ਪ੍ਰਸ਼ਨ ਹੈ। ਦੂਜਾ ਪ੍ਰਸ਼ਨ ਜੋ ਮੈਂ ਮਾਨਯੋਗ ਗ੍ਰਿਹ ਮੰਤਰੀ ਤੋਂ ਪੁੱਛਣ ਜਾ ਰਿਹਾ ਹਾਂ ਉਹ ਇਹ ਹੈ ਅਤੇ ਇਹ ਵੀ ਪੁਛ-ਪੜਤਾਲ ਕਮੇਟੀ ਦੀ ਰਿਪੋਰਟ ਦੇ ਨਿਸ਼ਕਰਸ਼ਾਂ ਤੇ ਆਧਾਰਿਤ ਹੈ ਜੋ, ਜਿਵੇਂ ਮੈਂ ਕਿਹਾ ਹੈ, ਬਹਿਸ ਕਰਨ ਦੇ ਮਕਸਦ ਲਈ ਮੈਂ ਪ੍ਰਵਾਨ ਕਰਦਾ ਹਾਂ। ਮੈਂ ਸੋਚਦਾ ਸੀ ਕਿ ਮੂਲ ਪ੍ਰਸ਼ਨ ਜਿਸ ਨਾਲ ਇਹ ਕਮੇਟੀ ਸੰਬੰਧਿਤ ਸੀ, ਉਹ ਗੋਲੀ ਚਲਾਏ ਜਾਣ ਦੀ ਉਚਿਤਤਾ ਦੇ ਪ੍ਰਸ਼ਨ ਨਾਲ ਸਬੰਧਤ ਸੀ। ਕਮੇਟੀ ਨੇ ਕਿਹਾ ਹੈ ਕਿ ਗੋਲੀ ਦਾ ਚਲਾਇਆ ਜਾਣਾ ਉਚਿਤ ਸੀ। ਕੁਝ ਕਾਰਨ ਸਨ ਜਿਨ੍ਹਾਂ ਕਰਕੇ ਗੋਲੀ ਚਲਾਉਣੀ ਪਈ। ਮੈਨੂੰ ਵਿਸ਼ਵਾਸ਼ ਹੈ ਕਿ ਕਮੇਟੀ ਨੇ ਵੀ ਰਿਪੋਰਟ ਦਿਤੀ ਹੈ ਕਿ ਗੋਲੀ ਚਲਾਏ ਜਾਣ ਤੋਂ ਬਗ਼ੈਰ ਹਿੰਸਾ ਨੂੰ ਦਬਾਇਆ ਨਹੀਂ ਸੀ ਜਾ ਸਕਦਾ। ਦੂਜੇ ਸ਼ਬਦਾਂ ਵਿਚ, ਗੋਲੀ ਚਲਾਉਣਾ ਇਸ ਮੰਤਵ ਲਈ ਬਿਲਕੁਲ ਉਚਿਤ ਸੀ। ਜਿਵੇਂ ਮੈਂ ਕਿਹਾ ਹੈ ਕਿ ਕਮੇਟੀ ਦੇ ਨਿਸ਼ਕਰਸ਼ ਨੂੰ ਆਪਣੀ ਦਲੀਲ ਦੇ ਮੰਤਵ ਲਈ ਸੱਚ ਦੇ ਤੌਰ ਤੇ ਲੈ ਰਿਹਾ ਹਾਂ। ਇਸ ਲਈ, ਮੈਂ ਮਾਨਯੋਗ ਗ੍ਰਿਹ ਮੰਤਰੀ ਤੋਂ ਇਕ ਹੋਰ ਪ੍ਰਸ਼ਨ ਪੁੱਛਣ ਜਾ ਰਿਹਾ ਹਾਂ। ਕੀ ਉਹ ਉਨ੍ਹਾਂ ਪੁਲਿਸ ਅਫ਼ਸਰਾਂ ਤੇ ਕਾਨੂੰਨੀ ਅਦਾਲਤ ਵਿਚ ਮੁਕੱਦਮਾ ਚਲਾਉਣ ਲਈ ਤਿਆਰ ਹਨ ਜਿਨ੍ਹਾਂ ਨੇ ਇਸ ਗੋਲੀਬਾਰੀ ਵਿਚ ਹਿੱਸਾ ਲਿਆ ਅਤੇ ਕੀ ਤੁਸੀਂ ਕਿਸੇ ਜੱਜ ਜਾਂ ਜੂਰੀ ਦੁਆਰਾ ਕਮੇਟੀ ਦੁਆਰਾ ਦਿਤੇ ਗਏ ਇਸ ਫ਼ੈਸਲੇ ਨੂੰ ਸਹੀ ਠਹਿਰਾਏ ਜਾਣ ਲਈ ਤਿਆਰ ਹੋ ? ਸ੍ਰੀਮਾਨ

ਜੀ, ਮੈਂ ਇਸ ਸਦਨ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਕਾਨੂੰਨ ਦਾ ਸਵਾਲ ਹੈ, ਇਕ ਸਾਧਾਰਨ ਵਿਅਕਤੀ ਅਤੇ ਪੁਲਿਸ ਅਫ਼ਸਰ ਵਿਚ ਕੋਈ ਫ਼ਰਕ ਨਹੀਂ ਅਤੇ ਮੈਂ ਸਦਨ ਦੇ ਗਿਆਨ ਲਈ ਇਕ ਦਸਤਾਵੇਜ਼ ਤੋਂ ਇਕ ਛੋਟਾ ਜਿਹਾ ਪੈਰਾ ਪੜ੍ਹ ਕੇ ਸੁਣਾ ਰਿਹਾ ਹਾਂ ਜੋ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਉਹ ਗ੍ਰਿਹ ਮੰਤਰੀ ਜੀ ਜਾਣਦੇ ਹੀ ਹੋਣਗੇ। ਉਹ ਹੈ- ਫ਼ੈਦਰਸਟੋਨ ਦੰਗਾ ਕਮੇਟੀ ਦੀ ਰਿਪੋਰਟ। ਇਸ ਵਿਚ, ਇਕ ਪੈਰੇ ਵਿਚ ਇਹ ਕਿਹਾ ਗਿਆ ਹੈ:-

"ਜਿਥੋਂ ਤੱਕ ਕਾਨੂੰਨ ਦੇ ਸਿਧਾਂਤ ਦਾ ਸਬੰਧ ਹੈ, ਅਫ਼ਸਰਾਂ ਅਤੇ ਸਿਪਾਹੀਆਂ ਦੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਅਤੇ ਉਨ੍ਹਾਂ ਦੀ ਕੋਈ ਵਿਸ਼ੇਸ਼ ਜ਼ਿੰਮੇਵਾਰੀ ਨਹੀਂ ਹੁੰਦੀ। ਕਾਨੂੰਨੀ ਵਿਵਸਥਾ ਬਣਾਏ ਰੱਖਣ ਦੇ ਮੰਤਵ ਲਈ ਇਕ ਸਿਪਾਹੀ ਇਕ ਆਮ ਸ਼ਹਿਰੀ ਹੁੰਦਾ ਹੈ ਜੋ ਕਿ ਵਿਸ਼ੇਸ਼ ਤਰੀਕੇ ਵਿਚ ਹਥਿਆਰਾਂ ਨਾਲ ਲੈਸ ਹੁੰਦਾ ਹੈ, ਕਿਉਂਕਿ ਉਹ ਪਿਸਾਹੀ ਹੈ। ਜੇਕਰ ਉਹ ਕਿਸੇ ਵਿਅਕਤੀ ਦੀ ਜਾਨ ਲੈ ਲੈਂਦਾ ਹੈ ਤਾਂ ਉਸ ਨੂੰ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਫ਼ੌਜ ਦੀ ਸਹਾਇਤਾ ਲੈਣ ਜਾਂ ਨਾ ਲੈਣ ਲਈ ਮੈਜਿਸਟਰੇਟਾਂ ਅਤੇ ਪੁਲਿਸ ਅਫ਼ਸਰਾਂ ਦੀ ਡਿਊਟੀ ਇਸ ਕੇਸ ਵਿਚ ਇਹੋ ਜਿਹੇ ਤਰੀਕੇ ਤੇ ਹੀ ਨਿਰਭਰ ਕਰਦੀ ਹੈ। ਇਕ ਸਿਪਾਹੀ ਆਪਣੇ ਹਥਿਆਰਾਂ ਦੀ ਵਰਤੋਂ ਕਰਕੇ ਹੀ ਕਾਰਵਾਈ ਕਰ ਸਕਦਾ ਹੈ। ਜਿਹੜੇ ਹਥਿਆਰ ਉਸ ਕੋਲ ਹੁੰਦੇ ਹਨ, ਉਹ ਬੜੇ ਭਿਆਨਕ ਹੁੰਦੇ ਹਨ। ਇਨ੍ਹਾਂ ਹਥਿਆਰਾਂ ਦੀ ਵਰਤੋਂ ਹੋਵੇ ਤਾਂ ਇਹ ਖ਼ਤਰਾ ਰਹਿੰਦਾ ਹੈ ਕਿ ਜਾਂ ਤਾਂ ਕੋਈ ਮਰੇਗਾ ਜਾਂ ਕਿਸੇ ਦਾ ਅੰਗ ਭੰਗ ਹੋਵੇਗਾ ਅਤੇ ਅਜਕਲ੍ਹ ਜਦੋਂ ਉਨਤ ਤਰੀਕੇ ਹਨ ਅਤੇ ਸੁਧਰੇ ਹੋਵੇ ਹਥਿਆਰ ਹਨ ਤਾਂ ਉਨ੍ਹਾਂ ਨਾਲ ਬੇਕਸੂਰ ਰਾਹਗੀਰਾਂ ਜਾਂ ਦੂਰ ਖੜ੍ਹੇ ਲੋਕਾਂ ਨੂੰ ਵੀ ਖ਼ਤਰਾ ਹੈ। ਦੰਗਾਕਾਰੀਆਂ ਵਿਰੁਧ ਸਹਾਇਤਾ ਲਈ ਉਨ੍ਹਾਂ ਲੋਕਾਂ ਨੂੰ ਬੁਲਾਉਣਾ ਜਿਨ੍ਹਾਂ ਨੂੰ ਕੇਵਲ ਗੰਭੀਰ ਹਾਲਾਤ ਵਿਚ ਹੀ ਬੁਲਾਇਆ ਜਾ ਸਕਦਾ ਹੈ, ਸਿਵਲ ਅਧਿਕਾਰੀਆਂ ਲਈ ਅਖ਼ੀਰਲਾ ਹਥਿਆਰ ਹੋਣਾ ਚਾਹੀਦਾ ਹੈ।"

ਅਤੇ, ਜਿਥੋਂ ਤੱਕ ਇਸ ਦੇਸ ਦੇ ਕਾਨੂੰਨ ਦਾ ਸਬੰਧ ਹੈ, ਇਹ ਕਾਨੂੰਨ ਇਹ ਹੀ ਹੈ। ਸੰਖੇਪ ਰੂਪ ਵਿਚ, ਸੰਵਿਧਾਨਕ ਕਾਨੂੰਨ ਦੇ ਇਕ ਬਹੁਤ ਵੱਡੇ ਲਿਖਾਰੀ ਪ੍ਰੋ: ਡਾਇਸੀ ਦੀ ਭਾਸ਼ਾ ਵਿਚ ਕਾਨੂੰਨ ਇਹ ਹੈ ਕਿ ਜੇਕਰ ਇਕ ਪੁਲਿਸ ਅਫ਼ਸਰ ਜਾਂ ਇਕ ਫ਼ੌਜੀ ਅਫ਼ਸਰ ਨੂੰ ਆਪਣੇ ਅਫ਼ਸਰ ਦੁਆਰਾ ਗੋਲੀ ਚਲਾਉਣ ਲਈ ਕਿਹਾ ਜਾਂਦਾ ਹੈ ਅਤੇ ਉਹ ਆਪਣੇ ਅਫ਼ਸਰ ਦਾ ਹੁਕਮ ਨਹੀਂ ਮੰਨਦਾ ਤਾਂ ਉਸਨੂੰ ਕੋਰਟ ਮਾਰਸ਼ਲ ਕਰਕੇ ਫਾਂਸੀ ਦਿਤੀ ਜਾ ਸਕਦੀ ਹੈ ਅਤੇ ਜੇਕਰ ਉਹ ਹੁਕਮਾਂ ਦੀ ਪਾਲਣਾ ਕਰਦਾ ਹੈ ਅਤੇ ਕਿਸੇ ਮਾਸੂਮ ਆਦਮੀ ਨੂੰ ਮਾਰ ਦਿੰਦਾ ਹੈ ਤਾਂ ਉਸਨੂੰ ਜੱਜ ਜਾਂ ਜਿਊਰੀ ਦੁਆਰਾ ਫਾਂਸੀ ਦੇ ਦਿੱਤੀ ਜਾਵੇਗੀ। ਉਸਦਾ ਕੇਸ ਹਾਲਾਤ ਦੀ ਜ਼ਰੂਰਤ ਤੇ ਨਿਰਭਰ ਕਰਨਾ ਚਾਹੀਦਾ ਹੈ। ਉਸ ਦਾ ਕੇਸ ਇਸ ਚੀਜ਼ ਤੇ ਆਧਾਰਿਤ ਹੋਣਾ ਚਾਹੀਦਾ ਹੈ ਕਿ ਕੀ ਉਸ ਨੇ ਆਪਣੀ ਸ਼ਕਤੀ ਦੀ ਜ਼ਿਆਦਾ ਵਰਤੋਂ ਤਾਂ ਨਹੀਂ ਕੀਤੀ ? ਜੋ ਮੈਂ ਦਲੀਲ ਦੇਣੀ ਚਾਹੁੰਦਾ ਹਾਂ ਉਹ ਇਹ ਹੈ: ਇਥੇ ਇਕ ਕਮੇਟੀ ਹੈ ਜਿਸ ਨੇ ਪੁਲਿਸ ਦੇ ਆਚਰਨ ਨੂੰ ਉਚਿਤ ਠਹਿਰਾਇਆ ਹੈ। ਆਪਣੇ ਮਾਨਯੋਗ ਮੈਂਬਰ ਤੋਂ ਜਿਹੜੀ ਮੈਂ ਇਕੋ

ਚੀਜ਼ ਪੁੱਛਣੀ ਚਾਹੁੰਦਾ ਹਾਂ ਉਹ ਇਹ ਹੈ : ਜੇਕਰ ਉਹ ਉਸ ਦਸਤਾਵੇਜ਼ ਤੇ ਵਿਸ਼ਵਾਸ਼ ਕਰਦਾ ਹੈ ਜਿਸਨੂੰ ਤਿੰਨ ਯੋਗ ਅਤੇ ਮਾਨਯੋਗ ਵਿਅਕਤੀਆਂ ਨੇ ਲਿਖਿਆ ਹੋਵੇ ਤਾਂ ਜੇਕਰ ਉਹ ਸਹੀ ਹੈ ਤਾਂ ਉਨ੍ਹਾਂ ਵਿਅਕਤੀਆਂ ਵਿਰੁਧ ਉਹ ਕਿਉਂ ਮੁਕੱਦਮਾ ਚਲਾਉਂਦਾ ਹੈ ? ਕੀ ਕੋਈ ਇਹੋ ਜਿਹੀ ਜਿਊਰੀ ਹੈ ਜੋ ਇਹ ਮੰਨ ਸਕਦੀ ਹੈ ਕਿ ਇਸ ਦੀ ਜ਼ਰੂਰਤ ਸੀ ਅਤੇ ਜੇਕਰ ਕੋਈ ਅਜਿਹੀ ਜਿਊਰੀ ਹੈ ਜੋ ਇਹ ਮੰਨ ਸਕਦੀ ਹੈ ਕਿ ਕੋਈ ਜ਼ਿਆਦਤੀ ਨਹੀਂ ਹੋਈ ਤਾਂ ਠੀਕ ਹੈ। ਹੁਣ ਅਸੀਂ ਇਕ ਜੱਜ ਅਤੇ ਜਿਊਰੀ ਦਾ ਫ਼ੈਸਲਾ ਲੈਂਦੇ ਹਾਂ ਅਤੇ ਇਸ ਨੂੰ ਇਸ ਤਰੀਕੇ ਨਾਲ ਪੇਸ਼ ਕਰਦੇ ਹਾਂ ਕਿ ਜੇਕਰ ਉਹ ਅਜਿਹਾ ਨਹੀਂ ਕਰਦਾ, ਜੇਕਰ ਉਹ ਕੌਂਸਲ ਆਫ਼ ਐਕਸ਼ਨ ਦੇ ਮੈਂਬਰਾਂ ਵਿਰੁੱਧ ਮੁਕੱਦਮਾ ਨਹੀਂ ਚਲਾਉਂਦਾ, ਜੇਕਰ ਉਹ ਪੁਲਿਸ ਅਫ਼ਸਰਾਂ ਦੇ ਵਿਰੁੱਧ ਮੁਕੱਦਮਾ ਨਹੀਂ ਚਲਾਉਂਦਾ ਤਾਂ ਇਸ ਰਿਪੋਰਟ ਦੀ ਟੂਲੇ ਸ਼ਟਰੀਟ ਦੇ ਤਿੰਨ ਦਰਜ਼ੀਆਂ ਦੁਆਰਾ ਲਿਖੀ ਗਈ ਕਹਾਣੀ ਜਾਂ ਨਾਵਲ ਨਾਲੋਂ ਜ਼ਿਆਦਾ ਕੀਮਤ ਨਹੀਂ ਹੋਵੇਗੀ। (ਹਾਸਾ)

ਅਤੇ ਸ੍ਰੀਮਾਨ ਜੀ, ਹੁਣ ਮੈਂ ਤੀਸਰਾ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ। ਅਰਥਾਤ, ਇਹ ਤੁਹਾਡੀ ਸੂਚਨਾ ਲਈ ਹੈ। ਸ੍ਰੀਮਾਨ ਜੀ, ਮੈਨੂੰ ਪਤਾ ਲੱਗਾ ਹੈ ਅਤੇ ਬਹੁਤ ਹੀ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਅਤੇ ਮੈਂ ਇਹ ਸੂਚਨਾ ਮਾਨਯੋਗ ਗ੍ਰਿਹ ਮੰਤਰੀ ਜੀ ਨੂੰ ਦੇਣੀ ਚਾਹੁੰਦਾ ਹਾਂ ਕਿ ਸਪਰਿੰਗ ਮਿਲ ਦੇ ਮੈਨੇਜਰ ਨੇ ਜਿਸ ਦੀ ਮਿਲ ਦੇ ਅਹਾਤੇ ਵਿਚ 6.30 ਵਜੇ ਜਾਂ ਇਸ ਦੇ ਲਗਭਗ ਗੋਲੀ ਚਲੀ, ਉਸ ਦਿਨ ਉਸ ਮੈਨੇਜਰ ਨੇ ਇਨਾਮ ਵਜੋਂ ਉਨ੍ਹਾਂ ਪੁਲਿਸ ਅਫ਼ਸਰਾਂ ਨੂੰ, ਜਿਨ੍ਹਾਂ ਨੇ ਗੋਲੀ ਚਲਾਉਣ ਵਿਚ ਹਿੱਸਾ ਲਿਆ, 200 ਰੁਪਏ ਵੰਡਣ ਲਈ ਭੇਜੇ। ਮੈਨੂੰ ਇਹ ਨਹੀਂ ਪਤਾ ਕਿ ਮਾਨਯੋਗ ਗ੍ਰਿਹ ਮੰਤਰੀ ਜੀ ਨੂੰ ਇਸ ਬਾਰੇ ਪਤਾ ਹੈ ਪਰ ਮੈਂ ਜਾਣਦਾ ਹਾਂ ਕਿ ਇਹ ਬਿਲਕੁਲ ਸੱਚ ਹੈ ਅਤੇ ਜੇਕਰ ਉਹ ਮਹਿਕਮੇ ਤੋਂ ਸੂਚਨਾ ਮੰਗਵਾਉਣੀ ਚਾਹੁਣ ਤਾਂ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਇਹ ਬਿਲਕੁਲ ਸੱਚ ਹੈ। ਹੁਣ ਸ੍ਰੀਮਾਨ ਜੀ, ਜੇਕਰ ਇਹ ਸੱਚ ਹੈ ਕਿ ਸਪਰਿੰਗ ਮਿਲ ਦੇ ਮੈਨੇਜਰ ਦੁਆਰਾ ਸਰਕਾਰ ਨੂੰ 200 ਰੁਪਏ ਇਸ ਹਿਦਾਇਤ ਨਾਲ ਭੇਜੇ ਗਏ ਸਨ ਕਿ ਇਹ ਪੈਸੇ ਇਨਾਮ ਵਜੋਂ ਉਨ੍ਹਾਂ ਪੁਲਿਸ ਅਫ਼ਸਰਾਂ ਦਰਮਿਆਨ ਵੰਡ ਦਿਤੇ ਜਾਣ ਜਿਨ੍ਹਾਂ ਨੇ ਉਸ ਦਿਨ, ਜਿਸ ਦਿਨ ਮਿਲ ਵਿਚ ਗੋਲੀ ਚੱਲੀ, ਦੰਗਿਆਂ ਜਾਂ ਗੋਲੀ ਚਲਾਏ ਜਾਣ ਵਿਚ ਹਿੱਸਾ ਲਿਆ। ਸ੍ਰੀਮਾਨ ਜੀ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਹਿਣਾ ਉਚਿਤ ਨਹੀਂ ਕਿ ਗੋਲੀ ਇਸ ਕਰਕੇ ਨਹੀਂ ਸੀ ਚਲਾਈ ਗਈ ਕਿ ਉਥੇ ਹਿੰਸਾ ਸੀ ਸਗੋਂ ਗੋਲੀ ਇਸ ਕਰਕੇ ਚਲਾਈ ਗਈ ਸੀ ਕਿ ਮਿਲ ਦੇ ਮਾਲਕ ਨੇ ਪੁਲਿਸ ਅਫ਼ਸਰਾਂ ਨੂੰ ਆਪਣਾ ਕੰਮ ਠੀਕ ਤਰ੍ਹਾਂ ਕਰਨ ਲਈ ਕਿਹਾ ਸੀ ? ਇਹ ਬੜੇ ਦੁੱਖ ਦੀ ਗੱਲ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਮਾਨਯੋਗ ਗ੍ਰਿਹ ਮੰਤਰੀ ਇਸ ਮਾਮਲੇ ਨੂੰ ਬੜੀ ਗੰਭੀਰਤਾ ਨਾਲ ਲੈਣ, ਕਿਉਂਕਿ, ਜੇਕਰ ਇਹ ਸੱਚ ਹੈ ਕਿ ਇਹ ਪੁਲਿਸ ਫ਼ੋਰਸ ਉਹ ਪੁਲਿਸ ਫ਼ੋਰਸ ਹੈ ਜੋ ਸ਼੍ਰੇਣੀਆਂ ਦਰਮਿਆਨ ਨਿਆਂ ਕਰਨ ਲਈ ਰਾਜ ਦੁਆਰਾ ਨਹੀਂ ਰੱਖੀ ਜਾ ਰਹੀ ਸਗੋਂ ਇਹ ਉਹ ਪੁਲਿਸ ਫ਼ੋਰਸ ਹੈ ਜੋ ਮਜ਼ਦੂਰਾਂ ਦੀ ਹੜਤਾਲ ਨੂੰ ਕੁਚਲਣ ਦੇ ਮੰਤਵ ਲਈ ਸਰਮਾਏਦਾਰ ਸ਼੍ਰੇਣੀ ਦਾ ਪੱਖ ਲੈਣ ਲਈ ਰੱਖੀ ਜਾ ਰਹੀ ਹੈ।

ਸ੍ਰੀਮਾਨ ਜੀ, ਇਹ ਘਟਨਾ ਮੇਰੇ ਲਈ ਬਹੁਤ ਦੁਖ ਦੀ ਗੱਲ ਹੈ ਅਤੇ ਇਹ ਮੈਨੂੰ ਉਸ ਗੱਲ ਦੀ ਯਾਦ ਦਿਵਾਉਂਦੀ ਹੈ ਜੋ ਇਕ ਬਹੁਤ ਹੀ ਸੂਝਵਾਨ ਸਿਵਿਲੀਅਨ ਨੇ ਸੰਯੁਕਤ ਸੰਸਦੀ ਕਮੇਟੀ ਸਾਹਮਣੇ ਸ਼ਹਾਦਤ ਦੇ ਦੌਰਾਨ ਦੱਸੀ ਸੀ। ਮੈਂ ਸਵਰਗਵਾਸੀ ਸਰ ਐਡਵਰਡ ਥਾਂਪਸਨ, ਜੋ ਕੁਝ ਚਿਰ ਲਈ ਪੰਜਾਬ ਦੇ ਗਵਰਨਰ ਵੀ ਰਹੇ ਹਨ ਅਤੇ ਕੁਝ ਸਮੇਂ ਲਈ ਵਾਇਸਰਾਏ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਵੀ ਰਹੇ ਹਨ, ਦੁਆਰਾ ਦਿਤੀ ਗਈ ਸ਼ਹਾਦਤ ਦਾ ਹਵਾਲਾ ਦਿੰਦਾ ਹਾਂ। ਆਪਣੀ ਰਿਟਾਇਰਮੈਂਟ ਤੇ ਉਸਨੇ ਇੰਡੀਅਨ ਹੋਮ ਰੂਲ ਦੀ ਸਹਾਇਤਾ ਲਈ ਇੰਗਲੈਂਡ ਵਿਚ ਇਕ ਸੰਸਥਾ ਚਾਲੂ ਕੀਤੀ। ਜਿਵੇਂ ਕਿ ਇਸ ਸਦਨ ਦੇ ਹਰ ਇਕ ਮੈਂਬਰ ਨੂੰ ਪਤਾ ਹੈ, ਜਦੋਂ ਰਾਉਂਡ ਟੇਬਲ ਕਾਨਫ਼ਰੰਸ ਸ਼ੁਰੂ ਹੋਈ ਉਹ ਸਿਵਿਲੀਅਨ ਜੋ ਇਥੋਂ ਵਾਪਸ ਚਲੇ ਗਏ ਸਨ ਉਹ ਦੋ ਗਰੁੱਪਾਂ ਵਿਚ ਵੰਡੇ ਗਏ। ਇਕ ਗਰੁੱਪ ਉਹ ਸੀ ਜੋ ਇੰਡੀਅਨ ਹੋਮ ਰੂਲ ਦਾ ਵਿਰੋਧ ਕਰਦਾ ਸੀ ਅਤੇ ਦੂਸਰਾ ਗਰੁੱਪ ਉਹ ਸੀ ਜੋ ਇੰਡੀਅਨ ਹੋਮ ਰੂਲ ਦਾ ਸਮਰਥਨ ਕਰਦਾ ਸੀ। ਉਸ ਗਰੁੱਪ ਦੇ ਮੈਂਬਰ ਵਜੋਂ, ਉਹ ਸ਼ਹਾਦਤ ਦੇਣ ਲਈ ਅਤੇ ਆਪਣੇ ਨੁਕਤੇ ਦਾ ਸਮਰਥਨ ਕਰਨ ਲਈ ਸੰਯੁਕਤ ਸੰਸਦੀ ਕਮੇਟੀ ਸਾਹਮਣੇ ਪੇਸ਼ ਹੋਇਆ ਕਿ ਇੰਡੀਆ ਨੂੰ ਹੋਮ ਰੂਲ ਕਿਉਂ ਦਿਤਾ ਜਾਣਾ ਚਾਹੀਦਾ ਹੈ। ਅਸੀਂ ਸਾਰੇ ਬਹੁਤ ਖ਼ੁਸ਼ ਸਾਂ ਕਿ ਭਾਰਤੀ ਸਿਵਿਲੀਅਨਾਂ ਦਾ ਇਕ ਵਰਗ ਕਿਸੇ ਵੀ ਕੀਮਤ ਤੇ ਇਮਾਨਦਾਰੀ ਨਾਲ ਅਤੇ ਤਹਿ ਦਿਲੋਂ ਭਾਰਤੀਆਂ ਦੇ ਕੰਮ ਦੀ ਹਿਮਾਇਤ ਲਈ ਅੱਗੇ ਆਵੇ। ਪਰ ਮੈਂ ਇਹ ਨਿਝੱਕ ਹੋ ਕੇ ਕਹਿੰਦਾ ਹਾਂ ਕਿ ਉਸਨੇ ਜੋ ਦਲੀਲ ਦਿਤੀ ਮੈਂ ਉਸਨੂੰ ਸੁਣ ਕੇ ਹੈਰਾਨ ਹੋ ਗਿਆ। ਉਹ ਕਿਹੜੀ ਦਲੀਲ ਸੀ ਜੋ ਉਸਨੇ ਦਿਤੀ ? ਜੋ ਦਲੀਲ ਉਸਨੇ ਦਿਤੀ ਉਹ ਇਹ ਸੀ। ਕਿ ਉਸਨੇ ਕਿਹਾ, " ਮੈਂ ਆਇਰਲੈਂਡ ਦਾ ਵਸਨੀਕ ਹਾਂ। ਮੈਂ ਦੱਖਣੀ ਆਇਰਲੈਂਡ ਵਿਚ ਰਹਿੰਦਾ ਹਾਂ। ਮੈਂ ਉਹ ਵਿਦਰੋਹ ਵੇਖਿਆ ਹੈ ਜੋ 1916 ਦੇ ਦੌਰਾਨ ਦੱਖਣੀ ਆਇਰਲੈਂਡ ਵਿਚ ਹੋਇਆ ਸੀ ਅਤੇ ਹੋਰ" ਇਕ ਚੀਜ਼ ਜਿਸ ਦਾ ਉਸਤੇ ਜ਼ਿਆਦਾ ਅਸਰ ਹੋਇਆ, ਉਸਨੇ ਦਸਿਆ ਕਿ ਆਇਰਿਸ਼ ਹੋਮ ਰੂਲ ਦੇ ਹੱਕ ਵਿਚ ਇਹ ਚੀਜ਼ ਸੀ : ਜਿੰਨਾ ਚਿਰ ਵਿਦਰੋਹ ਚਲਦਾ ਰਿਹਾ ਉਤਨਾ ਚਿਰ ਕਿਸੇ ਵੀ ਅੰਗਰੇਜ਼ ਨੇ ਕਿਸੇ ਵੀ ਆਇਰਲੈਂਡ ਦੇ ਆਦਮੀ ਤੇ ਗੋਲੀ ਨਹੀਂ ਚਲਾਈ ਭਾਵੇਂ ਕਿ ਉਸਦੀ ਕਾਰਵਾਈ ਕਿੰਨੀ ਵੀ ਹਿੰਸਾ ਭਰੀ ਕਿਉਂ ਨਹੀਂ ਸੀ, ਕਿਉਂਕਿ ਜੇਕਰ ਅੰਗਰੇਜ਼ ਆਇਰਲੈਂਡ ਦੇ ਵਿਅਕਤੀ ਤੇ ਗੋਲੀ ਚਲਾਉਂਦਾ ਤਾਂ ਸਾਰੇ ਆਇਰਲੈਂਡ ਨੇ ਹਥਿਆਰ ਚੁੱਕ ਲੈਣੇ ਸਨ। ਉਸਨੇ ਕਿਹਾ ਕਿ ਜਦੋਂ ਹੋਮ ਰੂਲ ਮਿਲ ਗਿਆ ਸੀ ਤਾਂ ਕਾਸਗ੍ਰੇਵ ਲਈ ਆਇਰਲੈਂਡ ਦੇ ਵਿਅਕਤੀਆਂ ਤੇ ਗੋਲੀ ਚਲਾਉਣਾ ਸੰਭਵ ਸੀ ਅਤੇ ਕੋਈ ਵੀ ਵਿਅਕਤੀ ਇਸ ਵਿਰੁਧ ਵਿਦਰੋਹ ਕਰਨ ਲਈ ਖੜ੍ਹਾ ਨਾ ਹੋਇਆ। ਉਸਨੇ ਕਿਹਾ ਕਿ ਅੰਗਰੇਜ਼ਾਂ ਲਈ ਭਾਰਤ ਨੂੰ ਹੋਮ ਰੂਲ ਦੇਣ ਦਾ ਇਕ ਫ਼ਾਇਦਾ ਜ਼ਰੂਰ ਹੋਵੇਗਾ ਕਿ ਭਾਰਤੀ ਮੰਤਰੀ ਬਿਨਾਂ ਕਿਸੇ ਸੰਕੋਚ ਤੋਂ ਭਾਰਤੀਆਂ ਤੇ ਗੋਲੀ ਚਲਾ ਸਕਣਗੇ।

ਮਾਨਯੋਗ ਸਪੀਕਰ : ਮੈਂ ਮਾਨਯੋਗ ਮੈਂਬਰ ਨੂੰ ਸਮਾਂ-ਸੀਮਾਂ ਬਾਰੇ ਯਾਦ ਦਿਲਾਉਂਦਾ ਹਾਂ।

ਡਾਕਟਰ ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਮੈਂ ਆਪ ਜੀ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਇਕ ਮਿੰਟ ਵਿਚ ਹੀ ਖ਼ਤਮ ਕਰ ਦਿੰਦਾ ਹਾਂ।

ਜਿਸ ਤਰ੍ਹਾਂ ਮੈਂ ਕਿਹਾ ਹੈ, ਕੇਵਲ ਇਹੀ ਇਕ ਮੌਕਾ ਨਹੀਂ ਸੀ ਜਦੋਂ ਕਿ ਗੜਬੜਾਂ ਹੋਈਆਂ ਹੋਣ। ਜੇਕਰ ਮੇਰੇ ਮਾਨਯੋਗ ਦੋਸਤ ਸਰਕਾਰੀ ਫ਼ਾਈਲਾਂ ਵੇਖਣ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਇਸ ਤੋਂ ਪਹਿਲਾਂ ਵੀ ਕਈ ਮੌਕੇ ਆਏ ਹਨ ਜਦੋਂ ਇਸ ਤੋਂ ਵੀ ਜ਼ਿਆਦਾ ਗੜਬੜੀਆਂ ਹੁੰਦੀਆਂ ਰਹੀਆਂ ਹਨ। ਇਕ ਹੀ ਮਿਸਾਲ ਲੈ ਲਉ। ਜਦੋਂ ਪ੍ਰਿੰਸ ਆਫ਼ ਵੇਲਜ਼ ਨੇ ਸਾਡੇ ਦੇਸ ਦਾ ਦੌਰਾ ਕੀਤਾ ਸੀ, ਉਸ ਸਮੇਂ ਜੋ ਦੰਗੇ ਹੋਏ ਉਹ ਕਿੰਨੇ ਭਿਆਨਕ ਸਨ ? 1928-29 ਦੇ ਦੰਗਿਆਂ ਨੂੰ ਹੀ ਲੈ ਲਓ। ਉਸ ਸਮੇਂ ਜੋ ਦੰਗੇ ਹੋਏ ਉਹ ਕਿੰਨੇ ਭਿਆਨਕ ਸਨ ? ਇਸ ਵਿਚ ਸ਼ੱਕ ਨਹੀਂ ਕਿ ਦੰਗੇ ਬਦਕਿਸਮਤੀ ਦੀ ਨਿਸ਼ਾਨੀ ਹਨ, ਉਹ ਕਦੇ ਵੀ ਹੋਰਵੇਂ ਨਹੀਂ ਹੋ ਸਕਦੇ। ਪ੍ਰਸ਼ਨ ਕੇਵਲ ਇਹ ਹੈ: ਕੀ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਵਿਚ ਅਸੀਂ ਆਜ਼ਾਦੀ ਅਤੇ ਸੁਤੰਤਰਤਾ ਦਾ ਸਨਮਾਨ ਨਹੀਂ ਕਰਾਂਗੇ ? ਅਤੇ ਜੇਕਰ ਹੋਮ ਰੂਲ ਦਾ ਇਸ ਤੋਂ ਇਲਾਵਾ ਹੋਰ ਕੁਝ ਮਤਲਬ ਨਹੀਂ ਜਿਸ ਤਰ੍ਹਾਂ ਕਿ ਮੈਂ ਸੋਚ ਰਿਹਾ ਹਾਂ ਤਾਂ ਇਸ ਦਾ ਇਸ ਚੀਜ਼ ਤੋਂ ਇਲਾਵਾ ਹੋਰ ਕੁਝ ਮਤਲਬ ਨਹੀਂ ਹੋ ਸਕਦਾ ਕਿ ਸਾਡੇ ਮੰਤਰੀ ਹੀ ਆਪਣੇ ਲੋਕਾਂ ਨੂੰ ਮਾਰ ਸਕਣਗੇ ਅਤੇ ਬਾਕੀ ਦੇ ਅਸੀਂ ਸਾਰੇ ਲੋਕ ਇਸ ਸਾਰੇ ਸ਼ੋਅ ਨੂੰ ਵੇਖਦੇ ਰਹਿ ਜਾਵਾਂਗੇ, ਜਾਂ ਉਸ ਦੀ ਮਦਦ ਕਰਨ ਲਈ ਖੜ੍ਹੇ ਹੋਵਾਂਗੇ ਕਿਉਂਕਿ ਉਹ ਕਿਸੇ ਵਿਸ਼ੇਸ਼ ਪਾਰਟੀ ਦਾ ਆਦਮੀ ਹੈ, ਤਦ ਮੈਂ ਕਹਿੰਦਾ ਹਾਂ ਕਿ ਹੋਮ ਰੂਲ ਭਾਰਤ ਲਈ ਸਰਾਪ ਹੈ, ਕੋਈ ਵਰਦਾਨ ਨਹੀਂ ਹੈ। (ਤਾੜੀਆਂ)!

24.

* ਯੁੱਧ ਵਿੱਚ ਹਿੱਸਾ ਲੈਣ ਸਬੰਧੀ

I

ਡਾਕਟਰ .ਬੀ .ਆਰ . ਅੰਬੇਡਕਰ : ਸ੍ਰੀਮਾਨ ਜੀ, ਮੈਂ ਇਕ ਪੁਆਇੰਟ ਆਫ਼ ਆਰਡਰ ਉਠਾਉਣਾ ਚਾਹੁੰਦਾ ਹਾਂ। ਮੇਰੇ ਪੁਆਇੰਟ ਆਫ਼ ਆਰਡਰ ਦਾ ਸਬੰਧ ਮਤੇ ਦੇ ਅਖ਼ੀਰਲੇ ਭਾਗ ਨਾਲ ਹੈ ਜੋ ਹੇਠ ਲਿਖੇ ਅਨੁਸਾਰ ਹੈ :-

"ਇਹ ਵਿਧਾਨ ਸਭਾ ਖੇਦ ਪ੍ਰਗਟ ਕਰਦੀ ਹੈ ਕਿ ਜਦੋਂ ਉਨ੍ਹਾਂ ਦੀ ਤਰਫ਼ੋਂ ਭਾਰਤ ਸਬੰਧੀ ਅਧਿਕਾਰ ਦੇਣ ਸਬੰਧੀ ਬਿਆਨ ਦਿਤਾ ਗਿਆ ਹੈ, ਬਾਦਸ਼ਾਹ ਦੀ ਸਰਕਾਰ ਨੂੰ ਭਾਰਤ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ।"

ਸ੍ਰੀਮਾਨ ਜੀ, ਮੈਂ ਬੰਬਈ ਵਿਧਾਨ ਸਭਾ ਨਿਯਮਾਵਲੀ ਦੇ ਨਿਯਮ 75 ਤੇ ਪੂਰਾ ਵਿਸ਼ਵਾਸ਼ ਕਰਦਾ ਹਾਂ ਜੋ ਮਤਿਆਂ ਦੇ ਰੂਪ ਅਤੇ ਵਿਸ਼ਾ-ਵਸਤੂ ਨਾਲ ਸਬੰਧਤ ਹੈ। ਇਹ ਨਿਯਮ ਹੇਠ ਲਿਖੇ ਅਨੁਸਾਰ ਹੈ:-

"ਇਨ੍ਹਾਂ ਨਿਯਮਾਂ ਵਿਚ ਦਰਜ ਪਾਬੰਦੀਆਂ ਅਧੀਨ, ਆਮ ਲੋਕ ਹਿੱਤ ਦੇ ਮਾਮਲੇ ਤੇ ਪੇਸ਼ ਕੀਤਾ ਜਾ ਸਕਦਾ ਹੈ :

ਪਰ ਸ਼ਰਤ ਇਹ ਹੈ ਕੋਈ ਵੀ ਅਜਿਹਾ ਮਤਾ ਪ੍ਰਵਾਨ ਨਹੀਂ ਹੋਵੇਗਾ ਜੋ ਨਿਮਨਲਿਖਿਤ ਸ਼ਰਤਾਂ ਪੂਰੀਆਂ ਨਹੀਂ ਕਰੇਗਾ; ਅਰਥਾਤ :

(ੳ) ਇਹ ਸਪੱਸ਼ਟ ਅਤੇ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਗਿਆ ਹੋਵੇਗਾ ਅਤੇ ਇਸ ਵਿਚ ਕੇਵਲ ਇਕ ਖ਼ਾਸ ਮਸਲਾ ਹੀ ਉਠਾਇਆ ਜਾਵੇਗਾ ..."

ਮੇਰੀ ਬੇਨਤੀ ਇਹ ਹੈ ਕਿ ਮਤੇ ਦਾ ਅਖ਼ੀਰਲਾ ਭਾਗ ਕੋਈ ਖ਼ਾਸ ਨਹੀਂ ਹੈ ਪਰ ਨਿਸਚੈ ਹੀ ਇਹ ਅਸਪਸ਼ਟ ਹੈ। ਮਤੇ ਦੇ ਜਿਸ ਭਾਗ ਦਾ ਮੈਂ ਹਵਾਲਾ ਦਿੰਦਾ ਹਾਂ, ਉਹ ਇਸ ਤਰ੍ਹਾਂ ਹੈ: "ਭਾਰਤ ਸਰਕਾਰ ਦੀ ਹਾਲਤ ਨੂੰ ਬਾਦਸ਼ਾਹ ਦੀ ਸਰਕਾਰ ਨੇ ਚੰਗੀ ਤਰ੍ਹਾਂ ਨਹੀਂ ਸਮਝਿਆ"। ਮੇਰੀ ਬੇਨਤੀ ਇਹ ਹੈ ਕਿ ਇਸ ਸਦਨ ਨੂੰ ਇਹ ਜਾਣਨ ਦਾ ਪੂਰਾ ਅਧਿਕਾਰ ਹੈ ਕਿ ਕਿਸ ਸਬੰਧ ਵਿਚ ਬਾਦਸ਼ਾਹ ਦੀ ਸਰਕਾਰ ਨੇ ਭਾਰਤ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ। ਇਸ ਸਬੰਧ ਵਿਚ, ਮਤੇ ਦਾ ਇਹ ਭਾਗ ਅਸਪੱਸ਼ਟ ਹੈ। ਮੁਢਲੇ ਸਿਧਾਂਤ ਜਿਸ ਰਾਹੀਂ ਸਦਨ ਦੇ ਸਾਰੇ ਫ਼ੈਸਲੇ ਕੀਤੇ ਜਾਂਦੇ ਹਨ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਜੋ ਵੀ ਫ਼ੈਸਲਾ ਇਹ ਸਦਨ ਲੈਂਦਾ ਹੈ, ਉਸ ਦੀ ਵਿਆਖਿਆ ਸਦਨ ਤੋਂ ਬਾਹਰ ਕਿਸੇ ਵਿਅਕਤੀ ਨੂੰ ਨਹੀਂ ਦੇਣੀ ਚਾਹੀਦੀ। ਇਹ ਸਦਨ ਜੋ ਵੀ ਫ਼ੈਸਲਾ ਲੈਂਦਾ ਹੈ ਉਸ ਬਾਰੇ ਇਸ ਨੂੰ ਜ਼ਰੂਰ ਦੱਸਣਾ

---

* ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 7, ਪੰਨੇ 1968-69 ਮਿਤੀ 25.10.1939

ਚਾਹੀਦਾ ਹੈ ਅਤੇ ਉਸ ਪੁਆਇੰਟ ਤੇ ਡਾਈਜੈਸਟ ਆਫ਼ ਰੂਲਿੰਗਜ਼ ਆਫ਼ ਦੀ ਪ੍ਰੈਜੀਡੈਂਟਸ, ਬੰਬਈ ਵਿਧਾਨ ਪਰਿਸ਼ਦ ਦੇ ਪੰਨਾ 148 ਵਿਚ ਜਿਸ ਪ੍ਰਥਾ ਦਾ ਹਵਾਲਾ ਦਿਤਾ ਗਿਆ ਹੈ, ਮੈਂ ਉਸ ਤੇ ਵਿਸ਼ਵਾਸ਼ ਕਰਦਾ ਹਾਂ। ਰੂਲਿੰਗ ਨੰ: 24 ਹੇਠ ਲਿਖੇ ਅਨੁਸਾਰ ਹੈ:-

"ਮਤਾ ਠੀਕ ਅਤੇ ਸਪੱਸ਼ਟ ਹੋਣਾ ਚਾਹੀਦਾ ਹੈ। ਨਾ ਤਾਂ ਕੌਂਸਲ ਅਤੇ ਨਾ ਹੀ ਸਰਕਾਰ ਨੂੰ ਅਸਪੱਸ਼ਟ ਮਤੇ ਦਾ (ਜੋ ਇਸ ਦੇ ਮਤਲਬ ਨੂੰ ਸਪੱਸ਼ਟ ਨਾ ਕਰ) ਭਾਗੀਦਾਰ ਹੋਣਾ ਚਾਹੀਦਾ ਹੈ।"

ਮੈਂ ਇਸ ਰੂਲਿੰਗ ਨਾਲ ਸਬੰਧਤ ਜਿਲਦ 90 (1921) ਦੇ ਪੰਨਾ 772 ਦਾ ਹਵਾਲਾ ਦਿਤਾ ਅਤੇ ਮੈਨੂੰ ਪਤਾ ਲਗਾ ਹੈ ਕਿ ਇਹ ਰੂਲਿੰਗ ਮਾਨਯੋਗ ਮੈਂਬਰ ਸਰ ਧਨਜੀਸ਼ਾਹ ਕਪੂਰ ਦੁਆਰਾ ਮਤੇ ਤੇ ਪੇਸ਼ ਕੀਤੀ ਗਈ ਸੋਧਨਾ (ਜਿਸ ਵਿਚ ਸਿੰਜਾਈ ਦੇ ਪਾਣੀ ਦੀ ਵੰਡ ਦਾ ਹਵਾਲਾ ਦਿਤਾ ਗਿਆ ਸੀ) ਤੋਂ ਪੈਦਾ ਹੋਈ ਅਤੇ ਉਸ ਸੋਧਨਾ ਵਿਚ "ਜਿਥੋਂ ਤੱਕ ਵਾਸਤਵਿਕ ਹੋ ਸਕੇ" ਲਾਗੂ ਕੀਤੇ ਜਾਣ ਲਈ ਕੁਝ ਉਪਾਵਾਂ ਦਾ ਸੁਝਾਅ ਦਿਤਾ ਗਿਆ ਹੈ। ਇਕ ਪੁਆਇੰਟ ਆਫ਼ ਆਰਡਰ ਉਠਾਇਆ ਗਿਆ ਸੀ ਕਿ ਇਹ ਇਕ ਅਸਪੱਸ਼ਟ ਸੋਧਨਾ ਹੈ ਅਤੇ ਇਹ ਅਪ੍ਰਵਾਨ ਕਰ ਦਿਤੀ ਗਈ ਸੀ। ਮੇਰੀ ਬੇਨਤੀ ਇਹ ਹੈ ਕਿ ਜਿਥੋਂ ਤੱਕ ਇਸ ਮਤੇ ਦਾ ਸਬੰਧ ਹੈ-ਜਿਸ ਕੇਸ ਦਾ ਮੈਂ ਹਵਾਲਾ ਦੇ ਰਿਹਾ ਹਾਂ- ਇਹ ਇਸ ਰੂਲਿੰਗ ਅਧੀਨ ਹੈ ਅਤੇ ਇਸ ਨੂੰ ਆਊਟ ਆਫ਼ ਆਰਡਰ ਐਲਾਨ ਕੀਤਾ ਜਾਣਾ ਚਾਹੀਦਾ ਹੈ।

ਮਾਨਯੋਗ ਸ੍ਰੀ ਬੀ.ਜੀ. ਖੇੜ: ਮੇਰੀ ਬੇਨਤੀ ਇਹ ਹੈ ਕਿ ਜਿਸ ਨਿਯਮ ਦਾ ਮੇਰੇ ਮਾਨਯੋਗ ਦੋਸਤ ਨੇ ਹਵਾਲਾ ਦਿਤਾ ਹੈ ਉਸਤੇ ਇਥੇ ਬਿਲਕੁਲ ਅਮਲ ਨਹੀਂ ਕੀਤਾ ਗਿਆ। ਨਿਯਮ ਇਹੀ ਕਹਿੰਦਾ ਹੈ ਕਿ ਮਤਾ ਸਪੱਸ਼ਟ ਅਤੇ ਸੰਖੇਪ ਰੂਪ ਵਿਚ ਦਰਸਾਇਆ ਜਾਣਾ ਚਾਹੀਦਾ ਹੈ। ਮੇਰਾ ਮਤਾ ਇਹ ਕਹਿੰਦਾ ਹੈ ਕਿ ਇਸ ਵਿਧਾਨ ਸਭਾ ਨੂੰ ਖੇਦ ਹੈ ਕਿ "ਬਾਦਸ਼ਾਹ ਦੀ ਸਰਕਾਰ ਦੁਆਰਾ ਭਾਰਤ ਵਿਚਲੇ ਹਾਲਾਤ ਨੂੰ ਸਹੀ ਤਰੀਕੇ ਨਾਲ ਨਹੀਂ ਸਮਝਿਆ ਗਿਆ ਜਦੋਂ ਕਿ ਅਧਿਕਾਰ ਦੇਣ ਸਬੰਧੀ ਬਿਆਨ ਉਨ੍ਹਾਂ ਦੀ ਤਰਫੋਂ ਭਾਰਤ ਸਬੰਧੀ ਦਿਤਾ ਗਿਆ ਹੈ" (ਇਸ ਲਈ, ਪ੍ਰਸ਼ਨ ਇਹ ਹੈ ਅਤੇ ਖ਼ਾਸ ਮਸਲਾ ਇਹ ਹੈ: ਕੀ ਉਹ ਬਿਆਨ ਜੋ ਬਾਦਸ਼ਾਹ ਦੀ ਤਰਫ਼ੋਂ ਦਿਤਾ ਗਿਆ ਹੈ, ਭਾਰਤ ਵਿਚਲੀ ਸਥਿਤੀ ਦਾ ਸਹੀ ਰੂਪ ਵਿਚ ਵਰਣਨ ਕਰਦਾ ਹੈ ?) ਇਹ ਸਪੱਸ਼ਟ ਅਤੇ ਸੰਖੇਪ ਮਸਲਾ ਹੈ ਅਤੇ ਇਸ ਵਿਚ ਕੋਈ ਅਸਪੱਸ਼ਟਤਾ ਨਹੀਂ ਹੈ। ਮੇਰੀ ਬੇਨਤੀ ਇਹ ਹੈ ਕਿ ਜਿਵੇਂ ਨਿਯਮ 75 (ਓ) ਦੁਆਰਾ ਵਿਚਾਰਿਆ ਗਿਆ ਹੈ, ਇਹ ਇਕ ਸਪੱਸ਼ਟ ਮਸਲਾ ਹੈ। ਇਸ ਲਈ ਮਾਨਯੋਗ ਮੈਂਬਰ ਦੁਆਰਾ ਉਠਾਏ ਗਏ ਇਤਰਾਜ਼ ਦੀ ਇਥੇ ਕੋਈ ਮੱਹਤਾ ਨਹੀਂ। ਮੈਂ "ਜਿਥੋਂ ਤੱਕ ਵਾਸਤਵਿਕ ਹੈ" ਬਾਰੇ ਦਿਤੀ ਗਈ ਰੂਲਿੰਗ ਨੂੰ ਬਿਲਕੁਲ ਸਮਝਦਾ ਹਾਂ ਕਿਉਂਕਿ ਉਸ ਦਾ ਮਤਲਬ ਕੁਝ ਵੀ ਹੋ ਸਕਦਾ ਹੈ। ਇਥੇ ਅਸੀਂ ਬਿਆਨ ਦਾ ਹਵਾਲਾ ਦੇ ਰਹੇ ਹਾਂ - ਕਿ ਵਿਵਰਣ ਅਣਜਾਣਿਆ ਮਾਮਲਾ ਨਹੀਂ ਹੈ, ਕਿ ਮਾਮਲਾ ਸਦਨ ਦੇ ਸਾਹਮਣੇ ਹੈ ਅਤੇ ...

ਡਾਕਟਰ ਬੀ.ਆਰ. ਅੰਬੇਡਕਰ : ਮੈਂ ਮਾਨਯੋਗ ਪ੍ਰਧਾਨ ਮੰਤਰੀ ਦਾ ਧਿਆਨ ਇਸ ਤੱਥ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸ਼ਬਦਾਵਲੀ ਇਸ ਤਰ੍ਹਾਂ ਹੈ ਕਿ "ਭਾਰਤ ਵਿਚ ਸਥਿਤੀ ਨੂੰ ਸਹੀ ਰੂਪ ਵਿਚ ਨਹੀਂ ਸਮਝਿਆ ਗਿਆ" ਅਤੇ ਮੇਰੀ ਬੇਨਤੀ ਇਹ ਹੈ ਕਿ ਸਦਨ ਨੂੰ ਇਹ ਜਾਣਨ ਦਾ ਪੂਰਾ ਅਧਿਕਾਰ ਹੈ ਕਿ ਕਿਸ ਸਬੰਧ ਵਿਚ ਬਾਦਸ਼ਾਹ ਦੀ ਸਰਕਾਰ ਨੇ ਸਥਿਤੀ ਨੂੰ ਸਹੀ ਰੂਪ ਵਿਚ ਨਹੀਂ ਸਮਝਿਆ।

****

*ਡਾਕਟਰ ਬੀ.ਆਰ. ਅੰਬੇਡਕਰ (ਬੰਬਈ ਸ਼ਹਿਰ) : ਸ੍ਰੀਮਾਨ ਜੀ, ਮੈਂ ਨਿਮਨਲਿਖਿਤ ਚਾਰ ਸੋਧਨਾਵਾਂ ਪੇਸ਼ ਕਰਨੀਆਂ ਚਾਹੁੰਦਾ ਹਾਂ। ਮੇਰੀ ਪਹਿਲੀ ਸੋਧਨਾ ਇਸ ਤਰ੍ਹਾਂ ਹੈ :

ਮਾਨਯੋਗ ਸਪੀਕਰ : ਮੈਂ ਇਸ ਨੂੰ ਇਕ ਸੋਧਨਾ ਦੇ ਤੌਰ ਤੇ ਲੈ ਰਿਹਾ ਹਾਂ।

ਡਾਕਟਰ ਬੀ.ਆਰ. ਅੰਬੇਡਕਰ : ਸ੍ਰੀਮਾਨ ਜੀ, ਮੈਂ ਪੇਸ਼ ਕਰਨਾ ਚਾਹੁੰਦਾ ਹਾਂ ਕਿ ਨਿਮਨਲਿਖਿਤ ਸ਼ਬਦਾਂ ਨੂੰ ਕੱਟ ਦਿਤਾ ਜਾਵੇ –

"ਅਤੇ ਹੋਰ ਕਿ ਭਾਰਤੀ ਰਾਇ ਦੀ ਮੁਕੰਮਲ ਅਵੱਗਿਆ ਵਿਚ ਪ੍ਰਾਂਤਿਕ ਸਰਕਾਰਾਂ ਦੀਆਂ ਸ਼ਕਤੀਆਂ ਅਤੇ ਸਰਗਰਮੀਆਂ ਨੂੰ ਘੱਟ ਕਰਦੇ ਹੋਏ ਕਾਨੂੰਨ ਪਾਸ ਕੀਤੇ ਹਨ ਅਤੇ ਉਪਾਅ ਅਪਣਾਏ ਹਨ।"

ਮਾਨਯੋਗ ਸ੍ਰੀ ਕੇ.ਐਮ. ਮੁਨਸ਼ੀ : ਸ੍ਰੀਮਾਨ ਜੀ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ: ਤੁਹਾਡੇ ਪਿਛਲੇ ਫ਼ੈਸਲੇ ਵਿਚ ਇਹ ਕਿਹਾ ਗਿਆ ਹੈ ਕਿ ਮਾਨਯੋਗ ਮੈਂਬਰ, ਡਾਕਟਰ ਅੰਬੇਡਕਰ ਦੀਆਂ ਚਾਰੇ ਸੋਧਨਾਵਾਂ ਇਕ ਸੋਧਨਾ ਦੇ ਤੌਰ ਤੇ ਸਮਝੀਆਂ ਜਾਣ। ਹੋ ਸਕਦਾ ਹੈ ਕਿ ਸਦਨ ਸੋਧਨਾ ਦੇ ਇਕ ਭਾਗ ਨੂੰ ਪ੍ਰਵਾਨ ਕਰੇ ਅਤੇ ਬਾਕੀਆਂ ਨੂੰ ਨਾ ਕਰੇ। ਤਦ ਜੇਕਰ ਇਸ ਨੂੰ ਇਕ ਸੋਧਨਾਂ ਵਜੋਂ ਲਿਆ ਗਿਆ ਤਾਂ ਮੁਸ਼ਕਲ ਪੈਦਾ ਹੋ ਜਾਵੇਗੀ।

ਮਾਨਯੋਗ ਸਪੀਕਰ : ਭਾਵੇਂ ਇਸ ਨੂੰ ਇਕ ਸੋਧਨਾ ਵਜੋਂ ਲਿਆ ਗਿਆ ਪਰ ਜਦੋਂ ਸਦਨ ਦੀ ਵੋਟ ਲਈ ਜਾਵੇਗੀ ਤਾਂ ਇਸਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਜਾਵੇਗਾ। ਜੇਕਰ ਸਦਨ ਦੀ ਇਹ ਇੱਛਾ ਹੋਵੇਗੀ ਤਾਂ ਮੈਂ ਜ਼ਰੂਰ ਕਰਾਂਗਾ।

ਡਾਕਟਰ ਬੀ.ਆਰ. ਅੰਬੇਡਕਰ : ਹੋਰ ਇਹ ਕਿ "ਆਪਣਾ ਸੰਵਿਧਾਨ ਬਣਾਉਣ ਦਾ ਖ਼ੁਦ ਅਧਿਕਾਰ ਤੋਂ ਨਿਮਨਲਿਖਿਤ ਜੋੜ ਦਿੱਤਾ ਜਾਵੇ :–

"ਅਤੇ ਕਿ ਅੰਗ੍ਰੇਜ਼ ਸਰਕਾਰ ਇਸ ਗੱਲ ਨਾਲ ਸਹਿਮਤ ਹੈ ਅਤੇ ਅਜਿਹੇ ਸੰਵਿਧਾਨ ਨੂੰ ਤਾਂ ਹੀ ਮਾਨਤਾ ਦੇਵੇਗੀ ਜਦੋਂ ਇਹ ਅਲਪਸੰਖਿਅਕ ਸਮੁਦਾਇਆਂ ਦੁਆਰਾ ਨਿਯੁਕਤ ਪ੍ਰਤੀਨਿਧੀਆਂ ਰਾਹੀਂ ਸੰਤੁਸ਼ਟ ਹੋ ਜਾਵੇਗੀ ਕਿ ਇਸ ਤਰ੍ਹਾਂ ਬਣਾਇਆ ਗਿਆ ਸੰਵਿਧਾਨ

---

*ਬੰਬਈ ਵਿਧਾਨ ਸਭਾ ਡਿਬੇਟਸ, ਜਿਲਦ 7, ਪੰਨਾਂ 1972–75, 25 ਅਗਸਤ, 1939

ਇਹਨਾ ਸਮੁਦਾਇਆਂ ਦੇ ਜੀਵਨ ਅਤੇ ਆਜ਼ਾਦੀ ਦੀ ਸੁਰੱਖਿਆ ਕਰੇਗਾ"

"ਇਹ ਮੰਨ ਲਿਆ ਜਾਵੇ ਕਿ ਅਜਿਹੀ ਕਾਰਵਾਈ ਉਕਤ ਸੰਪਰਦਾਇਆਂ ਦੇ ਮੂਲ ਅਧਿਕਾਰ ਦਾ ਨਿਰਾਦਰ ਨਹੀਂ ਕਰੇਗੀ ਕਿ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਵਾਲੀ ਮਸ਼ੀਨਰੀ ਵਿਚ ਉਨ੍ਹਾਂ ਸੰਪਰਦਾਇਆਂ ਦੇ ਮਾਨਤਾ ਪ੍ਰਾਪਤ ਪ੍ਰਤੀਨਿਧੀਆਂ, ਦੀ ਆਵਾਜ਼ ਸੁਣੀ ਜਾਂਦੀ ਰਹੇਗੀ।"

"ਪ੍ਰਸੰਸਾ ਸਮੇਤ" ਨਾਲ ਸ਼ੁਰੂ ਹੋਣ ਵਾਲਾ ਅਤੇ "ਭਾਰਤ ਸਬੰਧੀ" ਨਾਲ ਖ਼ਤਮ ਹੋਣ ਵਾਲਾ ਸਾਰਾ ਭਾਗ ਕੱਟ ਦਿੱਤਾ ਜਾਵੇ। ਪ੍ਰਸ਼ਨ ਦਾ ਪ੍ਰਸਤਾਵ ਕੀਤਾ ਗਿਆ।

ਮਾਨਯੋਗ ਸਪੀਕਰ : ਤਜਵੀਜ ਕੀਤੀ ਸੋਧਨਾ ਤੋਂ ਬਾਅਦ ਇਹ ਮਤਾ ਹੇਠ ਲਿਖੇ ਅਨੁਸਾਰ ਪੜ੍ਹਿਆ ਜਾਵੇ :-

"ਇਹ ਵਿਧਾਨ ਸਭਾ ਖੇਦ ਪ੍ਰਗਟ ਕਰਦੀ ਹੈ ਕਿ ਅੰਗਰੇਜ਼ ਸਰਕਾਰ ਨੇ ਭਾਰਤ ਨੂੰ ਭਾਰਤ ਦੇ ਲੋਕਾਂ ਦੀ ਸਹਿਮਤੀ ਤੋਂ ਬਗ਼ੈਰ ਗ੍ਰੇਟ ਬ੍ਰਿਟੇਨ ਅਤੇ ਜਰਮਨੀ ਦਰਮਿਆਨ ਲੜਾਈ ਵਿਚ ਭਾਗੀਦਾਰ ਬਣਾਇਆ ਹੈ। ਇਹ ਵਿਧਾਨ ਸਭਾ ਭਾਰਤ ਸਰਕਾਰ ਨੂੰ ਅਤੇ ਉਨ੍ਹਾਂ ਦੁਆਰਾ ਅੰਗ੍ਰੇਜ਼ ਸਰਕਾਰ ਨੂੰ ਇਹ ਸੰਦੇਸ਼ ਦੇਣ ਦੀ ਸਿਫ਼ਾਰਸ਼ ਕਰਦੀ ਹੈ ਕਿ ਮੌਜੂਦਾ ਯੁੱਧ ਦੇ ਐਲਾਨ ਕੀਤੇ ਗਏ ਨਿਸ਼ਾਨਿਆਂ ਦੇ ਮੱਦੇਨਜ਼ਰ ਭਾਰਤ ਦੇ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਲੋਕਤੰਤਰ ਦੇ ਸਿਧਾਂਤ ਭਾਰਤ ਵਿਚ ਲਾਗੂ ਕੀਤੇ ਜਾਣ ਅਤੇ ਇਸ ਦੀਆਂ ਨੀਤੀਆਂ ਇਸ ਦੇ ਲੋਕਾਂ ਦੁਆਰਾ ਨਿਦੇਸ਼ਿਤ ਕੀਤੀਆਂ ਜਾਣ ਅਤੇ ਕਿ ਭਾਰਤ ਨੂੰ ਆਜ਼ਾਦ ਕੌਮ ਵਜੋਂ ਸਮਝਿਆ ਜਾਵੇ ਅਤੇ ਇਸ ਨੂੰ ਆਪਣਾ ਸੰਵਿਧਾਨ ਬਣਾਉਣ ਦਾ ਹੱਕ ਹੋਣਾ ਚਾਹੀਦਾ ਹੈ। ਅੰਗ੍ਰੇਜ਼ ਸਰਕਾਰ ਅਲਪਸੰਖਿਅਕ ਸੰਪਰਦਾਇਆਂ ਦੁਆਰਾ ਨਿਯੁਕਤ ਪ੍ਰਤੀਨਿਧੀਆਂ ਰਾਹੀਂ ਸੰਤੁਸ਼ਟ ਹੋ ਜਾਣ ਤੇ ਅਜਿਹੇ ਸੰਵਿਧਾਨ ਨੂੰ ਆਪਣੀ ਸਹਿਮਤੀ ਦੇਵੇਗੀ, ਕਿ ਇਸ ਤਰ੍ਹਾਂ ਬਣਾਇਆ ਗਿਆ ਸੰਵਿਧਾਨ ਇਨ੍ਹਾਂ ਸੰਪਰਦਾਇਆਂ ਦੇ ਜੀਵਨ ਅਤੇ ਆਜ਼ਾਦੀ ਦੀ ਸੁਰੱਖਿਆ ਕਰੇਗਾ ਅਤੇ ਕਿ ਭਾਰਤ ਦੀ ਮੌਜੂਦਾ ਰਾਜ-ਪ੍ਰਬੰਧ ਦੀ ਵਿਵਸਥਾ ਦੇ ਸਿਧਾਂਤ ਨੂੰ ਅਸਰਦਾਰ ਬਣਾਉਣ ਲਈ ਜਿਥੋਂ ਤੱਕ ਸੰਭਵ ਹੋ ਸਕੇ, ਉਚਿਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਇਹ ਮੰਨ ਲਏ ਜਾਣ ਤੇ ਕਿ ਦੇਸ਼ ਦੇ ਰਾਜ ਪ੍ਰਬੰਧ ਲਈ ਸਥਾਪਿਤ ਮਸ਼ੀਨਰੀ ਵਿਚ ਮਾਨਤਾ ਪ੍ਰਾਪਤ ਪ੍ਰਤੀਨਿਧੀਆਂ ਰਾਹੀਂ ਆਪਣੀ ਆਵਾਜ਼ ਉਠਾਉਣ ਲਈ ਉਕਤ ਸੰਪਰਦਾਇਆਂ ਦੇ ਮੁਢਲੇ ਅਧਿਕਾਰ ਦਾ ਨਿਰਾਦਰ ਨਹੀਂ ਕਰੇਗੀ।"

****

* ਡਾਕਟਰ ਬੀ.ਆਰ.ਅੰਬੇਡਕਰ : ਸ੍ਰੀਮਾਨ ਜੀ, ਮੈਂ ਪੁਆਇੰਟ ਆਫ਼ ਆਰਡਰ ਉਠਾਉਂਦਾ ਹਾਂ। ਮੇਰੀ ਬੇਨਤੀ ਇਹ ਹੈ ਕਿ ਇਹ ਸੋਧਨਾ ਨਿਯਮਾਂ ਤੋਂ ਉਲਟ ਹੈ ਅਤੇ ਮੈਂ

☆ ਬੰਬਈ ਵਿਧਾਨ ਸਭਾ, ਜਿਲਦ 7, ਪੰਨਾ 1972, ਮਿਤੀ 25.10.1939

ਦੁਬਾਰਾ ਨਿਯਮ 75 ਦੀ ਸਬ-ਕਲਾਜ਼ (ਓ) ਦੇ ਪੰਨਾ 20 ਤੇ ਵਿਸ਼ਵਾਸ਼ ਕਰਦਾ ਹਾਂ। ਸਬ-ਕਲਾਜ਼ (ਓ) ਕਹਿੰਦੀ ਹੈ ਕਿ ਮਤਾ ਸਪਸ਼ਟ ਅਤੇ ਸੰਖੇਪ ਰੂਪ ਵਿਚ ਪ੍ਰਗਟ ਕੀਤਾ ਜਾਵੇਗਾ ਅਤੇ ਇਸ ਵਿਚ ਖ਼ਾਸ ਮਸਲਾ ਉਠਾਇਆ ਜਾਵੇਗਾ। ਮੈਂ "ਇਕ ਖ਼ਾਸ ਮਸਲਾ" ਸ਼ਬਦਾਂ ਤੇ ਜ਼ੋਰ ਦਿੰਦਾ ਹਾਂ। ਮੇਰੀ ਬੇਨਤੀ ਇਹ ਹੈ ਕਿ ਜੇਕਰ ਇਹ ਸੋਧਨਾ ਮਤੇ ਦਾ ਭਾਗ ਬਣ ਜਾਂਦੀ ਹੈ ਤਾਂ ਸਾਰਾ ਮਤਾ ਨਿਯਮ 75 ਦੀ ਉਪ-ਕਲਾਜ਼ (ਓ) ਦੇ ਉਲਟ ਹੋਵੇਗਾ ਕਿਉਂਕਿ ਉਸ ਸੂਰਤ ਵਿਚ ਮਤੇ ਵਿਚ ਇਕ ਤੋਂ ਵੱਧ ਮਸਲੇ ਆ ਜਾਣਗੇ। ਭਾਵੇਂ, ਜਿਵੇਂ ਕਿ ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਦੱਸਿਆ ਹੈ, ਇਹ ਮਤਾ ਚਾਰ ਜਾਂ ਪੰਜ ਵੱਖ ਵੱਖ ਮਾਮਲਿਆਂ ਤੇ ਵਿਚਾਰ ਕਰਦਾ ਹੈ, ਇਹ ਜ਼ਰੂਰ ਮੰਨਿਆ ਜਾ ਸਕਦਾ ਹੈ ਕਿ ਇਹ ਸਾਰੇ - ਚਾਰੇ ਜਾਂ ਪੰਜੇ ਵੱਖਰੇ ਵੱਖਰੇ ਮਾਮਲੇ ਇਕ ਮਸਲੇ ਵਿਚੋਂ ਉਤਪੰਨ ਹੋਏ ਹਨ, ਅਤੇ ਇਹ ਮਸਲਾ ਇਸ ਮੁਲਕ ਦੁਆਰਾ ਮੰਗ ਕੀਤੀ ਗਈ ਯੁੱਧ ਨੀਤੀ ਅਤੇ ਉਸ ਦੇ ਐਲਾਨ ਸਬੰਧੀ ਹੈ। ਪਰ ਇਸ ਸੋਧਨਾ ਦੁਆਰਾ ਉਠਾਇਆ ਗਿਆ ਪ੍ਰਸ਼ਨ ਜਿਸ ਦਾ ਸੰਬੰਧ ਮੰਤਰੀ-ਮੰਡਲ ਵਿਚ ਵਿਸ਼ਵਾਸ਼ ਦੇ ਮਾਮਲੇ ਨਾਲ ਹੈ, ਮੇਰੀ ਬੇਨਤੀ ਹੈ, ਇਹ ਬਿਲਕੁਲ ਇਕ ਸਪੱਸ਼ਟ, ਸੁਨਿਸ਼ਚਿਤ ਅਤੇ ਵੱਖਰਾ ਮਾਮਲਾ ਹੈ ਅਤੇ ਇਸ ਨੂੰ ਇਸ ਮਤੇ ਦਾ ਵੈਧ ਹਿੱਸਾ ਨਹੀਂ ਬਣਾਇਆ ਜਾ ਸਕਦਾ ਤਾਂ ਕਿ ਇਹ ਨਿਯਮ 75 ਦੀ ਉਪ-ਕਲਾਜ਼ (ਓ) ਦੇ ਉਪਬੰਧਾਂ ਨਾਲ ਮੇਲ ਖਾਂਦਾ ਰਹੇ। ਸ੍ਰੀਮਾਨ ਜੀ, ਮੈਂ ਇਸ ਮਾਮਲੇ ਤੇ ਦਿੱਤੀ ਗਈ ਰੂਲਿੰਗ ਵੱਲ ਆਪਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜੋ ਪੰਨਾ 148 ਤੇ ਦਰਜ ਹੈ ਅਤੇ ਨੰ: 23 ਹੈ। ਇਹ ਨਿਮਨਲਿਖਿਤ ਅਨੁਸਾਰ ਹੈ :-

"ਇਕੋ ਮਤੇ ਵਿਚ ਇਕ ਦੂਜੇ ਤੋਂ ਬਿਲਕੁਲ ਵੱਖਰੇ ਦੋ ਨਿਸ਼ਚਿਤ ਮਾਮਲੇ ਸ਼ਾਮਲ ਨਹੀਂ ਹੋਣੇ ਚਾਹੀਦੇ।"

ਇਸ ਰੂਲਿੰਗ ਦਾ ਹਵਾਲਾ 1921 ਦੀ ਜਿਲਦ 11 ਪੰਨਾ 1425 ਤੋਂ ਦਿੱਤਾ ਗਿਆ ਹੈ। ਇਸ ਕੇਸ ਵਿਚ ਔਰਤਾਂ ਦੇ ਵੋਟ ਅਧਿਕਾਰ ਸਬੰਧੀ ਇਕ ਮਤਾ ਪੇਸ਼ ਕੀਤਾ ਗਿਆ ਸੀ ਅਤੇ ਇਕ ਵਿਵਸਥਾ ਦੇ ਪ੍ਰਸ਼ਨ ਤੇ ਇਹ ਵਿਚਾਰ ਪ੍ਰਗਟ ਕੀਤਾ ਗਿਆ ਸੀ ਕਿ ਭਾਵੇਂ ਇਹ ਮਤਾ ਇਕੋ ਹੈ ਲੇਕਿਨ ਇਸ ਵਿਚ ਦੋ ਸਪੱਸ਼ਟ ਮਾਮਲੇ ਉਠਾਏ ਗਏ ਹਨ। ਇਕ ਸੀ, ਔਰਤਾਂ ਲਈ ਵੋਟ ਦਾ ਹੱਕ ਅਤੇ ਦੂਜਾ ਸੀ, ਔਰਤਾਂ ਦਾ ਸਦਨ ਵਿਚ ਬੈਠਣ ਦਾ ਹੱਕ। ਉਸ ਸਮੇਂ ਪ੍ਰੈਜ਼ੀਡੈਂਟ ਨੇ ਨਿਰਣਾ ਦਿੱਤਾ ਸੀ ਕਿ ਮਤੇ ਵਿਚ ਦੋ ਵੱਖ ਵੱਖ ਮਾਮਲੇ ਸ਼ਾਮਲ ਹਨ, ਇਸ ਲਈ ਇਹ ਨਿਯਮਾਂ ਅਨੁਸਾਰ ਨਹੀਂ ਹੈ। ਮੇਰੀ ਗੁਜ਼ਾਰਸ਼ ਇਹ ਹੈ ਕਿ ਅਗਰ ਇਸ ਸੋਧਨਾ ਨੂੰ ਅਪਣਾ ਲਿਆ ਗਿਆ ਤਾਂ ਇਹ ਮਤੇ ਨੂੰ ਉਸੇ ਤਰ੍ਹਾਂ ਨਿਯਮ ਵਿਰੁਧ ਬਣਾ ਦੇਵੇਗਾ।

☆ ਡਾਕਟਰ ਬੀ.ਆਰ. ਅੰਬੇਡਕਰ: ਨਹੀਂ, ਮੰਤਰੀ-ਮੰਡਲ ਦੇ ਅਸਤੀਫ਼ੇ ਦਾ ਸਵਾਲ ਪਾਰਟੀ ਦਾ ਮਾਮਲਾ ਹੈ, ਇਹ ਸਦਨ ਦਾ ਮਾਮਲਾ ਨਹੀਂ ਹੈ। ਇਹ ਪਾਰਟੀ ਨੇ ਫ਼ੈਸਲਾ ਕਰਨਾ ਹੈ ਕਿ ਉਨ੍ਹਾਂ ਨੂੰ ਅਹੁਦੇ ਤੇ ਟਿਕੇ ਰਹਿਣਾ ਚਾਹੀਦਾ ਹੈ ਜਾਂ ਨਹੀਂ। ਇਹ ਬਿਲਕੁਲ ਇਕ ਹੋਰ

☆ ਬੰਬਈ ਵਿਧਾਨ ਸਭਾ ਡਿਬੇਟਸ, ਜਿਲ੍ਹਦ 7, ਪੰਨਾ 1978, ਮਿਤੀ 25 ਅਕਤੂਬਰ 1938:

ਮਾਮਲਾ ਹੋਵੇਗਾ। ਵਜ਼ਾਰਤ ਇਹ ਕਹੇ ਕਿ ਇਸ ਮੁਲਕ ਦੇ ਲੋਕਾਂ ਨੂੰ ਯੁੱਧ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਉਸ ਨੁਕਤੇ ਤੇ ਸਦਨ ਆਪਣੀ ਰਾਏ ਜ਼ਾਹਰ ਕਰ ਸਕਦਾ ਹੈ। ਮੇਰੀ ਬੇਨਤੀ ਇਹ ਹੈ ਕਿ ਮੇਰੇ ਮਾਨਯੋਗ ਮੈਂਬਰ ਦੁਆਰਾ ਦਿੱਤਾ ਗਿਆ ਸੁਝਾਅ ਸਦਨ ਦੇ ਸਾਹਮਣੇ ਨਹੀਂ ਹੈ - ਮੈਂ ਨਹੀਂ ਜਾਣਦਾ ਕਿ ਕੀ ਕੋਈ ਅਜਿਹੀ ਸੋਧਨਾ " ਮੰਤਰੀ -ਮੰਡਲ ਵਿਚ ਆਪਣਾ ਪੂਰਨ ਵਿਸ਼ਵਾਸ਼ ਪ੍ਰਗਟ ਕਰਦੇ ਸਮੇਂ " ਸ਼ਬਦਾਂ ਨੂੰ ਕੱਟਣ ਲਈ ਆ ਰਹੀ ਹੈ ਜਾਂ ਨਹੀਂ। ਮੈਂ ਸੋਧਨਾ ਉੱਤੇ ਉਸ ਹਿਸਾਬ ਨਾਲ ਬੋਲ ਰਿਹਾ ਹਾਂ ਜਿਵੇਂ ਇਹ ਹੁਣ ਹੈ ਅਤੇ ਮੇਰੀ ਬੇਨਤੀ ਹੈ ਕਿ ਜਿਨ੍ਹਾਂ ਸ਼ਬਦਾਂ ਵਿਚ ਸੋਧਨਾ ਇਸ ਸਮੇਂ ਰੱਖੀ ਗਈ ਹੈ, ਇਹ ਨਿਯਮ 75 ਦੀ ਉਪ-ਕਲਾਜ਼ (ਓ) ਦੀ ਉਲੰਘਣਾ ਕਰਦੀ ਹੈ। ਮੈਂ ਆਪਣੀ ਬੇਨਤੀ ਉਦੋਂ ਕਰਾਂਗਾ ਜਦੋਂ ਸਦਨ ਦੇ ਸਾਹਮਣੇ ਦੂਸਰੀ ਸੋਧਨਾ ਆਵੇਗੀ।

ਮਾਨਯੋਗ ਸਪੀਕਰ : ਵਿਵਸਥਾ ਦਾ ਪ੍ਰਸ਼ਨ ਇਹ ਸੀ ਕਿ ਇਸ ਸੋਧਨਾ ਨਾਲ ਮਤੇ ਵਿਚ, ਜਿਵੇਂ ਇਹ ਮੂਲ ਰੂਪ ਵਿਚ ਹੈ, ਇਕ ਤੋਂ ਵੱਧ ਮਾਮਲੇ ਉਠਾਏ ਜਾਣ ਤੇ ਵਿਚਾਰ ਕੀਤਾ ਜਾਵੇਗਾ। ਪੂਰਨ ਵਿਸ਼ਵਾਸ਼ ਪ੍ਰਗਟ ਕਰਦੇ ਸਮੇਂ" ਤੱਕ ਹੀ ਸੀਮਿਤ ਨਹੀਂ ਹੈ।

ਡਾ.ਬੀ.ਆਰ. ਅੰਬੇਡਕਰ : ਜੋ ਕੁਝ ਮੈਂ ਕਿਹਾ ਹੈ, ਇਹੀ ਸਾਰੀ ਗੱਲ ਹੈ

* ||

ਡਾਕਟਰ.ਬੀ.ਆਰ.ਅੰਬੇਡਕਰ : (ਬੰਬਈ ਸ਼ਹਿਰ): ਸਪੀਕਰ ਸਾਹਿਬ, ਆਰੰਭ ਵਿਚ ਮੈਂ ਜ਼ਰੂਰ ਜ਼ਿਕਰ ਕਰਾਂਗਾ ਕਿ ਮੈਨੂੰ ਇਸ ਫ਼ੈਸਲੇ ਤੇ ਕੁਝ ਹੈਰਾਨੀ ਹੋਈ ਹੈ ਜਿਹੜਾ ਤੁਸੀਂ ਲਿਆ ਹੈ ਕਿ ਤੁਸੀਂ ਕਿਸੇ ਇਕ ਵਿਸ਼ੇਸ਼ ਮੈਂਬਰ ਨੂੰ 45 ਮਿੰਟਾਂ ਤੋਂ ਜ਼ਿਆਦਾ ਬੋਲਣ ਦੀ ਇਜ਼ਾਜ਼ਤ ਨਹੀਂ ਦਿਉਗੇ। ਜਿਹੜਾ ਇਕ ਨੇਤਾ ਦੀ ਹੈਸੀਅਤ ਵਿਚ ਬੋਲੇਗਾ, ਤੁਸੀਂ ਹੁਣੇ ਜਿਹੇ ਹੀ ਇਹ ਗੱਲ ਦੁਹਰਾਈ ਹੈ, ਅਤੇ ਮੈਂ ਉਨ੍ਹਾਂ ਨੋਟਸਾ ਨੂੰ ਦੇਖਦਿਆਂ ਹੋਇਆਂ ਜਿਹੜੇ ਮੇਰੇ ਸਾਹਮਣੇ ਹਨ, ਸ਼ੁਰੂ ਵਿਚ ਹੀ ਕੁਝ ਸਮਾਂ ਵਧਾਉਣ ਲਈ ਤੁਹਾਨੂੰ ਬੇਨਤੀ ਕਰਾਂਗਾ। ਮੈਂ ਕਹਿੰਦਾ ਹਾਂ ਕਿ ਮੇਰੀ ਬੇਨਤੀ ਕੋਈ ਅਸਾਧਾਰਨ ਕਿਸਮ ਦੀ ਨਹੀਂ। ਇਹ ਇਕ ਪ੍ਰਥਾ ਹੈ। ਅਸੀਂ ਸਾਰੇ ਮਹਾਂਭਾਰਤ ਵਿਚ ਰਾਜਾ ਯਯਾਤੀ ਬਾਰੇ ਕਹਾਣੀ ਜਾਣਦੇ ਹਾਂ। ਉਸ ਦੀ ਆਪਣੇ ਬੁਢੇਪੇ ਵਿਚ ਦੇਵਯਾਨੀ ਨਾਂ ਦੀ ਇਕ ਨੌਜਵਾਨ ਲੜਕੀ ਨਾਲ ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਉਸਨੂੰ ਪਤਾ ਲਗਾ ਕਿ ਜੋੜੇ ਦੀਆਂ ਉਮਰਾਂ ਵਿਚਕਾਰ ਇੰਨਾ ਜ਼ਿਆਦਾ ਅੰਤਰ ਹੈ ਕਿ ਜਿੰਨਾਂ ਚਿਰ ਉਸ ਦੀ ਜਵਾਨੀ ਦੇ ਸਮੇਂ ਵਿਚ ਕੁਝ ਹੋਰ ਸਮਾਂ ਨਹੀਂ ਜੋੜਿਆ ਜਾਂਦਾ ਉਨਾਂ ਚਿਰ ਸ਼ਾਦੀ ਦਾ ਬਿਲਕੁਲ ਕੋਈ ਮਤਲਬ ਨਹੀਂ ਹੋਵੇਗਾ। ਸਾਰੇ ਪਾਸੇ ਘੁੰਮ ਕੇ ਉਸ ਨੇ ਇਹ ਲੱਭਣਾ ਸ਼ੁਰੂ ਕੀਤਾ ਕਿ ਕੀ ਕੋਈ ਇਹੋ ਜਿਹੀ ਉਦਾਰਚਿਤ ਆਤਮਾ ਹੈ ਜਿਹੜੀ ਆਪਣੀ ਜ਼ਿੰਦਗੀ ਦਾ ਇਕ ਹਿੱਸਾ ਕੱਟ ਕੇ ਉਸ ਦੀ ਜ਼ਿੰਦਗੀ ਵਿਚ ਸ਼ਾਮਲ ਕਰਨ ਲਈ ਸਹਿਮਤ ਹੋ ਜਾਵੇ।

---

* ਬੰਬਈ ਵਿਧਾਨ ਸਭਾ ਡਿਬੇਟਸ ਜਿਲਦ 7, ਪੰਨੇ 2018-35, ਮਿਤੀ 26 ਅਕਤੂਬਰ, 1939.

ਉਸ ਨੂੰ ਇਕ ਵੀ ਅਜਿਹਾ ਵਿਅਕਤੀ ਨਾ ਲੱਭਿਆ। ਖੁਸ਼ਕਿਸਮਤੀ ਨਾਲ, ਉਸ ਦਾ ਪੁੱਤਰ ਜਿਹੜਾ ਕਿ ਆਪਣੇ ਫ਼ਰਜ਼ ਦਾ ਬਹੁਤ ਪਾਬੰਦ ਸੀ, ਬਹੁਤ ਛੋਟਾ ਸੀ, ਅਤੇ ਜਿਸ ਨੂੰ ਖ਼ੁਦ ਆਪਣੀ ਸਾਰੀ ਜਵਾਨੀ ਦੀ ਲੋੜ ਸੀ, ਅੱਗੇ ਆਇਆ ਅਤੇ ਆਪਣੇ ਪਿਤਾ ਲਈ ਆਪਣੀ ਜ਼ਿੰਦਗੀ ਦੇ ਇੱਕ ਹਿੱਸੇ ਲਈ ਪੇਸ਼ਕਸ਼ ਕੀਤੀ। ਸ੍ਰੀਮਾਨ ਜੀ, ਮੈਂ ਤੁਹਾਨੂੰ ਯਕੀਨ ਦਿਵਾਵਾਂਗਾ ਕਿ ਜਿਹੜੇ ਮੇਰੇ ਪਿਛੇ ਬੈਠੇ ਹਨ, – ਅਤੇ ਅਗਰ ਮੈਂ ਕਹਾਂ, ਮੇਰੇ ਇਨ੍ਹਾਂ ਨਾਲ ਸਬੰਧ ਪੁੱਤਰਾਂ ਅਤੇ ਬਾਪ ਵਾਲੇ ਹਨ – ਉਹ ਸਾਰੇ ਆਪਣੇ ਆਪਣੇ ਸਮੇਂ ਵਿਚੋਂ ਕੁਝ ਸਮਾਂ ਕੱਟਕੇ ਮੇਰੇ ਸਮੇਂ ਵਿਚ ਜੋੜਨ ਲਈ ਸਹਿਮਤ ਹੋ ਗਏ ਹਨ। ਪਰ ਮੈਂ ਜਾਣਦਾ ਹਾਂ, ਜਿੰਨਾਂ ਚਿਰ ਇਸ ਨੂੰ ਤੁਹਾਡੀ ਮਨਜ਼ੂਰੀ ਨਹੀਂ ਮਿਲਦੀ, ਇਹ ਵਾਧਾ ਨਹੀਂ ਕੀਤਾ ਜਾ ਸ਼ਕਦਾ। ਮੇਰਾ ਖ਼ਿਆਲ ਹੈ ਕਿ ਇਸ ਵਾਧੇ ਦੀ ਲੋੜ ਨਾ ਪੈਂਦੀ ਪਰ ਮਾਮਲਾ ਇਸ ਪਾਸੇ ਨੂੰ ਚਲਾ ਗਿਆ ਹੈ ਕਿ ਸਮੇਂ ਵਿਚ ਇਹ ਵਾਧਾ ਜ਼ਰੂਰੀ ਹੋ ਗਿਆ ਹੈ। ਮੈਂ ਉਮੀਦ ਰੱਖਾਂਗਾ ਕਿ ਤੁਸੀਂ ਆਖ਼ਰਕਾਰ ਇਹ ਮਨਜ਼ੂਰੀ ਦੇ ਦਿਉਗੇ।

ਸ੍ਰੀਮਾਨ ਜੀ, ਮਤੇ ਵੱਲ ਮੁੜਦਿਆਂ, ਜਿਸ ਨੂੰ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਲਿਆਂਦਾ ਹੈ, ਮੈਂ ਇਸ ਦਾ ਇਹ ਕਹਿੰਦਿਆਂ ਸਮਰਥਨ ਕਰਦਾ ਹਾਂ ਕਿ ਮੇਰੇ ਹਿਸਾਬ ਨਾਲ ਇਹ ਮਤਾ ਅਯੋਗ ਅਤੇ ਬੇਮੌਕਾ ਜਾਪਦਾ ਹੈ। ਇਹ ਮਤਾ ਸਦਨ ਕੋਲੋਂ ਕਿਸੇ ਇਕ ਵਿਸ਼ੇਸ਼ ਐਲਾਨ ਦੀ ਮੰਗ ਕਰਦਾ ਹੈ ਅਤੇ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਇਹ ਸਦਨ ਕੋਲੋਂ ਅਗੋਂ ਕਿਸੇ ਹੋਰ ਨਿਸ਼ਚਿਤ ਵਿਧੀ ਦੀ ਮਨਜ਼ੂਰੀ ਲਈ ਮੰਗ ਕਰੇਗਾ। ਸਭ ਤੋਂ ਪਹਿਲਾਂ, ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਮੰਗਾਂ ਕਿਸੇ ਨੇ ਕੀਤੀਆਂ ਹਨ ? ਇਹ ਸਪੱਸ਼ਟ ਹੈ ਕਿ ਮੰਗਾਂ ਜਿਹੜੀਆਂ ਮਹਾਂਮਹਿਮ ਵਾਇਸਰਾਏ ਨੂੰ ਕੀਤੀਆਂ ਗਈਆਂ ਹਨ, ਇਸ ਸਦਨ ਦੁਆਰਾ ਨਹੀਂ ਸਨ ਕੀਤੀਆਂ ਗਈਆਂ। ਮਾਨਯੋਗ ਪ੍ਰਧਾਨ ਮੰਤਰੀ ਨੇ ਮੁਲਕ ਦੇ ਨਾਂ ਤੇ ਇਨ੍ਹਾਂ ਮੰਗਾਂ ਨੂੰ ਰੱਖਣ ਲਈ ਮਹਾਂਮਹਿਮ ਵਾਇਸਰਾਏ ਅੱਗੇ ਪੇਸ਼ ਕਰਨ ਤੋਂ ਪਹਿਲਾਂ ਇਸ ਸਦਨ ਦਾ ਸਮਰਥਨ ਪ੍ਰਾਪਤ ਕਰਨ ਲਈ ਇਸ ਸਦਨ ਨੂੰ ਯੋਗ ਥਾਂ ਨਹੀਂ ਸਮਝਿਆ। ਇਹ ਮੰਗਾਂ, ਜਿਵੇਂ ਅਸੀਂ ਜਾਣਦੇ ਹਾਂ, ਜਿਸ ਨੂੰ ਪ੍ਰਧਾਨ ਮੰਤਰੀ ਆਪਣੀ "ਹਾਈ ਕਮਾਂਡ" ਸਮਝਦੇ ਹਨ, ਦੁਆਰਾ ਪੇਸ਼ ਕੀਤੀਆਂ ਗਈਆਂ ਹਨ, ਜਿਸ ਨੂੰ ਮੈਂ ਮੰਤਰੀਆਂ ਦੀਆਂ ਕਠੋਰ ਕਾਰਵਾਈਆਂ ਤੇ ਨਜ਼ਰ ਰੱਖਣ ਲਈ ਇਕ ਨਿਗਰਾਨੀ ਕਮੇਟੀ ਤੋਂ ਇਲਾਵਾ ਕੁਝ ਨਹੀਂ ਸਮਝਦਾ। (ਹਾਸਾ)

ਮੇਰੀ ਬੇਨਤੀ ਹੈ ਕਿ ਇਹ ਠੀਕ ਜਗ੍ਹਾ ਹੈ ਜਿਥੇ ਮੰਗਾਂ ਰਖੱਣੀਆਂ ਚਾਹੀਦੀਆਂ ਸਨ। ਲੇਕਿਨ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਅਗਰ ਇਹ ਸਭਾ ਦੀ ਮੇਜ਼ ਤੇ ਰੱਖੀਆਂ ਗਈਆਂ ਸਨ ਤਾਂ ਇਹ ਸੰਵਿਧਾਨ ਤੋਂ ਨਾ-ਵਾਕਫ਼, ਅਤੇ ਜਿਸ ਨੂੰ ਇਸ ਸਦਨ ਦੁਆਰਾ ਮਾਨਤਾ ਪ੍ਰਾਪਤ ਨਹੀਂ, ਉਸ ਵਿਅਕਤੀ ਦੇ ਸਮਰਥਨ ਨਾਲ ਪਾਸ ਹੋ ਗਈਆਂ ਸਨ। ਅਤੇ, ਅਜਿਹਾ ਹੋ ਜਾਣ ਤੋਂ ਬਾਅਦ, ਫਿਰ ਉਹ ਚੁਪ ਚਾਪ ਸਦਨ ਵਿਚ ਆਉਂਦੇ ਹਨ ਅਤੇ ਕਹਿੰਦੇ ਹਨ, "ਮਾਮਲਾ ਵਿਗੜ ਗਿਆ ਹੈ; ਸਾਡੇ ਬਚਾਅ ਲਈ ਆਓ।" ਮੇਰੀ ਦਲੀਲ ਹੈ ਕਿ ਇਹ ਇਕ ਬਹੁਤ ਅਪਮਾਨਜਨਕ ਵਿਧੀ ਹੈ।

ਦੂਜੀ ਗੱਲ, ਜਿਹੜੀ ਮੈਂ ਇਸ ਮਤੇ ਬਾਰੇ ਕਹਿਣੀ ਹੈ, ਉਹ ਇਹ ਹੈ ਕਿ ਇਸ ਮਤੇ ਵਿਚ ਕੁਝ ਨਿਸ਼ਚਿਤ ਸ਼ਬਦਾਂ ਵਿਚ ਇਕ ਐਲਾਨ ਕਰਨ ਦੀ ਗੱਲ ਕਹੀ ਗਈ ਹੈ। ਹੁਣ, ਸ੍ਰੀਮਾਨ ਜੀ, ਮੈਨੂੰ ਇਹ ਦਿਖਾਈ ਦਿੰਦਾ ਹੈ ਕਿ ਮਾਨਯੋਗ ਵਾਇਸਰਾਏ ਦੁਆਰਾ ਇਕ ਵਿਸ਼ੇਸ਼ ਕਿਸਮ ਦਾ ਐਲਾਨ ਕੀਤਾ ਗਿਆ ਹੈ। ਇਸ ਐਲਾਨ ਬਾਰੇ ਭਾਰਤ ਦੇ ਲੋਕਾਂ ਨੂੰ ਇਸ ਮਹੀਨੇ ਦੀ 18 ਤਰੀਕ ਨੂੰ ਪਤਾ ਲੱਗਾ ਸੀ। ਉਸ ਤੋਂ ਬਾਅਦ ਹੁਣ ਪੂਰੇ ਸੱਤ ਦਿਨ ਲੰਘ ਚੁੱਕੇ ਹਨ। ਹੁਣ ਸਦਨ ਨੂੰ ਆਪਣੀ ਰਾਏ ਜ਼ਾਹਰ ਕਰਨ ਦਾ ਪੂਰਾ ਪੂਰਾ ਹੱਕ ਹੈ ਕਿ ਉਹ ਐਲਾਨ ਇਕ ਤਸੱਲੀਬਖ਼ਸ਼ ਐਲਾਨ ਨਹੀਂ ਸੀ; ਪਰ ਇਸ ਮਤੇ ਨਾਲ ਅਜਿਹਾ ਕੁਝ ਨਹੀਂ ਹੋਇਆ। ਭਾਵੇਂ ਇਹ ਇਕ ਐਲਾਨ ਹੈ, ਮਾਨਯੋਗ ਪ੍ਰਧਾਨ ਮੰਤਰੀ ਨੇ ਬਿਨਾਂ ਇਹ ਵਿਚਾਰ ਪ੍ਰਗਟ ਕਰਦਿਆਂ ਆਪਣਾ ਮਤਾ ਤਿਆਰ ਕੀਤਾ ਹੈ ਕਿ ਕੀ ਇਹ ਐਲਾਨ ਸਵੀਕਾਰਯੋਗ ਹੈ ਜਾਂ ਨਹੀਂ ? ਜਾਂ, ਕੀ ਕੋਈ ਹੋਰ ਐਲਾਨ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ ? ਇਹ ਸਾਰਾ ਮਾਮਲਾ ਤੁੱਛ ਜਿਹਾ ਬਣ ਗਿਆ ਜਾਪਦਾ ਹੈ। ਸ੍ਰੀਮਾਨ ਜੀ, ਮੈਂ ਇਸ ਪ੍ਰੇਸ਼ਾਨੀ ਵਿਚ ਨਹੀਂ ਪੈਣਾ ਚਾਹੁੰਦਾ, ਕਿਉਂਕਿ ਮੇਰੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਮਤੇ ਨੂੰ ਇਸ ਤਰ੍ਹਾਂ ਲਿਆ ਜਾਵੇ ਕਿ ਜਿਵੇਂ ਇਹ ਇਕ ਨਿਰ-ਵਿਰੋਧ ਮਾਮਲਾ ਹੈ। ਪਰ ਮੈਂ ਕਹਾਂਗਾ ਕਿ ਅਜਿਹਾ ਮੌਕਾ ਬਹੁਤ ਘੱਟ ਆਉਂਦਾ ਹੈ ਕਿ ਇਕ ਕੁੱਤੇ ਨੂੰ ਦੂਜੇ ਕੁੱਤੇ ਨੂੰ ਖਾਣ ਦਾ ਮੌਕਾ ਮਿਲੇ ਅਤੇ। ਇਹ ਮਤਾ ਇਕ ਅਜਿਹਾ ਮਤਾ ਹੈ ਜਿਹੜਾ ਇਹ ਦਸੱਦਾ ਹੈ ਕਿ ਇਕ ਕੁੱਤਾ ਕੁੱਤੇ ਨੂੰ ਖਾ ਸਕਦਾ ਹੈ। ਫਿਰ ਵੀ, ਮੈਂ ਮਾਨਯੋਗ ਪ੍ਰਧਾਨ ਮੰਤਰੀ ਦੇ ਸੱਦੇ ਦਾ ਉੱਤਰ ਦੇਣ ਅਤੇ ਰੱਖੀਆਂ ਗਈਆਂ ਸੋਧਨਾਵਾਂ ਤੇ ਮਤੇ, ਨੂੰ ਗ਼ੈਰ-ਵਿਵਾਦੀ ਢੰਗ ਨਾਲ ਲੈਣ ਲਈ ਤਿਆਰ ਹਾਂ।

ਸ੍ਰੀਮਾਨ ਜੀ, ਕਿਉਂਕਿ ਮੈਂ ਮਤੇ ਅਤੇ ਇਸ ਦੀਆਂ ਸੋਧਨਾਵਾਂ ਤੇ ਕੁਝ ਟਿੱਪਣੀਆਂ ਕਰਨ ਜਾ ਰਿਹਾ ਹਾਂ, ਇਸ ਲਈ ਮੈਂ ਸ਼ੁਰੂ ਵਿਚ ਹੀ ਸਦਨ ਨੂੰ ਦਸੱਣਾ ਚਾਹੁੰਦਾ ਹਾਂ ਕਿ ਮੈਂ ਕਿਸ ਸਬੰਧ ਵਿਚ ਮਤੇ ਨਾਲ ਸਹਿਮਤ ਹਾਂ। ਜਿਥੋਂ ਤੱਕ ਮਤੇ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ ਭਾਰਤ ਦੇ ਲੋਕਾਂ ਦੀ ਸਹਿਮਤੀ ਤੋਂ ਬਗ਼ੈਰ ਗ੍ਰੇਟ ਬ੍ਰਿਟੇਨ ਅਤੇ ਜਰਮਨੀ ਵਿਚਕਾਰ ਯੁੱਧ ਵਿਚ ਭਾਈਵਾਲ ਬਣਾਇਆ ਗਿਆ ਹੈ ਮੈਂ ਦਿਲੋਂ ਇਸ ਨਾਲ ਸਹਿਮਤ ਹਾਂ। ਦਰਅਸਲ, ਮੈਨੂੰ ਇਕ ਕਦਮ ਅਗੇ ਵਧਣਾ ਚਾਹੀਦਾ ਸੀ ਕਿਉਂਕਿ ਸਥਿਤੀ ਅਸਲ ਵਿਚ ਬਹੁਤ ਅਸਾਧਾਰਨ ਹੈ। ਇਥੇ ਅਸੀਂ ਬ੍ਰਿਟਿਸ਼ ਮੰਤ੍ਰੀ-ਮੰਡਲ ਦੇ ਰੱਥ ਦੇ ਪਹੀਏ ਨਾਲ ਬੰਨ੍ਹ ਦਿਤੇ ਗਏ ਹਾਂ। ਬ੍ਰਿਟਿਸ਼ ਮੰਤਰੀ-ਮੰਡਲ ਦਾ ਸਾਮਰਾਜ ਦੀ ਵਿਦੇਸ਼ ਨੀਤੀ ਤੇ ਕੰਟ੍ਰੋਲ ਹੈ। ਵਿਦੇਸ਼-ਨੀਤੀ ਘੜਨ ਵਿਚ ਇਸ ਦੇਸ ਦਾ ਕੋਈ ਬੋਲ ਬੁਲਾਰਾ ਨਹੀਂ ਹੈ। ਯੁੱਧ ਦੇ ਐਲਾਨ ਵਿਚ ਇਸ ਮੁਲਕ ਦਾ ਕੋਈ ਹੱਥ ਨਹੀਂ ਹੈ। ਸ਼ਾਂਤੀ ਦਾ ਮਾਹੌਲ ਪੈਦਾ ਕਰਨ ਲਈ ਇਸ ਮੁਲਕ ਦੀ ਕੋਈ ਆਵਾਜ਼ ਨਹੀਂ। ਸ਼ਾਇਦ ਵਰਸਾਏ ਜਾਂ ਕੁਝ ਹੋਰ ਥਾਵਾਂ ਤੇ ਜਾਣ ਲਈ ਜਿਥੇ ਸ਼ਾਂਤੀ

ਕਾਇਮ ਕਰਨ ਬਾਰੇ ਦਸਤਖ਼ਤ ਕੀਤੇ ਜਾਂਦੇ ਹਨ, ਪਬਲਿਕ ਵਿਚੋਂ ਕੁਝ ਮੈਂਬਰਾਂ ਨੂੰ ਸੱਦਾ-ਪੱਤਰ ਭੇਜਿਆ ਜਾਂਦਾ ਹੋਵੇ ਤਾਂ ਕਿ ਦਸਤਾਵੇਜ਼ ਤੇ ਉਨ੍ਹਾਂ ਦੇਨਾਂ ਦਰਜ ਹੋ ਜਾਣ। ਮੈਨੂੰ ਯਕੀਨ ਹੈ ਕਿ ਇਸ ਤੋਂ ਅੱਗੇ ਇਸ ਦੇਸ ਦੇ ਲੋਕਾਂ ਦੀ ਕੋਈ ਥਾਂ ਨਹੀਂ ਹੈ। ਇਹ ਨਿਸ਼ਚੇ ਹੀ ਇਕ ਅਸਾਧਾਰਨ ਸਥਿਤੀ ਹੈ। ਮੈਂ ਕਹਿੰਦਾ ਹਾਂ ਕਿ ਉਪ-ਨਿਵੇਸ਼ਾਂ ਨਾਲੋਂ ਗ੍ਰੇਟ ਬ੍ਰਿਟੇਨ ਦੀ ਵਿਦੇਸ਼ ਨੀਤੀ ਘੜਨ ਵਿਚ ਹਿੱਸਾ ਲੈਣਾ, ਭਾਰਤੀਆਂ ਦਾ ਇਕ ਬਹੁਤ ਵੱਡਾ ਅਧਿਕਾਰ ਹੈ। ਜਿਵੇਂ ਕਿ ਮਾਨਯੋਗ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਵਰਨਣ ਕੀਤਾ ਸੀ, ਵੈਸਟਮਿਨਸਟਰ ਦੇ ਕਾਨੂੰਨ ਅਧੀਨ ਇਕ ਉਪ-ਨਿਵੇਸ਼ ਨੂੰ ਇਹ ਖੁਲ੍ਹ ਹੈ ਕਿ ਉਹ ਇਕ ਯੁੱਧ ਦੇ ਨਤੀਜਿਆਂ ਤੋਂ ਆਪਣੇ ਆਪ ਨੂੰ ਨਿਰਪੱਖ ਅਤੇ ਲਾਂਭੇ ਰੱਖੇ ਜਿਸ ਦੇ ਭੜਕ ਜਾਣ ਲਈ ਉਹ ਜ਼ਿੰਮੇਵਾਰ ਨਹੀਂ ਹੈ। ਬਦਕਿਸਮਤੀ ਨਾਲ ਸਾਨੂੰ ਇਸ ਵਕਤ ਉਪ-ਨਿਵੇਸ਼ ਦਾ ਦਰਜਾ ਪ੍ਰਾਪਤ ਨਹੀਂ ਹੈ। ਸਾਨੂੰ ਆਪਣੇ ਆਪ ਨੂੰ ਨਿਰਪੱਖ ਰੱਖਣ ਦਾ ਐਲਾਨ ਕਰਨ ਦਾ ਹੱਕ ਨਹੀਂ ਹੈ। ਸਾਡੀ ਇੱਛਾ ਅਤੇ ਰਜ਼ਾਮੰਦੀ ਤੋਂ ਬਗ਼ੈਰ ਸਾਨੂੰ ਇਸ ਹੱਤਿਆਕਾਂਡ ਵਿਚ ਘਸੀਟਿਆ ਜਾ ਰਿਹਾ ਹੈ, ਅਤੇ ਮੈਂ ਕਹਿੰਦਾ ਹਾਂ ਕਿ ਅਗਰ ਸੂਰਤ ਇਸ ਤਰ੍ਹਾਂ ਹੋਵੇ ਤਾਂ ਸਾਨੂੰ ਕਿਸੇ ਹੋਰ ਉਪ-ਨਿਵੇਸ਼ ਨਾਲੋਂ ਜ਼ਿਆਦਾ ਹੱਕ ਪ੍ਰਾਪਤ ਹੋਣਗੇ। ਇਹ ਜ਼ੋਰ ਦੇਣ ਲਈ ਕਿ ਸਾਡੀ ਹਰ ਇਕ ਮਾਮਲੇ ਵਿਚ ਸਲਾਹ ਲਈ ਜਾਵੇ ਤਾਂ ਸਾਨੂੰ ਕਿਸੇ ਹੋਰ ਉਪ-ਨਿਵੇਸ਼ ਨਾਲੋਂ ਜ਼ਿਆਦਾ ਹੱਕ ਪ੍ਰਾਪਤ ਹੋਣਗੇ। ਇਸ ਲਈ ਜਿਥੋਂ ਤੱਕ ਮਤੇ ਦੇ ਇਸ ਭਾਗ ਦਾ ਸਬੰਧ ਹੈ, ਮੈਂ ਆਪਣਾ ਪੂਰਾ ਸਮਰਥਨ ਦਿੰਦਾ ਹਾਂ।

ਇਥੇ ਇਕ ਹੋਰ ਮਾਮਲਾ ਵੀ ਹੈ ਜਿਸਦਾ ਮੈਂ ਸੰਖੇਪ ਵਿਚ ਹਵਾਲਾ ਦੇਣਾ ਚਾਹਾਂਗਾ। ਭਾਵੇਂ ਇਸ ਦੇਸ ਨੂੰ ਉਸ ਦੀ ਸਹਿਮਤੀ ਬਗ਼ੈਰ ਯੁੱਧ ਵਿਚ ਸ਼ਾਮਲ ਕੀਤਾ ਗਿਆ ਹੈ, ਜਿਵੇਂ ਕਿ ਮਤੇ ਵਿਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ, ਸੁਰੱਖਿਆ ਦੇ ਨਜ਼ਰੀਏ ਤੋਂ ਇਹ ਮੁਲਕ ਬਹੁਤ ਹੀ ਸੁਰੱਖਿਆਹੀਣ ਸਥਿਤੀ ਵਿਚ ਹੈ। ਮੰਨ ਲਓ, ਜੇ ਇਸ ਦੇਸ ਦੀ ਸੁੱਰਖਿਆ ਦਾ ਮਸਲਾ ਖੜ੍ਹਾ ਹੋ ਜਾਵੇ, ਫਿਰ ਫ਼ੌਜ ਕਿਥੇ ਹੈ ? ਜਲ ਸੈਨਾ (ਨੇਵੀ) ਕਿਥੇ ਹੈ ? ਹਵਾਈ ਜਹਾਜ਼ ਕਿਥੇ ਹਨ ਜਿਹੜੇ ਇਸ ਦੇਸ਼ ਦੀ ਸੁੱਰਖਿਆ ਕਰ ਸਕਣ ? ਗੋਲ-ਮੇਜ਼-ਕਾਨਫ਼ਰੰਸ ਦੇ ਮੈਂਬਰ ਦੇ ਨਾਤੇ ਮੈਨੂੰ ਯਾਦ ਹੈ ਕਿ ਅਸੀਂ ਇਕ ਸਿਧਾਂਤ ਲਈ ਲੜੇ ਸੀ ਅਤੇ ਉਹ ਸਿਧਾਂਤ ਇਹ ਸੀ ਕਿ ਭਾਰਤ ਦੀ ਸੁਰੱਖਿਆ ਨੂੰ ਗ੍ਰੇਟ ਬ੍ਰਿਟੇਨ ਦੀ ਜ਼ਿੰਮੇਵਾਰੀ ਦੇ ਤੌਰ ਤੇ ਮਾਨਤਾ ਮਿਲਣੀ ਚਾਹੀਦੀ ਹੈ ਅਤੇ ਭਾਰਤੀਆਂ ਨੂੰ ਆਪਣੀ ਸੁੱਰਖਿਆ ਆਪ ਕਰਨਾ ਸਿਖਾਉਣਾ ਚਾਹੀਦਾ ਹੈ। ਮੈਂ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਜਿਥੋਂ ਤੱਕ ਮੈਂ ਭਾਰਤ ਸਰਕਾਰ ਦੀ ਸੁੱਰਖਿਆ ਨੀਤੀ ਨੂੰ ਸਮਝਣ ਦੇ ਯੋਗ ਹੋਇਆ ਹਾਂ, ਉਨ੍ਹਾਂ ਨੇ ਇਸ ਪਾਸੇ ਵੱਲ ਕੋਈ ਤਸੱਲੀਬਖ਼ਸ਼ ਕਦਮ ਨਹੀਂ ਉਠਾਏ। ਜਿਥੋਂ ਤੱਕ ਉਸ ਸਿਧਾਂਤ ਨੂੰ ਪੂਰਾ ਕਰਨ ਦਾ ਸਬੰਧ ਹੈ, ਮੈਂ ਉਨ੍ਹਾਂ ਦੀ ਨੀਤੀ ਵਿਚ ਕੁਝ ਨਹੀਂ ਦੇਖਿਆ। ਇਸ ਲਈ, ਮੈਂ ਸਮਝਦਾ ਹਾਂ ਕਿ ਇਹ ਇਕ ਵਾਜਬ ਸ਼ਿਕਾਇਤ ਹੈ ਜਿਹੜੀ ਭਾਰਤ ਕਰ ਸਕਦਾ ਹੈ। ਇਹ ਨੁਕਤੇ ਹਨ ਜਿਨ੍ਹਾਂ ਤੇ ਮੈਂ ਸਰਕਾਰ ਨਾਲ ਸਹਿਮਤ ਹਾਂ, ਪਰ ਮੈਨੂੰ ਇਹ ਕਹਿੰਦਿਆਂ ਅਫ਼ਸੋਸ ਹੁੰਦਾ ਹੈ ਕਿ ਇਥੇ ਮੇਰੀ ਸਹਿਮਤੀ ਦਾ ਅੰਤ ਹੈ।

ਸ੍ਰੀਮਾਨ ਜੀ, ਜਿਵੇਂ ਆਪ ਨੂੰ ਪਤਾ ਹੀ ਹੈ, ਮੈਂ ਕੁੱਲ ਚਾਰ ਸੋਧਨਾਵਾਂ ਪੇਸ਼ ਕੀਤੀਆਂ ਹਨ। ਵੈਸੇ ਉਹ ਤਿੰਨ ਹਨ ਪਰ ਅਸਲ ਵਿਚ ਉਹ ਚਾਰ ਹਨ। ਮੈਂ ਉਨ੍ਹਾਂ ਦੋ ਸੋਧਨਾਵਾਂ ਨੂੰ ਇੱਕਠੀਆਂ ਕਰ ਲੈਣ ਦੀ ਤਜਵੀਜ਼ ਕਰਦਾ ਹਾਂ ਜਿਨ੍ਹਾਂ ਦਾ ਸਬੰਧ ਘਟ-ਗਿਣਤੀਆਂ ਦੇ ਹੱਕਾਂ ਨਾਲ ਹੈ ਅਤੇ ਦੂਜੀਆਂ ਸੋਧਨਾਵਾਂ ਨੂੰ ਮੈਂ ਵੱਖ ਵੱਖ ਲਵਾਂਗਾ। ਮੈਂ ਸਦਨ ਵਿਚ ਸੋਧਨਾਵਾਂ ਨੂੰ ਦੁਬਾਰਾ ਪੜ੍ਹਨ ਦੀ ਤਜ਼ਵੀਜ਼ ਨਹੀਂ ਕਰਦਾ ਕਿਉਂਕਿ ਮੈਂ ਸਮੇਂ ਦੀ ਬਚਤ ਕਰਨੀ ਚਾਹੁੰਦਾ ਹਾਂ। ਸਦਨ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸੋਧਨਾਵਾਂ ਕੀ ਹਨ ? ਮਾਨਯੋਗ ਪ੍ਰਧਾਨ ਮੰਤਰੀ ਨੇ ਸਮਾਪਤੀ ਤੇ ਯੂਨਾਈਟਿਡ ਸਟੇਟਸ ਦੇ ਸੰਵਿਧਾਨ ਵਿਚ ਦਰਜ ਸਿਧਾਂਤ ਵੱਲ ਸਦਨ ਦਾ ਧਿਆਨ ਦਿਵਾਇਆ ਸੀ। ਉਨ੍ਹਾਂ ਨੇ ਯੂਨਾਈਟਿਡ ਸਟੇਟਸ ਦੇ ਸੰਵਿਧਾਨ ਦਾ ਪੈਰਾ ਪੜ੍ਹਿਆ ਸੀ ਜਿਸ ਵਿਚ ਲੋਕਤੰਤਰੀ ਜੀਵਨ ਅਤੇ ਆਜ਼ਾਦੀ ਅਤੇ ਖੁਸ਼ਹਾਲੀ ਦਾ ਹਵਾਲਾ ਦਿੱਤਾ ਹੋਇਆ ਹੈ। ਅਤੇ, ਉਨ੍ਹਾਂ ਨੇ ਬੇਨਤੀ ਕੀਤੀ ਸੀ ਕਿ ਸਾਡੇ ਵਿਚੋਂ ਜਿਹੜੇ ਵਿਰੋਧੀ ਧਿਰ ਵਿਚ ਬੈਠੇ ਹਨ ਉਹ ਉਸ ਪ੍ਰਾਚੀਨ ਅਤੇ ਮਾਨਵੀ ਦਸਤਾਵੇਜ਼ ਦਾ ਸਨਮਾਨ ਕਰਨ, ਜਿਸ ਵਿਚ ਲੋਕਤੰਤਰ ਦੇ ਸਿਧਾਂਤ ਸ਼ਾਮਲ ਹਨ। ਸ੍ਰੀਮਾਨ ਜੀ, ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਦੱਖਣੀ ਅਮਰੀਕਾ ਨਾਲ ਸਬੰਧਤ ਮਾਮਲਿਆਂ ਦੀ ਸਥਿਤੀ ਬਾਰੇ ਯਾਦ ਕਰਾਉਂਦਾ ਹਾਂ। ਉਨ੍ਹਾਂ ਨੇ ਉੱਤਰੀ ਅਮਰੀਕਾ ਦਾ ਵਰਣਨ ਕੀਤਾ ਅਤੇ ਮੈਂ ਦੱਖਣੀ ਅਮਰੀਕਾ ਦਾ ਵਰਣਨ ਕਰਾਂਗਾ – ਇਹ ਉਹ ਦੇਸ ਹਨ ਜਿਹੜੇ ਇਕ ਦੂਜੇ ਦੇ ਬਹੁਤ ਨੇੜੇ ਹਨ। ਮੇਰੇ ਮਾਨਯੋਗ ਦੋਸਤ ਪ੍ਰਧਾਨ ਮੰਤਰੀ, ਮੈਨੂੰ ਯਕੀਨ ਹੈ, ਉਸ ਤੱਥ ਨੂੰ ਯਾਦ ਕਰਨਗੇ ਕਿ ਜਦੋਂ ਸਪੈਨਿਸ਼ ਅਮਰੀਕਨ ਕਾਲੋਨੀਆਂ ਜਿਵੇਂ ਬ੍ਰਾਜ਼ੀਲ ਅਤੇ ਸਪੈਨਿਸ਼ ਸਾਮਰਾਜ ਤੋਂ ਵੱਖ ਹੋਏ ਤਾਂ ਉਨ੍ਹਾਂ ਨੇ ਵੀ ਆਪਣੇ ਆਪਣੇ ਵੱਖ ਸੰਵਿਧਾਨ ਬਣਾਉਣ ਬਾਰੇ ਸੋਚਿਆ ਸੀ। ਉਹ ਜਾਣਦੇ ਨਹੀਂ ਸਨ ਕਿ ਆਪਣੇ ਸੰਵਿਧਾਨ ਕਿਵੇਂ ਬਣਾਉਣੇ ਹਨ ? ਸਿੱਟੇ ਵਜੋਂ, ਉਨ੍ਹਾਂ ਨੇ ਉਸ ਆਦਮੀ ਦੀ ਮਦਦ ਮੰਗੀ ਜਿਸ ਨੂੰ, ਮੈਨੂੰ ਯਕੀਨ ਹੈ, ਮਾਨਯੋਗ ਪ੍ਰਧਾਨ ਮੰਤਰੀ ਜੀ ਵੀ ਜਾਣਦੇ ਹਨ। ਉਨ੍ਹਾਂ ਨੇ ਕੀ ਕੀਤਾ ? ਉਨ੍ਹਾਂ ਨੇ ਜੈਰੇਮੀ ਬੈਨਥਮ ਨੂੰ ਇਹ ਮਾਮਲਾ ਸੌਂਪ ਦਿੱਤਾ। ਜੈਰੇਮੀ ਬੈਨਥਮ ਨੂੰ ਹਰੇਕ ਵਕੀਲ ਜ਼ਰੂਰ ਜਾਣਦਾ ਹੋਵੇਗਾ, ਅਗਰ ਨਹੀਂ, ਤਾਂ ਉਹ ਇਸ ਸੰਸਾਰ ਤੋਂ ਬਾਹਰਲਾ ਹੀ ਕੋਈ ਹੋਵੇਗਾ। ਜੈਰੇਮੀ ਬੈਨਥਮ ਇਕ ਮਹਾਨ ਵਿਧਾਨਕਾਰ ਸੀ। ਉਹ ਅਜਿਹਾ ਵਿਅਕਤੀ ਸੀ ਜਿਹੜਾ ਵਿਧੀ ਸੂਤਰ ਬਣਾਉਣ ਵਿਚ ਜੁਟਿਆ ਰਹਿੰਦਾ ਸੀ। ਉਹੀ ਵਿਅਕਤੀ ਸੀ ਜਿਹੜਾ ਮਾਮਲਿਆਂ ਦਾ ਸਮਰੂਪੀ ਆਧਾਰ ਤੇ ਵਰਗੀਕਰਨ ਕਰਦਾ ਸੀ ਉਹ ਸ਼ੁੱਧ ਯੁਕਤੀਵਾਦ ਦੇ ਆਧਾਰ ਤੇ ਅੰਗ੍ਰੇਜ਼ੀ ਕਾਨੂੰਨ ਵਿਚ ਸੁਧਾਰ ਲਿਆਉਣਾ ਚਾਹੁੰਦਾ ਸੀ। ਦੱਖਣੀ ਅਮਰੀਕਾ ਦੀਆਂ ਕਾਲੋਨੀਆਂ ਦਾ ਵਿਚਾਰ ਸੀ ਕਿ ਜਿਹੜਾ ਵਿਅਕਤੀ ਯੁਕਤੀ ਸੰਗਤ ਗੱਲਾਂ ਤੋਂ ਸਿਵਾਏ ਹੋਰ ਕਿਸੇ ਚੀਜ਼ ਵਿਚ ਵਿਸ਼ਵਾਸ ਨਾ ਕਰੇ ਅਤੇ ਜਿਹੜਾ ਅਜਿਹਾ ਕਰਨ ਨੂੰ ਪਹਿਲ ਦੇਣ ਵਿਚ ਵਿਸ਼ਵਾਸ ਰੱਖੇ, ਉਹੀ ਇਸ ਕੰਮ ਲਈ ਇਕ ਸਹੀ ਵਿਅਕਤੀ ਹੋ ਸਕਦਾ ਹੈ, ਜਿਸ ਨੂੰ ਉਨ੍ਹਾਂ ਦਾ ਸੰਵਿਧਾਨ ਬਣਾਉਣ ਲਈ ਕਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ, ਮੇਰਾ ਵਿਸ਼ਵਾਸ ਹੈ, ਸਲਾਹ ਦੇ ਤੌਰ ਤੇ ਸੰਖੇਪ ਵਿਵਰਣ

ਸਮੇਤ ਏਲਚੀਆਂ ਨੂੰ ਉਸ ਕੋਲ ਭੇਜਿਆ। ਦੱਖਣੀ ਅਮਰੀਕਾ ਵਿਚ ਬਹੁਤ ਕਾਲੋਨੀਆਂ ਹਨ ਜਿਹੜੀਆਂ ਪੁਰਾਣੇ ਸਾਮਰਾਜ ਵਿਚੋਂ ਵੱਖ ਹੋਈਆਂ ਹਨ। ਜੈਰੇਮੀ ਬੈਨਥਮ ਨੇ ਦੱਖਣੀ ਅਮਰੀਕਾ ਵਿਚ ਇਨ੍ਹਾਂ ਨਵੇਂ ਦੇਸ਼ਾਂ ਲਈ ਸੰਵਿਧਾਨ ਦਾ ਖਰੜਾ ਤਿਆਰ ਕਰਨ ਦਾ ਕੰਮ ਬੜੀ ਖ਼ੁਸ਼ੀ ਨਾਲ ਆਪਣੇ ਹੱਥ ਲਿਆ। ਉਸਨੇ ਬਹੁਤ ਮਿਹਨਤ ਕੀਤੀ ਅਤੇ ਇਕ ਮਹੱਤਵਪੂਰਨ ਦਸਤਾਵੇਜ਼ ਤਿਆਰ ਕੀਤਾ। ਮੈਂ ਦੇਖਦਾ ਹਾਂ ਕਿ ਪ੍ਰਧਾਨ ਮੰਤਰੀ ਹੱਸ ਰਹੇ ਹਨ ਕਿਉਂਕਿ ਉਹ ਤੱਥਾਂ ਨੂੰ ਜਾਣਦੇ ਹਨ। ਸ੍ਰੀਮਾਨ ਜੀ, ਜੈਰੇਮੀ ਬੈਨੱਥਮ ਦੁਆਰਾ ਤਿਆਰ ਕੀਤੇ ਗਏ ਇਹ ਸਾਰੇ ਦਸਤਾਵੇਜ਼, ਸੰਵਿਧਾਨਿਕ ਦਸਤਾਵਜ਼, ਲੋਕਾਂ ਦੇ ਜੀਵਨ ਅਤੇ ਆਜ਼ਾਦੀ ਦੀ ਸੁੱਰਖਿਆ ਅਤੇ ਲੋਕਤੰਤਰ ਸਿਧਾਂਤ ਦਾ ਰਾਗ ਅਲਾਪਣ ਲਈ ਦੱਖਣੀ ਅਮਰੀਕਾ ਨੂੰ ਭੇਜ ਦਿੱਤੇ ਗਏ। ਜਦੋਂ ਉਹ ਉਥੇ ਪੁੱਜੇ ਤਾਂ ਦੱਖਣੀ ਅਮਰੀਕਾ ਦੇ ਲੋਕਾਂ ਨੇ ਕੁਝ ਸਾਲਾਂ ਲਈ ਉਨ੍ਹਾਂ ਨੂੰ ਅਪਣਾਇਆ ਅਤੇ ਬਾਅਦ ਵਿਚ ਜੈਰੇਮੀ ਬੈਂਨਥਮ ਦੁਆਰਾ ਤਿਆਰ ਕੀਤਾ ਗਿਆ ਹਰੇਕ ਸੰਵਿਧਾਨ ਟੁਕੜੇ ਟੁਕੜੇ ਹੋ ਗਿਆ ਅਤੇ ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਉਥੇ ਪਹੁੰਚੀਆਂ ਇਸ ਦੀਆਂ ਫ਼ਾਲਤੂ ਕਾਪੀਆਂ ਦਾ ਕੀ ਕੀਤਾ ਜਾਵੇ ? ਦੱਖਣੀ ਅਮਰੀਕਾ ਦੇ ਸਾਰੇ ਲੋਕਾਂ ਨੇ ਫ਼ੈਸਲਾ ਕੀਤਾ ਕਿ ਇਨ੍ਹਾਂ ਨੂੰ ਖੁਲ੍ਹੇ ਤੌਰ ਤੇ ਸਾੜ ਦਿੱਤਾ ਜਾਵੇ।

ਸ੍ਰੀਮਾਨ ਜੀ, ਜਿਸ ਮੁੱਦੇ ਤੇ ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਸੰਵਿਧਾਨ ਬਿਲਕੁਲ ਇਕ ਸੂਟ ਦੀ ਤਰ੍ਹਾਂ ਫਿੱਟ ਹੋਣਾ ਚਾਹੀਦਾ ਹੈ। ਇਕ ਸੰਵਿਧਾਨ ਜਿਹੜਾ ਢੁੱਕਦਾ ਨਹੀਂ ਉਹ ਇਕ ਸੰਵਿਧਾਨ ਨਹੀਂ ਹੈ– ਉਹ ਇਕ ਸੰਵਿਧਾਨ ਨਹੀਂ ਬਣ ਸਕਦਾ। ਮਿਸਾਲ ਦੇ ਤੌਰ ਤੇ ਜਿਹੜਾ ਕੋਟ ਮਾਨਯੋਗ ਪ੍ਰਧਾਨ ਮੰਤਰੀ ਨੇ ਆਪਣੇ ਪਤਲੇ ਸਰੀਰ ਤੇ ਪਹਿਨਿਆ ਹੋਇਆ ਹੈ, ਉਹੋ ਇਕ ਮੇਰੇ ਵਰਗੇ ਭਾਰੇ ਸ਼ਰੀਰ ਤੇ ਫ਼ਿੱਟ ਨਹੀਂ ਆ ਸਕਦਾ। (ਹਾਸਾ)

ਕੀ ਇਹ ਹੋ ਸਕਦਾ ਹੈ ? ਕੀ ਇਕ ਕੁੱਬੇ ਆਦਮੀ ਲਈ ਬਣਿਆ ਸੂਟ ਕਿਸੇ ਆਮ ਪਿੱਠ ਵਾਲੇ ਵਿਅਕਤੀ ਦੇ ਫ਼ਿੱਟ ਬੈਠ ਸਕਦਾ ਹੈ ? (ਹਾਸਾ) ! ਕੀ ਇਕ ਜੁੱਤੀ, ਜਿਹੜੀ ਉਸ ਆਦਮੀ ਲਈ ਫਿੱਟ ਹੈ ਜਿਹੜਾ ਧਰਤੀ ਤੇ ਆਪਣੇ ਪੈਰ ਟਿਕਾ ਕੇ ਅਤੇ ਸਿੱਧੇ ਰੱਖ ਕੇ ਤੁਰ ਸਕਦਾ ਹੈ, ਉਸ ਆਦਮੀ ਦੇ ਫ਼ਿੱਟ ਆ ਸਕਦੀ ਹੈ ਜਿਸਦੀ ਲੱਤ ਟੇਢੀ ਹੋਵੇ ? ਇਹ ਨਹੀਂ ਹੋ ਸਕਦਾ। ਇਸ ਲਈ ਲੋਕੰਤਤਰ ਦੀ ਗੱਲ ਕਰਨ ਵੇਲੇ ਸਾਨੂੰ ਤੱਥਾਂ ਤੇ ਢੁਕਦੇ ਸਿਧਾਂਤਾਂ ਦੀ ਗੱਲ ਕਰਨੀ ਚਾਹੀਦੀ ਹੈ। ਹੁਣ ਜਿਸ ਨੁਕਤੇ ਤੇ ਮੈਂ ਜ਼ੋਰ ਦੇਣ ਜਾ ਰਿਹਾ ਹਾਂ ਉਹ ਇਹ ਹੈ ਕਿ ਕੀ ਲੋਕਤੰਤਰ ਦਾ ਸਿਧਾਂਤ ਭਾਰਤ ਦੇ ਲੋਕਾਂ ਲਈ ਢੁਕਵਾਂ ਹੋਵੇਗਾ ? ਮੇਰੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਨੇ ਸਾਨੂੰ ਲੋਕੰਤਤਰ ਦੇ ਸਿਧਾਂਤ ਦਾ ਅਰਥ ਦੱਸ ਕੇ ਚਾਨਣਾ ਨਹੀਂ ਪਾਇਆ। ਪਰ ਮੈਂ ਸਮਝਦਾ ਹਾਂ ਕਿ ਲੋਕਤੰਤਰ ਤੋਂ ਉਨ੍ਹਾਂ ਦਾ ਮਤਲਬ ਹੈ– ਬਹੁ–ਗਿਣਤੀ ਦਾ ਰਾਜ, ਕਿਉਂਕਿ ਜਿੰਨਾ ਚਿਰ ਅਸੀਂ ਸਾਰੇ ਇਕ ਮੌਲਿਕ ਸਿਧਾਂਤ ਵਜੋਂ ਬਹੁ–ਗਿਣਤੀ ਸ਼ਾਸਨ ਨੂੰ ਸਵੀਕਾਰ ਨਹੀਂ ਕਰਦੇ, ਉਨ੍ਹਾਂ ਚਿਰ ਰਾਜਨੀਤਕ ਲੋਕਤੰਤਰ ਨਹੀਂ ਆ ਸਕਦਾ। ਸਾਫ਼ ਜ਼ਾਹਰ ਹੈ ਕਿ ਇਹੋ ਜੜ੍ਹ ਹੈ, ਇਹੋ ਆਧਾਰ ਹੈ ਅਤੇ ਇਹੀ ਤਰੀਕਾ ਹੈ, ਜਿਸ ਤੋਂ ਸਾਨੂੰ

ਇਸ ਪ੍ਰਸ਼ਨ ਤੇ ਬਹਿਸ ਕਰਨੀ ਚਾਹੀਦੀ ਹੈ।

ਹੁਣ, ਸ੍ਰੀਮਾਨ ਜੀ, ਮੈਂ ਸਮਝਦਾ ਹਾਂ ਕਿ ਵਿਰੋਧੀ ਧਿਰ ਦੇ ਨੇਤਾ ਇਸ ਵਿਚਾਰ ਨਾਲ ਹਰ ਕੋਈ ਸਹਿਮਤ ਹੋਵੇਗਾ ਕਿ ਤਥਾਂ ਨੂੰ ਵੇਖਦਿਆਂ ਇਕ ਚੀਜ਼ ਹੈ ਜਿਹੜੀ ਤਬਦੀਲੀਯੋਗ ਨਹੀਂ। ਅਤੇ ਉਹ ਗ਼ੈਰ-ਤਬਦੀਲੀਯੋਗ ਚੀਜ਼ ਇਹ ਹੈ ਕਿ ਹਿੰਦੂ ਬਹੁ-ਗਿਣਤੀ ਵਿਚ ਰਹਿਣਗੇ ਅਤੇ ਮੁਸਲਮਾਨ ਅਤੇ ਅਨੁਸੂਚਿਤ ਜਾਤੀਆਂ, ਘਟ ਗਿਣਤੀ ਵਿਚ ਰਹਿਣਗੀਆਂ। ਇਹ ਤੱਥ ਇਕ ਗ਼ੈਰਵਿਵਾਦ ਤੱਥ ਹੈ ਅਤੇ ਇਹ ਇਕ ਅਜਿਹਾ ਤੱਥ ਹੈ ਜਿਸ ਨੂੰ, ਚਾਹੇ ਅਸੀਂ ਇਕ ਜਾਂ ਦੂਜੀ ਚੀਜ਼ ਵਿਚ ਵਿਸ਼ਵਾਸ ਰੱਖੀਏ, ਅਸੀਂ ਸਾਰੇ ਸਵੀਕਾਰ ਕਰਾਂਗੇ। ਹੁਣ ਜਿਹੜਾ ਪ੍ਰਸ਼ਨ ਮੇਰੇ ਦਿਮਾਗ਼ ਵਿਚ ਹੈ ਉਹ ਇਕ ਬੜਾ ਸਾਧਾਰਨ ਪ੍ਰਸ਼ਨ ਹੈ ਅਤੇ ਮੈਂ ਇਸ ਤੇ, ਇਸ ਮੁਲਕ ਵਿਚ ਅਛੂਤ ਲੋਕ ਪੁਕਾਰੇ ਜਾਣ ਵਾਲੇ ਦ੍ਰਿਸ਼ਟੀਕੋਣ ਤੋਂ ਸ਼ੁੱਧ ਰੂਪ ਵਿਚ ਵਿਚਾਰ ਕਰਨ ਜਾ ਰਿਹਾ ਹਾਂ। ਸ਼ੁਰੂ ਵਿਚ, ਮੈਂ ਸਦਨ ਨੂੰ ਉਸ ਸੰਬੰਧਿਤ ਸਥਿਤੀ ਨੂੰ ਨੋਟ ਕਰਨ ਲਈ ਕਹਾਂਗਾ ਜਿਹੜੀ ਇਸ ਲੋਕਤੰਤਰ ਅਧੀਨ, ਅਸੀਂ ਪ੍ਰਾਪਤ ਕਰਾਂਗੇ। ਇਸ ਲੋਕਤੰਤਰ ਅਧੀਨ ਜਿਹੜਾ ਪ੍ਰਧਾਨ ਮੰਤਰੀ ਇਸ ਦੇਸ ਵਿਚ ਸਥਾਪਤ ਕਰਨਾ ਚਾਹੁੰਦੇ ਹਨ, ਉਸ ਵਿਚ ਇਕ ਚੀਜ਼ ਜਿਵੇਂ ਮੈਂ ਕਿਹਾ ਸੀ, ਗ਼ੈਰ-ਤਬਦੀਲੀਯੋਗ ਹੋਵੇਗੀ, ਅਰਥਾਤ ਇਥੇ ਹਿੰਦੂਆਂ ਦੀ ਬਹੁ-ਗਿਣਤੀ ਹੋਵੇਗੀ ਜੋ ਕਿ ਇਸ ਸਾਰੀ ਧਰਤੀ ਤੇ, ਪਿੰਡ-ਪਿੰਡ ਵਿਚ ਫੈਲੀ ਹੋਵੇਗੀ ਅਤੇ ਇਸ ਦੇ ਨਾਲ ਇਕ ਛੋਟੀ ਜਿਹੀ ਅੰਤਿਕਾ ਹੋਵੇਗੀ-ਮੈਂ ਇਹ ਕਹਿ ਸਕਦਾ ਹਾਂ-ਉਨ੍ਹਾਂ ਲੋਕਾਂ ਦੀਆਂ ਝੁੱਗੀਆਂ ਦੇ ਕੁਝ ਝੁੰਡ, ਕੁੱਝ ਮਿੱਟੀ ਦੇ ਘਰ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਹੈ। ਹਰ ਇਕ ਪਿੰਡ ਦੇ ਨਾਲ ਤੁਹਾਨੂੰ ਇਕ ਹਿੰਦੂ ਕਲੋਨੀ ਅਤੇ ਇਕ ਮਰਾਠਵਾੜਾ ਜਾਂ ਇਕ ਚਮਾਰਵਾੜਾ ਜਾਂ ਇਕ ਭੰਗੀਵਾੜਾ ਜਾਂ ਉਸ ਕਲੋਨੀ ਸਬੰਧੀ ਜਿਸ ਨੂੰ ਤੁਸੀਂ ਜੋ ਕੁਝ ਵੀ ਕਹਿਣਾ ਪਸੰਦ ਕਰੋਗੇ, ਮਿਲੇਗੀ। ਇਹ ਇਕ ਗ਼ੈਰਤਬਦੀਲੀਯੋਗ ਤੱਥ ਹੋਵੇਗਾ।

ਹੁਣ ਮੇਰੇ ਮਾਨਯੋਗ ਮਿੱਤਰ ਨੇ ਮੈਨੂੰ ਲੋਕਤੰਤਰ ਬਾਰੇ ਬੋਲਣ ਲਈ ਕਿਹਾ ਹੈ। ਬਹੁਤ ਅੱਛਾ, ਮੈਂ ਸਮਝਦਾ ਹਾਂ ਕਿ ਉਹ ਮੈਨੂੰ ਇਹ ਕਹਿਣ ਦੀ ਆਗਿਆ ਦੇਵੇਗਾ ਕਿ ਇਸ ਪ੍ਰਸ਼ਨ ਪ੍ਰਤੀ ਮੇਰਾ ਉੱਤਰ ਇਸ ਗੱਲ ਤੇ ਨਿਰਭਰ ਕਰੇਗਾ ਕਿ ਮੇਰੇ ਪ੍ਰਤੀ ਇਸ ਬਹੁਗਿਣਤੀ ਦਾ ਵਤੀਰਾ ਕਿਹੋ ਜਿਹਾ ਹੈ। ਕੀ ਇਹ ਬਹੁ-ਗਿਣਤੀ ਇਕ ਸਹਿਨਸ਼ੀਲਤਾ ਵਾਲੀ ਬਹੁ-ਗਿਣਤੀ ਹੈ ? ਕੀ ਇਹ ਬਹੁ-ਗਿਣਤੀ ਬਰਾਬਰੀ, ਆਜ਼ਾਦੀ ਅਤੇ ਕੱਟੜਤਾ ਨੂੰ ਮਾਨਤਾ ਦਿੰਦੀ ਹੈ ? ਕੀ ਇਹ ਬਹੁ-ਗਿਣਤੀ ਮੈਨੂੰ ਰਹਿਣ, ਸਾਹ ਲੈਣ, ਵੱਧਣ-ਫੁੱਲਣ ਦੀ ਆਗਿਆ ਦੇਵੇਗੀ ?

ਮਾਨਯੋਗ ਸ੍ਰੀ ਬੀ.ਜੀ.ਖੇੜ : ਨਿਸ਼ਚੇ ਹੀ, ਇਹ ਅਜਿਹਾ ਕਰੇਗੀ।

ਡਾਕਟਰ .ਬੀ.ਆਰ. ਅੰਬੇਡਕਰ : ਬਹੁ-ਗਿਣਤੀ ਦਾ ਵਤੀਰਾ ਕੀ ਹੈ ? ਕੇਵਲ ਇਹੋ ਪ੍ਰਸ਼ਨ ਹੈ ਜਿਸ ਤੇ ਵਿਚਾਰ ਕੀਤਾ ਜਾਣਾ ਹੈ। ਮੇਰੇ ਮਾਨਯੋਗ ਮਿੱਤਰ ਨੇ ਕਿਹਾ ਹੈ, "ਹਾਂ" ।ਪਰ ਆਓ ਤੱਥਾਂ ਨੂੰ ਦੇਖੀਏ। ਮੈਂ ਅਤੀਤ ਜਾਂ ਪ੍ਰਾਚੀਨ ਇਤਿਹਾਸ ਵੱਲ ਨਹੀਂ ਜਾ ਰਿਹਾ, ਮੈਂ ਸਾਲ 1929 ਨਾਲ ਆਰੰਭ ਕਰਨ ਦਾ ਪ੍ਰਸਤਾਵ ਕਰਦਾ ਹਾਂ। ਸਦਨ ਨੂੰ ਪਤਾ ਹੈ ਕਿ

ਸਾਲ 1929 ਵਿਚ ਬੰਬਈ ਵਿਧਾਨ ਪਰਿਸ਼ਦ ਨੇ ਇਕ ਮਤੇ ਰਾਹੀਂ ਦਲਿਤ ਸ਼੍ਰੇਣੀਆਂ ਅਤੇ ਆਦਿਮ ਕਬੀਲਿਆਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ ਸੀ। ਉਸ ਕਮੇਟੀ ਦੀ ਪ੍ਰਧਾਨਗੀ ਇਕ ਅਫ਼ਸਰ, ਅਰਥਾਤ ਮਿਸਟਰ ਸਟਾਰਟੇ ਨੇ ਕੀਤੀ, ਜਿਹੜਾ ਜਰਾਇਮਪੇਸ਼ਾ ਕਬੀਲਿਆਂ ਦਾ ਇੰਚਾਰਜ ਸੀ। ਮੈਂ ਵੀ ਉਸ ਕਮੇਟੀ ਦਾ ਮੈਂਬਰ ਸੀ। ਮੇਰਾ ਸਹਿਯੋਗੀ ਡਾ. ਸੋਲੰਕੀ ਵੀ ਮੈਂਬਰ ਸੀ। ਬਾਕੀ ਦੋ ਮੈਂਬਰ ਹਿੰਦੂ ਸਨ। ਇਥੇ ਮੈਂ ਵਿਸ਼ੇਸ਼ ਤੌਰ ਤੇ ਇਕ ਵਿਅਕਤੀ ਦਾ ਜ਼ਿਕਰ ਕਰਾਂਗਾ, ਜਿਹੜਾ ਇਸ ਕਮੇਟੀ ਦਾ ਮੈਂਬਰ ਸੀ ਅਤੇ ਉਹ ਹੈ ਮਿਸਟਰ ਠੱਕਰ, ਕਿਉਂਕਿ ਮੈਨੂੰ ਪਤਾ ਹੈ ਕਿ ਮੇਰੇ ਮਾਨਯੋਗ ਦੋਸਤ ਪ੍ਰਧਾਨ ਮੰਤਰੀ ਮੇਰੇ ਨਾਲੋਂ ਡਾ. ਠੱਕਰ ਦੇ ਪ੍ਰਮਾਣ ਨੂੰ ਬਹੁਤ ਜਲਦੀ ਸਵੀਕਾਰ ਕਰਨਗੇ। ਸ੍ਰੀਮਾਨ ਜੀ, ਸਾਲ 1928 ਵਿਚ ਦਲਿਤ ਸ਼੍ਰੇਣੀਆਂ ਪ੍ਰਤੀ ਹਿੰਦੂਆਂ ਦੀ ਬਹੁ-ਗਿਣਤੀ ਦਾ ਵਤੀਰਾ ਕਿਹਾ ਸੀ ? ਹੁਣ ਮੈਂ ਇਸ ਰਿਪੋਰਟ ਤੋਂ ਇਕ ਪੈਰਾ ਪੜ੍ਹਨ ਲਈ ਆਪ ਕੋਲੋਂ ਆਗਿਆ ਮੰਗਾਂਗਾ। ਇਸ ਰਿਪੋਰਟ ਦੇ ਪੈਰਾ 102 ਵਿਚ ਇਹ ਕਿਹਾ ਗਿਆ ਹੈ :

"ਭਾਵੇਂ ਅਸੀਂ ਸਾਰੇ ਜਨਤਕ ਲਾਭਾਂ ਲਈ ਦਲਿਤ ਸ਼੍ਰੇਣੀਆਂ ਦੇ ਹੱਕਾਂ ਦੀ ਰਾਖੀ ਲਈ ਵੱਖ ਵੱਖ ਉਪਾਵਾਂ ਦੀ ਸਿਫ਼ਾਰਸ਼ ਕੀਤੀ ਹੈ, ਲੇਕਿਨ ਸਾਨੂੰ ਡਰ ਹੈ ਕਿ ਆਉਣ ਵਾਲੇ ਲੰਮੇ ਸਮੇਂ ਲਈ ਉਨ੍ਹਾਂ ਦੀ ਵਰਤੋਂ ਕਰਨ ਲਈ ਉਨ੍ਹਾਂ ਦੇ ਰਸਤੇ ਵਿਚ ਮੁਸ਼ਕਲਾਂ ਆਉਣਗੀਆਂ। ਪਹਿਲੀ ਮੁਸ਼ਕਲ ਹੈ: ਉਨ੍ਹਾ ਵਿਰੁੱਧ ਰੂੜ੍ਹੀਵਾਦੀ ਸ਼੍ਰੇਣੀਆਂ ਦੁਆਰਾ ਖੁਲ੍ਹੀ ਹਿੰਸਾ ਦਾ ਡਰ। ਇਹ ਜ਼ਰੂਰ ਨੋਟ ਕੀਤਾ ਜਾਵੇ ਕਿ ਦਲਿਤ ਸ਼੍ਰੇਣੀਆਂ ਦੀ ਹਰੇਕ ਪਿੰਡ ਵਿਚ ਇਕ ਮਾਮੂਲੀ ਘੱਟ ਗਿਣਤੀ ਹੈ, ਜਿਸ ਦਾ ਰੂੜ੍ਹੀਵਾਦੀਆਂ ਦੀ ਇਕ ਬਹੁਤ ਵੱਡੀ ਬਹੁਗਿਣਤੀ ਵਿਰੋਧ ਕਰਦੀ ਹੈ ਅਤੇ ਜਿਹੜੀ ਕਿਸੇ ਵੀ ਕੀਮਤ ਤੇ ਦਲਿਤਾਂ ਦੁਆਰਾ ਕਿਸੇ ਕਾਲਪਨਿਕ ਹਮਲੇ ਤੋਂ ਆਪਣੇ ਹਿੱਤਾਂ ਅਤੇ ਸ਼ਾਨ ਨੂੰ ਸੁਰੱਖਿਅਤ ਰੱਖਣ ਲਈ ਤਤਪਰ ਰਹਿੰਦੀ ਹੈ। ਪੁਲਿਸ ਦੁਆਰਾ ਮੁਕੱਦਮਾ ਚਲਾਏ ਜਾਣ ਦੇ ਡਰ ਨੇ ਰੂੜ੍ਹੀਵਾਦੀਆਂ ਦੁਆਰਾ ਹਿੰਸਾ ਦੀ ਵਰਤੋਂ ਤੇ ਰੋਕ ਲਗਾਈ ਹੈ ਅਤੇ ਸਿੱਟੇ ਵਜੋਂ ਅਜਿਹੇ ਕੇਸ ਦੁਰਲੱਭ ਹਨ।

ਦੂਜੀ ਮੁਸ਼ਕਲ ਉਸ ਆਰਥਿਕ ਹਾਲਤ ਵਿਚੋਂ ਪੈਦਾ ਹੁੰਦੀ ਹੈ ਜਿਸ ਦਾ ਸਾਹਮਣਾ ਦਲਿਤ ਸ਼੍ਰੇਣੀਆਂ ਨੂੰ ਅੱਜਕਲ੍ਹ ਕਰਨਾ ਪੈ ਰਿਹਾ ਹੈ। ਦਲਿਤ ਸ਼੍ਰੇਣੀਆਂ ਨੂੰ ਪ੍ਰੈਜ਼ੀਡੈਂਸੀ ਦੇ ਬਹੁਤ ਹਿੱਸਿਆਂ ਵਿਚ ਆਰਥਿਕ ਆਜ਼ਾਦੀ ਦੀ ਖੁਲ੍ਹ ਨਹੀਂ। ਉਨ੍ਹਾਂ ਵਿਚੋਂ ਕੁਝ ਤਾਂ ਰੂੜ੍ਹੀਵਾਦੀਆਂ ਦੀਆਂ ਉਨ੍ਹਾਂ ਦੇ ਮੁਜ਼ਾਰਿਆਂ ਵਜੋਂ ਜ਼ਮੀਨਾਂ ਵਾਹੁੰਦੇ ਹਨ। ਦੂਜੇ ਰੂੜ੍ਹੀਵਾਦੀਆਂ ਦੁਆਰਾ ਰੁਜ਼ਗਾਰ ਤੇ ਲਗਾਏ ਗਏ ਖੇਤ-ਮਜ਼ਦੂਰਾਂ ਵਜੋਂ ਆਪਣੀ ਰੋਜ਼ੀ ਕਮਾਉਂਦੇ ਹਨ, ਅਤੇ ਬਾਕੀ ਦੇ ਪੇਂਡੂ ਨੌਕਰਾਂ ਵਜੋਂ ਉਨ੍ਹਾਂ ਨੂੰ ਦਿੱਤੀ ਗਈ ਸੇਵਾ ਦੇ ਬਦਲੇ ਰੂੜ੍ਹੀਵਾਦੀਆਂ ਦੁਆਰਾ ਉਨ੍ਹਾਂ ਨੂੰ ਦਿੱਤੇ ਜਾਂਦੇ ਭੋਜਨ ਜਾਂ ਅਨਾਜ ਤੇ ਗੁਜ਼ਾਰਾ ਕਰਦੇ ਹਨ। ਅਸੀਂ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਸੁਣੀਆਂ ਹਨ ਜਦੋਂ ਰੂੜ੍ਹੀਵਾਦੀ ਸ਼੍ਰੇਣੀਆਂ ਨੇ ਆਪਣੇ ਪਿੰਡਾਂ ਵਿਚ ਉਨ੍ਹਾਂ ਦਲਿਤ ਸ਼੍ਰੇਣੀਆਂ ਵਿਰੁੱਧ ਹਥਿਆਰਾਂ ਦੇ ਤੌਰ ਤੇ ਆਪਣੀ ਆਰਥਿਕ ਸ਼ਕਤੀ ਦੀ ਵਰਤੋਂ ਕੀਤੀ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਹੈ ਜਦੋਂ ਉਨ੍ਹਾਂ ਨੇ ਆਪਣੇ

ਹੱਕਾਂ ਦੀ ਵਰਤੋਂ ਦਾ ਹੌਸਲਾ ਕੀਤਾ ਹੈ ਅਤੇ ਬਾਈਕਾਟ ਤਾਂ ਅਕਸਰ ਅਜਿਹੇ ਵੱਡੇ ਪੈਮਾਨੇ ਤੇ ਕੀਤਾ ਜਾਂਦਾ ਹੈ ਜਿਸ ਵਿਚ, ਦਲਿਤ ਸ਼੍ਰੇਣੀਆਂ ਨੂੰ ਸਾਂਝੇ ਤੌਰ ਤੇ ਵਰਤੇ ਜਾਂਦੇ ਰਸਤਿਆਂ ਤੇ ਚੱਲਣ ਤੇ ਰੋਕ ਅਤੇ ਪੇਂਡੂ ਬਾਣੀਏ ਦੁਆਰਾ ਜੀਵਨ ਦੀਆਂ ਜ਼ਰੂਰੀ ਵਸਤਾਂ ਦੀ ਵਿਕਰੀ ਬੰਦ ਕਰਨਾ ਸ਼ਾਮਲ ਹੈ। ਗਵਾਹੀ ਅਨੁਸਾਰ, ਕਈ ਵਾਰ ਤਾਂ ਨਿਗੂਣੇ ਕਾਰਨਾਂ ਕਰਕੇ ਵੀ ਦਲਿਤ ਸ਼੍ਰੇਣੀਆਂ ਦੇ ਸਮਾਜਿਕ ਬਾਈਕਾਟ ਦਾ ਐਲਾਨ ਕੀਤੇ ਜਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦਲਿਤ ਸ਼੍ਰੇਣੀਆਂ ਦੁਆਰਾ ਸਾਂਝੇ ਖੂਹ ਦੀ ਵਰਤੋਂ ਕਰਨ ਦੇ ਆਪਣੇ ਹੱਕ ਦੀ ਵਰਤੋਂ ਕਰਨ ਤੇ ਬਾਈਕਾਟ ਕੀਤਾ ਜਾਂਦਾ ਹੈ,ਪਰ ਅਜਿਹੇ ਕੇਸ ਵੀ ਘੱਟ ਨਹੀਂ ਹਨ ਜਦੋਂ ਕਿ ਸਖ਼ਤ ਬਾਈਕਾਟ ਸਿਰਫ਼ ਇਸ ਕਰਕੇ ਕੀਤਾ ਗਿਆ ਹੈ, ਕਿਉਂਕਿ ਕਿਸੇ ਦਲਿਤ ਸ਼੍ਰੇਣੀ ਦੇ ਵਿਅਕਤੀ ਨੇ ਜਨੇਊ ਪਾ ਲਿਆ ਹੈ, ਜ਼ਮੀਨ ਦਾ ਟੁਕੜਾ ਖ਼ਰੀਦ ਲਿਆ ਹੈ, ਚੰਗੇ ਕਪੜੇ ਜਾਂ ਗਹਿਣੇ ਪਾ ਲਏ ਹਨ ਜਾਂ ਦੁਲਹਨ ਸਮੇਤ ਘੋੜੀ ਤੇ ਚੜ੍ਹ ਕੇ ਕਿਸੇ ਜਨਤਕ ਗਲੀ ਵਿਚ ਦੀ ਆਪਣੀ ਬਰਾਤ ਲੰਘਾ ਲਈ ਹੈ।"

1928 ਵਿਚ ਸਥਿਤੀ ਇਹ ਸੀ। ਜਿਹੜਾ ਪ੍ਰਸ਼ਨ ਮੈਨੂੰ ਪੁੱਛਣਾ ਚਾਹੀਦਾ ਹੈ ਉਹ ਇਹ ਹੈ: ਕੀ 1928 ਤੋਂ ਬਾਦ ਕੋਈ ਤਬਦੀਲੀ ਆਈ ਹੈ ? ਇਸ ਵਕਤ, ਸ੍ਰੀਮਾਨ ਜੀ, ਜੋ ਵੀ ਗਵਾਹੀ ਮੇਰੇ ਪਾਸ ਮੌਜੂਦ ਹੈ, ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਸਥਿਤੀ ਕੇਵਲ ਵੈਸੀ ਹੀ ਨਹੀਂ ਸਗੋਂ ਹੋਰ ਵੀ ਵਿਗੜੀ ਹੈ। ਮੈਂ ਆਪਣੇ ਵਿਚਾਰ ਦੇ ਸਮਰਥਨ ਵਿਚ ਕੁਝ ਉਦਾਹਰਨਾਂ ਦਿਆਂਗਾ।

ਪਹਿਲੀ ਚੀਜ਼ ਜਿਸ ਦਾ ਮੈਂ ਹਵਾਲਾ ਦਿਆਂਗਾ ਉਹ ਹੈ, 1932 ਦੀ ਵਿਧਾਨ ਪਰਿਸ਼ਦ ਦੀ ਚੋਣ। ਜਿਵੇਂ ਮੇਰੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਨੂੰ ਯਾਦ ਹੋਵੇਗਾ ਕਿ 1932 ਵਿਚ ਕਾਂਗਰਸ ਨੇ ਵਿਧਾਨ-ਮੰਡਲਾਂ ਦਾ ਬਾਈਕਾਟ ਕੀਤਾ ਸੀ। ਉਨ੍ਹਾਂ ਨੇ ਚੋਣਾਂ ਲੜਨ ਤੋਂ ਨਾਂਹ ਕਰ ਦਿੱਤੀ ਸੀ। ਸ੍ਰੀਮਾਨ ਜੀ, ਇਹ ਕਾਂਗਰਸ ਨੇ 1932 ਵਿਚ ਕੀਤਾ ਸੀ। ਹੋ ਸਕਦਾ ਹੈ, ਇਹ ਤਰੀਕ ਗ਼ਲਤ ਹੋਵੇ, ਮੈਂ ਇਹ ਆਪਣੀ ਯਾਦਾਸ਼ਤ ਦੇ ਹਵਾਲੇ ਨਾਲ ਦਿੱਤੀ ਹੈ -

ਇਕ ਮਾਨਯੋਗ ਮੈਂਬਰ : ਇਹ 1930 ਸੀ।

ਡਾ. ਬੀ.ਆਰ. ਅੰਬੇਦਕਰ : 1930; ਕਾਂਗਰਸ ਨੇ 1930 ਵਿਚ ਲੋਕਾਂ ਨੂੰ ਚੋਣਾਂ ਵਿਚ ਹਿੱਸਾ ਨਾ ਲੈਣ ਲਈ ਪ੍ਰੇਰਿਤ ਕਰਨ ਵਾਸਤੇ ਵੱਖ ਵੱਖ ਤਰੀਕੇ ਅਪਣਾਏ। ਸ੍ਰੀਮਾਨ ਜੀ, ਮੈਂ ਸਦਨ ਨੂੰ ਯਾਦ ਕਰਾ ਦੇਣਾ ਚਾਹੁੰਦਾ ਹਾਂ ਕਿ ਇਹੋ ਸਾਲ ਸੀ ਜਿਸ ਵਿਚ ਸਿਵਲ ਨਾਫ਼ਰਮਾਨੀ ਅੰਦੋਲਨ ਵੀ ਸ਼ੁਰੂ ਹੋਇਆ ਸੀ। ਅਗਰ ਮੈਂ ਗ਼ਲਤ ਨਾ ਹੋਵਾਂ, ਕਾਂਗਰਸੀਆਂ ਅਨੁਸਾਰ, ਉਹ ਇਕ ਅੰਦੋਲਨਮਈ ਸਾਲ ਸੀ ਕਿਉਂਕਿ ਇਹੀ ਸਾਲ ਹੈ ਜਿਸ ਵਿਚ ਡਾਂਡੀ ਮਾਰਚ ਹੋਇਆ। ਸ੍ਰੀਮਾਨ ਜੀ, ਉਹ ਕਿਹੜੇ ਨਾਅਰੇ ਸਨ ਜਿਹੜੇ ਵਿਧਾਨ-ਮੰਡਲ ਵਿਚ ਸ਼ਾਮਲ ਹੋਣ ਤੋਂ ਲੋਕਾਂ ਨੂੰ ਰੋਕਣ ਲਈ 1930 ਵਿਚ ਕਾਂਗਰਸੀਆਂ ਨੇ ਵਰਤੇ ਸਨ ? ਇਨ੍ਹਾਂ

ਲੋਕਾਂ ਦੁਆਰਾ ਵਰਤਿਆ ਗਿਆ ਇਕ ਨਾਹਰਾ ਇਹ ਸੀ–ਜਿੰਨਾਂ ਕੁ ਮੈਨੂੰ ਯਾਦ ਹੈ–"ਕੌਂਸਲ ਮੇਂ ਜਾਨਾ ਹਰਾਮ ਹੈ।" ਪਰ ਇਥੇ ਹੀ ਬਸ ਨਹੀਂ। ਦੂਜਾ ਨਾਅਰਾ ਇਹ ਸੀ : "ਕੌਂਸਲ ਮੇਂ ਕੌਨ ਜਾਏਗਾ? ਢੇਡ ਜਾਏਗਾ; ਚਮਾਰ ਜਾਏਗਾ।" ਇਹ ਨਾਅਰੇ ਸਨ, ਜਿਹੜੇ ਕਾਂਗਰਸੀਆਂ ਨੇ ਵਰਤੇ ਸਨ। (ਵਿਘਨ) ਕਿਰਪਾ ਕਰਕੇ ਸੁਣੋ, ਅਗਰ ਮੇਰੇ ਮਾਨਯੋਗ ਮੈਂਬਰ ਗਵਾਹੀ ਚਾਹੁੰਦੇ ਹਨ, ਮੈਂ ਲਾਇਤਰਾਜ਼ਯੋਗ ਗਵਾਹੀ ਪੇਸ਼ ਕਰਾਂਗਾ। ਮੈਂ ਇਸ ਸਦਨ ਦੇ ਅੰਦਰ ਕਹਿ ਸਕਦਾ ਹਾਂ ਕਿ ਨਾਅਰਾ ਇੰਨਾ ਤੌਹੀਨ ਭਰਿਆ ਸੀ ਕਿ ਟਾਈਮਜ਼-ਆਫ਼-ਇੰਡੀਆ ਨੇ ਵੀ ਇਸ ਬਾਰੇ ਇਕ ਐਡੀਟੋਰੀਅਲ ਲਿਖਣ ਦੀ ਜ਼ਰੂਰਤ ਮਹਿਸੂਸ ਕੀਤੀ। ਹੁਣ, ਸ੍ਰੀਮਾਨ ਜੀ, ਜਿਹੜਾ ਨੁਕਤਾ ਮੈਂ ਉਠਾ ਰਿਹਾ ਹਾਂ, ਇਹ ਹੈ : ਹਿੰਦੂ, ਕਾਂਗਰਸੀ ਵਿਚਾਰਧਾਰਾ ਵਾਲੇ ਹਿੰਦੂ ਵੀ, ਜਿਹੜੇ ਕਹਿੰਦੇ ਹਨ ਕਿ ਉਹ ਜਾਤ-ਪਾਤ ਭੁੱਲ ਚੁੱਕੇ ਹਨ, ਜਿਹੜੇ ਕਹਿੰਦੇ ਹਨ ਕਿ ਉਹ ਧਰਮ ਭੁੱਲ ਚੁੱਕੇ ਹਨ, ਜਿਹੜੇ ਕਹਿੰਦੇ ਹਨ ਕਿ ਉਹ ਛੂਤ-ਛਾਤ ਨੂੰ ਭੁੱਲ ਚੁੱਕੇ ਹਨ - ਉਨ੍ਹਾਂ ਹਿੰਦੂਆਂ ਨੇ, ਇਥੋਂ ਤੱਕ ਕਿ ਕਾਂਗਰਸੀ ਵਿਚਾਰਧਾਰਾ ਵਾਲੇ ਹਿੰਦੂਆਂ ਨੇ ਵੀ ਇਹ ਨਾਅਰਾ ਵਰਤਿਆ। ਅਗਰ ਸ੍ਰੀਮਾਨ ਜੀ, ਜਿਵੇਂ ਮੈਂ ਇਥੇ ਦੇਖਿਆ ਹੈ, ਇਕ ਕੌਮ, ਜਿਸ ਵਿਚ ਹਿੰਦੂ ਫ਼ਿਰਕੇ ਦਾ ਇਕ ਬਹੁਤ ਗਿਆਨਵਾਨ ਹਿੱਸਾ ਸ਼ਾਮਲ ਹੈ, ਕਿਸੇ ਇਤਨੇ ਲਾਚਾਰ, ਇਤਨੇ ਦੱਬੇ-ਕੁਚਲੇ ਫ਼ਿਰਕੇ ਪ੍ਰਤੀ ਇਸ ਕਿਸਮ ਦੇ ਸ਼ਬਦ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ, ਤਾਂ ਤੁਸੀਂ ਉਨ੍ਹਾਂ ਰੂੜ੍ਹੀਵਾਦੀਆਂ ਕੋਲੋਂ ਕੀ ਆਸ ਕਰ ਸਕਦੇ ਹੋ ਜਿਹੜੇ ਮੇਰੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਦੁਆਰਾ ਪਾਸ ਕੀਤੇ ਗਏ ਕਾਨੂੰਨ ਨਾਲੋਂ ਮੰਨੂ ਦੇ ਕਾਨੂੰਨ ਨੂੰ ਕਿਤੇ ਮਹਾਨ ਸਮਝਦੇ ਹਨ।

ਸ੍ਰੀਮਾਨ ਜੀ, ਮੈਨੂੰ ਇਕ ਹੋਰ ਕੇਸ ਲੈ ਲੈਣ ਦਿਉ। ਮੈਂ ਬਹਿਸ ਕਰਨ ਦੇ ਮੰਤਵ ਲਈ ਜ਼ਿਆਦਾਤਰ ਕੇਸ ਗੁਜਰਾਤ ਤੋਂ ਲੈਂਦਾ ਹਾਂ ਕਿਉਂਕਿ ਮੈਨੂੰ ਦੱਸਿਆ ਗਿਆ ਹੈ ਕਿ ਉਹ ਸਾਡੀ ਪ੍ਰੈਜ਼ੀਡੈਂਸੀ ਦਾ ਇਕ ਬਹੁਤ ਜਾਗਰੂਕ ਹਿੱਸਾ ਹੈ। ਇਕ ਮਿਸਾਲ ਜਿਸ ਬਾਰੇ ਹੁਣ ਬੋਲ ਰਿਹਾ ਹਾਂ ਇਹ ਅਹਿਮਦਾਬਾਦ ਜ਼ਿਲ੍ਹੇ ਦੇ ਢੋਲਕਾ ਤਾਲੁਕਾ ਵਿਚ ਕਵਿਤਾ ਨਾਂ ਦੇ ਇਕ ਪਿੰਡ ਤੋਂ ਮਿਲੀ ਹੈ। ਆਓ ਅਸੀਂ ਸਾਰੇ ਇਸ ਵੱਲ ਵਿਸ਼ੇਸ਼ ਧਿਅਨ ਦੇਈਏ। ਇਸ ਕੇਸ ਵਿਚ, ਤੱਥ ਇਹ ਸਨ: ਕਿਸੇ ਇਕ ਖ਼ਾਸ ਦਿਨ ਪਿੰਡ ਦੇ ਇਕ ਬ੍ਰਾਹਮਣ ਨੇ ਕਵਿਤਾ ਪਿੰਡ ਦੇ ਵਸਨੀਕ ਅਛੂਤ ਫ਼ਿਰਕੇ ਦੇ ਕੁੰਝ ਮੈਂਬਰਾਂ ਨੂੰ ਅਗਵਾ ਕਰ ਲਿਆ। ਮੇਰੇ ਮਾਨਯੋਗ ਮੈਂਬਰ ਇਹ ਨੋਟ ਕਰ ਲੈਣ ਕਿ ਇਹ ਤੱਥ ਹਰੀਜਨ ਤੋਂ ਲਏ ਗਏ ਹਨ ਜੋ ਇਸ ਸਬੰਧ ਵਿਚ ਅੰਤਮ ਵਾਕਿਆ ਮੰਨਿਆ ਜਾ ਸਕਦਾ ਹੈ।

ਮਾਨਯੋਗ ਸ਼੍ਰੀ ਬੀ. ਜੀ. ਖੇੜ : ਮੈਂ ਉਸ ਜਗ੍ਹਾ ਤੇ ਗਿਆ ਸੀ; ਮੈਨੂੰ ਘਟਨਾ ਬਾਰੇ ਪਤਾ ਹੈ। ਮਾਨਯੋਗ ਮੈਂਬਰ ਨੂੰ ਇਸ ਦਾ ਹਵਾਲਾ ਦੇਣ ਦੀ ਲੋੜ ਨਹੀਂ ਹੈ।

ਡਾ.ਬੀ.ਆਰ. ਅੰਬੇਡਕਰ : ਇਹ ਤੱਥ ਇਸ ਪ੍ਰਕਾਰ ਸਨ: ਕਿਸੇ ਬ੍ਰਾਹਮਣ ਨੇ ਪਿੰਡ ਦੇ ਅਛੂਤ ਫ਼ਿਰਕੇ ਦੇ ਕੁਝ ਮੈਂਬਰਾਂ ਨੂੰ ਅਗਵਾ ਕਰ ਲਿਆ। ਮੈਂ ਕਹਿ ਸਕਦਾ ਹਾਂ ਕਿ ਆਪਣੀ ਸੁਰੱਖਿਆ ਬਾਰੇ ਸੋਚਦਿਆਂ ਇਨ੍ਹਾਂ ਅਛੂਤਾਂ ਲਈ ਇਹ ਸੰਭਵ ਸੀ ਕਿ ਉਹ ਬ੍ਰਾਹਮਣ ਤੇ

ਮੁਕੱਦਮਾ ਕਰਦੇ ਅਤੇ ਸਜ਼ਾ ਦਿਵਾਉਂਦੇ। ਲੇਕਿਨ ਉਨ੍ਹਾਂ ਦੇ ਦਿਮਾਗ਼ ਵਿਚ ਅਗ਼ਵਾਕਾਰ ਵਿਰੁੱਧ ਇਕ ਸ਼ਿਕਾਇਤ ਕਰਨ ਲਈ ਜ਼ਿਲ੍ਹਾ ਪੁਲਿਸ ਕੋਲ ਜਾਣ ਦਾ ਖ਼ਿਆਲ ਆਇਆ। ਏਨੇ ਵਿਚ, ਜੋ ਕੁਝ ਵਾਪਰਿਆ, ਉਹ ਇਸ ਤਰ੍ਹਾਂ ਸੀ: ਜਿਸ ਦਿਨ ਅਛੂਤ ਕਵਾਟਰਾਂ ਦੇ ਆਦਮੀ ਬਾਹਰ ਗਏ ਸਨ, ਪਿੰਡ ਦੇ ਹਿੰਦੂਆਂ ਨੇ ਇਨ੍ਹਾਂ ਅਛੂਤਾਂ ਦੇ ਕੁਆਟਰਾਂ ਤੇ ਹਮਲਾ ਕਰ ਦਿੱਤਾ। ਇਨ੍ਹਾਂ ਦੇ ਘਰ ਢਾਹ ਦਿੱਤੇ, ਉਨ੍ਹਾਂ ਦੀਆਂ ਛੱਤਾਂ ਗਿਰਾ ਦਿੱਤੀਆਂ। ਇਹ ਪਤਾ ਲਗਣ ਤੇ ਕਿ ਮਾਰ ਖਾਣ ਲਈ ਆਦਮੀ ਹਾਜ਼ਰ ਨਹੀਂ ਹਨ ਤਾਂ ਇਹ ਸਾਰੇ ਭੱਦਰ ਪੁਰਸ਼ ਇਹ ਸੋਚਦਿਆਂ ਸ਼ਾਮ ਤੱਕ ਇੰਤਜ਼ਾਰ ਕਰਦੇ ਰਹੇ ਕਿ ਇਹ ਲੋਕ ਰਾਤ ਨੂੰ ਤਾਂ ਘਰ ਪਰਤਣਗੇ। ਕੁਝ ਔਰਤਾਂ, ਜਿਨ੍ਹਾਂ ਨੂੰ ਉਨ੍ਹਾਂ ਦੀ ਇਸ ਯੋਜਨਾ ਦਾ ਪਤਾ ਲੱਗ ਗਿਆ ਸੀ, ਚੋਰੀ ਛਿਪੇ ਪਿੰਡ ਵਿਚੋਂ ਬਾਹਰ ਖਿਸਕ ਗਈਆਂ ਅਤੇ ਅੱਧੇ ਰਸਤੇ ਵਿਚ ਆਦਮੀਆਂ ਨੂੰ ਮਿਲੀਆਂ ਅਤੇ ਉਨ੍ਹਾਂ ਨੂੰ ਦੱਸਿਆ ਕਿ ਰਾਤ ਨੂੰ ਪਿੰਡ ਜਾਣਾ ਉਨ੍ਹਾਂ ਲਈ ਬਹੁਤ ਖਤਰਨਾਕ ਹੈ ਕਿਉਂਕਿ ਉਨ੍ਹਾਂ ਦੀਆਂ ਜਾਨ; ਸੁਰੱਖਿਅਤ ਨਹੀਂ। ਇਨ੍ਹਾਂ ਲੋਕਾਂ ਨੇ ਰਾਤ ਪਿੰਡ ਤੋਂ ਬਾਹਰ ਕੱਟੀ ਅਤੇ ਘਰ ਨਹੀਂ ਪਰਤੇ। ਅਗਲੇ ਦਿਨ ਉਹ ਲੁਕੇ ਛਿਪੇ ਬਿਨਾਂ ਕਿਸੇ ਦੇ ਧਿਆਨ ਵਿਚ ਆਇਆਂ, ਪਿੰਡ ਪਹੁੰਚ ਗਏ। ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੀਆਂ ਸਾਰੀਆਂ ਝੌਂਪੜੀਆਂ ਢਾਹ ਦਿੱਤੀਆਂ ਗਈਆਂ ਸਨ। ਬਾਅਦ ਵਿਚ ਉਨ੍ਹਾਂ ਨੂੰ ਪਤਾ ਲੱਗਾ ਪਿੰਡ ਨੇ ਉਨ੍ਹਾਂ ਦੇ ਬਾਈਕਾਟ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਪਿੰਡ ਦੇ ਬਾਣੀਏ ਤੋਂ ਕੋਈ ਚੀਜ਼ ਖ਼ਰੀਦਣ ਦੀ ਇਜਾਜ਼ਤ ਨਹੀਂ ਸੀ। ਕੇਵਲ ਏਨਾ ਹੀ ਨਹੀਂ, ਪਿੰਡ ਵਾਲੇ ਹੋਰ ਅੱਗੇ ਵਧੇ, ਉਨ੍ਹਾਂ ਨੇ ਮਿਟੀ ਦੇ ਤੇਲ ਦੇ ਟੀਨ ਖ਼ਰੀਦੇ ਅਤੇ ਇਨ੍ਹਾਂ ਨੂੰ ਉਨ੍ਹਾਂ ਪਾਣੀਆਂ ਵਾਲੀਆਂ ਥਾਵਾਂ ਤੇ ਛਿੜਕ ਦਿੱਤਾ ਜਿਥੋਂ ਉਹ ਲੋਕ (ਦਲਿਤ) ਪੀਣ ਲਈ ਪਾਣੀ ਲੈਂਦੇ ਸਨ। ਫਿਰ ਉਨ੍ਹਾਂ (ਦਲਿਤਾਂ) ਨੇ ਮਹਿਸੂਸ ਕੀਤਾ ਕਿ ਕੁਝ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਸੋਚਿਆ ਅਤੇ ਜਿਵੇਂ ਉਨ੍ਹਾਂ ਨੂੰ ਗ਼ਲਤ ਸਲਾਹ ਮਿਲੀ ਕਿ ਉਨ੍ਹਾਂ ਨੂੰ ਦੁਬਾਰਾ ਕਾਨੂੰਨ ਦੇ ਪਹੁੰਚ ਕਰਨੀ ਚਾਹੀਦੀ ਹੈ, ਉਹ ਗਏ ਅਤੇ ਮੁੜ ਇਕ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਦੇ ਕੁਝ ਕਾਂਗਰਸੀ ਸਾਥੀਆਂ ਨੇ ਦਖ਼ਲ-ਅੰਦਾਜ਼ੀ ਕੀਤੀ। ਉਨ੍ਹਾਂ ਨੇ ਕੀ ਕੀਤਾ? ਕੀ ਉਨ੍ਹਾਂ ਨੇ ਇਨ੍ਹਾਂ ਗ਼ਰੀਬ ਅਛੂਤਾਂ ਦੀ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ ਮਦਦ ਕੀਤੀ? ਨਹੀਂ! ਉਨ੍ਹਾਂ ਨੇ ਸਗੋਂ ਉਨ੍ਹਾਂ ਨੂੰ ਸ਼ਿਕਾਇਤ ਵਾਪਸ ਲੈਣ ਲਈ ਰਾਜ਼ੀ ਕੀਤਾ ਅਤੇ ਝੁੱਕ ਜਾਣ ਲਈ ਕਿਹਾ। ਸਾਰੀ ਕਾਰਵਾਈ ਦਾ ਦੁਖਦਾਈ ਹਿੱਸਾ ਇਹ ਹੈ। ਕਵਿਤਾ ਪਿੰਡ ਦੇ ਇਨ੍ਹਾਂ ਅਛੂਤਾਂ ਨੇ ਕੀ ਜੁਰਮ ਕੀਤਾ? ਉਨ੍ਹਾਂ ਨਾਲ ਇਸ ਢੰਗ ਨਾਲ ਪੇਸ਼ ਕਿਉਂ ਆਇਆ ਗਿਆ? ਕੋਈ ਹੋਰ ਕਾਰਨ ਨਹੀਂ ਸੀ, ਸਿਰਫ਼ ਇਹੀ ਕਿ ਕਵਿਤਾ ਦੇ ਅਛੂਤਾਂ ਨੇ ਆਪਣੇ ਚਾਰ ਬੱਚੇ ਭੇਜ ਕੇ ਉਨ੍ਹਾਂ ਨੂੰ ਸਕੂਲ ਵਿਚ ਦਾਖ਼ਲ ਕਰਨ ਲਈ ਬੇਨਤੀ ਕੀਤੀ ਸੀ ਜਿਥੇ ਉਨ੍ਹਾਂ ਨੂੰ ਸਰਕਾਰੀ ਹੁਕਮਾਂ ਅਨੁਸਾਰ ਦਾਖ਼ਲ ਕੀਤਾ ਜਾਣਾ ਚਾਹੀਦਾ ਸੀ।

ਅਗਲਾ ਕੇਸ ਜਿਸ ਵੱਲ ਮੈਂ ਆ ਰਿਹਾ ਹਾਂ, ਉਹ ਇਕ ਭੰਗੀ ਲੜਕੇ ਦਾ ਕੇਸ ਹੈ ਜਿਸ ਨੂੰ ਇਕ ਤਲਾਤੀ ਨਿਯੁਕਤ ਕੀਤੇ ਜਾਣ ਦਾ ਮੰਦਭਾਗਾ ਮੌਕਾ ਮਿਲਿਆ। ਉਸ ਦਾ ਨਾਮ

ਪਰਮਾਰ ਕਾਲੀਦਾਸ ਸ਼ਿਵਰਾਮ ਹੈ। ਤੁਹਾਡੀ ਆਗਿਆ ਨਾਲ, ਮੈਂ ਉਹ ਕੁਝ ਪੜ੍ਹਨਾ ਚਾਹਾਂਗਾ ਜੋ ਪਰਮਾਰ ਕਾਲੀਦਾਸ ਸ਼ਿਵਰਾਮ ਨੇ ਸ੍ਰੀ ਇੰਦੂਲਾਲ ਯਾਗਨੀਕ ਦੀ ਪ੍ਰਧਾਨਗੀ ਹੇਠ ਬੰਬਈ ਵਿਚ ਇਕ ਜਨਤਕ ਮੀਟਿੰਗ ਵਿਚ ਕਿਹਾ ਸੀ ਜਿਸ ਵਿਚ ਮੈਂ ਵੀ ਹਾਜ਼ਰ ਸਾਂ। ਮੈਂ ਉਹ ਕਹਾਣੀ ਸੁਣ ਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਮੈਂ ਉਸ ਨੂੰ ਸਾਰੀ ਦਾਸਤਾਨ ਲਿਖਤੀ ਰੂਪ ਵਿਚ ਦੇਣ ਲਈ ਕਿਹਾ। ਮੈਂ ਤਾਂ ਸਿਰਫ਼ ਉਹੀ ਕੁਝ ਅਨੁਵਾਦ ਕੀਤਾ ਹੈ ਜੋ ਕੁਝ ਉਸਨੇ ਮੈਨੂੰ ਲਿਖਤੀ ਰੂਪ ਵਿਚ ਦਿੱਤਾ। ਕਹਾਣੀ ਇਸ ਤਰ੍ਹਾਂ ਹੈ :

"ਮੈਂ 1933 ਵਿਚ ਵਰਨੈਕੂਲਰ ਦਾ ਅੰਤਮ ਇਮਤਿਹਾਨ ਪਾਸ ਕੀਤਾ। ਮੈਂ ਚੌਥੇ ਸਟੈਂਡਰਡ ਤੱਕ ਅੰਗਰੇਜ਼ੀ ਪੜ੍ਹੀ ਹੈ। ਮੈਂ ਬੰਬਈ ਮਿਉਂਨਿਸਪੈਲਿਟੀ ਦੀ ਸਕੂਲਜ਼ ਕਮੇਟੀ ਨੂੰ ਇਕ ਅਧਿਆਪਕ ਦੇ ਤੌਰ ਤੇ ਨੌਕਰੀ ਲਈ ਦਰਖ਼ਾਸਤ ਦਿੱਤੀ ਪਰ ਸਫਲ ਨਾ ਹੋਇਆ ਕਿਉਂਕਿ ਕੋਈ ਥਾਂ ਖਾਲੀ ਨਹੀਂ ਸੀ। ਫਿਰ ਮੈਂ ਬੈਕਵਰਡ ਕਲਾਸ ਅਫ਼ਸਰ, ਅਹਿਮਦਾਬਾਦ ਨੂੰ ਇਕ ਤਲਾਤੀ ਦੀ ਨੌਕਰੀ ਲਈ ਦਰਖ਼ਾਸਤ ਦਿੱਤੀ ਅਤੇ ਸਫਲ ਹੋਇਆ। 19 ਫ਼ਰਵਰੀ 1938 ਨੂੰ ਮੈਨੂੰ ਕਾਇਰਾ ਜ਼ਿਲ੍ਹੇ ਵਿਚ ਬੋਰਸਾਦ ਤਾਲੁਕਾ ਦੇ ਮਾਲ-ਅਫ਼ਸਰ ਦੇ ਦਫ਼ਤਰ ਵਿਚ ਇਕ ਤਲਾਤੀ ਦੀ ਨੌਕਰੀ ਮਿਲ ਗਈ।

ਮੇਰਾ ਪਰਿਵਾਰ ਮੂਲ ਤੌਰ ਤੇ ਗੁਜਰਾਤ ਤੋਂ ਸੀ, ਲੇਕਿਨ ਮੈਂ ਪਹਿਲਾਂ ਕਦੇ ਗੁਜਰਾਤ ਨਹੀਂ ਸੀ ਰਿਹਾ। ਉਥੇ ਜਾਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਇਸੇ ਤਰ੍ਹਾਂ, ਮੈਨੂੰ ਫਿਰ ਵੀ ਨਹੀਂ ਸੀ ਪਤਾ ਕਿ ਕੀ ਸਰਕਾਰੀ ਦਫ਼ਤਰਾਂ ਵਿਚ ਛੂਤ-ਛਾਤ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਮੇਰੀ ਦਰਖ਼ਾਸਤ ਵਿਚ ਮੇਰੇ ਹਰੀਜਨ ਹੋਣ ਦੇ ਤੱਥ ਦਾ ਜ਼ਿਕਰ ਵੀ ਕੀਤਾ ਗਿਆ ਸੀ ਅਤੇ ਇਸ ਕਰਕੇ ਮੈਂ ਆਸ ਕਰਦਾ ਸਾਂ ਕਿ ਦਫ਼ਤਰ ਵਿਚ ਮੇਰੇ ਸਾਥੀਆਂ ਨੂੰ ਪਹਿਲਾਂ ਹੀ ਪਤਾ ਹੋਵੇਗਾ ਕਿ ਮੈਂ ਕੌਣ ਹਾਂ। ਲੇਕਿਨ ਜਦੋਂ ਮੈਂ ਤਲਾਤੀ ਦੀ ਆਸਾਮੀ ਦਾ ਚਾਰਜ ਲੈਣ ਲਈ ਪੇਸ਼ ਹੋਇਆ ਤਾਂ ਮੈਂ ਮਾਲ ਅਫ਼ਸਰ ਦੇ ਦਫ਼ਤਰ ਵਿਚ ਕਲਰਕ ਦਾ ਵਤੀਰਾ ਦੇਖ ਦੇ ਹੈਰਾਨ ਹੋਇਆ।

ਕਾਰਕੁਨ ਨੇ ਘਿਰਣਾ ਨਾਲ ਪੁਛਿਆ, "ਤੂੰ ਕੌਣ ਹੈਂ ? ਮੈਂ ਜਵਾਬ ਦਿੱਤਾ, "ਸ੍ਰੀਮਾਨ ਜੀ, ਮੈਂ ਇਕ ਹਰੀਜਨ ਹਾਂ।" ਉਸ ਨੇ ਕਿਹਾ, "ਦੂਰ ਚਲੋ ਜਾ, ਪਰ੍ਹੇ ਹੋ ਕੇ ਖੜ੍ਹੋ। ਤੂੰ ਮੇਰੇ ਇੰਨਾ ਨੇੜੇ ਹੋ ਕੇ ਖੜ੍ਹਾ ਹੋਣ ਦੀ ਜੁਰਅਤ ਕਿਵੇਂ ਕੀਤੀ ?" ਤੂੰ ਦਫ਼ਤਰ ਵਿਚ ਹੈਂ, ਅਗਰ ਤੂੰ ਬਾਹਰ ਹੁੰਦਾ, ਮੈਂ ਤੇਰੇ ਛੇ ਠੁੱਡੇ ਮਾਰ ਦਿੱਤੇ ਹੁੰਦੇ। ਨੌਕਰੀ ਲਈ ਇਥੇ ਆਉਣ ਦੀ ਇਹ ਕੀ ਢੀਠਤਾਈ ਹੈ!" ਉਸ ਤੋਂ ਬਾਅਦ ਉਸ ਨੇ ਮੈਨੂੰ ਮੇਰੇ ਸਰਟੀਫਿਕੇਟ ਅਤੇ ਤਲਾਤੀ ਵਜੋਂ ਨਿਯੁਕਤੀ ਦੇ ਹੁਕਮ ਧਰਤੀ ਤੇ ਸੁੱਟਣ ਲਈ ਕਿਹਾ। ਫਿਰ ਉਸ ਨੇ ਉਨ੍ਹਾਂ ਨੂੰ ਉਠਾਇਆ।

ਜਦੋਂ ਮੈਂ ਬੋਰਸਾਦ ਵਿਖੇ ਮਾਲ ਅਫ਼ਸਰ ਦੇ ਦਫ਼ਤਰ ਵਿਚ ਕੰਮ ਕਰ ਰਿਹਾ ਸਾਂ, ਮੈਨੂੰ ਪੀਣ ਵਾਲਾ ਪਾਣੀ ਪ੍ਰਾਪਤ ਕਰਨ ਦੇ ਮਾਮਲੇ ਵਿਚ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਦਫ਼ਤਰ ਦੇ ਬਰਾਂਡੇ ਵਿਚ ਪੀਣ ਵਾਲੇ ਪਾਣੀ ਨਾਲ ਭਰੇ ਕੈਨ ਰੱਖੇ ਹੋਏ ਸਨ। ਇਨ੍ਹਾਂ ਕੈਨਾਂ

ਤੇ ਇਕ ਵਾਟਰਮੈਨ ਦੀ ਡਿਊਟੀ ਸੀ। ਉਸਦੀ ਡਿਊਟੀ ਸੀ ਉਥੋਂ ਪਾਣੀ ਲੈ ਕੇ ਜਦੋਂ ਲੋੜ ਪਵੇ, ਦਫ਼ਤਰ ਦੇ ਕਲਰਕਾਂ ਨੂੰ ਪਾਣੀ ਪਿਆਉਣਾ। ਵਾਟਰਮੈਨ ਦੀ ਗ਼ੈਰਹਾਜ਼ਰੀ ਵਿਚੋਂ ਉਹ ਖ਼ੁਦ ਕੈਨਾਂ ਵਿਚ ਪਾਣੀ ਲੈ ਕੇ ਪੀ ਸਕਦੇ ਹਨ। ਮੇਰੇ ਕੇਸ ਵਿਚ ਇਹ ਅਸੰਭਵ ਸੀ। ਮੈਂ ਕੈਨਾਂ ਨੂੰ ਛੂਹ ਤਕ ਨਹੀਂ ਸੀ ਸਕਦਾ ਕਿਉਂਕਿ ਮੇਰੀ ਛੂਹ ਨਾਲ ਪਾਣੀ ਗੰਧਲਾ ਹੋ ਜਾਵੇਗਾ। ਇਸ ਲਈ, ਮੈਂ ਵਾਟਰਮੈਨ ਦੇ ਰਹਿਮ ਤੇ ਨਿਰਭਰ ਕਰਦਾ ਸੀ। ਮੇਰੇ ਵਰਤਣ ਲਈ ਉਥੇ ਇਕ ਗੰਦਾ ਜਿਹਾ ਛੋਟਾ ਜਿਹਾ ਭਾਂਡਾ ਰੱਖਿਆ ਗਿਆ ਸੀ। ਮੇਰੇ ਸਿਵਾਏ ਇਸ ਨੂੰ ਕੋਈ ਨਹੀਂ ਸੀ ਛੂੰਹਦਾ ਜਾਂ ਧੋਂਦਾ। ਇਕ ਟੀਨ ਵਿਚ ਵਾਟਰਮੈਨ ਮੈਨੂੰ ਪਾਣੀ ਪਿਆਉਂਦਾ ਸੀ। ਮੈਂ ਸਿਰਫ਼ ਪਾਣੀ ਤਾਂ ਹੀ ਪੀ ਸਕਦਾ ਸਾਂ ਜੇਕਰ ਵਾਟਰਮੈਨ ਉਥੇ ਮੌਜੂਦ ਹੁੰਦਾ। ਇਹ ਵਾਟਰਮੈਨ ਵੀ ਮੈਨੂੰ ਪਾਣੀ ਪਿਲਾਉਣਾ ਪਸੰਦ ਨਹੀਂ ਸੀ ਕਰਦਾ। ਮੈਨੂੰ ਪਾਣੀ ਪੀਣ ਲਈ ਆਉਂਦਿਆਂ ਦੇਖ ਕੇ ਵਾਟਰਮੈਨ ਉਥੋਂ ਖਿਸਕਣ ਦੀ ਕਰਦਾ, ਜਿਸ ਦਾ ਨਤੀਜਾ ਇਹ ਹੁੰਦਾ ਕਿ ਮੈਨੂੰ ਸਾਰਾ ਦਿਨ ਪਿਆਸਾ ਰਹਿਣਾ ਪੈਂਦਾ ਅਤੇ ਇਸ ਤਰ੍ਹਾਂ ਮੈਨੂੰ ਕਈ ਕਈ ਦਿਨ ਪੀਣ ਲਈ ਪਾਣੀ ਨਾ ਮਿਲਦਾ।

ਮੈਨੂੰ, ਮੇਰੇ ਰਹਿਣ ਲਈ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੈਂ ਬੋਰਸਾਦ ਵਿਚ ਇਕ ਅਜਨਬੀ ਸਾਂ। ਹਿੰਦੂ ਮੈਨੂੰ ਕਿਰਾਏ ਤੇ ਮਕਾਨੇ ਨਹੀਂ ਸਨ ਦਿੰਦੇ। ਬੋਰੁਸਾਦ ਦੇ ਅਛੂਤ ਵੀ ਇਸ ਡਰੋਂ ਕਿ ਕਿਤੇ ਹਿੰਦੂ, ਜਿਹੜੇ ਇਕ ਕਲਰਕ ਦੀ ਹੈਸੀਅਤ ਵਿਚ ਰਹਿਣ ਲਈ ਮੇਰੀ ਕੋਸ਼ਿਸ਼ ਪਸੰਦ ਨਹੀਂ ਸਨ ਕਰਦੇ, ਨਾਰਾਜ਼ ਨਾ ਹੋ ਜਾਣ, ਮੈਨੂੰ ਰਹਿਣ ਲਈ ਜਗ੍ਹਾ ਦੇਣ ਲਈ ਤਿਆਰ ਨਹੀਂ ਸਨ। ਸਭ ਤੋਂ ਵੱਡੀ ਮੁਸ਼ਕਲ ਭੋਜਨ ਦੀ ਸੀ। ਇਥੇ ਅਜਿਹੀ ਕੋਈ ਜਗ੍ਹਾ ਜਾਂ ਵਿਅਕਤੀ ਨਹੀਂ ਸੀ ਜਿਥੋਂ ਮੈਂ ਆਪਣਾ ਭੋਜਨ ਪ੍ਰਾਪਤ ਕਰ ਸਕਦਾ। ਮੈਂ ਸਵੇਰੇ ਅਤੇ ਸ਼ਾਮ ਭੁਜੀਆ ਖ਼ਰੀਦ ਲੈਂਦਾ ਅਤੇ ਪਿੰਡ ਤੋਂ ਬਾਹਰ ਕਿਸੇ ਨਿਵੇਕਲੀ ਥਾਂ ਤੇ ਜਾ ਕੇ ਖਾ ਲੈਂਦਾ ਅਤੇ ਆ ਕੇ ਮਾਲ ਅਫ਼ਸਰ ਦੇ ਦਫਤਰ ਦੇ ਬਰਾਂਡੇ ਵਿਚ ਰਾਤ ਨੂੰ ਸੌਂ ਲੈਂਦਾ। ਇਸ ਤਰ੍ਹਾਂ, ਮੈਂ ਚਾਰ ਦਿਨ ਗੁਜ਼ਾਰ ਲਏ। ਇਹ ਸਾਰਾ ਕੁਝ ਮੇਰੇ ਕੋਲੋਂ ਸਹਾਰਿਆ ਨਾ ਗਿਆ। ਫਿਰ ਮੈਂ ਆਪਣੇ ਜੱਦੀ ਪਿੰਡ ਜੈਂਤ੍ਰਲ ਵਿਖੇ ਰਹਿਣ ਲਈ ਚਲਿਆ ਗਿਆ। ਇਹ ਬੋਰਸਾਦ ਤੋਂ ਛੇ ਮੀਲ ਦੂਰ ਹੈ। ਹਰ ਰੋਜ਼ ਮੈਨੂੰ ਬਾਰਾਂ ਮੀਲ ਤੁਰਨਾ ਪੈਂਦਾ। ਇਹ ਕੁਝ ਮੈਂ ਡੇਢ ਮਹੀਨਾ ਕੀਤਾ।

ਇਸ ਤੋਂ ਬਾਅਦ, ਮਾਲ ਅਫ਼ਸਰ ਨੇ ਮੈਨੂੰ ਕੰਮ ਸਿੱਖਣ ਲਈ ਇਕ ਤਲਾਤੀ ਪਾਸ ਭੇਜ ਦਿੱਤਾ। ਇਸ ਤਲਾਤੀ ਅਧੀਨ ਤਿੰਨ ਪਿੰਡ ਆਉਂਦੇ ਸਨ, ਜੈਂਤ੍ਰਲ, ਕਾਨਪੁਰ ਅਤੇ ਸੈਜਪੁਰ। ਜੈਂਤ੍ਰਲ ਉਸ ਦਾ ਸਦਰ ਮੁਕਾਮ ਸੀ। ਮੈਂ ਤਲਾਤੀ ਕੋਲ ਜੈਂਤ੍ਰਲ ਵਿਖੇ ਦੋ ਮਹੀਨੇ ਰਿਹਾ। ਪਿੰਡ ਦਾ ਮੁਖੀਆ ਖ਼ਾਸ ਤੌਰ ਤੇ ਕ੍ਰੋਧੀ ਅਤੇ ਅਪਰਾਧੀ ਕਿਸਮ ਦਾ ਵਿਅਕਤੀ ਸੀ। ਇਕ ਵਾਰ ਉਸ ਨੇ ਕਿਹਾ, " ਤੇਰਾ ਪਿਤਾ, ਤੇਰਾ ਭਰਾ ਸਫ਼ਾਈ ਸੇਵਕ ਹਨ ਜਿਹੜੇ ਪਿੰਡ ਦੇ ਦਫ਼ਤਰ ਦੀ ਸਫ਼ਾਈ ਕਰਦੇ ਹਨ ਅਤੇ ਤੂੰ ਸਾਡੇ ਬਰਾਬਰ ਦਫ਼ਤਰ ਵਿਚ ਬੈਠਣਾ ਚਾਹੁੰਦਾ ਹੈ ? ਧਿਆਨ ਕਰ, ਚੰਗਾ ਇਹ ਹੈ ਕਿ ਇਹ ਨੌਕਰੀ ਛੱਡ ਦੇ।"

ਇਕ ਦਿਨ ਤਲਾਤੀ ਨੇ ਮੈਨੂੰ ਪਿੰਡ ਦੀ ਆਬਾਦੀ ਦੀ ਸੂਚੀ ਤਿਆਰ ਕਰਨ ਲਈ ਸੈਜਪੁਰ ਬੁਲਾਇਆ। ਮੈਂ ਜੈਂਤ੍ਰਲ ਤੋਂ ਸੈਜਪੁਰ ਗਿਆ। ਮੈਂ ਦੇਖਿਆ ਕਿ ਮੁਖੀਆ ਅਤੇ ਤਲਾਤੀ ਪਿੰਡ ਦੇ ਦਫ਼ਤਰ ਵਿਚ ਬੈਠੇ ਕੁਝ ਕੰਮ ਕਰ ਰਹੇ ਸਨ। ਮੈਂ ਗਿਆ, ਦਫਤਰ ਦੇ ਦਰਵਾਜ਼ੇ ਕੋਲ ਖੜੋ ਗਿਆ ਅਤੇ ਉਨ੍ਹਾਂ ਨੂੰ ਨਮਸਤੇ ਬੁਲਾਈ, ਪਰ ਉਨ੍ਹਾਂ ਨੇ ਮੇਰੇ ਵੱਲ ਕੋਈ ਧਿਆਨ ਨਾ ਦਿੱਤਾ। ਮੈਂ ਲਗਭਗ ਪੰਦਰਾਂ ਮਿੰਟ ਬਾਹਰ ਖੜ੍ਹਾ ਰਿਹਾ। ਮੈਂ ਤਾਂ ਜ਼ਿੰਦਗੀ ਤੋਂ ਪਹਿਲਾਂ ਹੀ ਤੰਗ ਆ ਚੁੱਕਾ ਸਾਂ ਅਤੇ ਇਸ ਤਰ੍ਹਾਂ ਮੈਨੂੰ ਅਣਡਿੱਠ ਅਤੇ ਬੇਇਜ਼ਤ ਕੀਤੇ ਜਾਣ ਤੇ ਮੈਨੂੰ ਗੁੱਸਾ ਆ ਗਿਆ। ਮੈਂ ਉਥੇ ਪਈ ਇਕ ਕੁਰਸੀ ਤੇ ਬੈਠ ਗਿਆ। ਮੈਨੂੰ ਕੁਰਸੀ ਤੇ ਬੈਠਿਆਂ ਦੇਖ ਕੇ ਤਲਾਤੀ ਅਤੇ ਮੁਖੀਆ ਬਿਨਾਂ ਕੁਝ ਆਖੇ ਚੁੱਪ ਕਰਕੇ ਉਥੋਂ ਚਲੇ ਗਏ। ਥੋੜ੍ਹੀ ਦੇਰ ਪਿਛੋਂ, ਕੁਝ ਲੋਕ ਪਿੰਡ ਦੀ ਲਾਇਬ੍ਰੇਰੀ ਵਿਚ ਆਉਣੇ ਸ਼ੁਰੂ ਹੋ ਗਏ। ਮੈਂ ਇਹ ਗੱਲ ਨਹੀਂ ਸਮਝ ਸਕਿਆ ਕਿ ਇਥੇ ਪੜ੍ਹੇ ਲਿਖੇ ਵਿਅਕਤੀ ਨੇ ਲੋਕਾਂ ਦੇ ਇਸ ਹਜੂਮ ਦੀ ਅਗਵਾਈ ਕਿਉਂ ਕੀਤੀ ? ਮੈਨੂੰ ਬਾਅਦ ਵਿਚ ਪਤਾ ਲੱਗਾ ਕਿ ਉਹ ਕੁਰਸੀ ਉਸ ਵਿਅਕਤੀ ਦੀ ਸੀ। ਉਸ ਨੇ ਭੈੜੇ ਤੋਂ ਭੈੜੇ ਸ਼ਬਦਾਂ ਵਿਚ ਮੈਨੂੰ ਗਾਲ੍ਹਾਂ ਕਢਣੀਆਂ ਸ਼ੁਰੂ ਕਰ ਦਿੱਤੀਆਂ। ਪਿੰਡ ਦੇ ਨੌਕਰ ਰਾਵਨੀਆ ਨੂੰ ਸੰਬੋਧਤ ਕਰਕੇ, ਉਸਨੇ ਕਿਹਾ, "ਭੰਗੀ ਦੇ ਇਸ ਕੁੱਤੇ ਨੂੰ ਕੁਰਸੀ ਤੇ ਬੈਠਣ ਲਈ ਕਿਸ ਨੇ ਆਗਿਆ ਦਿਤੀ ?" ਰਾਵਨੀਆ ਨੇ ਮੈਨੂੰ ਕੁਰਸੀ ਤੋਂ ਉਠਾ ਦਿਤਾ ਅਤੇ ਕੁਰਸੀ ਮੈਤੋਂ ਪਰੇ ਲੈ ਗਿਆ। ਮੈਂ ਹੇਠਾਂ ਜ਼ਮੀਨ ਤੇ ਬੈਠ ਗਿਆ। ਉਸ ਤੇ ਲੋਕਾਂ ਦਾ ਹਜੂਮ ਪਿੰਡ ਦੇ ਦਫ਼ਤਰ ਵਿਚ ਆ ਗਿਆ ਅਤੇ ਉਨ੍ਹਾਂ ਨੇ ਮੈਨੂੰ ਘੇਰ ਲਿਆ। ਇਹ ਹਜੂਮ ਲੋਹਾ ਲਾਖਾ ਹੋਇਆ ਗੁੱਸੇ ਦਾ ਭਰਿਆ ਹੋਇਆ ਸੀ, ਕੁਝ ਮੈਨੂੰ ਗਾਲ੍ਹਾਂ ਕੱਢ ਰਹੇ ਸਨ, ਕੁਝ ਲੋਕ, ਟਕੂਏ ਨਾਲ ਮੇਰੇ ਟੋਟੇ ਟੋਟੇ ਕਰ ਦੇਣ ਦੀਆਂ ਧਮਕੀਆਂ ਦੇ ਰਹੇ ਸਨ ਅਤੇ ਮੈਂ ਉਨ੍ਹਾਂ ਦੇ ਤਰਲੇ ਕਰ ਰਿਹਾ ਸਾਂ ਕਿ ਮੈਨੂੰ ਮਾਫ਼ ਕਰ ਦਿਉ ਅਤੇ ਮੇਰੇ ਤੇ ਮਿਹਰ ਕਰੋ। ਪਰ ਮੇਰੀਆਂ ਮਿੰਨਤਾਂ ਤਰਲਿਆਂ ਦਾ ਉਸ ਹਜੂਮ ਤੇ ਕੋਈ ਅਸਰ ਨਾ ਹੋਇਆ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਆਪਣੇ ਆਪ ਨੂੰ ਕਿਵੇਂ ਬਚਾਵਾਂ। ਉਸੇ ਵੇਲੇ ਇਕ ਵਿਚਾਰ ਮੇਰੇ ਮਨ ਵਿਚ ਆਇਆ ਕਿ ਜੋ ਕੁਝ ਮੇਰੇ ਨਾਲ ਵਾਪਰ ਰਿਹਾ ਹੈ ਉਸ ਬਾਰੇ ਮੈਂ ਮਾਲ ਅਫ਼ਸਰ ਨੂੰ ਲਿਖਾਂ ਅਤੇ ਦੱਸਾਂ ਕਿ ਜੇਕਰ ਮੈਨੂੰ ਲੋਕਾਂ ਦੇ ਇਸ ਹਜੂਮ ਨੇ ਮਾਰ ਦਿਤਾ ਤਾਂ ਮੇਰੇ ਸਰੀਰ ਦਾ ਨਿਪਟਾਰਾ ਕਿਵੇਂ ਕੀਤਾ ਜਾਵੇ। ਸੰਜੋਗ ਨਾਲ ਮੈਨੂੰ ਇਸ ਗੱਲ ਦੀ ਆਸ ਹੀ ਸੀ ਕਿ ਜੇਕਰ ਹਜੂਮ ਨੂੰ ਇਸ ਗੱਲ ਦਾ ਪਤਾ ਲੱਗ ਜਾਵੇ ਕਿ ਮੈਂ ਅਸਲ ਵਿਚ ਮਾਲ ਅਫ਼ਸਰ ਪਾਸ ਉਨ੍ਹਾਂ ਦੇ ਖਿਲਾਫ਼ ਰਿਪੋਰਟ ਕਰ ਰਿਹਾ ਹਾਂ ਤਾਂ ਸ਼ਾਇਦ ਉਹ ਆਪਣਾ ਹੱਥ ਰੋਕ ਲੈਣ। ਮੈਂ ਰਾਵਨੀਆ ਨੂੰ ਇਕ ਕਾਗਜ਼ ਦੇਣ ਲਈ ਕਿਹਾ ਜੋ ਉਸ ਨੇ ਮੈਨੂੰ ਦੇ ਦਿੱਤਾ। ਫੇਰ ਮੈਂ ਆਪਣੇ ਪੈਨ ਨਾਲ ਉਸ ਕਾਗਜ਼ ਤੇ ਵੱਡੇ ਅੱਖਰਾਂ ਵਿਚ ਹੇਠ ਲਿਖੇ ਸ਼ਬਦ ਲਿਖੇ ਤਾਂ ਜੁ ਸਾਰੇ ਲੋਕ ਪੜ੍ਹ ਸਕਣ

ਸੇਵਾ ਵਿਚ,
ਮਾਲ ਅਫਸਰ,
ਜ਼ਿਲਾ ਬੋਰਸਾਦ।

ਸ੍ਰੀਮਾਨ ਜੀ,

ਨਿਮਾਣੇ ਪਰਮਾਰ ਕਾਲੀਦਾਸ ਸ਼ਿਵਰਾਮ ਦੀ ਨਮਸਕਾਰ ਕਬੂਲ ਕਰਨ ਦੀ ਕਿਰਾਪਲਤਾ ਕਰੋ। ਨਿਮਰਤਾ ਪੂਰਬਕ ਮੈਂ ਆਪ ਜੀ ਨੂੰ ਸੂਚਿਤ ਕਰਦਾ ਹਾਂ ਕਿ ਮੈਂ ਅੱਜ ਇਕ ਘਟੀਆ ਕਿਸਮ ਦੀ ਮੌਤ ਮਰ ਰਿਹਾ ਹਾਂ। ਜੇਕਰ ਮੈਂ ਆਪਣੇ ਮਾਤਾ ਪਿਤਾ ਦੇ ਆਖੇ ਲੱਗ ਗਿਆ ਹੁੰਦਾ ਤਾਂ ਅਜਿਹਾ ਨਹੀਂ ਸੀ ਹੋਣਾ। ਮੇਰੀ ਮੌਤ ਬਾਰੇ ਮਾਂ ਬਾਪ ਨੂੰ ਦੱਸਣ ਦੀ ਕਿਰਾਪਲਤਾ ਕਰਨੀ।"

ਹੁਣ, ਮੈਂ ਕੁਝ ਮਿਸਾਲਾਂ ਪੇਸ਼ ਕਰਦਾ ਹਾਂ ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਬਹੁ ਗਿਣਤੀ ਦਾ ਵਤੀਰਾ ਅਨੁਸੂਚਿਤ ਜਾਤੀਆਂ ਪ੍ਰਤੀ ਕਿਸ ਤਰ੍ਹਾਂ ਦਾ ਹੈ। ਇਕ ਕੇਸ ਕੇਕਟਨਿੰਭੋਰ ਪਿੰਡ, ਤਾਲੁਕਾ (ਜ਼ਿਲ੍ਹਾ) ਜਾਮਨੇਰ ਦਾ ਹੈ। ਉਹ ਹੇਠ ਲਿਖੇ ਅਨੁਸਾਰ ਹੈ: --

"ਇਸ ਪਿੰਡ ਦੇ ਦਲਿਤ ਵਰਗ ਦੇ ਲੋਕਾਂ ਨੇ ਕੋਈ ਵੀ ਹਿੰਦੂ ਤਿਉਹਾਰ ਮਨਾਉਣਾ ਬੰਦ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਜੀਵਨ ਦਾ ਇਕ ਸਾਫ਼ ਸੁਥਰਾ ਢੰਗ ਅਪਣਾ ਲਿਆ ਹੈ। ਛੁੱਟੀ ਵਾਲੇ ਇਕ ਦਿਨ ਉੱਚੀ ਜਾਤੀ ਦੇ ਹਿੰਦੂਆਂ ਨੇ ਉਨ੍ਹਾਂ ਨੂੰ ਹੋਲੀ ਮਨਾਉਣ ਵਾਸਤੇ ਖੇਤਾਂ ਵਿਚੋਂ ਗੋਹਾ ਲਿਆਉਣ ਲਈ ਕਿਹਾ। ਦਲਿਤ ਵਰਗ ਦੇ ਲੋਕਾਂ ਨੇ ਗੋਹਾ ਲਿਆ ਦਿਤਾ। ਪਰ, ਕਿਉਂਕਿ ਉਹ (ਦਲਿਤ ਵਰਗ ਦੇ ਲੋਕ) ਹੋਲੀ ਨਹੀਂ ਸੀ ਮਨਾਉਂਦੇ, ਉਨ੍ਹਾਂ ਨੇ ਉੱਚੀ ਜਾਤੀ ਦੇ ਹਿੰਦੂਆਂ ਵਾਸਤੇ ਅੱਗ ਦਾ ਉਪਬੰਧ ਨਹੀਂ ਕੀਤਾ। ਇਸ ਤੇ ਹਿੰਦੂ ਦੌੜ ਕੇ ਉਨ੍ਹਾਂ ਦੀ ਬਸਤੀ ਵਿਚ ਆ ਗਏ, ਉਨ੍ਹਾਂ ਦੇ ਘਰਾਂ ਵਿਚ ਹੀ ਉਨ੍ਹਾਂ ਨੂੰ ਕੁੱਟਿਆ ਮਾਰਿਆ ਅਤੇ ਉਨ੍ਹਾਂ ਦਾ ਬੜਾ ਸਖ਼ਤ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ ਅਤੇ ਉਨ੍ਹਾਂ ਦਾ ਜੀਵਨ ਦੁਖਦਾਈ ਅਤੇ ਤਰਸਯੋਗ ਬਣਾ ਦਿਤਾ।"

ਦੂਜਾ ਕੇਸ ਜਾਮਨੇਰ ਤਾਲੁਕਾ (ਜ਼ਿਲ੍ਹੇ) ਦੇ ਪਿੰਡ ਬਦਾਲੀ ਦਾ ਹੈ। ਉਸ ਪਿੰਡ ਵਿਚ ਦਲਿਤ ਵਰਗ ਦੇ ਲੋਕਾਂ ਦੀ ਬਰਾਤ ਨੂੰ ਪਿੰਡ ਦੇ ਆਮ ਦਰਵਾਜ਼ੇ ਵਿਚੋਂ ਦੀ ਲੰਘਣ ਨਹੀਂ ਸੀ ਦਿਤਾ ਗਿਆ। ਬਰਾਤ ਖਿੰਡ ਪੁੰਡ ਗਈ ਅਤੇ ਹਿੰਦੂਆਂ ਨੇ ਵਿਆਹ ਦੀ ਰਸਮ ਉਸੇ ਦਿਨ ਨਹੀਂ ਹੋਣ ਦਿਤੀ। ਦਲਿਤ ਵਰਗ ਦੇ ਲੋਕਾਂ ਦਾ ਸਮਾਜਕ ਬਾਈਕਾਟ ਕਰ ਦਿਤਾ ਗਿਆ।

ਅਮਲਨੇਰ ਤਾਲੁਕਾ (ਜ਼ਿਲ੍ਹੇ) ਦੇ ਪਿੰਡ ਮਾਂਦੇੜ ਦਾ ਇਕ ਹੋਰ ਕੇਸ ਹੈ। ਮਾਂਦੇੜ ਵਿਚ ਦਲਿਤ ਵਰਗ ਦੇ ਲੋਕਾਂ ਨੇ ਇਕ ਕਾਨਫ਼ਰੰਸ ਕੀਤੀ ਅਤੇ ਬੁਰੀਆਂ ਆਦਤਾਂ ਨੂੰ ਤਿਆਗ ਕੇ ਸਾਫ਼ ਸੁਥਰਾ ਜੀਵਨ ਬਿਤਾਉਣ ਦੇ ਸਮਰਥਨ ਵਿਚ ਇਕ ਮਤਾ ਪਾਸ ਕੀਤਾ। ਕੁਝ ਹਿੰਦੂਆਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਨ੍ਹਾਂ ਨੇ ਇਕ ਛੋਟੇ ਜਿਹੇ ਸੂਰ ਨੂੰ ਮਾਰ ਕੇ ਦਲਿਤ ਵਰਗ ਦੇ ਲੋਕਾਂ ਦੇ ਪੀਣ ਵਾਲੇ ਪਾਣੀ ਵਿਚ ਸੁਟ ਦਿੱਤਾ। ਇਹ ਤਰੀਕਾ ਦੋ ਵਾਰੀ ਦੁਹਰਾਇਆ ਗਿਆ। ਦਲਿਤ ਵਰਗ ਦੇ ਲੋਕਾਂ ਦਾ ਸਮਾਜਕ ਤੌਰ ਤੇ ਬਾਈਕਾਟ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਹੈ। ਦਲਿਤ ਵਰਗ ਦੇ ਬਹੁਤ ਸਾਰੇ ਲੋਕ ਇਸ ਪਰੇਸ਼ਾਨੀ ਕਰਕੇ ਆਪਣੀਆਂ ਥਾਵਾਂ ਛੱਡ ਗਏ ਹਨ।

ਸ੍ਰੀਮਾਨ ਜੀ, ਮੈਂ ਅੰਤ ਤੱਕ ਇਨ੍ਹਾਂ ਕੇਸਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਜਿਥੋਂ ਤਕ ਅਛੂਤਾਂ ਦਾ ਸਵਾਲ ਹੈ, ਇਹ ਹਿੰਦੂ ਬਹੁ-ਗਿਣਤੀ ਕੇਂਨੀ ਤੰਗਦਿਲ ਹੈ। ਮੈਂ ਕਹਿ ਸਕਦਾ ਹਾਂ ਕਿ ਜਿੰਨੀ ਸਮੱਗਰੀ ਮੇਰੇ ਪਾਸ ਹੈ ਉਸ ਦਾ ਵਰਣਨ ਕਰਨ ਲਈ ਮੈਨੂੰ ਇਕ ਦਿਨ ਨਹੀਂ ਬਲਕਿ ਇਕ ਮਹੀਨਾ ਲੱਗ ਸਕਦਾ ਹੈ।

ਹੁਣ ਅਗਲਾ ਪ੍ਰਸ਼ਨ ਜੋ ਮੈਂ ਪੁੱਛਦਾ ਹਾਂ, ਇਹ ਹੈ: ਇਸ ਪਰੇਸ਼ਾਨੀ ਤੋਂ ਬਚਣ ਲਈ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕੀ ਸੁਰੱਖਿਆ ਮਿਲਦੀ ਹੈ ? ਇਸ ਨੁਕਤੇ ਤੇ ਸਦਨ ਵਿਚ ਬੇਨਤੀ ਕਰਨ ਤੋਂ ਪਹਿਲਾਂ ਮੈਂ ਇਸ ਦੇਸ਼ ਦੇ ਪ੍ਰਸ਼ਾਸਨ ਦੀ ਬਣਤਰ ਵੱਲ ਸਦਨ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੇਰੇ ਪਾਸ ਕੇਵਲ ਬੰਬਈ ਪ੍ਰੈਜ਼ੀਡੈਂਸੀ ਦੇ ਹੀ ਅੰਕੜੇ ਹਨ, ਪਰ ਮੇਰੇ ਖ਼ਿਆਲ ਅਨੁਸਾਰ ਇਹ ਅੰਕੜੇ ਅਨੋਖੇ ਹਨ; ਇਹ ਅੰਕੜੇ ਨਾ ਕੇਵਲ ਇਸ ਸੂਬੇ ਲਈ ਹੀ ਸਹੀ ਹੋਣਗੇ ਬਲਕਿ ਇਹ ਭਾਰਤ ਦੇ ਕਿਸੇ ਵੀ ਹਿੱਸੇ ਬਾਰੇ ਸਹੀ ਹੋਣਗੇ। ਇਸ ਪ੍ਰੈਜ਼ੀਡੈਂਸੀ ਦਾ ਰਾਜ ਪ੍ਰਬੰਧ ਕਿਵੇਂ ਚਲਾਇਆ ਜਾਂਦਾ ਹੈ ? ਇਹ ਕਿਸ ਤਰ੍ਹਾਂ ਚਲਾਇਆ ਜਾਂਦਾ ਹੈ ? ਮੈਂ ਸਰਕਾਰ ਦੁਆਰਾ ਆਪ ਦਿਤੇ ਗਏ ਅੰਕੜੇ ਲੈਂਦਾ ਹਾਂ; ਇਹ ਅੰਕੜੇ ਮੇਰੇ ਆਪਣੇ ਨਹੀਂ ਹਨ। ਸਭ ਤੋਂ ਪਹਿਲਾਂ, ਮੈਂ ਅਨੁਸੂਚਿਤ ਜਾਤੀਆਂ ਅਤੇ ਮਾਲ ਵਿਭਾਗ ਨੂੰ ਲੈਂਦਾ ਹਾਂ। ਜਿਥੋਂ ਤੱਕ ਜ਼ਿਲ੍ਹਾ ਡਿਪਟੀ ਕਲੈਕਟਰਾਂ ਦਾ ਸਬੰਧ ਹੈ, ਉਹ 33 ਹਨ ਅਤੇ ਕੇਵਲ ਇਕੋ ਵਿਅਕਤੀ ਅਨੁਸੂਚਿਤ ਜਾਤੀਆਂ ਦਾ ਹੈ। ਇਸ ਸੂਬੇ ਵਿਚ ਸੌ ਮਾਲ ਅਫ਼ਸਰ ਹਨ। ਇਨ੍ਹਾਂ ਵਿਚੋਂ ਕੇਵਲ ਇਕ ਅਨੁਸੂਚਿਤ ਜਾਤੀਆਂ ਵਿਚੋਂ ਹੈ 34 ਮਾਹਲਕਾਰੀ ਹਨ, ਪਰ ਉਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦਾ ਕੋਈ ਵੀ ਨਹੀਂ ਹੈ। 246 ਹੈਡ ਕਾਰਕੁਨ ਹਨ, ਪਰ ਅਨੁਸੂਚਿਤ ਜਾਤੀਆਂ ਵਿਚੋਂ ਕੋਈ ਵੀ ਨਹੀਂ ਹੈ ਅਤੇ ਮਾਲ ਵਿਭਾਗ ਵਿਚ ਕਲਰਕਾਂ ਦੀ ਸੰਖਿਆ ਵਾਲੇ ਪਾਸੇ ਆਉਂਦੇ ਹੋਏ, ਮੈਂ ਦੱਸਦਾ ਹਾਂ ਕਿ ਉਹ ਕੁੱਲ 2,444 ਹਨ ਅਤੇ ਉਨ੍ਹਾਂ ਵਿਚੋਂ ਅਨਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਕੇਵਲ 30 ਹਨ।

ਹੁਣ ਲੋਕ ਨਿਰਮਾਣ ਵਿਭਾਗ ਲੈਂਦੇ ਹਾਂ। ਲੋਕ ਨਿਰਮਾਣ ਵਿਭਾਗ ਵਿਚ 829 ਕਰਲਰਕਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਕੇਵਲ 7 ਲੋਕ ਹਨ।

ਆਬਕਾਰੀ ਵਿਭਾਗ ਵਿਚ 189 ਕਲਰਕ ਹਨ, ਜਿਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਦੇ ਸਿਰਫ਼ 3 ਹਨ।

ਹੁਣ ਮੈਂ ਪੁਲਿਸ ਵਿਭਾਗ ਵਾਲੇ ਪਾਸੇ ਆਉਂਦਾ ਹਾਂ। ਦਿਤੇ ਗਏ ਅੰਕੜਿਆਂ ਅਨੁਸਾਰ ਸਬ ਇਨਸਪੈਕਟਰਾਂ ਦੀ ਕੁੱਲ ਗਿਣਤੀ 538 ਹੈ। ਇਸ 538 ਦੀ ਗਿਣਤੀ ਵਿਚੋਂ, ਅਛੂਤ ਕੇਵਲ ਦੋ ਹੀ ਹਨ।

ਇਸ ਲਈ ਸਪੱਸ਼ਟ ਹੈ ਕਿ ਪ੍ਰਸ਼ਾਸਨ ਵਿਚ ਸਾਰੇ ਹੀ ਹਿੰਦੂ ਹਨ। ਇਸ ਨੁਕਤੇ ਬਾਰੇ ਕੋਈ ਪ੍ਰਸ਼ਨ ਨਹੀਂ ਉਠਾਇਆ ਜਾ ਸਕਦਾ।

ਮੈਂ ਸਦਨ ਦਾ ਧਿਆਨ ਇਸ ਪਾਸੇ ਵੀ ਦਿਵਾਉਂਦਾ ਹਾਂ ਕਿ ਇਸ ਸੂਬੇ ਵਿਚ ਦੂਜੀਆਂ ਘੱਟ ਗਿਣਤੀਆਂ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੀ ਸਥਿਤੀ ਕੀ ਹੈ ? ਮਾਲ ਵਿਭਾਗ

ਵਿਚ, ਜਿਥੋਂ ਤੱਕ ਜ਼ਿਲ੍ਹਾ ਡਿਪਟੀ ਕਲੈਕਟਰਾਂ ਦਾ ਸਬੰਧ ਹੈ, 33 ਵਿਚੋਂ 8 ਮੁਸਲਮਾਨ ਹਨ, ਤਿੰਨ ਈਸਾਈ ਹਨ ਅਤੇ ਕੇਵਲ ਇਕ ਅਨੁਸੂਚਿਤ ਜਾਤੀਆਂ ਵਿਚੋਂ ਹੈ। 100 ਮਾਲ ਅਫ਼ਸਰਾਂ ਵਿਚੋਂ, 30 ਮੁਸਲਮਾਨ ਹਨ, 3 ਈਸਾਈ ਹਨ ਅਤੇ ਕੇਵਲ ਇਕ ਅਨੁਸੂਚਿਤ ਜਾਤੀਆਂ ਵਿਚੋਂ ਹੈ। 34 ਮਾਹਲਕਾਰੀਆਂ ਵਿਚੋਂ, 4 ਮੁਸਲਮਾਨ ਹਨ, 3 ਈਸਾਈ ਹਨ ਪਰ ਅਨੁਸੂਚਿਤ ਜਾਤੀਆਂ ਵਿਚੋਂ ਕੋਈ ਵੀ ਆਦਮੀ ਨਹੀਂ ਹੈ। 246 ਹੈਡ ਕਾਰਕੁਨਾਂ ਵਿਚੋਂ 17 ਮੁਸਲਮਾਨ ਹਨ, 7 ਈਸਾਈ ਹਨ ਪਰ ਅਨੁਸੂਚਿਤ ਜਾਤੀਆਂ ਵਿਚੋਂ ਕੋਈ ਵੀ ਨਹੀਂ ਹੈ। ਕੁੱਲ 2444 ਕਲਰਕਾਂ ਵਿਚੋਂ, 283 ਮੁਸਲਮਾਨ ਹਨ, 61 ਈਸਾਈ ਹਨ, 58 ਲੋਕ ਪਛੜੀਆਂ ਸ਼੍ਰੇਣੀਆਂ ਵਿਚੋਂ ਹਨ ਅਤੇ 30 ਅਨੁਸੂਚਿਤ ਜਾਤੀਆਂ ਦੇ ਹਨ। ਪੁਲਿਸ ਵਿਭਾਗ ਵਿਚ 538 ਸਬ ਇਨਸਪੈਕਟਰਾਂ ਵਿਚੋਂ 106 ਮੁਸਲਮਾਨ ਹਨ, 17 ਈਸਾਈ ਹਨ, 6 ਪੱਛੜੀਆਂ ਸ਼੍ਰੇਣੀਆਂ ਦੇ ਲੋਕ ਹਨ ਅਤੇ ਕੇਵਲ 2 ਅਛੂਤ ਹਨ। ਲੋਕ ਨਿਰਮਾਣ ਵਿਭਾਗ ਵਿਚ 829 ਕਲਰਕਾਂ ਵਿਚੋਂ, 41 ਮੁਸਲਮਾਨ ਹਨ, 28 ਈਸਾਈ ਹਨ, 7 ਪੱਛੜੀਆਂ ਸ਼੍ਰੇਣੀਆਂ ਵਿਚੋਂ ਹਨ ਅਤੇ 7 ਅਛੂਤ ਹਨ। ਆਬਕਾਰੀ ਵਿਭਾਗ ਵਿਚ 189 ਵਿਚੋਂ , 13 ਮੁਸਲਮਾਨ ਹਨ, 19 ਈਸਾਈ ਅਤੇ 3 ਅਛੂਤ ਹਨ।

ਇਸ ਲਈ ਸ੍ਰੀਮਾਨ ਜੀ, ਜਿਸ ਸਥਿਤੀ ਨਾਲ ਸਾਨੂੰ ਸ਼ੁਰੂ ਕਰਨਾ ਚਾਹੀਦਾ ਹੈ ਉਹ ਇਹ ਹੈ ਕਿ ਜਿਥੋਂ ਤੱਕ ਆਬਾਦੀ ਦਾ ਸਬੰਧ ਹੈ, ਹਿੰਦੂ ਕੇਵਲ ਬਹੁ-ਗਿਣਤੀ ਵਿਚ ਹੀ ਨਹੀਂ ਹਨ, ਬਲਕਿ ਜਿਥੋਂ ਤੱਕ ਰਾਜ ਪ੍ਰਬੰਧ ਦਾ ਸਬੰਧ ਹੈ ਉਥੇ ਵੀ ਉਹ ਬਹੁ-ਗਿਣਤੀ ਵਿਚ ਹਨ ਅਤੇ ਜੋ ਪ੍ਰਸ਼ਨ ਮੈਂ ਮਾਨਯੋਗ ਪ੍ਰਧਾਨ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਉਹ ਇਹ ਹੈ। ਮੈਂ ਸਮਝਦਾ ਹਾਂ ਕਿ ਮੈਂ ਉਹਨਾਂ ਨੂੰ ਪੂਰਾ ਯਕੀਨ ਦਿਵਾ ਦਿਤਾ ਹੈ ਕਿ ਹਿੰਦੂ ਬਹੁਗਿਣਤੀ ਨੂੰ ਵਿਰੋਧੀ ਬਹੁਗਿਣਤੀ ਵਿਚ ਗਿਣਿਆ ਜਾਣਾ ਚਾਹੀਦਾ ਹੈ। ਉਹ ਆਪਣਾ ਸਿਰ ਹਿਲਾ ਰਹੇ ਹਨ। ਉਹ ਇਸ ਬਾਰੇ ਆਪਣੇ ਹੀ ਨਤੀਜੇ ਤੇ ਅਪੜ ਸਕਦੇ ਹਨ, ਮੈਂ ਉਹਨਾਂ ਨਾਲ ਕੋਈ ਝਗੜਾ ਨਹੀਂ ਕਰਾਂਗਾ, ਅਸਲ ਸਥਿਤੀ ਇਹੀ ਹੈ। ਇਸ ਪਰੇਸ਼ਾਨੀ ਦੇ ਖ਼ਿਲਾਫ਼ ਅਛੂਤਾਂ ਨੂੰ ਕੀ ਸੁਰੱਖਿਆ ਮਿਲਦੀ ਹੈ ? ਮੈਂ ਕੁਝ ਹੋਰ ਮਾਮਲੇ ਲੈ ਕੇ ਇਹ ਦਿਖਾਉਣਾ ਚਾਹੁੰਦਾ ਹਾਂ ਕਿ ਸਾਰਾ ਪ੍ਰਸ਼ਾਸਨ ਹੀ ਇਸ ਤਰ੍ਹਾਂ ਦਾ ਹੈ ਕਿ ਇਹ ਉੱਚੀ ਜਾਤ ਦੇ ਹਿੰਦੂਆਂ ਨਾਲ ਭਰਿਆ ਪਿਆ ਹੈ, ਜੋ ਨਿਸ਼ਚੇ ਹੀ ਅਛੂਤਾਂ ਦੇ ਵਿਰੁਧ ਹੈ । ਜਦੋਂ ਕਿਸੇ ਲੜਾਈ ਝਗੜੇ ਵਿਚ ਇਕ ਪਾਸੇ ਉੱਚੀ ਜਾਤੀ ਦੇ ਹਿੰਦੂ ਅਤੇ ਦੂਜੇ ਪਾਸੇ ਅਛੂਤ ਹੁੰਦੇ ਹਨ ਤਾਂ ਨਾ ਤਾਂ ਉਹ ਚਾਹੁੰਦੇ ਹੀ ਹਨ ਅਤੇ ਨਾ ਹੀ ਉਹਨਾਂ ਦੀ ਇੱਛਾ ਹੁੰਦੀ ਹੈ ਅਤੇ ਉਹ ਇਨਸਾਫ਼ ਕਰਨ ਵੱਲ ਧਿਆਨ ਹੀ ਨਹੀ ਦਿੰਦੇ।

ਹੁਣ ਜਿਹੜੇ ਪਹਿਲੇ ਮਾਮਲੇ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਉਹ ਇਸ ਤਰ੍ਹਾਂ ਹੈ। ਮੈਂ ਸੰਖਿਆ ਦੇ ਰਿਹਾ ਹਾਂ ਤਾਂ ਕਿ ਮੇਰੇ ਮਾਨਯੋਗ ਦੋਸਤ ਇਸ ਬਾਰੇ ਜਾਂਚ ਕਰਵਾ ਸਕਣ। ਇਹ ਦਰਜਾ ਅਵੱਲ ਮੈਜਿਸਟਰੇਟ, ਸਗਮਨੇਰ ਦੀ ਫ਼ਾਈਲ ਵਿਚ 1938 ਦੇ ਫ਼ੌਜਦਾਰੀ ਮੁਕੱਦਮਾ ਨੰਬਰ 191 ਬਾਰੇ ਦਿੱਤਾ ਗਿਆ ਫ਼ੈਸਲਾ ਹੈ। ਇਸ ਮੁਕੱਦਮੇ ਵਿਚ ਭਾਰਤੀ ਦੰਡ ਸੰਘਤਾ ਦੀ ਧਾਰਾ 147 ਅਰਥਾਤ ਦੰਗਾ ਕਰਨਾ ਧਾਰਾ 323, 341, 452, 454 ਅਤੇ

149 ਦੇ ਅਧੀਨ ਆਉਣ ਵਾਲੇ ਅਪਰਾਧ ਦਾ ਦੋਸ਼ ਲਗਾਇਆ ਗਿਆ ਸੀ। ਸਚਾਈ ਸੰਖੇਪ ਵਿਚ ਇਸ ਪ੍ਰਕਾਰ ਸੀ। ਇਹ ਸ਼ਿਕਾਇਤ ਬੜਗਾਂਗ ਲੰਗੜਾ ਪਿੰਡ ਵਿਚ ਰਹਿਣ ਵਾਲੇ ਇਕ ਅਛੂਤ ਵਿਅਕਤੀ ਦੀ ਸੀ। ਉਸ ਦਾ ਮਾਮਲਾ ਇਹ ਸੀ ਕਿ ਕਿਸੇ ਦਿਨ ਪਿੰਡ ਦੇ 200 ਲੋਕਾਂ ਨੇ ਸੋਟੀਆਂ, ਲਾਠੀਆਂ ਤੇ ਦੂਜੇ ਹਥਿਆਰਾਂ ਨਾਲ ਲੈਸ ਹੋ ਕੇ ਮਹਾਰਾਂ ਦੇ ਘਰਾਂ ਤੇ ਹਮਲਾ ਕਰ ਦਿੱਤਾ ਅਤੇ ਉਹਨਾਂ ਨੇ ਨਾ ਕੇਵਲ ਆਦਮੀਆਂ ਨੂੰ ਹੀ ਜ਼ਖ਼ਮੀ ਕੀਤਾ ਬਲਕਿ ਇਸਤਰੀਆਂ ਨੂੰ ਵੀ ਜ਼ਖ਼ਮੀ ਕਰ ਦਿੱਤਾ। ਜ਼ਖ਼ਮ ਬੜੇ ਡੂੰਘੇ ਸਨ। ਉਹ ਕਈ ਦਿਨ ਹਸਪਤਾਲ ਵਿਚ ਰਹੇ। ਖੁਸ਼ਕਿਸਮਤੀ ਨਾਲ ਉਹਨਾਂ ਵਾਸਤੇ ਪੁਲਿਸ ਨੇ ਇਸ ਮੁਕੱਦਮੇ ਨੂੰ ਗੰਭੀਰ ਕਿਸਮ ਦੇ ਮੁਕੱਦਮੇ ਦੇ ਰੂਪ ਵਿਚ ਲਿਆ, ਕਿਉਂਕਿ ਜ਼ਖ਼ਮ ਬੜੇ ਡੂੰਘੇ ਸਨ। ਉਹਨਾਂ ਨੇ ਇਸ ਤਰ੍ਹਾਂ ਕਰਨਾ ਹੀ ਸੀ। ਇਨ੍ਹਾਂ ਲੋਕਾਂ ਉੱਤੇ ਸੰਗਮਨੇਰ ਦੇ ਦਰਜਾ ਅੱਵਲ ਮੈਜਿਸਟਰੇਟ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਪੁਲਿਸ ਦੁਆਰਾ ਸਬੂਤ ਪੇਸ਼ ਕੀਤੇ ਗਏ। ਇਸ ਗੱਲ ਦੇ ਚੋਖੇ ਡਾਕਟਰੀ ਸਬੂਤ ਸਨ ਕਿ ਉਨਾਂ ਨੂੰ ਜ਼ਖ਼ਮੀ ਕੀਤਾ ਗਿਆ ਸੀ। ਫਿਰ ਵੀ ਕੀ ਹੋਇਆ ? ਜੇਕਰ ਮੈਂ ਕਹਾਂ ਇਨ੍ਹਾਂ ਸਤ ਅਪਰਾਧੀਆਂ ਨੇ ਆਪਣੇ ਅਪਰਾਧ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦੇ ਹੋਏ ਮੈਨੂੰ ਕਹਾਇਆ ਕਿ ਸਮਝੌਤੇ ਵਜੋਂ ਉਹ ਜ਼ਖ਼ਮੀ ਹੋਏ ਮਹਾਰ ਆਦਮੀਆਂ ਅਤੇ ਔਰਤਾਂ ਨੂੰ ਤਿੰਨ ਸੌ ਰੁਪਏ ਦੇਣ ਨੂੰ ਤਿਆਰ ਹਨ। ਆਪਣੇ ਤੁੱਛ ਵਿਚਾਰ ਮੈਂ ਮਹਾਰ ਲੋਕਾਂ ਨੂੰ ਸਮਝੌਤਾ ਨਾ ਕਰਨ ਦੀ ਬਲਕਿ ਕਾਨੂੰਨ ਨੂੰ ਆਪਣਾ ਕੰਮ ਕਰਨ ਦੇਣ ਦੀ ਸਲਾਹ ਦਿੱਤੀ। ਪਰ ਕਾਨੂੰਨ ਨੇ ਕੀ ਕੀਤਾ ? ਮੈਜਿਸਟਰੇਟ ਨੇ ਕੀ ਕੀਤਾ ? ਸਾਰਿਆਂ ਨੂੰ ਹੈਰਾਨੀ ਹੁੰਦੀ ਹੈ ਕਿ ਮੈਜਿਸਟਰੇਟ ਨੇ ਸਾਰੇ ਅਪਰਾਧੀਆਂ ਨੂੰ ਛੱਡ ਦਿੱਤਾ।

ਡਾ. ਕੇ. ਬੀ. ਅੰਤ੍ਰੋਲੀਕਰ : ਸ੍ਰੀਮਾਨ ਜੀ, ਕੀ ਇਹ ਗੱਲ ਮਾਨਯੋਗ ਦੋਸਤ ਲਈ ਉਚਿਤ ਹੈ ਕਿ ਉਹ ਮਜਿਸਟਰੇਟ ਦੇ ਫ਼ੈਸਲੇ ਤੇ ਕੋਈ ਟਿਪਣੀ ਕਰਨ ?

ਡਾ. ਭੀਮ ਰਾਓ ਅੰਬੇਡਕਰ : ਨਿਸ਼ਚੇ ਹੀ। ਮੈਂ ਤੱਥ ਬਿਆਨ ਕਰ ਰਿਹਾ ਹਾਂ।

ਮਾਨਯੋਗ ਸਪੀਕਰ : ਮੈਂ ਇਸ ਮੁੱਦੇ ਬਾਰੇ ਸੋਚ ਹੀ ਰਿਹਾ ਸਾਂ ਪਰ ਮੈਂ ਉਨ੍ਹਾਂ ਤੱਥਾਂ ਨੂੰ ਸੁਨਣਾ ਚਾਹੁੰਦਾ ਸਾਂ ਜੋ ਮਾਨਯੋਗ ਮੈਂਬਰ ਦੱਸ ਰਹੇ ਸਨ। ਮੈਂ ਨਹੀਂ ਸਮਝਦਾ ਕਿ ਉਨ੍ਹਾਂ ਲਈ ਇਹ ਗੱਲ ਉਚਿਤ ਹੈ ਕਿ ਉਹ ਮੈਜਿਸਟਰੇਟ ਦੇ ਫ਼ੈਸਲੇ ਦੀ ਆਲੋਚਨਾ ਕਰਨ।

ਡਾ. ਭੀਮ ਰਾਓ ਅੰਬੇਡਕਰ : ਮੈਂ ਆਲੋਚਨਾ ਨਹੀਂ ਕਰ ਰਿਹਾ। ਮੈਂ ਤਾਂ ਕੇਵਲ ਸੱਚਾਈ ਬਿਆਨ ਕਰ ਰਿਹਾ ਹਾਂ। ਮੈਂ ਇਸ ਉਦਾਹਰਨ ਨਾਲ ਦੱਸ ਰਿਹਾ ਹਾਂ ਕਿ ਸਾਡੇ ਲੋਕਾਂ ਨੂੰ ਕਿੰਨੀ ਸੁਰੱਖਿਆ ਮਿਲਦੀ ਹੈ ? ਜੋ ਸੁੱਰਖਿਆ ਅਛੂਤਾਂ ਨੂੰ ਮਿਲਦੀ ਹੈ ਉਸ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਮੈਂ ਇਹੀ ਬੇਨਤੀ ਸਦਨ ਨੂੰ ਕਰ ਰਿਹਾ ਹਾਂ। ਮੈਂ ਫ਼ੈਸਲੇ ਨੂੰ ਕਿਸੇ ਵੀ ਤਰ੍ਹਾਂ ਚੁਣੌਤੀ ਨਹੀਂ ਦੇ ਰਿਹਾ। ਮੈਂ ਜੋ ਕਹਿ ਰਿਹਾ ਹਾਂ ਉਹ ਇਹ ਹੈ ਕਿ ਉਹ ਲੋਕ ਜਿਹੜੇ ਦਿਲੋਂ ਮਹਿਸੂਸ ਕਰਦੇ ਸਨ ਕਿ ਉਹ ਅਪਰਾਧੀ ਹਨ ਅਤੇ ਮੁਆਵਜ਼ੇ ਵਜੋਂ 300 ਰੁਪਏ ਦੇ ਕੇ ਸਮਝੌਤਾ ਕਰਨ ਲਈ ਤਿਆਰ ਸਨ, ਉਨ੍ਹਾਂ ਨੂੰ ਆਖ਼ਰਕਾਰ ਮੈਜਿਸਟਰੇਟ ਦੁਆਰਾ ਬਰੀ ਕਰ ਦਿੱਤਾ ਗਿਆ। ਜਿਸ ਨੁਕਤੇ ਤੇ ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਉਹ ਇਹ ਹੈ:

ਇਹ ਹਮਲਾ ਕਿਉਂ ਕੀਤਾ ਗਿਆ ? ਇਸ ਦਾ ਸਿਧਾ ਜਿਹਾ ਕਾਰਨ ਸੀ ਕਿ ਅਛੂਤ ਲੋਕਾਂ ਨੇ ਮੈਜਿਸਟਰੇਟ ਨੂੰ ਇਕ ਅਰਜ਼ੀ ਦੇਣ ਦੀ ਜੁਅਰਤ ਕੀਤੀ ਸੀ ਕਿ ਜੰਗਲਾਤ ਦੀ ਥੋੜ੍ਹੀ ਜਿਹੀ ਜ਼ਮੀਨ ਉਨ੍ਹਾਂ ਨੂੰ ਦਿੱਤੀ ਜਾਵੇ। ਇਨ੍ਹਾਂ ਲੋਕਾਂ ਦਾ ਅਪਰਾਧ ਕੇਵਲ ਇਹੀ ਸੀ।

ਦੂਜਾ ਮਾਮਲਾ ਜਿਸ ਬਾਰੇ.....

ਮਾਨਯੋਗ ਸਪੀਕਰ : ਮਾਨਯੋਗ ਮੈਂਬਰ ਦੀ ਅਭਿਵਿਅਕਤੀ ਦੀ ਵਰਤੋਂ ਕਰਦੇ ਹੋਏ ਮੈਂ ਮਾਨਯੋਗ ਮੈਂਬਰ ਵਿਚ "ਬਰਬਰੀ" ਨਹੀਂ ਪੈਦਾ ਕਰਨਾ ਚਾਹੁੰਦਾ। ਮੈਂ ਕੇਵਲ ਉਨ੍ਹਾਂ ਨੂੰ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਕੁਝ ਹੋਰ ਸਮਾਂ ਲੈਣਗੇ। ਪਰ ਜਿਨ੍ਹਾਂ ਮਾਮਲਿਆਂ ਨੂੰ ਉਹ ਪੇਸ਼ ਕਰ ਰਹੇ ਹਨ ਜੇਕਰ ਉਹ ਮਾਮਲਿਆਂ ਦੇ ਛੋਟੇ ਤੋਂ ਛੋਟੇ ਵੇਰਵੇ ਵੀ ਬਿਆਨ ਕਰਨਗੇ, ਜਿਵੇਂ ਕਿ ਉਹ ਕਰ ਰਹੇ ਹਨ, ਤਾਂ ਉਨ੍ਹਾਂ ਲਈ ਇਕ ਘੰਟਾ ਵੀ ਕਾਫ਼ੀ ਨਹੀਂ ਹੋਵੇਗਾ। ਮੈਂ ਚਾਹੁੰਦਾ ਹਾਂ ਕਿ ਬਹਿਸ ਛੇਤੀ ਕਿਸੇ ਫ਼ੈਸਲੇ ਤੇ ਪੁਜ ਜਾਵੇ।

ਡਾ. ਭੀਮ ਰਾਓ ਅੰਬੇਡਕਰ : ਸ੍ਰੀਮਾਨ ਜੀ, ਮੈਂ ਆਪਣੀ ਦਲੀਲ ਨੂੰ ਪੂਰਾ ਕਰਨ ਲਈ ਦੋ ਹੋਰ ਮਾਮਲਿਆਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਦੂਜਾ ਮਾਮਲਾ, ਜਿਸ ਵਿਚ ਅਛੂਤ ਇਹ ਸਮਝਦੇ ਹਨ ਕਿ, ਸੂਬੇ ਦੇ ਅਫ਼ਸਰ ਉਨ੍ਹਾਂ ਨੂੰ ਉਹ ਸੁਰੱਖਿਆ ਦੇਣ ਵਿਚ ਅਸਫਲ ਹੋ ਗਏ ਹਨ ਜਿਸ ਦਾ ਕਿ ਉਨ੍ਹਾਂ ਨੂੰ ਅਧਿਕਾਰ ਹੈ। ਇਹ ਮਾਮਲਾ ਅਕੁਸ਼ੀ ਪਿੰਡ ਦਾ ਹੈ। ਇਸ ਪਿੰਡ ਵਿਚ ਜੋ ਘਟਨਾ ਘਟੀ, ਉਹ ਇਸ ਪ੍ਰਕਾਰ ਸੀ। ਇਹ ਪਿੰਡ ਸਤਾਰਾ ਜ਼ਿਲ੍ਹੇ ਦੇ ਵਾਈ ਤਾਲੁੱਕੇ ਵਿਚ ਪੈਂਦਾ ਹੈ। ਸੱਚਾਈ ਸਾਫ਼ ਹੈ। ਉਸ ਪਿੰਡ ਵਿਚ ਅਛੂਤਾਂ ਅਤੇ ਸਵਰਨ ਹਿੰਦੂਆਂ ਵਿਚਕਾਰ ਕੋਈ ਰੰਜਸ਼ ਜਿਹੀ ਸੀ। ਅਛੂਤ ਅਤੇ ਹਿੰਦੂ ਲੜ ਰਹੇ ਸਨ। ਅਛੂਤਾਂ ਨੇ ਫ਼ੈਸਲਾ ਕੀਤਾ ਕਿ ਇਕਾਦਸ਼ੀ ਦੇ ਦਿਨ ਉਹ ਦੇਵ ਦਰਸ਼ਨ ਲਈ ਜਾਣਗੇ। ਉੱਚ ਜਾਤੀ ਦੇ ਹਿੰਦੂ, ਜਿਨ੍ਹਾਂ ਨੇ ਉਨ੍ਹਾਂ ਦੇ ਵਿਰੁਧ ਬਾਈਕਾਟ ਦਾ ਐਲਾਨ ਕੀਤਾ ਸੀ, ਇਹ ਨਹੀਂ ਸਨ ਚਾਹੁੰਦੇ ਕਿ ਅਛੂਤ ਦੇਵ ਦਰਸ਼ਨ ਲਈ ਜਾਣ। ਇਸ ਦੇ ਬਾਵਜੂਦ ਅਛੂਤ ਗਏ। ਇਸ ਦਾ ਨਤੀਜਾ ਇਹ ਹੋਇਆ ਕਿ ਪਿੰਡ ਦੇ ਪਟੇਲ ਨੇ ਪਿੰਡ ਦੇ ਦੂਜੇ ਬੰਦਿਆਂ ਨਾਲ ਉਨ੍ਹਾਂ ਅਛੂਤਾਂ ਤੇ ਹਮਲਾ ਕਰ ਦਿੱਤਾ ਜੋ ਦੇਵ ਦਰਸ਼ਨ ਲਈ ਗਏ ਸਨ। ਹਮੇਸ਼ਾ ਵਾਂਗ ਅਛੂਤਾਂ ਨੇ ਪਿੰਡ ਦੇ ਪਟੇਲ ਦੇ ਵਿਰੁਧ ਸ਼ਿਕਾਇਤ ਦਰਜ ਕਰਾ ਦਿਤੀ। ਹਾਲਤ ਇਹ ਸੀ: ਪਟੇਲ ਜਾਣਦਾ ਸੀ ਕਿ ਉਹ ਦੋਸ਼ੀ ਹੈ। ਉਸ ਨੂੰ ਸੰਮਣ ਜਾਰੀ ਕੀਤਾ ਗਿਆ। ਉਹ ਬਾਹਰ ਚਲਾ ਗਿਆ ਅਤੇ ਉਸ ਨੇ ਸੰਮਣ ਨਹੀਂ ਲਿਆ। ਫੇਰ ਉਸ ਦੇ ਦਰਵਾਜ਼ੇ ਤੇ ਸੰਮਣ ਚਿਪਕਾ ਦਿਤਾ ਗਿਆ। ਉਹ ਤਿੰਨ ਮਹੀਨੇ ਗ਼ਾਇਬ ਰਿਹਾ। ਆਖ਼ਰਕਾਰ ਉਹ ਆਇਆ ਅਤੇ ਕਾਨੂੰਨ ਨੇ ਆਪਣਾ ਰਸਤਾ ਇਖ਼ਤਿਆਰ ਕੀਤਾ। ਇਸ ਮਾਮਲੇ ਵਿਚ ਵੀ ਵਿਦਵਾਨ ਮੈਜਿਸਟਰੇਟ ਨੇ, ਜਿਨ੍ਹਾਂ ਨੇ ਇਸ ਮਾਮਲੇ ਦੀ ਜਾਂਚ ਕੀਤੀ, ਉਸ ਦੋਸ਼ੀ ਨੂੰ, ਜੋ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਅਪਰਾਧੀ ਹੈ, ਉਸ ਨੂੰ ਛੱਡ ਦੇਣਾ ਉਚਿਤ ਸਮਝਿਆ।

ਦੂਜਾ ਮਾਮਲਾ ਜਿਸ ਦਾ ਮੈਂ ਸੰਖੇਪ ਵਿਚ ਜ਼ਿਕਰ ਕਰਨਾ ਚਾਹੁੰਦਾ ਹਾਂ, ਪੂਨਾ ਜਿਲ੍ਹੇ ਦੇ ਮੁਲਥੀ ਪੇਟਾ ਵਿਚ ਥਾਟਵਾੜੀ ਪਿੰਡ ਦਾ ਹੈ। ਉਸ ਕੇਸ ਵਿਚ ਜੋ ਹੋਇਆ ਉਹ ਇਸ ਤਰ੍ਹਾਂ

ਸੀ: ਇਹ ਇਕ ਇਨਾਮ ਦਾ ਪਿੰਡ ਹੈ। ਕਿਸੇ ਆਦਮੀ ਨੇ ਇਨਾਮਦਾਰ ਦੇ ਦੋ ਜਾਂ ਤਿੰਨ ਦਰਖ਼ਤ ਕੱਟ ਲਏ। ਇਨਾਮਦਾਰ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਕਿ ਕੁਝ ਮਹਾਰਾਂ ਨੇ, (ਉਸ ਨੇ ਕਿਸੇ ਦਾ ਨਾਂ ਨਹੀਂ ਦੱਸਿਆ) ਉਸ ਦੇ ਦਰਖ਼ਤ ਕੱਟ ਲਏ ਹਨ ਅਤੇ ਲਕੜੀਆਂ ਚੁੋਰਾ ਲਈਆਂ ਹਨ। ਜਿਸ ਪੁਲਿਸ ਕਰਮਚਾਰੀ ਨੇ ਛਾਣਬੀਣ ਕੀਤੀ, ਉਸ ਨੇ ਮੈਜਿਸਟਰੇਟ ਦੀ ਅਦਾਲਤ ਵਿਚ ਚਾਰ ਆਦਮੀਆਂ ਨੂੰ ਦੋਸ਼ੀ ਬਣਾਇਆ। ਹੁਣ ਜੋ ਕੁਝ ਹੋਇਆ, ਉਹ ਇਸ ਤਰ੍ਹਾਂ ਹੈ ਕਿ ਮੁਕੱਦਮੇ ਦੇ ਦੌਰਾਨ ਦੋਸ਼ੀਆਂ ਵਾਲੇ ਪਾਸੇ ਦੇ ਵਕੀਲ ਨੇ ਸਰਕਾਰੀ ਵਕੀਲ ਨੂੰ ਘੜੀ ਗਈ ਪਹਿਲੀ ਸੂਚਨਾ ਦੇਣ ਅਤੇ ਉਨ੍ਹਾਂ ਚਾਰਾਂ ਦੋਸ਼ੀਆਂ ਦੇ ਨਾਂ ਦੱਸਣ ਲਈ ਕਿਹਾ, ਹਾਲਾਂਕਿ, ਮੂਲ ਰੂਪ ਵਿਚ ਕਿਸੇ ਦੇ ਨਾਂ ਦਾ ਜ਼ਿਕਰ ਨਹੀਂ ਸੀ। ਉਸ ਨੇ ਬਾਅਦ ਵਿਚ ਚਾਰ ਮਹਾਰਾਂ ਦੇ ਨਾਂ ਦੋਸ਼ੀਆਂ ਦੇ ਰੂਪ ਵਿਚ ਉਥੇ ਜੋੜ ਦਿੱਤੇ। ਖ਼ੁਸ਼ਕਿਸਮਤੀ ਨਾਲ ਮਹਾਰਾਂ ਨੂੰ ਛੱਡ ਦਿਤਾ ਗਿਆ ਪਰ ਇਹ ਸੱਚਾਈ ਕਾਇਮ ਹੈ ਕਿ ਉਹ ਪੁਲਿਸ ਅਫ਼ਸਰ ਜਿਨ੍ਹਾਂ ਤੋਂ ਇਹ ਆਸ ਕੀਤੀ ਜਾਦੀ ਹੈ ਕਿ ਉਹ ਇਨ੍ਹਾਂ ਅਛੂਤ ਲੋਕਾਂ ਨੂੰ ਸੁੱਰਖਿਆ ਪ੍ਰਦਾਨ ਕਰਨਗੇ, ਉਹ ਵੀ ਉਨ੍ਹਾਂ ਨੂੰ ਅਜਿਹੇ ਮਾਮਲੇ ਵਿਚ ਫਸਾਉਣ ਲਈ ਗਵਾਹੀ ਘੜਨ ਦੀ ਹੱਦ ਤੱਕ ਚਲੇ ਜਾਂਦੇ ਹਨ।

ਸ੍ਰੀਮਾਨ ਜੀ, ਹੁਣ ਮੈਂ ਕਿਸੇ ਹੋਰ ਉਦਾਹਰਨ ਦਾ ਜ਼ਿਕਰ ਨਹੀਂ ਕਰਾਂਗਾ। ਮੈਂ ਸਮਝਦਾ ਹਾਂ ਕਿ ਇਹ ਕਹਾਣੀ ਘਿਨੌਣੀ ਹੈ ਅਤੇ ਨਿਸ਼ਚੇ ਹੀ ਮੇਰੇ ਵਿਚ ਨਫ਼ਰਤ ਭਰਦੀ ਹੈ। ਮੈਂ ਸਮਝਦਾ ਹਾਂ ਕਿ ਸਮੂਹਕ ਰੂਪ ਵਿਚ ਹਿੰਦੂ ਕਿਸੇ ਦੀ ਪਰਵਾਹ ਨਹੀਂ ਕਰਦੇ। ਉਹ ਇਸ ਦਾ ਮਖ਼ੌਲ ਉਡਾਉਂਦੇ ਹਨ। ਉਹ ਇਹੀ ਸਮਝਦੇ ਹਨ ਕਿ ਇਸ ਦੇਸ਼ ਦੀ ਸਮੱਸਿਆ ਕੇਵਲ ਹਿੰਦੂ ਅਤੇ ਮੁਸਲਮਾਨਾਂ ਵਿਚਲੀ ਸਮੱਸਿਆ ਹੈ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਹੋਰ ਵਧੇਰੇ ਗੰਭੀਰ ਸਮੱਸਿਆ ਹੈ ਅਤੇ ਨਾ ਕੇਵਲ ਹਿੰਦੂਆਂ ਨੇ, ਸਗੋਂ ਸਰਕਾਰ ਨੇ ਵੀ ਇਨ੍ਹਾਂ ਲੋਕਾਂ ਦਾ ਮੁਨਾਸਬ ਧਿਆਨ ਨਹੀਂ ਰੱਖਿਆ। ਮੇਰੇ ਵੱਲੋਂ ਸਦਨ ਦੀ ਮੇਜ਼ ਤੇ ਰੱਖੀਆਂ ਗਈਆਂ ਇਨ੍ਹਾਂ ਦੋ ਸੋਧਨਾਵਾਂ ਦੇ ਸਮਰਥਨ ਵਿਚ ਕੋਈ ਦਲੀਲ ਦੇਣ ਦੀ ਲੋੜ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਜਿਨ੍ਹਾਂ ਦਲੀਲਾਂ ਨੂੰ ਮੈਂ ਹੁਣੇ ਸਦਨ ਵਿਚ ਪੇਸ਼ ਕੀਤਾ ਹੈ, ਉਹ ਕਾਫ਼ੀ ਹਨ। ਕਿਸੇ ਵੀ ਸੰਵਿਧਾਨ ਵਿਚ ਇਨ੍ਹਾਂ ਸੋਧਨਾਵਾਂ ਅਧੀਨ ਅਛੂਤਾਂ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਦੂਜੇ ਪੱਖ ਵਲੋਂ ਨਿਸ਼ਚਿਤ ਉਤੱਰ ਦਿੱਤਾ ਜਾਵੇਗਾ। ਮਾਨਯੋਗ ਗ੍ਰਿਹ ਮੰਤਰੀ ਦੁਆਰਾ ਦੋ ਸੋਧਨਾਵਾਂ ਸਭਾ ਦੀ ਮੇਜ਼ ਤੇ ਰੱਖੀਆਂ ਜਾ ਚੁੱਕੀਆਂ ਹਨ। ਮੈਂ ਉਨ੍ਹਾਂ ਨੂੰ ਸਪੱਸ਼ਟ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਸੋਧਨਾਵਾਂ ਨੂੰ ਸਵੀਕਾਰ ਕਰਨ ਦੀ ਸਥਿਤੀ ਵਿਚ ਨਹੀਂ ਹਾਂ। ਹੁਣ ਮੈਂ ਸਦਨ ਨੂੰ ਸਪਸ਼ਟ ਰੂਪ ਵਿਚ ਦੱਸਾਂਗਾ ਕਿ ਆਪਣੀਆਂ ਸੋਧਨਾਵਾਂ ਦੀ ਥਾਂ ਮੈਂ ਉਨ੍ਹਾਂ ਦੀਆਂ ਸੋਧਨਾਵਾਂ ਨੂੰ ਸਵੀਕਾਰ ਕਿਉਂ ਨਹੀਂ ਕਰ ਸਕਦਾ।

ਮਾਨਯੋਗ ਗ੍ਰਿਹ ਮੰਤਰੀ ਦੀ ਪਹਿਲੀ ਸੋਧਨਾ ਦਾ ਉਦੇਸ਼ ਇਹ ਹੈ ਕਿ ਸੰਵਿਧਾਨ ਘੱਟ ਗਿਣਤੀ ਦੇ ਲੋਕਾਂ ਦੀ ਸੁਰੱਖਿਆ ਲਈ ਚੋਖੇ ਉਪਾਅ ਕਰੇਗਾ। ਮੇਰਾ ਕਹਿਣਾ ਬੜਾ ਸਾਫ਼ ਹੈ ਅਤੇ ਉਹ ਇਹ ਹੈ ਕਿ ਸਾਨੂੰ ਨਾ ਕੇਵਲ ਸੁਰੱਖਿਆ ਦੇ ਉਪਾਅ ਮਿਲਣੇ ਚਾਹੀਦੇ ਹਨ ਬਲਕਿ

ਇਹ ਇਸ ਤਰ੍ਹਾਂ ਦੇ ਹੋਣ ਜਿਨ੍ਹਾਂ ਨਾਲ ਸਾਡੀ ਤਸੱਲੀ ਹੋਵੇ। ਇਹ ਇਕ ਮੂਲ ਮੁੱਦਾ ਹੈ। ਮਾਨਯੋਗ ਗ੍ਰਿਹ ਮੰਤਰੀ ਸਪੱਸ਼ਟ ਤੌਰ ਤੇ ਇਹ ਗੱਲ ਮੰਨਦੇ ਹਨ ਕਿ ਉਹ ਅਛੂਤਾਂ ਦੇ ਰਖਿਅਕ ਹਨ ਅਤੇ ਇਕ ਰਖਿਅਕ ਦੇ ਰੂਪ ਵਿਚ ਉਹ ਸੰਵਿਧਾਨ ਵਿਚ ਕੁਝ ਉਪਬੰਧ ਲਾਗੂ ਕਰ ਸਕਦੇ ਹਨ ਜੋ ਉਨ੍ਹਾਂ ਮੁਤਾਬਕ ਘੱਟ ਗਿਣਤੀਆਂ ਦੇ ਅਧਿਕਾਰਾਂ ਲਈ ਕਾਫ਼ੀ ਹੋਣ। ਹੁਣ ਤਤਕਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਦ੍ਰਿਸ਼ਟੀਕੋਣ ਨੂੰ ਨਾ-ਮਨਜ਼ੂਰ ਕਰਦਾ ਹਾਂ। ਮੇਰਾ ਕੋਈ ਰਖਿਅਕ ਨਹੀਂ, ਮੈਂ ਆਪਣਾ ਰਖਿਅਕ ਖ਼ੁਦ ਆਪ ਹਾਂ। ਉਹ ਆਪਣਾ ਸੰਵਿਧਾਨ ਬਣਾ ਸਕਦੇ ਹਨ ਪਰ ਅਸੀਂ ਆਪਣੇ ਅਧਿਕਾਰਾਂ ਦਾ ਦਾਅਵਾ ਕਰਾਂਗੇ। ਜੋ ਵੀ ਉਪਬੰਧ ਉਹ ਸਾਡੀ ਸੁਰੱਖਿਆ ਦੇ ਉਪਾਵਾਂ ਬਾਰੇ ਬਣਾਉਂਦੇ ਹਨ, ਉਨ੍ਹਾਂ ਨੂੰ ਦਲਿਤ ਵਰਗ ਦੇ ਵਿਸ਼ਵਾਸ਼ਪ੍ਰਾਪਤ ਨੁਮਾਇੰਦਿਆਂ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਉਪਾਅ ਕਾਫ਼ੀ ਹਨ। ਉਪਬੰਧ ਕਾਫ਼ੀ ਹੋਣ ਬਾਰੇ ਉਨ੍ਹਾਂ ਦੀ ਪਰਿਭਾਸ਼ਾ ਮੇਰੀ ਤਸੱਲੀ ਨਹੀਂ ਕਰੇਗੀ ਅਤੇ ਇਹੀ ਕਾਰਨ ਹੈ ਕਿ ਮੈਂ ਆਪਣੇ ਵਿਦਵਾਨ ਮਿਤਰ ਦੁਆਰਾ ਪੇਸ਼ ਕੀਤੀ ਗਈ ਸੋਧਨਾ ਨੂੰ ਪਰਵਾਨ ਕਰਨ ਦੀ ਸਥਿਤੀ ਵਿਚ ਨਹੀਂ ਹਾਂ। ਦੂਜੀ ਸੋਧਨਾ ਬਾਰੇ ਬਿਨਾਂ ਕਿਸੇ ਸ਼ੱਕ ਦੇ ਮਾਨਯੋਗ ਗਿਹ ਮੰਤਰੀ ਕੇਵਲ ਅੱਧੀ ਦੂਰੀ ਤਕ ਹੀ ਜਾਣਾ ਚਾਹੁੰਦੇ ਹਨ। ਉਹ ਇਹ ਗੱਲ ਮੰਨਣ ਲਈ ਤਿਆਰ ਹਨ ਕਿ ਦੇਸ ਦੇ ਰਾਜ ਪ੍ਰਬੰਧ ਵਿਚ ਘੱਟ ਗਿਣਤੀਆਂ ਦੀ ਆਵਾਜ਼ ਹੋਣੀ ਚਾਹੀਦੀ ਹੈ। ਇਥੇ ਵੀ ਮੈਨੂੰ ਜਾਪਦਾ ਹੈ ਕਿ ਉਨ੍ਹਾਂ ਅਤੇ ਮੇਰੇ ਵਿਚ ਕੁਝ ਨਿਸ਼ਚਿਤ ਮੱਤ ਭੇਦ ਹਨ। ਮੇਰੀ ਦੂਜੀ ਸੋਧਨਾ ਦੀ ਭਾਸ਼ਾ ਬਹੁਤ ਸੋਚ ਸਮਝ ਕੇ ਲਿਖੀ ਗਈ ਹੈ। ਮੈਂ "ਮੂਲ ਅਧਿਕਾਰ" ਸ਼ਬਦ ਦੀ ਵਰਤੋਂ ਦਾ ਖ਼ਾਸ ਖ਼ਿਆਲ ਰੱਖਿਆ ਹੈ ਅਤੇ ਮੈਂ ਕੁਝ ਹੱਦ ਤੱਕ ਇਸਦੀ ਵਿਆਖਿਆ ਕਰਨਾ ਚਾਹੁੰਦਾ ਹਾਂ ਕਿ ਕਿਉਂ ਮੈਂ ਇਨ੍ਹਾਂ ਸ਼ਬਦਾਂ "ਮੂਲ ਅਧਿਕਾਰ" ਦੀ ਵਰਤੋਂ ਕੀਤੀ ਹੈ। ਸੰਵਿਧਾਨ ਬਣਾਉਣ ਸਮੇਂ ਜੋ ਇਕ ਚੀਜ਼ ਮੈਂ ਮਹਿਸੂਸ ਕੀਤੀ ਹੈ, ਉਹ ਇਹ ਹੈ, ਭਾਵੇਂ ਅਸੀਂ ਇਸ ਨੂੰ ਮੰਨੀਏ ਜਾਂ ਨਾ ਮੰਨੀਏ, ਇਸ ਦੇਸ ਦੀ ਰਾਜਨੀਤਕ ਪ੍ਰਣਾਲੀ 'ਚਤੁਰ ਵਰਨ' ਨੂੰ ਪ੍ਰਤਿਬਿੰਬਤ ਕਰਦੀ ਹੈ। ਉਸ ਪ੍ਰਣਾਲੀ ਵਿਚ ਸਿਧਾਂਤ ਇਹ ਸੀ: ਕਸ਼ੱਤਰੀਆਂ ਨੂੰ ਰਾਜ ਕਰਨਾ ਚਾਹੀਦਾ ਹੈ, ਬ੍ਰਾਹਮਣਾਂ ਨੂੰ ਸਲਾਹ ਦੇਣੀ ਚਾਹੀਦੀ ਹੈ, ਵੈਸ਼ ਲੋਕਾਂ ਨੂੰ ਵਪਾਰ ਕਰਨਾ ਚਾਹੀਦਾ ਹੈ ਲੇਕਿਨ ਸ਼ੂਦਰ ਨੂੰ ਸੇਵਾ ਕਰਨੀ ਚਾਹੀਦੀ ਹੈ। ਪੁਰਾਤਨ ਸਮੇਂ ਵਿਚ ਇਹੀ ਸਥਿਤੀ ਸੀ। ਮੈਂ ਦੇਖਦਾ ਹਾਂ ਕਿ ਰਾਨੀਤੀ ਵਿਚ ਇਹ ਸਥਿਤੀ ਕੁਝ ਹੱਦ ਤੱਕ ਬਦਲ ਗਈ ਹੈ। ਵੈਸ਼ ਹੁਣ ਵਪਾਰ ਨਹੀਂ ਕਰਦੇ। ਜੇਕਰ ਉਹ ਵਪਾਰ ਕਰਦੇ ਵੀ ਹਨ ਤਾਂ ਕੇਵਲ ਰਾਜਨੀਤੀ ਦਾ ਵਪਾਰ ਕਰਦੇ ਹਨ(ਠਹਾਕਾ)। ਇਕ ਚੀਜ਼ ਫੇਰ ਵੀ ਨਾ-ਬਦਲਣਯੋਗ ਰਹੀ ਹੈ ਅਤੇ ਉਹ ਇਹ ਹੈ ਕਿ ਸ਼ੂਦਰਾਂ ਨੂੰ ਇਸ ਦੇਸ਼ ਦੇ ਪ੍ਰਸ਼ਾਸਨ ਵਿਚ ਕੋਈ ਹਿੱਸੇਦਾਰੀ ਨਹੀਂ ਮਿਲੇਗੀ। ਜਿਵੇਂ ਕਿ ਮੈਂ ਇਸ ਦੇਸ ਦੇ ਹਾਲਾਤ ਨੂੰ ਦੇਖਦਾ ਹਾਂ, ਜਿਵੇਂ ਕਿ ਮੈਂ ਪੂਰੇ ਭਾਰਤ ਵਿਚ ਬਣੇ ਵੱਖ-ਵੱਖ ਮੰਤਰੀ ਮੰਡਲਾਂ ਦੇ ਰਾਜਨੀਤਕ ਗਠਨ ਨੂੰ ਦੇਖਦਾ ਹਾਂ, ਮੈਂ ਦੇਖਦਾ ਹਾਂ- ਜਦ ਕਿ ਅਸੀਂ ਅਛੂਤ ਸਮਾਜਕ ਰੂਪ ਵਿਚ ਸ਼ੂਦਰ ਜਾਂ ਆਦਿ ਸ਼ੂਦਰ ਹਾਂ, ਤਾਂ ਕਾਂਗਰਸ ਸਰਕਾਰ-ਜੇਕਰ ਕਾਂਗਰਸ ਸਰਕਾਰ ਨਹੀਂ, ਤਾਂ ਹਾਲਾਤ ਦੀ ਮੰਗ-ਇਸ ਤਰ੍ਹਾਂ ਦੀ ਹੈ ਕਿ ਆਖ਼ਰਕਾਰ ਇਹ ਸਾਨੂੰ ਰਾਜਨੀਤਕ

ਸ਼ੂਦਰ ਬਣਾ ਕੇ ਹੀ ਛੱਡਣਗੇ। ਮੈਂ ਇਹ ਗੱਲ ਬਰਦਾਸ਼ਤ ਨਹੀਂ ਕਰਾਂਗਾ। ਇਸ ਹਾਲਤ ਨੂੰ ਖ਼ਤਮ ਕਰਨ ਲਈ ਮੇਰੇ ਖ਼ੂਨ ਦਾ ਆਖ਼ਰੀ ਤੁਪਕਾ ਵੀ ਗਿਰੇਗਾ। (ਸ਼ੋਰ ਸ਼ਰਾਬੇ ਵਿਚ ਸੁਣੋ ਸੁਣੋ ਦੀ ਆਵਾਜ਼) ਮੈਂ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਾਂਗਾ ਕਿ ਹਿੰਦੂਆਂ ਦੁਆਰਾ ਮੇਰੇ ਤੇ ਪਾਇਆ ਜਾ ਰਿਹਾ ਜੋ ਸਮਾਜਕ ਦਬਦਬਾ, ਆਰਥਕ ਦਬਦਬਾ ਅਤੇ ਧਾਰਮਕ ਦਬਦਬਾ ਹੈ ਉਸ ਵਿਚ ਰਾਜਨੀਤਕ ਦਬਦਬਾ ਵੀ ਜੜ ਜਾਵੇ। ਮੈਂ ਫੇਰ ਦੁਹਰਾਉਂਦਾ ਹਾਂ ਕਿ ਮੈਂ ਇਸਦੀ ਆਗਿਆ ਕਦੇ ਨਹੀਂ ਦੇਵਾਂਗਾ। ਅਸੀਂ ਲੋਕ ਸ਼ਾਸਕ ਵਰਗ ਦੇ ਕੁਲੀਨ ਤੰਤਰ ਦੀ ਸਥਾਪਨਾ ਦੇ ਉਦੇਸ਼ ਨਾਲ ਰਾਜਨੀਤੀ ਵਿਚ ਹੋਣ ਵਾਲੀ ਵਿਕ੍ਰਿਤੀ ਦੇ ਵਿਰੁਧ ਪੂਰੀ ਤਾਕਤ ਨਾਲ ਲੜਾਂਗੇ। ਮੈਂ ਇਸ ਦੀ ਆਗਿਆ ਨਹੀਂ ਦੇਵਾਂਗਾ। ਮੈਂ ਦੁਹਰਾਉਂਦਾ ਹਾਂ ਕਿ ਮੈਂ ਅਜਿਹੇ ਸੰਵਿਧਾਨ ਦੀ ਆਗਿਆ ਨਹੀਂ ਦੇਵਾਂਗਾ ਜਿਸ ਵਿਚ ਉਨ੍ਹਾਂ ਲਈ ਸੁਤੰਤਰਤਾ ਅਤੇ ਸਾਡੇ ਉਤੇ ਸ਼ਹਿਨਸ਼ਾਹੀ ਹੋਵੇ। ਮੈਂ ਉਸ ਸੰਵਿਧਾਨ ਦੀ ਆਗਿਆ ਨਹੀਂ ਦੇਵਾਂਗਾ ਜਿਸ ਵਿਚ ਮੈਂ ਸੁਤੰਤਰ ਅਤੇ ਬਰਾਬਰ ਦਾ ਹਿੱਸੇਦਾਰ ਨਾ ਹੋਵਾਂ। ਮੈਂ ਕਦੇ ਵੀ ਇਸ ਦੀ ਆਗਿਆ ਨਹੀਂ ਦੇਵਾਂਗਾ। ਮੈਂ ਜਾਣਦਾ ਹਾਂ ਕਿ ਇਹ ਸ਼ਬਦ ਕਠੋਰ ਹਨ, ਲੇਕਿਨ ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਇਹ ਗੱਲ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਇਹ ਸ਼ਬਦ ਉਨ੍ਹਾਂ ਸ਼ਬਦਾਂ ਨਾਲੋਂ ਕਠੋਰ ਨਹੀਂ ਹਨ ਜੋ ਆਇਰਲੈਂਡੇ ਬਾਰੇ ਅਲਸਟਰ ਦੇ ਲੋਕਾਂ ਨੇ ਕਹੇ। ਮੈਂ ਜਾਣਦਾ ਹਾਂ ਕਿ ਜਦੋਂ ਇਸ ਦੇਸ ਵਿਚ ਘੱਟ ਗਿਣਤੀ ਦੇ ਫ਼ਿਰਕੇ ਦਾ ਕੋਈ ਆਦਮੀ ਆਪਣੇ ਫ਼ਿਰਕੇ ਦੇ ਲੋਕਾਂ ਦੇ ਅਧਿਕਾਰਾਂ ਵਾਸਤੇ ਲੜਨ ਲਈ ਖੜ੍ਹਾ ਹੁੰਦਾ ਹੈ ਤਾਂ ਸਾਰੇ ਲੋਕ ਉਸ ਦੇ ਵਿਰੁਧ ਹੋ ਜਾਂਦੇਂ ਹਨ, ਉਸ ਨੂੰ ਫ਼ਿਰਕਾਪ੍ਰਸਤ ਆਖਦੇ ਹਨ, ਉਸ ਨੂੰ ਭਾਰਤ ਵਿਰੋਧੀ ਕਹਿੰਦੇ ਹਨ ਅਤੇ ਉਸ ਨੂੰ ਦੇਸ਼ ਦੀ ਬਰਬਾਦੀ ਲਈ ਕੰਮ ਕਰ ਰਹੀ ਅਫ਼ਸਰਸ਼ਾਹੀ ਦੇ ਹੱਥਾਂ ਦੀ ਕਠਪੁਤਲੀ ਕਹਿੰਦੇ ਹਨ। ਮੈਂ ਅਜਿਹੇ ਲੋਕਾਂ ਨੂੰ, ਜਿਨ੍ਹਾਂ ਨੇ ਅਜਿਹਾ ਵਤੀਰਾ ਅਪਣਾਇਆ ਹੋਇਆ ਹੈ, ਸਾਵਧਾਨ ਕਰਨਾ ਚਾਹੁੰਦਾ ਹਾਂ। ਮੈਂ ਕਹਿੰਦਾ ਹਾਂ ਕਿ ਇਸ ਦੇਸ਼ ਵਿਚ ਘੱਟ ਗਿਣਤੀ ਦੇ ਲੋਕਾਂ ਨੇ ਜੋ ਰਸਤਾ ਇਖ਼ਤਿਆਰ ਕੀਤਾ ਹੋਇਆ ਹੈ ਉਹ ਵਧੇਰੇ ਚੰਗਾ ਹੈ, ਵੱਧ ਸਭਿਅਤਾ ਵਾਲਾ ਹੈ, ਬਜਾਏ ਉਸ ਵਤੀਰੇ ਦੇ, ਜੋ ਅਲਸਟਰ ਦੇ ਲੋਕਾਂ ਨੇ ਇਖ਼ਤਿਆਰ ਕੀਤਾ ਸੀ। ਅਲਸਟਰ ਲੋਕਾਂ ਨੇ ਕੀ ਵਤੀਰਾ ਅਪਣਾਇਆ ਸੀ ? ਦੱਖਣ ਦੇ ਆਇਰਿਸ਼ ਰਾਸ਼ਟਰਵਾਦੀਆਂ ਅਤੇ ਅਲਸਟਰ ਲੋਕਾਂ ਨੂੰ ਨੇੜੇ ਲਿਆਉਣ ਲਈ ਸਵਰਗਾਸੀ ਸਮਰਾਟ ਐਡਵਰਡ ਸੱਤਵੇਂ ਦੇ ਕਹਿਣ ਤੇ ਬਕਿੰਘਮ ਪੈਲੇਸ ਵਿਚ ਜੋ ਕਾਨਫ਼ਰੰਸ ਹੋਈ ਸੀ, ਉਸ ਦੀ ਕਾਰਵਾਈ ਦੀ ਰਿਪੋਰਟ ਮੈਨੂੰ ਯਾਦ ਆਉਂਦੀ ਹੈ। ਪ੍ਰਸ਼ਨ ਇਹ ਸੀ: ਕੀ ਅਲਸਟਰ ਲੋਕਾਂ ਨੂੰ ਦੱਖਣੀ ਆਇਰਸ਼ਿ ਵਿਅਕਤੀਆਂ ਦੇ ਬਹੁ-ਗਿਣਤੀ ਦੇ ਸ਼ਾਸਨ ਹੇਠ ਲਿਆਂਦਾ ਜਾਵੇ ? ਦੱਖਣੀ ਆਇਰਲੈਂਡ ਦੇ ਰਾਸ਼ਟਰਵਾਦੀਆਂ ਦੁਆਰਾ ਅਲਸਟਰ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਤਜਵੀਜ਼ਾਂ ਕੀ ਸਨ ? ਬਹੁਤ ਸਾਰੇ ਲੋਕ ਸ਼ਾਇਦ ਇਸ ਇਤਿਹਾਸ ਤੋਂ ਜਾਣੂ ਨਾ ਹੋਣ। ਜੋ ਜਾਣਦੇ ਹਨ, ਉਹ ਇਹ ਜਾਣਦੇ ਹੋਣਗੇ ਕਿ ਸ਼੍ਰੀ ਜਾਨ ਰੈਡਮੰਡ ਨੇ, ਜੋ ਆਇਰਿਸ਼ ਰਾਸ਼ਟਰਵਾਦੀ ਪਾਰਟੀ ਦੇ ਨੇਤਾ ਸਨ, ਕਾਰਸੋ ਦੇ ਵਾਸੀਆਂ ਨੂੰ ਸੰਵਿਧਾਨ ਹੇਠ ਆਉਣ ਲਈ ਪ੍ਰੇਰਨਾ ਦੇਣ ਦੀ ਆਪਣੇ

ਵਲੋਂ ਪੂਰੀ ਕੋਸ਼ਿਸ ਕੀਤੀ। ਉਸ ਨੇ ਕਿਹਾ, "ਤੁਸੀਂ ਆਪਣੀ ਪਸੰਦ ਅਨੁਸਾਰ ਅਹਿਮੀਅਤ ਦੀ ਕਿੰਨੀ ਵੀ ਮਤਰਾ ਲੈ ਲਓ, ਮੈਂ ਬੁਰਾ ਨਹੀਂ ਮੰਨਾਂਗਾ।" ਸਾਨੂੰ ਇਸੇ ਵਿਸ਼ਵਾਸ ਵਿਚ ਨਹੀਂ ਰਹਿਣਾ ਚਾਹੀਦਾ ਕਿ ਕੇਵਲ ਭਾਰਤ ਵਿਚ ਹੀ ਅਹਿਮੀਅਤ ਦੀ ਚਰਚਾ ਹੋ ਰਹੀ ਹੈ। ਅਹਿਮੀਅਤ ਦੀ ਚਰਚਾ ਆਇਰਲੈਂਡ ਵਿਚ ਬਹੁਤ ਹੁੰਦੀ ਸੀ ਅਤੇ ਰੈਡਮੰਡ, ਅਲਸਟਰ ਲੋਕਾਂ ਨੂੰ ਅਹਿਮੀਅਤ ਦੇਣ ਲਈ ਤਿਆਰ ਸੀ। ਉਹ ਸੰਵਿਧਾਨ ਵਿਚ ਇਕ ਅਫ਼ਸਰ ਨੂੰ ਅਜਿਹਾ ਅਧਿਕਾਰ ਦੇਣ ਲਈ ਤਿਆਰ ਸੀ ਕਿ ਉਹ ਅਲਸਟਰ ਲੋਕਾਂ ਨਾਲ ਹੋਣ ਵਾਲੇ ਕਿਸੇ ਵੀ ਕਿਸਮ ਦੇ ਵਿਤਕਰੇ ਨੂੰ ਰੋਕ ਸਕੇ। ਇਕ ਹੋਰ ਉਪਬੰਧ ਜੋ ਆਇਰਿਸ਼ ਰਾਸ਼ਟਰਵਾਦੀ ਪਾਰਟੀ ਅਲਸਟਰ ਲੋਕਾਂ ਨੂੰ ਦੇਣ ਲਈ ਤਿਆਰ ਸੀ, ਉਹ ਇਹ ਕਿ ਜੇ 100 ਵਰ੍ਹਿਆਂ ਮਗਰੋਂ ਅਲਸਟਰ ਲੋਕਾਂ ਨੂੰ ਇਹ ਪ੍ਰਤੀਤ ਹੋਵੇ ਕਿ ਦੱਖਣੀ ਆਇਰਿਸ਼ ਲੋਕ, ਜੋ ਨਿਸ਼ਚੇ ਹੀ ਬਹੁ-ਗਿਣਤੀ ਵਿਚ ਹੋਣਗੇ, ਅਤੇ ਅਧਿਕਾਰਾਂ ਦੀ ਕੁਵਰਤੋਂ ਕਰਦੇ ਹਨ ਅਤੇ ਅਲਸਟਰ ਰਾਜ ਦੇ ਪ੍ਰੋਟੈਸਟੈਂਟਾਂ ਨਾਲ ਦੂਰ ਵਿਹਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਦੁਖ ਪਹੁੰਚਾਉਂਦੇ ਹਨ, ਤਾਂ ਅਲਸਟਰ ਲੋਕਾਂ ਨੂੰ ਸੰਵਿਧਾਨ ਤੋਂ ਬਾਹਰ ਜਾਣ ਦਾ ਅਧਿਕਾਰ ਹੋਵੇਗਾ। ਉਹ ਪ੍ਰਭਾਵਸ਼ਾਲੀ ਉਪਬੰਧ ਸਨ। ਅਲਸਟਰ ਲੋਕਾਂ ਨੇ ਇਸ ਪ੍ਰਸਤਾਵ ਦਾ ਕੀ ਉੱਤਰ ਦਿੱਤਾ? ਅਲਸਟਰ ਲੋਕਾਂ ਨੇ ਰੈਡੱਮਮੰਡ ਨੂੰ ਜੋ ਉੱਤਰ ਦਿੱਤਾ, ਉਹ ਇਹ ਸੀ, "ਤੁਹਾਡੇ ਰੱਖਿਆ ਸਾਧਨ ਤੇ ਧਿੱਕਾਰ ਹੈ। ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਸਾਡੇ ਤੇ ਰਾਜ ਕਰੋ।" ਕੀ ਅਸੀਂ ਇਸ ਤਰ੍ਹਾਂ ਆਖ ਰਹੇ ਹਾਂ? ਹੁਣੇ ਜਿਹੇ ਮੈਂ ਜੋ ਉਦਾਹਰਨਾਂ ਸੁਣਾਈਆਂ ਹਨ, ਉਨ੍ਹਾਂ ਨੂੰ ਧਿਆਨ ਵਿਚ ਰਖਦੇ ਹੋਏ ਕੀ ਮੈਨੂੰ ਇਹ ਕਹਿਣ ਦਾ ਅਧਿਕਾਰ ਨਹੀ ਕਿ, "ਤੁਹਾਡੇ ਰੱਖਿਆ ਸਾਧਨਾਂ ਤੇ ਧਿੱਕਾਰ ਹੈ। ਮੈਂ ਨਹੀਂ ਚਾਹੁੰਦਾ ਕਿ ਤੁਸੀਂ ਮੇਰੇ ਤੇ ਰਾਜ ਕਰੋ।" ਮੈਂ ਅਜਿਹਾ ਨਹੀਂ ਕਹਿ ਰਿਹਾ। ਮੈਂ ਜੋ ਕਹਿ ਰਿਹਾ ਹਾਂ, ਉਹ ਇਹ ਹੈ: "ਮੈਨੂੰ ਉਹ ਰੱਖਿਆ ਸਾਧਨ ਦੇ ਦਿਉ, ਜਿਨ੍ਹਾਂ ਨੂੰ ਮੈਂ ਸਮਝਦਾ ਕਿ ਜ਼ਰੂਰੀ ਹਨ ਅਤੇ ਤੁਸੀਂ ਆਪਣਾ ਲੋਕਤੰਤਰ ਲੈ ਸਕਦੇ ਹੋ।" ਮੈਨੂੰ ਵਿਸ਼ਵਾਸ਼ ਹੈ ਕਿ ਇਹ ਇਕ ਅਜਿਹੀ ਸਥਿਤੀ ਹੈ ਜਿਸ ਨਾਲ ਕੋਈ ਨਹੀਂ ਲੜ ਸਕਦਾ।

ਅੰਤ ਵਿਚ ਮੈਂ ਇਕ ਸ਼ਬਦ ਕਹਾਂਗਾ। ਮੈਂ ਜਾਣਦਾ ਹਾਂ ਕਿ ਦੇਸ ਵਿਚ ਮੇਰੀ ਸਥਿਤੀ ਨੂੰ ਠੀਕ ਤਰ੍ਹਾਂ ਨਾਲ ਨਹੀਂ ਸਮਝਿਆ ਗਿਆ। ਇਸ ਨੂੰ ਅਕਸਰ ਗਲਤ ਸਮਝਿਆ ਗਿਆ ਹੈ। ਇਸ ਲਈ ਇਸ ਮੌਕੇ ਤੇ ਮੈਨੂੰ ਆਪਣੀ ਸਥਿਤੀ ਸਪੱਸ਼ਟ ਕਰਨੀ ਚਾਹੀਦੀ ਹੈ। ਸ੍ਰੀਮਾਨ ਜੀ, ਮੈਂ ਕਹਿੰਦਾ ਹਾਂ ਕਿ ਜਦੋਂ ਵੀ ਮੇਰੇ ਜ਼ਾਤੀ ਹਿੱਤਾਂ ਅਤੇ ਸਮੁੱਚੇ ਦੇਸ ਦੇ ਹਿੱਤਾਂ ਵਿਚਕਾਰ ਟਕਰਾਉ ਹੋਇਆ ਹੈ, ਉਦੋਂ ਮੈਂ ਦੇਸ਼ ਦੇ ਦਾਅਵੇ ਨੂੰ ਆਪਣੇ ਦਾਅਵਿਆਂ ਤੋਂ ਉਪਰ ਰੱਖਿਆ ਹੈ। (ਵਾਹ! ਵਾਹੋ!) ਮੈਂ ਕਦੇ ਵੀ ਨਿੱਜੀ ਲਾਭ ਦਾ ਰਾਹ ਨਹੀਂ ਫੜਿਆ। ਜੇਕਰ ਮੈਂ ਆਪਣੇ ਪਤੇ ਠੀਕ ਤਰ੍ਹਾਂ ਨਾਲ ਖੋਲ੍ਹੇ ਹੁੰਦੇ, ਜਿਵੇਂ ਕਿ ਦੂਜੇ ਕਰਦੇ ਹਨ, ਤਾਂ ਮੈਂ ਕਿਸੇ ਦੂਜੇ ਸਥਾਨ ਤੇ ਹੋ ਸਕਦਾ ਸੀ। ਮੈਂ ਇਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਪਰ ਮੈਂ ਅਜਿਹਾ ਨਹੀਂ ਕੀਤਾ। ਗੋਲ ਮੇਜ਼ ਕਾਨਫ਼ਰੰਸ ਵਿਚ ਮੇਰੇ ਸਹਿਯੋਗੀ ਸਨ ਜਿਨ੍ਹਾਂ ਬਾਰੇ ਮੈਨੂੰ ਪੂਰਾ ਭਰੋਸਾ ਸੀ ਕਿ ਜੋ ਮੈਂ ਕਹਾਂ, ਉਹ ਉਸ ਦਾ ਸਮਰਥਨ ਕਰਨਗੇ, ਕਿ ਜਿਥੋਂ ਤਕ ਦੇਸ ਦੀ ਮੰਗ ਦਾ ਸਬੰਧ ਹੈ,

ਮੈਂ ਕਦੇ ਪਿਛੇ ਨਹੀਂ ਰਿਹਾ। ਕਾਨਫ਼ਰੰਸ ਵਿਚ ਕਈ ਯੂਰਪੀ ਮੈਂਬਰ ਅਜਿਹੀ ਪਰੇਸ਼ਾਨੀ ਮਹਿਸੂਸ ਕਰ ਰਹੇ ਸਨ ਕਿ ਜਿਵੇਂ ਮੈਂ ਕਾਨਫ਼ਰੰਸ ਵਿਚ ਕੋਈ ਡਰਾਉਣਾ ਵਿਅਕਤੀ ਹੋਵਾਂ। ਪਰ ਮੈਂ ਇਸ ਦੇਸ ਦੇ ਲੋਕਾਂ ਦੇ ਦਿਮਾਗ਼ ਵਿਚ ਇਹ ਸ਼ੰਕਾ ਨਹੀਂ ਰਹਿਣ ਦਿਆਂਗਾ ਕਿ ਮੇਰੀ ਦੂਸਰੀ ਵਫ਼ਦਾਰੀ ਵੀ ਹੈ, ਜਿਸ ਨਾਲ ਮੈਂ ਬੱਝਾ ਹੋਇਆ ਹਾਂ ਅਤੇ ਜਿਸ ਨੂੰ ਮੈਂ ਕਦੇ ਵੀ ਛੱਡ ਨਹੀਂ ਸਕਦਾ। ਉਹ ਵਫ਼ਾਦਾਰੀ ਅਛੂਤਾਂ ਦਾ ਫ਼ਿਰਕਾ ਹੈ, ਜਿਸ ਵਿਚ ਮੈਂ ਪੈਦਾ ਹੋਇਆ ਹਾਂ, ਜਿਸ ਵਿਚ ਮੈਂ ਰਹਿੰਦਾ ਹਾਂ ਅਤੇ ਜਿਸ ਬਾਰੇ ਮੈਂ ਉਮੀਦ ਕਰਦਾ ਹਾਂ ਕਿ ਮੈਂ ਇਸ ਨੂੰ ਕਦੇ ਵੀ ਨਹੀਂ ਛੱਡਾਂਗਾ। ਮੈਂ ਇਸ ਸਦਨ ਨੂੰ ਯਥਾਸੰਭਵ ਜ਼ੋਰ ਨਾਲ ਇਹ ਕਹਿੰਦਾ ਹਾਂ ਕਿ ਜਦੋਂ ਵੀ ਇਸ ਦੇਸ ਦੇ ਅਤੇ ਅਛੂਤਾਂ ਦੇ ਹਿੱਤਾਂ ਵਿਚ ਟਕਰਾਉ ਹੋਵੇਗਾ, ਜਿਥੋਂ ਤਕ ਮੇਰਾ ਸਬੰਧ ਹੈ, ਅਛੂਤਾਂ ਦੇ ਹਿੱਤਾਂ ਨੂੰ ਦੇਸ ਦੇ ਹਿੱਤਾਂ ਤੋਂ ਉਪਰ ਸਥਾਨ ਮਿਲੇਗਾ। ਕੇਵਲ ਇਸੇ ਲਈ ਮੈਂ ਅਤਿਆਚਾਰੀ ਬਹੁ-ਗਿਣਤੀਆਂ ਦਾ ਸਮਰਥਨ ਨਹੀਂ ਕਰਾਂਗਾ ਕਿ ਇਹ ਦੇਸ ਦੇ ਨਾਂ ਤੇ ਬੋਲਦੇ ਹਨ, ਮੈਂ ਕਿਸੇ ਪਾਰਟੀ ਦਾ ਸਮਰਥਨ ਇਸ ਲਈ ਕਰਨ ਵਾਲਾ ਨਹੀਂ ਕਿਉਂਕਿ ਇਹ ਦੇਸ ਦੇ ਨਾਂ ਤੇ ਬੋਲਦੀ ਹੈ । ਮੈਂ ਅਜਿਹਾ ਨਹੀਂ ਕਰਾਂਗਾ। ਇਥੋਂ ਦੇ ਅਤੇ ਹੋਰ ਥਾਵਾਂ ਦੇ ਲੋਕ ਸਮਝ ਲੈਣ ਕਿ ਮੇਰਾ ਦ੍ਰਿਸ਼ਟੀਕੋਣ ਇਹੀ ਹੈ। ਦੇਸ ਅਤੇ ਮੇਰੇ ਵਿਚਕਾਰ ਦੇਸ ਦਾ ਸਥਾਨ ਉਚਾ ਰਹੇਗਾ, ਦੇਸ ਅਤੇ ਦਲਿਤ ਵਰਗ ਦੇ ਵਿਚਕਾਰ ਦਲਿਤ ਵਰਗ ਦਾ ਸਥਾਨ ਉਪਰ ਰਹੇਗਾ, ਦੇਸ ਦਾ ਸਥਾਨ ਉਪਰ ਨਹੀਂ ਰਹੇਗਾ। ਆਪਣੀਆਂ ਇਨ੍ਹਾਂ ਦੋ ਸੋਧਨਾਵਾਂ ਬਾਰੇ ਮੈਂ ਇੰਨਾ ਕੁਝ ਹੀ ਆਖਾਂਗਾ।

ਹੁਣ ਦੂਜੀਆਂ ਸੋਧਨਾਵਾਂ ਦੇ ਸਬੰਧ ਵਿਚ ਮੈਂ ਸਦਨ ਦਾ ਹੋਰ ਸਮਾਂ ਨਹੀਂ ਲਣਾ ਚਾਹੁੰਦਾ। ਮੈਨੂੰ ਮਾਨਯੋਗ ਪ੍ਰਧਾਨ ਮੰਤਰੀ ਦੀ ਉਸ ਟਿਪਣੀ ਨਾਲ ਥੋੜ੍ਹੀ ਹੈਰਾਨੀ ਹੋਈ, ਜੋ ਉਨ੍ਹਾਂ ਨੇ ਉਸ ਮਤੇ ਦੇ ਇਕ ਹਿੱਸੇ ਬਾਰੇ ਕੀਤੀ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਜੋ ਵੀ ਵਿਵਸਥਾ ਕੀਤੀ ਜਾਣੀ ਹੈ ਉਹ ਸੂਬਾਈ ਸਰਕਾਰਾਂ ਦੀ ਰਾਇ ਨਾਲ ਕੀਤੀ ਜਾਣੀ ਚਾਹੀਦੀ ਹੈ। ਮੈਂ ਜਾਣਦਾ ਸਾਂ ਕਿ ਉਨ੍ਹਾਂ ਨੂੰ ਮੇਰੇ ਸਤਿਕਾਰਯੋਗ ਦੋਸਤ ਸ਼੍ਰੀ ਮੁਕਦਮ ਵਲੋਂ ਪੇਸ਼ ਕੀਤੀ ਜਾਣ ਵਾਲੀ ਸੋਧਨਾ ਬਾਰੇ ਪਤਾ ਨਹੀਂ ਹੈ। ਕਿਉਂਕਿ, ਮੈਂ ਦੇਖ ਰਿਹਾ ਹਾਂ ਕਿ ਉਨ੍ਹਾਂ ਹਿੱਸਿਆਂ ਨੂੰ ਕੱਢ ਦਿੱਤਾ ਜਾਣਾ ਹੈ, ਇਸ ਲਈ ਮੈਂ ਮਤੇ ਦੇ ਉਸ ਹਿੱਸੇ ਬਾਰੇ ਕੋਈ ਟਿੱਪਣੀ ਨਹੀਂ ਕਰਾਂਗਾ, ਹਾਲਾਂਕਿ ਮੈਂ ਇਹ ਜ਼ਰੂਰ ਕਹਾਂਗਾ ਕਿ ਸਿਧਾਂਤਕ ਤੌਰ ਤੇ ਮੈਂ ਮਤੇ ਦੇ ਇਸ ਹਿੱਸੇ ਨਾਲ ਸਹਿਮਤ ਨਹੀਂ ਹਾਂ।

ਹੁਣ ਬੈਠਣ ਤੋਂ ਪਹਿਲਾਂ ਸਦਨ ਸਾਹਮਣੇ ਰੱਖੀਆਂ ਗਈਆਂ ਦੂਜੀਆਂ ਸੋਧਨਾਵਾਂ ਦੇ ਸਬੰਧ ਵਿਚ ਮੈਂ ਇਕ ਜਾਂ ਦੋ ਸ਼ਬਦ ਕਹਿਣਾ ਚਾਹਾਂਗਾ। ਅਜਿਹਾ ਕਰਦਿਆਂ ਮੈਂ ਮਾਨਯੋਗ ਮੈਂਬਰ, ਵਿਰੋਧੀ ਧਿਰ ਦੇ ਨੇਤਾ ਵਲੋਂ ਪੇਸ਼ ਕੀਤੀ ਗਈ ਸੋਧਨਾ ਵੱਲ ਧਿਆਨ ਦਿਵਾਵਾਂਗਾ। ਇਸ ਸੋਧਨਾ ਬਾਰੇ ਮੈਂ ਮਾਨਯੋਗ ਪ੍ਰਧਾਨ ਮੰਤਰੀ ਨੂੰ ਇਕ ਗੱਲ ਨੋਟ ਕਰਨ ਲਈ ਆਖਾਂਗਾ, ਜੋ ਮੈਂ ਸਮਝਦਾ ਹਾਂ ਕਿ ਉਹ ਨੋਟ ਕਰਨਾ ਭੁੱਲ ਗਏ ਹਨ। ਇਹ ਠੀਕ ਹੈ ਕਿ ਆਪਣੀ ਸੋਧਨਾ ਵਿਚ ਵਿਰੋਧੀ ਧਿਰ ਦੇ ਨੇਤਾ ਕਹਿੰਦੇ ਹਨ ਕਿ ਲੋਕ-ਤੰਤਰ ਅਸਫਲ

ਹੋ ਗਿਆ ਹੈ। ਪਰ ਵਿਰੋਧੀ ਧਿਰ ਦੇ ਨੇਤਾ ਦੀ ਸੋਧਨਾ ਤੇ ਟਿੱਪਣੀ ਕਰਦਿਆਂ ਜਿਹੜੀ ਗੱਲ ਮੈਂ ਚਾਹੁੰਦਾ ਹਾਂ ਕਿ ਉਹ ਨੋਟ ਕਰਨ, ਉਹ ਇਹ ਹੈ। ਹੁਣ ਅਸੀਂ ਦੇਖਦੇ ਹਾਂ ਕਿ ਉਹ ਲੋਕਤੰਤਰ ਦੇ ਵਿਰੁਧ ਹਨ। ਪਰ ਸ੍ਰੀਮਾਨ ਜੀ, ਉਹ ਸਵੈਂ ਸ਼ਾਸਨ ਦੇ ਵਿਰੁਧ ਨਹੀ ਹੋ ਸਕਦੇ। ਆਖ਼ਰਕਾਰ, ਲੋਕਤੰਤਰ, ਤਾਨਾਸ਼ਾਹੀ, ਗਣਤੰਤਰਵਾਦ, ਇਹ ਸਾਰੇ ਸਰਕਾਰ ਦੇ ਰੂਪ ਹਨ। ਇਹ ਸਾਰੇ ਸਵੈ-ਸ਼ਾਸਨ ਹੇਠ ਆਉਂਦੇ ਹਨ। ਜਦੋਂ ਤੱਕ ਮਾਨਯੋਗ ਮੈਂਬਰ ਵਿਰੋਧੀ ਧਿਰ ਦੇ ਨੇਤਾ ਇਹ ਦ੍ਰਿਸ਼ਟੀਕੋਣ ਨਹੀਂ ਅਪਣਾਉਂਦੇ ਕਿ ਇਹ ਦੇਸ ਸਵੈ-ਸ਼ਾਸਨ ਦਾ ਹੱਕਦਾਰ ਨਹੀਂ ਹੈ, ਉਦੋਂ ਤੱਕ ਮੈਂ ਸਮਝਦਾ ਹਾਂ ਕਿ ਉਸ ਬਦਕਿਸਮਤ ਭਾਸ਼ਾ ਤੇ ਜ਼ਿਆਦਾ ਦੋਸ਼ ਨਹੀਂ ਲਗਾਇਆ ਜਾਣਾ ਚਾਹੀਦਾ, ਜਿਸ ਦੀ ਵਰਤੋਂ ਕੀਤੀ ਗਈ ਹੈ। ਆਖ਼ਰਕਾਰ ਉਹ ਸਾਡੇ ਨਾਲ ਹਨ।

ਅਤੇ, ਮੈਂ ਆਪਣੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਦੁਆਰਾ ਜ਼ੋਰ ਦੇ ਕੇ ਇਹ ਗੱਲ ਕਹਿਣੀ ਸਮਝਿਆ ਨਹੀਂ ਕਿ ਲੋਕਤੰਤਰ ਹੀ ਸਮੱਸਿਆ ਦਾ ਇਕੋ ਇਕ ਹੱਲ ਹੈ। ਤ੍ਰਿਪੁਰੀ ਕਾਂਗਰਸ ਵਿਚ ਮਾਨਯੋਗ ਪ੍ਰਧਾਨ ਮੰਤਰੀ ਦੇ ਦੋਸਤਾਂ ਦੇ ਭਾਸ਼ਣਾਂ ਨੂੰ ਮੈਂ ਯਾਦ ਕਰਦਾ ਹਾਂ। ਬਦਕਿਸਮਤੀ ਨਾਲ ਮੇਰੇ ਪਾਸ ਜੋ ਪੁਸਤਕ ਹੈ, ਮੈਂ ਉਸ ਨੂੰ ਅੱਜ ਲਿਆਉਣਾ ਭੁੱਲ ਗਿਆ, ਅਤੇ ਇਹ ਚੰਗਾ ਹੀ ਹੋਇਆ, ਕਿਉਂਕਿ ਮੇਰਾ ਸਮਾਂ ਬਚ ਗਿਆ। ਪਰ ਮੈਂ ਸਮਝਦਾ ਹਾਂ ਕਿ ਤ੍ਰਿਪੁਰੀ ਕਾਂਗਰਸ ਵਿਚ ਮਾਨਯੋਗ ਪ੍ਰਧਾਨ ਮੰਤਰੀ ਦੇ ਦੋਸਤ, ਪੰਡਿਤ ਗੋਵਿੰਦ ਵੱਲਭ ਪੰਤ, ਸ਼੍ਰੀ ਰਾਜਗੋਪਾਲਾਚਾਰੀ, ਪੰਡਿਤ ਜਵਾਹਰ ਲਾਲ ਨਹਿਰੂ, ਇਹ ਸਾਰੇ ਮਸੋਲਿਨੀ ਅਤੇ ਹਿਟਲਰ ਦੇ ਗੁਣ ਗਾ ਰਹੇ ਸਨ।

ਮਾਨਯੋਗ ਮੋਰਾਰਜੀ ਆਰ.ਦੇਸਾਈ : ਕਦੋਂ ?

ਡਾ. ਭੀਮਰਾਓ ਅੰਬੇਡਕਰ : ਜੇਕਰ ਜ਼ਰੂਰਤ ਹੋਵੇ ਤਾਂ ਮੈਂ ਅਧਿਆਇ ਅਤੇ ਉਸ ਅੰਸ਼ ਦਾ ਜ਼ਿਕਰ ਕਰਨ ਲਈ ਤਿਆਰ ਹਾਂ। ਅਸਲ ਵਿਚ ਮੈਂ ਕਿਤਾਬ ਲਿਆਉਣਾ ਚਾਹੁੰਦਾ ਸਾਂ, ਪਰ ਲਿਆਉਣਾ ਭੁੱਲ ਗਿਆ।

ਮਾਨਯੋਗ ਸ਼੍ਰੀ ਬੀ.ਜੀ.ਖੇੜ : ਮੈਂ ਉਥੇ ਮੌਜੂਦ ਸਾਂ ਅਤੇ ਮੈਂ ਭਾਸ਼ਣ ਸੁਣਿਆ। ਜੋ ਮਾਨਯੋਗ ਮੈਂਬਰ ਕਹਿ ਰਹੇ ਹਨ, ਉਹ ਠੀਕ ਨਹੀਂ ਹੈ।

ਡਾ.ਭੀਮਰਾਓ ਅੰਬੇਡਕਰ : ਮੈਨੂੰ ਅਫ਼ਸੋਸ ਹੈ ਮੈਂ ਕਿਤਾਬ ਆਪਣੇ ਨਾਲ ਨਹੀਂ ਲਿਆਇਆ। ਜੇਕਰ ਮੇਰੇ ਪਾਸ ਹੁੰਦੀ ਤਾਂ ਅਸੀਂ ਮਾਮਲੇ ਦਾ ਫ਼ੈਸਲਾ ਹੁਣੇ ਕਰ ਲਿਆ ਹੁੰਦਾ।

ਮਾਨਯੋਗ ਸਪੀਕਰ : ਇਸ ਵਾਸਤੇ ਹੁਣ ਸਮਾਂ ਨਹੀਂ ਹੈ।

ਡਾ.ਭੀਮਰਾਓ ਅੰਬੇਡਕਰ : ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਇਹ ਹੈ ਕਿ ਜਦੋਂ ਤੱਕ ਭਾਰਤ ਦੇ ਲੋਕਾਂ ਪਾਸ ਸਵੈ -ਸ਼ਾਸਨ ਹੈ, ਭਾਵੇਂ ਉਹ ਲੋਕਤੰਤਰ ਦਾ ਰੂਪ ਲੈ ਲਵੇ, ਭਾਵੇਂ ਤਾਨਾਸ਼ਾਹੀ ਦਾ, ਜਾਂ ਕੋਈ ਹੋਰ, ਇਹ ਵਿਸਥਾਰ ਵਿਚ ਜਾਣ ਦਾ ਮਾਮਲਾ ਹੈ। ਜਿਸ ਬਾਰੇ ਕੋਈ ਝਗੜਾ ਨਹੀਂ ਹੋਣਾ ਚਾਹੀਦਾ। ਇਸ ਲਈ ਮੇਰੀ ਬੇਨਤੀ ਇਹ ਹੈ ਕਿ ਉਸ ਮਤੇ ਤੇ ਵਿਚਾਰ ਕਰਦੇ ਸਮੇਂ ਜੋ, ਜਿਵੇਂ ਕਿ ਮੈਂ ਕਿਹਾ, ਕਿਸੇ ਹੱਦ ਤਕ ਬਦਕਿਸਮਤੀ ਨਾਲ, ਉਚਿਤ ਢੰਗ

ਨਾਲ ਨਹੀਂ ਲਿਖਿਆ ਗਿਆ, ਉਨ੍ਹਾਂ ਦੇ ਇਰਾਦੇ ਦਾ ਗ਼ਲਤ ਅਰਥ ਨਹੀਂ ਲਗਾਉਣਾ ਚਾਹੀਦਾ।

ਪ੍ਰੋਗਰੈਸਿਵ ਪਾਰਟੀ ਵਲੋਂ ਪੇਸ਼ ਕੀਤੀ ਗਈ ਸੋਧਨਾ ਬਾਰੇ ਮੈਂ ਇਹ ਕਹਿਣ ਵਿਚ ਪ੍ਰਧਾਨ ਮੰਤਰੀ ਦੇ ਨਾਲ ਹਾਂ ਕਿ ਉਸ ਸੋਧਨਾ ਲਈ ਜੋ ਉਨ੍ਹਾਂ ਨੇ ਪੇਸ਼ ਕੀਤੀ, ਉਨ੍ਹਾਂ ਦਾ ਅਭਿਨੰਦਨ ਹੋਣਾ ਚਾਹੀਦਾ ਹੈ ਅਤੇ ਮੈਂ ਉਨ੍ਹਾਂ ਦੇ ਪ੍ਰਸਤਾਵ ਦੇ ਮੁੱਖ ਆਧਾਰ ਨਾਲ ਸਹਿਮਤ ਹਾਂ। ਐਪਰ ਇਕ ਸੋਧਨਾ ਹੈ ਜਿਸ ਦਾ ਮੈਂ ਫੇਰ ਵੀ ਕੋਈ ਸਮਰਥਨ ਨਹੀਂ ਕਰ ਸਕਦਾ, ਅਤੇ ਉਹ ਅਸਲ ਵਿਚ ਇਹ ਕਹਿੰਦੀ ਹੈ ਕਿ ਮੰਤਰੀ-ਮੰਡਲ ਦੇ ਅਸਤੀਫ਼ੇ ਨੂੰ ਜਾਂ ਉਸ ਵਰਗੀ ਕਿਸੇ ਹੋਰ ਚੀਜ਼ ਦੇ ਇਰਾਦੇ ਨੂੰ ਸਦਨ ਪ੍ਰਵਾਨਗੀ ਦੇਵੇ। ਸ੍ਰੀਮਾਨ ਜੀ, ਹੁਣ ਮੈਨੂੰ ਜੋ ਕਹਿਣਾ ਚਾਹੀਦਾ ਹੈ ਉਹ ਇਹ ਹੈ: ਮੇਰੇ ਮਾਨਯੋਗ ਮਿੱਤਰ ਪ੍ਰਧਾਨ ਮੰਤਰੀ ਇਸ ਨਾਲ ਸਹਿਮਤ ਹੋਣਗੇ, ਉਹ ਉਨੇ ਹੀ ਚੰਗੇ ਸਿਆਸਤਾਦਨ ਹਨ ਜਿੰਨਾ ਕੋਈ ਸਿਆਸਤਾਨ ਹੋ ਸਕਦਾ ਹੈ-ਕਿ ਇਹ ਮਾਮਲਾ ਅਸਲ ਵਿਚ ਉਨ੍ਹਾਂ ਦੀ ਪਾਰਟੀ ਦੀ ਚੌਕੜੀ ਲਈ ਹੈ। ਇਹ ਸਦਨ ਦੇ ਫ਼ੈਸਲੇ ਦਾ ਮਾਮਲਾ ਨਹੀਂ ਹੈ। ਮੰਤਰੀ-ਮੰਡਲ ਨੂੰ ਭੰਗ ਹੋਣਾ ਚਾਹੀਦਾ ਹੈ ਜਾਂ ਨਹੀਂ, ਇਹ ਮਾਮਲਾ ਪੂਰੀ ਤਰ੍ਹਾਂ ਉਨ੍ਹਾਂ ਦੀ ਪਾਰਟੀ ਵਾਸਤੇ ਹੈ। ਉਹ ਇਸ ਦੇ ਭੰਗ ਹੋਣ ਲਈ ਮੇਰਾ ਸਮਰਥਨ ਕਿਉਂ ਚਾਹੁੰਦੇ ਹਨ ?

ਮਾਨਯੋਗ ਸ੍ਰੀ ਬੀ.ਜੀ.ਖੇੜ : ਮੈਂ ਇਹ ਨਹੀਂ ਚਾਹੁੰਦਾ।

ਡਾ.ਭੀਮਰਾਓ ਅੰਬੇਡਕਰ : ਉਨ੍ਹਾਂ ਨੂੰ ਇਸ ਦੀ ਲੋੜ ਕੀ ਹੈ ? ਮੈਂ ਉਨ੍ਹਾਂ ਅੱਗੇ ਦੂਜੀ ਪਹੇਲੀ ਰੱਖਦਾ ਹਾਂ। ਮੰਨ ਲਉ ਮੈਂ ਇਹ ਆਖਣ ਲਈ ਇਕ ਸੋਧਨਾ ਲਿਆਉਂਦਾ ਹਾਂ ਕਿ ਜਦ ਤਕ ਮੈਂ ਮੰਤਰੀ ਮੰਡਲ ਨੂੰ ਸੱਦਾ ਨਹੀਂ ਦਿੰਦਾ ਉਦੋਂ ਤਕ ਮੰਤਰੀ-ਮੰਡਲ ਨੂੰ ਵਾਪਸ ਨਹੀਂ ਆਉਣਾ ਚਾਹੀਦਾ। ਕੀ ਉਹ ਇਸ ਨੂੰ ਸਵੀਕਾਰ ਕਰ ਲੈਣਗੇ ? ਮੈਨੂੰ ਯਕੀਨ ਹੈ ਕਿ ਉਹ ਆਪਣੇ ਆਪ ਨੂੰ ਇਸ ਗੱਲ ਨਾਲ ਨਹੀਂ ਜੋੜਨਗੇ। ਜੇਕਰ ਤੁਸੀਂ ਹਟਣ ਲਈ ਮੇਰੀ ਪਰਵਾਨਗੀ ਚਾਹੁੰਦੇ ਹੋ, ਤਾਂ ਇਹ ਮੇਰੇ ਵਾਸਤੇ ਕੁਝ ਸਨਮਾਨ ਹੋਵੇਗਾ, ਜੇਕਰ ਤੁਸੀਂ ਦੁਬਾਰਾ ਮੇਰੀ ਪਰਵਾਨਗੀ ਤੇ ਹੀ ਪ੍ਰਵੇਸ਼ ਕਰੋਗੇ। ਪਰ ਤੁਸੀਂ ਅਜਿਹਾ ਨਹੀਂ ਕਰੋਗੇ, ਅਤੇ ਮੇਰੀ ਅੰਤਰ ਆਤਮਾ ਕਹਿੰਦੀ ਹੈ ਕਿ ਮੈਂ ਸੋਧਨਾ ਦਾ ਵਿਰੋਧ ਕਰਾਂ।

ਸ੍ਰੀਮਾਨ ਜੀ, ਮੈਂ ਆਪ ਜੀ ਦਾ ਮੈਨੂੰ ਦਿੱਤੀ ਗਈ ਰਿਆਇਤ ਲਈ ਧੰਨਵਾਦ ਕਰਦਾ ਹਾਂ। (ਤਾੜੀਆਂ) !

ਮਾਨਯੋਗ ਸਪੀਕਰ : ਮੈਂ ਥੋੜ੍ਹਾ ਸਮਾਂ ਲੈਣ ਦੀ ਅਪੀਲ ਕਰਦਾ ਹਾਂ। ਮਾਨਯੋਗ ਮੈਂਬਰ ਡਾ.ਅੰਬੇਡਕਰ ਨੇ ਡੇਢ ਘੰਟੇ ਦਾ ਸਮਾਂ ਲਿਆ ਹੈ। ਮੈਂ ਆਸ ਕਰਦਾ ਹਾਂ ਕਿ ਦੂਜੇ ਮਾਨਯੋਗ ਮੈਂਬਰ ਥੋੜ੍ਹਾ ਸਮਾਂ ਲੈਣਗੇ।

ਡਾ.ਭੀਮਰਾਓ ਅੰਬੇਡਕਰ : ਸ੍ਰੀਮਾਨ ਜੀ, ਮੈਂ ਮਾਫ਼ੀ ਚਾਹੁੰਦਾ ਹਾਂ।

*III

ਮਾਨਯੋਗ ਸ੍ਰੀ ਬੀ. ਜੀ. ਖੇੜ, : ਜਿੰਨੀ ਛੇਤੀ ਆਪ ਕਹੋਗੇ ਮੈਂ ਉਨੀ ਛੇਤੀ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗਾ।

ਸ੍ਰੀਮਾਨ ਜੀ, ਮੈਂ ਉਨ੍ਹਾਂ ਸਭ ਵਿਸ਼ਿਆਂ ਤੇ ਵਿਚਾਰ ਪ੍ਰਗਟ ਨਹੀਂ ਕਰਾਂਗਾ ਜਿਨ੍ਹਾਂ ਤੇ ਡਾਕਟਰ ਸਾਹਿਬ ਨੇ ਚਰਚਾ ਕੀਤੀ ਹੈ। ਮੈਂ ਉਨ੍ਹਾਂ ਨਾਲ ਸਹਿਮਤ ਹਾਂ। ਮੈਂ ਮੰਨਦਾ ਹਾਂ ਕਿ ਹਰੀਜਨਾਂ ਨਾਲ ਕੀਤੀਆਂ ਗਈਆਂ ਬੇਇਨਸਾਫ਼ੀਆਂ ਜਾਂ ਵਧੀਕੀਆਂ ਬਾਰੇ ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਹ ਸਭ ਸਹੀ ਹੈ। ਕਿਉਂਕਿ ਇਸ ਦੇਸ ਵਿਚ ਉਸ ਦੇ ਫ਼ਿਰਕੇ ਦੇ ਲੋਕਾਂ ਨਾਲ ਬੇਇਨਸਾਫ਼ੀਆਂ ਹੁੰਦੀਆਂ ਹਨ, ਉਨ੍ਹਾਂ ਦੀਆਂ ਸਾਰੀਆਂ ਉਦਾਹਰਨਾਂ ਤੋਂ ਇਨਕਾਰ ਕਰਨਾ ਮੇਰੇ ਮਨੋਰਥ ਲਈ ਲਾਜ਼ਮੀ ਨਹੀਂ। ਦਰਅਸਲ ਇਹੋ ਸਾਰੀਆਂ ਗੱਲਾਂ ਹਨ ਜਿਨ੍ਹਾਂ ਨੂੰ ਸੁਧਾਰਨ ਲਈ ਅਸੀਂ ਚਿਰਾਂ ਤੋਂ ਆਪਣੀ ਸਮਰੱਥਾ ਅਨੁਸਾਰ ਕੋਸ਼ਿਸ਼ਾਂ ਕਰਦੇ ਆ ਰਹੇ ਹਾਂ।

ਮਾਨਯੋਗ ਮੈਂਬਰ ਨੇ ਇਹ ਨਹੀਂ ਦਸਿਆ ਕਿ ਇਸ ਦਾ ਇਲਾਜ ਕੀ ਹੈ ? ਉਨ੍ਹਾਂ ਦੇ ਆਪਣੇ ਲੰਮੇ ਭਾਸ਼ਣ ਵਿਚ ਇਸ ਗੱਲ ਦੀ ਕਮੀ ਰਹਿ ਗਈ ਹੈ। ਜਿਵੇਂ ਕਿ ਦੂਜੇ ਵਕਤਾਵਾਂ ਨੇ ਵੀ ਜ਼ਿਕਰ ਕੀਤਾ ਹੈ, ਭਾਵੇ ਉਹ ਸੰਗਮਨੇਰ ਮੁਕਦਮੇ ਦਾ ਫ਼ੈਸਲਾ ਸੀ ਜਾਂ ਇਥੇ ਪੜ੍ਹ ਕੇ ਸੁਣਾਏ ਗਏ ਸੈਂਕੜੇ ਮਾਮਲੇ, ਇਸ ਦਾ ਇਕੋ ਇਲਾਜ ਇਹ ਹੈ ਕਿ ਸਾਡੇ ਇਥੇ ਸਹੀ ਢੰਗ ਦੀ ਸਰਕਾਰ ਹੋਵੇ, ਅਤੇ ਉਹ ਸਰਕਾਰ ਸਿਰਫ਼ ਲੋਕਰਾਜੀ ਕਿਸਮ ਦੀ ਹੀ ਹੋ ਸਕਦੀ ਹੈ ਜਿਸ ਵਿਚ ਘਟ-ਗਿਣਤੀਆਂ ਦੀ ਸੁਰੱਖਿਆ ਦੇ ਉਪਾਅ ਕੀਤੇ ਹੋਣ। ਇਹ ਅਜਿਹਾ ਨੁਕਤਾ ਹੈ ਜਿਸ ਦੀ ਅਸੀਂ ਹਾਮੀ ਭਰਦੇ ਹਾਂ। ਸ੍ਰੀਮਾਨ ਜੀ, ਅਸੀਂ ਮਾਨਯੋਗ ਮੈਂਬਰ ਦੁਆਰਾ ਇਹ ਕਹਿਣ ਦੇ ਬੜੇ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਅਲਸਟਰ ਲੋਕਾਂ ਵਾਂਗੂੰ ਇਹ ਨਹੀਂ ਕਿਹਾ "ਭੱਠ ਪੈਣ ਤੁਹਾਡੇ ਰੱਖਿਆ ਉਪਾਅ, ਮੈਨੂੰ ਤੁਹਾਡਾ ਰਾਜ ਨਹੀਂ ਚਾਹੀਦਾ।" ਮੈਂ ਉਨ੍ਹਾਂ ਦੀ ਇਸ ਗਲੋਂ ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਅਜਿਹਾ ਕਹਿਣਾ ਵੀ ਨਹੀਂ ਸੀ, ਪਰ ਮੈਂ ਉਨ੍ਹਾਂ ਦੇ ਉਸ ਬਿਆਨ ਨਾਲ ਸਹਿਮਤ ਨਹੀਂ ਹਾਂ ਜੋ ਉਨ੍ਹਾਂ ਨੇ ਦਿਤਾ ਅਤੇ ਹੈ ਜਿਸ ਵਿਚ ਉਨ੍ਹਾਂ ਨੂੰ ਪੂਰੀ ਇਮਾਨਦਾਰੀ ਨਾਲ ਵਿਸ਼ਵਾਸ਼ ਹੈ। ਉਨ੍ਹਾਂ ਨੇ ਕਿਹਾ: "ਮੈਂ ਖ਼ੁਦ ਅਤੇ ਦੇਸ ਵਿਚੋਂ ਦੇਸ ਨੂੰ ਪਹਿਲ ਦੇਵਾਂਗਾ!" ਇਸ ਵਿਸ਼ੇ ਤੇ ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ ਅਤੇ ਉਨ੍ਹਾਂ ਦੇ ਕਹੇ ਹਰ ਇਕ ਸ਼ਬਦ ਨੂੰ ਪ੍ਰਗਟ ਕਰਾਂਗਾ। ਮੈਂ ਮਾਨਯੋਗ ਮੈਂਬਰ ਦੀ ਜੀਵਨੀ ਅਤੇ ਜੀਵਨ ਕ੍ਰਮ ਤੋਂ ਪੂਰੀ ਤਰ੍ਹਾਂ ਜਾਣੂ ਹਾਂ ਅਤੇ ਕਹਿ ਸਕਦਾ ਹਾਂ ਕਿ ਇਹ ਬਿਲਕੁਲ ਸਹੀ ਹੈ ਕਿ ਦੇਸ਼ ਦੀ ਖ਼ਾਤਰ ਉਹ ਸਦਾ ਆਪਣੀ ਜ਼ਾਤੀ ਤਰੱਕੀ ਨੂੰ ਦੂਜਾ ਦਰਜਾ ਦਿੰਦੇ ਰਹੇ ਹਨ! ਉਨ੍ਹਾਂ ਨੇ ਅੱਗੇ ਕਿਹਾ ਹੈ ਕਿ ਦਲਿਤ ਵਰਗ ਅਤੇ ਦੇਸ ਵਿਚਕਾਰ ਉਹ ਦਲਿਤ ਵਰਗ ਨੂੰ ਹੀ ਤਰਜੀਹ ਦੇਣਗੇ।

ਡਾਕਟਰ ਭੀਮ ਰਾਓ ਅੰਬੇਡਕਰ : ਨਿਸ਼ਚੇ ਹੀ !

---

* ਬੰਬਈ ਵਿਧਾਨ ਸਭਾ ਵਾਦ-ਵਿਵਾਦ, ਜਿਲਦ 7, ਪੰਨਾ 2130 ਮਿਤੀ 27.10.1939

ਮਾਨਯੋਗ ਬੀ.ਜੀ.ਖੇੜ : ਉਨ੍ਹਾਂ ਨੇ ਕਿਹਾ ਹੈ : ਉਹ ਇਸ ਤੋਂ ਇਨਕਾਰ ਨਹੀਂ ਕਰ ਰਹੇ ! ਮੇਰਾ ਮਤਭੇਦ ਉਨ੍ਹਾਂ ਦੇ ਉਸ ਬਿਆਨ ਨਾਲ ਹੈ, ਕਿਉਂਜੋ ਕੋਈ ਅੰਸ਼ ਕਿਸੇ ਸੰਪੂਰਨ ਵਸਤੂ ਤੋਂ ਵੱਡਾ ਨਹੀਂ ਹੋ ਸਕਦਾ। ਅੰਸ਼ਨੂੰ ਸੰਪੂਰਨ ਵਸਤੂ ਦਾ ਹੀ ਭਾਗ ਹੁੰਦਾ ਹੈ।

ਡਾਕਟਰ ਬੀ.ਆਰ.ਆਰ ਅੰਬੇਡਕਰ : ਮੈਂ ਸੰਪੂਰਨ ਦਾ ਅੰਸ਼ ਨਹੀਂ ਹਾਂ। ਮੈਂ ਉਸ ਤੋਂ ਅੱਡ ਇੱਕ ਅੰਸ਼ ਹਾਂ।

ਅੰਤਿਕਾ 1

ਸੰਤਾਨ ਸੰਜਮ ਦੇ ਉਪਾਅ*

ਸ਼੍ਰੀ ਪੀ.ਜੇ.ਰੋਹਮ (ਅਹਿਮਦਨਗਰ ਦੱਖਣ): ਸ੍ਰੀਮਾਨ ਜੀ, ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ: "ਇਹ ਸਭਾ ਪਰਿਵਾਰ ਇਕਾਈਆਂ ਨੂੰ ਸੀਮਿਤ ਰੱਖਣ ਦੀ ਫ਼ੌਰੀ ਜ਼ਰੂਰਤ ਨੂੰ ਧਿਆਨ ਵਿਚ ਰਖਦਿਆਂ, ਸਰਕਾਰ ਨੂੰ ਸਿਫ਼ਾਰਸ਼ ਕਰਦੀ ਹੈ ਕਿ ਇਸ ਪ੍ਰਾਂਤ ਦੀ ਜਨਤਾ ਵਿਚ ਸੰਤਾਨ ਸੰਜਮ ਲਈ ਸਰਕਾਰ ਨੂੰ ਚੋਖਾ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਜਨਮ ਤੇ ਵਸੀਕਾਰ ਨੂੰ ਅਪਣਾਉਣ ਲਈ ਉਚਿਤ ਸਹੂਲਤਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ।"

ਪ੍ਰਸ਼ਨ ਪ੍ਰਸਤਾਵਿਤ।

ਸ਼੍ਰੀ ਪੀ.ਜੇ.ਰੋਹਮ (ਸਦਨ ਨੂੰ ਮਰਾਠੀ ਵਿਚ ਸੰਬੋਧਨ ਕੀਤਾ): ਸਿਖਿਅਤ ਵਰਗ ਨੇ ਸੰਤਾਨ ਸੰਜਮ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ ਅਤੇ ਖ਼ੁਸ਼ਕਿਸਮਤੀ ਨਾਲ ਸਾਡੇ ਦੇਸ ਦੇ ਨੇਤਾ ਵੀ ਇਸ ਵਿਸ਼ੇ ਤੇ ਇਕ-ਮੱਤ ਹਨ। ਪੰਡਿਤ ਜਵਾਹਰ ਲਾਲ ਨਹਿਰੂ, ਸਰ ਰਵਿੰਦਰ ਨਾਥ ਟੈਗੋਰ ਅਤੇ ਸ੍ਰੀਮਤੀ ਸਰੋਜਨੀ ਨਾਇਡੂ ਸੰਤਾਨ ਸੰਜਮ ਅੰਦੋਲਨ ਦੀ ਮਹਤਤਾ ਅਤੇ ਜ਼ਰੂਰਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਗਰਭ ਨਿਰੋਧਕ ਉਪਾਵਾਂ ਦੇ ਹੱਕ ਵਿਚ ਵੀ ਹਨ। ਭਾਰਤੀ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਬਾਬੂ ਸੁਭਾਸ਼ ਚੰਦਰ ਬੋਸ ਨੇ ਵੀ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਇਹ ਕਿਹਾ ਸੀ:

"ਜੇਕਰ ਸਾਡੀ ਆਬਾਦੀ ਇਸੇ ਤਰ੍ਹਾਂ ਹੀ ਦਿਨ ਦੁਗਣੀ ਰਾਤ ਚੌਗੁਣੀ ਰਫ਼ਤਾਰ ਨਾਲ ਵਧਦੀ ਗਈ, ਜਿਵੇਂ ਕਿ ਪਿਛੇ ਵਧਦੀ ਰਹੀ ਹੈ, ਤਾਂ ਇਸ ਗਲ ਦੀ ਸੰਭਾਵਨਾ ਹੈ ਕਿ ਸਾਡੀਆਂ ਯੋਜਨਾਵਾਂ ਫ਼ੇਲ੍ਹ ਹੋ ਜਾਣ।"

ਬਹੁਤ ਚਿਰ ਪਹਿਲਾਂ ਮਹਾਤਮਾ ਗਾਂਧੀ ਨੇ ਇਹ ਲਿਖਿਆ ਸੀ:

"ਮੈਂ ਪਾਠਕਾਂ ਤੋਂ ਦੁਖ ਨੂੰ ਛਿਪਾਉਣਾ ਨਹੀਂ ਚਾਹੁੰਦਾ ਜੋ ਮੈਨੂੰ ਦੇਸ ਵਿਚ ਜਨਮ ਸਬੰਧੀ ਸੂਚਨਾ ਮਿਲਣ ਤੇ ਹੋਇਆ ਹੈ।"

ਬਹੁਤ ਹੀ ਘਟ ਲੋਕਾਂ ਨੂੰ ਉਸ ਅਸੀਮ ਨੁਕਸਾਨ ਦਾ ਅੰਦਾਜ਼ਾ ਹੋਵੇਗਾ ਕਿਹੜਾ ਕਿ ਸਰੀਰਕ, ਮਾਨਸਿਕ ਜਾਂ ਆਰਥਿਕ ਰੂਪ ਵਿਚ ਅਪਹਾਜ ਲੋਕਾਂ ਦੇ ਪੈਦਾ ਹੋਏ ਬਚਿਆਂ ਨੂੰ

---

* ਸ਼੍ਰੀ ਪੀ. ਜੇ. ਰੋਹਮ ਦਾ ਦਿਤਾ ਹੋਇਆ ਭਾਸ਼ਣ: ਉਨ੍ਹਾਂ ਨੇ ਸਪਸ਼ਟ ਤੌਰ ਤੇ ਕਿਹਾ ਹੈ ਕਿ ਇਹ ਭਾਸ਼ਣ ਹਰ ਪੱਖੋਂ ਡਾਕਟਰ ਅੰਬੇਡਕਰ ਦੁਆਰਾ ਆਪਣੇ ਭਾਸ਼ਣ ਲਈ ਤਿਆਰ ਕੀਤੇ ਗਏ ਨੁਕਤਿਆਂ ਤੇ ਆਧਾਰਤਿ ਹੈ ਅਤੇ ਡਾਕਟਰ ਅੰਬੇਡਕਰ ਹੀ ਇਸ ਭਾਸ਼ਣ ਦੇ ਜਨਮਦਾਤਾ ਹਨ। ਸ੍ਰੀ ਰੋਹਮ ਇਹ ਵੀ ਕਹਿੰਦੇ ਹਨ ਕਿ ਡਾਕਟਰ ਅੰਬੇਡਕਰ ਨੇ ਇਹ ਭਾਸ਼ਣ ਲਈ ਉਨ੍ਹਾਂ ਨੂੰ ਵਧਾਈ ਦਿਤੀ ਜਿਸ ਨੂੰ ਉਨ੍ਹਾਂ ਨੇ ਸਦਨ ਵਿਚ ਦੇਣ ਲਈ ਸੋਚਿਆ ਸੀ ਪਰ ਉਸ ਦਿਨ, ਯਾਨੀ 10 ਨਵੰਬਰ 1938 ਨੂੰ ਸਦਨ ਵਿਚ ਗ਼ੈਰ-ਹਾਜ਼ਰ ਹੋਣ ਕਰਕੇ ਭਾਸ਼ਣ ਦੇ ਨਹੀਂ ਸਕੇ। ਬੰਬਈ ਵਿਧਾਨ ਸਭਾ ਵਾਦ-ਵਿਵਾਦ, ਜਿਲਦ 4 (ਭਾਗ 3) ਪੰਨੇ 4024-38 ਮਿਤੀ 10 ਨਵੰਬਰ 1938.

ਉਠਾਉਣਾ ਪੈਂਦਾ ਹੈ। ਇਸ ਤੋਂ ਮਾਪਿਆਂ ਅਤੇ ਸਮਾਜ ਦੋਹਾਂ ਨੂੰ ਹੀ ਬਹੁਤ ਨੁਕਸਾਨ ਉਠਾਉਣਾ ਪੈਂਦਾ ਹੈ ।ਅਜਿਹੇ ਬਚਿਆਂ ਦੀ ਪੈਦਾਇਸ਼ ਤੇ ਰੋਕਥਾਮ ਨਾਲ ਜਣੇਪੇ ਅਤੇ ਜਣੇਪੇ ਨਾਲ ਸਬੰਧਤ ਰੋਗਾਂ ਤੋਂ ਮਰਨ ਵਾਲੀਆਂ ਮਾਤਾਵਾਂ ਦੀ ਮ੍ਰਿਤੂ ਦਰ ਅਤੇ ਬਾਲ ਮ੍ਰਿਤੂ ਦਰ ਵਿਚ ਭਾਰੀ ਕਮੀ ਆਵੇਗੀ। ਜ਼ਿੰਦਗੀ ਦੀਆਂ ਮੁੱਖ ਜ਼ਰੂਰਤਾਂ ਤੱਕ ਦੀ ਕਮੀ ਤੋਂ ਵੀ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਦੂਰ ਕਰਕੇ ਆਮ ਲੋਕਾਂ ਦੀ ਸਿਹਤ ਵਿਚ ਸੁਧਾਰ ਆਵੇਗਾ। ਬਹੁਤ ਜ਼ਿਆਦਾ ਗ਼ਰੀਬੀ ਦੇ ਕਾਰਨ ਲੋਕਾਂ ਦੁਆਰਾ ਕੀਤੇ ਜਾਣ ਵਾਲੇ ਅਪਰਾਧਾਂ ਵਿਚ ਵੀ ਕਮੀ ਆਵੇਗੀ ਅਤੇ ਇਸ ਦੇ ਨਾਲ ਹੀ ਰੂਹਾਨੀ ਤਰੱਕੀ ਦੇ ਸੰਪੂਰਨ ਮੌਕੇ ਉਪਲਬੱਧ ਹੋਣ ਨਾਲ ਸਮਾਜ ਦੀ ਸਰਬ-ਪੱਖੀ ਉੱਨਤੀ ਹੋਵੇਗੀ।

ਮੌਜੂਦਾ ਜੀਵਨ ਦਾ ਕਠਿਨ ਸੰਘਰਸ਼ ਬਹੁਤ ਸਾਰੇ ਲੋਕਾਂ ਦਾ ਸਮੇਂ ਸਿਰ ਵਿਆਹ ਨਹੀਂ ਹੋਣ ਦਿੰਦਾ ਜਿਸ ਕਰਕੇ ਉਨ੍ਹਾਂ ਨੂੰ ਅਨੇਕਾਂ ਬਿਮਾਰੀਆਂ ਜਾਂ ਬੁਰੀਆਂ ਆਦਤਾਂ ਦਾ ਸ਼ਿਕਾਰ ਹੋਣ ਦਾ ਖ਼ਤਰਾ ਹੁੰਦਾ ਹੈ। ਬਿਮਾਰੀ ਦੀ ਹਾਲਤ ਵਿਚ ਅਨੇਕਾਂ ਬਿਮਾਰੀਆਂ ਜਾਂ ਬੁਰੀਆਂ ਆਦਤਾਂ ਦਾ ਸ਼ਿਕਾਰ ਹੋਣ ਦਾ ਖ਼ਤਰਾ ਹੁੰਦਾ ਹੈ। ਬਿਮਾਰੀ ਦੀ ਹਾਲਤ ਵਿਚ ਅਨੇਕਾਂ ਇਸਤਰੀਆਂ ਜ਼ਿਆਦਾ ਗਿਣਤੀ ਵਿਚ ਅਤੇ ਛੇਤੀ ਛੇਤੀ ਬੱਚੇ ਪੈਦਾ ਕਰਕੇ ਜੀਵਨ ਭਰ ਲਈ ਨਾਕਾਰਾ ਹੋ ਜਾਂਦੀਆਂ ਹਨ, ਅਤੇ ਕੁਝ ਤਾਂ ਆਪਣੀ ਜਾਨ ਤੋਂ ਵੀ ਹੱਥ ਧੋ ਬਹਿੰਦੀਆਂ ਹਨ।ਅਣਚਾਹੀ ਸੰਤਾਨ ਦੀ ਰੋਕਥਾਮ ਦੇ ਮੰਤਵ ਨਾਲ ਗਰਭਪਾਤ ਕਰਾਉਣ ਦੀਆਂ ਕੋਸ਼ਿਸ਼ਾਂ ਨਾਲ ਬਹੁਤ ਇਸਤਰੀਆਂ ਦੀਆਂ ਜਾਨਾਂ ਜਾਂਦੀਆਂ ਹਨ।ਅਣਚਾਹੇ ਬੱਚੇ ਆਮ ਤੌਰ ਤੇ ਮਾਵਾਂ ਦੁਆਰਾ ਅਣਗੌਹਲੇ ਰਹਿੰਦੇ ਹਨ ।ਇਸੇ ਕਾਰਨ ਉਹ ਹੋਰ ਕੁਝ ਨਹੀਂ ਤਾਂ ਸਮਾਜ ਤੇ ਬੋਝ ਬਣ ਕੇ ਰਹਿ ਜਾਂਦੇ ਹਨ।ਅੱਗੇ ਚਲ ਕੇ ਇਹਨਾਂ ਰੋਗੀਆਂ ਦੇ ਨੁਕਸਦਾਰ ਬਚਿਆਂ ਦੇ ਵਾਧੇ ਨਾਲ ਸਮਾਜ ਦੀ ਹਾਲਤ ਹੋਰ ਵੀ ਵਿਗੜ ਜਾਂਦੀ ਹੈ। ਸੰਤਾਨ ਸੰਜਮ ਹੀ ਇਕੋ ਇਕ ਉਤਮ ਉਪਾਅ ਹੈ ਜਿਹੜਾ ਇਨ੍ਹਾਂ ਸਾਰੇ ਸੰਕਟਾਂ ਤੋਂ ਛੁਟਕਾਰਾ ਦਿਲਾ ਸਕਦਾ ਹੈ।ਜਦੋਂ ਕੋਈ ਵੀ ਔਰਤ ਕਿਸੇ ਕਾਰਨ ਬੱਚਾ ਪੈਦਾ ਨਹੀਂ ਕਰਨਾ ਚਾਹੁੰਦੀ ਤਾਂ ਉਸ ਨੂੰ ਗਰਭ ਰੋਕਣ ਅਤੇ ਬੱਚਾ ਨਾ ਜਣਨ ਦੇ ਸਮਰੱਥ ਹੋਣਾ ਚਾਹੀਦਾ ਹੈ ਅਤੇ ਬੱਚੇ ਦਾ ਜਨਮ ਉਸ ਦੀ ਆਪਣੀ ਚੋਣ ਤੇ ਨਿਰਭਰ ਹੋਣਾ ਚਾਹੀਦਾ ਹੈ।ਬੇਲੋੜੀ ਔਲਾਦ ਵਿਚ ਵਾਧੇ ਨਾਲ ਸਮਾਜ ਦਾ ਕੋਈ ਲਾਭ ਨਹੀਂ ਹੋਣ ਵਾਲਾ ।ਮਾਂ-ਬਾਪ ਦੀ ਇੱਛਾ ਅਨੁਸਾਰ ਪੈਦਾ ਹੋਈ ਔਲਾਦ ਹੀ ਸਮਾਜ ਲਈ ਲਾਹੇਵੰਦੀ ਅਤੇ ਹਿਤਕਾਰੀ ਹੋਵੇਗੀ। ਇਸ ਵਾਸਤੇ ਹਰ ਇਕ ਔਰਤ ਨੂੰ ਇਸ ਯੋਗ ਬਣਾਉਣਾ ਚਾਹੀਦਾ ਹੈ ਕਿ ਉਹ ਆਸਾਨੀ ਨਾਲ ਗਰਭ ਰੋਕ ਸਕੇ।

ਗ਼ਰੀਬੀ ਹੀ ਅਨੈਤਿਕਤਾ ਦੀ ਜਨਮਦਾਤਾ ਹੈ। 1931 ਵਿਚ ਵੀਆਨਾ ਦੇ ਸੰਮੇਲਨ ਵਿਚ ਡਾਕਟਰ ਟਾਂਡਲਰ ਦੁਆਰਾ ਪੜ੍ਹੇ ਲੇਖ ਦੀ ਨਿਮਨਲਿਖਿਤ ਟੂਕ ਰਿਹਾਇਸ਼ੀ ਥਾਂ ਦੀ ਘਾਟ ਦੇ ਬੁਰੇ ਨਤੀਜਿਆਂ ਨੂੰ ਸਪਸ਼ਟ ਕਰੇਗੀ: ਪ੍ਰੋਫੈਸਰ ਨੇ ਕਿਹਾ ਸੀ-

"ਜਰਮਨੀ ਵਿਚ ਔਸਤਨ ਹਰ ਇਕ ਪਰਵਾਰ ਨੂੰ ਇਕ, ਫ਼ਰਾਂਸ ਵਿਚ ਢਾਈ ਅਤੇ ਇੰਗਲੈਂਡ ਵਿਚ ਤਿੰਨ ਕਮਰੇ ਮਿਲਦੇ ਹਨ।1925 ਵਿਚ, ਬਰਲਿਨ ਵਿਚ ਪਚ੍ਹੱਤਰ ਹਜ਼ਾਰ

ਪਰਵਾਰਾਂ ਕੋਲ ਆਪਦੇ ਮਕਾਨ ਨਹੀਂ ਸਨ। ਇਸ ਦੇ ਫਲਸਰੂਪ ਬਚੇ ਬਾਲਗਾਂ ਨਾਲ ਨਾ ਸਿਰਫ਼ ਇਕੋ ਕਮਰੇ ਵਿਚ, ਸਗੋਂ ਇਕੋ ਹੀ ਬਿਸਤਰੇ ਤੇ ਸੌਂਦੇ ਹਨ। ਬਹੁਤ ਜ਼ਿਆਦਾ ਭੀੜ ਅਤੇ ਗੰਦੀ ਰਿਹਾਇਸ਼ੀ ਥਾਂ ਕਾਰਨ ਬਹੁਤ ਸਾਰੇ ਬਚਿਆਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ। ਪੂਰੇ ਪਰਵਾਰ ਲਿੰਗੀ ਰੋਗਾਂ ਤੋਂ ਪੀੜਤ ਹਨ। ਲੜਕੀਆਂ ਜਵਾਨੀ ਦੀ ਦਲ੍ਹੀਜ਼ ਤੇ ਪੁਜਣ ਤੋਂ ਪਹਿਲਾਂ ਹੀ ਸੰਭੋਗ ਦਾ ਸ਼ਿਕਾਰ ਹੋ ਜਾਂਦੀਆਂ ਹਨ। ਮਾਪਿਆਂ ਅਤੇ ਬਚਿਆਂ ਵਿਚਕਾਰ ਅਤੇ ਭੈਣਾਂ ਭਰਾਵਾਂ ਵਿਚਕਾਰ ਆਮ ਤੌਰ ਤੇ ਸਰੀਰਕ ਸਬੰਧ ਸਥਾਪਿਤ ਹੋ ਜਾਂਦੇ ਹਨ। ਲੜਕੇ ਚੋਰੀ ਕਰਨਾ ਸਿਖਦੇ ਹਨ ਅਤੇ ਲੜਕੀਆਂ ਵੇਸਵਾਵਾਂ ਬਣ ਜਾਂਦੀਆਂ ਹਨ। ਇਹੋ ਹਾਲਤ ਵੀਆਨਾ ਵਿਚ ਵੀ ਹੈ। 1919 ਵਿਚ ਕਿਰਾਏ ਤੇ ਦਿਤੇ ਗਏ ਮਕਾਨਾਂ ਵਿਚੋਂ 10 ਪ੍ਰਤੀਸ਼ਤ ਲੋਕਾਂ ਪਾਸ ਸਿਰਫ਼ ਇਕ ਛੋਟਾ ਕਮਰਾ, 37 ਪ੍ਰਤੀਸ਼ਤ ਕੋਲ ਇਕ ਵੱਡਾ ਕਮਰਾ ਅਤੇ 23 ਪ੍ਰਤੀਸ਼ਤ ਕੋਲ ਇਕ ਛੋਟਾ ਅਤੇ ਇੱਕ ਵੱਡਾ ਕਮਰਾ ਸੀ। ਆਪਣੇ ਆਪ ਆਪਣਾ ਪੇਟ ਪਾਲਣ ਵਾਲੇ ਬਚਿਆਂ ਵਿਚੋਂ 20 ਪ੍ਰਤੀਸ਼ਤ ਬਚਿਆਂ ਕੋਲ ਆਪਣੇ ਅੱਡ ਬਿਸਤਰ ਨਹੀਂ ਸਨ। ਪਿੰਡਾਂ ਅਤੇ ਕਸਬਿਆਂ ਵਿਚ ਹਾਲਤ ਹੋਰ ਵੀ ਭੈੜੀ ਹੈ।"

ਸਾਡੇ ਦੇਸ ਵਿਚ ਬੰਬਈ ਜਿਹੇ ਸ਼ਹਿਰਾਂ ਵਿਚ ਹਾਲਾਤ ਇਹੋ ਜਿਹੇ ਹੀ ਹਨ। ਕੁਝ ਹਾਲਤਾਂ ਨੂੰ ਛੱਡਕੇ ਇਹ ਵੇਖਿਆ ਗਿਆ ਹੈ ਕਿ ਜਿਥੇ ਗ਼ਰੀਬੀ ਹੁੰਦੀ ਹੈ, ਉਥੇ ਨੇਕੀ ਨੂੰ ਝੋਲਾ ਮਾਰ ਜਾਂਦਾ ਹੈ। ਅੱਗੇ ਚਲ ਕੇ ਇਹ ਸਪਸ਼ਟ ਕੀਤਾ ਜਾਵੇਗਾ ਕਿ ਸੰਤਾਨ ਸੰਜਮ ਦੀ ਮਦਦ ਤੋਂ ਬਿਨਾਂ ਗ਼ਰੀਬੀ ਨੂੰ ਜੜ੍ਹੋਂ ਪੁੱਟਣਾ ਲਗਭਗ ਅਸੰਭਵ ਹੋਵੇਗ। 'ਭੁੱਖਾ ਮਰਦਾ ਕੀ ਨਾ ਕਰਦਾ' ਵਾਲੀ ਕਹਾਵਤ ਤਾਂ ਮਸ਼ਹੂਰ ਹੈ ਹੀ।

ਇਸ ਤਰ੍ਹਾਂ ਜਦੋਂ ਸਾਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਸੰਤਾਨ ਸੰਜਮ ਹੀ ਹਰ ਤਰ੍ਹਾਂ ਦੇ ਵਿਕਾਸ ਦੀ ਲਾਜ਼ਮੀ ਸ਼ਰਤ ਹੈ ਤਾਂ ਸਾਨੂੰ ਉਸ ਮਨੋਰਥ ਦੀ ਪ੍ਰਾਪਤੀ ਦੇ ਸਾਧਨਾਂ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਇਸ ਦੀ ਪ੍ਰਾਪਤੀ ਦੇ ਉਪਾਵਾਂ ਵਿਚੋਂ ਇਕ ਇਹ ਹੈ ਕਿ ਜਿਤਨੇ ਬੱਚਿਆਂ ਦੀ ਇੱਛਾ ਹੈ, ਉਤਨੀ ਗਿਣਤੀ ਲੈਣ ਲਈ ਸਰੀਰਕ ਸਬੰਧ ਸਥਾਪਿਤ ਕਰਨ ਤਕ ਹੀ ਲੋਕਾਂ ਨੂੰ ਸਬਰ ਸੰਤੋਖ ਕਰ ਲੈਣਾ ਚਾਹੀਦਾ ਹੈ ਅਤੇ ਜਦੋਂ ਬੱਚੇ ਨਾ ਚਾਹੀਦੇ ਹੋਣ, ਮਨ ਵਿਚੋਂ ਕਾਮੁਕ ਵਿਚਾਰ ਕਢ ਦੇਣੇ ਚਾਹੀਦੇ ਹਨ। ਆਧੁਨਿਕ ਗਰਭ-ਰੋਕ ਵਸਤਾਂ ਦੀ ਵਰਤੋਂ ਇਕ ਹੋਰ ਢੰਗ ਹੈ। ਪਹਿਲੇ ਉਪਾਉ ਸਬੰਧੀ ਇਹ ਚੇਤੇ ਰਖਣਾ ਚਾਹੀਦਾ ਹੈ ਕਿ ਅਣਵਿਆਹ ਅਵਸਥਾ ਵਿਚ ਬ੍ਰਹਮਚਾਰੀ ਧਰਮ ਦਾ ਪਾਲਣਾ ਕਰਨਾ ਸੰਭਵ ਹੈ, ਪਰ ਮਨੁੱਖੀ ਸੁਭਾ ਵਿਚ ਇਹ ਉਮੀਦ ਕਰਨਾ ਅਗਿਆਨਤਾ ਹੋਵੇਗੀ ਕਿ ਇਕ ਸਾਥ ਰਹਿਣ ਵਾਲੇ, ਆਪਸ ਵਿਚ ਪ੍ਰੇਮ ਕਰਨ ਵਾਲੇ, ਜਵਾਨ ਅਤੇ ਸਿਹਤਮੰਦ ਵਿਆਹੁਤਾ ਜੀਵਨ ਬਤੀਤ ਕਰਨ ਵਾਲੇ ਜੋੜੇ ਸਾਲਾਂ ਬੱਧੀ ਬ੍ਰਹਮਚਰਜ ਦੀ ਪਾਲਣਾ ਕਰਨਗੇ। ਇਸ ਵਿਚ ਕੋਈ ਸ਼ਕ ਨਹੀਂ ਕਿ ਅਜਿਹੇ ਮਜ਼ਬੂਤ ਇਰਾਦੇ ਵਾਲੇ ਇਨਸਾਨ, ਜਿਨ੍ਹਾਂ ਦੇ ਮਨ ਵਿਲਾਸ ਦੀਆਂ ਵਸਤਾਂ ਦੀ ਮੌਜੂਦਗੀ ਵਿਚ ਵੀ ਨਹੀਂ ਡੋਲਦੇ, ਉਨ੍ਹਾਂ ਨੂੰ ਛੱਡ ਕੇ ਆਮ ਸਾਧਾਰਨ ਇਨਸਾਨ ਇਨ੍ਹਾਂ ਭਰਮਾਊ ਪ੍ਰਭਾਵਾਂ ਦੇ ਮੋਹ ਜਾਲ 'ਚ ਫਸ ਕੇ ਉਸ ਦਾ ਸ਼ਿਕਾਰ ਅਵਸ਼ ਹੋ ਜਾਣੇ ਕੁਦਰਤੀ

ਹਨ। ਇਸ ਲਈ ਕੀ ਇਹ ਹੈਰਾਨੀ ਵਾਲੀ ਗਲ ਨਹੀਂ ਕਿ ਇਸ ਚਿੱਟੇ ਚਾਨਣ ਵਰਗੇ ਸਪਸ਼ਟ ਤੱਥ ਦਾ ਕੁਝ ਲੋਕ ਖੰਡਨ ਕਰਦੇ ਹਨ ?

ਸੰਤਾਨ ਸੰਜਮ ਲਈ ਵਖ ਵਖ ਦੇਸਾਂ ਅਤੇ ਸਮਿਆਂ ਦੇ ਤਜਰਬਿਆਂ ਤੋਂ ਆਤਮ ਸੰਜਮ ਅਸਫ਼ਲ ਸਿਧ ਹੋਇਆ ਹੈ। ਬ੍ਰਹਮਚਰਜ ਦੀ ਵਕਾਲਤ ਕਰਨ ਵਾਲੇ ਵੀ ਇਹ ਦਾਅਵਾ ਨਹੀਂ ਕਰ ਸਕਦੇ ਕਿ ਆਮ ਵਿਅਕਤੀ ਜੀਵਨ ਭਰ ਸੰਭੋਗ ਤੋਂ ਪੂਰੀ ਤਰ੍ਹਾਂ ਪਰਹੇਜ਼ ਕਰ ਸਕਦੇ ਹਨ। ਸਾਲ ਵਿਚ ਇਕ ਦਿਨ ਵੀ ਬ੍ਰਹਮਚਰਜ ਦੇ ਤਿਆਗ ਦੀ ਕਿਰਿਆ ਦਾ ਸਿੱਟਾ ਸਾਲਾਨਾ ਗਰਭ ਧਾਰਣ ਵਿਚ ਨਿਕਲ ਸਕ਼ਦਾ ਹੈ। ਜੇਕਰ ਅਸੀਂ ਇਹ ਮਨ ਵੀ ਲਈਏ ਕਿ ਕੁਝ ਲੋਕਾਂ ਦੇ ਆਤਮ ਸੰਜਮ ਨਾਲ ਸੰਤਾਨ ਸੰਜਮ ਹੋ ਸਕਦਾ ਹੈ ਤਾਂ ਇਸ ਤੋਂ ਅਸੀਂ ਇਹ ਸਿੱਟਾ ਨਹੀਂ ਕਢ ਸਕਦੇ ਕਿ ਦੂਜੇ ਲੋਕੀ ਵੀ ਇਸ ਦੀ ਪੈਰਵੀ ਕਰ ਸਕਣਗੇ। ਇਹ ਚੇਤੇ ਰਖਣਾ ਜ਼ਰੂਰੀ ਹੈ, ਜਿਵੇਂ ਵਖੱ ਵੱਖ ਲੋਕਾਂ ਦੀ ਭੋਜਨ ਲਈ ਭੁੱਖ ਅੱਡ ਅੱਡ ਹੁੰਦੀ ਹੈ ਉਸੇ ਤਰ੍ਹਾਂ ਹਰ ਵਿਅਕਤੀ ਵਿਚ ਕਾਮ ਵਾਸਨਾ ਵੀ ਅੱਡ ਅੱਡ ਹੁੰਦੀ ਹੈ।

ਹਿੰਦੂ ਧਰਮ ਗ੍ਰੰਥਾਂ ਵਿਚਲੇ ਨਿਯਮਾਂ ਦੀ ਕਰੜਾਈ ਨਾਲ ਪਾਲਣਾ ਵੀ ਪਰਵਾਰ ਸੀਮਿਤ ਰਖਣ ਦੇ ਆਦਰਸ਼ ਨੂੰ ਝੁਠਲਾਉਂਦੀ ਹੈ। ਉਦਾਹਰਨ ਵਜੋਂ ਵਿਸ਼ਨੂੰ ਸਮਰਿਤੀ ਦਾ ਸ਼ਲੋਕ 8 ਅਧਿਆਇ 54 ਕੁਝ ਖ਼ਾਸ ਦਿਨਾਂ ਨੂੰ ਸੰਭੋਗ ਕਰਨ ਦੀ ਤਾਕੀਦ ਕਰਦਾ ਹੈ।

ਸ੍ਰੀਮਾਨ ਜੀ, ਮਾਨਯੋਗ ਮੈਂਬਰਾਂ ਨੂੰ ਸ੍ਰੀਮਤੀ ਸਰੋਜਨੀ ਮਹਿਤਾ, ਐਮ.ਏ. ਦੁਆਰਾ ਲਿਖੀ ਪੁਸਤਿਕਾ ਮਿਲ ਗਈ ਹੈ। ਮੈ ਉਸ ਨੂੰ ਪੂਰਾ ਨਹੀਂ ਪੜ੍ਹਾਂਗਾ ਪਰ ਉਸ ਵਿਚੋਂ ਕੁਝ ਟੂਕਾਂ ਹੀ ਪੜ੍ਹ ਕੇ ਪੇਸ਼ ਕਰਾਂਗਾ:--

" ਜਦੋਂ ਵੀ ਸੰਤਾਨ ਸੰਜਮ ਦੇ ਵਿਸ਼ੇ ਤੇ ਬਹਿਸ ਸ਼ੁਰੂ ਕੀਤੀ ਗਈ ਹੈ ਉਦੋਂ ਹੀ ਸਾਡੇ ਵਿਰੋਧੀ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੰਦੇ ਹਨ ਕਿ ਬ੍ਰਹਮਚਰਜ ਹੀ ਸਾਡੇ ਦੇਸ਼ ਲਈ ਉਤਮ ਉਪਾਇ ਹੈ, ਅਤੇ ਬਿਹਤਰ ਇਹੋ ਹੀ ਹੋਵੇਗਾ ਕਿ ਪੱਛਮੀ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਬਣਾਉਟੀ ਸਾਧਨਾਂ ਤੋਂ ਫ਼ਾਇਦਾ ਉਠਾਉਣ ਦੇਈਏ। ਮੈਂ ਉਨ੍ਹਾਂ ਮਾਨਯੋਗ ਵਿਅਕਤੀਆਂ ਪਾਸੋਂ ਨਿਮਰਤਾ ਪੂਰਬਕ ਇਹ ਜਾਣਨਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੀ ਇਸ ਧਾਰਣਾ ਦਾ ਆਧਾਰ ਕੀ ਹੈ ? ਇਹ ਕਿਹਾ ਗਿਆ ਹੈ ਕਿ ਸਾਡੇ ਦੇਸਵਾਸੀ ਅਧਿਆਤਮਵਾਦੀ ਹਨ ਜਦੋਂ ਕਿ ਪੱਛਮਵਾਸੀ ਮਾਦਾਪ੍ਰਸਤ ਹਨ। ਤੋਤੇ ਦੀ ਤਰ੍ਹਾਂ ਰਟੀ ਇਸ ਗੱਲ ਨੂੰ ਸੁਣਦਿਆਂ ਸਾਡੇ ਕੰਨ ਪੱਕਣ ਤੇ ਆ ਗਏ ਹਨ, ਸਾਡੇ ਦੇਸਵਾਸੀ ਕਿਸ ਪੱਖੋਂ ਅਧਿਆਤਮਵਾਦੀ ਹਨ ? ਸਾਡੇ ਦੇਸਵਾਸੀ ਸੰਸਾਰ ਤਿਆਗ ਕੇ ਸੰਨਿਆਸੀ ਬਣ ਗਏ ਹਨ ? ਕੀ ਸਿਰਫ਼ "ਸਭ ਕੁਝ ਮਿਥਿਆ ਹੈ"; "ਸੰਸਾਰਕ ਜੀਵਨ ਦੇ ਮੋਹ ਨੂੰ ਤਿਆਗ ਦੇਣਾ ਚਾਹੀਦਾ ਹੈ," ਆਦਿ ਕੁੱਝ ਖ਼ਾਸ ਹਰਮਨਪਿਆਰੇ ਕਥਨ ਬਾਰ ਬਾਰ ਦੁਹਰਾਉਣਾ ਲੋਕਾਂ ਨੂੰ ਅਧਿਆਤਮਵਾਦੀ ਬਣਾ ਸਕਦਾ ਹੈ ? ਕੀ ਸਾਡੇ ਹਰ ਇਕ ਪਿੰਡ ਵਿਚ ਗ਼ਰੀਬ ਅਤੇ ਮਾਸੂਮ ਕਰਜ਼ਦਾਰਾਂ ਦੀ ਖੱਲ ਲਾਹੁਣ ਵਾਲੇ ਲਾਲਚੀ ਮਹਾਜਨ ਮੌਜੂਦ ਨਹੀਂ ? ਕੀ ਅਜਿਹੇ ਸ਼ਾਹੂਕਾਰ ਸਾਡੇ ਵਿਚ ਨਹੀਂ ਜੋ ਇਤਨੇ

ਕਮੀਨੇ ਹਨ ਕਿ ਵਿਧਵਾਵਾਂ ਦੀ ਅਮਾਨਤ ਹਜ਼ਮ ਕਰ ਜਾਂਦੇ ਹਨ ? ਕੀ ਸਾਡੇ ਲੋਕਾਂ ਵਿਚ ਅਜਿਹੇ ਲੁੱਚੇ ਵਿਅਕਤੀ ਮੌਜੂਦ ਨਹੀਂ ਜਿਨ੍ਹਾਂ ਨੇ ਵਿਧਵਾਵਾਂ ਨੂੰ ਕੁਰਾਹੇ ਪਾ ਕੇ ਉਨ੍ਹਾਂ ਨੂੰ ਬੇਆਸਰਿਆ ਜ਼ਿੰਦਗੀ ਜਿਉਣ ਲਈ ਤਿਆਗ ਦਿਤਾ ਹੈ ? ਕੀ ਅਸੀਂ ਇਸ ਗੱਲ ਦਾ ਦਾਅਵਾ ਕਰ ਸਕਦੇ ਹਾਂ ਕਿ ਸਾਡੇ ਸਮਾਜ ਵਿਚ ਅਜਿਹੇ ਲੋਕੀਂ ਨਹੀਂ ਹਨ ਜਿਨ੍ਹਾਂ ਨੇ ਆਪਣੀ ਪਵਿੱਤਰ ਅਤੇ ਸਮਰਪਿਤ ਪਤਨੀ ਨੂੰ ਕਢ ਕੇ ਵੇਸਵਾ ਬਿਰਤੀ ਦੇ ਰਾਹ ਤੇ ਪਾ ਦਿੱਤਾ ਹ ? ਮੈਨੂੰ ਇਹ ਗਲ ਬਿਲਕੁਲ ਹੀ ਸਮਝ ਨਹੀਂ ਆਉਂਦੀ ਕਿ ਅਜਿਹੇ ਸਮਾਜ ਨੂੰ ਅਧਿਆਤਮਵਾਦੀ ਕਿਵੇਂ ਕਿਹਾ ਜਾ ਸਕਦਾ ਹੈ ਜਿਥੇ ਵਿਆਹ ਸਬੰਧੀ ਲੈਣ ਦੇਣ(ਜੋ ਕਿ ਅਸਲ ਵਿਚ ਲਾੜੀਆ ਲਾੜੀ ਦੀ ਖ਼ਰੀਦੋ-ਫ਼ਰੋਖਤ ਹੀ ਬਣ ਜਾਂਦਾ ਹੈ) ਦੇ ਕਾਰਨ ਹੀ ਬਹੁਤ ਸਾਰੇ ਲੋਕਾਂ ਨੂੰ ਬਰਬਾਦ ਕਰ ਦਿੰਦਾ ਹੈ, ਜਿਥੇ ਅਜਿਹੇ ਮੌਕਿਆਂ ਤੇ ਜੇਕਰ ਕੋਈ ਆਪਣੀ ਜ਼ਾਤ ਬਰਾਦਰੀ ਦੇ ਲੋਕਾਂ ਨੂੰ ਭੋਜਨ ਆਦਿ ਨਹੀਂ ਖੁਆਉਂਦਾ ਤਾਂ ਉਸ ਨੂੰ ਬਰਾਦਰੀ ਤੋਂ ਛੇਕ ਦਿਤਾ ਜਾਂਦਾ ਹੈ, ਜਿਥੇ ਅਜੇ ਪਹਿਲੀ ਪਤਨੀ ਦੀ ਚਿਤਾ ਬਲ ਰਹੀ ਹੁੰਦੀ ਹੈ, ਉਦੋਂ ਹੀ ਲੋਕੀ ਦੂਜੇ ਵਿਆਹ ਦੀ ਗਲ ਬਣਾ ਰਹੇ ਹੁੰਦੇ ਹਨ ? ਪੈਸੇ ਦੇ ਜ਼ੋਰ ਤੇ ਜਿਸ ਸਮਾਜ ਵਿਚ ਸੱਠਾਂ ਸਾਲਾਂ ਦੇ ਬੁਢੇ ਬਾਰਾਂ ਸਾਲਾਂ ਦੀਆਂ ਕੁੜੀਆਂ ਨਾਲ ਵਿਆਹ ਕਰ ਸਕਦੇ ਹਨ ਅਤੇ ਜਿਥੇ ਵਿਧਵਾਵਾਂ ਨਾਲ ਜਾਨਵਰਾਂ ਤੋਂ ਵੀ ਬਦਤਰ ਸਲੂਕ ਕੀਤਾ ਜਾਂਦਾ ਹ, ਸਾਡੇ ਸਮਾਜ ਦੀ ਉਪਰ ਵਰਣਿਤ ਸੜੀ ਹੋਈ ਅਵਸਥਾ ਲਈ ਪੱਛਮੀ ਭੌਤਿਕਵਾਦ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਸ ਦੇ ਉਲਟ, ਜਿਹੜੇ ਪੱਛਮੀ ਭੌਤਿਕਵਾਦ ਦੇ ਸੰਪਰਕ ਵਿਚ ਆਏ ਹਨ ਉਹ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਦਾ ਪੂਰਾ ਪੂਰਾ ਜਤਨ ਕਰ ਰਹੇ ਹਨ, ਹਾਲਾਂਕਿ ਉਨ੍ਹਾਂ ਦੇ ਜਤਨ ਲੇਖੇ ਨਹੀਂ ਲਗ ਰਹੇ ਅਤੇ ਉਨ੍ਹਾਂ ਦੀ ਆਵਾਜ਼ ਅਣਗੌਲੀ ਹੀ ਹੈ।

ਅੱਗੇ ਚਲ ਕੇ ਇਕ ਪੈਰੇ ਵਿਚ ਉਹ ਲਿਖਦੀ ਹੈ :-- ਇੰਦਰ ਦਾ ਅਹੱਲਿਆ ਪ੍ਰਤੀ, ਪਰਾਸ਼ਰ ਰਿਸ਼ੀ ਦਾ ਸਤਿਆਵਤੀ ਪ੍ਰਤੀ ਅਤੇ ਸੂਰਜਦੇਵ ਦਾ ਕੁੰਤੀ ਪ੍ਰਤੀ ਵਿਹਾਰ ਉਨ੍ਹਾਂ ਕੁਕਰਮੀਆਂ ਨੂੰ ਕਲਜੁਗ ਵਿਚ ਕੈਦ ਬਾ-ਮੁਸ਼ੱਕਤ ਦਿਲਾਉਂਦਾ। ਪਰ, ਅਸੀਂ ਉਸ ਨੂੰ ਸਤਿਯੁਗ ਆਖ ਕੇ ਇਸ ਅਪਚਾਰ ਵਿਚ ਅੰਦਰਖਾਤੇ ਸ਼ਾਮਲ ਹੀ ਨਹੀਂ ਹੁੰਦੇ ਸਗੋਂ ਅਜਿਹੇ ਵਰਣਨਾਂ ਵਾਲੀਆਂ ਪੁਸਤਕਾਂ ਨੂੰ ਧਰਮ-ਪੁਸਤਕਾਂ ਦਾ ਦਰਜਾ ਦਿੰਦੇ ਹਾਂ ਅਤੇ ਇਸ ਗਲ ਤੇ ਜ਼ੋਰ ਵੀ ਦਿੰਦੇ ਹਾਂ ਕਿ ਇਹ ਪੁਸਤਕਾਂ ਬਚਿਆਂ ਦੇ ਪਾਠਕ੍ਰਮ ਵਿਚ ਪਾਠ-ਪੁਸਤਕਾਂ ਲਾਈਆਂ ਜਾਣ। ਵਿਦਿਆਰਥੀ ਮਹਾਭਾਰਤ, ਭਾਗਵਤ ਅਤੇ ਹੋਰ ਪੁਰਾਣਾਂ ਵਿਚੋਂ ਬ੍ਰਹਮਚਰਜ ਤੇ ਕਿੰਨੇ ਕੁ ਪਾਠ ਲਭ ਸਕਦੇ ਹਨ ? ਉਹ ਕਾਲ ਜਿਸ ਨੂੰ ਬ੍ਰਹਮਚਰਜ ਬਾਰੇ ਖ਼ੁਦ ਹੀ ਪਤਾ ਨਹੀਂ ਸੀ ਸਾਨੂੰ ਇਸ ਸਤਿਗੁਣ ਦੀ ਪਾਲਣਾ ਕਰਨ ਲਈ ਕਿਵੇਂ ਪ੍ਰੇਰਿਤ ਕਰ ਸਕਦਾ ਹੈ ? ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਉਸ ਸਮੇਂ ਬ੍ਰਹਮਚਰਜ ਦੀ ਪਾਲਣਾ ਕੀਤੀ ਜਾਂਦੀ ਸੀ। ਇਸ ਵਿਚ ਰਾਜਾ ਦੁਸ਼ਯੰਕਤ ਦੀ ਕਹਾਣੀ ਵਰਗੀਆਂ ਘਟਨਾਵਾਂ ਵਾਪਰੀਆਂ ਸਨ ਜਿਸ ਅਨੁਸਾਰ ਰਿਸ਼ੀ ਦੇ ਆਸ਼ਰਮ ਵਿਚ ਰਹਿਣ ਵਾਲੀ ਇਕ ਮਾਸੂਮ ਅਤੇ ਨਿਰਦੋਸ਼ ਕੰਨਿਆ ਨੂੰ ਪਹਿਲਾਂ ਤਾਂ ਰਾਜੇ ਨੇ ਫੁਸਲਾਕੇ ਆਪਣੇ ਬਹਿਕਾਵੇ ਵਿਚ ਲੈ ਆਂਦਾ ਅਤੇ ਜਦੋਂ ਉਹ ਗਰਭਵਤੀ ਹੋ ਗਈ ਤਾਂ ਉਸ ਨੂੰ ਤਿਆਗ ਦਿਤਾ। ਪ੍ਰਾਚੀਨ ਕਥਾਵਾਂ ਵਿਚ ਆਏ ਕੁਝ

ਲੋਕਾਂ ਦੁਆਰਾ ਪੈਦਾ ਕੀਤੀ ਗਈ ਔਲਾਦ ਦੀ ਗਿਣਤੀ ਬਾਰੇ ਜਦੋਂ ਕੋਈ ਵਿਚਾਰ ਕਰਦਾ ਹੈ ਤਾਂ ਸੁਭਾਵਿਕ ਤੌਰ ਤੇ ਉਸ ਦੇ ਮਨ ਵਿਚ ਇਕ ਸ਼ਕ ਘਰ ਕਰ ਜਾਂਦਾ ਹੈ ਕਿ ਕੀ ਉਸ ਸਮੇਂ ਲੋਕਾਂ ਨੇ ਸੁਪਨੇ ਵਿਚ ਵੀ ਸੋਚਿਆ ਸੀ ਕਿ ਬ੍ਰਹਮਚਰਜ ਕੀ ਚੀਜ਼ ਹੈ ? ਕੋਈ ਇਹ ਕਿਵੇਂ ਵਿਸ਼ਵਾਸ ਕਰ ਸਕਦਾ ਹੈ ਕਿ ਉਸ ਸਮੇਂ ਬ੍ਰਹਮਚਰਜ ਦੀ ਪਾਲਣਾ ਕੀਤੀ ਜਾਂਦੀ ਸੀ ਜਦੋਂ ਕਿ ਸਾਗਰ ਨੇ ਸੱਠ ਹਜ਼ਾਰ ਪੁਤਰ ਪੈਦਾ ਕੀਤੇ, ਕੌਰਵ, ਸੌ ਭਰਾ ਸਨ ਅਤੇ ਦਕਸ਼ ਪਰਜਾਪਤੀ ਦੀਆਂ ਸਤਾਈ ਧੀਆਂ ਸਨ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਹਨ। ਉਸ ਸਮੇਂ ਬ੍ਰਹਮਚਰਜ ਪ੍ਰਤੀ ਨਿਸ਼ਠਾ ਘਟ ਸੀ। ਦਰਅਸਲ ਅਜਕਲ੍ਹ ਲੋਕੀ ਇਸ ਤੋਂ ਦੂਰ ਹੀ ਰਹਿੰਦੇ ਹਨ। ਕਿਸੇ ਵੀ "ਭੌਤਿਕਵਾਦੀ" ਦੇਸ ਦੀ ਜਨਮ ਦਰ ਦੇ ਮੁਕਾਬਲੇ ਸਾਡੇ ਦੇਸ ਦੀ ਜਨਮ ਦਰ ਘਟਦੀ ਨਹੀਂ ਜਾ ਰਹੀ। ਉਦੋਂ ਵੀ ਬ੍ਰਹਮਚਰਜ ਦੀ ਪਾਲਣਾ ਨਹੀਂ ਹੁੰਦੀ ਜਦੋਂ ਪਹਿਲਾਂ ਤੋਂ ਹੀ ਕਈ ਬਚਿਆਂ ਦੀ ਮਾਂ ਦੀ ਜ਼ਿੰਦਗੀ ਹੋਰ ਜਣੇਪੇ ਵਿਚ ਖ਼ਤਰੇ ਵਿਚ ਪੈ ਜਾਂਦੀ ਹੈ। ਇਸ ਦੀ ਪਾਲਣਾ ਭੁਖ ਨਾਲ ਮਰਦੇ ਕੰਗਾਲਾਂ ਦੇ ਪਰਵਾਰ ਵਿਚ ਵੀ ਨਹੀਂ ਕੀਤੀ ਜਾਂਦੀ ਜਿਥੇ ਪਰਵਾਰ ਵਿਚ ਇਕ ਵੀ ਨਵੇਂ ਜੀਅ ਦਾ ਆਉਣਾ ਕਿਸੇ ਆਫ਼ਤ ਤੋਂ ਘਟ ਨਹੀਂ। ਇਸ ਬੇਰੋਜ਼ਗਾਰੀ ਦੇ ਸਮੇਂ ਵਿਚ ਵੀ, ਜਦੋਂ ਕਿ ਪੁਤਰਾਂ ਲਈ ਰੋਜ਼ਗਾਰ ਦਾ ਇੰਤਜ਼ਾਮ ਕਰਨਾ ਮੂਲੋਂ ਹੀ ਅਸੰਭਵ ਹੈ, ਮਧਵਰਗੀ ਪਰਵਾਰਾਂ ਵਿਚ ਹਰ ਸਾਲ ਜਾਂ ਡੇਢ ਸਾਲ ਵਿਚ ਵਾਧੂ ਬੱਚੇ ਪੈਦਾ ਹੁੰਦੇ ਰਹਿੰਦੇ ਹਨ। ਜਿਨ੍ਹਾਂ ਜ਼ਾਤਾਂ ਵਿਚ ਦਾਜ-ਪ੍ਰਥਾ ਪ੍ਰਚਲਿਤ ਹੈ ਉਨ੍ਹਾਂ ਵਿਚ ਬੇਟੀ ਦਾ ਜਨਮ ਹੁੰਦਿਆਂ ਹੀ ਮਾਂ-ਬਾਪ ਤੇ ਦੁਖ ਦਾ ਪਹਾੜ ਟੁਟ ਪੈਂਦਾ ਹੈ, ਉਹ ਉਸ ਨੂੰ ਜਾਂ ਤਾਂ ਜੰਮਦਿਆਂ ਹੀ ਮਾਰ ਦਿੰਦੇ ਹਨ ਜਾਂ ਫਿਰ ਉਸ ਦੀ ਪਾਲਣਾ ਅਤਿ ਭੈੜੀ ਹਾਲਤ ਵਿਚ ਕਰਦੇ ਹਨ ਤਾਂ ਜੋ ਉਹ ਕੁਦਰਤੀ ਮੌਤ ਮਰ ਜਾਏ। ਫਿਰ ਵੀ ਉਹ ਬੇਟੀ ਹੋਣ ਦੀ ਸੰਭਾਵਨਾ ਨੂੰ ਟਾਲਣ ਲਈ ਵੀ ਬ੍ਰਹਮਚਰਜ ਦਾ ਪਾਲਣ ਨਹੀਂ ਕਰਦੇ । ਇਨ੍ਹਾਂ ਸਾਰੀਆਂ ਘਟਨਾਵਾਂ ਦੇ ਵਾਪਰਨ ਦੇ ਬਾਵਜੂਦ ਵੀ ਅਸੀਂ ਇਹ ਐਲਾਨ ਕਰਦੇ ਜਾਂਦੇ ਹਾਂ ਕਿ ਸਿਰਫ਼ ਬ੍ਰਹਮਚਰਜ ਹੀ ਸਾਡੇ ਦੇਸ ਲਈ ਆਦਰਸ਼ ਹੈ। ਅਜਿਹੇ ਆਚਰਣ ਦੀ ਸੰਸਾਰਿਕ ਉਪਯੋਗਿਤਾ ਕੀ ਹੈ ? ਦਰਅਸਲ ਸਾਨੂੰ ਆਪਣੀਆਂ ਅੱਖਾਂ ਅੱਗੇ ਮੌਜੂਦ ਅਸਲ ਹਾਲਾਤ ਨੂੰ ਵਿਚਾਰਨਾ ਚਾਹੀਦਾ ਹੈ, ਸਿਰਫ਼ ਆਦਰਸ਼ਾਂ ਦੀਆਂ ਗੱਲਾਂ ਕਰਨ ਨਾਲ ਸਾਡੀ ਸਥਿਤੀ ਵਿਚ ਕੋਈ ਸੁਧਾਰ ਨਹੀਂ ਆਉਣ ਵਾਲਾ।

ਡਾਕਟਰ ਕ.ਬ.ਅੰਤ੍ਰੋਲੀਕਰ : ਸ੍ਰੀਮਾਨ ਜੀ, ਇਸ ਸਭ ਕੁਝ ਨੂੰ ਪੜ੍ਹਿਆ ਗਿਆ ਸਮਝ ਲਿਆ ਜਾਵੇ ਕਿਉਂਜੋ ਸਾਰੇ ਮੈਂਬਰਾਂ ਨੂੰ ਇਹ ਪੁਸਤਕ ਪ੍ਰਾਪਤ ਹੋ ਚੁੱਕੀ ਹੈ।

ਸ੍ਰੀ ਪੀ.ਜੇ.ਰੋਹਮ : ਸ੍ਰੀਮਾਨ ਜੀ, ਮੈਂ ਸਪਸ਼ਟ ਕਰ ਚੁਕਿਆ ਹਾਂ ਕਿ ਮੈਂ ਇਸ ਨੂੰ ਪੂਰਾ ਨਹੀਂ ਪੜ੍ਹਨਾ। ਮੈਂ ਆਪਣੇ ਮਾਨਯੋਗ ਦੋਸਤ ਡਾਕਟਰ ਅੰਤ੍ਰੋਲੀਕਰ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਉਹ ਧੀਰਜ ਰਖਣ। ਉਹ ਗਲ ਅਗੇ ਚਲਾਉਂਦੀ ਹੈ :--

"ਇਸ ਲਈ, ਜੇ ਉਨ੍ਹਾਂ ਦੇ ਦਿਲਾਂ ਵਿਚ ਦੇਸ ਦੇ ਕਲਿਆਣ ਦੀ ਭਾਵਨਾ ਹੋਵੇ ਤਾਂ ਉਨ੍ਹਾਂ ਨੂੰ ਹਰ ਸੰਭਵ ਢੰਗ ਨਾਲ ਬ੍ਰਹਮਚਰਜ ਨੂੰ ਹਰਮਨ ਪਿਆਰਾ ਬਣਾਉਣ ਲਈ ਕੋਸ਼ਿਸ਼ ਕਰਨੀ

ਚਾਹੀਦੀ ਹੈ ਅਤੇ ਕੰਮ ਨੂੰ ਸਿਲਸਿਲੇਵਾਰ ਢੰਗ ਨਾਲ ਚਲਾਉਣ ਵਾਸਤੇ ਉਨ੍ਹਾਂ ਨੂੰ ਸੰਸਥਾਵਾਂ ਕਾਇਮ ਕਰਨੀਆਂ ਚਾਹੀਦੀਆਂ ਹਨ, ਬਿਲਕੁਲ ਉਵੇਂ, ਜਿਵੇਂ ਕਿ ਸੰਤਾਨ-ਸੰਜਮ ਵਾਲੇ ਨਿਰੋਧਕਾਂ ਨੂੰ ਹਰਮਨ ਪਿਆਰਾ ਬਣਾਉਣ ਲਈ ਕਰ ਰਹੇ ਹਨ। ਜੇਕਰ ਉਹ ਇਸ ਮਾਮਲੇ ਸਬੰਧੀ ਕੁਝ ਕਰਨ ਵਿਚ ਅਸਮਰਥ ਹਨ ਜਾਂ ਕੁਝ ਕਰਨਾ ਨਹੀਂ ਚਾਹੁੰਦੇ ਤਾਂ ਇਸ ਨਾਲ ਗਰਭ ਨਿਰੋਧਕਾਂ ਦੇ ਹਮਾਇਤੀਆਂ ਦੇ ਹੱਥ ਮਜ਼ਬੂਤ ਹੋਣਗੇ।"

ਜਿਵੇਂ ਕਿ ਇਕ ਡਾਕਟਰ ਨੇ ਬੜੀ ਹੀ ਸਿਆਣਪ ਵਾਲੀ ਟਿੱਪਣੀ ਕਰਦਿਆਂ ਕਿਹਾ ਹੈ ਕਿ ਔਰਤਾਂ ਨੂੰ ਜਣੇਪੇ ਸਮੇਂ ਜੋ ਪੀੜ ਸਹਿਣੀ ਪੈਂਦੀ ਹੈ, ਜੇਕਰ ਮਰਦਾਂ ਨੂੰ ਸਹਿਣੀ ਪਵੇ ਤਾਂ ਕੋਈ ਵੀ ਮਰਦ ਇਕ ਤੋਂ ਵਧ ਬੱਚਾ ਪੈਦਾ ਕਰਨ ਲਈ ਰਾਜ਼ੀ ਨਹੀਂ ਹੋਵੇਗਾ।

ਇਹ ਮੰਨਣਾ ਗ਼ਲਤ ਹੋਵੇਗਾ ਕਿ ਹੁਣ ਤਕ ਸਮਾਜ ਦੇ ਸਾਮ੍ਹਣੇ ਵੱਡੇ ਪਰਵਾਰ ਦਾ ਆਦਰਸ਼ ਰਿਹਾ ਹੈ, ਇਸ ਲਈ ਕੋਈ ਵੀ ਆਪਣੇ ਪਰਵਾਰ ਨੂੰ ਛੋਟਾ ਨਹੀਂ ਰਖਣਾ ਚਾਹੁੰਦਾ। ਅਜਿਹੇ ਵਿਰਲੇ ਹੀ ਮਨੁੱਖ ਹੋਣਗੇ ਜਿਹੜੇ ਵੱਡੇ ਪਰਵਾਰ ਦੀ ਜ਼ਿੰਮੇਵਾਰੀ ਲੈਣਾ ਪਸੰਦ ਕਰਦੇ ਹੋਣ। ਸਾਧਾਰਨ ਆਦਮੀ ਆਪਣਾ ਪਰਵਾਰ ਜ਼ਰੂਰ ਛੋਟਾ ਰਖਣਾ ਚਾਹੁੰਦੇ ਹਨ ਅਤੇ ਉਹ ਗਰਭਪਾਤ, ਬਾਲ ਹੱਤਿਆ ਵਰਗੇ ਜ਼ਾਲਮਨਾ ਤਰੀਕੇ ਅਪਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਜਿਹੇ ਜਤਨ ਹਰ ਥਾਂ ਵੇਖੇ ਜਾਂਦੇ ਹਨ। 1934 ਵਿਚ ਪੀਪਲਜ਼ ਟ੍ਰਿਬਿਊਨ ਵਿਚ ਛਪੇ ਇਕ ਵਿਵਰਣ ਅਨੁਸਾਰ 1933 ਵਿਚ ਸਿਰਫ਼ ਸ਼ੰਘਾਈ ਦੀਆਂ ਗਲੀਆਂ ਵਿਚ 24 ਹਜ਼ਾਰ ਛੋਟੇ ਬਾਲਾਂ ਦੀਆਂ ਲਾਸ਼ਾਂ ਪ੍ਰਾਪਤ ਹੋਈਆਂ ਸਨ ਅਤੇ ਇਹੋ ਜਿਹੀ ਹਾਲਤ ਲਗਭਗ ਸਾਰੇ ਚੀਨ ਵਿਚ ਹੈ। ਦੁਖਦਾਈ ਅਤੇ ਭਿਆਨਕ ਗ਼ਰੀਬੀ ਕਾਰਨ ਹੀ ਮਾਪੇ ਆਪਣੇ ਬਚਿਆਂ ਨੂੰ ਬੇਆਸਰਾ ਛੱਡ ਦਿੰਦੇ ਹਨ। ਅਜਿਹੀਆਂ ਮਿਸਾਲਾਂ ਦੇ ਹੁੰਦਿਆਂ ਇਹ ਕਲਪਨਾ ਕਰਨਾ ਵਿਅਰਥ ਹੈ ਕਿ ਸ਼ਿਰਫ ਆਤਮ-ਸੰਜਮ ਨਾਲ ਆਮ ਆਦਮੀ ਸੰਤਾਨ ਪੈਦਾ ਕਰਨ ਦੇ ਸਮਰੱਥ ਹੋ ਸਕੇਗਾ। ਇਸ ਲਈ, ਇਹ ਸਾਬਤ ਹੋ ਜਾਂਦਾ ਹੈ ਕਿ ਆਧੁਨਿਕ ਗਰਭ ਨਿਰੋਧਕਾਂ ਤੋਂ ਇਲਾਵਾ ਦੂਜਾ ਕੋਈ ਚਾਰਾ ਨਹੀਂ। ਇਨ੍ਹਾਂ ਉਪਾਵਾਂ ਦੀ ਲੋੜ ਨੂੰ ਅਸਵੀਕਾਰ ਕਰਨਾ ਗਰਭਪਾਤ, ਬਾਲ-ਹੱਤਿਆ ਪ੍ਰਤੀ ਰੁਝਾਨ ਨੂੰ ਤਰਜੀਹ ਦੇਣ ਦਾ ਪ੍ਰਗਟਾਓ ਹੋਵੇਗਾ। ਕੁਝ ਲੋਕ ਸਮਝਦੇ ਹਨ ਕਿ ਉਨ੍ਹਾਂ ਦੀ ਖ਼ਾਸ ਜਾਤੀ, ਧਰਮ ਜਾਂ ਖੇਤਰ ਦੇ ਲੋਕਾਂ ਦੀ ਗਿਣਤੀ ਘਟਣ ਨਾਲ ਉਹ ਘਾਟੇ ਵਿਚ ਰਹਿਣਗੇ। ਉਨ੍ਹਾਂ ਨੂੰ ਇਹ ਡਰ ਹੈ ਕਿ ਅਜਿਹਾ ਹੋਣ ਨਾਲ ਉਨ੍ਹਾਂ ਦੇ ਵਿਰੋਧੀ ਉਨ੍ਹਾਂ ਤੇ ਹਾਵੀ ਹੋ ਜਾਣਗੇ। ਇਸ ਸਬੰਧ ਵਿਚ ਉਨ੍ਹਾਂ ਲਈ ਸਭ ਤੋਂ ਪਹਿਲਾਂ ਇਹ ਚੇਤੇ ਰਖਣਾ ਜ਼ਰੂਰੀ ਹੈ ਕਿ ਪਰਵਾਰ ਸੀਮਿਤ ਕਰਦਿਆਂ ਹੀ ਆਬਾਦੀ ਦੇ ਵਾਧੇ ਦੀ ਦਰ ਲਾਜ਼ਮੀ ਤੌਰ ਤੇ ਘਟ ਹੋ ਜਾਵੇਗੀ। ਇਹ ਦਰ ਮੁੱਖ ਤੌਰ ਤੇ ਜਨਮ ਦਰ ਤੇ ਨਹੀਂ, ਜੀਵਤ ਰਹਿਣ ਦੀ ਦਰ ਤੇ ਨਿਰਭਰ ਕਰਦੀ ਹੈ। ਵਖ ਵਖ ਥਾਵਾਂ ਤੋਂ ਅਨੇਕਾਂ ਵਿਗਿਆਨੀਆਂ ਨੇ ਇਹ ਸਿੱਧ ਕੀਤਾ ਹੈ ਕਿ ਜੇਕਰ ਜਨਮ ਦਰ ਜ਼ਿਆਦਾ ਹੁੰਦੀ ਹੈ ਤਾਂ ਮ੍ਰਿਤੂ ਦਰ ਵੀ ਜ਼ਿਆਦਾ ਹੋਵੇਗੀ ਅਤੇ ਜਿਉਂ ਹੀ ਜਨਮ ਦਰ ਵਿਚ ਕਮੀ ਆਉਂਦੀ ਹੈ ਉਸ ਦੇ ਨਾਲ ਹੀ ਮ੍ਰਿਤੂ ਦਰ ਵੀ ਘਟ ਜਾਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਇਸ ਨਾਲ ਨਾ ਸਿਰਫ ਜਿਉਂਦੇ ਰਹਿਣ ਦੀ ਦਰ ਤੇ ਹੀ ਉਲਟਾ ਅਸਰ ਨਹੀਂ ਪੈਂਦਾ ਬਲਕਿ ਅਕਸਰ ਇਹ ਵਧ ਜਾਂਦੀ ਹੈ। 'ਦੀ ਮਦਰਜ਼

ਕਲਿਨਿਕ' ਵਿਚ ਪ੍ਰਾਪਤ ਅਨੁਭਵ ਤੋਂ ਡਾਕਟਰ ਮਾਰੀਆ ਸਟੋਪਸ ਨੂੰ ਪਤਾ ਚਲਿਆ ਹੈ ਕਿ ਗਰਭ ਧਾਰਨ ਕਰਨ ਦੀ ਗਿਣਤੀ ਜਿੰਨੀ ਜ਼ਿਆਦਾ ਹੁੰਦੀ ਹੈ ਉਸੇ ਅਨੁਪਾਤ ਵਿਚ ਮਾਵਾਂ ਅਤੇ ਬਾਲਾਂ ਦੀ ਮ੍ਰਿਤੂ ਦਰ ਵਧਦੀ ਹੈ। ਅਜਿਹਾ ਹੀ ਅਨੁਭਵ ਹੋਰ ਵਿਗਿਆਨੀਆਂ ਦਾ ਹੈ। ਡਾ. ਜੇ. ਐਮ. ਮਨਰੋ ਐਮ. ਡੀ. ਐਫ. ਆਰ. ਐਫ. ਪੀ, ਐਸ ਨੂੰ ਹੋਇਆ ਹੈ ਜਿਸ ਨੇ ਆਪਦੀ ਕਿਤਾਬ "ਮੈਟਰਨਲ ਮੌਰਟੈਲਿਟੀ ਐਂਡ ਮਾਰਬਿਡਟੀ" ਵਿਚ ਲਿਖਿਆ ਹੈ: ਪਰਵਾਰ ਨੂੰ ਸੀਮਿਤ ਰੱਖਣ ਦੇ ਪੱਖ ਵਿਚ ਸਭ ਤੋਂ ਤਕੜੀ ਦਲੀਲ ਇਹ ਹੈ ਕਿ ਚੌਥੇ ਜਣੇਪੇ ਤਕ ਮ੍ਰਿਤੂ ਦਰ ਲਗਭਗ ਪਹਿਲੇ ਜਣੇਪੇ ਦੇ ਬਿਲਕੁਲ ਹੀ ਨਜ਼ਦੀਕ ਜਾ ਪਹੁੰਚਦੀ ਹੈ, ਜਿਹੜਾ ਕਿ ਆਮ ਤੌਰ ਤੇ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਸਮਝਿਆ ਜਾਂਦਾ ਹੈ। ਚੌਥੇ ਜਣੇਪੇ ਮਗਰੋਂ ਮ੍ਰਿਤੂ ਦਰ ਉਸ ਤੋਂ ਬਾਅਦ ਦੇ ਹਰ ਮਗਰਲੇ ਜਣੇਪੇ ਤੇ ਪ੍ਰਸੂਤ ਸਮੇਂ ਲਗਾਤਾਰ ਅਤੇ ਉਘੜਵੇਂ ਰੂਪ ਵਿਚ ਵਧਦੀ ਜਾਂਦੀ ਹੈ। ਮੇਰੇ ਹੋਏ ਜੰਮੇ ਅਤੇ ਨਵ-ਜਨਮੇ ਬਚਿਆਂ ਦੀ ਮੌਤ ਤੇ ਵੀ ਇਹੋ ਕਥਨ ਲਾਗੂ ਹੁੰਦਾ ਹੈ।

ਭਾਰੀ ਗਿਣਤੀ ਵਿਚ ਬਾਲਾਂ ਦੀ ਮ੍ਰਿਤੂ ਕਾਰਨ ਭਾਰਤ ਜਿਹੇ ਦੇਸਾਂ ਦੀ ਆਬਾਦੀ ਵਿਚ ਵਾਧੇ ਦੀ ਦਰ ਇੰਗਲੈਂਡ ਵਰਗੇ ਦੇਸਾਂ ਦੇ ਬਰਾਬਰ ਨਹੀਂ ਜਦੋਂ ਕਿ ਪਹਿਲੀ ਕਿਸਮ ਦੇ ਦੇਸਾਂ ਵਿਚ ਜਨਮ ਦਰ ਦੂਜੀ ਕਿਸਮ ਦੇ ਦੇਸਾਂ ਨਾਲੋਂ ਜ਼ਿਆਦਾ ਨਹੀਂ। ਇੰਗਲੈਂਡ ਵਿਚ ਜਨਮ ਦਰ, ਭਾਰਤ ਦੇ ਮੁਕਾਬਲੇ ਲਗਭਗ ਅੱਧੀ ਹੈ। ਫਿਰ ਵੀ, ਸਾਨੂੰ ਇਹ ਪਤਾ ਚਲਦਾ ਹੈ ਕਿ 1901 ਅਤੇ 1931 ਵਿਚਕਾਰ ਇੰਗਲੈਂਡ ਦੀ ਆਬਾਦੀ ਵਿਚ 23 ਪ੍ਰਤੀਸ਼ਤ ਦਾ ਵਾਧਾ ਹੋਇਆ, ਜਦੋਂ ਕਿ ਇਸੇ ਸਮੇਂ ਦੇ ਦੌਰਾਨ ਭਾਰਤ ਦੀ ਆਬਾਦੀ ਵਿਚ ਸਿਰਫ਼ 13 ਪ੍ਰਤੀਸ਼ਤ ਦਾ ਵਾਧਾ ਹੋਇਆ। ਇਸ ਲਈ ਇਹ ਸਮਝਣ ਵਾਲੀ ਗੱਲ ਹੈ ਕਿ ਤੇਜ਼ੀ ਨਾਲ ਆਬਾਦੀ ਵਧਾਉਣ ਦਾ ਵੀ ਵਧੀਆ ਢੰਗ ਇਹ ਹੈ ਕਿ ਸੰਤਾਨ ਸੰਜਮ ਦੀ ਆਦਤ ਪਾਈ ਜਾਵੇ ਅਤੇ ਇਸ ਤਰ੍ਹਾਂ ਬਾਲ-ਮ੍ਰਿਤੂ ਦਰ ਘਟ ਕੀਤੀ ਜਾਵੇ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਆਧੁਨਿਕ ਯੁੱਧਾਂ ਵਿਚ ਪਹਿਲਾਂ ਦੇ ਮੁਕਾਲੇ ਘਟ ਲੋਕਾਂ ਦੀ ਜ਼ਰੂਰਤ ਹੈ। ਯੁੱਧ ਲਈ ਆਧੁਨਿਕ ਸ਼ਸਤਰਾਂ ਨਾਲ ਲੈਸ ਘਟ ਗਿਣਤੀ ਫ਼ੌਜ ਵੀ ਅਜਿਹੀ ਵੱਡੀ ਭਾਰੀ ਗਿਣਤੀ ਦੀ ਫ਼ੌਜ ਤੇ ਜਿੱਤ ਹਾਸਲ ਕਰ ਸਕਦੀ ਹੈ ਜਿਹੜੀ ਬਹੁ-ਗਿਣਤੀ ਵਿਚ ਹੁੰਦਿਆਂ ਵੀ ਚੰਗੀ ਤਰ੍ਹਾਂ ਹਥਿਆਰਾਂ ਨਾਲ ਲੈਸ ਨਾ ਹੋਵੇ। ਪਹਿਲੇ ਵਿਸ਼ਵ ਯੁੱਧ ਵਿਚ ਘਟ ਜਨਮ ਦਰ ਵਾਲੇ ਦੇਸਾਂ ਨੇ ਵਧੇਰੇ ਜਨਮ ਦਰ ਵਾਲੇ ਦੇਸਾਂ ਉਤੇ ਜਿੱਤ ਪ੍ਰਾਪਤ ਕੀਤੀ ਸੀ।

ਸੰਸਾਰ ਵਿਚ ਅਸੀਂ ਅਜਿਹੇ ਸਮਾਜ ਵੇਖ ਸਕਦੇ ਹਾਂ ਜਿਹੜੇ ਗਿਣਤੀ ਵਿਚ ਤਾਂ ਘਟ ਹਨ ਪਰ ਉਨ੍ਹਾਂ ਨੇ ਧਨ ਦੌਲਤ, ਸਭਿਆਚਾਰ ਆਦਿ ਦੇ ਮਾਮਲੇ ਵਿਚ ਮਸ਼ਹੂਰੀ ਪ੍ਰਾਪਤ ਕੀਤੀ ਹੈ। ਸਾਡੇ ਦੇਸ ਵਿਚ ਪਾਰਸੀ ਤਬਕਾ ਇਸ ਦੀ ਚੰਗੀ ਮਿਸਾਲ ਹੈ। ਇਸ ਲਈ, ਗਿਣਤੀ ਦੇ ਵਾਧੇ ਮਗਰ ਭੱਜੇ ਫਿਰਨਾ ਕੋਈ ਲਾਹੇ ਵਾਲਾ ਸੌਦਾ ਨਹੀਂ। "ਵਰਮੇਕੋ ਗੁਣੀ-ਪੁਤਰੇ ਨ ਚ ਮੂਰਖ ਸ਼ਤਾਨਯਪਿ" (ਸੌ ਮੂਰਖ ਪੁਤਰਾਂ ਨਾਲੋਂ ਇਕੋ ਹੀ ਗੁਣਵਾਨ ਪੁਤਰ ਚੰਗਾ ਹੈ) ਵਾਲੀ

ਕਹਾਵਤ ਪ੍ਰਸਿਧ ਹੈ। ਇਸ ਤੋਂ ਬਾਅਦ ਇਹ ਗਲ ਵੀ ਧਿਆਨ ਵਿਚ ਰਖਣ ਦੇ ਯੋਗ ਹੈ ਕਿ ਮੁਖ ਰੂਪ ਵਿਚ ਗ਼ਰੀਬੀ ਹੀ ਵਖ ਵਖ ਨਸਲਾਂ, ਸਮਾਜਾਂ ਤੇ ਦੇਸ਼ਾਂ ਵਿਚ ਪਰਸਪਰ ਵੈਰ ਵਿਰੋਧ ਦਾ ਮੂਲ ਕਾਰਨ ਹੈ। ਜਦੋਂ ਗ਼ਰੀਬੀ ਨੂੰ ਹਟਾਇਆ ਜਾਵੇਗਾ, ਬਹੁਤ ਸਾਰੀ ਨਫ਼ਰਤ ਦਾ ਅੰਤ ਹੋ ਜਾਵੇਗਾ, ਫਿਰ ਕਿਸੇ ਨੂੰ ਦੂਜੇ ਦੁਆਰਾ ਸਤਾਏ ਜਾਣ ਤੋਂ ਡਰਨ ਦੀ ਲੋੜ ਨਹੀਂ ਹੋਵੇਗੀ। ਪੱਛਮੀ ਰਾਸ਼ਟਰਾਂ ਦੀ ਉਦਾਹਰਨ ਤੋਂ ਸਾਨੂੰ ਪਤਾ ਚਲਦਾ ਹੈ ਕਿ ਸਾਰੀਆਂ ਨਸਲਾਂ, ਧਰਮਾਂ ਤੇ ਤਬਕਿਆਂ ਦੇ ਲੋਕੀ ਆਧੁਨਿਕ ਗਰਭ-ਨਿਰੋਧਕਾਂ ਦੀ ਵਰਤੋਂ ਕਰਦੇ ਹਨ। ਮਿਸਾਲ ਵਜੋਂ ਇਹ ਧਾਰਣਾ ਬੇਬੁਨਿਆਦ ਹੈ ਕਿ ਰੋਮਨ ਕੈਥੋਲਿਕ ਸੰਤਾਨ ਸੰਜਮ ਦੇ ਵਿਰੁਧ ਹਨ। ਫ਼ਰਾਂਸ ਇਕ ਰੋਮਨ ਕੈਥੋਲਿਕ ਦੇਸ ਹੈ, ਫਿਰ ਵੀ, ਇਹ ਮੁਲਕ ਆਪਣੇ ਬਹੁਤ ਘਟ ਜਨਮ ਦਰ ਲਈ ਬਦਨਾਮ ਹੈ। 1932 ਵਿਚ ਨਿਮਨਲਿਖਤ ਦਸ ਦੇਸਾਂ ਵਿਚ ਜਨਮ ਦਰ ਬਹੁਤ ਹੀ ਘਟ ਸੀ:--

1. ਸਵੀਡਨ	14.5
2. ਜਰਮਨੀ	15.1
3. ਆਸਟਰੀਆ	15.2
4. ਇੰਗਲੈਂਡ ਅਤੇ ਵੇਲਜ਼	15.3
5. ਨਾਰਵੇ	16.3
6. ਆਸਟ੍ਰੇਲੀਆ	16.4
7. ਸਵਿਟਜ਼ਰਲੈਂਡ	16.3
8. ਨਿਊਜ਼ੀਲੈਂਡ	17.1
9. ਅਮਰੀਕਾ	17.3
10. ਫ਼ਰਾਂਸ	17.3

ਤਿੰਨ ਸਭ ਤੋਂ ਘਟ ਗਿਣਤੀ ਦੀ ਜਨਮ ਦਰ ਵਾਲੇ ਦੇਸਾਂ ਵਿਚ ਆਸਟਰੀਆ ਪੂਰਾ ਅਤੇ ਜਰਮਨੀ ਇਕ ਤਿਹਾਈ ਕੈਥੋਲਿਕ ਹੈ। ਹੇਠ ਲਿਖੇ ਪ੍ਰਮੁੱਖ ਸ਼ਹਿਰਾਂ ਵਿਚ ਜਨਮ ਦਰ ਦੇ ਅੰਕੜੇ ਇਸ ਨੁਕਤੇ ਨੂੰ ਸਪਸ਼ਟ ਕਰਦੇ ਹਨ। ਇਹ ਸਾਰੇ 1927 ਜਾਂ 1928 ਦੇ ਹਨ:

1. ਲੰਡਨ	16.1
2. ਕੋਲੋਨ	16.0
3. ਜਨੀਵਾ	14.6
4. ਮਿਲਾਨ	14.5
5. ਤੂਰੀਨ	13.2
6. ਪਰਾਗ	12.5
7. ਮਿਊਨਿਖ	12.0
8. ਵੀਆਨਾਂ	10.6

ਲੰਡਨ ਨੂੰ ਛੱਡ ਕੇ ਉਪਰੋਕਤ ਸਾਰੇ ਸ਼ਹਿਰ ਪੂਰਨ ਰੂਪ ਵਿਚ ਕੈਥੋਲਿਕ ਹਨ। ਫਿਰ ਵੀ ਉਨ੍ਹਾਂ ਸਾਰਿਆਂ ਦੀ ਜਨਮ ਦਰ ਲੰਦਨ ਨਾਲੋਂ ਘਟ ਹੈ। ਇਨ੍ਹਾਂ ਵਿਚੋਂ ਤਿੰਨ ਮਸੋਲੀਨੀ ਦੇ ਦਸ ਇਟਲੀ ਵਿਚ ਹਨ ।

ਸੋ ਇਹ ਸ਼ੰਕਾ ਕਿ ਦੂਜੇ ਫ਼ਿਰਕੇ ਸੰਤਾਨ ਸੰਜਮ ਵਲੋਂ ਲਾਪਰਵਾਹ ਹੋਣਗੇ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸੰਖਿਆ ਵਧ ਜਾਏਗੀ, ਬਿਲਕੁਲ ਹੀ ਬੇਬੁਨਿਆਦ ਹੈ।

ਯੁੱਧਾਂ ਲਈ ਜ਼ੁਮੇਵਾਰ ਰਾਜਨੀਤਕਾਂ ਦੇ ਬਿਆਨਾਂ ਤੋਂ ਇਹ ਸਾਫ਼ ਸਾਫ਼ ਪਤਾ ਚਲਦਾ ਹੈ ਕਿ ਵਸੋਂ ਦੀ ਗਿਣਤੀ ਕਾਰਨ ਪੈਦਾ ਹੋਈਆਂ ਆਰਥਿਕ ਔਕੜਾਂ ਬਹੁਤੀਆਂ ਆਧੁਨਿਕ ਜੰਗਾਂ ਦਾ ਮੂਲ ਕਾਰਨ ਹਨ। ਬਨਹਰਟ, ਕੈਂਸਰ, ਹਿਟਲਰ, ਮੁਸੋਲੀਨੀ ਅਤੇ ਗੋਇਰਿੰਗ ਨੇ ਲਗਭਗ ਇਸ ਨੁਕਤੇ ਤੇ ਜ਼ੋਰ ਦਿਤਾ ਹੈ। ਮਿਸਾਲ ਵਜੋਂ ਐਡੋਲਫ਼ ਹਿਟਲਰ ਨੇ ਆਪਣੀ ਕਿਤਾਬ "ਮਾਈਨ-ਕਾਂਫ਼" ਵਿਚ ਲਿਖਿਆ ਹੈ:

ਲੜਾਈ ਤੋਂ ਪਹਿਲਾਂ ਜਰਮਨ ਲੋਕਾਂ ਦੇ ਪਾਗ਼ਲਾਂ ਵਾਂਗ ਸੰਖਿਆ ਵਾਧੇ ਕਾਰਨ ਲੋੜੀਂਦੀ ਰੋਜ਼ਾਨਾ ਖ਼ੁਰਾਕ ਦੇ ਪ੍ਰਬੰਧ ਦਾ ਸਵਾਲ ਸਾਰੇ ਸਿਆਸੀ ਅਤੇ ਮਾਲੀ ਵਿਚਾਰਧਾਰਾਵਾਂ ਅਤੇ ਕਿਰਿਆਵਾਂ ਦੇ ਸਾਹਮਣੇ ਦਿਨੋ ਦਿਨ ਤੀਬਰ ਰੂਪ ਵਿਚ ਸਾਹਮਣੇ ਆਉਂਦਾ ਰਿਹਾ।

ਅਗੇ ਉਹ ਹੋਰ ਲਿਖਦੇ ਹਨ:-

ਇਸ ਧਰਤੀ ਤੇ ਸਿਰਫ਼ ਚੋਖੀ ਮਿਕਦਾਰ ਵਿਚ ਥਾਂ ਹੀ ਕਿਸੇ ਰਾਸ਼ਟਰ ਦੀ ਹੋਂਦ ਦੀ ਆਜ਼ਾਦੀ ਨੂੰ ਯਕੀਨੀ ਬਣਾਉਂਦੀ ਹੈ। ਨੈਸ਼ਨਲ ਸੋਸ਼ਲਿਸਟ ਅੰਦੋਲਨ ਨੂੰ ਸਾਡੀ ਸੰਖਿਆ ਅਤੇ ਇਲਾਕੇ ਦੀ ਅੰਸਗਤੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।(728-35).

ਹਾਲ ਹੀ ਵਿਚ 12 ਸਤੰਬਰ 1938 ਨੂੰ ਦਿੱਤੇ ਗਏ ਆਪਣੇ ਇਤਿਹਾਸਕ ਭਾਸ਼ਣ ਵਿਚ ਹਿਟਲਰ ਨੇ ਕਿਹਾ ਹੈ:

"ਉਹ ਜਰਮਨੀ ਤੋਂ, ਜਿਥੇ 140 ਲੋਕ ਇਕ ਵਰਗ ਕਿਲੋਮੀਟਰ ਠੋਸੇ ਹੋਏ ਹਨ, ਇਹ ਆਸ ਕਰਦੇ ਹਨ ਕਿ ਇਹ ਆਪਣੇ ਯਹੂਦੀਆਂ ਨੂੰ ਕੋਲ ਰਖੇ ਜਦੋਂ ਕਿ ਸ਼ਕਤੀਸ਼ਾਲੀ ਦੇਸ ਜਿਥੇ ਪ੍ਰਤੀ ਕਿਲੋਮੀਟਰ ਵਿਚ ਕੁਝ ਹੀ ਲੋਕ ਰਹਿੰਦੇ ਹਨ, ਉਨ੍ਹਾਂ ਨੂੰ ਰਖਣਾ ਨਹੀਂ ਚਾਹੁੰਦੇ....."ਇਸੇ ਤਰ੍ਹਾਂ ਮਸੋਲੀਨੀ ਨੇ ਕਿਹਾ ਹੈ:

"ਸਾਨੂੰ ਜ਼ਮੀਨ ਦੀ ਜ਼ਰੂਰਤ ਹੈ, ਕਿਉਂਜੋ ਅਸੀਂ ਬਹੁ-ਪ੍ਰਜਣਨੀ ਹਾਂ ਅਤੇ ਸਾਡਾ ਇਸ ਤਰ੍ਹਾਂ ਦੇ ਹੀ ਰਹਿਣ ਦਾ ਵਿਚਾਰ ਹੈ।"(ਬਦੇਸੀ ਮਾਮਲੇ (ਫ਼ਾਰੇਨ ਅਫ਼ੇਅਰਜ਼) ਅਕਤੂਬਰ, 1926)

ਇਟਲੀ ਦੀ ਇਹ ਮੰਗ ਹੈ ਕਿ ਧੁੱਪ ਅਤੇ ਜ਼ਮੀਨ ਲਈ ਉਨ੍ਹਾਂ ਦੀ ਨਾ ਝੁਠਲਾਈ ਜਾ ਸਕਣ ਵਾਲੀ ਜ਼ਰੂਰਤ ਸਾਰੇ ਦੂਜੇ ਦੇਸਾਂ ਨੂੰ ਸਵੀਕਾਰ ਹੋਵੇ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਇਟਲੀ ਨੂੰ ਮਜਬੂਰਨ ਮਾਮਲਾ ਆਪਣੇ ਹੱਥ ਵਿਚ ਲੈਣਾ ਪਵੇਗਾ।(ਸਨਡੇ ਟਾਈਮਜ਼ 14 ਨਵੰਬਰ 1926)।

ਡਿਪਟੀ ਸਪੀਕਰ : ਮਾਨਯੋਗ ਮੈਂਬਰ ਨੇ ਸਮੇਂ ਦੀ ਹੱਦ ਪਾਰ ਕਰ ਲਈ ਹੈ।

ਸ੍ਰੀ ਬ.ਕ.ਗਾਇਕਵਾੜ : ਸ੍ਰੀਮਾਨ ਜੀ, ਕੀ ਮੈਂ ਜਾਣ ਸਕਦਾ ਹਾਂ ਕਿ ਸਮਾ-ਸੀਮਾ ਕਿੰਨੀ ਹੈ ?

ਡਿਪਟੀ ਸਪੀਕਰ: ਅੱਧਾ ਘੰਟਾ।

ਸ੍ਰੀ ਬ.ਕ. ਗਾਇਕਵਾੜ: ਸ੍ਰੀਮਾਨ ਜੀ, ਆਪ ਜੀ ਦੀ ਸੂਚਨਾ ਹਿੱਤ ਮੇਰੇ ਖ਼ਿਆਲ ਵਿਚ ਮਾਨਯੋਗ ਮੈਂਬਰ, ਜਿਨ੍ਹਾਂ ਨੇ ਪਿਛਲਾ ਪ੍ਰਸਤਾਵ ਪੇਸ਼ ਕੀਤਾ ਸੀ (ਸ੍ਰੀ ਸ਼੍ਰੀਕਾਂਤ) ਇਕ ਘੰਟੇ ਤੋਂ ਵੀ ਜ਼ਿਆਦਾ ਬੋਲੇ ਸਨ।

ਡਿਪਟੀ ਸਪੀਕਰ: ਸਮਾਂ ਵਧਾਉਣਾ ਚੇਅਰ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ।

ਸ੍ਰੀ ਬ.ਕ. ਗਾਇਕਵਾੜ: ਕੀ ਇਸ ਤਰ੍ਹਾਂ ਦੀ ਕਿਰਪਾ ਦੂਜੇ ਪ੍ਰਸਤਾਵਾਂ ਤੇ ਨਹੀਂ ਕੀਤੀ ਜਾ ਸਕਦੀ ?

ਸ੍ਰੀ ਪੀ.ਜੇ.ਰੋਹਮ: ਸ੍ਰੀਮਾਨ ਜੀ, ਮੈਂ ਸਦਨ ਦਾ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ, ਪਰ ਮੈਂ ਸਦਨ ਨੂੰ ਕੁਝ ਗਲਾਂ ਦਸਣੀਆਂ ਹਨ। ਇਸ ਲਈ ਬੇਨਤੀ ਹੈ ਕਿ ਮੈਨੂੰ ਥੋੜ੍ਹਾ ਸਮਾਂ ਹੋਰ ਦੇਣ ਦੀ ਕਿਰਪਾ ਕੀਤੀ ਜਾਵੇ।

ਇਸ ਲਈ ਸਪਸ਼ਟ ਹੈ ਕਿ ਜੋ ਲੋਕ ਸਥਾਈ ਵਿਸ਼ਵ ਭਾਈਚਾਰੇ ਦੇ ਪੱਖ ਵਿਚ ਹਨ, ਉਹ ਸਾਰੇ ਆਬਾਦੀ ਦੇ ਵਾਧੇ ਦੀ ਕਿਸੇ ਵੀ ਕੋਸ਼ਿਸ਼ ਦੀ ਹਿਮਾਇਤ ਨਾ ਕਰਨ ਅਤੇ ਜਿਥੋਂ ਤਕ ਹੋ ਸਕੇ ਸੰਤਾਨ ਸੰਜਮ ਰਾਹੀਂ ਆਬਾਦੀ ਨੂੰ ਰੋਕਣ ਦਾ ਵਧ ਤੋਂ ਵਧ ਜਤਨ ਕਰਨ।

ਇਹ ਭੈ ਬੇਬੁਨਿਆਦ ਹੈ ਕਿ ਸੰਤਾਨ ਸੰਜਮ ਦਾ ਪ੍ਰਚਾਰ ਜਨ-ਸਾਧਾਰਨ ਤਕ ਪਹੁੰਚਣ ਵਿਚ ਸਫਲ ਨਹੀਂ ਹੋਵੇਗਾ ਅਤੇ ਇਸ ਤਰ੍ਹਾਂ ਦੀ ਮੁਹਿੰਮ ਦਾ ਨਤੀਜਾ ਕੁਲ-ਵਾਧੇ ਦੇ ਬਦਲੇ ਕੁਲ-ਨਾਸ਼ੀ ਹੋਵੇਗਾ। ਪਛਮੀ ਦੇਸਾਂ ਵਿਚ ਪ੍ਰਾਪਤ ਹੋਏ ਅਨੁਭਵ ਦਰਸਾਉਂਦੇ ਹਨ ਕਿ ਹੇਠਲੇ ਤਬਕੇ ਦੇ ਲੋਕਾਂ ਨੂੰ ਜਿਵੇਂ ਹੀ ਗਰਭ ਨਿਰੋਧਕਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਉਹ ਉਸ ਦਾ ਫ਼ਾਇਦਾ ਜ਼ਰੂਰ ਉਠਾਉਂਦੇ ਹਨ ਕਿਉਂਜੋ ਉਨ੍ਹਾਂ ਲਈ ਇਸ ਦੀ ਜ਼ਰੂਰਤ ਜ਼ਿਆਦਾ ਹੁੰਦੀ ਹੈ। ਸਾਡੇ ਦੇਸ ਦੀ ਜ਼ਿਆਦਾ ਆਬਾਦੀ ਭਾਵੇਂ ਅਸਿਖਿਅਤ ਹੈ, ਫਿਰ ਵੀ ਉਸ ਨੂੰ ਇਤਨੀ ਸਮਝ ਹੈ ਕਿ ਕਿਹੜੀ ਗੱਲ ਉਨ੍ਹਾਂ ਦੇ ਹਿੱਤ ਵਿਚ ਹੈ । ਇਸ ਲਈ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਵੇਂ ਹੀ ਉਨ੍ਹਾਂ ਨੂੰ ਇਸ ਨਵੀਂ ਕਾਢ ਦੀ ਜਾਣਕਾਰੀ ਦਿਤੀ ਜਾਵੇਗੀ, ਉਹ ਇਸ ਦੀ ਪੂਰੀ ਪੂਰੀ ਵਰਤੋਂ ਕਰਨਗੇ। ਅਜਿਹੇ ਲੋਕਾਂ ਲਈ ਨਸਬੰਦੀ ਸਹੀ ਸਿਧ ਹੋਵੇਗੀ। ਇਸ ਲਈ ਸਰਕਾਰ ਅਤੇ ਮਿਉਂਸਪੈਲਿਟੀਆਂ ਨੂੰ ਆਪਣੇ ਆਪਣੇ ਹਸਪਤਾਲਾਂ ਵਿਚ ਇਸ ਸਬੰਧੀ ਸੁਵਿਧਾਵਾਂ ਜ਼ਰੂਰ ਮੁਹੱਈਆ ਕਰਨੀਆਂ ਚਾਹੀਦੀਆਂ ਹਨ।

ਸਵਰਗਵਾਸੀ ਪ੍ਰਿੰਸੀਪਲ ਸ. ਗੋਲੇ ਨੇ ਆਪਣੀ ਮਰਾਠੀ ਪੁਸਤਕ "ਹਿੰਦੂ ਧਰਮ ਆਣ ਸੁਧਾਰਣਾਂ" ਵਿਚ ਸਾਫ਼ ਸਾਫ਼ ਲਿਖਿਆ ਹੈ ਕਿ ਪੇਂਡੂਆਂ ਵਿਚ ਵੀ ਬਹੁਤ ਸਾਰੇ ਚੰਗੇ ਗੁਣ ਹਨ। ਦਰਅਸਲ ਇਹੋ ਹੀ ਚੰਗੇ ਸ਼ਹਿਰੀ ਮੁੜ ਮੁਹਈਆ ਕਰਦੇ ਹਨ।

ਇਸ ਅੰਦੋਲਨ ਦੇ ਵਿਰੋਧੀ, ਫ਼ਰਾਂਸ, ਜਰਮਨੀ ਅਤੇ ਇਟਲੀ ਦੀ ਮਿਸਾਲ ਦੇ ਕੇ ਇਸ ਦੀ ਵਿਅਰਥਤਾ ਦਰਸਾਉਣ ਦਾ ਜਤਨ ਕਰਦੇ ਹਨ ਪਰ ਉਹ ਭੁਲ ਜਾਂਦੇ ਹਨ ਕਿ ਅਸੀਂ ਉਨ੍ਹਾਂ ਦੇਸਾਂ ਦੀ ਤਦ ਤਕ ਨਕਲ ਨਹੀਂ ਕਰ ਸਕਦੇ, ਜਦੋਂ ਤਕ ਇਹ ਸਾਬਤ ਨਾ ਹੋ ਜਾਏ ਕਿ ਆਪਣੀ ਆਬਾਦੀ ਵਿਚ ਵਾਧਾ ਕਰਨ ਦੇ ਉਨ੍ਹਾਂ ਦੇ ਜਤਨ ਨਿਆਂਸੰਗਤ ਹਨ। ਸਭ ਤੋਂ ਪਹਿਲਾਂ ਇਹ ਧਿਆਨ ਰਖਣਾ ਜ਼ਰੂਰੀ ਹੈ ਕਿ ਸਾਡੇ ਦੇਸ ਦੇ ਮੁਕਾਬਲੇ ਇਨ੍ਹਾਂ ਦੇਸਾਂ ਵਿਚ ਜਨਮ ਦਰ ਬਹੁਤ ਘਟ ਹੈ। ਸਾਡੀ ਜਨਮ ਦਰ 35 ਹੈ ਜਦੋਂ ਕਿ 1936 ਵਿਚ ਇਟਲੀ, ਫ਼ਰਾਂਸ ਅਤੇ ਜਰਮਨੀ ਦੀ ਜਨਮ ਦਰ 1900 ਵਿਚ 35.6 ਸੀ, ਪਰ 1933 ਵਿਚ ਇਹ ਘਟ ਕੇ 14.7 ਤੇ ਆ ਗਈ। ਇਸ ਤੋਂ ਮਗਰੋਂ ਇਟਲੀ ਅਤੇ ਫ਼ਰਾਂਸ ਨੇ ਵੀ ਆਪਣੀ ਜਨਮ ਦਰ ਬਹੁਤ ਘਟਾ ਲਈ ਹੈ। 1851 -55 ਵਿਚ ਇੰਗਲੈਂਡ ਦੀ ਜਨਮ ਦਰ 33.9 ਸੀ ਲੇਕਿਨ 1931 ਤਕ ਉਸਨੂੰ ਘਟਾਕੇ 15.3 ਕਰ ਲਈ ਸੀ। ਸਾਡੇ ਦੇਸ ਵਿਚ ਜਨਮ ਦਰ ਪਿਛਲੇ ਪੰਜਾਹ ਸਾਲਾਂ ਤੋਂ ਲਗਭਗ ਸਥਿਰ ਹੈ, ਇਸ ਲਈ ਉਸ ਨੂੰ ਵਧਾਉਣ ਲਈ ਦੂਜੇ ਦੇਸਾਂ ਦੀ ਕੋਸ਼ਿਸ਼ ਦੀ ਨਕਲ ਕਰਨੀ ਸਾਡੀ ਬੇਅਕਲੀ ਹੋਵੇਗੀ।

ਸਾਮਰਾਜਵਾਦੀਆਂ ਦਾ ਆਪਣੀ ਜਾਤੀ ਦੇ ਲੋਕਾਂ ਦੀ ਵਾਧੇ ਦੀ ਦਰ ਵਿਚ ਕਮੀ ਲਈ ਦੁਖੀ ਹੋਣਾ ਬਿਲਕੁਲ ਹੀ ਸੁਭਾਵਕ ਹੈ। ਇਸੇ ਲਈ ਇਹ ਕੋਈ ਹੈਰਾਨੀ ਵਾਲੀ ਗਲ ਨਹੀਂ ਕਿ ਉਹ 'ਸਿਰਜਣਾ ਕਰੋ ਜਾਂ ਮਰੋ' ਜਿਹੇ ਨਾਅਰੇ ਲਗਾਉਣ। ਫਿਰ ਵੀ, ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਨਾਅਰਿਆਂ ਨੇ ਕੁਝ ਪੜ੍ਹੇ ਲਿਖੇ ਲੋਕਾਂ ਨੂੰ ਵੀ ਸੰਤਾਨ ਸੰਜਮ ਦੇ ਲਾਭ ਬਾਰੇ ਸ਼ੰਕਾਲੂ ਕਰ ਦਿਤਾ ਹੈ। ਇਸ ਵਿਸ਼ੇ ਨੂੰ ਲੈਕੇ ਫ਼ਰਵਰੀ, 1938 ਦੇ "ਉਨ੍ਹੀਵੀਂ ਸਦੀ ਅਤੇ ਉਸ ਤੋਂ ਬਾਅਦ" (ਨਾਈਨਟੀਨਥ ਸੈਂਚਰੀ ਐਂਡ ਆਫ਼ਟਰ) ਵਿਚ ਛਪਿਆ ਸਰ ਲਿਓ ਕਾਇਓਜ਼ਾ ਮਨੀ ਦਾ ਲੇਖ 'ਰਿਨਿਊ ਆਰ ਡਾਈ' ਸਪਸ਼ਟ ਕਰਦਾ ਹੈ। ਉਸ ਲੇਖਕ ਨੇ ਮੰਨ ਲਿਆ ਹੈ ਕਿ ਸੰਪੂਰਨ ਮਨੁੱਖਤਾ ਦੀ ਭਲਾਈ ਲਈ ਗੋਰੀ ਨਸਲ ਦੀ ਰਹਿਨੁਮਾਈ ਲਾਜ਼ਮੀ ਹੈ ਅਤੇ ਉਸਨੇ ਗੋਰੀ ਨਸਲ ਦੀ ਘਟ ਰਹੀ ਗਿਣਤੀ ਨੂੰ ਰੋਕਣ ਲਈ ਆਵਾਜ਼ ਉਠਾਈ ਹੈ। ਪਹਿਲਾਂ ਤਾਂ ਬਹੁਤ ਸਾਰੇ ਲੋਕ ਇਹ ਮੰਨਣ ਤੋਂ ਇਨਕਾਰੀ ਹੋਣਗੇ ਕਿ ਗੋਰੀ ਨਸਲ ਦੀ ਪ੍ਰਭੁਤਾ ਨੇ ਸੰਸਾਰ ਨੂੰ ਕੋਈ ਲਾਭ ਪਹੁੰਚਾਇਆ ਹੈ। ਦੂਜੇ, ਬਹੁਤ ਥੋੜ੍ਹੇ ਪੜ੍ਹੇ ਲਿਖੇ ਬੰਦੇ ਇਸ ਗੱਲ ਤੇ ਕਾਇਮ ਰਹਿਣਗੇ ਕਿ ਗੋਰੀ ਨਸਲ ਦੀ ਗਿਣਤੀ ਘਟ ਹੋ ਜਾਣ ਨਾਲ ਮਨੁੱਖਤਾ ਤੇ ਕੋਈ ਆਫ਼ਤ ਆ ਜਾਏਗੀ। ਇਸ ਤੋਂ ਇਲਾਵਾ ਇਸ ਵਿਅਕਤੀ ਦੀਆਂ ਸਾਰੀਆਂ ਧਾਰਨਾਵਾਂ ਗ਼ਲਤ ਹਨ। ਉਸਨੇ ਇਹ ਮੰਨ ਲਿਆ ਹੈ ਕਿ ਗੋਰੀ ਨਸਲ ਦੀ ਆਬਾਦੀ ਆਹਿਸਤਾ ਆਹਿਸਤਾ ਘਟਦੀ ਜਾਵੇਗੀ ਅਤੇ 2035 ਤਕ ਇਨ੍ਹਾਂ ਦੀ ਆਬਾਦੀ ਘਟ ਕੇ 44 ਲੱਖ ਰਹਿ ਜਾਵੇਗੀ। ਪਰ ਅਸਲੀਅਤ ਇਹ ਹੈ ਕਿ ਇੰਗਲੈਂਡ ਵਿਚ ਜਨਮ ਦਰ ਘਟਣ ਦੀ ਬਜਾਏ ਵੱਧ ਰਹੀ ਹੈ। ਸੰਨ 1933 ਵਿਚ ਇਹ 14.4 ਸੀ ਪਰ ਜੁਲਾਈ 1938 ਵਿਚ ਇਹ 15.3 ਹੋ ਗਈ। ਇਸ ਤਰ੍ਹਾਂ ਲੇਖਕ ਨੇ ਜਿਵੇਂ ਅਨੁਮਾਨ ਲਗਾਇਆ ਹੈ ਕਿ ਇੰਗਲੈਂਡ ਅਤੇ ਵੇਲਜ਼ ਦੀ ਆਬਾਦੀ 1940 ਵਿਚ ਸਿਰਫ਼ 40,700,000 ਹੋਵੇਗੀ ਜਦੋਂ ਕਿ ਅਗੇ ਹੀ ਇਸ ਦੀ ਆਬਾਦੀ 1937 ਵਿਚ 41,031,000 ਹੋ ਚੁਕੀ ਸੀ ਅਤੇ ਇਹ 190,000 ਵਿਅਕਤੀ

ਸਾਲਾਨਾ ਦੀ ਦਰ ਨਾਲ ਵਧ ਰਹੀ ਹੈ। ਇਨ੍ਹਾਂ ਤੱਥਾਂ ਤੋਂ ਇਹ ਪਤਾ ਚਲਦਾ ਹੈ ਕਿ ਲੋਕਾਂ ਨੂੰ ਅਜਿਹੇ ਲੇਖਾਂ ਦੁਆਰਾ ਗੁਮਰਾਹ ਹੋਣ ਤੋਂ ਸਾਵਧਾਨੀ ਵਰਤਣੀ ਚਾਹੀਦੀ ਹੈ।

ਕਦੀ ਕਦੀ ਜ਼ਿਆਦਾ ਆਬਾਦੀ ਤੋਂ ਛੁਟਕਾਰਾ ਪਾਉਣ ਦੇ ਰਾਹ ਵਜੋਂ ਪਰਵਾਸ ਦਾ ਸੁਝਾਅ ਦਿਤਾ ਜਾਂਦਾ ਹੈ, ਪਰ ਇਹ ਉਪਾਅ ਕੋਈ ਆਸ਼ਾਜਨਕ ਨਹੀਂ। ਕਿਸੇ ਨੂੰ ਪਰਵਾਸ ਲਈ ਮਜਬੂਰ ਕਰਨਾ ਦੇਸ਼ ਨਿਕਾਲੇ ਬਰਾਬਰ ਹੈ ਇਸ ਲਈ ਇਸ ਉਪਾਅ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਬਹੁਤ ਘਟ ਲੋਕਾਂ ਵਿਚ ਆਪਣਾ ਦੇਸ ਛੱਡਣ ਦਾ ਹੌਸਲਾ ਅਤੇ ਰੁਚੀ ਹੁੰਦੀ ਹੈ- ਉਹ ਦਸ, ਜੋ ਬਚਪਨ ਦੀਆਂ ਯਾਦਾਂ ਅਤੇ ਮਿਤਰਾਂ, ਸਕੇ ਸਬੰਧੀਆਂ ਦੀ ਮੌਜੂਦਗੀ ਕਾਰਨ, ਮਾਫ਼ਕ ਜਲਵਾਯੂ ਅਤੇ ਦੂਜੇ ਕਾਰਨਾਂ ਕਰਕੇ ਪਿਆਰਾ ਬਣ ਗਿਆ ਹੈ- ਉਸਨੂੰ ਛੱਡ ਕੇ ਦੂਰ ਦੇਸ ਵਿਚ ਜਾਣ ਦੀ ਜਿਸ ਦੀ ਆਬੋਹਵਾ ਮਾਫ਼ਿਕ ਨਾ ਆਉਣ ਦਾ ਡਰ ਹੈ ਅਤੇ ਜਿਥੋਂ ਦੇ ਵਾਸੀਆਂ ਦੀ ਬੋਲੀ, ਰਹਿਣ ਸਹਿਣ ਅਤੇ ਰਸਮ ਰਿਵਾਜ ਵੀ ਅੱਡ ਹਨ। ਆਮ ਤੌਰ ਤੇ ਜਿਹੜੇ ਲੋਕ ਦੂਜੇ ਦੇਸਾਂ ਵਿਚ ਪਰਵਾਸ ਕਰਨ ਲਈ ਰਾਜ਼ੀ ਹੁੰਦੇ ਹਨ, ਉਹ ਸਮਰਥ, ਮਿਹਨਤੀ ਅਤੇ ਚੰਗੇ ਸ਼ਹਿਰੀ ਹੋਣ ਦੇ ਲਾਇਕ ਹੁੰਦੇ ਹਨ। ਅਜਿਹੇ ਲੋਕਾਂ ਦਾ ਦੇਸ ਛੱਡਣਾ ਅਸਲ ਵਿਚ ਮਾਤਭੂਮੀ ਲਈ ਨੁਕਸਾਨਦੇਹ ਹੈ। ਇਹ ਲੋਕ ਆਪਣੇ ਦੇਸ ਵਿਚ ਵੀ ਆਸਾਨੀ ਨਾਲ ਪੇਟ ਭਰ ਸਕਦੇ ਹਨ ਪਰ ਉਨ੍ਹਾਂ ਦੀਆਂ ਉੱਚੀਆਂ ਆਸਾਂ ਉਨ੍ਹਾਂ ਨੂੰ ਦੂਰ ਦੇਸਾਂ ਵਿਚ ਜਾ ਕੇ ਆਪਣੀ ਕਿਸਤ ਨੂੰ ਚੰਗੇਰਾ ਬਣਾਉਣ ਲਈ ਉਕਸਾਉਂਦੀਆਂ ਹਨ। ਸਰੀਰਕ, ਮਾਨਸਿਕ ਜਾਂ ਮਾਲੀ ਤਰੁਟੀ ਵਾਲੇ ਲੋਕਾਂ ਦਾ ਪਰਵਾਸ ਲਗਭਗ ਬੇਕਾਰ ਹੈ ਅਤੇ ਅਸਲ ਵਿਚ ਇਹ ਲੋਕ ਹਨ ਜਿਨ੍ਹਾਂ ਨੂੰ ਮਦਦ ਦੀ ਲੋੜ ਹੈ। ਸਿਰਫ਼ ਲੋੜੀਂਦੀ ਪੂੰਜੀ ਦੀ ਦ੍ਰਿਸ਼ਟੀ ਪਖੋਂ ਵਿਚਾਰ ਕਰਨ ਤੇ ਵੀ ਇਹ ਉਪਾਅ ਬਹੁਤਿਆਂ ਨੂੰ ਰਾਹਤ ਨਹੀਂ ਦੇ ਸਕਦਾ।

ਇਸ ਤੋਂ ਇਲਾਵਾ ਇਸ ਗਲ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਘਟ ਆਬਾਦੀ ਵਾਲੇ ਦੇਸ ਵੀ ਦੂਜਿਆਂ ਨੂੰ ਥਾਂ ਦੇਣ ਦੇ ਇਛੁਕ ਨਹੀਂ ਹੁੰਦੇ ਕਿਉਂਜੋ ਉਨ੍ਹਾਂ ਨੂੰ ਆਪਣੀ ਵਧਦੀ ਨਸਲ ਲਈ ਮੋਕਲੀ ਥਾਂ ਦੀ ਲੋੜ ਹੁੰਦੀ ਹੈ। ਕੈਨੇਡਾ, ਬ੍ਰਿਟਿਸ਼ ਸਾਮਰਾਜਵਾਦ ਦੀ ਇਕ ਬਸਤੀ ਹੈ। ਉਥੋਂ ਦੇ ਨਿਵਾਸੀ ਮੁਖ ਤੌਰ ਤੇ ਅੰਗਰੇਜ਼ ਹੀ ਹਨ ਪਰ ਉਹ ਇਸ ਗਲੋਂ ਬਦਨਾਮ ਹਨ ਕਿ ਉਨ੍ਹਾਂ ਨੇ ਮੌਸਮੀ ਕੰਮ ਕਰਨ ਲਈ ਗਏ ਇੰਗਲੈਂਡ ਦੇ ਮਜ਼ਦੂਰਾਂ ਨੂੰ ਵੀ ਆਪਣੇ ਦੇਸ ਵਿਚ ਵਸਾਉਣ ਤੋਂ ਨਾਂਹ ਕਰ ਦਿਤੀ। ਲੜਾਈਆਂ ਤਾਂ ਘਣੀ ਆਬਾਦੀ ਵਾਲੇ ਦੇਸ਼ਾਂ ਦੇ ਘਟ ਆਬਾਦੀ ਵਾਲੇ ਦਸਾਂ ਵਿਚ ਧੁਸ ਦੇ ਕੇ ਵੜਨ ਦੀਆਂ ਕੋਸ਼ਿਸ਼ਾਂ ਨਾਲ ਹੁੰਦੀਆਂ ਹਨ। ਬਰਮਾ ਦੀ ਘਟਨਾ, ਜਿਹੜੀ ਹਾਲ ਵਿਚ ਹੀ ਸਾਡੇ ਨੇੜੇ ਵਾਪਰੀ ਹੈ, ਉਸ ਦੀ ਸਹੀ ਮਿਸਾਲ ਹੈ। ਉਨ੍ਹਾਂ ਦੇ ਹਾਲ ਹੀ ਦੇ ਫ਼ਿਰਕੂ ਝਗੜਿਆਂ ਦਾ ਮੁੱਖ ਕਾਰਣ ਬਰਮਾ ਵਾਸੀਆਂ ਦਾ ਇਹ ਸ਼ੰਕਾ ਸੀ ਕਿ ਭਾਰਤੀ ਲੋਕ ਉਨ੍ਹਾਂ ਦੇ ਭੌਤਿਕ ਵਿਕਾਸ ਵਿਚ ਰੋਕ ਪਾਉਂਦੇ ਹਨ। ਹੱਦੋਂ ਵਧ ਆਬਾਦੀ ਵਾਲੇ ਦੇਸਾਂ ਦੇ ਮੁਕਾਬਲੇ ਵਿਚ ਘਟ ਆਬਾਦੀ ਵਾਲੇ ਦੇਸ ਬਹੁਤ ਹੀ ਥੋੜ੍ਹੇ ਹਨ। ਜਾਪਾਨ, ਇਟਲੀ, ਜਰਮਨੀ, ਚੀਨ ਅਤੇ ਅਨੇਕਾਂ ਹੋਰ ਦੇਸ ਅਤਿ ਵਧੀਕ ਆਬਾਦੀ ਵਾਲੇ ਦੇਸ ਹਨ। ਇਨ੍ਹਾਂ ਸਾਰੇ ਦਸਾਂ ਦੇ ਪਰਵਾਸੀਆਂ ਲਈ ਚੋਖੀ ਥਾਂ ਲਭਣੀ ਸੰਭਵ ਨਹੀਂ।

ਇਸ ਸਬੰਧ ਵਿਚ ਇਕ ਹੋਰ ਗੱਲ ਵਰਨਣ ਯੋਗ ਹੈ ਕਿ ਪਰਵਾਸ, ਸਥਾਈ ਤੌਰ ਤੇ ਕਿਸੇ ਵੀ ਦੇਸ ਦੀ ਆਬਾਦੀ ਦੀ ਸਮੱਸਿਆ ਹੱਲ ਨਹੀਂ ਕਰ ਸਕਦਾ। ਹਵਾ ਵਾਂਗ ਵਧਦੀ ਆਬਾਦੀ ਦੀ ਵੀ ਖ਼ਾਲੀ ਥਾਂ ਤੁਰਤ ਭਰਨ ਦੀ ਰੁਚੀ ਹੁੰਦੀ ਹੈ ਜਿਹੜੀ ਪਹਿਲੀ ਸਥਿਤੀ ਨੂੰ ਮੁੜ ਦੁਹਰਾਉਣ ਵਲ ਹੀ ਲੈ ਜਾਂਦੀ ਹੈ। ਇਸ ਲਈ ਇਹ ਸਪਸ਼ਟ ਹੈ ਕਿ ਸੰਤਾਨ ਸੰਜਮ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ।

ਕੁਝ ਲੋਕਾਂ ਦਾ ਇਹ ਵਿਸ਼ਵਾਸ਼ ਹੈ ਕਿ ਬਾਲ-ਵਿਆਹ ਬੰਦ ਹੋ ਜਾਣਗੇ ਅਤੇ ਬਾਲਗਾਂ ਦੇ ਵਿਆਹ ਹੋਣ ਲਗ ਪੈਣਗੇ, ਤਾਂ ਆਬਾਦੀ ਦਾ ਵਾਧਾ ਰੁਕ ਜਾਏਗਾ। ਪਰ ਇਹ, ਵਿਸ਼ਵਾਸ ਵੀ ਬੇਬੁਨਿਆਦ ਹੈ। ਸਭ ਤੋਂ ਪਹਿਲਾਂ, ਆਪਣੇ ਦੇਸ ਵਿਚ ਲੜਕੀਆਂ ਦੇ ਵਿਆਹ ਦੀ ਉਮਰ ਨੂੰ ਚੋਖਾ ਵਧਾਉਣ ਵਿਚ ਕਈ ਸਾਲ ਲਗ ਜਾਣਗੇ। ਲੜਕੀਆਂ ਵਿਚ ਸਭ ਤੋਂ ਜ਼ਿਆਦਾ ਉਪਜਾਇਕਤਾ ਸਮਰਥਾ 18 ਤੋਂ 22 ਸਾਲ ਦੀ ਉਮਰ ਵਿਚ ਹੁੰਦੀ ਹੈ। ਪੱਛਮੀ ਦੇਸਾਂ ਵਿਚ ਲੜਕੀਆਂ ਉਸ ਉਮਰ ਤੋਂ ਬਾਅਦ ਵਿਆਹ ਕਰਦੀਆਂ ਹਨ, ਯਾਨਿ ਕਿ ਉਹ ਉਦੋਂ ਵਿਆਹ ਕਰਦੀਆਂ ਹਨ ਜਦੋਂ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਉਪਜਾਇਕਤਾ ਸਮਰੱਥਾ ਦੀ ਉਮਰ ਬੀਤ ਗਈ ਹੁੰਦੀ ਹੈ। ਲੜਕੀ ਦੀ ਸ਼ਾਦੀ ਲਈ 14 ਸਾਲ ਦੀ ਉਮਰ ਨਿਸ਼ਚਿਤ ਕਰਨ ਨਾਲ ਸਬੰਧਿਤ ਸ਼ਾਰਦਾ ਐਕਟ ਲਾਗੂ ਕਰਨ ਵਿਚ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ ਉਸ ਤੋਂ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਇਸ ਗਲ ਦੀ ਆਸ ਕਰਨਾ ਵਿਅਰਥ ਹੈ ਕਿ ਸਾਡੇ ਦੇਸ ਦੀਆਂ ਔਰਤਾਂ ਨਿਕਟ ਭਵਿੱਖ ਵਿਚ 22 ਸਾਲ ਦੀ ਉਮਰ ਤਕ, ਸ਼ਾਦੀ ਪਿਛੇ ਪਾ ਦੇਣਗੀਆਂ ਅਤੇ ਇਸ ਨਾਲ ਆਬਾਦੀ ਤੇ ਕੰਟ੍ਰੋਲ ਹੋ ਜਾਵੇਗਾ। 1931 ਦੀ ਮਰਦਮਸ਼ੁਮਾਰੀ ਤੋਂ ਜਣੇਪੇ ਸਬੰਧੀ ਖ਼ਾਸ ਜਾਂਚ ਕਰਕੇ ਸ੍ਰੀ ਪੀ. ਕੇ. ਵੱਤਲ ਨੇ ਜਿਹੜੇ ਸਿੱਟੇ ਕੱਢੇ ਹਨ ਉਹ ਇਸ ਪ੍ਰਕਾਰ ਹਨ:

(1) ਵੀਹ ਸਾਲ ਤੋਂ ਜ਼ਿਆਦਾ ਉਮਰ ਵਿਚ ਵਿਆਹੀਆਂ ਜਾਣ ਵਾਲੀਆਂ ਲੜਕੀਆਂ ਦੇ ਮੁਕਾਬਲੇ ਵੀਹ ਸਾਲ ਤੋਂ ਘਟ ਉਮਰ ਵਿਚ ਵਿਆਹੀਆਂ ਲੜਕੀਆਂ ਘਟ ਬੱਚੇ ਪੈਦਾ ਕਰਦੀਆਂ ਹਨ।

(2) ਵੀਹ ਸਾਲ ਤੋਂ ਵਧ ਉਮਰ ਵਿਚ ਵਿਆਹੀ ਗਈ ਮਾਂ ਦੇ ਬਚਿਆਂ ਦੇ ਮੁਕਾਬਲੇ ਵਿਚ ਵੀਹ ਸਾਲ ਤੋਂ ਘਟ ਉਮਰ ਵਿਚ ਵਿਆਹੀ ਗਈ ਮਾਂ ਦੇ ਬਚਿਆਂ ਦੇ ਜੀਉਂਦੇ ਰਹਿਣ ਦੀ ਦਰ ਬਹੁਤ ਹੀ ਘਟ ਹੁੰਦੀ ਹੈ।

ਇਨ੍ਹਾਂ ਸਿਟਿਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਆਮ ਤੌਰ ਤੇ ਬਾਲਗ਼ ਵਿਆਹ ਦੇ ਪ੍ਰਚਲਿਤ ਹੋਣ ਤੇ ਵੀ ਆਬਾਦੀ ਦੇ ਵਾਧੇ ਤੇ ਕਾਫ਼ੀ ਰੋਕ ਦੀ ਕੋਈ ਸੰਭਾਵਨਾ ਨਹੀਂ। ਬਹੁਤ ਸਾਰੇ ਬੱਚੇ ਪ੍ਰੌੜ੍ਹ ਅਵਸਥਾ ਤਕ ਜੀਉਂਦੇ ਰਹਿਣਗੇ। ਇਸ ਨਾਲ ਸਾਡੀ ਆਬਾਦੀ ਵਿਚ ਵਾਧੇ ਦੀ ਦਰ ਵਿਚ ਕਮੀਂ ਆਉਣ ਦੀ ਬਜਾਏ ਵਾਧੇ ਦੀ ਸੰਭਾਵਨਾ ਜ਼ਿਆਦਾ ਹੈ। ਬੰਬਈ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਪ੍ਰੋਫ਼ੈਸਰ ਡਾਕਟਰ ਜੀ. ਐਸ. ਘੁਰੀਏ ਨੇ

ਜਨਰਲ ਆਫ਼ ਦੀ ਯੂਨੀਵਰਸਿਟੀ ਆਫ਼ ਬੰਬੇ (ਜਿਲਦ 111 ਮਈ, 1934) ਵਿਚ ਛਪੇ ਆਪਣੇ ਲੇਖ 'ਫ਼ਰਟਿਲਟੀ-ਡੇਟਾ ਆਫ਼ ਦੀ ਇੰਡੀਅਨ ਸੈਨਸੱਸ ਆਫ਼ 1931' ਵਿਚ ਲਿਖਿਆ ਹੈ :-

" ਪ੍ਰਜਣਨ ਅਤੇ ਲੜਕੀ ਦੇ ਵਿਆਹ ਵਿਚਕਾਰ ਸਹਿ-ਸਬੰਧਾਂ ਦਾ ਉਪ੍ਰੋਕਤ ਆਰਜ਼ੀ ਸਿੱਟਾ ਜੇਕਰ ਸਹੀ ਸਾਬਤ ਹੁੰਦਾ ਹੈ ਤਾਂ ਲੜਕੀ ਦੀ ਵਿਆਹ ਦੀ ਉਮਰ ਵਿਚ ਵਾਧੇ ਦੇ ਨਾਲ (ਜਿਹੜੀ ਲਾਜ਼ਮੀ ਵੀ ਹੈ) ਵਿਆਹਕ ਪ੍ਰਜਣਨ ਵਿਚ ਵੀ ਵਾਧਾ ਹੋਵੇਗਾ। ਸਾਡੀ ਆਬਾਦੀ ਅੱਗੇ ਹੀ ਬਹੁਤ ਜ਼ਿਆਦਾ ਹੈ ਅਤੇ ਇਸ ਵਿਚ ਵਾਧਾ ਅਣ-ਇਛਿੱਤ ਹੈ। ਇਸਨੂੰ ਉਚੇਰੀ ਦਰ ਨਾਲ ਵਧਾਉਣ ਦੀ ਕੋਸ਼ਿਸ਼ ਆਤਮਘਾਤੀ ਹੋਵੇਗੀ। ਲੜਕੀਆਂ ਦੇ ਵਿਆਹ ਦੀ ਉਮਰ ਨੂੰ ਵਧਾਉਣ ਦੀ ਕੋਸ਼ਿਸ਼ ਦੇ ਨਾਲ ਨਾਲ ਸਾਨੂੰ ਸੰਤਾਨ ਸੰਜਮ ਦੀ ਵੀ ਵਿਆਪਕ ਮੁਹਿੰਮ ਜ਼ਰੂਰ ਚਲਾਉਣੀ ਚਾਹੀਦੀ ਹੈ।"

ਇਸ ਤੋਂ ਇਲਾਵਾ ਸਾਨੂੰ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਸਹੀ ਉਮਰ ਤੇ ਵਿਆਹ ਨਾ ਕਰਨ ਵਾਲੇ ਲੋਕਾਂ ਦੁਆਰਾ ਹੀ ਵੇਸਵਾਪੁਣੇ ਨੂੰ ਉਤਸਾਹ ਮਿਲਦਾ ਹੈ ਅਤੇ ਇਸ ਦੇ ਦੂਜੇ ਕਈ ਭੈੜੇ ਨਤੀਜੇ ਵੀ ਨਿਕਲਦੇ ਹਨ। ਇਸ ਲਈ ਜੇਕਰ ਸਾਡਾ ਟੀਚਾ ਸਹੀ ਉਮਰ ਤੇ ਵਿਆਹ ਹੈ ਤਾਂ ਸਾਨੂੰ ਲਾਜ਼ਮੀ ਤੌਰ ਤੇ ਸੰਤਾਨ ਸੰਜਮ ਦਾ ਸਹਾਰਾ ਲੈਣਾ ਹੋਵੇਗਾ।

ਇਹ ਨਜ਼ਰੀਆ, ਕਿ ਇਸਤਰੀਆਂ ਦੀ ਆਰਥਿਕ ਤੌਰ ਤੇ ਆਜ਼ਾਦੀ ਆਬਾਦੀ, ਵਿਚ ਵਾਧੇ ਨੂੰ ਘਟ ਕਰੇਗੀ, ਕੋਈ ਤਰਕਸ਼ੀਲ ਵਿਚਾਰ ਨਹੀਂ। ਆਰਥਿਕ ਆਜ਼ਾਦੀ ਕਿਸੇ ਵਿਅਕਤੀ ਨੂੰ ਵਾਸਨਾ ਦੇ ਚੁੰਗਲ ਤੋਂ ਮੁਕਤ ਕਰਵਾਉਣ ਦੀ ਸਮਰਥਾ ਨਹੀਂ। ਕੁਝ ਹੀ ਇਸਤਰੀਆਂ ਜ਼ਿੰਦਗੀ ਭਰ ਕੁਆਰਪਣੇ ਦੀ ਪਾਲਣਾ ਕਰ ਸਕਦੀਆਂ ਹਨ। ਇਸ ਲਈ ਇਹ ਉਪਾਅ ਵੀ ਬੇਅਸਰ ਸਿੱਧ ਹੋਵੇਗਾ। ਅਜੇ ਵੀ ਨਿਮਨ ਵਰਗ ਦੀਆਂ ਇਸਤਰੀਆਂ ਵਾਸਤਵਿਕ ਰੂਪ ਵਿਚ ਆਪਣੀ ਆਮਦਨ ਨਾਲ ਆਪਣੇ ਪਰਵਾਰ ਦੀ ਮਦਦ ਕਰ ਰਹੀਆਂ ਹਨ। ਪਰ ਇਸ ਨਾਲ ਇੰਝ ਨਹੀਂ ਲਗਦਾ ਕਿ ਇਸ ਨਾਲ ਕਿਸੇ ਵੀ ਹੱਦ ਤੱਕ ਪਰਵਾਰ ਸੀਮਿਤ ਰਖਣ ਵਿਚ ਸਹਾਇਤਾ ਮਿਲੀ ਹੈ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਭਾਵੇਂ ਸੰਤਾਨ ਸੰਜਮ ਡਾਕਟਰੀ ਅਤੇ ਸਿਹਤ ਦੇ ਆਧਾਰ ਤੇ ਲਾਜ਼ਮੀ ਹੋ ਸਕਦਾ ਹੈ ਪਰ ਆਰਥਿਕ ਸਮਸਿਆਵਾਂ ਨੂੰ ਹਲ ਕਰਨ ਲਈ ਇਸ ਦੀ ਕੋਈ ਲੋੜ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਦੇਸ ਵਿਚ ਆਰਥਿਕ ਅਤੇ ਜ਼ਰਾਇਤੀ ਵਿਕਾਸ ਦੀ ਬਹੁਤ ਹੀ ਗੁੰਜਾਇਸ਼ ਹੈ ਅਤੇ ਇਸ ਦਿਸ਼ਾ ਵਲ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਸਾਡੇ ਦੇਸ ਦੀ ਜਨਤਾ ਦੇ ਜੀਵਨ ਪੱਧਰ ਨੂੰ ਕਾਫ਼ੀ ਉੱਚਾ ਚੁਕ ਸਕਣਗੀਆਂ। ਪਰ ਗਹੁ ਨਾਲ ਘੋਖਣ ਤੇ ਇਹ ਨਜ਼ਰੀਆ ਵੀ ਤਰਕ ਸੰਗਤ ਸਿੱਧ ਨਹੀਂ ਹੋਇਆ। ਚੋਖੀ ਪੂੰਜੀ ਅਤੇ ਅਮੀਰ ਗਾਹਕਾਂ ਦੀ ਘਾਟ ਸਾਡੀ ਸਨਅਤ ਵਿਚ ਮਹੱਤਵਪੂਰਨ ਤਰੱਕੀ ਵਿਚ ਰੁਕਾਵਟ ਪਾਵੇਗੀ। ਇਸੇ ਤਰ੍ਹਾਂ, ਉਪਜਾਊ ਜ਼ਮੀਨਾਂ, ਵਰਖਾ , ਅਤੇ ਖਾਦਾਂ ਦੀ ਕਮੀ ਜ਼ਰਾਇਤੀ ਪੈਦਾਵਾਰ ਨੂੰ ਬਹੁਤਾ ਵਧਾਉਣ ਦੇ ਰਸਤੇ ਵਿਚ ਰੁਕਾਵਟ ਹਨ। ਆਸਾਮ ਤੋਂ ਇਲਾਵਾ

ਅਜਿਹੀ ਬਹੁਤ ਹੀ ਘਟ ਉਪਜਾਊ ਜ਼ਮੀਨ ਹੈ ਜੋ ਅਜੇ ਵਾਹੀ ਨਹੀਂ ਗਈ। ਬਰਮਾ ਵਿਚ ਹੁਣ ਵੀ ਉਚਿਤ ਜ਼ਮੀਨ ਹੈ ਜਿਸ ਤੇ ਖੇਤੀ ਨਹੀਂ ਕੀਤੀ ਗਈ ਅਤੇ ਉਸ ਪ੍ਰਾਂਤ ਦੇ ਅੰਕੜਿਆਂ ਨੇ ਬਹੁਤ ਸਾਰੇ ਲੋਕਾਂ ਨੂੰ ਇਸ ਗ਼ਲਤ ਫ਼ਹਿਮੀ ਵਿਚ ਪਾ ਦਿੱਤਾ ਹੈ ਕਿ ਭਾਰਤ ਵਿਚ ਅਜੇ ਵੀ ਚੋਖੀ ਮਾਤਰਾ ਵਿਚ ਅਣਵਾਹੀ ਉਪਜਾਊ ਜ਼ਮੀਨ ਮੌਜੂਦ ਹੈ। ਸਾਡੇ ਪ੍ਰਾਂਤ ਵਿਚ 86.4 ਪ੍ਰਤੀਸ਼ਤ ਖੇਤੀਯੋਗ ਜ਼ਮੀਨ ਨੂੰ ਵਾਹੀ ਹੇਠ ਲਿਆਂਦਾ ਜਾ ਚੁੱਕਾ ਹੈ ਅਤੇ ਇਹ ਸ਼ਕੀ ਗਲ ਹੈ ਕਿ ਬਾਕੀ ਜ਼ਮੀਨ ਦਾ ਅੰਸ਼ਿਕ ਭਾਗ ਵੀ ਕਿਸੇ ਮਹੱਤਵ ਵਾਲਾ ਹੈ। ਭਾਰਤੀ ਖੇਤੀ ਸਬੰਧੀ ਰਾਇਲ ਕੌਮਿਸ਼ਨ ਦੀ ਰਿਪੋਰਟ ਮੁਤਾਬਕ ਬਹੁਤ ਸਾਰੀ ਜ਼ਮੀਨ ਬੇਕਾਰ ਹੈ। ਸਾਡੇ ਦੇਸ ਵਿਚ ਵਿਚ ਖੇਤੀ ਯੋਗ ਜ਼ਮੀਨਾਂ ਦਾ ਬਹੁਤ ਵੱਡਾ ਹਿੱਸਾ ਸਹੀ ਖਾਦਾਂ ਦੀ ਕਮੀ ਅਤੇ ਲਗਾਤਾਰ ਫ਼ਸਲ ਉਗਾਉਣ ਕਾਰਨ ਬੰਜਰ ਹੋ ਗਿਆ ਹੈ।

ਆਬਾਦੀ ਵਿਚ ਬਹੁਤ ਜ਼ਿਆਦਾ ਵਾਧੇ ਕਾਰਨ ਸਾਡਾ ਦੇਸ ਵਣਾਂ ਅਤੇ ਚਰਾਂਦਾਂ ਦੀ ਕਮੀ ਦਾ ਸ਼ਿਕਾਰ ਹੈ। ਕੈਨੇਡਾ ਵਿਚ 34.3% ਖੇਤੀਯੋਗ ਜ਼ਮੀਨ ਚਰਾਂਦਾਂ ਲਈ ਸੁਰਖਿਅਤ ਹੈ। ਇਸ ਦਾ ਅਨੁਪਾਤ ਫ਼ਰਾਂਸ ਵਿਚ 21.5, ਇਟਲੀ ਵਿਚ 18.3 ਅਤੇ ਜਰਮਨੀ ਵਿਚ 14.3 ਹੈ, ਪਰ ਸਾਡੇ ਦੇਸ ਵਿਚ ਸਿਰਫ਼ 1.6 ਹੈ। ਇਹ ਅੰਕੜੇ ਇਸ ਗਲ ਨੂੰ ਦਰਸਾਉਂਦੇ ਹਨ ਕਿ ਸਾਡੇ ਪਸ਼ੂਆਂ ਦੀ ਹਾਲਤ ਕਿੰਨੀ ਖ਼ਰਾਬ ਹੈ। ਜਿਥੇ ਵੀ ਨਜ਼ਰ ਮਾਰੀਏ ਉਥੇ ਹੀ ਸਾਨੂੰ ਪਸ਼ੂ ਹੱਡੀਆਂ ਦੇ ਪਿੰਜਰ ਹੀ ਨਜ਼ਰ ਆਉਣਗੇ। ਭਾਵੇਂ ਸਾਡੇ ਲੋਕ ਆਪਣੇ ਮਾਨਵਵਾਦ ਤੇ ਫ਼ਖ਼ਰ ਮਹਿਸੂਸ ਕਰਦੇ ਹਨ ਪਰ ਉਨ੍ਹਾਂ ਨੇ ਜ਼ਮੀਨ ਲਈ ਆਪਣੇ ਸੰਘਰਸ਼ ਵਿਚ ਬੇਇਨਸਾਫ਼ੀ ਨਾਲ ਬੇਜ਼ੁਬਾਨੇ ਪ੍ਰਾਣੀਆਂ ਨੂੰ ਉਨ੍ਹਾਂ ਦੀਆਂ ਚਰਾਂਦਾਂ ਤੋਂ ਵਾਂਝਿਆਂ ਕਰ ਦਿੱਤਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਜ਼ਮੀਨ ਵਾਹੀ ਹੇਠ ਲੈ ਆਂਦੀ ਹੈ। ਇਸ ਨਾਲ ਸਾਡੀ ਖੇਤੀ ਨੂੰ ਉਪਯੋਗੀ ਪਸ਼ੂਆਂ ਅਤੇ ਗੋਹੇ ਜਿਹੀ ਜੀਵਕ ਖਾਦ ਦੀ ਕਮੀ ਕਾਰਨ ਨੁਕਸਾਨ ਹੋ ਰਿਹਾ ਹੈ। ਇਸ ਲਈ, ਇਸ ਵਿਚ ਚੋਖਾ ਸੁਧਾਰ ਲਿਆਉਣਾ ਬਹੁਤ ਮੁਸ਼ਕਲ ਹੈ। ਕੁਝ ਲੋਕ, ਜਾਪਾਨ ਅਤੇ ਚੀਨ ਵਿਚ ਪ੍ਰਤੀ ਏਕੜ ਚੌਲਾਂ ਦੀ ਪੈਦਾਵਾਰ ਦੀ ਬਹੁਤੀ ਉਪਜ ਦੀ ਗਲ ਕਰਦੇ ਹਨ ਅਤੇ ਆਸ ਕਰਦੇ ਹਨ ਕਿ ਸਾਡੇ ਇਥੇ ਵੀ ਇਸ ਫ਼ਸਲ ਦੀ ਪੈਦਾਵਾਰ ਬਹੁਤ ਵਧਾਉਣ ਦੀ ਗੁੰਜਾਇਸ਼ ਹੈ। ਉਨ੍ਹਾਂ ਦੇਸਾਂ ਵਿਚ ਚੌਲਾਂ ਦੀ ਪੈਦਾਵਾਰ ਦੇ ਅੰਕੜਿਆਂ ਦੀ ਦਰੁਸਤੀ ਤੇ ਸ਼ਕ ਕਰਨ ਦੇ ਆਧਾਰ ਮੌਜੂਦ ਹਨ। ਇਟਲੀ ਦੇ ਸਾਬਕਾ ਵਿਦੇਸ਼ ਮੰਤਰੀ ਕਾਊਂਟ ਕਾਰਲੋ ਸਫ਼ੋਰਾ ਦਾ "ਦਿ ਕਾਨਫ਼ਲਿਕਟ ਬਿਟਵੀਨ ਚਾਇਨਾ ਐਂਡ ਜਾਪਾਨ" ਵਿਸ਼ੇ ਤੇ ਲੇਖ ਨਿਊਯਾਰਕ ਤੋਂ ਪ੍ਰਕਾਸ਼ਤ ਹੋਣ ਵਾਲੇ ਮਾਸਕ "ਇੰਟਰਨੈਸ਼ਨਲ ਕਨਸਿਲੀਏਸ਼ਨ" ਪਤ੍ਰਿਕਾ ਦੇ ਹਾਲ ਹੀ ਦੇ ਅੰਕ ਵਿਚ ਛਪਿਆ ਹੈ। ਇਸ ਵਿਚ ਵਰਣਨ ਕੀਤਾ ਗਿਆ ਹੈ ਕਿ 1900 ਤੋਂ ਜਾਪਾਨ ਵਿਚ ਚੌਲਾਂ ਦੀ ਪ੍ਰਤੀ ਏਕੜ ਉਪਜ ਵਿਚ ਕਾਫ਼ੀ ਗਿਰਾਵਟ ਆਈ ਹੈ। ਇਸ ਬਾਰੇ ਕਾਫ਼ੀ ਸ਼ਹਾਦਤ ਮਿਲਦੀ ਹੈ ਕਿ ਖੇਤੀ ਸਬੰਧੀ ਜਾਪਾਨ ਦੇ ਅੰਕੜੇ ਵਿਸ਼ਵਾਸਯੋਗ ਨਹੀਂ। ਇਸ ਤੋਂ ਇਲਾਵਾ ਇਹ ਤੱਥ ਵੀ ਧਿਆਨ ਦੇਣ ਯੋਗ ਹੈ ਕਿ ਜਾਪਾਨ ਵਿਚ ਸਮੇਂ ਅਨੁਸਾਰ ਅਤੇ ਸਾਰਾ ਸਾਲ ਵਰਖਾ ਹੁੰਦੀ ਹੈ ਅਤੇ ਵਿਸ਼ਾਲ ਜੰਗਲਾਂ ਕਾਰਨ ਕਾਫ਼ੀ ਖਾਦ ਮਿਲਦੀ ਹੈ।

ਉਥੋਂ ਦਾ ਜਲ-ਵਾਯੂ ਵੀ ਚੌਲਾਂ ਦੀ ਫ਼ਸਲ ਲਈ ਆਦਰਸ਼ਕ ਹੈ। ਇਸ ਤਰ੍ਹਾਂ ਦੀਆਂ ਸਾਰੀਆਂ ਸੁਵਿਧਾਵਾਂ ਦਾ ਇਕੋ ਹੀ ਥਾਂ ਤੇ ਸੰਜੋਗ ਸਾਇਦ ਹੀ ਹੋਰਥੇ ਵੇਖਿਆ ਜਾ ਸਕਦਾ ਹੈ। ਭਾਵੇਂ ਇਹ ਮੰਨਿਆ ਜਾ ਸਕਦਾ ਹੈ ਕਿ ਸਵੈ-ਸ਼ਾਸਨ ਸਾਡੀ ਜਨਤਾ ਦੀ ਹਾਲਤ ਸੁਧਾਰਨ ਵਿਚ ਕੁਝ ਹਦ ਤਕ ਪ੍ਰਭਾਵਕ ਹੋ ਸਕਦਾ ਹੈ, ਪਰ ਸਾਡੇ ਲੋਕਾਂ ਦੀ ਆਰਥਿਕ ਹਾਲਤ ਵਿਚ ਕਿਸੇ ਵੀ ਪਕੇ ਤੌਰ ਤੇ ਅਤੇ ਮੁਨਾਸਬ ਰੂਪ ਵਿਚ ਕਿਸੇ ਸੁਧਾਰ ਦੀ ਆਸ ਉਦੋਂ ਤਕ ਨਹੀਂ ਰਖੀ ਜਾ ਸਕਦੀ ਜਦੋਂ ਤਕ ਵਧਦੀ ਆਬਾਦੀ ਨੂੰ ਸੋਚ ਵਿਚਾਰ ਕੇ ਠਲ੍ਹ ਨਹੀਂ ਪਾਈ ਜਾਂਦੀ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਫ਼ੈਲਣ ਦਾ ਹਰ ਮੌਕਾ ਮਿਲਣ ਤੇ ਆਬਾਦੀ ਤੇਜ਼ੀ ਨਾਲ ਵਧਣ ਲਗਦੀ ਹੈ ਅਤੇ ਇਸ ਤਰ੍ਹਾਂ ਖ਼ਾਸ ਕੋਸ਼ਿਸ਼ਾਂ ਨਾਲ ਪ੍ਰਾਪਤ ਕੀਤੇ ਗਏ ਸਾਰੇ ਲਾਭਾਂ ਨੂੰ ਵਿਅਰਥ ਕਰ ਦਿੰਦੀ ਹੈ। ਇਸ ਲਈ, ਅਨੁਭਵ ਨੇ ਵਿਗਿਆਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿਤਾ ਹੈ ਕਿ ਜਦੋਂ ਤਕ ਲੋਕਾਂ ਦੀ ਆਰਥਿਕ ਹਾਲਤ ਸੁਧਾਰਨ ਦੇ ਜਤਨਾਂ ਦੇ ਨਾਲ ਨਾਲ ਸੰਤਾਨ ਸੰਜਮ ਰਾਹੀਂ ਆਬਾਦੀ ਦੇ ਵਾਧੇ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਉਦੋਂ ਤਕ ਲੋਕਾਂ ਦੇ ਜੀਵਨ ਪਧਰ ਵਿਚ ਕੋਈ ਪੱਕਾ ਅਤੇ ਵਾਸਤਵਿਕ ਕਾਫ਼ੀ ਵਾਧਾ ਨਹੀਂ ਹੋ ਸਕਦਾ।

ਨਿਰਾ ਸਵਰਾਜ ਲੋਕਾਂ ਦੀ ਹਾਲਤ ਵਿਚ ਸਰਬਪੱਖੀ ਸੁਧਾਰ ਲਿਆਉਣ ਲਈ ਸਮਰੱਥਹੀਨ ਹੈ। ਇਸ ਤੱਥ ਨੂੰ ਅਨੇਕਾਂ ਆਜ਼ਾਦ ਮੁਲਕਾਂ ਦੀਆਂ ਮਿਸਾਲਾਂ ਨੇ ਪੂਰੀ ਤਰ੍ਹਾਂ ਸਿੱਧ ਕਰ ਦਿੱਤਾ ਹੈ। ਭਾਵੇਂ, ਘਟ ਜਨਮ ਦਰ ਸਹਿਤ ਅਨੇਕਾਂ ਕਾਰਨਾਂ ਕਰਕੇ, ਸਾਡੇ ਦੇਸਵਾਸੀਆਂ ਦੇ ਮੁਕਾਬਲੇ ਅਮਰੀਕਾ ਅਤੇ ਇੰਗਲੈਂਡ ਵਰਗੇ ਦੇਸਾਂ ਦੇ ਵਾਸੀਆਂ ਦੀ ਆਰਥਿਕ ਹਾਲਤ ਬਹੁਤ ਚੰਗੀ ਹੈ (ਸਾਡੇ ਬਹੁਤ ਸਾਰੇ ਦੇਸਵਾਸੀਆਂ ਨੂੰ ਗ਼ਰੀਬੀ ਦੇ ਕਾਰਨ ਪੌਸ਼ਟਿਕ ਭੋਜਨ ਵੀ ਨਹੀਂ ਮਿਲਦਾ), ਫਿਰ ਵੀ, ਉਸਨੂੰ ਤਸੱਲੀਬਖ਼ਸ਼ ਨਹੀਂ ਕਿਹਾ ਜਾ ਸਕਦਾ। ਉਥੇ ਵੀ ਆਦਰਸ਼ ਸਿਹਤ ਲਈ ਲੋੜੀਂਦਾ ਮਿਆਰ ਕਾਇਮ ਰਖਣਾ ਬਹੁਤ ਲੋਕਾਂ ਨੂੰ ਮੁਸ਼ਕਲ ਲਗਦਾ ਹੈ। ਰਾਸ਼ਟਰਪਤੀ ਰੂਜ਼ਵੈਲਟ ਅਨੁਸਾਰ ਇਕ ਤਿਹਾਈ ਅਮਰੀਕੀ ਲੋਕਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ। ਇਸ ਦਾ ਇਕ ਕਾਰਨ ਇਹ ਹੈ ਕਿ ਉਥੇ ਵੀ ਲੋੜੀਂਦੀ ਮਾਤਰਾ ਵਿਚ ਸੰਤਾਨ ਸੰਜਮ ਨੂੰ ਅਮਲ ਵਿਚ ਇਤਨਾ ਨਹੀਂ ਲਿਆਂਦਾ ਜਾਂਦਾ ਜਿਤਨਾ ਜ਼ਰੂਰੀ ਹੈ। ਨਵੇਂ ਆਬਾਦ ਹੋਏ ਦੇਸਾਂ ਵਿਚ ਹਰ ਇਕ ਵਿਅਕਤੀ ਕੋਲ ਚੋਖੀ ਉਪਜਾਊ ਜ਼ਮੀਨ ਹੈ ਅਤੇ ਇਸੇ ਲਈ ਇਨ੍ਹਾਂ ਦੇਸਾਂ ਦੇ ਲੋਕਾਂ ਨੂੰ ਘਣੀ ਆਬਾਦੀ ਵਾਲੇ ਦੇਸਾਂ ਦੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਪੌਸ਼ਟਿਕ ਭੋਜਨ ਮਿਲਦਾ ਹੈ। ਇਟਲੀ ਅਤੇ ਆਸਟਰੇਲੀਆ ਵਿਚ ਪ੍ਰਤੀ ਵਿਅਕਤੀ ਸਾਲਾਨਾ ਖਪਤ ਸਬੰਧੀ ਅੰਕੜੇ ਇਸ ਪ੍ਰਕਾਰ ਹਨ:-

	ਆਸਟਰੇਲੀਆ	ਇਟਲੀ
ਦੁੱਧ ਅਤੇ ਉਸ ਤੋਂ ਤਿਆਰ ਉਪਜਾਂ (ਗੈਲਨ)	102	23
ਮਾਸ (ਪੌਂਡ)	202	23
ਫਲ (ਪੌਂਡ)	104	40
ਚੀਨੀ (ਪੌਂਡ)	107	18
ਕਣਕ (ਪੌਂਡ)	297	351

ਕਣਕ ਤੋਂ ਇਲਾਵਾ ਖਾਣ ਦੀਆਂ ਦੀ ਹੋਰ ਚੀਜ਼ਾਂ ਦੀ ਖਪਤ ਇਟਲੀ ਦੇ ਮੁਕਾਬਲੇ ਆਸਟਰੇਲੀਆ ਵਿਚ ਬਹੁਤ ਵਧੇਰੀ ਮਾਤਰਾ ਵਿਚ ਹੈ।

ਹਾਲੈਂਡ ਵਰਗੇ ਦੇਸ਼, ਜਿਨ੍ਹਾਂ ਨੇ ਸੰਤਾਨ ਸੰਜਮ ਰਾਹੀਂ ਆਪਣੀ ਜਨਮ ਦਰ ਵਿਚ ਕਮੀ ਲਿਆਂਦੀ ਹੈ, ਪੁਰਾਣੀ ਦੁਨੀਆਂ ਦੇ ਦੂਜੇ ਦੇਸਾਂ ਦੇ ਮੁਕਾਬਲੇ ਜ਼ਿਆਦਾ ਖ਼ੁਸ਼ਹਾਲ ਹਨ।

ਬੰਬਈ ਪ੍ਰੈਜ਼ੀਡੈਂਸੀ ਵਿਚ ਪ੍ਰਤੀ ਵਿਅਕਤੀ ਦੁਧ ਦੀ ਉਪਲਬਧ ਮਾਤਰਾ "ਸਵਾ ਤੋਲਾ ਹੈ"। ਖ਼ੁਰਾਕ ਦੇ ਮਾਹਿਰਾਂ ਅਨੁਸਾਰ ਪ੍ਰਤੀ ਵਿਅਕਤੀਂ, ਹਰ ਰੋਜ਼ ਘਟੋ ਘਟ ਅੱਧਾ ਕੁ ਲਿਟਰ ਦੁੱਧ ਮਿਲਣਾ ਚਾਹੀਦਾ ਹੈ।

ਸੰਤਾਨ ਸੰਜਮ ਦੀ ਲਹਿਰ ਦਾ ਮੁੱਖ ਉਦੇਸ਼ ਇਕ ਅਜਿਹੀ ਹਾਲਤ ਕਾਇਮ ਕਰਨਾ ਹੈ ਜਿਸ ਵਿਚ ਹਰ ਇਕ ਦੇਸ ਨੇ ਆਪਣੀ ਜਨਮ ਦਰ ਅਜਿਹੇ ਢੁਕਵੇਂ ਰੂਪ ਵਿਚ ਘਟ ਕਰ ਦਿਤੀ ਹੋਵੇ ਕਿ ਆਪਣੀ ਹੀ ਉਪਜ ਰਾਹੀਂ ਆਪਣੀ ਆਬਾਦੀ ਦਾ ਚੰਗੀ ਤਰ੍ਹਾਂ ਪਾਲਣ ਪੋਸਣ ਕਰ ਸਕੇ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਆਧੁਨਿਕ ਵਿਗਿਆਨ ਦੀਆਂ ਆਧੁਨਿਕ ਖੋਜਾਂ ਨੇ ਮਨੁਖਤਾ ਲਈ ਖਾਣ ਪਦਾਰਥਾਂ ਦੀ ਸਮਸਿਆ ਹਲ ਕਰ ਦਿਤੀ ਹੈ ਅਤੇ ਮੌਜੂਦਾ ਆਰਥਿਕ ਮੁਸ਼ਕਲਾਂ ਦਾ ਮੂਲ ਕਾਰਨ ਕੇਵਲ ਗ਼ਲਤ ਵੰਡ ਪ੍ਰਣਾਲੀ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਜਾਇਦਾਦ ਦੀ ਸਹੀ ਵੰਡ ਹੀ ਸਭ ਪਾਸੇ ਵਾਫ਼ਰਤਾ ਲਿਆਵੇਗੀ। ਇਸ ਵਿਚ ਕੋਈ ਸ਼ਕ ਨਹੀਂ ਕਿ ਜਾਇਦਾਦ ਦੀ ਵੰਡ ਵਿਚ ਕਈ ਥਾਵਾਂ ਤੇ ਬੇਇਨਸਾਫ਼ੀ ਹੈ ਅਤੇ ਹਰ ਇਕ ਨਿਰਪੱਖ ਸਮਾਜ ਸੇਵਕ ਨੂੰ ਇਸ ਸਬੰਧੀ ਉਸ ਵਿਅਕਤੀ ਨੂੰ ਨਿਆਂ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਨਾਲ ਧੱਕਾ ਹੋਇਆ ਹੈ। ਫਿਰ ਵੀ ਇਹ ਚੇਤੇ ਰਖਣਾ ਜ਼ਰੂਰੀ ਹੈ ਕਿ ਜਾਇਦਾਦ ਦੀ ਬਰਾਬਰ ਵੰਡ ਹੀ ਉਦੋਂ ਤਕ ਜਨਤਾ ਦੀ ਭੌਤਿਕ ਹਾਲਤ ਨੂੰ ਸਥਾਈ ਰੂਪ ਵਿਚ ਸੁਧਾਰਨ ਦੇ ਸਮਰੱਥ ਨਹੀਂ ਹੋ ਸਕਦੀ ਜਦੋਂ ਤਕ ਆਬਾਦੀ ਵਿਚ ਵਾਧੇ ਨੂੰ ਪਰਵਾਰ ਨਿਯੋਜਨ ਦੁਆਰਾ ਸੀਮਿਤ ਨਹੀਂ ਕੀਤਾ ਜਾਂਦਾ।

ਕੁਲ ਸੰਪਤੀ ਦਾ ਪ੍ਰਮੁੱਖ ਸੋਮਾਂ ਹੋਣ ਦੇ ਕਾਰਨ ਜ਼ਮੀਨ ਸਭ ਲਈ ਉਦੋਂ ਤਕ ਕਾਫ਼ੀ ਨਹੀਂ ਹੋ ਸਕਦੀ ਜਦੋਂ ਤਕ ਕਾਫ਼ੀ ਉਪਜਾਊ ਜ਼ਮੀਨ ਹਰ ਵਿਅਕਤੀ ਦੇ ਹਿਸੇ ਵਿਚ ਨਹੀਂ

ਆਉਂਦੀ। ਸਰ ਡੇਮੀਅਲ ਹਾਲ ਅਤੇ ਪ੍ਰੋਫ਼ੈਸਰ ਈਸਟ ਜਿਹੇ ਮਾਹਰ ਖੇਤੀ ਵਿਗਿਆਨੀ ਇਹ ਦਸਦੇ ਹਨ ਕਿ ਪਛਮੀ ਯੂਰਪੀ ਮਿਆਰ ਅਨੁਸਾਰ ਹਰ ਇਕ ਵਿਅਕਤੀ ਦੇ ਗੁਜ਼ਾਰੇ ਲਈ ਢਾਈ ਏਕੜ ਖੇਤੀ ਯੋਗ ਜ਼ਮੀਨ ਚਾਹੀਦੀ ਹੈ। ਪ੍ਰਾਚੀਨ ਦੇਸਾਂ ਵਿਚ ਲੋਕਾਂ ਨੂੰ ਇਸ ਤੋਂ ਬਹੁਤ ਘਟ ਤੇ ਗੁਜ਼ਰਾਨ ਕਰਨੀ ਪੈਂਦੀ ਹੈ। ਭਾਰਤ ਵਿਚ ਤਾਂ ਹਰ ਇਕ ਵਿਅਕਤੀ ਲਈ ਖੇਤੀਯੋਗ ਜ਼ਮੀਨ ਦਾ ਪੌਣਾ ਏਕੜ ਹੀ ਹੈ ਅਤੇ ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਰਾਇਲ ਕਮਿਸ਼ਨ ਆਫ਼ ਐਗਰੀਕਲਚਰ ਅਨੁਸਾਰ ਇਸ ਦੇਸ ਵਿਚ ਬਹੁਤੀ ਅਣਵਾਹੀ ਜ਼ਮੀਨ ਲਗਭਗ ਬੇਕਾਰ ਹੈ।

ਇਹ ਵਿਚਾਰ ਵੀ ਸਹੀ ਨਹੀਂ ਕਿ ਰਸਾਇਣਿਕ ਖਾਦਾਂ ਦੇ ਆਉਣ ਨਾਲ ਖਾਦਾਂ ਸਬੰਧੀ ਸਮਸਿਆ ਹੱਲ ਹੋ ਗਈ ਹੈ। ਹਰ ਥਾਂ ਤੇ ਬਣਾਉਟੀ ਖਾਦਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਬੰਬਈ ਸਰਕਾਰ ਦੇ ਇਕ ਰਿਟਾਇਰਡ ਖੇਤੀਬਾੜੀ ਰਸਾਇਣੀ ਰਾਓ ਬਹਾਦਰ ਡੀ.ਐਲ. ਸਹਸਰਬੁਧ, ਐਮ.ਏ. (ਖੇਤੀਬਾੜੀ), ਐਮ.ਐਸ.ਸੀ. ਨੇ ਅਕਤੂਬਰ 1936 ਦੇ 'ਸਹਯਾਦਰੀ' ਵਿਚ ਆਪਣੇ ਲੇਖ ਵਿਚ ਲਿਖਿਆ ਹੈ :-

ਅਨੁਭਵ ਨੇ ਇਹ ਦਰਸਾਇਆ ਹੈ ਕਿ ਸਾਰੀਆਂ ਥਾਵਾਂ ਤੇ ਬਣਾਉਟੀ ਖਾਦਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਰਾਸਾਇਣਿਕ ਖਾਦਾਂ ਦੇ ਨਾਲ ਨਾਲ ਜੀਵਕ ਖਾਦਾਂ, ਜਿਵੇਂ ਕਿ ਗਊ ਦਾ ਗੋਹਾ, ਆਦਿ ਵੀ ਵਰਤਣੀਆਂ ਚਾਹੀਦੀਆਂ ਹਨ, ਨਹੀਂ ਤਾਂ ਬਣਾਉਟੀ ਖਾਦਾਂ ਫ਼ਸਲਾਂ ਦੇ ਅਨੁਕੂਲ ਸਾਬਤ ਨਹੀਂ ਹੁੰਦੀਆਂ। ਇਸੇ ਤਰ੍ਹਾਂ ਅਜਿਹੀਆਂ ਫ਼ਸਲਾਂ ਨੂੰ ਹਾਨੀ ਤੋਂ ਬਚਾਉਣ ਲਈ ਪਾਣੀ ਚੋਖੀ ਮਾਤਰਾ ਵਿਚ ਮਿਲਣਾ ਚਾਹੀਦਾ ਹੈ, ਜਿਨ੍ਹਾਂ ਲਈ ਰਾਸਾਇਣਿਕ ਖਾਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਇਹ ਵੀ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਨਾਈਟ੍ਰੇਟ ਅਤੇ ਫ਼ਾਸਫੇਟ ਦੋ ਮੁਖ ਖਾਦਾਂ ਹਨ ਅਤੇ ਇਨ੍ਹਾਂ ਵਿਚੋਂ ਇਕ ਦਾ ਦੂਜੀ ਬਗ਼ੈਰ ਇਸਤੇਮਾਲ ਕਰਨਾ ਬੇਕਾਰ ਹੈ। ਫ਼ਾਸਫ਼ੇਟ ਬਹੁਤ ਹੀ ਘਟ ਮਾਤਰਾ ਵਿਚ ਮਿਲਦੀ ਹੈ। ਸਰ ਫ਼ੈਡਰਿਕ ਕੀਬਲ ਨੇ ਕਿਹਾ ਹੈ : " ਸੰਸਾਰ ਦੀ ਲਗਭਗ ਸਾਰੀ ਭੌਂ ਵਿਚ ਫ਼ਾਸਫੇਟ ਦੀ ਘਾਟ ਹੈ।"

(" ਫ਼ਰਟੀਲਾਈਜ਼ਰਜ਼ ਐਂਡ ਫ਼ੂਡ ਪ੍ਰੋਡੱਕਸ਼ਨ-1932 ") ਪੰਨਾ 22।

ਪ੍ਰੋਫ਼ੈਸਰ ਆਰਮਸਟਰਾਂਗ ਕਹਿੰਦੇ ਹਨ :

ਕਰੁਕਸ ਦੁਆਰਾ ਨਾਈਟਰੋਜਨ ਦੀ ਸਮਸਿਆ ਦੇ ਹਲ ਨੇ ਸਾਨੂੰ ਬਚਾਇਆ ਨਹੀਂ, ਸਗੋਂ ਫ਼ਾਸਫ਼ੇਟ ਦੇ ਅਬਦਲ ਭੰਡਾਰਾਂ ਦੀ ਖਪਤ ਦੀ ਰਫ਼ਤਾਰ ਤੇਜ਼ ਕਰ ਕਰ ਕੇ ਸਾਨੂੰ ਵਿਨਾਸ਼ ਦੇ ਨੇੜੇ ਪਹੁੰਚਾ ਦਿਤਾ ਹੈ।

ਲਗਭਗ ਸਾਰੀਆਂ ਥਾਵਾਂ ਦੇ ਵਣ ਨਾ-ਕਾਫ਼ੀ ਹਨ ਜਿਸ ਦੇ ਸਿੱਟੇ ਵਜੋਂ ਪਾਣੀ ਅਤੇ ਖਾਦਾਂ ਦੀ ਕਮੀ ਆ ਗਈ ਹੈ। ਕਾਂਗਰਸ ਸਰਕਾਰ, ਬੰਬਈ ਪ੍ਰੈਜ਼ੀਡੈਂਸੀ ਦੀ ਜਨਤਾ ਨੂੰ ਉੱਚਾ

ਚੁਕਣ ਲਈ ਜਤਨ ਕਰ ਰਹੀ ਹੈ (ਬੱਲੇ ! ਬੱਲੇ !) ਪਰ ਜਦੋਂ ਤਕ ਸੰਤਾਨ ਸੰਜਮ ਰਾਹੀਂ ਆਬਾਦੀ ਦੀ ਸਮਸਿਆ ਨਾਲ ਨਜਿੱਠਿਆ ਨਹੀਂ ਜਾਂਦਾ ਉਦੋਂ ਤਕ ਸਾਰੀਆਂ ਕੋਸ਼ਿਸ਼ਾਂ ਨਿਸਫਲ ਰਹਿਣਗੀਆਂ।

ਡਿਪਟੀ ਸਪੀਕਰ : ਮਾਨਯੋਗ ਮੈਂਬਰ ਆਪਦੀ ਟਿੱਪਣੀ ਸਮਾਪਤ ਕਰਨ।

ਸ਼੍ਰੀ ਪੀ.ਜੇ. ਰੋਹਮ : ਹਾਂ ! ਸ੍ਰੀਮਾਨ ਜੀ ! ਡਾਕਟਰ ਰਾਧਾਕਮਲ ਮੁਕਰਜੀ ਨੇ ਆਪਣੀ ਪੁਸਤਕ "ਫ਼ੂਡ ਪਲੋਨਿੰਗ ਫ਼ਾਰ ਫ਼ੌਰ ਹੰਡਰਡ ਮਿਲੀਅਨਜ਼" ਵਿਚ ਕਿਹਾ ਹੈ :

" ਜਦੋਂ ਤਕ ਆਬਾਦੀ ਵਿਚ ਵਾਧੇ ਤੇ ਕੁਝ ਪਾਬੰਦੀ ਨਹੀਂ ਲਗਾਈ ਜਾਂਦੀ ਉਦੋਂ ਤਕ ਕੋਈ ਵੀ ਉਪਾਅ ਥੋੜ੍ਹ-ਚਿਰਾ ਸਿੱਧ ਹੋਵੇਗਾ, ਜਿਵੇਂ ਕਿ ਚੀਨ ਵਿਚ ਹੋਇਆ ਹੈ; ਕਿਉਂਜੋ ਆਬਾਦੀ ਮੁੜ ਉਸ ਅਧਿਕਤਮ ਸੀਮਾਂ ਤਕ ਵੱਧ ਜਾਵੇਗੀ ਜਿਤਨੀ ਨੂੰ ਭੋਇੰ ਆਸਰਾ ਦੇ ਸਕਦੀ ਹੈ। ਆਬਾਦੀ ਸਿਖਿਆ ਸੁਵਿਧਾਵਾਂ ਦੇ ਮੁਕਾਬਲੇ ਤੇਜ਼ ਰਫ਼ਤਾਰ ਨਾਲ ਵਧੇਗੀ ਅਤੇ ਟੈਕਸ ਦੇਣ ਦੀ ਸਮਰੱਥਾ ਮੁਸ਼ਕਲ ਨਾਲ ਹੀ ਵਧੇਗੀ। ਇਸਤੋਂ ਇਹ ਸਾਫ਼ ਜਾਹਿਰ ਹੈ ਕਿ ਕੇਵਲ ਖਾਣ ਪਦਾਰਥਾਂ ਦੀ ਸਪਲਾਈ ਦੀ ਦ੍ਰਿਸ਼ਟੀ ਤੋਂ ਆਬਾਦੀ ਦੇ ਦਬਾਅ ਦੀ ਸਹੀ ਪਰਖ ਨਹੀਂ ਕੀਤੀ ਜਾ ਸਕਦੀ। ਵਧਦੀ ਆਬਾਦੀ ਪੁਨਰ ਸਮਾਯੋਜਨ ਨੂੰ ਜ਼ਿਆਦਾ ਤੋਂ ਜ਼ਿਆਦਾ ਮੁਸ਼ਕਲ ਬਣਾਉਂਦੀ ਹੈ। ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਤਰਕ ਸੰਗਤ ਪਰਵਾਰ ਨਿਯੋਜਨ ਅਤੇ ਜਨ ਸਾਧਾਰਨ ਨੂੰ ਸੰਤਾਨ ਸੰਜਮ ਦੇ ਸਬੰਧ ਵਿਚ ਸਿਖਿਆ ਦੇਣੀ ਹੀ ਆਬਾਦੀ ਵਿਚ ਵਾਧੇ ਨੂੰ ਰੋਕਣ ਲਈ ਸਭ ਤੋਂ ਸਹੀ ਅਤੇ ਪ੍ਰਭਾਵਸ਼ਾਲੀ ਉਪਾਅ ਹੈ। "

ਬੰਬਈ ਭਾਰਤ ਦਾ ਪ੍ਰਵੇਸ਼ ਦੁਆਰ ਹੈ ਅਤੇ ਇਹ ਮੁਹਿੰਮ ਵੀ ਇਸੇ ਦੁਆਰ ਰਾਹੀਂ ਭਾਰਤ ਵਿਚ ਆਈ ਹੈ। ਇਸ ਲਈ ਢੁਕਵੀਂ ਗਲ ਇਹ ਹੈ ਕਿ ਇਸੇ ਪ੍ਰਾਂਤ ਵਿਚ ਇਸ ਨੂੰ ਪਰਵਾਨ ਚੜ੍ਹਾਇਆ ਜਾਵੇ। ਕੁਝ ਹੀ ਲੋਕਾਂ ਨੂੰ ਇਸ ਤਰ੍ਹਾਂ ਦੇ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਨਾਂ ਅਮਰ ਹੋ ਜਾਵੇ। ਸੰਤਾਨ ਸੰਜਮ ਅੰਦੋਲਨ ਨੇ ਸਾਡੇ ਪ੍ਰਾਂਤ ਦੀ ਸਰਕਾਰ ਨੂੰ ਇਕ ਮੌਕਾ ਦਿੱਤਾ ਹੈ ਅਤੇ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਮੌਕੇ ਨੂੰ ਆਪਣੇ ਹਥੋਂ ਜਾਣ ਨਹੀਂ ਦੇਵੇਗੀ ਬਲਕਿ ਆਪਣੇ ਅਤੇ ਜਨਤਾ ਦੇ ਫ਼ਾਇਦੇ ਲਈ ਇਸ ਦੀ ਪੂਰੀ ਪੂਰੀ ਵਰਤੋਂ ਕਰੇਗੀ।

ਅੰਤਿਕਾ -II

ਡਾਕਟਰ ਬੀ.ਆਰ ਅੰਬੇਡਕਰ ਦੁਆਰਾ ਪੁੱਛੇ ਗਏ ਪ੍ਰਸ਼ਨ ਅਤੇ ਸਰਕਾਰ ਦੁਆਰਾ ਦਿਤੇ ਗਏ ਜਵਾਬ

ਸਰਕਾਰੀ ਸੇਵਾ : ਚੋਣ ਬੋਰਡ

ਡਾਕਟਰ ਬੀ.ਆਰ.ਅੰਬੇਡਕਰ : ਕੀ ਸਰਕਾਰ ਇਹ ਦਸਣ ਦੀ ਕ੍ਰਿਪਾਲਤਾ ਕਰੇਗੀ ?

(ੳ) ਕੀ ਬੰਬਈ ਸਰਕਾਰ ਦੀਆਂ ਪ੍ਰਾਂਤਿਕ ਅਤੇ ਅਧੀਨ ਸੇਵਾਵਾਂ ਵਿਚ ਖ਼ਾਲੀ ਅਸਾਮੀਆਂ ਲਈ ਅਰਜ਼ੀਆਂ ਦੇਣ ਵਾਲੇ ਉਮੀਦਵਾਰਾਂ ਦੀ ਚੋਣ ਕਰਨ ਲਈ ਕੋਈ ਚੋਣ ਬੋਰਡ ਬਣਾਇਆ ਗਿਆ ਹੈ ?(ਅ) ਜੇਕਰ ਬਣਾਇਆ ਗਿਆ ਹੈ, ਤਾਂ ਇਸ ਬੋਰਡ ਦੇ ਮੈਂਬਰਾਂ ਦੇ ਨਾਂ ਕੀ ਹਨ ?

ਮਾਨਯੋਗ ਸਰ ਚੂਨੀ ਲਾਲ ਮਹਿਤਾ : ਬੰਬਈ ਸਰਕਾਰ ਦੀਆਂ ਪ੍ਰਾਂਤਿਕ ਅਤੇ ਅਧੀਨ ਸੇਵਾਵਾਂ ਲਈ ਉਮੀਦਵਾਰਾਂ ਦੀ ਚੋਣ ਕਰਨ ਲਈ ਕੋਈ ਬੋਰਡ ਨਹੀਂ ਹੈ। ਕੁਝ ਪ੍ਰਾਂਤਿਕ ਸੇਵਾਵਾਂ ਲਈ ਚੋਣ ਕਮੇਟੀਆਂ ਬਣਾਈਆਂ ਗਈਦਆਂ ਹਨ। ਅਧੀਨ ਸੇਵਾਵਾਂ ਤੇ ਨਿਯੁਕਤੀ, ਦਫ਼ਤਰਾਂ ਦੇ ਮੁੱਖੀਆਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਅਧੀਨ ਉਨ੍ਹਾਂ ਦੁਆਰਾ ਜਾਂ ਸਥਾਨਕ ਸਰਕਾਰ ਦੁਆਰਾ ਕੀਤੀਆਂ ਜਾਂਦੀਆਂ ਹਨ।

ਡਾ ਬੀ.ਆਰ. ਅੰਬੇਡਕਰ: ਕੀ ਮਾਨਯੋਗ ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਪ੍ਰਾਂਤਿਕ ਸੇਵਾਵਾਂ ਲਈ ਗਠਿਤ ਕੀਤੀਆਂ ਗਈਆਂ ਕਮੇਟੀਆਂ ਦੇ ਮੈਂਬਰਾਂ ਦੇ ਨਾਂ ਕੀ ਹਨ ? ਉਹ ਕਹਿੰਦੇ ਹਨ ਕਿ ਕੁਝ ਪ੍ਰਾਂਤਿਕ ਸੇਵਾਵਾਂ ਲਈ ਚੋਣ ਕਮੇਟੀਆਂ ਬਣਾਈਆਂ ਗਈਆਂ ਹਨ।

ਮਾਨਯੋਗ ਸਰ ਚੂਨੀਲਾਲ ਮਹਿਤਾ: ਮੈਨੂੰ ਡਰ ਹੈ ਕਿ ਮੈਂਨੂੰ ਕਮੇਟੀਆਂ ਦੇ ਮੈਂਬਰਾਂ ਦੇ ਨਾਂ ਯਾਦ ਨਹੀਂ। ਜੇਕਰ ਮਾਨਯੋਗ ਮੈਂਬਰ ਇਸ ਸਬੰਧੀ ਨੋਟਿਸ ਦੇ ਦੇਣ ਤਾਂ ਮੈਂ ਉਨ੍ਹਾਂ ਦੇ ਨਾਂ ਦੇ ਦਿਆਂਗਾ। ਪਰ ਮੇਰਾ ਖ਼ਿਆਲ ਹੈ ਕਿ ਇਨ੍ਹਾਂ ਕਮੇਟੀਆਂ ਦੇ ਮੈਂਬਰਾਂ ਦੀ ਕੋਈ ਨਿਸ਼ਚਿਤ ਸੂਚੀ ਨਹੀਂ ਹੈ, ਇਹ ਮੈਂਬਰ ਆਮ ਤੌਰ ਤੇ ਬਦਲਦੇ ਰਹਿੰਦੇ ਹਨ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ ਜਿਲਦ 19, ਪੰਨਾ 325 ਮਿਤੀ 28 ਫਰਵਰੀ, 1927)

ਗ੍ਰਾਮ ਸਥਾਨਾਂ ਲਈ ਜ਼ਮੀਨ ਪ੍ਰਾਪਤੀ ਅਤੇ ਜ਼ਮੀਨ ਸੁਧਾਰ

ਡਾਕਟਰ ਬੀ.ਆਰ ਅੰਬੇਡਕਰ : ਸ੍ਰੀਮਾਨ ਜੀ, ਮੈਂ ਸੂਚਨਾ ਪ੍ਰਾਪਤ ਕਰਨੀ ਚਾਹੁੰਦਾ ਹਾਂ। ਦਰਅਸਲ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਮੌਜੂਦਾ ਬਜਟ ਵਿਚ ਇਹ ਰਕਮ ਕਿਸ ਮਕਸਦ ਲਈ ਰੱਖੀ ਗਈ ਹੈ ? ਮੈਂ ਮਾਨਯੋਗ ਮੈਂਬਰ ਇੰਚਾਰਜ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਰਕਮ ਉਨ੍ਹਾਂ ਪੇਂਡੂ ਲੋਕਾਂ ਨੂੰ ਨਵੀਆਂ ਥਾਵਾਂ ਤੇ ਵਸਾਉਣ ਲਈ ਖ਼ਰਚੀ

ਜਾਣੀ ਹ, ਜੋ ਆਪਣੀਆਂ ਪਿੰਡ ਵਾਲੀਆਂ ਥਾਵਾਂ ਨਾਲ ਸੰਤੁਸ਼ਟ ਨਹੀਂ ਹਨ, ਜਾਂ ਹੋਰ ਕਿਸੇ ਮਕਸਦ ਲਈ ? ਇਸ ਸਬੰਧੀ ਕੋਈ ਵੀ ਸੂਚਨਾ ਬਲਿਊ ਬੁਕ ਜਾਂ ਵਾਈਟ ਬੁਕ ਵਿਚ ਨਹੀਂ ਦਿਤੀ ਗਈ ਤਾਂ ਕਿ ਮੇਰੇ ਵਰਗੇ ਨਵੇਂ ਮੈਂਬਰ ਇਸ ਰਕਮ ਦੇ ਸਹੀ ਮਕਸਦ ਨੂੰ ਸਮਝ ਸਕਣ। ਇਸ ਲਈ, ਮੈਂ ਆਸ ਪ੍ਰਗਟ ਕਰਦਾ ਹਾਂ ਕਿ ਇਸ ਵਿਸ਼ੇ ਤੇ ਕੁਝ ਰੋਸ਼ਨੀ ਪਾਈ ਜਾਵੇਗੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19ਵੀਂ ਪੰਨਾ 421, ਮਿਤੀ 1.3.1972)

ਜ਼ਮੀਨ ਰਿਕਾਰਡਜ਼ ਦੇ ਸੁਪਰੰਡਟ

ਡਾਕਟਰ ਬੀ.ਆਰ. ਅੰਬੇਡਕਰ: ਸ੍ਰੀਮਾਨ ਜੀ, ਮੈਂ ਨਹੀਂ ਸਮਝਦਾ ਕਿ ਇਸ ਮਤੇ ਤੇ ਬਹੁਤ ਜ਼ਿਆਦਾ ਬਹਿਸ ਕੀਤੇ ਜਾਣ ਦੀ ਲੋੜ ਹੈ। ਇਹ ਪ੍ਰਸਤਾਵ ਇਸ ਦਲੀਲ ਤੇ ਆਧਾਰਿਤ ਹੈ ਕਿ ਇਹ ਸੁਪਰਡੰਟ, (ਜਿਸ ਦਾ 35,800 ਰੁਪਏ ਦੀ ਲਾਗਤ ਤੇ ਬਜਟ ਵਿਚ ਪ੍ਰਬੰਧ ਕੀਤਾ ਗਿਆ ਹੈ) ਜੋ ਕੰਮ ਕਰਦੇ ਹਨ, ਸਾਧਾਰਣ ਰੂਪ ਵਿਚ ਡਿਪਟੀ ਕੁਲੈਕਟਰਾਂ ਦੁਆਰਾ ਕੀਤਾ ਜਾ ਸਕਦਾ ਹੈ। ਇਸ ਦਲੀਲ ਪ੍ਰਤੀ ਮੰਗ ਦਾ ਕੇਵਲ ਉਤਰ ਇਹ ਹੈ ਕਿ ਡਿਪਟੀ ਕਮਿਸ਼ਨਰ ਦਾ ਪ੍ਰਸ਼ਨ ਦੇ ਇਸ ਪਹਿਲੂ ਨਾਲ ਲਗਾਉ ਨਹੀਂ ਜਾਪਦਾ। ਇਥੇ ਸਦਨ ਵਿਚ ਕੋਈ ਵੀ ਵਿਅੱਕਤੀ ਇਸ ਝਗੜੇ ਵਿਚ ਨਹੀਂ ਪੈਂਦਾ ਕਿ ਉਨ੍ਹਾਂ ਦੁਆਰਾ ਕੀਤਾ ਜਾਂਦਾ ਕੰਮ ਸਮਾਜ ਦੇ ਹਿੱਤ ਵਿਚ ਬਹੁਤ ਜ਼ਰੂਰੀ ਹੈ, ਪਰੂ ਸ੍ਰੀਮਾਨ ਜੀ, ਮੇਰਾ ਨੁਕਤਾ ਅਤੇ ਬਹੁਤ ਹੀ ਮਹੱਤਵਪੂਰਨ ਨੁਕਤਾ ਇਹ ਹੈ: ਕੀ ਅਜਿਹਾ ਕੰਮ ਡਿਪਟੀ ਕੁਲੈਕਟਰਾਂ ਦੁਆਰਾ ਨਹੀਂ ਕੀਤਾ ਜਾ ਸਕਦਾ ? ਜੇਕਰ ਇਸ ਦਾ ਉਤਰ ਹਾਂ ਹੈ, ਤਾਂ ਸਰਕਾਰ ਪਾਸ ਬਿਲਕੁਲ ਕੋਈ ਕੰਮ ਨਹੀਂ ਅਤੇ ਮੈਂ ਚਾਹੁੰਦਾ ਹਾਂ ਕਿ ਸਰਕਾਰ ਇਸ ਨੁਕਤੇ ਤੇ ਆਪਣੀ ਸਥਿਤੀ ਸਪੱਸ਼ਟ ਕਰੇ, ਤਾਕਿ ਮੇਰੇ ਵਰਗੇ ਨਵੇਂ ਮੈਂਬਰ ਇਸ ਪਾਸੇ ਜਾਂ ਉਸ ਪਾਸੇ ਫ਼ੈਸਲਾ ਕਰ ਸਕਣ।

(ਬੰਬਈ ਵਿਧਾਨ ਪਰਿਸ਼ਦ, ਡਿਬੇਟਸ, ਜਿਲਦ 19 ਵੀ, ਪੰਨਾ 453, ਮਿਤੀ 3.3.1927)

ਡਿਪਟੀ ਕੁਲੈਕਟਰ : ਸ੍ਰੀ ਐਮ .ਕੇ. ਯਾਦਵ ਦੀ ਅਰਜੀ

ਡਾਕਟਰ ਬੀ.ਆਰ. ਅੰਬੇਡਕਰ: ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇ :

(1) ਕੀ ਬੰਬਈ ਸਰਕਾਰ ਦੇ ਮਾਲ ਮਹਿਕਮੇ ਦੁਆਰਾ ਹਾਲ ਵਿਚ ਭਰੀਆਂ ਗਈਆਂ ਡਿਪਟੀ ਕੁਲੈਕਟਰਾਂ ਦੀਆਂ ਤਿੰਨ ਆਸਾਮੀਆਂ ਵਿਚੋਂ ਇਕ ਆਸਾਮੀ ਲਈ ਸ੍ਰੀ ਐਮ. ਕੇ. ਯਾਦਵ, ਬੀ.ਏ(ਆਨਰਜ਼) ਨੇ ਅਰਜ਼ੀ ਦਿਤੀ ਸੀ ?

(2) ਕੀ ਉਨ੍ਹਾਂ ਨੂੰ ਪਤਾ ਸੀ ਕਿ ਉਹ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਦਾ ਸੀ ?

(3) ਕਿੰਨ੍ਹਾਂ ਕਾਰਨਾਂ ਕਰਕੇ ਉਸ ਦੀ ਅਰਜ਼ੀ ਰੱਦ ਕੀਤੀ ਗਈ ਸੀ ?

ਮਾਨਯੋਗ ਸ੍ਰੀ ਜੇ ਐਲ..ਰਿਊ (1) ਹਾਂ ਜੀ।

2. ਹਾਂ ਜੀ।

3. ਸਰਕਾਰ ਨੂੰ ਖੇਦ ਹੈ ਕਿ ਉਹ ਇਹ ਕਾਰਨ ਦੱਸਣ ਲਈ ਤਿਆਰ ਨਹੀਂ ਕਿ ਸ੍ਰੀ ਯਾਦਵ

ਜਾਂ ਕਿਸੇ ਹੋਰ ਵਿਅੱਕਤੀ ਦੀ ਚੋਣ ਕਿਉਂ ਨਹੀਂ ਸੀ ਕੀਤੀ ਗਈ।

ਡਾਕਟਰ ਬੀ.ਆਰ. ਅੰਬੇਡਕਰ : ਕੀ ਸਰਕਾਰ ਨਿਯੁਕਤੀਆਂ ਕਰਦੇ ਸਮੇਂ ਸਰਕਾਰੀ ਸੇਵਾ ਵਿਚ ਦਲਿਤ ਸ਼੍ਰੇਣੀਆਂ ਲਈ ਰਾਖਵੀਆਂ ਰੱਖੀਆਂ ਗਈਆਂ 50% ਆਸਾਮੀਆਂ ਦਾ ਨਿਯਮ ਲਾਗੂ ਕਰਦੀ ਹੈ ?

ਮਾਨਯੋਗ ਸ੍ਰੀ ਜੈ.ਐਨ. ਰਿਊ: ਇਹ ਨਿਯਮ ਇਥੇ ਬਿਲਕੁਲ ਲਾਗੂ ਨਹੀਂ ਹੁੰਦੈ, ਇਹ ਕੇਵਲ ਕਲੱਰਕੀ ਅਮਲੇ ਤੇ ਹੀ ਲਾਗੂ ਹੁੰਦਾ ਹੈ।

ਸ੍ਰੀ ਡਬਲਯੂ ਐਸ. ਮੁਕਦਮ : ਕੀ ਸਰਕਾਰ ਚੁਣੇ ਗਏ ਉਮੀਦਵਾਰਾਂ ਦੇ ਨਾਂ ਦੇਣ ਦੀ ਕ੍ਰਿਪਾਲਤਾ ਕਰੇਗੀ ?

ਮਾਨਯੋਗ ਸ੍ਰੀ ਜੇ.ਐਲ. ਰਿਊ: ਮਾਨਯੋਗ ਮੈਂਬਰ ਇਹ ਰਿਕਾਰਡ ਤੋਂ ਪ੍ਰਾਪਤ ਕਰ ਸਕਦੇ ਹਨ।

ਡਾਕਟਰ ਬੀ.ਆਰ. ਅੰਬੇਡਕਰ : ਜੋ ਸ੍ਰੀ ਯਾਦਵ ਨੂੰ ਨਹੀਂ ਚੁਣਿਆ ਤਾਂ ਗਿਆ ਕੀ ਇਹ ਦਲਿਤ ਸ਼੍ਰੇਣੀਆਂ ਨੂੰ ਉਤਸਾਹ ਦੇਣ ਦੀ ਸਰਕਾਰ ਦੀ ਨੀਤੀ ਨਾਲ ਮੇਲ ਖਾਂਦਾ ਹੈ ?

ਮਾਨਯੋਗ ਸ੍ਰੀ ਜੇ.ਐਲ. ਰਿਊ : ਇਹ ਇਸ ਨਾਲ ਮੇਲ ਨਹੀਂ ਖਾਂਦਾ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19 ਵੀਂ, ਪੰਨਾ 545, ਮਿਤੀ 5.3.1927)

ਜਨਤਕ ਸਥਾਨਾਂ ਤੇ ਦਲਿਤ ਸ਼੍ਰੇਣੀਆਂ ਦਾ ਦਾਖ਼ਲਾ

ਡਾਕਟਰ ਬੀ.ਆਰ. ਅੰਬੇਡਕਰ : ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ ਕਿ ਇਸ ਪ੍ਰੈਜੀਡੈਂਸੀ ਵਿਚ ਦਲਿਤ ਸ਼੍ਰੇਣੀਆਂ ਲਈ ਸਾਰੇ ਜਨਤਕ ਸਥਾਨ ਖੋਲ੍ਹਣ ਸਬੰਧੀ ਸ੍ਰੀ ਬੋਲੇ ਦੇ ਮਤੇ ਨੂੰ ਲਾਗੂ ਕਰਨ ਲਈ ਕੀ ਕਾਰਵਾਈ ਕੀਤੀ ਗਈ ਹੈ ?

ਮਾਨਯੋਗ ਸਰ ਗੁਲਾਮ ਹੁਸੈਨ: ਸੂਚਨਾ ਨਿਰਦੇਸ਼ਕ ਦੁਆਰਾ ਜਾਰੀ ਕੀਤੇ ਗਏ ਪ੍ਰੈਸ ਨੋਟ ਨੰ.ਪੀ.17, 29ਸਤੰਬਰ 1923 (ਹਵਾਲੇ ਲਈ ਕਾਪੀ ਹੇਠਾਂ ਰੱਖੀ ਜਾਂਦੀ ਹੈ) ਵੱਲ ਆਪ ਜੀ ਦਾ ਧਿਆਨ ਦਿਵਾਇਆ ਜਾਂਦਾ ਹੈ।

ਪ੍ਰੈਸ ਨੋਟ ਨੰ ਪੀ.117, ਮਿਤੀ 29 ਸਤੰਬਰ 1923

(ਸੂਚਨਾ ਨਿਰਦੇਸ਼ਕ, ਬੰਬਈ ਦੁਆਰਾ)

ਅਛੂਤ ਸ਼੍ਰੇਣੀਆਂ
ਸਰਕਾਰ ਅਤੇ ਪਰਿਸ਼ਦ ਮਤੇ

ਬੰਬਈ ਵਿਧਾਨ ਪਰਿਸ਼ਦ ਦੇ ਪਿਛਲੇ ਸਮਾਗਮ ਵਿਚ, ਸ੍ਰੀ ਐਸ.ਕੇ. ਬੋਲੇ ਦੇ ਪ੍ਰਸਤਾਵ ਤੇ ਇਕ ਮਤਾ ਪਾਸ ਕੀਤਾ ਗਿਆ ਸੀ ਜਿਸ ਵਿਚ ਸਿਫ਼ਾਰਸ਼ ਕੀਤੀ ਗਈ ਸੀ " ਅਛੂਤ ਸ਼੍ਰੇਣੀਆਂ ਨੂੰ ਪਾਣੀ ਪੀਣ ਵਾਲੇ ਸਾਰੇ ਜਨਤਕ ਸਥਾਨਾਂ, ਖੂਹਾਂ ਅਤੇ ਧਰਮਸਾਲਾਵਾਂ (ਜੋ

ਸਰਕਾਰੀ ਪੈਸੇ ਨਾਲ ਬਣਾਈਆਂ ਗਈਆਂ ਹਨ ਜਾਂ ਸਰਕਾਰੀ ਦੇਖਭਾਲ ਵਿਚ ਹਨ ਜਾਂ ਜੋ ਸਰਕਾਰ ਦੁਆਰਾ ਨਿਯੁਕਤ ਸੰਸਥਾਵਾਂ ਦੁਆਰਾ ਚਲਾਈਆਂ ਜਾ ਰਹੀਆਂ ਜਾਂ ਜੋ ਕਾਨੂੰਨ ਰਾਹੀਂ ਬਣਾਈਆਂ ਗਈਆਂ ਹਨ) ਅਤੇ ਸਰਕਾਰੀ ਸਕੂਲਾਂ, ਅਦਾਲਤਾਂ, ਦਫ਼ਤਰਾਂ ਅਤੇ ਡਿਸਪੈਂਸਰੀਆਂ ਵਿਚ ਜਾਣ ਦੀ ਇਜਾਜ਼ਤ ਦਿਤੀ ਜਾਵੇ।

ਇਸ ਮਤੇ ਦੀ ਪੈਰਵੀ ਵਿਚ, ਸਰਕਾਰ ਨੇ, ਜਿਥੋਂ ਤੱਕ ਇਨ੍ਹਾਂ ਦਾ ਸਰਕਾਰ ਨਾਲ ਅਤੇ ਸਰਕਾਰ ਦੁਆਰਾ ਚਲਾਏ ਜਾ ਰਹੇ ਜਨਤਕ ਅਤੇ ਸੰਸਥਾਵਾਂ ਨਾਲ ਸਬੰਧ ਹੈ, ਇਸ ਤੇ ਅਮਲ ਕਰਨ ਲਈ ਆਪਣੇ ਅਫ਼ਸਰਾਂ ਨੂੰ ਹਿਦਾਇਤ ਕਰ ਦਿਤੀ ਹੈ। ਕਲੈਕਟਰਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਮਤੇ ਵਿਚ ਕੀਤੀਆਂ ਗਈਆਂ ਸਿਫ਼ਾਰਸਾਂ ਨੂੰ ਪ੍ਰਵਾਨ ਕਰਨ ਲਈ, ਇਸ ਦੀ ਉਚਿਤਤਾ ਤੇ ਵਿਚਾਰ ਕਰਨ ਲਈ, ਸਥਾਨਕ ਸਰਕਾਰੀ ਸੰਸਥਾਵਾਂ ਨੂੰ ਸਲਾਹ ਦੇਣ। ਬੰਬਈ ਅਤੇ ਕਰਾਚੀ ਪੋਰਟ ਟਰੱਸਟਾਂ, ਬੰਬਈ ਸਿਟੀ ਇੰਪਰੂਮੈਂਟ ਟਰੱਸਟ ਅਤੇ ਮਿਊਨਿਸਿਪਲ ਕਾਰਪੋਰਸ਼ਨ ਨੂੰ ਵੀ ਉਹਨਾਂ ਅਧੀਨ ਆਉਂਦੇ ਸਥਾਨਾਂ ਸਬੰਧੀ, ਮਤੇ ਨੂੰ ਅਸਰਦਾਰ ਬਣਾਉਣ ਲਈ, ਬੇਨਤੀ ਕੀਤੀ ਗਈ ਹੈ।

ਡਾਕਟਰ ਬੀ.ਆਰ.ਅੰਬੇਡਕਰ : ਕੀ ਮਾਨਯੋਗ ਮੈਂਬਰ ਨੂੰ ਇਹ ਪਤਾ ਹੈ ਕਿ ਬਹੁਤ ਸਾਰੇ ਸਥਾਨਾਂ ਤੇ ਦਲਿਤ ਸ਼੍ਰੇਣੀਆਂ ਨੂੰ ਪਿੰਡਾਂ ਦੇ ਆਮ ਲੋਕਾਂ ਦੁਆਰਾ ਸਰਕਾਰੀ ਸੰਸਥਾਵਾਂ ਦੁਆਰਾ ਮੁਹੱਈਆ ਕੀਤੇ ਗਏ ਸਰਕਾਰੀ ਸਥਾਨਾਂ ਦਾ ਫ਼ਾਇਦਾ ਉਠਾਉ ਤੋਂ ਰੋਕ ਦਿਤਾ ਜਾਂਦਾ ਹੈ?

ਮਾਨਯੋਗ ਸਰ ਗ਼ੁਲਾਮ ਹੁਸੈਨ: ਇਹ ਮੇਰੇ ਗਿਆਨ ਵਿਚ ਨਹੀਂ ਹੈ।

ਦਲਿਤ ਸ਼੍ਰੇਣੀਆਂ ਲਈ ਸਹਾਇਕ ਵਿਦਿਅਕ ਇਨਸਪੈਕਟਰ

ਡਾਕਟਰ ਬੀ.ਆਰ.ਅੰਬੇਡਕਰ: ਕੀ ਸਰਕਾਰ ਇਹ ਦਸੱਣ ਦੀ ਕ੍ਰਿਪਾਲਤਾ ਕਰੇਗੀ:

1) ਸ੍ਰੀ ਜੀ.ਜੀ.ਕਾਂਬਲੇ ਦੀ ਦਲਿਤ ਸ਼ੇਣੀਆਂ ਲਈ ਐਕਸਟਰਾ ਸਹਾਇਕ ਵਿਦਿਅਕ ਇਨਸੈਪਕਟਰ ਦੀ ਆਸਾਮੀ ਦਾ ਦਰਜਾ ਕਿਉਂ ਘਟਾ ਦਿਤਾ ਗਿਆ ਹੈ?

(2) ਕੀ ਉਕਤ ਆਸਾਮੀ ਖ਼ਤਮ ਕਰ ਦਿਤੀ ਗਈ ਹੈ?

(3) ਜੇਕਰ ਕਰ ਦਿਤੀ ਗਈ ਹੈ ਤਾਂ ਕਿਉਂ ?

ਮਾਨਯੋਗ ਦੀਵਾਨ ਬਹਾਦਰ ਹਰੀ ਲਾਲ ਡੀ. ਡਿਸਾਈ: ਸ੍ਰੀ ਕਾਂਬਲੇ ਨੂੰ ਰਿਵਰਟ ਕੀਤਾ ਗਿਆ ਸੀ ਕਿਉਂਕਿ ਉਹ ਆਪਣੇ ਅਧੀਨ ਸਕੂਲਾਂ ਵਿਚ ਕੋਈ ਸਹੀ ਸੁਧਾਰ ਨਾ ਲਿਆਉਣ ਕਰਕੇ ਆਪਣੀ ਹੋਂਦ ਦਾ ਪ੍ਰਮਾਣ ਨਹੀਂ ਸੀ ਦੇ ਸਕਿਆ।

(2) ਹਾਂ ਜੀ,

(3) ਆਸਾਮੀ ਇਸ ਕਰਕੇ ਸਮਾਪਤ ਕਰ ਦਿਤੀ ਗਈ ਸੀ ਕਿਉਂਕਿ ਪ੍ਰਾਇਮਰੀ ਸਕੂਲਾਂ ਦਾ ਕੰਟਰੋਲ ਬੰਬਈ ਪ੍ਰਾਇਮਰੀ ਸਿਖਿਆ ਐਕਟ, 1923 ਅਧੀਨ ਸਥਾਨਕ ਅਧਿਕਾਰੀਆਂ

ਨੂੰ ਤਬਦੀਲ ਕਰ ਦਿਤਾ ਗਿਆ ਸੀ। ਇਸ ਕਰਕੇ ਸਰਕਾਰ ਲਈ ਇਸ ਆਸਾਮੀ ਨੂੰ ਜਾਰੀ ਰੱਖਣ ਦੀ ਹੋਰ ਕੋਈ ਜ਼ਿਆਦਾ ਜ਼ਰੂਰਤ ਨਹੀਂ ਸੀ।

ਡਾਕਟਰ ਬੀ.ਆਰ. ਅੰਬੇਡਕਰ : ਕੀ ਸਰਕਾਰ ਇਹ ਜ਼ਰੂਰੀ ਨਹੀਂ ਸਮਝਦੀ ਕਿ ਵਿਸ਼ੇਸ਼ ਸਹਾਇਕ ਵਿਦਿਅਕ ਇਨਸਪੈਕਟਰ ਦਾ ਫ਼ਾਇਦਾ ਦਲਿਤ ਸ਼੍ਰੇਣੀਆਂ ਦੇ ਸਕੂਲਾਂ ਨੂੰ ਦਿਤਾ ਜਾਵੇ।

ਮਾਨਯੋਗ ਦੀਵਾਨ ਬਹਾਦਰ ਹਰੀ ਲਾਲ ਡੀ.ਡਿਸਾਈ: ਪਹਿਲਾਂ ਪਹਿਲੀ ਵਾਰ ਸਰਕਾਰ ਨੇ ਸਪੈਸ਼ਲ ਆਸਾਮੀ ਸਿਰਜਿਤ ਕੀਤੀ। ਹੁਣ, ਸਕੂਲ ਸੰਸਥਾਵਾਂ ਨੂੰ ਤਬਦੀਲ ਕਰ ਦਿੱਤੇ ਗਏ ਹਨ ਅਤੇ ਜੇਕਰ ਸਰਕਾਰ ਅਜਿਹੀ ਕੋਈ ਨਿਯੁਕਤੀ ਕਰਨਾ ਜਰੂਰੀ ਸਮਝੇਗੀ ਹੈ ਤਾਂ ਉਹ ਇਸ ਮਾਮਲੇ ਤੇ ਵਿਚਾਰ ਕਰ ਲਵੇਗੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19ਵੀਂ, ਪੰਨਾ 604, ਮਿਤੀ 7.3.1937)

ਸ੍ਰੀ ਫ਼ਲੈਮਿੰਗ, ਸਿਟੀ ਮੈਜਿਸਟਰੇਟ ਦੇ ਫ਼ੈਸਲੇ

ਡਾਕਟਰ ਬੀ.ਆਰ ਅੰਬੇਡਕਰ : ਸਰਕਾਰ ਇਹ ਦੱਸਣ ਦੀ ਖੇਚਲ ਕਰੇਗੀ, ਕਿ:

(ੳ) ਹਾਲ ਵਿੱਚ ਦੋ ਫ਼ੌਜਦਾਰੀ ਕੇਸਾਂ ਵਿਚ ਅਰਥਾਤ: (1) ਬਾਦਸ਼ਾਹ ਬਨਾਮ ਬਾਬੂ ਰਾਓ ਫੁਲੇ ਅਤੇ (2) ਬਾਦਸ਼ਾਹ ਬਨਾਮ ਜਵਲਕਰ ਅਤੇ ਹੋਰ, ਜਿਨ੍ਹਾਂ ਦੋਹਾਂ ਕੇਸਾਂ ਵਿਚ ਦੋਸ਼ੀ ਭਾਰਤੀ ਦੰਡਾਵਾਲੀ ਦੀ ਧਾਰਾ 500 ਅਧੀਨ ਦੋਸ਼ ਲਾਏ ਗਏ ਹਨ, ਸਿਟੀ ਮੈਜਿਸਟਰੇਟ ਪੂਨਾ ਸ੍ਰੀ ਫ਼ਲੈਮਿੰਗ ਦੁਆਰਾ ਦਿੱਤੇ ਗਏ ਫੈਸਲਿਆਂ ਵੱਲ ਉਨ੍ਹਾਂ ਦਾ ਧਿਆਨ ਦਿਵਾਹਿਆ ਗਿਆ ਹੈ;

(ਅ) ਕੀ ਉਨ੍ਹਾਂ ਲੋਕਾਂ ਨੂੰ ਪਤਾ ਹੈ ਕਿ ਸ੍ਰੀ ਫ਼ਲੈਮਿੰਗ ਨੂੰ ਇਨ੍ਹਾਂ ਦੋਹਾਂ ਕੇਸਾਂ ਵਿਚ ਆਉਂਦੇ ਕਾਨੂੰਨ ਦੇ ਸਾਂਝੇ ਨੁਕਤੇ-ਅਰਥਾਤ ਕੀ ਸ਼ਿਕਾਇਤਕਰਤਾ ਫ਼ੌਜਦਾਰੀ ਪ੍ਰਕ੍ਰਿਆ ਦੰਡਾਵਾਲੀ ਦੀ ਧਾਰਾ 198 ਦੇ ਅਰਥਾਂ ਅਧੀਨ ਪ੍ਰਭਾਵਿਤ ਵਿਅੱਕਤੀ ਹੈ-ਤੇ ਇੱਕ ਦੂਜੇ ਤੋਂ ਉਲਟ ਫੈਸਲੇ ਦਿੱਤੇ ਹਨ;

(ੲ) ਕੀ ਉਨ੍ਹਾਂ ਨੇ ਸ੍ਰੀ ਫ਼ਲੈਮਿੰਗ ਦਾ ਸਪੱਸ਼ਟੀਕਰਨ ਮੰਗਿਆ ਹੈ ਕਿ ਉਸ ਨੇ ਅਜਿਹੇ ਉਲਟ ਫ਼ੈਸਲੇ ਕਿਉਂ ਦਿੱਤੇ ਹਨ ?

(ਸ) ਕੀ ਉਹ ਇਸ ਸਬੰਧੀ ਫ਼ਲੈਮਿੰਗ ਵਿਰੁੱਧ ਕੋਈ ਕਾਰਵਾਈ ਕਰਨ ਦੀ ਤਜ਼ੀਵਜ਼ ਰਖਦੇ ਹਨ ?

ਮਾਨਯੋਗ ਸ੍ਰੀ. ਜੇ. ਈ. ਬੀ ਹਾਟਸਨ (ੳ) ਤੋਂ (ਸ) ਕਾਨੂੰਨ ਵਿਚ ਦਿੱਤੇ ਗਏ ਉਪਾਅ ਕਿਸੇ ਵੀ ਉਸ ਵਿਅਕਤੀ ਲਈ ਖੁਲ੍ਹੇ ਹਨ ਜੋ ਆਪਣੇ ਆਪ ਨੂੰ ਮੈਜਿਸਟ੍ਰੇਟ ਦੇ ਫ਼ੈਸਲੇ ਤੋਂ ਪ੍ਰਭਾਵਿਤ ਸਮਝਦਾ ਹੈ। ਸਰਕਾਰ ਉਨ੍ਹਾਂ ਨੁਕਤਿਆਂ ਉੱਤੇ, ਜਿਨ੍ਹਾਂ ਦਾ ਇਸ ਪ੍ਰਸ਼ਨ ਵਿਚ ਹਵਾਲਾ ਦਿੱਤਾ ਗਿਆ ਹੈ ਆਪਣੀਆਂ ਹੱਦਾਂ ਦੀ ਉਲੰਘਣਾਂ ਕੀਤੇ ਬਗ਼ੈਰ ਸਦਨ ਵਿਚ ਆਪਣੀ ਰਾਇ ਨਹੀਂ ਦੇ ਸਕਦੀ।

ਸ਼੍ਰੀ ਐਸ.ਕੇ.ਬੋਲੇ: ਉਤਰ ਕੇਵਲ (ਅ) (ੳ),(ੲ) ਜਾਂ ਸ ਦਾ ਦਿੱਤਾ ਗਿਆ ਹੈ

ਮਾਨਯੋਗ ਸ੍ਰੀ ਜੇ. ਈ. ਬੀ. ਹਾਟਸਨ: ਉਤਰ ਪ੍ਰਸ਼ਨਾਂ ਦੇ ਚਾਰੇ ਭਾਗਾਂ ਦਾ ਦਿੱਤਾ ਗਿਆ ਹੈ।

ਸ੍ਰੀ ਐਸ. ਕੇ. ਬੋਲੇ: ਭਾਗ (ੳ) ਵਿਚ ਪ੍ਰਸ਼ਨ ਇਹ ਹੈ ਕਿ ਕੀ ਸ੍ਰੀ ਫ਼ਲੈਮਿੰਗ ਦੁਆਰਾ ਦਿੱਤੇ ਗਏ ਫ਼ੈਸਲਿਆਂ ਵੱਲ ਉਨ੍ਹਾਂ ਦਾ ਧਿਆਨ ਦਿਵਾਇਆ ਗਿਆ ਹੈ ?" ਪਰ ਇਸ ਦਾ ਕੋਈ ਉਤਰ ਨਹੀਂ ਦਿੱਤਾ ਗਿਆ ।

ਮਾਨਯੋਗ ਸ੍ਰੀ ਜੇ. ਈ. ਬੀ. ਹਾਟਸਨ: ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦਾ ਅਰਥ ਇਹੀ ਨਿਕਲਦਾ ਹੈ। ਸਰਕਾਰ ਦਾ ਧਿਆਨ ਉਨ੍ਹਾਂ ਵਲ ਦਿਵਾ ਦਿਤਾ ਗਿਆ ਹੈ।

ਸ਼੍ਰੀ ਐਸ.ਕੇ. ਬੋਲੇ: ਦੁਬਾਰਾ ਭਾਗ (ਅ) ਵਿਚ ਪ੍ਰਸ਼ਨ ਇਹ ਹੈ ਕਿ" ਕੀ ਉਨ੍ਹਾਂ ਨੂੰ ਪਤਾ ਹੈ ਕਿ ਸ੍ਰੀ ਫ਼ਲੈਮਿੰਗ ਨੇ ਪਰਸਪਰ ਉਲਟ ਫ਼ੈਸਲੇ ਦਿੱਤੇ ਹਨ ?" ਪਰ ਇਸ ਦਾ ਕੋਈ ਉਤਰ ਨਹੀਂ ਦਿੱਤਾ ਗਿਆ।

ਮਾਨਯੋਗ ਸ੍ਰੀ ਜੀ. ਈ. ਬੀ. ਹਾਟਸਨ: ਹਾਂ ਜੀ, ਇਸ ਦਾ ਉਤਰ ਇਹ ਹੈ, " ਸਰਕਾਰ ਆਪਣੀ ਹੱਦ ਉਲੰਘਣ ਤੋਂ ਬਗ਼ੈਰ ਸਦਨ ਵਿਚ ਆਪਣੀ ਰਾਇ ਨਹੀਂ ਦੇ ਸਕਦੀ" ਆਦਿ।

ਸ੍ਰੀ ਐਸ. ਕੇ ਬੋਲੇ: ਜੋ ਪੁੱਛਿਆ ਗਿਆ ਹੈ ਕਿ ਕੀ ਉਨ੍ਹਾਂ ਨੂੰ ਇਸ ਬਾਰੇ ਪਤਾ ਹੈ ?

ਮਾਨਯੋਗ ਪ੍ਰਧਾਨ: ਸ਼ਬਦ "ਉਲਟ ਫ਼ੈਸਲੇ " ਵਿੱਚ ਰਾਏ ਬਾਰੇ ਪੁੱਛਿਆ ਗਿਆ ਹ, ਅਤੇ ਇਸ ਲਈ ਇਹ ਉੱਤਰ ਦਿੱਤਾ ਗਿਆ ਹੈ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19 ਵੀ ਪੰਨਾ 1147, ਮਿਤੀ 16.3.1927)

ਮੂਲਕੀ ਪਾਟਿਲ ਦੁਆਰਾ ਇਕ ਮਹਾਰ ਚਿਕਵਰਦੀ ਤੇ ਹਮਲਾ)

ਡਾਕਟਰ ਬੀ.ਆਰ.ਅੰਬੇਡਕਰ: ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਇਹ ਸੱਚ ਹੈ ਕਿ ਸ਼ੋਲਾਪੁਰ ਜ਼ਿਲ੍ਹੇ ਦੇ ਪਿੰਡ ਚਿਕਵਰਦੀ ਦੇ ਮੂਲਕ ਪਾਟਿਲ ਨੇ ਉਸ.ਦਾ ਨਿੱਜੀ ਕੰਮ ਕਰਨ ਤੋਂ ਨਾਂਹ ਕਰਨ ਤੇ ਅਰਜਨ ਲਾਲ ਮਹਾਰ ਤੇ ਹਮਲਾ ਕੀਤਾ ਅਤੇ ਉਸ ਦਾ ਸਿਰ ਪਾੜ ਦਿੱਤਾ ?

(ਅ) ਕੀ ਇਹ ਠੀਕ ਹੈ ਕਿ ਸ੍ਰੀ ਅਰਜਨ ਹੁਣ ਆਪਣੇ ਜ਼ਖ਼ਮ ਦਾ ਸਿਵਲ ਹਸਪਤਾਲ ਬਰਸੀ ਵਿਖੇ ਇਲਾਜ ਕਰਵਾ ਰਿਹਾ ਹੈ ?

(ੲ) ਜੇਕਰ ਅਜਿਹਾ ਹੋਵੇ ਤਾਂ ਸ੍ਰੀ ਪਾਟਿਲ ਵਿਰੁਧ ਕੀ ਕਾਰਵਾਈ ਕੀਤੀ ਗਈ ਹੈ ? ਮਾਨਯੋਗ ਜੇ.ਐਲ.ਰਿਊ ; ਸੂਚਨਾ ਮੰਗੀ ਗਈ ਹੈ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19ਵੀਂ, ਪੰਨਾ 1147, ਮਿਤੀ 16.3.197)

ਮਹਾਰਾਂ ਨੂੰ ਤੰਗ ਕਰਨਾ (ਸ਼ੋਲਾਪੁਰ)

ਡਾਕਟਰ ਬੀ.ਆਰ. ਅੰਬੇਡਕਰ : ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਇਹ ਸੱਚ ਹੈ ਕਿ ਜ਼ਿਲ੍ਹਾ ਸ਼ੋਲਾਪੁਰ ਦੇ ਪਿੰਡਾਂ (1) ਰਾਲੇਰਾਸ(2) ਪਾਨਗਾਂਓਂ (3)ਪਾਂਗਰੀ(4)ਉਪਲੇ ਡੁਮਲਾ,(5)ਅੰਬੇ ਗਾਓਂ ਅਤੇ (6)ਸੁਰਦੀ ਦੇ ਗਾਓਂਕਾਰੀ ਆਪਣੇ ਆਪਣੇ ਪਿੰਡਾਂ ਦੇ ਕਿਸਾਨਾਂ ਅਤੇ ਦੁਕਾਨਦਾਰਾਂ , ਦਾ ਆਪਣੇ ਆਪਣੇ ਪਿੰਡਾਂ ਦੇ ਮਹਾਰਾਂ ਨਾਲ ਲੈਣ ਦੇਣ ਬੰਦ ਕਰਨ ਲਈ ਸਾਜ਼ਸ਼ ਬਣਾ ਕੇ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਆਪਣੇ ਪਿੰਡਾਂ ਦੇ ਮਹਾਰਾਂ ਤੇ ਹਮਲੇ ਵੀ ਕੀਤੇ ਹਨ ਅਤੇ ਕੁਝ ਕੇਸਾਂ ਵਿਚ ਮਹਾਰ ਇਸਤਰੀਆਂ ਦਾ ਕੁਆਰ ਭੰਗ ਵੀ ਕੀਤਾ ਹੈ ਅਤੇ ਇਥੋਂ ਤੱਕ ਕਿ ਮਹਾਰਾਂ ਦੁਆਰਾ ਵਰਤੇ ਜਾਂਦੇ ਪਾਣੀ ਦੇ ਨਾਲਿਆਂ ਵਿਚ ਗੰਦ ਵੀ ਸੁੱਟਿਆ ਹੈ ਕਿਉਂਕਿ ਇਨ੍ਹਾਂ ਪਿੰਡਾਂ ਵਿਚ ਮਹਾਰਾਂ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਆਪਣੇ ਵਿਚ ਸੁਧਾਰ ਲਿਆ ਕੇ ਮਰੇ ਜਾਨਵਰਾਂ ਦੀਆਂ ਖੱਲਾਂ ਚੁੱਕਣੀਆਂ ਬੰਦ ਕਰ ਦਿੱਤੀਆਂ ਹਨ।

(ਅ) ਮਹਾਰਾਂ ਨੂੰ ਇਸ ਜ਼ੁਲਮ ਤੋਂ ਬਚਾਉਣ ਲਈ ਕੀ ਕਾਰਵਾਈ ਕਰਨ ਦੀ ਤਜਵੀਜ਼ ਹੈ ?

ਮਾਨਯੋਗ ਸ੍ਰੀ ਜੇ. ਈ. ਬੀ.ਹਾਟਸਨ: ਸੂਚਨਾ ਪ੍ਰਾਪਤ ਕੀਤੀ ਜਾ ਰਹੀ ਹੈ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 19, ਪੰਨਾ 1298, ਮਿਤੀ 17.3.1927)

ਉਲਹਾਸ ਦਰਿਆ ਤੇ ਦੂਰਘਟਲਾ

ਡਾਕਟਰ ਸ੍ਰੀ ਬੀ.ਆਰ.ਅੰਬੇਡਕਰ : ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਪ੍ਰਤਿਯੋਗੀ, ਮਿਤੀ 13 ਫ਼ਰਵਰੀ, 1926 ਵਿਚ ਛਪੇ ਪ੍ਰਸਿਧ ਲੇਖ ਅਤੇ ਪ੍ਰਤਿਯੋਗੀ ਮਿਤੀ 12 ਜੂਨ 1926 ਵਿਚ ਛਪੇ ਬੰਦਲਾਪੁਰ ਦੇ ਲੋਕਾਂ ਦੇ 4ਬਿਆਨਾਂ ਦੇ ਸਾਰ ਵੱਲ ਉਨ੍ਹਾਂ ਦਾ ਧਿਆਨ ਦਿਵਾਇਆ ਗਿਆ ਹੈ ?

(ਅ) ਜੇਕਰ ਦਿਵਾਇਆ ਗਿਆ ਹੈ ਤਾਂ, ਕੀ, ਜਿਵੇਂ ਮੰਗ ਕੀਤੀ ਗਈ ਹੈ, ਉਨ੍ਹਾਂ ਅਜੇ ਵੀ ਉਨ੍ਹਾਂ ਉੱਤੇ ਮੁਕੱਦਮਾ ਚਲਾਉਣ ਲਈ ਆਪਣੀ ਇਜਾਜ਼ਤ ਰੋਕੀ ਹੋਈ ਹੈ ?

ਮਾਨਯੋਗ ਸਰ ਕੋਵਾਸਜੀ ਜਹਾਂਗੀਰ: (ੳ) ਸਰਕਾਰ ਨੇ ਪ੍ਰਤਿ ਯੋਗੀ , ਮਿਤੀ 13 ਫ਼ਰਵਰੀ, 1926 ਵਿਚ ਛਪੇ ਸਿਰਲੇਖ ਦਾ ਸਾਰੰਸ਼ ਵੇਖਿਆ ਹੈ ਪਰ 12 ਜੂਨ, 1926 ਦੇ ਅਖ਼ਬਾਰ ਵਿਚ ਛਪੇ ਬਦਲਾਪੁਰ ਦੇ ਲੋਕਾਂ ਦੇ ਬਿਆਨਾਂ ਦੀਆਂ ਟੂਕਾਂ ਨਹੀਂ ਵੇਖੀਆਂ।

ਅ) ਹਾਂ ਜੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜ਼ਿਲਦ 20 ਵੀਂ, ਪੰਨਾ 759, ਮਿਤੀ 27 ਜੁਲਾਈ , 1927)

ਸਰਕਾਰੀ ਸੇਵਾ, ਦਲਿਤ ਸ਼੍ਰੇਣੀਆਂ

ਡਾਕਟਰ ਬੀ. ਆਰ. ਅੰਬੇਡਕਰ : ਕੀ ਸਰਕਾਰ ਸਰਕਾਰੀ ਸੇਵਾਵਾਂ ਵਿਚ ਦਲਿਤ

ਸ੍ਰੇਣੀਆਂ ਦੀ ਸੰਖਿਆ ਸਬੰਧੀ ਨਿਮਨਲਿਖਤ ਸੂਚਨਾ ਦੇਣ ਦੀ ਕ੍ਰਿਪਾਲਤਾ ਕਰੇਗੀ:

ਜ਼ਿਲਾ	ਵਿਭਾਗ	ਦਲਿਤ ਵਰਗ ਦੀ ਸੰਖਿਆ	
		ਚਪੜਾਸੀ	ਸਟਾਫ਼

ਜ਼ਿਲ੍ਹਾ ਵਿਭਾਗ ਦਲਿਤ ਸ਼੍ਰੇਣੀਆਂ ਦੇ ਲਗਾਏ ਗਏ ਕਰਮਚਾਰੀਆਂ ਦੀ ਗਿਣਤੀ ਸੇਵਾਦਾਰ ਵਜੋਂ ਅਮਲੇ ਵਿਚ

ਮਾਨਯੋਗ ਸਰ ਚੂਨੀਲਾਲ ਮਹਿਤਾ: ਸੰਬੰਧਿਤ ਸੂਚਨਾ ਮੰਗੀ ਗਈ ਹੈ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 20 ਵੀਂ, ਪੰਨਾ 847, ਮਿਤੀ 27 ਜੁਲਾਈ , 1927)

ਮਹਾਰ ਵਤਨਦਾਰ : ਮਿਹਨਤਾਨਾ

ਡਾਕਟਰ ਬੀ. ਆਰ. ਅੰਬੇਡਕਰ: ਕੀ ਸਰਕਾਰ ਰਾਜ ਵਿਚਲੇ ਹਰ ਇਕ ਪਿੰਡ ਸਬੰਧੀ ਨਿਮਨ ਲਿਖਿਤ ਸੂਚਨਾ ਦੇਣ ਦੀ ਕ੍ਰਿਪਾਲਤਾ ਕਰੇਗੀ:

ਪਿੰਡ	ਕੁਲ ਵਸੋਂ	ਕੰਮ ਕਰ ਰਹੇ ਮਹਾਰਾਂ ਦੀ ਗਿਣਤੀ	ਕੰਮ ਕਰ ਰਹੇ ਮਹਾਰਾ ਦਾ ਸਾਰੇ ਸਾਧਨਾਂ ਤੋਂ ਅਨੁਮਾਨਿਤ ਮਿਹਨਤਾਨਾ (ਰੁਪਇਆਂ ਵਿਚ)			ਕੁਲ ਮਿਹਨਤਾਨਾ
			ਇਨਾਮੀ ਤੋਂ	ਸੇਪ ਤੋਂ	ਸਰਕਾਰੀ ਤਨਖ਼ਾਹ ਤੋਂ	

ਮਾਨਯੋਗ ਸ੍ਰੀ ਜੇ ਐਲ ਰਿਊ: ਕਿਉਂਕਿ ਸੂਚਨਾ ਪ੍ਰਾਪਤ ਕਰਨ ਵਿਚ ਸਮਾਂ ਬਹੁਤ ਲੱਗ ਜਾਵੇਗਾ ਅਤੇ ਜਨਤਕ ਦ੍ਰਿਸ਼ਟੀਕੋਣ ਤੋਂ ਇਸ ਦੀ ਸੰਭਵ ਉਪਯੋਗਤਾ ਖ਼ਤਮ ਹੋ ਜਾਵੇਗੀ, ਇਸ ਲਈ ਸਰਕਾਰ ਨੂੰ ਖੇਦ ਹੈ ਕਿ ਇਹ ਸੂਚਨਾ ਇੱਕਤਰ ਕਰਨ ਲਈ ਤਿਆਰ ਨਹੀਂ। ਜੇਕਰ ਮਾਨਯੋਗ ਮੈਂਬਰ ਇਸ ਪੁਛ ਪੜਤਾਲ ਲਈ ਕੁਝ ਵਿਸ਼ੇਸ਼ ਪਿੰਡਾਂ ਨੂੰ ਚੁਣਨਾ ਚਾਹੁੰਦੇ ਹਨ ਤਾਂ ਸਰਕਾਰ ਇਸ ਤੇ ਵਿਚਾਰ ਕਰੇਗੀ ਕਿ ਕੀ ਉਨ੍ਹਾਂ ਸਬੰਧੀ ਜੋ ਸੂਚਨਾ ਪ੍ਰਾਪਤ ਕਰਨਾ

ਉਹ ਚਾਹੁੰਦੇ ਹਨ ਉਹ ਸੂਚਨਾ ਸਪਲਾਈ ਕਰਨਾ ਕਾਰੇਵੰਦੀ ਹੈ ਜਾਂ ਨਹੀਂ।

ਡਾਕਟਰ ਬੀ.ਆਰ.ਅੰਬੇਡਕਰ: ਇਹ ਸੱਚ ਨਹੀਂ ਕਿ ਇਸ ਪ੍ਰਸ਼ਨ ਵਿਚ ਮੰਗੀ ਗਈ ਸੂਚਨਾ ਹਰ ਪਿੰਡ ਦੀ ਵਤਨ ਕਾਰਵਾਈ ਤੋਂ ਮਿਲਣਯੋਗ ਹੈ ?

ਮਾਨਯਗੋ ਸ੍ਰੀ. ਜੇ ਐਲ ਰਿਊ: ਬਹਰ-ਹਾਲ ਮੈਂ ਮਾਨਯੋਗ ਮੈਂਬਰ ਦਾ ਧਿਆਨ ਇਸ ਤੱਥ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਪ੍ਰਸ਼ਨ ਬੰਬਈ ਪ੍ਰੈਜਡੈਂਸੀ ਵਿਚ ਹਰ ਇਕ ਪਿੰਡ ਵਿਚ ਭੇਜਣਾ ਪਵੇਗਾ।ਇਸ ਤਰ੍ਹਾਂ ਸੂਚਨਾ ਪ੍ਰਾਪਤ ਕਰਨ ਵਿਚ ਬਹੁਤ ਜ਼ਿਆਦਾ ਮਿਹਨਤ ਕਰਨੀ ਪਵੇਗੀ ਅਤੇ ਫਿਰ ਸਮਾਂ ਵੀ ਬਹੁੱਤ ਲੱਗ ਜਾਵੇਗਾ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 20 ਵੀਂ, ਪੰਨਾ 1065, ਮਿਤੀ 27.7.1927)

ਕੰਮ ਕਰ ਰਹੇ ਵਤਨਦਾਰ ਮਹਾਰ

ਡਾਕਟਰ ਬੀ..ਆਰ. ਅੰਬੇਡਕਰ : ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਰਾਜ ਦੇ ਵੱਖ ਵੱਖ ਹਿਸਿਆਂ ਵਿਚ, ਪਿੰਡਾਂ ਵਿਚ ਕੰਮ ਕਰ ਰਹੇ ਵਤਨਦਾਰ ਮਹਾਰਾਂ ਦੀ ਗਿਣਤੀ ਦਾ ਨੂੰ ਨਿਯੰਤਰਿਤ ਕਰਨ ਲਈ ਕੋਈ ਨਿਯਮ ਹਨ ?

(ਅ) ਜੇਕਰ ਅਜਿਹਾ ਹੋਵੇ ਤਾਂ ਕੀ ਉਹ ਉਨ੍ਹਾਂ ਨੂੰ ਛਪਵਾਉਣਗੇ ਜਾਂ ਉਨ੍ਹਾਂ ਦਾ ਹਵਾਲਾ ਦੇਣਗੇ ?

ਮਾਨਯੋਗ ਸ੍ਰੀ ਜੇ.ਐਲ. ਰਿਊ: (ੳ) ਅਤੇ (ਅ) ਇਸ ਵਿਸ਼ੇ ਸਬੰਧੀ ਕੋਈ ਨਿਯਮ ਨਹੀਂ ਹਨ।ਕੰਮ ਕਰ ਰਹੇ ਵਤਨਦਰ ਮਹਾਰਾਂ ਦੀ ਨਿਯੁਕਤੀ ਬੰਬਈ ਵਿਰਸਾ ਦਫ਼ਤਰ ਐਕਟ ਦੀ ਧਾਰਾ 64 ਦੇ ਉਪਬੰਧਾਂ ਦੁਆਰਾ ਕੀਤੀ ਜਾਂਦੀ ਹੈ।

ਡਾਕਟਰ ਬੀ. ਆਰ ਅੰਬੇਡਕਰ: ਕੀ ਮਾਨਯੋਗ ਮੈਂਬਰ ਨੂੰ ਪਤਾ ਹੈ ਕਿ ਧਾਰਾ 64 ਅਧੀਨ ਕਲੈਕਟਰ ਨੂੰ ਇਖ਼ਤਿਆਰ ਹੈ ਜਿਸ ਦੀ ਵਰਤੋਂ ਕਰਦਿਆਂ ਉਹ ਕੰਮ ਕਰ ਰਹੇ ਵਤਨਦਾਰ ਮਹਾਰਾਂ ਸਬੰਧੀ ਨਿਯਮ ਬਣਾ ਸਕਦੀ ਹੈ ?

ਮਾਨਯੋਗ ਸ੍ਰੀ ਜੇ . ਐਲ ਰਿਊ : ਮੈਨੂੰ ਇਸ ਬਾਰੇ ਪਤਾ ਹੈ।

ਡਾਕਟਰ ਸ੍ਰੀ ਬੀ.ਆਰ.ਅੰਬੇਡਕਰ : ਕੀ ਮਾਨਯੋਗ ਮੈਂਬਰ ਨੂੰ ਇਹ ਪਤਾ ਹੈ ਕਿ ਕਿੰਸੇ ਪਿੰਡ ਵਿਚ 16 ਮਹਾਰ ਬਤੌਰ ਵਤਨਦਾਰ ਦੇ ਕੰਮ ਕਰ ਰਹੇ ਹਨ ?

ਮਾਨਯੋਗ ਸ੍ਰੀ ਜੇ.ਐਲ ਰਿਊ; ਜੇਕਰ ਮਾਨਯੋਗ ਮੈਂਬਰ ਇਸ ਸਬੰਧੀ ਨੋਟਿਸ ਦੇ ਦੇਣ ਤਾਂ ਮੈਂ ਜਾਂਚ ਪੜਤਾਲ ਕਰਵਾ ਲਵਾਂਗਾ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 20, ਪੰਨਾ 1207, ਮਿਤੀ 27.7.1927)

ਬਦਲਾਪੁਰ ਵਿਖੇ ਉਲਹਾਸ ਦਰਿਆ ਤੇ ਪੁੱਲ

ਡਾਕਟਰ ਬੀ.ਆਰ.ਅੰਬੇਡਕਰ: ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਥਾਣਾ ਜ਼ਿਲੇ ਵਿਚ ਬਦਲਾਪੁਰ ਵਿਖੇ ਉਲਹਾਸ ਦਰਿਆ ਤੇ ਨੀਵੀਂ ਥਾਂ ਤੇ ਪੱਕਾ ਰਸਤਾ (ਪੁਲ) ਬਣਾਉਣ ਦੇ ਪ੍ਰਸ਼ਨ ਤੇ ਵਿਚਾਰ ਅਜੇ ਪੂਰਾ ਨਹੀਂ ਹੋਇਆ ? (ਅ) ਕੀ ਉਸ ਸੰਬੰਧੀ ਕਮਿਸ਼ਨਰ ਅਤੇ ਕਲੈਕਟਰ ਦੀਆਂ ਰਿਪੋਰਟਾਂ ਸਮੇਤ ਸਾਰਾ ਪੱਤਰ ਵਿਹਾਰ ਪਰਿਸ਼ਦ ਦੀ ਮੇਜ਼ ਤੇ ਰੱਖਿਆ ਜਾਵੇਗਾ ?

(ੲ) ਕੀ ਉਨ੍ਹਾਂ ਨੂੰ ਪਤਾ ਹੈ ਕਿ ਨੀਵੇਂ ਥਾਂ ਤੇ ਪੱਕੇ ਰਸਤੇ (ਪੁੱਲ) ਦੀ ਬਜਾਏ ਉੱਚੀ ਥਾਂ ਤੇ ਪੁੱਲ ਬਣਾਉਣਾ ਬਹੁਤ ਜ਼ਰੂਰੀ ਹੈ ?

ਮਾਨਯੋਗ ਸ੍ਰੀ ਜੇ. ਐਲ. ਰਿਊ: ਨਹੀਂ ਜੀ, ਪਰ ਇਹ ਆਸ ਕੀਤੀ ਜਾਂਦੀ ਹੈ ਕਿ ਇਸ ਦੇ ਛੇਤੀ ਹੀ ਪਰਿਣਾਮ ਪ੍ਰਾਪਤ ਹੋ ਜਾਣਗੇ।

(ਅ) ਸਰਕਾਰ ਪੱਤਰ ਵਿਹਾਰ ਨੂੰ ਪਰਿਸ਼ਦ ਦੀ ਮੇਜ਼ ਤੇ ਰੱਖਣ ਲਈ ਤਿਆਰ ਨਹੀਂ ਹੈ।

(ੲ) ਨਹੀਂ ਜੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 20, ਪੰਨਾ 1472, ਮਿਤੀ 27.7. 1927)

ਕਾਸ਼ਤ ਲਈ ਜੰਗਲਾਤ ਦੀ ਜ਼ਮੀਨ: ਦਲਿਤਾਂ ਨੂੰ ਗ੍ਰਾਂਟਾਂ

ਡਾ. ਬੀ. ਆਰ ਅੰਬੇਡਕਰ: ਕੀ ਸਰਕਾਰ ਇਹ ਦਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਇਸ ਰਾਜ ਦੇ ਇਕ ਜ਼ਿਲ੍ਹੇ ਵਿਚ ਸਾਲ 1923, 24, 1925 ਅਤੇ 1926 ਵਿਚ ਕਾਸ਼ਤ ਲਈ ਜੰਗਲਾਤ ਦੀ ਕੁੱਲ ਕਿਤਨੀ ਜ਼ਮੀਨ ਦਿੱਤੀ ਗਈ ਹੈ ?

(ਅ) ਇਸ ਜ਼ਮੀਨ ਵਿਚੋਂ ਉਪਰੋਕਤ ਵਰਣਿਤ ਸਾਲਾਂ ਵਿਚ ਹਰ ਇਕ ਜਿਲ੍ਹੇ ਵਿਚ ਦਲਿਤ ਸ਼੍ਰੇਣੀਆਂ ਨੂੰ ਕਿੰਨੀ ਜ਼ਮੀਨ ਦਿਤੀ ਗਈ ਹੈ ?

ਮਾਨਯੋਗ ਸ੍ਰੀ ਜੇ. ਬੀ. ਪ੍ਰਧਾਨ : ੳ ਅਤੇ ਅ ਸੰਬੰਧੀ ਲੋੜੀਂਦੀਂ ਸੂਚਨਾ ਦਰਸਾਉਂਦਾ ਵਿਵਰਣ ਪਰਿਸ਼ਦ ਦੀ ਮੇਜ਼ ਤੇ ਰੱਖਿਆ ਜਾਂਦਾ ਹੈ। ਵਿਵਰਣ ਵਿਚ ਦਰਸਾਇਆ ਗਿਆ ਰਕਬਾ ਰਾਜ ਦੀ ਹਰ ਇਕ ਜੰਗਲਾਤ ਡਿਵੀਜ਼ਨ ਦਾ ਹੈ।

ਸਾਲ, 1923, 1924, 1925 ਅਤੇ 1926 ਦੇ ਦੌਰਾਨ ਕਾਸ਼ਤ ਲਈ ਦਿਤੀ ਗਈ ਜੰਗਲਾਤ ਦੀ ਜ਼ਮੀਨ ਦਾ ਵਿਵਰਣ:

ਜੰਗਲਾਤ ਡਿਵੀਜ਼ਨ	ਕਾਸ਼ਤ ਲਈ ਦਿੱਤਾ ਗਿਆ ਜੰਗਲਾਤ ਜ਼ਮੀਨ ਦਾ ਕੁੱਲ ਰਕਬਾ			
1923	1924	1925	1926	
ਉਤਰੀ ਸਰਕਲ	ਏਕੜ	ਏਕੜ	ਏਕੜ	ਏਕੜ
1 ਪੰਚਮਹਿਲਜ	660	7,536	–	9
2 ਸੂਰਤ	1,175	1,152	3558	–

3	ਉਤਰੀ ਥਾਣਾ	191	171	–	–
4	ਪੱਛਮੀ ਥਾਣਾ	339	330	295–	
5	ਪੂਰਬੀ ਥਾਣਾ	21,463	2,237	2810	3733
6	ਪੱਛਮੀ ਨਾਸਿਕ	3,080	432	1,817	256
7	ਪੂਰਬੀ ਨਾਸਿਕ,	8,493	2,714	2,100	2,482
ਕੇਂਦਰੀ ਸਰਕਲ					
1	ਪੂਰਬੀ ਖ਼ਾਨਦੇਸ਼	186	401	1,756	1,872
2	ਉਤਰੀ ਖ਼ਾਨਦੇਸ਼	–	1,325	1,660	1,815
3	ਪੱਛਮੀ ਖ਼ਾਨਦੇਸ਼	90	51	235	560
4	ਪੂਨਾ	1	1	70	36
5	ਅਹਿਮਦਨਗਰ	4,254	55	86	88
6	ਸਤਾਰਾ	3,516	252	473	285
ਦੱਖਣੀ ਸਰਕਲ					
1	ਉਤਰੀ ਡਿਵੀਜ਼ਨ, ਕਨਾਰਾ	22	–	–	7
2	ਪੂਰਬੀ ਡਿਵੀਜ਼ਨ ਕਨਾਰਾ	105	137	33	7
3	ਦੱਖਣੀ ਡਿਵੀਜ਼ਨ, ਕਨਾਰਾ	26	40	31	37
4	ਪੱਛਮੀ ਡਿਵੀਜਨ,ਕਨਾਰਾ	133	70	59	5
5	ਕੇਂਦਰੀ ਡਿਵੀਜਨ, ਕਨਾਰਾ	13	6	1	–
6	ਬੈਲਗਾਓ	668	719	2006	2717
7	ਧਾਰਵਾੜ,	346	25	154	132
	ਸਿੰਧ ਸਰਕਲ				
1	ਸੱਖਰ	1841	2577	1330	1888
2	ਸ਼ਿਕਾਪੁਰ	1399	1256	1,066	928
3	ਲਾੜਕਾਣਾ	4,321	3,143	4,838	5300
4	ਹੈਦਰਾਬਾਦ	549	1,782	2,071	2,396
5	ਕਰਾਚੀ	92	1,093	1,789	3,084

1923,1924,1925 ਅਤੇ 1926 ਦੇ ਦੌਰਾਨ ਕਾਸ਼ਤ ਲਈ ਦਿਤੀ ਗਈ ਜੰਗਲਾਤ ਜ਼ਮੀਨ ਦਾ ਵਿਵਰਣ:

ਜੰਗਲਾਤ ਡਿਵੀਜ਼ਨ	ਦਲਿਤ ਸ਼੍ਰੇਣੀਆਂ ਨੂੰ ਦਿੱਤੀ ਗਈ ਜ਼ਮੀਨ			
	1923	1924	1925	1926
ਉਤਰੀ ਸਰਕਲ	ਏਕੜ	ਏਕੜ	ਏਕੜ	ਏਕੜ
1 ਪੰਚ ਮਹਿਲ	227	1446	–	9
2 ਸੂਰਤ	1,175	1,152	3558	–
3 ਉਤਰੀ ਥਾਣਾ				
4 ਪੱਛਮੀ ਥਾਣਾ	191	171	–	5
5 ਪੂਰਬੀ ਥਾਣਾ	339	330	205	–
6 ਪੱਛਮੀ ਨਾਸਿਕ	2927	411	1,727	243
7 ਪੂਰਬੀ ਨਾਸਿਕ	8493	2714	2100	2482
ਕੇਂਦਰੀ ਸਰਕਲ				
1 ਪੂਰਬੀ ਖ਼ਾਨਦੇਸ਼	30	91	101	
2 ਉਤਰੀ ਖ਼ਾਨਦੇਸ਼	1325	1660	1815	
3 ਪੱਛਮੀ ਖ਼ਾਨਦੇਸ	40	39	90	340
4 ਪੂਨਾ	–	–	–	–
5 ਅਹਿਮਦ ਨਗਰ	55	–	–	–
6 ਸਤਾਰਾ				
ਦੱਖਣੀ ਸਰਕਲ				
1 ਉਤਰੀ ਡਿਵੀਜ਼ਨ, ਕਨਾਰਾ	ਇਨ੍ਹਾਂ ਸਾਲਾਂ ਦੇ ਦੌਰਾੱਨ ਦਲਿਤ ਸ਼ੇਣੀਆਂ ਦੇ ਵਿਅਕਤੀਆਂ ਤੋਂ ਕੋਈ ਵੀ			
ਅਰਜ਼ੀਆਂ ਨਹੀਂ ਸਨ ਪ੍ਰਾਪਤ ਹੋਈਆਂ	–	–	–	–
2 ਪੂਰਬੀ ਡਿਵੀਜ਼ਨ, ਕਨਾਰਾ	–	–	–	–
3 ਦੱਖਣੀ ਡਿਵੀਜ਼ਨ, ਕਨਾਰਾ	20	38	28	36
4 ਪੱਛਮ ਡਿਵੀਜਨ, ਕਨਾਰਾ	ਇਨਾਂ ਸਾਲਾਂ ਦੇ ਦੌਰਾਨ ਦਲਿਤ ਸ਼੍ਰੇਣੀਆਂ ਦੇ ਵਿਅੱਕਤੀਆਂ ਤੋਂ ਕੋਈ ਵੀ			

ਅਰਜ਼ੀਆਂ ਨਹੀਂ ਸਨ ਪ੍ਰਾਪਤ ਹੋਈਆਂ

5	ਕੇਂਦਰੀ ਡਿਵੀਜ਼ਨ, ਕਨਾਰਾ	–	–	–	–
6	ਬੈਲਗਾਮ ਉਹੀ	45	104	23	664
7	ਧਾਰਵਾੜ	–	–	–	

ਸਿੰਧ ਸਰਕਲ

1	ਸੱਖਰ	– – –
2	ਸ਼ਿਕਾਰਪੁਰ	ਸਿੰਧ ਵਿਚ ਕੋਈ ਵੀ ਦਲਿਤ ਸ਼੍ਰੇਣੀ ਨਹੀਂ ਹੈ ਜੋ ਖੇਤੀ ਬਾੜੀ ਦਾ ਕੰਮ ਕਰਦੀ ਹੈ
3	ਲਾੜਕਾਣਾ	
4	ਹੈਦਰਾਬਾਦ	
5	ਕਰਾਚੀ	

(ਬੰਬਈ ਵਿਧਾਨ ਪਰਿਸ਼ਦ ਡਿਬੇਸਟਸ, ਜਿਲਦ 20 ਵੀਂ, ਪੰਨਾ 1472-74, ਮਿਤੀ 27.7.1927)

ਤੰਮਾਕੂ ਦੇ ਲਸੰਸ

ਡਾਕਟਰ ਬੀ. ਆਰ. ਅੰਬੇਡਕਰ : ਸਰਕਾਰ ਇਹ ਦਸੱਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਇਕ ਨਾਰਾਇਣ ਸਖਾਰਾਮ ਨੇ ਸੁਪਰਡੰਟ, ਆਬਕਾਰੀ, ਤੰਮਾਕੂ ਵਿਭਾਗ ਨੂੰ ਤਮਾਕੂ ਵੇਚਣ ਲਈ ਲਸੰਸ ਲਈ ਅਰਜ਼ੀ ਦਿਤੀ ਸੀ ?

(ਅ) ਕੀ ਭਾਵੇਂ ਪ੍ਰਾਰਥੀ ਫ਼ੌਜੀ ਪੈਨਸ਼ਰ ਸੀ ਅਤੇ ਇਸ ਦੇ ਕੇਸ ਦੀ ਕਮਾਣ ਅਫ਼ਸਰ, 117 ਰਾਜਪੂਤ ਦੁਆਰਾ ਲੰਸਸ ਲਈ ਸਿਫ਼ਾਰਸ਼ ਕੀਤੀ ਗਈ ਸੀ, ਉਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ ?

(ੲ) ਕਿੰਨ੍ਹਾਂ ਕਾਰਨਾਂ ਕਰਕੇ ਉਸ ਦੀ ਅਰਜ਼ੀ ਰੱਦ ਕਰ ਦਿਤੀ ਗਈ ਸੀ ?

(ਹ) ਕੀ ਉਸ ਦੀ ਅਰਜ਼ੀ ਇਸ ਕਰਕੇ ਰੱਦ ਕਰ ਦਿਤੀ ਗਈ ਸੀ ਕਿ ਪ੍ਰਾਰਥੀ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਦਾ ਸੀ ?

(ਕ) ਲੰਸਸ ਜਾਰੀ ਕਰਨ ਦੇ ਮਾਮਲੇ ਵਿਚ ਉਹ ਕੋਈ ਜ਼ਾਤੀ ਵਿਤਕਰਾ ਤਾਂ ਨਹੀਂ ਕਰਦੇ ?

ਮਾਨਯੋਗ ਸ੍ਰੀ ਜੇ. ਐਲ. ਰਿਊ : (ੳ) ਹਾਂ ਜੀ।

(ਅ) ਹਾਂ ਜੀ।

(ੲ) ਤੰਮਾਕੂ ਦੇ ਲਸੰਸ ਕੇਵਲ ਉਨ੍ਹਾਂ ਵਿਅਤੀਆਂ ਨੂੰ ਦਿੱਤੇ ਜਾਂਦੇ ਹਨ ਜੋ ਵਾਸਤਵ

ਵਿਚ ਗ਼ਰੀਬ ਹੋਣ ਅਤੇ ਜੋ ਹੋਰ ਸਾਧਨਾਂ ਤੋਂ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਅਯੋਗ ਹੋਣ। ਮਾਨਯੋਗ ਮੈਂਬਰ ਦੁਆਰਾ ਹਵਾਲਾ ਦਿਤਾ ਗਿਆ ਵਿਅਕਤੀ ਹੋਰ ਤਰੀਕਿਆਂ ਨਾਲ ਆਪਣੀ ਰੋਟੀ ਰੋਜ਼ੀ ਕਮਾਉਣ ਲਈ ਬਿਲਕੁਲ ਫ਼ਿਟ ਦੱਸਿਆ ਗਿਆ ਸੀ। ਇਸ ਲਈ ਉਸ ਨੂੰ ਲਸੰਸ ਨਹੀਂ ਸੀ ਦਿੱਤਾ ਗਿਆ।

(ਸ) ਨਹੀਂ ਜੀ।

(ਹ) ਨਹੀਂ ਜੀ।

ਡਾਕਟਰ ਬੀ.ਆਰ.ਅੰਬੇਡਕਰ: ਕੀ ਇਹ ਤਮਾਕੂ ਦੇ ਲੰਸਸਾਂ ਦੇ ਮਾਮਲੇ ਵਿਚ ਵਿਭਾਗ ਦੁਆਰਾ ਬਣਾਏ ਗਏ ਨਿਯਮਾਂ ਅਨੁਸਾਰ ਹੈ ?

ਮਾਨਯੋਗ ਸ੍ਰੀ ਜੇ. ਐਲ. ਰਿਊ: ਮੈਨੂੰ ਇਹ ਨਹੀਂ ਪਤਾ ਕਿ ਇਸ ਸਬੰਧੀ ਕੋਈ ਵਿਸ਼ੇਸ਼ ਨਿਯਮ ਹਨ ਪਰ ਇਹ ਇਕ ਪ੍ਰਥਾ ਹੈ।

ਡਾਕਟਰ ਬੀ.ਆਰ.ਅੰਬੇਡਕਰ : ਕੀ ਮੈਂ ਇਹ ਜਾਣ ਸਕਦਾ ਹਾਂ ਕਿ ਇਹ ਵਿਸ਼ੇਸ਼ ਪ੍ਰਸ਼ਨ ਮਾਨਯੋਗ ਮੈਂਬਰ ਦੇ ਵਿਭਾਗ ਨਾਲ ਜਾਂ ਆਬਕਾਰੀ ਮੰਤਰੀ ਦੇ ਵਿਭਾਗ ਨਾਲ ਸਬੰਧਤ ਹੈ ?

ਮਾਨਯੋਗ ਸ੍ਰੀ ਜੇ. ਐਲ. ਰਿਊ: ਇਹ ਮਾਲ ਵਿਭਾਗ ਨਾਲ ਸਬੰਧਤ ਹੈ; ਤਮਾਕੂ ਦੇ ਲਸੰਸ ਬੰਬਈ ਦੇ ਕੁਲੈਕਟਰ ਦੁਆਰਾ ਦਿੱਤੇ ਜਾਂਦੇ ਹਨ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 21 ਵੀ, ਪੰਨਾ 57 , ਮਿਤੀ 29.9.1927)

ਨਾਸਿਕ ਦੀ ਜੰਗਲਾਤ ਦੀ ਜ਼ਮੀਨ : ਮਹਾਰਾਂ ਦੀਆਂ ਅਰਜ਼ੀਆਂ

ਡਾਕਟਰ ਬੀ.ਆਰ.ਅੰਬੇਡਕਰ : ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਉਨ੍ਹਾਂ ਨੂੰ ਪਤਾ ਹੈ ਕਿ ਤਾਲੁਕਾ ਨਾਸਿਕ ਵਿਚ ਪਿੰਪਲਾਦ ਪਿੰਡ ਦੇ ਮਹਾਰਾਂ ਨੇ ਕਲੈਕਟਰ ਨੂੰ ਜੰਗਲਾਤ ਦੀ ਜ਼ਮੀਨ ਲਈ ਅਰਜ਼ੀਆਂ ਦਿਤੀਆਂ ਸਨ ?

(ਅ) ਕੀ ਉਨ੍ਹਾਂ ਨੇ ਪਿੰਪਲਾਢ ਪਿੰਡ ਵਿਚ ਸਰਵੇਖਣ ਨੰਬਰ 220 ਲਈ ਮੰਗ ਕੀਤੀ ਸੀ ?

(ੲ) ਕੀ ਇਨਕਾਰ ਕੀਤੇ ਜਾਣ ਕਰਕੇ ਉਨ੍ਹਾ ਨੇ ਰਾਜੁਰ- ਬਾਬੁਲਾ ਪਿੰਡ ਵਿਚ ਸਰਵੇ ਨੰਬਰ 202 ਕਰਨ ਲਈ ਮੰਗ ਕੀਤੀ ਸੀ ?

(ਸ) ਉਸ ਦੇ ਅਸਵੀਕਾਰ ਕੀਤੇ ਜਾਣ ਤੇ ਕੀ ਰਾਜੁਰ-ਬਾਬੁਲਾ ਪਿੰਡ ਦੇ ਸਰਵੇਖਣ ਨੰ : 71 ਦੀ ਮੰਗ ਕੀਤੀ ਗਈ ?

(ਹ) ਕੀ ਇਹ ਠੀਕ ਹੈ ਕਿ ਇਹ ਅੰਤਿਮ ਅਰਜ਼ੀ ਵੀ ਰੱਦ ਕਰ ਦਿਤੀ ਗਈ ਹੈ ?

(ਕ) ਇਨ੍ਹਾਂ ਮਹਾਰਾਂ ਦੀਆਂ ਅਰਜ਼ੀਆਂ ਤੇ ਹਮਦਰਦੀ ਪੂਰਬਕ ਵਿਚਾਰ ਕਰਨ ਕੀ ਥਾਂ ਵਾਰ ਵਾਰ ਇਨਕਾਰ ਕਰਨ ਦੇ ਕੀ ਕਾਰਨ ਹਨ ?

ਮਾਨਯੋਗ ਸ਼੍ਰੀ ਜੀ.ਬੀ.ਪਰਧਾਨ (ਓ) , ਅ, ੲ, ਸ, ਅਤੇ ਹ, ਹਾਂ ਜੀ, ਕਿਉਂਕਿ ਇਹ ਪਹਿਲਾਂ ਹੀ ਕਿਸੇ ਹੋਰ ਵਿਅੱਕਤੀ ਨੂੰ ਦੇ ਦਿੱਤਾ ਗਿਆ ਹੈ।

(2) ਰਾਜੁਰ ਦਾ ਸਰਵੇ ਨੰ 202 ਚਰਾਂਦ ਵਣ ਹੈ ਜੋ ਮਾਲ ਵਿਭਾਗ ਦੇ ਅਧਿਕਾਰ ਵਿਚ ਹੈ। ਇਹ ਚਰਾਂਦ ਹਰ ਸਾਲ ਪਿੰਡ ਵਾਲਿਆਂ ਨੂੰ ਪਸ਼ੂ ਚਾਰਨ ਲਈ ਵੇਚ ਦਿਤੀ ਜਾਂਦੀ ਹੈ ਅਤੇ ਇਹ ਕਿਸੇ ਹੋਰ ਮਕਸਦ ਲਈ ਨਹੀਂ ਦਿਤੀ ਜਾ ਸਕਦੀ ਕਿਉਂਕਿ ਪਸ਼ੂ ਚਾਰਨ ਲਈ ਪਿੰਡ ਵਿਚ ਬਾਕੀ ਉਪਲਬਧ ਰਕਬਾ ਉਨ੍ਹਾਂ ਦੀ ਲੋੜ ਲਈ ਕਾਫ਼ੀ ਨਹੀਂ ਹੈ।

(3) ਉਸੇ ਹੀ ਕਾਰਨ ਲਈ ਰਾਜੁਰ ਬਾਬੁਲਾ ਦਾ ਸਰਵੇ ਨੰ 71 ਜੋ ਪਸ਼ੂ ਚਰਾਂਦ ਵਜੋਂ ਦਿੱਤਾ ਜਾਂਦਾ ਹੈ, ਮਹਾਰਾਂ ਨੂੰ ਨਹੀਂ ਦਿਤਾ ਜਾ ਸਕਿਆ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪਿੰਪਲਾਦ ਅਤੇ ਰਾਜੁਰ ਬਾਬੁਲਾ ਦੀ ਸਰਵੇ ਨੰਬਰ 11 ਕਾਸ਼ਤ ਲਈ ਦਿਤੇ ਜਾਣ ਵਾਸਤੇ ਉਪਲਬਧ ਕੇਵਲ ਲਗਭਗ 200 ਏਕੜ ਜ਼ਮੀਨ ਜਮੀਨਾਂ ਸਨ। ਇਸ ਲਈ, ਉਹ ਨਿਰਧਾਰਨ ਤੋਂ 12 ਗੁਣਾ ਵਧ ਕੀਮਤ ਤੇ ਵਿਕਰੀ ਲਈ ਰੱਖੀਆਂ ਗਈਆਂ ਸਨ ਅਤੇ ਇਹ ਹੁਕਮ ਕੀਤਾ ਗਿਆ ਸੀ ਕਿ ਮਹਾਰਾਂ , ਭੀਲਾਂ ਅਤੇ ਕੋਲੀਆਂ ਤੋਂ ਇਲਾਵਾ ਕੋਈ ਵੀ ਹੋਰ ਬੋਲੀ ਨਹੀਂ ਦੇਵੇਗਾ। ਇਹ ਸ਼ਰਤ ਪੈਸੇ ਵਾਲੇ ਲੋਕਾਂ ਦੁਆਰਾ ਅਣਉਚਿਤ ਮੁਕਾਬਲੇ ਨੂੰ ਦੂਰ ਕਰਨ ਲਈ ਵਿਸ਼ੇਸ਼ ਤੌਰ ਤੇ ਲਗਾਈ ਗਈ ਸੀ। ਹਾਲ ਹੀ ਵਿਚ ਮਨਜ਼ੂਰ ਕੀਤੀਆਂ ਗਈਆਂ ਵਿਕਰੀਆਂ ਦੇ ਕਾਗ਼ਜ਼ –ਪੱਤਰਾਂ ਤੋਂ ਪਤਾ ਲਗਦਾ ਹੈ ਕਿ ਪਿੰਡ ਪਿੰਪਲਾਦ ਦੇ ਦੋ ਕੋਲੀ ਅਤੇ ਤਿੰਨ ਮਹਾਰ ਅਤੇ ਰਾਜੁਰ ਬਾਬੁਲਾ ਦਾ ਇਕ ਕੋਲੀ ਅਤੇ ਤਿੰਨ ਮਹਾਰ ਇਨ੍ਹਾਂ ਦੇ ਖ਼ਰੀਦਦਾਰ ਸਨ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 21ਵੀਂ, ਪੰਨਾ 219, ਮਿਤੀ 1.10.1927)

ਚਰਾਂਦਾਂ:ਥਾਣਾ ਜ਼ਿਲ੍ਹਾ

ਡਾਕਟਰ ਬੀ .ਆਰ.ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ.ਜੀ.ਸੋਲੰਕੀ: ਸਰਕਾਰ ਇਹ ਦੱਸਣ ਕ੍ਰਿਪਾਲਤਾ ਕਰੇਗੀ:

(ਓ) ਕੀ ਉਨ੍ਹਾਂ ਦਾ ਧਿਆਨ ਸਾਲ 1926 ਦੇ ਵਿਵਿਧ ਗਿਆਨ ਵਿਸਤਾਰ ਦੇ ਪੰਨਾ 372 ਅਤੇ 417 ਤੇ ਛਪੀ ਸੂਚਨਾ ਵੱਲ ਦਿਵਾਇਆ ਗਿਆ ਹੈ ?

(ਅ) ਜੇਕਰ ਅਜਿਹਾ ਹੋਵੇ ਤਾਂ ਕੀ ਉਨ੍ਹਾਂ ਦੀ ਅਜਿਹੇ ਵਰਕਾਸ਼ ਜਾਂ ਘਾਹ ਵਾਲੀਆਂ ਜ਼ਮੀਨਾਂ ਨੂ ਕਰ ਤੋਂ ਮੁਕਤ ਕਰਨ ਲਈ ਹੁਕਮ ਜਾਰੀ ਕਰਨ ਲਈ ਕਾਰਵਾਈ ਕਰਨ ਦਾ ਵਿਚਾਰ ਕਰ ਰਹੇ ਹਨ ?

(ੲ) ਕੀ ਉਨ੍ਹਾਂ ਦੀ ਥਾਣਾ ਜ਼ਿਲ੍ਹਾ ਦੇ ਪਿੰਡ ਬਦਲਾਪੁਰ ਦੀ ਜੰਗਲਾਤ ਜ਼ਮੀਨਾਂ ਖੇਤੀਬਾੜੀ ਅਤੇ ਪਸ਼ੂ ਚਰਾਉਣ ਦੇ ਮੰਤਵਾਂ ਲਈ ਰਾਖਵੀਂਆਂ ਰੱਖਣ ਦੀ ਇੱਛਾ ਹੈ, ਕਿਉਂਕਿ ਉਹ ਜੰਗਲਾਤ ਦੀਆਂ ਜ਼ਮੀਨਾਂ ਤੁਲਨਾਤਮਕ ਤੌਰ ਤੇ ਬਹੁਤ ਥੋੜੀ ਆਮਦਨ ਵਾਲੀਆਂ ਹਨ ?

ਮਾਨਯੋਗ ਸ੍ਰੀ ਜੀ. ਐਲ. ਰਿਊ: (ੳ) ਕੇਵਲ ਉਸ ਸਮੇਂ ਜਦੋਂ ਮਾਨਯੋਗ ਮੈਂਬਰ ਇਸ ਪ੍ਰਸ਼ਨ ਦੀ ਸੂਚਨਾ ਦੇਣਗੇ।

(ਅ) ਨਹੀਂ ਜੀ।

(ੲ) ਨਹੀਂ ਜੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 21ਵੀਂ, ਪੰਨਾ 269-70, ਮਿਤੀ 1.10.1927)

ਦਲਿਤ ਸ਼੍ਰੇਣੀਆਂ ਲਈ ਜੰਗਲਾਤ ਦੀਆਂ ਜ਼ਮੀਨਾਂ

ਡਾਕਟਰ ਬੀ. ਆਰ. ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ. ਜੀ ਸੋਲੰਕੀ : ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਉਨ੍ਹਾਂ ਨੂੰ ਦਲਿਤ ਸ਼੍ਰੇਣੀਆਂ ਵਿਚ ਮੌਜੂਦ ਬਹੁਤ ਜ਼ਿਆਦਾ ਬੇਰੁਜ਼ਗਾਰੀ ਬਾਰੇ ਪਤਾ ਹੈ ?

(ਅ) ਛੂਤਛਾਤ ਦੀ ਪ੍ਰਣਾਲੀ ਦੇ ਕਾਰਨ ਬਹੁਤ ਸਾਰੇ ਕੰਮ ਕਾਰ ਦਲਿਤ ਸ਼ੇਣੀਆਂ ਲਈ ਬੰਦ ਕਰ ਦਿਤੇ ਗਏ ਹਨ। ਇਸ ਗਲ ਨੂੰ ਵੇਖਦਿਆਂ ਜਿਥੇ ਕਿਤੇ ਵੀ ਜੰਗਲਾਤ ਦੀ ਜ਼ਮੀਨ ਉਪਲੱਬਧ ਹੋਵੇ ਉਥੇ ਦਲਿਤ ਸ੍ਰੇਣੀਆਂ ਕਲੌਨੀਆਂ ਬਣਾਉਣ ਅਤੇ ਵਸਾਉਣ ਦੇ ਪ੍ਰਸ਼ਨ ਤੇ ਵਿਚਾਰ ਕਰਨ ਦੀ ਕੋਈ ਤਜਵੀਜ਼ ਹੈ ਜਿਵੇਂ ਕਿ ਮੈਸੂਰ ਸਰਕਾਰ ਨੇ ਕੀਤਾ ਹੈ ? (ੲ) ਕੀ ਉਨ੍ਹਾਂ ਦੀ ਜੰਗਲਾਤ ਦੀ ਜ਼ਮੀਨ ਲਈ ਦਲਿਤ ਸ਼੍ਰੇਣੀਆਂ ਦੇ ਪ੍ਰਾਰਥੀਆਂ ਨੂੰ ਪਹਿਲ ਦੇਣ ਦੀ ਤਜਵੀਜ਼ ਹੈ ?

ਮਾਨਯੋਗ ਸ੍ਰੀ ਜੀ.ਬੀ ਪ੍ਰਧਾਨ : (ੳ) ਨਹੀਂ ਜੀ।

(ਅ) ਅਜਿਹੀਆਂ ਬਸਤੀਆਂ ਪਹਿਲਾਂ ਹੀ ਤਿੰਨ ਖ਼ਾਨਦੇਸ਼ ਡਿਵੀਜ਼ਨਾਂ ਵਿਚ ਬਣਾਈਆਂ ਜਾ ਚੁਕੀਆਂ ਹਨ ਅਤੇ ਅਜਿਹੀਆ ਹੋਰ ਬਸਤੀਆਂ ਬਣਾਉਣ ਦੀ ਸੰਭਾਵਨਾ ਤੇ ਤਾਂ ਹੀ ਵਿਚਾਰ ਕੀਤਾ ਜਾਵੇਗਾ ਜੇਕਰ ਇਸ ਸਬੰਧੀ ਅਰਜ਼ੀਆਂ ਪ੍ਰਾਪਤ ਹੋਣਗੀਆਂ ਅਤੇ ਜੰਗਲਾਂ ਵਿਚ ਉਚਿਤ ਜ਼ਮੀਨ ਉਪਲਬੱਧ ਹੋਵੇਗੀ।

(ੲ) ਜੰਗਲੀ ਜ਼ਮੀਨਾਂ ਲਈ ਦਲਿਤ ਸ੍ਰੇਣੀਆਂ ਦੀਆਂ ਅਰਜ਼ੀਆਂ ਉੱਤੇ ਬੜਾ ਹਮਦਰਦੀ ਪੂਰਨ ਵਿਚਾਰ ਕੀਤਾ ਜਾਵੇਗਾ ਪਰ ਇਨ੍ਹਾਂ ਨੂੰ ਪਹਿਲ ਦੇਣ ਲਈ ਕੋਈ ਵਾਇਦਾ ਨਹੀਂ ਕੀਤਾ ਜਾ ਸਕਦਾ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 21 ਵੀਂ, ਪੰਨਾ 269-70, 1.10.1927)

ਦੱਖਣੀ ਜ਼ਿਮੀਦਾਰਾ ਰਾਹਤ ਐਕਟ ਦੀ ਮਨਸੂਖ਼ੀ

ਡਾਕਟਰ ਬੀ. ਆਰ. ਅੰਬੇਡਕਰ: ਕੀ ਸਰਕਾਰ ਇਸ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਇਹ ਠੀਕ ਹੈ ਕਿ ਉਹ ਦੱਖਣੀ ਜ਼ਿਮੀਦਾਰਾ ਰਾਹਤ ਐਕਟ ਨੂੰ ਮਨਸੂਖ਼ ਕਰਨ ਲਈ ਬਿਲ ਪੇਸ਼ ਕਰਨ ਲਈ ਵਿਚਾਰ ਕਰ ਹੀ ਹੈ ?

(ਅ) ਜੇਕਰ ਅਜਿਹਾ ਹੋਵੇ ,ਤਾਂ ਕੀ ਉਨ੍ਹਾਂ ਨੇ ਖੇਤੀ ਬਾੜੀ ਕਰਨ ਵਾਲੇ ਲੋਕਾਂ ਦੇ ਵਿਚਾਰ ਲਏ ਹਨ ਜਿਨ੍ਹਾਂ ਦੇ ਹਿੱਤਾਂ ਨੇ ਅਜਿਹੀ ਕਾਰਵਾਈ ਕਰਨ ਨਾਲ ਪ੍ਰਭਾਵਿਤ ਹੋਣਾ ਹੈ ?

(ੲ) ਕੀ ਉਨ੍ਹਾਂ ਨੂੰ ਪਤਾ ਹੈ ਕਿ ਜ਼ਰਾਇਤ ਤੇ ਸ਼ਾਹੀ ਕਮਿਸ਼ਨ ਨੇ ਆਪਣੀ ਰਾਏ ਪ੍ਰਗਟ ਕੀਤੀ ਹੈ ਕਿ ਵਿਆਜਖ਼ੋਰ ਕਰਜ਼ਾ ਐਕਟ, 1918 ਨੂੰ ਲਾਗੂ ਕਰਨਾ ਕਾਮਯਾਬ ਨਹੀਂ ਹੋਇਆ ?

ਮਾਨਯੋਗ ਸ੍ਰੀ ਜੇ.ਆਰ.ਮਾਰਟਿਨ: (ੳ) ਅਤੇ (ਅ) ਦੱਖਣੀ ਜ਼ਿਮੀਦਾਰਾ ਰਾਹਤ ਐਕਟ ਵਿਚ ਸੋਧਨਾ ਕਰਨ ਜਾਂ ਇਸ ਨੂੰ ਮਨਸੂਖ਼ ਕਰਨ ਦਾ ਪ੍ਰਸ਼ਨ ਉਦੋਂ ਤੱਕ ਮੁਲਤਵੀ ਕਰ ਦਿਤਾ ਗਿਆ ਹੈ ਜਦੋਂ ਤੱਕ ਜ਼ਰਾਇਤੀ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਗਏ। ਜ਼ਰਾਇਤੀ ਕਰਜ਼ੇ ਸਬੰਧੀ ਕਾਨੂੰਨ ਬਣਾਉਣ ਦੇ ਪ੍ਰਸ਼ਨ ਨੂੰ ਸਮੂਹਕ ਰੂਪ ਵਿਚ ਨਹੀਂ ਲੈ ਲਿਆ ਜਾਂਦਾ।

(ੲ) ਹਾਂ ਜੀ ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 24 ਵੀਂ, ਪੰਨਾ 287, ਮਿਤੀ 29.10.1927)

ਸਰਕਾਰੀ ਕਰਮਚਾਰੀ: ਤਨਖ਼ਾਹਾਂ ਅਤੇ ਪੈਨਸ਼ਨਾਂ

ਡਾਕਟਰ ਬੀ. ਆਰ. ਅੰਬੇਡਕਰ: ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ ਕਿ ਉਨ੍ਹਾਂ ਨੇ 1927-28 ਵਿਚ (ਜਾਂ ਇਸ ਤੋਂ ਪਹਿਲਾਂ ਕਿਸੇ ਹੋਰ ਸਾਲ ਜਿਸ ਦੇ ਅੰਕੜੇ ਉਪਲਬਧ ਹੋਣ) ਕੁੱਲ ਕਿੰਨੀ ਰਕਮ ਦਿਤੀ ਗਈ ਸੀ ?

(1) ਅਧੀਨ ਅਤੇ ਕਲੱਰਕੀ ਸੇਵਾਵਾਂ ਵਿਚ ਪੱਕੇ ਕਰਮਚਾਰੀਆਂ ਨੂੰ ਤਨਖ਼ਾਹਾਂ ਵਜੋਂ,

(2) ਉਨ੍ਹਾਂ ਕਰਚਾਰੀਆਂ ਨੂੰ ਪੈਨਸ਼ਨ ਵਜੋਂ ਜੋ ਉਨ੍ਹਾਂ ਦੀਆਂ ਅਧੀਨ ਅਤੇ ਕਲੱਰਕੀ ਸੇਵਾਵਾਂ ਵਿਚ ਸਨ।

ਮਾਨਯੋਗ ਸ੍ਰੀ ਜੀ.ਬੀ ਪਰਧਾਨ : (1) ਪੱਕੇ ਅਤੇ ਆਰਜ਼ੀ ਅਮਲੇ ਦੇ ਖ਼ਰਚੇ ਸਬੰਧੀ ਅੰਕੜੇ ਵੱਖਰੇ ਤੌਰ ਤੇ ਉਪਲਬਧ ਨਹੀਂ ਹਨ। ਸਾਲ 1925-26 ਦੇ ਦੌਰਾਨ ਉਨ੍ਹਾਂ ਦੇ ਅਧੀਨ ਅਮਲੇ ਦੀਆਂ ਤਨਖ਼ਾਹਾਂ ਤੇ ਪ੍ਰਾਂਤਿਕ ਸਰਕਾਰ ਦੁਆਰਾ ਕੀਤੇ ਗਏ ਖ਼ਰਚੇ ਦੀ ਕੁੱਲ ਰਕਮ ਸੇਵਾਦਾਰਾਂ ਦੀਆਂ ਤਨਖ਼ਾਹਾਂ ਦਾ ਖ਼ਰਚਾ (ਲਗਭਗ 25 ਲੱਖ ਰੁਪਏ) ਕੱਢ ਕੇ, 2 ਕ੍ਰੋੜ 96 ਲੱਖ ਰੁਪਏ ਬਣਦੀ ਹੈ,

(2) ਸਰਕਾਰ ਨੂੰ ਖੇਦ ਹੈ ਕਿ ਉਹ ਮੰਗੀ ਗਈ ਸੂਚਨਾ ਨਹੀਂ ਦੇ ਸਕਦੀ ਕਿਉਂਕਿ ਅਮਲੇ ਦੀਆਂ ਵੱਖ ਵੱਖ ਸ਼੍ਰੇਣੀਆਂ ਦੇ ਵੱਖ ਵੱਖ ਅੰਕੜੇ ਉਪਲਬਧ ਨਹੀਂ ਹਨ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 24 ਵੀਂ, ਪੰਨਾ 287, ਮਿਤੀ 29.10.1928)

ਸਰਕਾਰੀ ਕਰਮਚਾਰੀ : ਗ੍ਰੈਜੂਏਟਾਂ ਦੀ ਸ਼ੁਰੂ ਦੀ ਤਨਖ਼ਾਹ

ਡਾਕਟਰ ਬੀ.ਆਰ.ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ.ਜੀ. ਸੋਲੰਕੀ : ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ :

(ੳ) ਕੀ ਇਹ ਠੀਕ ਹੈ ਕਿ ਸ੍ਰੀ ਐਸ. ਕੇ .ਬੋਲੇ ਨੇ ਪਰਿਸ਼ਦ ਵਿਚ ਇਕ ਪ੍ਰਸ਼ਨ ਰਾਹੀਂ ਬੰਬਈ ਸ਼ਹਿਰ ਵਿਚ ਗ੍ਰੈਜੂਏਟਾਂ ਦੀ ਸ਼ੁਰੂ ਦੀ ਤਨਖ਼ਾਹ ਬਾਰੇ ਸੂਚਨਾ ਮੰਗੀ ਸੀ ?

(ਅ) ਕੀ ਇਹ ਵੀ ਠੀਕ ਹੈ ਕਿ ਸਰਕਾਰ ਨੇ ਉਤਰ ਦਿਤਾ ਸੀ ਕਿ ਜਿਨ੍ਹਾਂ ਦਫ਼ਤਰਾਂ ਵਿਚ ਅਮਲਾ" ਅਪਰ ਅਤੇ ਲੋਅਰ ਗਰੇਡਾਂ" ਵਿਚ ਵੰਡਿਆ ਹੋਇਆ ਹੈ ਉਥੇ ਲੋਅਰ ਗ੍ਰੇਡ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਛੱਡ ਕੇ ਬਾਕੀ ਦੇ ਗ੍ਰੈਜੂਏਟਾਂ ਨੂੰ 90 ਰੁਪਏ ਦੀ ਸ਼ੁਰੂ ਦੀ ਤਨਖ਼ਾਹ ਦਿਤੀ ਗਈ ਸੀ ਅੰਤੇ ਸਰਕਾਰ ਨੇ ਇਸੇ ਅਨੁਸਾਰ ਵਿਭਾਗਾਂ ਦੇ ਮੁੱਖੀਆਂ ਨੂੰ ਹਿਦਾਇਤ ਕਰਨ ਸਬੰਧੀ ਸਰਕਾਰੀ ਪੱਤਰ ਨੰ 1140, ਵਿੱਤ ਵਿਭਾਗ ਨੇ, ਮਿਤੀ 25 ਮਾਰਚ, 1925 ਨੂੰ ਜਾਰੀ ਕਰ ਦਿਤਾ ਸੀ ?

(ੲ)" ਕੀ ਇਹ ਠੀਕ ਹੈ ਕਿ ਗ੍ਰੈਜੂਏਟਾਂ ਨੂੰ ਬੰਬਈ ਸ਼ਹਿਰ ਵਿਚ 90/-ਰੁਪਏ ਤੇ ਸ਼ੁਰੂ ਕਰਨ ਲਈ ਵਿਭਾਗਾਂ ਦੇ ਮੁੱਖੀਆਂ ਨੂੰ ਹਿਦਾਇਤ ਕਰਦੇ ਹੋਏ ਉਕਤ ਵਰਣਿਤ ਸਰਕਾਰੀ ਮਤੇ ਦੇ ਬਾਵਜੂਦ ਬੰਬਈ ਦਾ ਕਲੈਕਟਰ ਆਪਣੇ ਅਧੀਨ ਵਿਭਾਗਾਂ ਵਿਚ ਭਾਵੇਂ ਇਨ੍ਹਾਂ ਵਿਭਾਗਾਂ ਵਿਚ ਅਪਰ ਅਤੇ ਲੋਅਰ ਗਰੇਡ ਨਹੀਂ ਹਨ, ਗ੍ਰੈਜੂਏਟਾਂ ਨੂੰ ਕੇਵਲ 60/=ਰੁਪਏ ਤੋਂ ਸ਼ੁਰੂ ਕਰਦਾ ਹੈ ?

(ਹ) ਕੀ ਸਰਕਾਰ ਨੂੰ ਪਤਾ ਹੈ ਕਿ ਉਪ ਨਗਰਾਂ ਵਿਚ ਗ੍ਰੈਜੂਏਟਾਂ ਦੀ ਸ਼ੁਰੂ ਦੀ ਤਨਖਾਹ 70/- ਰੁਪਏ ਹੈ।

ਮਾਨਯੋਗ ਸ੍ਰੀ ਜੀ. ਬੀ. ਪਰਧਾਨ (ੳ) ਹਾਂ ਜੀ।

(ਅ) ਸਰਕਾਰ ਨੇ ਉਤਰ ਦਿਤਾ ਕਿ ਉਨ੍ਹਾਂ ਦਫ਼ਤਰਾਂ ਵਿਚ ਜਿਨ੍ਹਾਂ ਵਿਚ ਅਮਲਾ ਅਪਰ ਅਤੇ ਲੋਅਰ ਡਿਵੀਜ਼ਨਾਂ ਵਿਚ ਵੰਡਿਆ ਹੋਇਆ ਹੈ, ਲੋਅਰ ਡਿਵੀਜ਼ਨ ਵਿਚ ਕੰਮ ਕਰ ਰਹੇ ਗ੍ਰੈਜੂਏਟਾਂ ਨੂੰ ਛੱਡ ਕੇ ਬਾਕੀ ਸਾਰੇ ਗ੍ਰੈਜੂਏਟਾਂ ਨੂੰ 90/- ਰੁਪਏ ਦੀ ਸ਼ੁਰੂ ਦੀ ਤਨਖ਼ਾਹ ਦੇਣ ਲਈ ਬੰਬਈ ਵਿਚ ਸਾਰੇ ਦਫ਼ਤਰਾਂ ਦੇ ਮੁੱਖੀਆਂ ਨੂੰ ਅਧਿਕਾਰ ਦਿਤਾ ਗਿਆ ਹੈ। ਉਕਤ ਸਬੰਧੀ ਹੁਕਮ ਸਰਕਾਰੀ ਮਤਾ, ਵਿੱਤ ਵਿਭਾਗ, ਨੰ. 1140 ਮਿਤੀ 25.3.1925 ਵਿਚ ਜਾਰੀ ਕੀਤੇ ਗਏ ਸਨ।

(ੲ) ਮਾਨਯੋਗ ਮੈਂਬਰ ਦੁਆਰਾ ਹਵਾਲਾ ਦਿਤੇ ਗਏ ਹੁਕਮਾਂ ਅਧੀਨ ਸਰਕਾਰ ਨੇ ਉਹਨਾਂ ਦਫ਼ਤਰਾਂ ਵਿਚ, ਜਿਨ੍ਹਾਂ ਵਿਚ ਅਮਲਾ ਅਪਰ ਅਤੇ ਲੋਅਰ ਡਿਵੀਜ਼ਨਾਂ ਵਿਚ ਵੰਡਿਆਂ ਹੋਇਆ ਹੈ, ਲੋਅਰ ਡਿਵੀਜ਼ਨ ਵਿਚ ਕੰਮ ਕਰ ਰਹੇ ਗ੍ਰੈਜੂਏਟਾਂ ਨੂੰ ਛੱਡ ਕੇ ਬਾਕੀ ਸਾਰੇ ਗ੍ਰੈਜੂਏਟਾਂ ਨੂੰ ਸੋਧੇ ਹੋਏ ਸਮਾਂ ਸਕੇਲ ਵਿਚ 90 ਰੁਪਏ ਪ੍ਰਤੀ ਮਹੀਨਾ ਦੀ ਸ਼ੁਰੂ ਦੀ ਤਨਖ਼ਾਹ ਦੇਣ ਲਈ ਦਫ਼ਤਰਾਂ ਦੇ ਮੁੱਖੀਆਂ ਨੂੰ ਅਧਿਕਾਰ ਦੇ ਦਿੱਤੇ ਹਨ। ਉਕਤ ਹੁਕਮਾਂ ਅਨੁਸਾਰ, ਬੰਬਈ ਦਾ ਕਲੈਕਟਰ ਜਿਥੇ ਉਹ ਮਹਿਸੂਸ ਕਰਦਾ ਹੈ ਕਿ ਗ੍ਰੈਜੂਏਟ ਕਲੱਰਕ ਬਹੁਤ ਜ਼ਰੂਰੀ ਹੈ, ਉਥੇ ਉਹ ਉਸ ਗ੍ਰੈਜੂਏਟ ਨੂੰ 90 ਰੁਪਏ ਪ੍ਰਤੀ ਮਹੀਨਾ ਸ਼ੁਰੂ ਦੀ ਤਨਖ਼ਾਹ ਦਿੰਦਾ ਹੈ ਜਦੋਂ ਕਿ ਦੂਜੇ ਕੇਸਾਂ

ਵਿਚ ਗ੍ਰੈਜੂਏਟਾਂ ਨੂੰ ਦਿੱਤੇ ਗਏ ਕੰਮ ਦੀ ਮਹੱਤਾ ਅਨੁਸਾਰ 60 ਤੋਂ 90 ਰੁਪਏ ਦੇ ਦਰਮਿਆਨ ਤਨਖ਼ਾਹ ਦੀਆਂ ਦਰਾਂ ਦਿਤੀਆਂ ਜਾਂਦੀਆਂ ਹਨ।

(ਸ) ਹਾਂ ਜੀ

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 25 ਵੀਂ, ਪੰਨਾ 685, ਮਿਤੀ 28 ਫਰਵਰੀ, 1929)

ਭੂਮੀ ਪ੍ਰਾਪਤੀ: ਮੁਲਸ਼ੀ ਡੈਮ

ਡਾਕਟਰ ਬੀ. ਆਰ ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ. ਜੀ. ਸੋਲੰਕੀ: ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਮੋਹਾਰੀ ਅਤੇ ਬਡਗਾਉਂ, ਤਾਲੁਕਾ, ਹਵੇਲੀ, ਜ਼ਿਲ੍ਹਾ ਪੂਨਾ ਦੇ ਮਹਾਰਾਂ ਦੀਆਂ ਜ਼ਮੀਨਾਂ ਸਰਕਾਰ ਦੁਆਰਾ ਮੁਲਸ਼ੀ ਡੈਮ ਲਈ ਪ੍ਰਾਪਤ ਕੀਤੀਆਂ ਗਈਆਂ ਹਨ ?

(ਅ) ਇਹ ਜ਼ਮੀਨਾਂ ਕਿੰਨ੍ਹਾਂ ਦਰਾਂ ਤੇ ਪ੍ਰਾਪਤ ਕੀਤੀਆਂ ਗਈਆਂ ਸਨ ?

(ੲ) ਕੀ ਜ਼ਮੀਨਾਂ ਦੀ ਕੀਮਤ ਇਨ੍ਹਾਂ ਪਿੰਡਾਂ ਦੇ ਮਹਾਰਾਂ ਨੂੰ ਦੇ ਦਿੱਤੀ ਗਈ ਸੀ ?

ਮਾਨਯੋਗ ਸ੍ਰੀ ਜੇ. ਐਲ. ਰਿਊ; (ੳ) ਹਾਂ ਜੀ।

(ਅ) ਜ਼ਰੈਤੀ ਜ਼ਮੀਨ ਲਈ 50 ਰੁਪਏ ਪ੍ਰਤੀ ਏਕੜ ਅਤੇ ਗਾਦੀ (ਧਾਨ) ਜ਼ਮੀਨ ਲਈ 550 ਰੁਪਏ ਪ੍ਰਤੀ ਏਕੜ ਦੀ ਦਰ ਤੇ:

(ੲ) ਜ਼ਮੀਨਾਂ ਦੇ ਇਨਾਮੀ ਹੋਣ ਕਾਰਨ ਦਿਤੀਆਂ ਗਈਆਂ ਰਕਮਾਂ ਸਰਕਾਰੀ ਖਾਤੇ ਵਿਚ ਜਮ੍ਹਾ ਕਰਵਾ ਦਿਤੀਆਂ ਗਈਆਂ ਸਨ ਅਤੇ ਮੁਆਵਜ਼ੇ ਦੀ ਕੁੱਲ ਰਕਮ ਦੇ 5% ਨਾਲ ਹਿਸਾਬ ਲਗਾਇਆ ਗਿਆ ਸਾਲਾਨਾ ਨਕਦੀ ਭੱਤਾ ਵਤਨਦਾਰ ਮਹਾਰਾਂ ਲਈ ਮਨਜ਼ੂਰ ਕੀਤਾ ਗਿਆ ਸੀ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜ਼ਿਲਦ 25 ਵੀਂ, ਪੰਨਾ 767, ਮਿਤੀ 1.3.1927)

ਸਥਾਨਕ ਬੋਰਡਾਂ ਨੂੰ ਸਹਾਇਤਾ-ਅਨੁਦਾਨ

ਡਾਕਟਰ ਬੀ. ਆਰ. ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ. ਜੀ. ਸੋਲੰਕੀ: ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

(ੳ) ਕੀ ਇਹ ਠੀਕ ਹੈ ਕਿ ਸਥਾਨਕ ਬੋਰਡਾਂ ਨੂੰ ਗ੍ਰਾਂਟਾਂ ਦੇਣ ਦਾ ਪ੍ਰਸ਼ਨ ਡਾਇਰੈਕਟਰ, ਪਬਲਿਕ ਇਨਸਟਰਕਸ਼ਨਜ਼ (ਡੀ. ਪੀ. ਆਈ.) ਦੁਆਰਾ ਲਗਭਗ ਤਿੰਨ ਸਾਲਾਂ ਤੋਂ ਲਟਕਾਇਆ ਹੋਇਆ ਹੈ ?

(ਅ) ਜੇਕਰ ਅਜਿਹਾ ਹੋਵੇ, ਤਾਂ ਇਸ ਲਈ ਕੌਣ ਜ਼ਿੰਮੇਵਾਰ ਹੈ ?

(ੲ) ਸਰਕਾਰ ਇਸ ਮਾਮਲੇ ਤੇ ਕੀ ਕਾਰਵਾਈ ਕਰਨ ਦਾ ਵਿਚਾਰ ਰਖਦੀ ਹੈ ?

ਮਾਨਯੋਗ ਮੌਲਵੀ ਰਫ਼ੀਉੱਦੀਨ ਅਹਿਮਦ: (ੳ) ਜੇਕਰ ਮਾਨਯੋਗ ਮੈਂਬਰ ਸਰਕਾਰ

ਦੁਆਰਾ ਪ੍ਰਾਇਮਰੀ ਵਿਦਿਆ ਲਈ ਦਿਤੀਆਂ ਗਈਆਂ ਗ੍ਰਾਂਟਾਂ ਦਾ ਹਵਾਲਾ ਦਿੰਦਾ ਹੈ ਤਾਂ ਜ਼ਿਲ੍ਹਾ ਸਥਾਨਕ ਬੋਰਡਾਂ ਜਾਂ ਸਥਾਨਕ ਅਧਿਕਾਰੀਆਂ ਨੂੰ ਸਾਲਾਨਾ ਦਿਤੀਆਂ ਗਈਆਂ ਪ੍ਰਾਂਤਿਕ ਗ੍ਰਾਂਟਾਂ ਕਦੀ ਕਦੀ ਆਡਿਟ ਤੋਂ ਬਾਅਦ ਦਰਸਾਈ ਗਈ ਬਣਦੀ ਵਾਸਤਵਿਕ ਰਕਮ ਤੋਂ ਵੱਧ ਹੁੰਦੀ ਹੈ। ਇਨ੍ਹਾਂ ਸਾਲਾਨਾ ਗ੍ਰਾਂਟਾਂ ਦੀ ਅੰਤਿਮ ਐਡਜਸਟਮੈਂਟ ਆਡਿਟ ਇਤਰਾਜ਼ ਪੂਰੇ ਕੀਤੇ ਜਾਣ ਤੋਂ ਬਾਅਦ ਕੀਤੀ ਜਾਂਦੀ ਹੈ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

(ੲ) ਮੌਜੂਦਾ ਪ੍ਰਣਾਲੀ ਵਿਚ ਕੋਈ ਵੀ ਤਬਦੀਲੀ ਕੀਤੇ ਜਾਣ ਦਾ ਵਿਚਾਰ ਨਹੀਂ ਹੈ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 25ਵੀਂ, ਪੰਨਾ 1092, ਮਿਤੀ 7.3.1929)

ਬੰਬਈ ਮਿਊਨਸਿਪਲ ਕਾਰਪੋਰੇਸ਼ਨ-ਮੋਰਲੈਂਡ ਰੋਡ

ਡਾਕਟਰ ਬੀ. ਆਰ. ਅੰਬੇਡਕਰ : ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

ੳ) ਕੀ ਇਹ ਠੀਕ ਹੈ ਕਿ ਬੰਬਈ ਮਿਊਨਸਿਪਲ ਕਾਰਪੋਰੇਸ਼ਨ ਨੇ ਪਿਛਲੇ 15 ਸਾਲਾਂ ਦੇ ਦੌਰਾਨ ਇਕ ਵਾਰ ਵੀ ਮੋਰਲੈਂਡ ਰੋਡ ਨੂੰ ਪੂਰੀ ਤਰ੍ਹਾਂ ਮੁੜ ਨਹੀਂ ਬਣਾਇਆ। ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕੀ ਕਾਰਨ ਹਨ ?

ਅ) ਕੀ ਸਰਕਾਰ ਇਸ ਮਾਮਲੇ ਤੇ ਕੋਈ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ ?

ੲ) ਕੀ ਇਹ ਠੀਕ ਹੈ ਕਿ ਇਸ ਮਾਮਲੇ ਸਬੰਧੀ ਪੁਲਿਸ ਅਧਿਕਾਰੀਆਂ ਨੂੰ ਅਤੇ ਮਿਊਨਸਿਪਲ ਕਾਰਪੋਰੇਸ਼ਨ ਅੱਗੇ ਪ੍ਰਤੀਬੇਨਤੀ ਰਾਹੀਂ ਅਤੇ ਪ੍ਰੈਸ ਰਾਹੀਂ ਪੇਸ਼ ਕੀਤਾ ਗਿਆ ਸੀ ?

ਮਾਨਯੋਗ ਦੀਵਾਨ ਬਹਾਦਰ ਹਰੀ ਲਾਲ ਡ. ਡਿਸਾਈ : ੳ) ਇਹ ਸੱਚ ਨਹੀਂ ਹੈ ਕਿ ਸੜਕ ਦੀ ਪਿਛਲੇ 15 ਸਾਲਾਂ ਦੇ ਦੌਰਾਨ ਮੁਰੰਮਤ ਨਹੀਂ ਕੀਤੀ ਗਈ। 1914 ਤੋਂ 1921 ਤੱਕ ਦੇ ਸਮੇਂ ਦੇ ਦੌਰਾਨ, ਸੜਕ ਦੀ ਨਿਯਮਿਤ ਰੂਪ ਵਿਚ ਮੁਰੰਮਤ ਕੀਤੀ ਗਈ ਸੀ ਅਤੇ 1920 – 21 ਵਿਚ 11 '640 – 15 – 3 ਰੁਪਏ ਦੀ ਲਾਗਤ ਨਾਲ ਸਾਰੀ ਸੜਕ ਦੀ ਮੁਰੰਮਤ ਕੀਤੀ ਗਈ ਸੀ ਅਤੇ ਲੁੱਕ ਵਿਛਾਈ ਗਈ ਸੀ; 1922 ਤੋਂ ਬਾਅਦ ਕੋਈ ਠੋਸ ਮੁਰੰਮਤ ਨਹੀਂ ਕੀਤੀ ਗਈ, ਪਰ ਜਿਥੇ ਜਿਥੇ ਸੜਕ ਟੁੱਟੀ ਹੋਈ ਸੀ ਉਥੇ ਉਥੇ ਉਸ ਦੀ ਮੁਰੰਮਤ ਕੀਤੀ ਜਾਂਦੀ ਰਹੀ ਹੈ। ਕਾਰਪੋਰੇਸ਼ਨ ਨੇ ਨੀਂਹਾਂ ਵਿਚ ਸੀਮਿੰਟ ਬਜਰੀ ਦੇ ਮਿਸ਼ਰਨ ਨਾਲ ਸੜਕ ਨੂੰ ਦੁਬਾਰਾ ਬਣਾਉਣ ਲਈ ਆਪਣੀ ਸਹਿਮਤੀ ਦੇ ਦਿਤੀ ਹੈ ਅਤੇ ਇਹ ਕੰਮ ਛੇਤੀ ਹੀ ਸ਼ੁਰੂ ਕਰ ਦਿਤਾ ਜਾਵੇਗਾ।

ਅ) ਨਹੀਂ ਜੀ।

ੲ) ਕਾਰਪੋਰੇਸ਼ਨ ਨੂੰ ਸ਼ਿਕਾਇਤਾਂ ਕੀਤੀਆਂ ਗਈਆਂ ਹਨ।

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜਿਲਦ 25ਵੀਂ, ਪੰਨਾ 1092, ਮਿਤੀ 7.3.1929)

ਸੈਕੰਡਰੀ ਸਕੂਲ ਸਹਾਇਤਾ-ਅਨੁਦਾਨ।

ਡਾਕਟਰ ਬੀ. ਆਰ. ਅੰਬੇਡਕਰ ਦੀ ਤਰਫ਼ੋਂ ਡਾਕਟਰ ਪੀ. ਜੀ. ਸੋਲੰਕੀ: ਕੀ ਸਰਕਾਰ ਇਹ ਦੱਸਣ ਦੀ ਕ੍ਰਿਪਾਲਤਾ ਕਰੇਗੀ:

ੳ) ਇਸ ਦੇ ਕੀ ਕਾਰਨ ਹਨ ਕਿ ਸੈਕੰਡਰੀ ਸਕੂਲਾਂ ਨੂੰ ਸਾਲਾਨਾ ਗ੍ਰਾਂਟਾਂ ਦੇ ਨਿਰਧਾਰਨ ਕਰਨ ਦੇ ਆਧਾਰ ਨੂੰ ਮੁੜ ਸੰਗਠਿਤ ਕਰਨ ਦੇ ਪ੍ਰਸ਼ਨ ਤੇ ਪਿਛਲੇ ਸਾਲ ਕਿਉਂ ਨਹੀਂ ਵਿਚਾਰ ਕੀਤਾ ਗਿਆ ?

ਅ) ਕੀ ਰਾਜ ਵਿਚ ਕੋਈ ਅਜਿਹੇ ਸਕੂਲ ਹਨ ਜਿਨ੍ਹਾਂ ਵੱਲ ਨਿਯਮਿਤ ਸਹਾਇਤਾ ਅਨੁਦਾਨ ਪ੍ਰਾਪਤ ਕਰਨ ਲਈ ਸਰਕਾਰ ਦੁਆਰਾ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ ?

ੲ) ਕੀ ਸੈਕੰਡਰੀ ਸਕੂਲਾਂ ਨੂੰ ਗ੍ਰਾਂਟਾਂ ਨਿਰਧਾਰਨ ਕਰਨ ਵਿਚ ਡਾਇਰੈਕਟਰ ਆਫ਼ ਪਬਲਿਕ ਇਨਸਟਰਕਸ਼ਨਜ਼ ਦੀ ਵਿਦਿਅਕ ਇਨਸਪੈਕਟਰਾਂ ਦੀਆਂ ਇਨਸਪੈਕਸ਼ਨ ਰਿਪੋਰਟਾਂ ਦੁਆਰਾ ਅਗਵਾਈ ਕੀਤੀ ਜਾਂਦੀ ਹੈ ? ਜੇਕਰ ਨਹੀਂ , ਤਾਂ ਸੈਕੰਡਰੀ ਸਕੂਲਾਂ ਨੂੰ ਗ੍ਰਾਂਟਾਂ ਵੰਡਣ ਦਾ ਆਮ ਤੌਰ ਤੇ ਉਸ ਦਾ ਕੀ ਮਾਪ ਕੀ ਹੈ ?

ਸ) ਕੀ ਵਿਦਿਆ ਵਿਭਾਗ, ਕੁਸ਼ਲਤਾ ਦੀ ਵਿਭਾਗੀ ਪੱਧਰ ਬਣਾਈ ਰੱਖਣ ਲਈ ਕੋਈ ਅਜਿਹਾ ਆਧਾਰ ਬਣਾਉਣ ਦਾ ਵਿਚਾਰ ਰੱਖਦਾ ਹੈ ਜਿਸ ਦੇ ਅਨੁਸਾਰ ਸਕੂਲਾਂ ਤੋਂ ਸਾਲਾਨਾ ਪ੍ਰਤੀ ਜੀਅ ਦੇ ਹਿਸਾਬ ਨਾਲ ਖ਼ਰਚ ਕਰਨ ਦੀ ਆਸ ਕੀਤੀ ਜਾਂਦੀ ਹੈ ਅਤੇ ਦੂਜੇ ਪਾਸੇ ਸਰਕਾਰ ਤੋਂ ਉਨ੍ਹਾਂ ਅਨੁਸਾਰ ਲਾਗਤ ਵਿਚ ਹਿੱਸਾ ਪਾਉਣ ਦੀ ਆਸ ਕੀਤੀ ਜਾਂਦੀ ਹੈ ? ਜੇਕਰ ਅਜਿਹਾ ਹੋਵੇ, ਤਾਂ ਇਸ ਆਧਾਰ ਅਨੁਸਾਰ ਸਰਕਾਰ ਅਤੇ ਸੰਸਥਾ ਵਿਚਾਲੇ ਲਾਗਤ ਦਾ ਘੱਟ ਤੋਂ ਘੱਟ ਅਨੁਪਾਤ ਕੀ ਹੈ ?

ਹ) ਘੱਟ ਤੋਂ ਘੱਟ ਕਿੰਨੇ ਸਾਲਾਂ ਬਾਅਦ ਵਿਦਿਆ ਵਿਭਾਗ ਦੁਆਰਾ ਸੈਕੰਡਰੀ ਸਕੂਲ ਨੂੰ ਰਜਿਸਟ੍ਰੇਸ਼ਨ ਦਿਤੀ ਜਾਂਦੀ ਹੈ ?

ਕ) ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਅਜਿਹੇ ਕਿੰਨੇ ਸਕੂਲ ਹਨ ਜੋ ਸਹਾਇਤਾ ਅਨੁਦਾਨ ਲਈ ਪੱਕੇ ਤੌਰ ਤੇ ਰਜਿਸਟਰ ਨਹੀਂ ਕੀਤੇ ਗਏ ?

ਮਾਨਯੋਗ ਮੌਲਵੀ ਰਫ਼ੀਉੱਦੀਨ ਅਹਿਮਦ : ਸਰਕਾਰ ਆਮ ਤੌਰ ਤੇ ਸੰਤੁਸ਼ਟ ਸੀ ਕਿ ਜਿਸ ਆਧਾਰ ਤੇ ਸੈਕੰਡਰੀ ਸਕੂਲਾਂ ਨੂੰ ਗ੍ਰਾਂਟਾਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ, ਉਹ ਬਿਲਕੁਲ ਹੀ ਸਹੀ ਹੈ।

ਅ) ਹਾਂ ਜੀ,

ੲ) ਗਰਾਂਟਾਂ ਦਾ ਨਿਰਧਾਰਨ ਸਹਾਇਤਾ-ਅਨੁਦਾਨ ਸੰਘਤਾ ਵਿਚ ਦੱਸੇ ਗਏ ਸਿਧਾਂਤਾਂ

ਅਨੁਸਾਰ ਕੀਤਾ ਜਾਂਦਾ ਹੈ। ਜਿਸ ਹੱਦ ਤੱਕ ਕੋਈ ਵਿਸ਼ੇਸ਼ ਸਕੂਲ ਸਹਾਇਤਾ ਅਨੁਦਾਨ ਸੰਘਤਾ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ ਹੈ, ਉਸ ਦਾ ਅਨੁਮਾਨ ਬਣਾਉਂਦੇ ਸਮੇਂ ਡਾਇਰੈਕਟਰ ਪਬਲਿਕ ਇਨਸਟਰਕਸ਼ਨਜ਼ ਨੂੰ ਇਨਸਪੈਕਟਿੰਗ ਅਮਲੇ ਦੀਆਂ ਰਿਪੋਰਟਾਂ ਦੁਆਰਾ ਹਮੇਸ਼ਾ ਦਸਿਆ ਜਾਂਦਾ ਹੈ। ਇਸ ਲਈ, ਬਾਅਦ ਵਾਲੇ ਭਾਗ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ।

ਸ) ਗਰਾਂਟ ਲਈ ਖ਼ਰਚੇ ਨਿਰਧਾਰਿਤ ਕਰਨ ਵਿਚ ਪ੍ਰਤੀ ਜੀਅ ਖ਼ਰਚੇ ਦਾ ਕੋਈ ਨਿਸ਼ਚਿਤ ਪੱਧਰ ਨਹੀਂ ਰੱਖਿਆ ਜਾਂਦਾ। ਸਹਾਇਤਾ-ਅਨੁਦਾਨ ਸੰਘਤਾ ਵਿਚ ਵਰਣਿਤ ਵਿਧੀ ਵਿਚ ਉਹਨਾਂ ਸਾਰੇ ਸਕੂਲਾਂ ਨੂੰ ਜੋ ਲੋੜਾਂ ਪੂਰੀਆਂ ਕਰਦੇ ਹਨੰ ਦਿੱਤੇ ਜਾਣ ਵਾਲੇ ਪ੍ਰਵਾਣਿਤ ਖ਼ਰਚਿਆਂ ਦੀ 1/3 ਦਰ ਤੇ ਗਰਾਂਟਾ ਦਾ ਪ੍ਰਬੰਧ ਕੀਤਾ ਗਿਆ ਹੈ। ਪਰ, ਜਿਸ ਮਕਸਦ ਲਈ ਇਹ ਫ਼ੰਡ ਦਿਤੇ ਜਾਂਦੇ ਹਨ ਉਹਨਾਂ ਦੀ ਪ੍ਰਵਾਨਗੀ ਜ਼ਰੂਰ ਹੋਣੀ ਚਾਹੀਦੀ ਹੈ।

ਹ) ਸਾਲ ਦੀ ਕੋਈ ਵੀ ਘੱਟ ਤੋਂ ਘੱਟ ਗਿਣਤੀ ਨਿਸ਼ਚਿਤ ਨਹੀਂ ਕੀਤੀ ਗਈ। ਫੰਡ ਘੱਟ ਹੋਣ ਦੇ ਕਾਰਨ, ਹੋਰ ਸਕੂਲਾਂ ਦੀ ਰਜਿਸਟ੍ਰੇਸ਼ਨ ਮੁਅੱਤਲ ਕਰ ਦਿਤੀ ਗਈ ਹੈ।

ਕ) ਲਗਭਗ 110 ਸਕੂਲ

(ਬੰਬਈ ਵਿਧਾਨ ਪਰਿਸ਼ਦ ਡਿਬੇਟਸ, ਜ਼ਿਲਦ 28ਵੀਂ ਪੰਨੇ 585 - 586, ਮਿਤੀ 27.2.1980

ਅੰਤਿਕਾ - 3

ਯੂਨੀਵਰਸਿਟੀ ਸੁਧਾਰ ਕਮੇਟੀ

4

ਪ੍ਰਸ਼ਨਾਵਲੀ*

ਬੰਬਈ ਪ੍ਰੈਜ਼ੀਡੈਂਸੀ ਵਿਚ ਯੂਨੀਵਰਸਿਟੀ ਸੁਧਾਰ ਦੀ

(ਬੰਬਈ ਸਰਕਾਰ ਨੇ ਬੰਬਈ ਯੂਨੀਵਰਸਿਟੀ ਦੇ ਸੁਧਾਰਾਂ ਦੀ ਸਮੱਸਿਆ ਦੀ ਜਾਂਚ ਪੜਤਾਲ ਕਰਨ ਲਈ ਇਕ ਕਮੇਟੀ ਨਿਯੁਕਤ ਕੀਤੀ। ਕਮੇਟੀ ਦੇ 13 ਮੈਂਬਰ ਸਨ ਅਤੇ ਸਰ ਚਿਮਨ ਲਾਲ ਐਚ. ਸੀਤਲਵਾਦ ਇਸ ਕਮੇਟੀ ਦੇ ਸਭਾਪਤੀ ਸਨ। ਡਾਕਟਰ ਅੰਬੇਡਕਰ ਇਸ ਕਮੇਟੀ ਦੇ ਮੈਂਬਰ ਨਹੀਂ ਸਨ ਪਰ ਉਹ 321 ਵਿਅਕਤੀਆਂ ਵਿਚੋਂ ਇਕ ਸਨ ਜਿਨ੍ਹਾਂ ਨੂੰ ਕਮੇਟੀ ਨੇ 54 ਪ੍ਰਸ਼ਨਾਂ ਦੀ ਪ੍ਰਸ਼ਨਾਵਲੀ ਭੇਜੀ ਸੀ। ਡਾਕਟਰ ਅੰਬੇਡਕਰ ਨੇ ਕੇਵਲ ਕੁਝ ਕੁ ਉਨ੍ਹਾਂ ਪ੍ਰਸ਼ਨਾਂ ਦਾ ਹੀ ਜਵਾਬ ਦਿੱਤਾ ਜਿਨ੍ਹਾਂ ਦਾ ਉੱਤਰ ਦੇਣਾ ਉਹਨਾਂ ਨੇ ਉਚਿਤ ਸਮਝਿਆ। ਡਾਕਟਰ ਅੰਬੇਡਕਰ ਦੁਆਰਾ ਉੱਤਰ ਦਿੱਤੇ ਗਏ ਪ੍ਰਸਨ ਉਸ ਦੀ ਗਵਾਹੀ ਦੁਆਰਾ ਅਪਣਾਏ ਜਾਣ ਲਈ ਮੁੜ ਹੇਠਾ ਦਿੱਤੇ ਜਾਂਦੇ ਹਨ – ਐਡੀਟਰ)

1. ਤੁਹਾਡੀ ਰਾਏ ਵਿਚ ਬੰਬਈ ਰਾਜ ਵਿਚ ਯੂਨੀਵਰਸਿਟੀ ਵਿਦਿਆ ਦਾ ਕੀ ਨਿਸ਼ਾਨਾ ਅਤੇ ਕੰਮ ਹੋਣੇ ਚਾਹੀਦੇ ਹਨ ? ਕੀ ਤੁਹਾਡਾ ਖ਼ਿਆਲ ਹੈ ਕਿ ਇਸ ਰਾਜ ਵਿਚ ਯੂਨੀਵਰਸਿਟੀ ਵਿਦਿਆ ਦੀ ਮੌਜੂਦਾ ਪ੍ਰਣਾਲੀ ਨਾਲ ਇਸ ਰਾਜ ਦੇ ਨੌਜਵਾਨ ਭਾਰਤੀਆਂ ਨੂੰ ਆਪਣਾ ਨਿਸ਼ਾਨਾ ਪ੍ਰਾਪਤ ਕਰਨ ਲਈ ਕਾਫ਼ੀ ਮੌਕੇ ਪ੍ਰਾਪਤ ਹੋਣਗ ? ਜੇਕਰ ਨਹੀਂ ਤਾਂ ਤੁਸੀਂ ਮੌਜੂਦਾ ਪ੍ਰਣਾਲੀ ਵਿਚ ਕਿਹੜੇ ਮੁਖ ਪਹਿਲੂ ਅਪੂਰਨ ਸਮਝਦੇ ਹੋ ?

2. ਕੀ ਤੁਸੀਂ ਸਮਝਦੇ ਹੋ ਕਿ ਜਿਹੜੇ ਤੁਸੀਂ ਨੁਕਸ ਦੱਸੇ ਹਨ ਉਹ ਮੁੱਖ ਤੌਰ ਤੇ ਮੌਜੂਦ ਹਨ, ਜਾਂ

ੳ) ਅਧਿਆਪਕ ਜਾਂ ਵਿਦਿਆਰਥੀ ਦੇ ਜ਼ਜਬੇ ਅਤੇ ਤਰੀਕਿਆਂ,

ਅ) ਵਿਦਿਆ ਦੀਆਂ ਸ਼ਰਤਾਂ ਅਤੇ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਉਹਨਾਂ ਦੇ ਜੀਵਨ ਦੇ ਵੇਰਵਿਆਂ, ਜਾਂ ਇਹ ਯੂਨੀਵਰਸਿਟੀ ਦੀ ਪ੍ਰਬੰਧਕੀ ਅਤੇ ਵਿਦਿਅਕ ਮਸ਼ੀਨਰੀ, ਵਿਚ ਪਾਏ ਜਾਂਦੇ ਹਨ ਜਾਂ ਇਹ ਨੁਕਸ ਇਨ੍ਹਾਂ ਤੋਂ ਪੈਦਾ ਹੁੰਦੇ ਹਨ ?

3. ਤੁਹਾਡੀ ਰਾਏ ਵਿਚ ਇਸ ਰਾਜ ਵਿਚ ਯੂਨੀਵਰਸਿਟੀ ਨੇ ਵੱਖ ਵੱਖ ਫ਼ਿਰਕਿਆਂ ਦੇ ਇਤਿਹਾਸ ਅਤੇ ਸੱਭਿਅਤਾ ਦੇ ਗਿਆਨ ਅਤੇ ਆਪਸੀ ਹਿੱਤ ਅਤੇ ਹਮਦਰਦੀ ਨੂੰ ਕਿਵੇਂ

---

* ਸਰਕਾਰ ਦੁਆਰਾ ਨਿਯੁਕਤ ਯੂਨੀਵਰਸਿਟੀ ਸੁਧਾਰ ਕਮੇਟੀ ਦੀ ਰਿਪੋਰਟ 1925 – 26 ਪੰਨੇ 226 – 231

ਪ੍ਰਫੁਲਤ ਕੀਤਾ ਹੈ ? ਕੀ ਤੁਸੀਂ ਕੁਝ ਅਜੇਹੇ ਉਪਾਅ ਸੁਝਾਉਗੇ ਜਿਨ੍ਹਾਂ ਨਾਲ ਇਸ ਭਾਵਨਾਂ ਨੂੰ ਵਿਕਸਿਤ ਕੀਤਾ ਜਾ ਸਕੇ ?

2. ਸੈਕੰਡਰੀ ਅਤੇ ਇੰਟਰਮੀਡੀਏਟ ਸਿਖਿਆ

(ਪ੍ਰਸ਼ਨ 4 -7)

4. ਕੀ ਤੁਸੀਂ ਸਮਝਦੇ ਹੋ ਕਿ ਸਾਡੇ ਹਾਈ ਸਕੂਲਾਂ ਵਿਚੋਂ ਬਾਹਰ ਆਉਣ ਵਾਲੇ ਵਿਦਿਆਰਥੀਆਂ ਦੀ ਟ੍ਰੇਨਿੰਗ ਅਤੇ ਪ੍ਰਾਪਤੀਆਂ ਯੂਨੀਵਰਸਿਟੀ ਵਿਚ ਦਾਖ਼ਲ ਹੋਣ ਲਈ ਤਿਆਰੀ ਲਈ ਕਾਫ਼ੀ ਹਨ ? ਜੇਕਰ ਤੁਸੀਂ ਸਮਝਦੇ ਹੋ ਕਿ ਇਹ ਤਿਆਰੀ ਨਾਕਾਫ਼ੀ ਹੈ ਤਾਂ ਮੌਜੂਦਾ ਹਾਲਤਾਂ ਵਿਚ ਸੁਧਾਰ ਕਰਨ ਲਈ ਕੀ ਤੁਹਾਡੇ ਪਾਸ ਕੋਈ ਸੁਝਾਅ ਹਨ ?

5. ਕੀ ਤੁਸੀਂ ਸਮਝਦੇ ਹੋ ਕਿ ਇਸ ਰਾਜ ਵਿਚ (ੳ) ਹਾਈ ਸਕੂਲਾਂ ਅਤੇ ਯੂਨੀਵਰਸਿਟੀ ਦੇ ਦਰਮਿਆਨ ਨਵੀਆਂ ਇੰਟਰਮੀਡੀਏਟ ਸੰਸਥਾਵਾਂ ਦਾ ਗਠਨ, (ਅ) ਜਿਵੇਂ ਕਿ ਕਲਕੱਤਾ ਯੂਨੀਵਰਸਿਟੀ ਕਮਿਸ਼ਨ ਦੁਆਰਾ ਤਜਵੀਜ਼ ਕੀਤਾ ਗਿਆ ਸੀ, ਸੈਕੰਡਰੀ ਅਤੇ ਇੰਟਰਮੀਡੀਏਟ ਵਿਦਿਆ ਦਾ ਨਵਾਂ ਬੋਰਡ ਬਣਾਉਣਾ ਜ਼ਰੂਰੀ ਅਤੇ ਉਚਿਤ ਹੈ ? ਜੇਕਰ ਹੈ ਤਾਂ ਅਜਿਹੀਆਂ ਸੰਸਥਾਵਾਂ ਅਤੇ ਅਜਿਹਾ ਬੋਰਡ ਕਿਵੇਂ ਬਣਾਇਆ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਪੈਸਾ ਕਿਵੇਂ ਦਿਤਾ ਜਾਣਾ ਚਾਹੀਦਾ ਹੈ ?

6. ਜੇਕਰ ਤੁਸੀਂ ਇੰਟਰਮੀਡੀਏਟ ਬੋਰਡ ਦੇ ਨਾਲ ਜਾਂ ਇਸ ਤੋਂ ਬਗ਼ੈਰ ਇੰਟਰਮੀਡੀਏਟ ਸੰਸਥਾਵਾਂ ਨੂੰ ਗ਼ੈਰ-ਜ਼ਰੂਰੀ ਜਾਂ ਅਣ-ਉਚਿਤ ਸਮਝਦੇ ਹੋ ਤਾਂ ਇਸ ਰਾਜ ਵਿਚ ਮੌਜੂਦਾ ਹਾਈ ਸਕੂਲਾਂ ਦੀ ਵਿਦਿਆ ਦਾ ਪੱਧਰ, ਵਿਸਤਾਰ ਅਤੇ ਸਾਰਥੱਕਤਾ ਵਿਚ ਕਿਵੇਂ ਸੁਧਾਰ ਲਿਆਂਦਾ ਜਾਵੇ ?

7. ਜੋ ਸੰਸਥਾਵਾਂ, ਦਾਖ਼ਲੇ ਲਈ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿਚ ਭੇਜਦੀਆਂ ਹਨ, ਯੂਨੀਵਰਸਿਟੀ ਇੰਨ੍ਹਾਂ ਸੰਸਥਾਵਾਂ ਦੀ ਕੁਸ਼ਲਤਾ ਸਭ ਤੋਂ ਵਧੀਆ ਕਿਵੇਂ ਬਣਾ ਕੇ ਰੱਖ ਸਕਦੀ ਹੈ ?

3. ਬੰਬਈ ਦੀ ਯੂਨੀਵਰਸਿਟੀ ਦੇ ਕੰਮ

(ਪ੍ਰਸ਼ਨ 8 ਤੋਂ 24)

(ੳ) ਸਿਖਿਆ (ਪ੍ਰਸ਼ਨ 8-13)

8. ਤੁਹਾਡੀ ਰਾਇ ਵਿਚ, ਬੰਬਈ ਯੂਨੀਵਰਸਿਟੀ ਨੂੰ ਟੀਚਿੰਗ ਯੂਨੀਵਰਸਿਟੀ ਵਜੋਂ ਪ੍ਰਬਲ ਬਣਾਉਣ ਲਈ ਇਸ ਦੇ ਕੰਮਾਂ ਨੂੰ ਕਿਨ੍ਹਾਂ ਦਿਸ਼ਾਵਾਂ ਵਿਚ ਵਧਾਉਣਾ ਜ਼ਰੂਰੀ, ਵਾਸਤਵਿਕ ਅਤੇ ਮੁਨਾਸਬ ਹੈ ?

9. ਕੀ ਤੁਸੀਂ ਸਮਝਦੇ ਹੋ ਕਿ ਯੂਨੀਵਰਸਿਟੀ ਨੂੰ ਪੋਸਟ ਗ੍ਰੈਜੂਏਟ ਟੀਚਿੰਗ ਤੋਂ ਇਲਾਵਾ ਅੰਡਰ ਗ੍ਰੈਜੂਏਟ ਟੀਚਿੰਗ ਵਿਚ ਕੋਈ ਸਿੱਧਾ ਭਾਗ ਲੈਣਾ ਚਾਹੀਦਾ ਹੈ ? ਜੇਕਰ ਅਜਿਹਾ ਹੋਵੇ, ਤਾਂ ਯੂਨੀਵਰਸਿਟੀ ਦੇ ਪੜ੍ਹਾਉਣ ਦੇ ਕੰਮਾਂ ਨੂੰ ਮੌਜੂਦਾ ਸਿਖਿਆ ਸੰਸਥਾਵਾਂ ਨਾਲ ਕਿਵੇਂ

ਮਿਲਾਉਗੇ ਜਾਂ ਤਾਲ-ਮੇਲ ਸਥਾਪਿਤ ਕਰੋਗੇ ?

10. ਜੇਕਰ ਤੁਸੀਂ ਇਹ ਨਹੀਂ ਸਮਝਦੇ ਕਿ ਯੂਨੀਵਰਸਿਟੀ ਨੂੰ ਅੰਡਰ ਗ੍ਰੈਜੂਏਟ ਟੀਚਿੰਗ ਵਿਚ ਕੋਈ ਭਾਗ ਲੈਣਾ ਚਾਹੀਦਾ ਹੈ ਤਾਂ ਤੁਸੀਂ ਉਚਿਤ ਤਾਲ-ਮੇਲ ਰਾਹੀਂ ਕਿਵੇਂ ਅੰਡਰ ਗ੍ਰੈਜੂਏਟ ਪੜਾਈ ਲਈ ਮੌਜੂਦਾ ਸਹੂਲਤਾਂ ਦਾ ਵੱਧ ਤੋਂ ਵੱਧ ਫ਼ਾਇਦਾ ਉਠਾ ਸਕੋਗੇ ?

VI ਬੰਬਈ ਪ੍ਰੈਜੀਡੈਂਸੀ ਵਿਚ ਹੋਰ ਯੂਨੀਵਰਸਿਟੀਆਂ

(ਪ੍ਰਸ਼ਨ 25-30)

25. ਕੀ ਬੰਬਈ ਪ੍ਰੇਜੀਡੈਂਸੀ ਅੰਦਰ ਕੋਈ ਹੋਰ ਯੂਨੀਵਰਸਿਟੀਆਂ ਗਠਿਤ ਕਰਨਾ ਉਚਿਤ ਹੈ ? ਪ੍ਰੈਜ਼ੀਡੈਂਸੀ ਵਿਚ ਉਚੇਰੀ ਸਿਖਿਆ ਲਈ ਤੁਸੀਂ ਕਿਹੜੇ ਕਿਹੜੇ ਕੇਂਦਰ-

(ੳ) ਵਿਸਤਾਰਿਤ ਕਰ ਕੇ ਯੂਨੀਵਰਸਿਟੀਆਂ ਵਿਚ ਬਦਲਣ ਲਈ ਢੁਕਵੇਂ ਹਨ !

(ਅ) ਨੇੜੇ ਭਵਿਖ ਵਿਚ ਵਿਕਸਿਤ ਹੋਣ ਲਈ ਢੁਕਵੇਂ ਹੋ ਸਕਦੇ ਹਨ, ਅਤੇ ਕਿੰਨ੍ਹਾਂ ਆਧਾਰਾਂ ਤੇ ?

28. ਹੋਰ ਯੂਨੀਵਰਸਿਟੀਆਂ ਦੀ ਸੰਸਥਾ ਬੰਬਈ ਦੀ ਮੌਜੂਦਾ ਯੂਨੀਵਰਸਿਟੀ ਨੂੰ ਕਿਵੇਂ ਪ੍ਰਭਾਵਿਤ ਕਰੇਗੀ ? ਤੁਸੀਂ ਬੰਬਈ ਯੂਨੀਵਰਸਿਟੀ ਅਤੇ ਨਵੀਂ ਯੂਨੀਵਰਸਿਟੀ ਦੇ ਦਰਮਿਆਨ ਕਿਵੇਂ ਸਹਿਯੋਗ, ਤਾਲਮੇਲ ਅਤੇ ਪਰਸਪਰਤਾ ਯਕੀਨੀ ਕਰੋਗੇ ? ਇਸ ਅਦਲਾ ਬਦਲੀ ਦੇ ਸਮੇਂ ਦੇ ਦੌਰਾਨ ਤੁਸੀਂ ਕਿਹੜੇ ਕਿਹੜੇ ਉਪਾਵਾਂ ਦਾ ਸੁਝਾਅ ਦਿਓਗੇ ?

VII ਸੰਵਿਧਾਨ

(ਪ੍ਰਸ਼ਨ 36-40)

36. ਤੁਸੀਂ ਬੰਬਈ ਯੂਨੀਵਰਸਿਟੀ ਦੀ ਸੰਵਿਧਾਨਿਕ ਮਸ਼ੀਨਰੀ ਵਿਚ ਕਿਹੜੇ ਕਿਹੜੇ ਨੁਕਸ ਵੇਖਦੇ ਹੋ ?

37. ਸੈਨੇਟ ਦੀ ਸ਼ਕਤੀ, ਬਣਤਰ, ਅਹੁਦੇ ਦੀ ਮਿਆਦ, ਇਸਨੂੰ ਗਠਿਤ ਕਰਨ ਦਾ ਤਰੀਕਾ ਅਤੇ ਇਸ ਦੇ ਅਧਿਕਾਰ ਅਤੇ ਕੰਮ ਕੀ ਕੀ ਹੋਣੇ ਚਾਹੀਦੇ ਹਨ ? ਅਹੁੱਦੇ ਦੇ ਆਧਾਰ ਤੇ ਸੈਨੇਟ ਦੇ ਕਿਹੜੇ ਵਿਅੱਕਤੀ, ਪੂਰੇ ਸਮੇਂ ਲਈ ਹੋਣਗੇ ਅਤ ਕਿਹੜੇ ਨਾਮਜ਼ਦ ਹੋਣੇ ਚਾਹੀਦੇ ਹਨ ? ਸੈਨੇਟ ਨੂੰ ਗਠਿਤ ਕਰਨ ਵਾਲੇ ਤੁਹਾਡੇ ਤਰੀਕੇ ਨਾਲ ਸਾਰੇ ਹਿਤਾਂ ਅਤੇ ਫ਼ਿਰਕਿਆਂ ਨੂੰ ਪ੍ਰਤੀਨਿਧਤਾ ਕਿਵੇਂ ਮਿਲੇਗੀ ?

38. ਕੀ ਤੁਸੀਂ ਸਮਝਦੇ ਹੋ ਕਿ ਬੰਬਈ ਯੂਨੀਵਰਸਿਟੀ ਦੀ ਸਿੰਡੀਕੇਟ ਦੁਆਰਾ ਵਰਤੀਆਂ ਜਾਦੀਆਂ ਸ਼ਕਤੀਆਂ ਅਤੇ ਕੰਮਾਂ ਦਾ ਵਿਕੇਂਦਰੀਕਰ ਕਰਨਾ ਜ਼ਰੂਰੀ ਜਾਂ ਉਚਿਤ ਹੈ ? ਜੇਕਰ ਅਜਿਹਾ ਹੋਵੇ ਤਾਂ ਤੁਸੀਂ ਸਿੰਡੀਕੇਟ ਤੋਂ ਕਿਹੜੀਆਂ ਕਿਹੜੀਆਂ ਸ਼ਕਤੀਆਂ ਅਤੇ ਕੰਮਾਂ ਨੂੰ ਹਟਾ ਲਵੋਗੇ ਅਤੇ ਯੂਨੀਵਰਸਿਟੀ ਦੀਆਂ ਕਿਹੜੀਆਂ ਕਿਹੜੀਆਂ ਨਵੀਆਂ ਅਤੇ ਮੌਜੂਦਾ

ਸੰਸਥਾਵਾਂ ਨੂੰ ਸੌਂਪੋਗੇ ? ਇਸ ਤਰ੍ਹਾਂ ਮੁੜ-ਸੰਗਠਿਤ ਕੀਤੀ ਗਈ ਸਿੰਡੀਕੇਟ ਅਤੇ ਨਵੀਆਂ ਸੰਸਥਾਵਾਂ ਨੂੰ ਕਿਵੇਂ ਗਠਿਤ ਕਰਨ ਦੀ ਤੁਹਾਡੀ ਤਜਵੀਜ਼ ਹੈ।

39. ਤੁਸੀਂ ਫ਼ੈਕਲਟੀਆਂ ਅਤੇ ਬੋਰਡਜ਼ ਆਫ਼ ਸਟੱਡੀਜ਼ ਨੂੰ ਕਿਹੜੇ ਕਿਹੜੇ ਕੰਮ ਅਤੇ ਸ਼ਕਤੀਆਂ ਸੌਂਪੋਗੇ ? ਇਹ ਸੰਸਥਾਵਾਂ ਕਿਵੇਂ ਗਠਿਤ ਅਤੇ ਨਿਯੁਕਤ ਕੀਤੀਆਂ ਜਾਣਗੀਆਂ ?

VII ਬੰਬਈ ਯੂਨੀਵਰਸਿਟੀ ਦੇ ਕੰਮ

(ਪ੍ਰਸ਼ਨ 8-24)

(ੲ) ਪਾਠਕ੍ਰਮ ਨਿਸਚਿਤ ਕਰਨਾ ਅਤੇ ਪਰੀਖਿਆ ਲੈਣੀ (ਪ੍ਰਸ਼ਨ 16-19)

16. ਤੁਹਾਡੀ ਰਾਇ ਵਿਚ ਯੂਨੀਵਰਸਿਟੀ (ੳ) ਇਮਤਿਹਾਨ ਲੈਣ (ਅ) ਪੜ੍ਹਾਈ ਦੇ ਪਾਠਕ੍ਰਮ ਨਿਸ਼ਚਿਤ ਕਰਨ ਅਤੇ (ੲ) ਪਾਠ ਪੁਸਤਕਾਂ ਦੀ ਚੋਣ ਕਰਨ ਦੇ ਕੰਮਾਂ ਨੂੰ ਕਿਵੇਂ ਨਿਭਾ ਰਹੀ ਹੈ ? ਕੀ ਤੁਸੀਂ ਇਨ੍ਹਾਂ ਕੰਮਾਂ ਦੀ ਵਰਤੋਂ ਵਿਚ ਕੋਈ ਤਰਮੀਮ ਦਾ ਸੁਝਾਅ ਦਿੰਦੇ ਹੋ ?

17. ਯੂਨੀਵਰਸਿਟੀ ਦੇ ਇਮਤਿਹਾਨਾਂ ਨੂੰ ਲਾਹੇਵੰਦ ਤੌਰ ਤੇ ਕੁਸ਼ਲਤਾ, ਲਿਆਕਤ ਅਤੇ ਸਮਰੱਥਾ ਪਰਖਣ ਦੇ ਹੋਰ ਸਾਧਨਾਂ ਰਾਹੀਂ ਕਿਵੇਂ ਬਦਲਿਆ ਜਾ ਸਕਦਾ ਹੈ ਜਾਂ ਸੰਪੂਰਨ ਕੀਤਾ ਜਾ ਸਕਦਾ ਹੈ ?

18. ਬੰਬਈ ਯੂਨੀਵਰਸਿਟੀ ਨੂੰ ਪੜ੍ਹਾਈ ਦੀਆਂ ਕਿਹੜੀਆਂ ਕਿਹੜੀਆਂ ਸ਼ਾਖਾਂ ਦੇ ਪੜ੍ਹਾਉਣ ਦੇ ਕੰਮ ਨੂੰ ਤੁਰੰਤ ਜਾਂ ਨੇੜੇ ਭਵਿਖ ਵਿਚ ਆਪਣੇ ਅਧੀਨ ਲੈਣਾ ਚਾਹੀਦਾ ਹੈ ?

19. ਬੰਬਈ ਯੂਨੀਵਰਸਿਟੀ ਦੀ ਪੜ੍ਹਾਈ ਦੇ ਕੰਮਾਂ ਦੇ ਵਿਸਥਾਰ ਤੇ ਵਿਚਾਰ ਕਰਦਿਆਂ ਅਤੇ ਬੰਬਈ ਦੇ ਲੋਕਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਮੰਨ ਵਿਚ ਰੱਖਦਿਆਂ ਕੀ ਤੁਸੀਂ ਕਿਸੇ ਹੋਰ ਫ਼ੈਕਲਟੀ ਅਰਥਾਤ, ਫ਼ਾਈਨ ਆਰਟਸ ਜਾਂ ਟੈਕਨੋਲੋਜੀ ਦੀ ਸੰਸਥਾ ਦਾ ਸੁਝਾਉ ਦਿਓਗੇ, ਤਾਂ ਕਿ ਯੂਨੀਵਰਸਿਟੀ ਦੇ ਖੇਤਰ ਨੂੰ ਹੋਰ ਵਿਸਤਰਿਤ, ਹੋਰ ਉਦਾਰਚਿਤ ਅਤੇ ਹੋਰ ਵਿਆਪਕ ਬਣਾਇਆ ਜਾ ਸਕੇ ?

(ਸ) ਪੋਸਟ ਗ੍ਰੈਜੂਏਟ ਪਾਠਕ੍ਰਮ ਅਤੇ ਡਿਗਰੀਆਂ (ਪ੍ਰਸ਼ਨ 20-21)

20. ਜੇਕਰ ਬੰਬਈ ਯੂਨੀਵਰਸਿਟੀ ਪੜ੍ਹਾਈ ਦੇ ਕੰਮਾਂ ਨੂੰ ਹੋਰ ਵਿਕਸਿਤ ਕਰਦੀ ਹੈ ਤਾਂ ਪੋਸਟ ਗ੍ਰੈਜੂਏਟ ਡਿਗਰੀਆਂ ਦੀ ਪੜ੍ਹਾਈ ਦਾ ਸਮਾਂ ਕੀ ਹੋਣਾ ਚਾਹੀਦਾ ਹੈ ? ਕੀ ਤੁਸੀਂ ਇਹ ਡਿਗਰੀਆਂ ਇਮਤਿਹਾਨ ਲੈ ਕੇ, ਥੀਸਿਜ ਰਾਹੀਂ ਮੁਢਲੀ ਖੋਜ ਜਾਂ ਇਨ੍ਹਾਂ ਵਿਚੋਂ ਇਕ ਜਾਂ ਇ ਦਾ ਨੂੰ ਮਿਲਾਕੇ, ਦਿਓਗੇ ?

21. ਕੀ ਤੁਸੀਂ ਕੋਈ ਨਵੇਂ ਡਿਗਰੀ ਆਨਰਜ਼ ਕੋਰਸ ਸਥਾਪਿਤ ਕਰਨਾ ਚਾਹੋਗੇ ? ਹਾਂ, ਤਾਂ ਕਿਨ੍ਹਾਂ ਆਧਾਰਾਂ ਤੇ ਇਹ ਡਿਗਰੀਆਂ ਦਿੱਤੀਆਂ ਜਾਣਗੀਆਂ ?

(ਹ) ਖੋਜ ਦੇ ਕੰਮ ਨੂੰ ਉਤਸਾਹਿਤ ਕਰਨਾ (ਪ੍ਰਸ਼ਨ 22-23)

22. ਯੂਨੀਵਰਸਿਟੀ ਭਾਰਤੀਆਂ ਅਤੇ ਵਿਸ਼ੇਸ਼ ਤੌਰ ਤੇ ਬੰਬਈ ਦੀਆਂ ਸਮੱਸਿਆਵਾਂ-ਭਾਵੇਂ ਉਹ ਇਤਿਹਾਸਕ, ਆਰਥਕ, ਸਮਾਜਕ, ਉਦਯੋਗ ਸਬੰਧੀ ਜਾਂ ਹੋਰ ਹੋਣ-ਦੀ ਸੁਤੰਤਰ ਰੂਪ ਵਿਚ ਜਾਂਚ-ਪੜਤਾਲ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਉਤਸਾਹਿਤ ਕਰ ਸਕਦੀ ਹੈ ਜਾਂ ਇਸ ਕਾਰਜ ਦੀ ਸਰਪ੍ਰਸਤੀ ਕਰ ਸਕਦੀ ਹੈ ?

23. ਕੀ ਯੂਨੀਵਰਸਿਟੀ ਵਿਚ ਪ੍ਰੈਸ ਜਾਂ ਪ੍ਰਕਾਸ਼ਨ ਵਿਭਾਗ ਦੀ ਸਿਰਜਣਾ ਕਰਨ ਦੀ ਕੋਈ ਲੋੜ ਹੈ ? ਅਜਿਹੇ ਵਿਭਾਗ ਨੂੰ ਕਿਵੇਂ ਸੰਗਠਿਤ ਕੀਤਾ ਅਤੇ ਚਲਾਇਆ ਜਾ ਸਕਦਾ ਹੈ ?

(2) ਯੂਨੀਵਰਸਿਟੀ ਦੇ ਅਧਿਆਪਕਾਂ ਦੀ ਨਿਯੁਕਤੀ (ਪ੍ਰਸ਼ਨ 24)

24. ਬੰਬਈ ਟੀਚਿੰਗ ਯੂਨੀਵਰਸਿਟੀ ਵਿਚ ਯੂਨੀਵਰਸਿਟੀ ਦੇ ਪ੍ਰੋਫ਼ਸਰਾਂ, ਰੀਡਰਾਂ, ਲੈਕਚਰਾਰਾਂ ਆਦਿ ਦੀ ਚੋਣ ਅਤੇ ਨਿਯੁਕਤੀ ਦਾ ਕੀ ਤਰੀਕਾ ਹੋਣਾ ਚਾਹੀਦਾ ਹੈ ? ਉਨ੍ਹਾਂ ਲਈ ਕੀ ਕੀ ਯੋਗਤਾਵਾਂ ਜ਼ਰੂਰੀ ਹਨ ? ਉਨ੍ਹਾਂ ਨੂੰ ਕਿੰਨੀ ਕਿੰਨੀ ਤਨਖ਼ਾਹ ਦੀ ਲੋੜ ਹੈ ? ਉਨ੍ਹਾਂ ਦੀ ਨਿਯੁਕਤੀ ਅਤੇ ਅਹੁੱਦੇ ਦੀ ਮਿਆਦ ਨੂੰ ਨਿਯਮਿਤ ਕਰਨ ਲਈ ਕੀ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ ?

IV ਬੰਬਈ ਪ੍ਰੈਜੀਡੈਂਸੀ ਵਿਚ ਹੋਰ ਯੂਨੀਵਰਸਿਟੀਆਂ

(ਪ੍ਰਸ਼ਨ 25-30)

30. ਇਸ ਪ੍ਰੈਜੀਡੈਂਸੀ ਦੇ ਅੰਦਰ ਅੰਦਰ ਕੋਈ ਨਵਾਂ ਕਾਲਜ ਜਾਂ ਸੰਸਥਾ, ਇਸ ਦਾ ਕੋਈ ਭਾਗ ਜਾਂ ਇਸ ਨਾਲ ਸਬੰਧਤ ਕੋਈ ਭਾਗ ਖੋਲ੍ਹਣ ਦੀ ਇਜਾਜ਼ਤ ਦੇਣ ਵਿਚ

(ੳ) ਬੰਬਈ ਯੂਨੀਵਰਸਿਟੀ, (ਅ) ਕਿਸੇ ਹੋਰ ਯੂਨੀਵਰਸਿਟੀ ਨੂੰ ਕਿਹੜੇ ਕਿਹੜੇ ਸਿਧਾਂਤ ਜਾਂ ਨੀਤੀ ਅਪਣਾਉਣੀ ਚਾਹੀਦੀ ਹੈ ?

V ਯੂਨੀਵਰਸਿਟੀ ਅਤੇ ਲੋਕਾਂ ਵਿਚ ਆਪਸੀ ਸਬੰਧ

(ਪ੍ਰਸ਼ਨ 31-34)

31. ਤੁਹਾਡੇ ਵਿਚਾਰ ਵਿਚ ਪ੍ਰੈਜੀਡੈਂਸੀ ਅਤੇ ਵਿਸ਼ੇਸ ਤੌਰ ਤੇ ਬੰਬਈ ਸ਼ਹਿਰ ਵਿਚ ਜ਼ਰਾਇਤੀ, ਉਦਯੋਗਿਕ, ਪੇਸ਼ਾਵਰਾਨਾ ਅਤੇ ਜਨਤਕ ਜੀਵਨ ਦੀਆਂ ਲੋੜਾਂ ਨੂੰ ਯੂਨੀਵਰਸਿਟੀ ਦੇ ਪਾਠ-ਕ੍ਰਮ ਕਿਥੋਂ ਤਕ ਪੂਰਾ ਕਰਦੇ ਹਨ ?

32. ਕੀ ਤੁਸੀਂ ਯੂਨੀਵਰਸਿਟੀ ਅਤੇ ਹੋਰ ਸਰਕਾਰੀ ਸੰਸਥਾਵਾਂ, ਭਾਵੇਂ ਉਹ ਉਦਯੋਗਿਕ, ਵਪਾਰਕ, ਪੇਸ਼ਾਵਰਾਨਾ, ਮਿਊਨਸਿਪਲ ਜਾਂ ਸਰਕਾਰੀ ਹੋਣ- ਦਰਮਿਆਨ ਚੰਗੇ ਸਬੰਧ ਅਤੇ ਸਹਿਯੋਗ ਨੂੰ ਪ੍ਰਫੁਲਤ ਕਰਨ ਲਈ ਕਿਸੇ ਤਰੀਕੇ ਦਾ ਸੁਝਾਉ ਦੇ ਸਕਦੇ ਹੋ ?

33. ਯੂਨੀਵਰਸਿਟੀ ਅਤੇ ਇਸ ਦੇ ਕੰਮ ਕਾਰ ਨੂੰ ਉਦਯੋਗਿਕ ਤੇ ਵਪਾਰਕ ਜੀਵਨ ਅਤੇ ਸ਼ਹਿਰ ਦੇ ਹਿੱਤਾਂ ਦੇ ਨਜ਼ਦੀਕ ਲਿਆਉਣ ਲਈ ਕੀ ਉਪਾਅ ਅਪਣਾਏ ਜਾਣੇ ਚਾਹੀਦੇ ਹਨ ?

34. ਬਾਲਗ ਗ਼ੈਰ ਕਾਲਜੀ ਵਰਗੋਂ ਦੀ ਵਿਦਿਆ ਪ੍ਰਤੀ ਯੂਨੀਵਰਸਿਟੀ ਦਾ ਅੰਸ਼ਦਾਨ ਕਿਸ ਸੀਮਾਂ ਤੱਕ ਅਤੇ ਕਿਸ ਮੰਤਵ ਲਈ ਹੋਣਾ ਚਾਹੀਦਾ ਹੈ ? ਇਸ ਮਨੋਰਥ ਲਈ ਯੂਨੀਵਰਸਿਟੀ ਨੂੰ ਛੁਟੀਆਂ ਦੇ ਦੌਰਾਨ ਪਸਾਰ (ਐਕਸਟੈਨਸ਼ਨ) ਲੈਕਚਰ ਅਤੇ ਹੋਰ ਉਪਾਅ ਕਿਵੇਂ ਸੰਗਠਿਤ ਕਰਨੇ ਚਾਹੀਦੇ ਹਨ ?

VI ਯੂਨੀਵਰਸਿਟੀ ਅਤੇ ਸਰਕਾਰ ਦੇ ਆਪਸੀ ਸਬੰਧ

(ਪ੍ਰਸ਼ਨ 35)

35. ਭਾਰਤ ਸਰਕਾਰ ਅਤੇ ਬੰਬਈ ਸਰਕਾਰ ਦਾ ਬੰਬਈ ਯੂਨੀਵਰਸਿਟੀ ਅਤੇ ਹੋਰ ਬਣਾਈਆਂ ਜਾਣ ਵਾਲੀਆਂ ਯੂਨੀਵਰਸਿਟੀਆਂ ਦਾ ਆਪਸੀ ਸਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ ? ਯੂਨੀਵਰਸਿਟੀ ਦੇ ਪੈਸੇ, ਵਿਧਾਨ, ਯੂਨੀਵਰਸਿਟੀ ਦੇ ਅਫ਼ਸਰਾਂ ਅਤੇ ਅਧਿਆਪਕਾਂ ਦੀਆਂ ਨਿਯੁਕਤੀਆਂ ਅਤੇ ਯੂਨੀਵਰਸਿਟੀਆਂ ਦੀਆਂ ਸੰਸਥਾਵਾਂ ਦੀ ਮੈਂਬਰ ਨੂੰ ਅਨੁਸ਼ਾਸਿਤ ਕਰਨ ਲਈ ਚਾਂਸਲਰ ਅਤੇ ਸਰਕਾਰ ਦੀਆਂ ਮੌਜੂਦਾ ਸ਼ਕਤੀਆਂ ਵਿਚ ਕਿਹੜੀਆਂ ਤਰਮੀਮਾਂ, (ਜੇਕਰ ਕੋਈ ਹੋਣ,) ਤੁਸੀਂ ਜ਼ਰੂਰੀ ਸਮਝਦੇ ਹੋ ? ਡਾਇਰੈਕਟਰ ਆਫ਼ ਪਬਲਿਕ ਇਨਸਟਰਕਸ਼ਨ ਅਤੇ ਸਿਖਿਆ ਦੇ ਮੰਤਰੀ ਦਾ ਯੂਨੀਵਰਸਿਟੀ ਨਾਲ ਕਿਹੋ ਜਿਹਾ ਸਬੰਧ ਹੋਣਾ ਚਾਹੀਦਾ ਹੈ ?

VII. ਪਾਠ ਕ੍ਰਮ

(ਪ੍ਰਸ਼ਨ 41–44)

41. ਕੀ ਵੱਖ ਵੱਖ ਯੂਨੀਵਰਸਿਟੀ ਇਮਤਿਆਨਾਂ ਲਈ ਨਿਸ਼ਚਿਤ ਵਿਸ਼ਿਆਂ ਅਤੇ ਪਾਠ-ਕ੍ਰਮਾਂ ਨਾਲ ਆਮ ਤੌਰ ਤੇ ਤੁਸੀਂ ਸੰਤੁਸ਼ਟ ਹੋ ? ਜੇਕਰ ਨਹੀਂ, ਤਾਂ ਜੇ ਤਬਦੀਲੀਆਂ ਚਾਹੁੰਦੇ ਹੋ ਉਨ੍ਹਾਂ ਬਾਰੇ ਤੁਸੀਂ ਦਸ ਸਕਦੇ ਹੋ ?

42. ਕੀ ਤੁਸੀਂ (ੳ) ਮੁਕੰਮਲ ਜਾਂ (ਅ) ਬਹੁਤ ਭਿੰਨਤਾ ਵਾਲੇ, ਪਾਸ ਅਤੇ ਆਨਰਜ਼ ਕੋਰਸ ਸਥਾਪਿਤ ਕਰਨ ਦੇ ਹੱਕ ਵਿਚ ਹੋ ? ਅਜਿਹੀ ਭਿੰਨਤਾ ਕਾਲਜਾਂ ਅਤੇ ਵਿਦਿਆਰਥੀਆਂ ਤੇ ਕਿਵੇਂ ਪ੍ਰਭਾਵ ਪਾਵੇਗੀ ?

43. ਕੀ ਤੁਸੀਂ ਸਾਇੰਸ ਕੋਰਸਾਂ ਨੂੰ ਆਰਟਸ ਦੇ ਕੋਰਸਾਂ ਤੋਂ ਬਿਲਕੁਲ ਅਲੱਗ ਕਰਨ ਦੀ ਪ੍ਰਵਾਨਗੀ ਦਿਓਗੇ ? ਕੀ ਤੁਸੀਂ ਇਸ ਸਮੇਂ ਜੋ ਸਾਹਿਤ ਅਤੇ ਆਰਟਸ ਸਾਇੰਸ ਦੇ ਅਧਿਐਨ ਤੋਂ ਅਲੱਗ ਹਨ, ਨੂੰ ਆਪਣੀ ਸਹਿਮਤੀ ਦਿੰਦੇ ਹੋ ?

44. ਕੀ ਤੁਸੀਂ ਗ੍ਰੈਜੁਏਟ ਅਤੇ ਪੋਸਟ ਗ੍ਰੈਜੁਏਟ ਡਿਗਰੀਆਂ ਦੇ ਪਾਠਕ੍ਰਮ ਬਾਰੇ ਇਹ

ਸਮਝਦੇ ਹੋ ਕਿ ਉਹ ਕਾਫ਼ੀ ਵਿਕਲਪਾਂ ਤੋਂ ਮੁਕਤ ਹਨ ਅਤੇ ਉਨ੍ਹਾਂ ਵਿਚ ਅਧਿਐਨ ਪਾਠਕ੍ਰਮਾਂ ਦੇ ਸੰਤੋਖਜਨਕ ਸਮੁੱਚਾਂ ਅਤੇ ਸਹਿ ਸੰਬੰਧਾਂ ਦਾ ਉਪਬੰਧ ਹੈ ?

IX ਮਾਂ-ਬੋਲੀ ਦੀ ਵਰਤੋਂ

(ਪ੍ਰਸ਼ਨ 45–46)

45. (ੳ) ਤੁਹਾਡੇ ਵਿਚਾਰ ਅਨੁਸਾਰ ਬੰਬਈ ਵਿਚ (ਅ) ਕਿਸੇ ਨਵੀਂ ਬਣਾਈ ਗਈ ਯੂਨੀਵਰਸਿਟੀ ਵਿਚ ਅੰਗ੍ਰੇਜੀ ਨੂੰ ਪੜ੍ਹਾਈ ਅਤੇ ਇਮਤਿਹਾਨ ਦੇ ਮਾਧਿਅਮ ਵਜੋਂ ਬਦਲਣ ਲਈ ਮਾਂ–ਬੋਲੀ ਕਿਸ ਪੱਧਰ ਤੱਕ ਅਤੇ ਕਿਸ ਹੱਦ ਤੱਕ ਵਰਤੀ ਜਾ ਸਕਦੀ ਹੈ ਅਤੇ ਵਰਤੀ ਜਾਣੀ ਚਾਹੀਦੀ ਹੈ ? ਇਸ ਦੀ ਸੁਰੱਖਿਆ ਲਈ ਤੁਸੀ ਕਿਹੜੇ ਉਪਾਵਾਂ ਦਾ ਸੁਝਾ ਦਿੰਦੇ ਹੋ ਤਾਂ ਕਿ ਵਿਦਿਆਰਥੀਆਂ ਲਈ ਲੋੜੀਂਦੀ ਅੰਗ੍ਰੇਜ਼ੀ ਦੀ ਪੱਧਰ ਅੰਜਿਹੀ ਤਬਦੀਲੀ ਨਾਲ ਨੀਵੀਂ ਨਾ ਹੋਵੇ ?

46. ਇਸ ਪ੍ਰੈਜ਼ੀਡੈਂਸੀ ਦੀਆਂ ਸਥਾਨਕ ਭਾਸ਼ਾਵਾਂ ਦੇ ਵਿਗਿਆਨਕ ਅਧਿਐਨ ਨੂੰ ਉਤਸਾਹਿਤ ਕਰਨ ਅਤੇ ਸਭ ਪ੍ਰਕਾਰ ਦੇ ਸਾਹਿਤ ਦੇ ਵਿਕਾਸ ਨੂੰ ਉਤਸਾਹ ਦੇਣ ਲਈ ਤੁਸੀਂ ਸਭ ਤੋਂ ਵਧੀਆ ਤਰੀਕੇ ਬਾਰੇ ਵਿਚਾਰ ਕੀ ਕਰਦੇ ਹੋ ?

XIII ਵਿਸ਼ੇਸ਼ ਵਰਗ

(ਪ੍ਰਸ਼ਨ 52)

52. ਕੀ ਤੁਸੀਂ ਸਮਝਦੇ ਹੋ ਕਿ ਕਿਸੇ ਵਿਸ਼ੇਸ਼ ਵਰਗ ਵਿਚ ਯੂਨੀਵਰਸਿਟੀ ਦੀ ਵਿਦਿਆ ਦੀ ਉਨੱਤੀ ਲਈ ਕੋਈ ਵਿਸ਼ੇਸ਼ ਉਪਾਅ ਲੋੜੀਂਦੇ ਹਨ ?

ਡਾਕਟਰ ਬੀ. ਆਰ. ਅੰਬੇਡਕਰ ਦੁਆਰਾ ਦਿਤੀ ਗਈ ਲਿਖਤੀ ਗਵਾਹੀ

ਪ੍ਰਸ਼ਨ 1. ਮੈਂ ਇੰਗਲੈਂਡ ਵਿਚ ਸਿਖਿਆ ਦੇ ਬੋਰਡ ਦੇ ਇਨਸਪੈਕਟਰਾਂ ਨਾਲ ਸਹਿਮਤ ਹਾਂ ਕਿ ਯੂਨੀਵਰਸਿਟੀ ਸਿਖਿਆ ਦਾ ਨਿਸ਼ਾਨਾ ਅਤੇ ਕੰਮ ਇਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਕਿ ਉਥੇ ਕੀਤੀ ਜਾਂਦੀ ਪੜ੍ਹਾਈ ਬਾਲਗ਼ਾਂ ਦੇ ਅਨੁਕੂਲ ਹੋਵੇ, ਕਿ ਇਹ ਸੁਭਾਵਕ ਰੂਪ ਵਿਚ ਵਿਗਿਆਨਕ, ਵੱਖਰੀ ਅਤੇ ਨਿਰਪੱਖ ਹੋਵੇ, ਕਿ ਇਸ ਦਾ ਉਦੇਸ਼ ਵਿਦਿਆਰਥੀ ਦੇ ਦਿਮਾਗਾਂ ਵਿਚ ਕੇਵਲ ਤੱਥ ਅਤੇ ਸਿਧਾਂਤ ਭਰਨਾ ਹੀ ਨਹੀਂ ਹੋਣਾ ਚਾਹੀਦਾ ਸਗੋਂ ਉਨ੍ਹਾਂ ਦੀ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਨਾ ਹੋਣਾ ਚਾਹੀਦਾ ਹੈ ਅਤੇ ਵਿਦਿਆਰਥੀਆਂ ਦੇ ਵਿਅਕਤਿਤਵ ਨੂੰ ਉਭਾਰਨ ਲਈ ਆਲੋਚਨਾਤਮਕ ਅਧਿਐਨ ਕਰਨ ਦਾ ਆਦੀ ਬਣਾਉਣਾ ਹੈ ਅਤੇ ਇਹ ਉਸ ਦੇ ਮਨ ਵਿਚ ਸੰਪੂਰਨਤਾ ਮੁਕੰਮਲ ਪੱਧਰ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਮੁਸ਼ਕਲਾਂ ਨਾਲ ਜੂਝਦਿਆਂ ਸੱਚਾਈ ਤਕ ਪਹੁੰਚਣ ਦਾ ਅਰਥ ਦੇਣਾ ਹੈ। ਇਸ ਤਰ੍ਹਾਂ ਸਿਖਿਅਤ ਵਿਦਿਆਰਥੀ ਇਹ ਅੰਤਰ ਕਰਨਾ ਸਿਖ ਜਾਂਦਾ ਹੈ ਕਿ ਸੱਚਾਈ ਕੀ ਹੈ ਅਤੇ ਵਿਚਾਰ ਕੀ ਹੈ ਨੂੰ ਇਹ ਜਿਸਨੂੰ

---

* ਡਾਕਟਰ ਬੀ. ਆਰ. ਅੰਬੇਡਕਰ ਦੁਆਰਾ ਦਿਤੀ ਗਈ ਲਿਖਤੀ ਗਵਾਹੀ

ਅਸੀਂ ਸਚਾਈ ਦਾ ਮਾਮਲਾ ਕਹਿੰਦੇ ਹਾਂ, ਅਤੇ ਦੂਜਾ ਜਿਸਨੂੰ ਅਸੀਂ ਕੇਵਲ ਰਾਇ ਦਾ ਮਾਮਲਾ ਕਹਿੰਦੇ ਹਾਂ, ਉਸਨੂੰ ਸਾਰੇ ਮਾਮਲਿਆਂ/ਮਸਲਿਆਂ ਵਿਚ ਫ਼ਰਕ ਕਢਣਾ ਆਉਣਾ ਚਾਹੀਦਾ ਹੈ ਅਤੇ ਉਸਨੂੰ ਮੂਲ ਪ੍ਰਸ਼ਨ ਨੂੰ ਉਸ ਦੇ ਗੁਣਾਂ ਦੇ ਪੱਖੋਂ ਅਤੇ ਬਿਨਾਂ ਇਸ ਚੀਜ਼ ਦੇ ਵੇਖੇ ਕਿ ਉਹ ਕਿਸੇ ਵਿਕਸਿਤ ਸਿਧਾਂਤ ਤੇ ਆਧਾਰਿਤ ਹੈ, ਵੇਖਣਾ ਚਾਹੀਦਾ ਹੈ। ਉਸਨੂੰ ਉਨ੍ਹਾਂ ਗਲਾਂ ਬਾਰੇ ਜਾਨਣਾ ਚਾਹੀਦਾ ਜਿਨ੍ਹਾਂ ਦੇ ਵਾਸਤਵਿਕ ਪਰਿਣਾਮਾਂ ਦੀ ਉਹ ਡਟਕੇ ਵਿਰੋਧ ਕਰਦਾ ਰਿਹਾ ਹੈ, ਬੜੇ ਉਚਿਤ ਰੂਪ ਵਿਚ ਅਤੇ ਬੜੀ ਹਮਦਰਦੀ ਨਾਲ ਕਹਿਣ ਲਈ ਸਿਖਿਆ ਲੈਣੀ ਚਾਹੀਦੀ ਹੈ। ਉਸਨੂੰ ਸੁਝਾਏ ਗਏ ਖ਼ਿਆਲ ਦੀ ਪਰਖ ਕਰਨ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਇਸਨੂੰ ਪ੍ਰਵਾਨ ਕਰਨ ਜਾਂ ਤਿਆਗਣ ਤੋਂ ਪਹਿਲਾਂ ਇਸ ਦਾ ਨਤੀਜਾ ਜਾਣ ਲੈਣਾ ਚਾਹੀਦਾ ਹੈ। ਜ਼ਰੂਰੀ ਤੌਰ ਤੇ ਮੁਢਲਾ ਵਿਦਿਆਰਥੀ ਬਣਨ ਦੀ ਬਜਾਏ, ਉਸਨੂੰ ਉਨ੍ਹਾਂ ਸਥਿਤੀਆਂ, ਦੀ ਅੰਤਰਦ੍ਰਿਸ਼ਟੀ ਦਾ ਵੀ ਗਿਆਨ ਹੋਣਾ ਚਾਹੀਦਾ ਹੈ ਜਿਨਾਂ ਅਧੀਨ ਮੁਢਲੀ ਖੋਜ ਕੀਤੀ ਜਾਂਦੀ ਹੈ। ਉਸਨੂੰ ਤੱਥਾਂ ਦੀ ਪਛਾਣ ਆਉਣੀ ਚਾਹੀਦੀ ਹੈ, ਉਨ੍ਹਾਂ ਤੇ ਜ਼ੋਰ ਦੇਣਾ, ਦਲੀਲ ਨੂੰ ਅਪਣਾਉਣਾ ਅਤੇ ਉਸ ਦੀ ਅਲੋਚਨਾ ਕਰਨ ਅਤੇ ਅਧਿਕਾਰੀਆਂ ਤੇ ਆਪਣੀ ਨੈਤਿਕਤਾ ਸਥਾਪਿਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

ਮੈਨੂੰ ਕੋਈ ਕਾਰਨ ਨਹੀਂ ਦਿਸਦਾ ਕਿ ਬੰਬਈ ਪ੍ਰੈਜ਼ੀਡੈਂਸੀ ਵਿਚ ਯੂਨੀਵਰਸਿਟੀ ਵਿਦਿਆ ਦੇ ਉਦੇਸ਼ ਅਤੇ ਕਾਰਜ ਵੱਖਰੇ ਵੱਖਰੇ ਹੋਣੇ ਚਾਹੀਦੇ ਹਨ। ਵਿਦਿਆਰਥੀਆਂ ਦੇ ਗੁਣਾਂ ਨੂੰ ਵੇਖਦੇ ਹੋਏ ਇਹ ਕਿਹਾ ਜਾਣਾ ਚਾਹੀਦਾ ਹੈ ਕਿ ਇਸ ਪ੍ਰੈਜ਼ੀਡੈਂਸੀ ਵਿਚ ਯੂਨੀਵਰਸਿਟੀ ਦੀ ਮੌਜੂਦਾ ਪ੍ਰਣਾਲੀ ਯੂਨੀਵਰਸਿਟੀ ਦੇ ਉਦੇਸ਼ਾਂ ਅਤੇ ਕੰਮਾਂ ਨੂੰ ਅਮਲੀ ਰੂਪ ਦੇਣ ਵਿਚ ਬਿਲਕੁਲ ਅਸਫਲ ਰਹੀ ਹੈ।

ਪ੍ਰਸ਼ਨ 2. ਇਹ ਸੰਭਵ ਹੈ ਕਿ ਇਹ ਅਸਫਲਤਾ ਕੁਝ ਤਾਂ ਅਧਿਆਪਕ ਦੇ ਜ਼ਜ਼ਬੇ ਅਤੇ ਤਰੀਕਿਆਂ ਦੇ ਕਾਰਨ, ਕੁਝ ਵਿਦਿਆਰਥੀਆਂ ਕਾਰਨ ਅਤੇ ਕੁਝ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਦਾਖ਼ਲੇ ਤੋਂ ਪਹਿਲਾਂ ਪ੍ਰਾਪਤ ਕੀਤੀ ਸਿਖਿਆ ਦੇ ਕਾਰਨ ਹੋਵੇ। ਐਪਰ, ਮੇਰੀ ਰਾਇ ਵਿਚ, ਇਸ ਅਸਫਲਤਾ ਦਾ ਕਾਰਨ ਯੂਨੀਵਰਸਿਟੀ ਦੀ ਪ੍ਰਬੰਧਕੀ ਅਤੇ ਵਿਦਿਅਕ ਮਸ਼ੀਨਰੀ ਹੈ। ਇਸ ਤੋਂ ਪਹਿਲਾਂ ਕਿ ਯੂਨੀਵਰਸਿਟੀ, ਯੂਨੀਵਰਸਿਟੀ ਸਿਖਿਆ ਦੇ ਉਦੇਸ਼ਾਂ ਅਤੇ ਕੰਮਾਂ ਨੂੰ ਪੂਰਾ ਕਰਨ ਦੀ ਸਥਿਤੀ ਵਿਚ ਹੋ ਸਕੇ ਇਹ ਇਸ ਤਰ੍ਹਾਂ ਸੰਗਠਿਤ ਹੋਣੀ ਚਾਹੀਦੀ ਹੈ ਕਿ ਇਹ ਵਾਸਤਵਿਕ ਰੂਪ ਵਿਚ ਸਿਖਿਆ ਦਾ ਸਥਾਨ ਬਣ ਜਾਵੇ ਜਿਥੇ ਵਿਦਵਾਨਾਂ ਦੀ ਸਾਂਝੀਵਾਲਤਾ ਸਾਥੀਆਂ ਦੇ ਤੌਰ ਤੇ ਆਦਮੀਆਂ ਨੂੰ ਟ੍ਰੇਨਿੰਗ ਦੇਣ ਅਤੇ ਗਿਆਨ ਦੀ ਤਰੱਕੀ ਅਤੇ ਫੈਲਾਓ ਲਈ ਕੰਮ ਕਰਦੀ ਹੈ। ਇਨ੍ਹਾਂ ਟਿੱਪਣੀਆਂ ਦੀ ਰੋਸ਼ਨੀ ਵਿਚ ਇਹ ਸਪੱਸ਼ਟ ਹੋਵੇਗਾ ਕਿ ਬੰਬਈ ਯੂਨੀਵਰਸਿਟੀ ਸਹੀ ਅਰਥਾਂ ਵਿਚ ਯੂਨੀਵਰਸਿਟੀ ਨਹੀਂ ਹੈ, ਇਹ ਵਿਦਵਾਨਾਂ ਦੀ ਕਾਰਪੋਰੇਸ਼ਨ ਨਹੀਂ ਹੈ, ਇਹ ਆਦਮੀਆਂ ਨੂੰ ਟ੍ਰੇਨਿੰਗ ਨਹੀਂ ਦਿੰਦੀ ਅਤੇ ਇਹ ਗਿਆਨ ਦੀ ਤਰੱਕੀ ਅਤੇ ਫੈਲਾਓ ਵਿਚ ਸਿੱਧੇ ਤੌਰ ਤੇ ਹਿੱਤ ਨਹੀਂ ਰੱਖਦੀ। ਦੂਜੇ ਪਾਸੇ, ਪ੍ਰਬੰਧਕੀ ਅਤੇ ਵਿਦਿਅਕ ਮਸ਼ੀਨਰੀ ਦੇ ਸਬੰਧ ਵਿਚ ਬੰਬਈ ਯੂਨੀਵਰਸਿਟੀ

ਉਹ ਯੂਨੀਵਰਸਿਟੀ ਹੈ ਜੋ ਇਕ ਯੂਨੀਵਰਸਿਟੀ ਨੂੰ ਨਹੀਂ ਹੋਣਾ ਚਾਹੀਦਾ। ਇਹ ਪ੍ਰਬੰਧਕਾਂ ਦਾ ਸੰਘ ਹੈ। ਇਹ ਕੇਵਲ ਵਿਦਿਆਰਥੀਆਂ ਦੀ ਪਰੀਖਿਆ ਨਾਲ ਹੀ ਸਬੰਧਤ ਹੈ ਜਦੋਂ ਕਿ ਗਿਆਨ ਦੀ ਤਰੱਕੀ ਅਤੇ ਫੈਲਾਓ ਇਸ ਦੇ ਹਿੱਤਾਂ ਤੋਂ ਬਾਹਰ ਹੈ।

ਪ੍ਰਸ਼ਨ 3. ਬੰਬਈ ਯੂਨੀਵਰਸਿਟੀ ਨੇ ਇਸ ਪ੍ਰੈਜੀਡੈਂਸੀ ਵਿਚਲੇ ਵੱਖ ਵੱਖ ਵਰਗਾਂ ਦੇ ਇਤਿਹਾਸ ਅਤੇ ਸਭਿਆਚਾਰ ਲਈ ਹਮਦਰਦੀ, ਗਿਆਨ ਅਤੇ ਆਪਸੀ ਹਿੱਤਾਂ ਨੂੰ ਪ੍ਰਫੁਲਤ ਨਹੀਂ ਕੀਤਾ। ਸਿਰਫ਼ ਪਰੀਖਿਆ ਲੈਣ ਵਾਲੀ ਯੂਨੀਵਰਸਿਟੀ ਜੋ ਕੁਝ ਸਿਖਣ ਦੇ ਮਿਆਰ ਨੂੰ ਗ੍ਰਹਿਣ ਕਰਨ ਨਾਲ ਸਬੰਧਤ ਨਹੀਂ ਹੁੰਦੀ ਉਹ ਆਪਣਾ ਉਦੇਸ਼ ਪੂਰਾ ਨਹੀਂ ਕਰ ਸਕਦੀ। ਮੈਨੂੰ ਇੰਜ ਜਾਪਦਾ ਹੈ ਕਿ ਇਸ ਪਖੋਂ ਸਫਲਤਾ ਦਾ ਕੇਵਲ ਰਸਤਾ ਇਹ ਹੈ ਕਿ ਸਭ ਤੋਂ ਪਹਿਲਾਂ ਯੂਨੀਵਰਸਿਟੀ ਨੂੰ ਟੀਚਿੰਗ ਯੂਨੀਵਰਸਿਟੀ ਵਿਚ ਤਬਦੀਲ ਕੀਤਾ ਜਾਵੇ।

ਪ੍ਰਸ਼ਨ 4-7 : ਮੈਂ ਇਹ ਨਹੀਂ ਮਹਿਸੂਸ ਕਰਦਾ ਕਿ ਮੈਂ ਇਨ੍ਹਾਂ ਪ੍ਰਸ਼ਨਾਂ ਦਾ ਤਸੱਲੀਬਖਸ਼ ਜਵਾਬ ਦੇਣ ਦੇ ਸਮਰੱਥ ਹਾਂ। ਮੈਂ ਇਸ ਨਾਲ ਸਹਿਮਤ ਹਾਂ ਕਿ ਯੂਨੀਵਰਸਿਟੀ ਦੀ ਪੱਧਰ ਜ਼ਿਆਦਾ ਇਸ ਚੀਜ਼ ਤੇ ਨਿਰਭਰ ਕਰਦੀ ਹੈ ਕਿ ਯੂਨੀਵਰਸਿਟੀ ਨੂੰ ਹਾਈ ਸਕੂਲਾਂ ਤੋਂ ਵਿਦਿਆਰਥੀ "ਕਿਸ ਤਰ੍ਹਾਂ ਦੇ" ਪ੍ਰਾਪਤ ਹੁੰਦੇ ਹਨ। ਚੰਗੀ ਕਿਸਮ ਦੇ ਵਿਦਿਆਰਥੀ ਕਿਵੇਂ ਪ੍ਰਾਪਤ ਕੀਤੇ ਜਾਣ ? ਇਹੀ ਹਰ ਇਕ ਯੂਨੀਵਰਸਿਟੀ ਦੀ ਸਮੱਸਿਆ ਹੈ। ਪਰ ਇਹ ਸਮਝ ਨਹੀਂ ਆਉਂਦੀ ਕਿ ਯੂਨੀਵਰਸਿਟੀ ਲਈ ਹਾਈ ਸਕੂਲਾਂ ਦਾ ਕੰਟਰੋਲ ਆਪਣੇ ਅਧੀਨ ਲੈਣਾ ਕਿਉਂ ਨਹੀਂ ਜ਼ਰੂਰੀ ਹੋਣਾ ਚਾਹੀਦਾ ਤਾਂ ਜੋ ਇਹ ਉਨ੍ਹਾਂ ਨੂੰ ਚੰਗੇ ਲਾਇਕ ਵਿਦਿਆਰਥੀ ਭੇਜਣ ਲਈ ਤਿਆਰ ਕਰ ਸਕਣ। ਮੈਨੂੰ ਪਤਾ ਹੈ ਕਿ ਕਿਸੇ ਵੀ ਯੂਨੀਵਰਸਿਟੀ ਨੇ ਇਹ ਜ਼ਿੰਮੇਵਾਰੀ ਨਹੀਂ ਲਈ। ਸਾਰੀਆਂ ਯੂਨੀਵਰਸਿਟੀਆਂ ਜੋ ਕੁਝ ਕਰਦੀਆਂ ਹਨ ਉਹ ਇਹ ਹੈ ਕਿ ਉਹ ਵਿਦਿਆਰਥੀਆਂ ਨੂੰ ਦਾਖ਼ਲ ਕਰਨ ਲਈ ਆਪਣਾ ਹੀ ਇਕ ਟੈਸਟ ਲੈ ਲੈਂਦੀਆਂ ਹਨ ਜਿਸ ਨਾਲ ਜਿਸ ਤਰ੍ਹਾਂ ਦੇ ਵਿਦਿਆਰਥੀ ਉਹ ਚਾਹੁੰਦੀਆਂ ਹਨ ਉਹ ਆਪਣੇ ਟੈਸਟ ਪੇਪਰਾਂ ਰਾਹੀਂ ਚੋਣ ਕਰ ਲੈਂਦੀਆਂ ਹਨ। ਮੈਨੂੰ ਇਹ ਪਤਾ ਨਹੀਂ ਲਗਦਾ ਕਿ ਬੰਬਈ ਯੂਨੀਵਰਸਿਟੀ ਨੂੰ ਹੋਰ ਜ਼ਿਆਦਾ ਕੁਝ ਕਰਨ ਲਈ ਕਿਉਂ ਨਹੀਂ ਕਿਹਾ ਜਾਂਦਾ ?

ਪ੍ਰਸ਼ਨ 8-10 : ਮੇਰੀ ਰਾਇ ਵਿਚ ਦੋ ਵੱਖ ਵੱਖ ਸਮਸਿਆਵਾਂ ਹਨ ਜੋ ਬੰਬਈ ਯੂਨੀਵਰਸਿਟੀ ਨੂੰ ਟੀਚਿੰਗ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੀ ਕਿਸੇ ਵੀ ਕੋਸ਼ਿਸ਼ ਵਿਚ ਅੱਗੇ ਆਉਣੀਆਂ ਜ਼ਰੂਰੀ ਹਨ। ਉਹ ਇਹ ਹਨ: (1) ਇਸਨੂੰ ਅਧਿਆਪਨ ਯੂਨੀਵਰਸਿਟੀ ਵਿਚ ਕਿਵੇਂ ਤਬਦੀਲ ਕੀਤਾ ਜਾਵੇ ? ਅਤੇ (2) ਇਸ ਦੀ ਅਧਿਆਪਨ ਸੰਸਥਾ ਨੂੰ ਕਿਵੇਂ ਸੰਗਠਿਤ ਕੀਤਾ ਜਾਵੇ। ਪਹਿਲੀ ਸਮੱਸਿਆ ਨਾਲ ਮੈਂ ਉਸ ਸਮੇਂ ਨਿਪਟਾਂਗਾ ਜਦੋਂ ਮੈਂ ਪ੍ਰਸ਼ਨ 36-40 ਤੇ ਆਵਾਂਗਾ। ਹੁਣ ਮੈਂ ਦੂਜੀ ਸਮੱਸਿਆ ਨੂੰ ਲੈਂਦਾ ਹਾਂ। 1857 ਦੇ ਇਨਕਾਰਪੋਰੇਸ਼ਨ ਐਕਟ ਵਿਚ, ਯੂਨੀਵਰਸਿਟੀ ਨੂੰ ਸਿਖਿਆ ਦੇਣ ਦਾ (ਟੀਚਿੰਗ) ਕੰਮ ਕਰਨ ਦੀ ਇਜਾਜ਼ਤ ਦੇਣ ਦਾ ਕੋਈ ਵੀ ਪ੍ਰਬੰਧ ਨਹੀਂ ਸੀ। 1904 ਦੇ ਐਕਟ ਨੇ ਪਹਿਲੀ ਵਾਰ "ਵਿਦਿਆਰਥੀਆਂ ਦੀ ਪੜ੍ਹਾਈ ਲਈ ਪ੍ਰਬੰਧ ਕਰਨਾ" ਦੇ ਮਕਸਦ

(ਦੂਸਰਿਆਂ ਦੇ ਨਾਲ) ਲਈ ਸੰਸਥਾਪਿਤ ਤੌਰ ਤ ਵਰਣਨ ਕੀਤਾ। ਉਹ ਫ਼ਰਜ਼ ਜਿਸ ਦਾ ਇਸ ਕਲਾਜ਼ ਨੂੰ ਅਮਲ ਵਿਚ ਲਿਆਉਣ ਲਈ ਅੰਡਰ ਗ੍ਰੈਜੂਏਟਸ ਨੂੰ ਸ਼ਾਮਲ ਕਰਨ ਦਾ ਇਰਾਦਾ ਜਾਪਦਾ ਸੀ, ਜਿਸ ਲਈ ਸਾਰੀਆਂ ਪੁਰਾਣੀਆਂ ਯੂਨੀਵਰਸਿਟੀਆਂ ਨੇ ਯੂਨੀਵਰਸਿਟੀ ਕਮਿਸ਼ਨ ਨੂੰ ਅਪਣਾਇਆ ਹੈ, ਜਿਸਨੇ ਸਿਫ਼ਾਰਸ਼ ਕੀਤੀ ਸੀ ਕਿ ਯੂਨੀਵਰਸਿਟੀਆਂ, ਪੜ੍ਹਾਈ ਦੇ (ਉਚੇਰੇ ਐਡਵਾਂਸਡ) ਕੋਰਸਾਂ ਦਾ ਹੋਰ ਪ੍ਰਬੰਧ ਕਰਕੇ ਸਿਖਿਆ ਸੰਸਥਾਵਾਂ ਵਜੋਂ ਆਪਣੀ ਹੋਂਦ ਨੂੰ ਉਚਿਤ ਠਹਿਰਾ ਸਕਦੀਆਂ ਹਨ। ਇਸੇ ਦੇ ਸਿੱਟੇ ਵਜੋਂ ਅੱਜ ਅਸੀਂ ਵੇਖਦੇ ਹਾਂ ਕਿ ਅੰਡਰਗ੍ਰੈਜੂਏਟ ਪੜ੍ਹਾਈ ਯੂਨੀਵਰਸਿਟੀ ਪਾਸ ਹੁੰਦੀ ਹੈ ਅਤੇ ਪੋਸਟ ਗ੍ਰੈਜੂਏਟ ਪੜ੍ਹਾਈ ਕਾਲਜਾਂ ਪਾਸ ਹੁੰਦੀ ਹੈ।

ਮੈਂ ਪੋਸਟ ਗ੍ਰੈਜੂਏਟ ਅਤੇ ਅੰਡਰਗ੍ਰੈਜੂਏਟ ਟ੍ਰੇਨਿੰਗ ਦਰਮਿਆਨ ਕੀਤੀ ਗਈ ਇਸ ਵੰਡ ਦੇ ਬਿਲਕੁਲ ਉਲਟ ਹਾਂ, ਇਸ ਪ੍ਰਤੀ ਮੇਰੇ ਕਾਰਨ ਹੇਠ ਲਿਖੇ ਅਨੁਸਾਰ ਹਨ :

(1) ਪੋਸਟ ਗ੍ਰੈਜੂਏਟ ਅਤੇ ਅੰਡਰਗ੍ਰੈਜੂਏਟ ਕੰਮ ਨੂੰ ਅਲੱਗ ਕਰਨ ਦਾ ਭਾਵ ਸਿਖਿਆ ਤੋਂ ਖੋਜ ਨੂੰ ਅਲੱਗ ਕਰਨਾ ਹੈ। ਪਰ ਇਹ ਸਪੱਸ਼ਟ ਹੈ ਕਿ ਜਦੋਂ ਖੋਜ ਨੂੰ ਸਿਖਿਆ ਨਾਲੋਂ ਅਲੱਗ ਕੀਤਾ ਜਾਂਦਾ ਹੈ ਤਾਂ ਖੋਜ ਉੱਤੇ ਉਸ ਦਾ ਅਸਰ ਪੈਂਦਾ ਹੀ ਹੈ, ਜਿਵੇਂ ਕਿ ਲੰਡਨ ਵਿਚ ਯੂਨੀਵਰਸਿਟੀ ਸਿਖਿਆ ਤੇ 1911 ਦੇ ਕਮਿਸ਼ਨਰਾਂ ਦੁਆਰਾ ਬੜੀ ਚੰਗੀ ਤਰ੍ਹਾਂ ਵਿਚਾਰ ਪੇਸ਼ ਕੀਤੇ ਗਏ ਹਨ।

ਬਿਨਾਂ ਸ਼ੱਕ ਪੜ੍ਹਾਈ ਸ਼ੁਰੂ ਦੇ ਕੰਮ ਵਿਚ ਭਾਰੂ ਰਹੇਗੀ ਪਰ ਬਾਅਦ ਵਿਚ ਖਜ ਪੜ੍ਹਾਈ ਉਤੇ ਭਾਰੂ ਰਹੇਗੀ। ਇਹ ਯੂਨੀਵਰਸਿਟੀ ਦੇ ਹਿਤ ਵਿਚ ਹੈ ਕਿ ਇਸ ਦੇ ਜ਼ਿਆਦਾ ਉਘੇ ਪ੍ਰੋਫੈਸਰ ਗ੍ਰੈਜੂਏਟਾਂ ਦੇ ਮੁਢਲੇ ਕੈਰੀਅਰ ਤੋਂ ਉਨ੍ਹਾਂ ਦੀ ਪੜ੍ਹਾਈ ਵਿਚ ਭਾਗ ਲੈਣਾ ਹੈ। ਇਹ ਕੇਵਲ ਜੂਨੀਅਰ ਵਿਦਿਆਰਥੀਆਂ ਨਾਲ ਤਾਲ-ਮੇਲ ਰੱਖ ਕੇ ਕੀਤਾ ਜਾ ਸਕਦਾ ਹੈ। ਕੋਈ ਅਧਿਆਪਕ ਆਪਣੇ ਵਿਸ਼ੇ ਤੇ ਆਪਣੇ ਸੰਕਲਪ ਵੱਲ ਉਨ੍ਹਾਂ ਦੇ ਮੰਨ ਮੋੜ ਸਕਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਢੰਗਾਂ ਅਨੁਸਾਰ ਸਿਖਿਅਤ ਕਰ ਸਕਦਾ ਹੈ ਅਤੇ ਇਸ ਤਰ੍ਹਾਂ ਖੋਜ ਲਈ ਸਭ ਤੋਂ ਵਧੀਆ ਆਦਮੀਆਂ ਦੀ ਚੋਣ ਕਰਨ ਅਤੇ ਉਨ੍ਹਾਂ ਤੋਂ ਸਭ ਤੋਂ ਵਧੀਆਂ ਕੰਮ ਲੈਣ ਦਾ ਦੋਹਰਾ ਫ਼ਾਇਦਾ ਉਠਾ ਸਕਦਾ ਹੈ। ਦੂਜੇ, ਆਪਣੇ ਵਿਸ਼ੇ ਤੇ ਮੁਢਲਾ ਕੰਮ ਕਰ ਰਹੇ ਆਦਮੀ ਦਾ ਆਪਣਾ ਹੀ ਪ੍ਰਭਾਵ ਹੁੰਦਾ ਹੈ ਜੋ ਉਨ੍ਹਾਂ ਵਿਚ ਵਿਸ਼ਵਾਸ਼ ਪੈਦਾ ਕਰਦਾ ਹੈ, ਹੌਸਲਾ ਅਫ਼ਜ਼ਾਈ ਕਰਦਾ ਹੈ ਅਤੇ ਸ਼ਗਿਰਦਾਂ ਨੂੰ ਮੋਹਿਤ ਕਰਦਾ ਹੈ। ਇਹ ਉਸ ਦਾ ਆਪਣਾ ਵਿਅੱਕਤਿਤਵ ਹੀ ਹੁੰਦਾ ਹੈ ਜਿਸ ਰਾਹੀਂ ਜੋ ਵਿਅਕਤੀ ਉਸ ਦੇ ਵਿਸ਼ੇਸ਼ ਕੰਮ ਦੇ ਫ਼ਿੱਟ ਹੁੰਦੇ ਹਨ ਉਹ ਆਪਣੀ ਮਰਜ਼ੀ ਨਾਲ ਉਸ ਵਿਸ਼ੇਸ਼ ਕਾਰਜ ਲਈ ਆਪਣਾ ਨਾਂ ਲਿਖਾ ਦਿੰਦੇ ਹਨ ਅਤੇ ਉਸਦਾ ਨਿਜੀ ਪ੍ਰਭਾਵ ਉਸ ਜ਼ਜਬੇ ਰਾਹੀਂ ਮੁੜ ਉਤਪੰਨ ਅਤੇ ਪ੍ਰਫੁਲਿਤ ਹੁੰਦਾ ਹੈ ਜੋ ਆਪਣੇ ਸਟਾਫ਼ ਨੂੰ ਪ੍ਰੇਰਿਤ ਕਰਦਾ ਹੈ। ਇਹ ਕੇਵਲ ਅਜਿਹੇ ਕੁਝ ਵਿਦਿਆਰਥੀਆਂ ਦੀ ਹੀ ਗਲ ਨਹੀਂ ਜੋ ਫ਼ਾਇਦਾ ਉਠਾਉਂਦੇ ਹਨ, ਸਾਰੇ ਈਮਾਨਦਾਰ ਵਿਦਿਆਰਥੀ ਉਨ੍ਹਾਂ ਅਧਿਆਪਕਾਂ ਦੀ ਸੰਸਥਾ ਤੋਂ ਬਹੁਤ ਕੁਝ ਪ੍ਰਾਪਤ ਕਰਦੇ ਹਨ ਜਿਹੜੇ ਅਧਿਆਪਕ ਸੁਤੰਤਰ

ਅਤੇ ਮੌਲਿਕ ਸੋਚ ਦਾ ਰਾਹ ਉਹਨਾਂ ਨੂੰ ਵਿਖਾਉਂਦੇ ਹਨ। ਹੈਲਮੋਹਲਟਜ਼ ਕਹਿੰਦੇ ਹਨ, "ਕੋਈ ਵੀ ਵਿਅਕਤੀ ਜੋ ਇਕ ਵਾਰ ਪਹਿਲੇ ਦਰਜੇ ਦੇ ਕਿਸੇ ਵਿਅਕਤੀ ਜਾਂ ਜ਼ਿਆਦਾ ਵਿਅਕਤੀਆਂ ਦੇ ਸਪਰਕ ਵਿਚ ਇਕ ਵਾਰ ਆ ਜਾਂਦਾ ਹੈ, ਉਸ ਦਾ ਆਪਣਾ ਬਾਕੀ ਦੇ ਸਾਰੇ ਜੀਵਨ ਲਈ ਮਾਨਸਿਕ ਪੱਧਰ ਤਬਦੀਲ ਹੋ ਜਾਂਦਾ ਹੈ। ਲੈਕਚਰਾਂ ਤੋਂ ਜੋ ਪ੍ਰਾਪਤ ਹੁੰਦਾ ਹੈ ਉਹ, ਖ਼ਤਮ ਨਹੀਂ ਹੁੰਦਾ ਅਤੇ ਕਿਤਾਬਾਂ ਕਦੇ ਵੀ ਬੋਲੇ ਗਏ ਜਾਨਦਾਰ ਸ਼ਬਦਾਂ ਦੀ ਜਗ੍ਹਾ ਮੁਕੰਮਲ ਤੌਰ ਤੇ ਨਹੀਂ ਲੈ ਸਕਦੀਆਂ। ਪਰ ਇਹ ਪ੍ਰਯੋਗਸਾਲਾ ਅਤੇ ਸੈਮੀਨਾਰ ਵਿਚ ਜ਼ਿਆਦਾ ਗੂੜ੍ਹ, ਸਿਖਿਆ ਦੀ ਜਗ੍ਹਾ ਤਾਂ ਬਿਲਕੁਲ ਹੀ ਨਹੀਂ ਲੈ ਸਕਦੀਆਂ। ਇਸ ਲਈ ਜ਼ਰੂਰੀ ਹੈ ਕਿ ਯੂਨੀਵਰਸਿਟੀ ਸਿਖਿਆ ਦੇ ਸਾਧਾਰਨ ਕੋਰਸ ਦੀ ਦੂਰੀ ਤੋਂ ਬਾਹਰ ਨਾ ਹੋਵੇ ਅਤੇ ਜਿਸ ਵਿਚ ਵਿਦਿਆਰਥੀ ਨਾ ਕੇਵਲ ਆਪਣੇ ਕੰਮ ਦੀ ਹਿਮਾਇਤ ਵਿਚ ਦਿਤੇ ਕਾਰਨਾਂ ਬਾਰੇ ਹੀ ਨਹੀਂ ਸਿਖਦਾ ਜਿਨ੍ਹਾਂ ਬਾਰੇ ਉਹ ਕਿਤਾਬਾਂ ਤੋਂ ਵੀ ਗਿਆਨ ਪ੍ਰਾਪਤ ਕਰ ਸਕਦਾ ਹੈ ਸਗੋਂ ਉਹ ਵਿਕਾਸ ਕਰ ਰਹੇ ਵਿਚਾਰ, ਉੱਚ ਸਿਖਿਆ ਅਤੇ ਮੌਲਿਕ ਦਿਮਾਗ਼ ਦੇ ਕੰਮ-ਕਾਰ ਦੀ ਵਾਸਤਵਿਕ ਪ੍ਰਕ੍ਰਿਆ ਬਾਰੇ ਵੀ ਸਿਖਦਾ ਹੈ।

70. ਜੇਕਰ ਇਹ ਇੱਛਾ ਕੀਤੀ ਜਾਣੀ ਹੈ ਕਿ ਯੂਨੀਵਰਸਿਟੀ ਦੇ ਉੱਚਤਮ ਅਧਿਆਪਕਾਂ ਨੂੰ ਅੰਡਰ-ਗ੍ਰੈਜੂਏਟ ਕੰਮ ਵਿਚ ਭਾਗ ਲੈਣ ਅਤੇ ਉਨ੍ਹਾਂ ਦੀ ਚੇਤਨਾ ਉਨ੍ਹਾਂ ਨੂੰ ਪ੍ਰਭਾਵਤ ਕਰੇ ਤਾਂ ਇਨ੍ਹਾਂ ਹੀ ਆਧਾਰਾਂ ਤੇ ਇਹ ਮੰਨਣਾ ਪਵੇਗਾ ਕਿ ਵਿਦਿਆਰਥੀ ਜਦੋਂ ਪੋਸਟ ਗ੍ਰੈਜੂਏਟ ਦੀ ਪੱਧਰ ਤੇ ਪਹੁੰਚਦੇ ਹਨ ਤਾਂ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਦੀ ਚੰਗਿਆਈ ਤੋਂ ਵੰਚਿਤ ਨਹੀਂ ਰਖਣਾ ਚਾਹੀਦਾ। ਇਸ ਕੰਮ ਨੂੰ ਯੂਨੀਵਰਸਿਟੀ ਦੇ ਬਾਕੀ ਦੇ ਕੰਮ ਤੋਂ ਅਲੱਗ ਨਹੀਂ ਕਰਨਾ ਚਾਹੀਦਾ ਅਤੇ ਇਸ ਕੰਮ ਨੂੰ ਅਲੱਗ ਸੰਸਥਾਵਾਂ ਵਿਚ ਵੱਖ ਵੱਖ ਅਧਿਆਪਕਾਂ ਦੁਆਰਾ ਨਹੀਂ ਕੀਤਾ ਜਾਣਾ ਚਾਹੀਦਾ। ਜਿਥੋਂ ਤਕ ਅਧਿਆਪਕ ਦਾ ਸਬੰਧ ਹੈ, ਇਹ ਜ਼ਰੂਰੀ ਹੈ ਕਿ ਉਸ ਦੇ ਅਧੀਨ ਪੋਸਟਗ੍ਰੈਜੂਏਟ ਵਿਦਿਆਰਥੀ ਹੋਣੇ ਚਾਹੀਦੇ ਹਨ। ਉਹ ਆਪ ਖ਼ੁਦ ਮੌਲਿਕ ਕੰਮ ਕਰਦਾ ਹੈ ਅਤੇ ਕਦੀ ਕਦੀ ਅਗਾਂਹ ਵਧੂ ਵਿਦਿਆਰਥੀਆਂ ਦੇ ਸਹਿਯੋਗ ਨਾਲ ਖੋਜ ਦੀ ਸਮੱਗਰੀ ਪ੍ਰਾਪਤ ਕਰਦਾ ਹੈ। ਉਨ੍ਹਾਂ ਦੀਆਂ ਬਹੁਤੀਆਂ ਮੁਸ਼ਕਲਾਂ ਸੁਝਾਵਾਂ ਨਾਲ ਭਰਪੂਰ ਹੁੰਦੀਆਂ ਹਨ ਅਤੇ ਉਨ੍ਹਾਂ ਦਾ ਵਿਸ਼ਵਾਸ਼ ਅਤੇ ਹੌਸਲਾ ਅਫ਼ਜਾਈ ਉਨ੍ਹਾਂ ਲਈ ਤਾਜ਼ਗੀ ਅਤੇ ਤਾਕਤ ਦਾ ਸਾਧਨ ਹਨ। ਇਸ ਤਰ੍ਹਾਂ, ਉਹ ਢਹਿੰਦੀਆਂ ਕਲਾਂ ਅਤੇ ਆਲਸ ਦੀ ਭਾਵਨਾ ਤੋਂ ਬਚ ਜਾਂਦੇ ਹਨ, ਜੋ ਇਕ ਇਕੱਲੇ ਕਾਮੇ ਨੂੰ ਘੇਰ ਲੈਂਦੀਆਂ ਹਨ। ਯੂਨੀਵਰਸਿਟੀ ਦੇ ਪ੍ਰਫ਼ੈਸਰਾਂ ਨਾਲੋਂ ਅਧਿਆਪਕਾਂ ਦੀ ਕਿਸੇ ਹੋਰ ਉੱਚ ਸ੍ਰੇਣੀ ਦਾ ਕੋਈ ਪ੍ਰਸ਼ਨ ਹੀ ਨਹੀਂ ਹੈ, ਜਾਂ ਫਿਰ ਸਾਰੀ ਯੂਨੀਵਰਸਿਟੀ ਦੀ ਹਾਲਤ ਮਾੜੀ ਹੋ ਜਾਵੇਗੀ। ਦੂਜੇ ਪਾਸੇ, ਸਭ ਤੋਂ ਉਚੇ ਦਰਜੇ ਦਾ ਯੂਨੀਵਰਸਿਟੀ ਅਧਿਆਪਕ ਕੁਦਰਤੀ ਤੌਰ ਤੇ ਆਪਣੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀ ਤਰ੍ਹਾਂ, ਅਜਿਹੇ ਵਿਦਿਆਰਥੀਆਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰੇਗਾ ਜਿਨ੍ਹਾਂ ਨੂੰ ਉਸਨੇ ਪਹਿਲਾਂ ਹੀ ਆਪਣੇ ਤਰੀਕਿਆਂ ਨਾਲ ਪੜ੍ਹਾਉਣਾ ਸ਼ੁਰੂ ਕੀਤਾ ਹੋਇਆ ਹੈ, ਹਾਲਾਂ ਕਿ ਉਸ ਦੀ ਪ੍ਰਯੋਗਸ਼ਾਲਾ ਜਾਂ ਸੈਮੀਨਾਰ ਉਨ੍ਹਾਂ ਵਿਦਿਆਰਥੀਆਂ ਲਈ ਜੋ ਦੂਜੀਆਂ ਯੂਨੀਵਰਸਿਟੀਆਂ ਤੋਂ ਆਉਂਦੇ ਹਨ ਜਾਂ ਕੁਝ

ਉਨ੍ਹਾਂ ਵਿਦਿਆਰਥੀਆਂ ਲਈ ਜੋ ਬਿਲਕੁਲ ਕਿਸੇ ਵੀ ਯੂਨੀਵਰਸਿਟੀ ਤੋਂ ਨਹੀਂ ਆਉਂਦੇ ਅਤੇ ਕੁਝ ਅਜਿਹੇ ਵਿਦਿਆਰਥੀਆਂ ਲਈ ਜੋ ਲੰਦਨ ਦੀ ਯੂਨੀਵਰਸਿਟੀ ਦੇ ਦੂਜੇ ਅਧਿਆਪਕਾਂ ਤੋਂ ਆਉਂਦੇ ਹਨ, ਵੀ ਖੁਲ੍ਹਾ ਹੋਵੇਗਾ। ਆਪਸੀ ਲੈਣ-ਦੇਣ ਹੋਣਾ ਜ਼ਰੂਰੀ ਹੈ ਅਤੇ ਕਈ ਵਾਰ ਵਿਦਿਆਰਥੀ ਇਕ ਹੀ ਵਿਸ਼ੇ ਦੇ ਇਕ ਤੋਂ ਵੱਧ ਅਧਿਆਪਕਾਂ ਅਧੀਨ ਪੜ੍ਹਾਈ ਕਰਕੇ ਫ਼ਾਇਦਾ ਉਠਾ ਸਕਦਾ ਹੈ। ਪਰ ਇਹ ਉਚੇਰੇ ਕੰਮ ਨੂੰ ਨੀਵੀਂ ਪੱਧਰ ਦੇ ਕੰਮ ਤੋਂ ਅਲੱਗ ਕਰਨ ਤੋਂ ਬਿਲਕੁਲ ਵੱਖਰੀ ਗਲ ਹੈ। ਮੇਰਾ ਇਹ ਵੀ ਵਿਚਾਰ ਹੈ ਕਿ ਜੇ ਉਨ੍ਹਾਂ ਦੇ ਉਚੇਰਾ ਕੰਮ ਕਰਨ ਤੇ ਬੰਦਸ਼ ਲਗਾਈ ਜਾਂਦੀ ਹੈ ਜਾਂ ਉਨ੍ਹਾਂ ਨੂੰ ਵਧੀਆ ਵਿਦਿਆਰਥੀ ਪ੍ਰਾਪਤ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਦੇ ਪਸਾਰ ਤੋਂ ਰੋਕਿਆ ਜਾਂਦਾ ਹੈ ਤਾਂ ਯੂਨੀਵਰਸਿਟੀ ਵਾਸਤੇ ਪ੍ਰਫ਼ੈਸਰਸ਼ਿਪ ਲਈ ਯੋਗ ਵਿਅਕਤੀ ਪ੍ਰਾਪਤ ਕਰਨਾ ਔਖਾ ਹੈ।

71. ਯੂਨੀਵਰਸਿਟੀ ਦੇ ਅੰਡਰਗ੍ਰੈਜੂਏਟ ਵਿਦਿਆਰਥੀਆਂ ਲਈ ਵੀ ਇਹ ਬਹੁਤ ਭੈੜੀ ਸਥਿਤੀ ਹੈ ਕਿ ਉਹ ਦੂਜੀਆਂ ਸੰਸਥਾਵਾਂ ਵਿਚ ਭੇਜ ਦਿੱਤੇ ਜਾਣ। ਉਨ੍ਹਾਂ ਲਈ ਅਜਿਹੇ ਵਿਦਿਆਰਥੀਆਂ ਨਾਲ ਲਗਾਤਾਰ ਸੰਪਰਕ ਰੱਖਣਾ ਜ਼ਰੂਰੀ ਹ, ਜੋ ਉਨ੍ਹਾਂ ਤੋਂ ਅਗਲੇਰਾ ਕੰਮ ਕਰਦੇ ਹਨ ਅਤੇ ਜੋ ਉਨ੍ਹਾਂ ਤੋਂ ਜ਼ਿਆਦਾ ਪਿਛੇ ਵੀ ਨਹੀਂ ਹਨ, ਪਰ ਉਨ੍ਹਾਂ ਨੂੰ ਜਾਣੇ ਪਛਾਣੇ, ਆਦਰਸ਼ ਪ੍ਰਾਪਤ ਕਰਨ ਲਈ ਉਤੇਜਿਤ ਕਰਦੇ ਹਨ ਅਤੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਦੇ ਹਨ।

ਜਿਥੇ ਵਿਕਸਿਤ ਖੋਜ ਕਾਰਜ ਨੂੰ ਪੜ੍ਹਾਈ ਤੋਂ ਅਲੱਗ ਕੀਤਾ ਜਾਂਦਾ ਹੈ ਉਸ ਦੇ ਸੰਕਟ ਮਈ ਸਿੱਟੇ ਜੋ ਉੱਚ ਖੋਜ ਕੰਮ ਦੇ ਸਬੰਧ ਵਿਚ ਨਿਕਲਦੇ ਹਨ ਉਹ ਘੱਟ ਤੋਂ ਘੱਟ ਮੇਰੇ ਲਈ ਸਪੱਸ਼ਟ ਹਨ। ਇਹ ਇਕ ਭੈੜਾ ਸੱਚ ਹੈ ਕਿ ਬਹੁਤ ਸਾਰੇ ਭਾਰਤੀ ਵਿਦਿਆਰਥੀ ਜੋ ਲੰਦਨ ਯੂਨੀਵਰਸਿਟੀ ਅਤੇ ਹੋਰ ਦੂਜੀਆਂ ਯੂਨੀਵਰਸਿਟੀਆਂ ਤੋਂ ਪੋਸਟ ਗ੍ਰੈਜੂਏਟ ਡਿਗਰੀਆਂ ਪ੍ਰਾਪਤ ਕਰਕੇ ਆਉਂਦੇ ਹਨ ਉਨ੍ਹਾਂ ਵਿਚੋਂ ਕੁਝ ਵਿਦਿਅਕ ਲਾਈਨਾਂ ਵਿਚ ਉੱਚੀਆਂ ਆਸਾਮੀਆਂ ਤੇ ਬੈਠੇ ਹਨ ਪਰ ਉਹਨਾਂ ਨੂੰ ਆਪਣੇ ਵਿਸ਼ਿਆਂ ਦੀ ਮੁਕੰਮਲ ਮੁਹਾਰਤ ਨਹੀਂ ਹੁੰਦੀ ਅਸਫਲ ਹੁੰਦੇ ਹਨ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਉਨ੍ਹਾਂ ਦੀ ਅੰਡਰਗ੍ਰੈਜੂਏਟ ਦੀ ਟ੍ਰੇਨਿੰਗ ਉਚ ਖੋਜ ਕੰਮ ਲਈ ਬਿਲਕੁਲ ਨਾ-ਕਾਫ਼ੀ ਸੀ। ਕਮੇਟੀ ਨੂੰ ਇਹ ਪਤਾ ਹੋਵੇਗਾ ਕਿ ਕਿ ਪੋਸਟ ਗ੍ਰੈਜੂਏਟ ਸਿਖਿਆ ਆਪਣੇ ਆਦਿ ਅਤੇ ਸੰਕਲਪ ਵਿਚ ਬਹੁਤ ਆਧੁਨਿਕ ਹੈ। ਕੈਂਬਰਿਜ ਅਤੇ ਆਕਸਫੋਰਡ ਵਿਖੇ ਅਜਿਹੇ ਆਦਮੀ ਸਨ ਜਿਨ੍ਹਾ ਨੇ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ ਭਾਵੇਂ ਉਹਨਾਂ ਯੂਨੀਵਰਸਿਟੀਆਂ ਵਿਚ ਪੋਸਟ ਗ੍ਰੈਜੂਏਟ ਵਿਭਾਗ ਨਹੀਂ ਸਨ। ਹੁਣ ਵੀ ਐਕਸਫੋਰਡ, ਕੈਂਬਰਿਜ ਅਤੇ ਲੰਦਨ ਵਿਖੇ ਪੋਸਟ ਗ੍ਰੈਜੂਏਟ ਵਿਭਾਗਾਂ ਦੇ ਮੁਖੀ ਕੇਵਲ ਗ੍ਰੈਜੂਏਟ ਹਨ ਅਤੇ ਫਿਰ ਵੀ ਉਹ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀ ਖੋਜ ਕਾਰਜ ਵਿਚ ਅਗਵਾਈ ਕਰ ਰਹੇ ਹਨ ਅਤੇ ਦੁਨੀਆਂ ਦੇ ਬਾਕੀ ਹਿਸਿਆਂ ਤੋਂ ਵਿਦਿਆਰਥੀਆਂ ਲਈ ਆਕਰਸ਼ਣ ਦਾ ਕੇਂਦਰ ਬਣੇ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੀ ਅੰਡਰਗ੍ਰੈਜੂਏਟ ਦੀ ਸਿਖਿਆ ਬੜੀ ਉੱਚੀ ਪੱਧਰ ਦੀ ਸੀ। ਇਸ ਲਈ ਮੈਂ ਇਸ ਗਲ ਤੇ ਜ਼ੋਰ

ਦਿੰਦਾ ਹਾਂ ਕਿ ਜੇਕਰ ਯੂਨੀਵਰਸਿਟੀ ਪੋਸਟ ਗ੍ਰੈਜੂਏਟ ਦੇ ਕੰਮ ਦੀ ਵਧੀਆ ਪ੍ਰਣਾਲੀ ਨੂੰ ਅਪਣਾਉਣਾ ਚਾਹੁੰਦੀ ਹੈ ਤਾਂ ਯੂਨੀਵਰਸਿਟੀ ਨੂੰ ਅੰਡਰਗ੍ਰੈਜੂਏਟ ਸਿਖਿਆ ਆਪਣੇ ਅਧੀਨ ਜ਼ਰੂਰ ਲੈਣੀ ਚਾਹੀਦੀ ਹੈ।

(2) ਦੂਜੀ ਗੱਲ ਇਹ ਹੈ ਕਿ ਯੂਨੀਵਰਸਿਟੀ ਦੁਆਰਾ ਆਪਣੇ ਅਮਲੇ ਰਾਹੀਂ ਪੋਸਟ ਗ੍ਰੈਜੂਏਟ ਪੱਧਰ ਤੇ ਸਿਖਿਆ ਲਈ ਸਿੱਧੀ ਜਿੰਮੇਵਾਰੀ ਲੈਣ ਨਾਲ ਇਹ ਵੀ ਸੰਭਵ ਹੈ ਕਿ ਯੂਨੀਵਰਸਿਟੀ ਅਮਲੇ ਨੂੰ ਕਾਲਜ ਦੇ ਅਮਲੇ ਦੇ ਪ੍ਰਤੀਕੂਲ ਅਤੇ ਵਿਰੋਧ ਵਿਚ ਰੱਖਣ ਨਾਲ ਨਿਰਾਸਤਾ ਦਾ ਪ੍ਰਭਾਵ ਪੈਦਾ ਹੋਵੇਗਾ। ਉਹ ਮਹਿਸੂਸ ਕਰ ਸਕਦੇ ਹਨ ਕਿ ਇਸ ਤਰ੍ਹਾਂ ਕਾਲਜਾਂ ਦੀ ਰਸਮੀ ਅਤੇ ਵਾਸਤਵਿਕ ਪੱਕੀ ਹੱਦਬੰਦੀ ਨਾਲ ਉਨ੍ਹਾਂ ਦੀ ਪਦਵੀ ਬਿਨਾਂ ਕਿਸੇ ਕਾਰਨ ਘੱਟ ਕੇ ਕੰਮ ਦੇ ਨੀਵੇਂ ਪੱਧਰ ਤੇ ਲਿਆਂਦੀ ਗਈ ਹੈ।

(3) ਤੀਜੀ ਗਲ ਇਹ ਹੈ ਕਿ ਪੋਸਟਗ੍ਰੈਜੂਏਟ ਦੇ ਕੰਮ ਲਈ ਵਖਰਾ ਯੂਨੀਵਰਸਿਟੀ ਪ੍ਰੋਫੈਸਰ ਸਮੂਹ ਸਥਾਪਿਤ ਕਰਨਾ ਯੂਨੀਵਰਸਿਟੀ ਦੇ ਸਾਧਨਾਂ ਦੀ ਬਿਲਕੁਲ ਫ਼ਜੂਲ ਖ਼ਰਚੀ ਹੈ। ਕਾਲਜ ਦੇ ਸਾਧਨਾਂ ਦਾ ਉਚਿਤ ਰੂਪ ਵਿਚ ਇਸਤੇਮਾਲ ਕਰਕੇ ਇਸ ਲੋੜ ਨੂੰ ਬੜੀ ਸੌਖੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ। ਯੂਨੀਵਰਸਿਟੀ ਵਿਦਿਆ ਲਈ ਸਾਡੀ ਪ੍ਰਣਾਲੀ ਵਿਚ ਕੇਵਲ ਕਾਲਜ ਹੀ ਸਿਖਿਆ ਦੇ ਸਥਾਨ ਹਨ, ਪਰ ਇਸ ਸਮੇਂ ਉਹ ਵੱਖ ਵੱਖ ਸੰਸਥਾਵਾਂ ਦੀ ਜਾਇਦਾਦ ਹਨ ਅਤੇ ਹਰ ਇਕ ਕਾਲਜ ਦਾ ਪ੍ਰਬੰਧ ਵੱਖਰੀ ਵੱਖਰੀ ਪ੍ਰਬੰਧਕ ਕਮੇਟੀ ਦੁਆਰਾ ਹੁੰਦਾ ਹੈ। ਕਾਲਜਾਂ ਤੋਂ ਪ੍ਰਾਪਤ ਆਮਦਨ ਇਸਦੇ ਆਪਣੇ ਖ਼ਜ਼ਾਨੇ ਵਿਚ ਚਲੀ ਜਾਂਦੀ ਹੈ। ਜੇਕਰ ਜ਼ਰੂਰੀ ਖ਼ਰਚੇ ਕਰਨ ਤੋਂ ਬਾਅਦ ਕੋਈ ਪੈਸਾ ਬਚ ਜਾਂਦਾ ਹੈ ਤਾਂ ਕੇਵਲ ਇਹੀ ਪੈਸਾ ਇਸ ਫ਼ੰਡ ਨੂੰ ਵਧਾਉਣ ਲਈ ਸਹਾਈ ਹੁੰਦਾ ਹੈ। ਹਰ ਇਕ ਕਾਲਜ ਉਹੀ ਵਿਸ਼ੇ ਪੜ੍ਹਾਉਂਦਾ ਹੈ ਜੋ ਹੋਰ ਕਾਲਜ ਪੜ੍ਹਾਉਂਦੇ ਹਨ। ਇਸੇ ਲਈ ਇਨ੍ਹਾਂ ਨੂੰ ਛੋਟੀ ਯੂਨੀਵਰਸਿਟੀ ਆਖਦੇ ਹਨ। ਉਹ ਸਾਰੇ ਵਿਸ਼ੇ ਪੜ੍ਹਾ ਸਕਣ ਵਾਲੇ ਯੋਗ ਅਧਿਆਪਕ ਰੱਖ ਕੇ ਫ਼ਖਰ ਮਹਿਸੂਸ ਕਰਦੇ ਹਨ। ਆਪਣੀ ਵਰਤੋਂ ਲਈ ਵੱਖਰੀਆਂ ਲਾਇਬ੍ਰੇਰੀਆਂ ਅਤੇ ਪ੍ਰਯੋਗਸਾਲਾਵਾਂ ਦਾ ਪ੍ਰਬੰਧ ਕਰਨ ਲਈ ਉਹ ਵਚਨਬੱਧ ਹਨ। ਭਾਵੇਂ ਇਹ ਕਾਲਜ, ਖ਼ੁਦਮੁਖ਼ਤਾਰ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਕਾਲਜ ਨਿਪੁੰਨ ਅਤੇ ਅਵਲ ਦਰਜੇ ਦਾ ਅਮਲਾ ਰੱਖਣਾ ਅਤੇ ਲਾਇਬ੍ਰੇਰੀਆਂ ਅਤੇ ਪ੍ਰਯੋਗਸ਼ਾਲਾਵਾਂ ਦੇ ਰੂਪ ਵਿਚ ਵਧੀਆ ਅਤੇ ਕਾਫ਼ੀ ਸਾਜ਼ੋ ਸਾਮਾਨ ਦਾ ਪ੍ਰਬੰਧ ਕਰਨ ਦੇ ਯੋਗ ਹੋਣ ਲਈ ਵਿੱਤੀ ਤੌਰ ਤੇ ਪੈਸੇ ਵਾਲੀ ਸੰਸਥਾ ਨਹੀਂ ਹੈ। ਉਨ੍ਹਾਂ ਦੇ ਸਾਧਨ ਘੱਟ ਹੋਣ ਦੇ ਕਾਰਨ ਕਾਲਜ ਦਾ ਅਮਲਾ ਕਠਿਨਾਈ ਵਿਚ ਰਹਿੰਦਾ ਹੈ ਅਤੇ ਇਸ ਉੱਤੇ ਕੰਮ ਦਾ ਭਾਰ ਜ਼ਿਆਦਾ ਹੁੰਦਾ ਹੈ। ਇਨ੍ਹਾਂ ਨੂੰ ਬਹੁਤ ਸਾਰੇ ਵਿਸ਼ੇ ਪੜ੍ਹਾਉਣੇ ਪੈਂਦੇ ਹਨ, ਇਸ ਲਈ ਨਿਪੁੰਨਤਾ ਅਸੰਭਵ ਹੋ ਜਾਂਦੀ ਹੈ ਅਤੇ ਇਨ੍ਹਾਂ ਹਾਲਾਤ ਅਧੀਨ ਕਾਲਜ ਦੇ ਪ੍ਰੋਫੈਸਰਾਂ ਨੂੰ ਕਿਸੇ ਵੱਡੇ ਵਿਸ਼ੇ ਦੇ ਛੋਟੇ ਜਿਹੇ ਭਾਗ ਦੇ ਵੀ ਮਾਹਿਰ ਬਣਨ ਲਈ ਨਾ ਤਾਂ ਉਨ੍ਹਾਂ ਨੂੰ ਪ੍ਰੇਰਨਾ ਮਿਲਦੀ ਹੈ ਅਤੇ ਨਾ ਹੀ ਮੌਕਾ ਮਿਲਦਾ ਹੈ। ਖ਼ੁਦਮਖ਼ਤਾਰ ਅਤੇ ਆਤਮ ਨਿਰਭਰ ਕਾਲਜਾਂ ਦੀ ਇਸ ਪ੍ਰਣਾਲੀ ਦੇ ਅਟੱਲ ਸਿੱਟੇ ਵਜੋਂ ਅਸਾਂ ਕਮਜ਼ੋਰ ਪ੍ਰੋਫੈਸਰਾਂ, ਕਮਜ਼ੋਰ ਲਾਇਬ੍ਰੇਰੀਆਂ ਅਤੇ ਕਮਜ਼ੋਰ

ਪ੍ਰਯੋਗਸਾਲਾਵਾਂ ਨੂੰ ਇਧਰ ਉਧਰ ਖਿਲਾਰ ਦਿਤਾ ਏ। ਪਰ ਜਦੋਂ ਮੌਜੂਦਾ ਸਾਧਨਾਂ ਨੂੰ ਵੱਖ ਵੱਖ ਕਾਲਜਾਂ ਨੂੰ ਸੌਂਪਿਆ ਜਾਂਦਾ ਹੈ, ਕਿਉਂਕਿ ਇਹ ਨਾ ਕਾਫ਼ੀ ਜਾਪਦੇ ਹਨ। ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਕੁਲ ਮਿਲਾ ਕੇ ਕਾਲਜਾਂ ਦੇ ਜੋ ਸਾਧਨ ਹਨ ਉਹ ਬੰਬਈ ਯੂਨੀਵਰਸਿਟੀ ਦੇ ਪੋਸਟ ਗ੍ਰੇਜੂਏਟ ਅਤੇ ਅੰਡਰਗ੍ਰੈਜੂਏਟ ਦੇ ਕੰਮ ਦੀ ਪੜ੍ਹਾਈ ਲਈ ਕਾਫ਼ੀ ਨਹੀਂ ਹਨ। ਅਰਥ-ਸ਼ਾਸਤਰ ਪੜ੍ਹਾਉਣ ਦੇ ਮਕਸਦ ਲਈ ਬੰਬਈ ਸ਼ਹਿਰ ਵਿਚ ਸਥਿਤ ਕਾਲਜਾਂ ਦੇ ਸਾਧਨਾਂ ਦੀ ਹੀ ਉਦਾਹਰਣ ਲੈ ਲਓ।

ਬੰਬਈ ਯੂਨੀਵਰਸਿਟੀ ਦੇ ਬੀ.ਏ. ਕੋਰਸ ਲਈ ਅਰਥ ਸ਼ਾਸਤਰ ਵਿਚ ਟ੍ਰੇਨਿੰਗ ਦਾ ਪ੍ਰਬੰਧ ਕਰਨ ਲਈ ਬੰਬਈ ਸ਼ਹਿਰ ਵਿਚ ਸਾਡੇ ਪਾਸ ਹੇਠ ਲਿਖੇ ਕਾਲਜ ਹਨ: (1) ਐਲਫਿਨ ਸਟਨ ਕਾਲਜ, ਵਿਲਸਨ ਕਾਲਜ (3) ਸੇਂਟ ਜ਼ੇਵੀਅਰ ਕਾਲਜ ਅਤੇ (4) ਸਿਡਨਹਸ ਕਾਲਜ। ਅਰਥ-ਸ਼ਾਸਤਰ ਪੜ੍ਹਾਉਣ ਲਈ ਐਲਫਿਨਸਟਨ ਵਿਖੇ ਦੋ, ਵਿਲਸਨ ਵਿਖੇ ਦੋ, ਸੇਂਟ ਜ਼ੇਵੀਅਰ ਵਿਖੇ ਦੋ ਅਤੇ ਸਿਡਨਹਮ ਵਿਖੇ ਛੇ ਜਾਂ 3, ਇਸ ਦੇ ਲਗਭਗ ਆਦਮੀ ਹਨ।

ਬੰਬਈ ਸ਼ਹਿਰ ਵਿਚ ਅਰਥ-ਸ਼ਾਸਤਰ ਪੜ੍ਹਾਉਣ ਵਾਲੇ ਲਗਭਗ 12 ਵਿਅਕਤੀ ਹਨ। ਮੈਂ ਜਾਣਦਾ ਹਾਂ ਕਿ ਸੰਸਾਰ ਵਿਚ ਕੋਈ ਵੀ ਯੂਨੀਵਰਸਿਟੀ ਨਹੀਂ ਜਿਸ ਵਿਚ ਇਕੋ ਵਿਸ਼ਾ ਪੜ੍ਹਾਉਣ ਦੇ ਕੰਮ ਵਿਚ ਜੁਟੇ ਏਨੇ ਵਿਅਕਤੀ ਹੋਣ ਅਤੇ ਪ੍ਰੋਫੈਸਰਾਂ ਦੀ ਇਹ ਸਾਰੀ ਬਹੁਤਾਤ ਕੇਵਲ ਇਕ ਅੱਛੇ ਸੰਗਠਨ ਦੀ ਲੋੜ ਲਈ ਫ਼ਜ਼ੂਲ ਹੈ। ਇਸ ਬਰਬਾਦੀ ਨੂੰ ਬੰਦ ਕਰਨ ਦੀ ਕੋਸ਼ਿਸ਼ ਦੇ ਬਜਾਏ ਯੂਨੀਵਰਸਿਟੀ ਨੇ ਸਗੋਂ ਮੌਜੂਦਾ ਨਫ਼ਰੀ ਵਿਚ ਆਪਣੇ ਆਪ ਹੋਰ ਪ੍ਰੋਫੈਸਰਾਂ ਦੀ ਨਿਯੁਕਤੀ ਕਰ ਦਿੱਤੀ ਹੈ।

ਫਿਰ ਵੀ ਇਹ ਸਪੱਸ਼ਟ ਹੈ ਕਿ ਅਗਰ ਇਨ੍ਹਾਂ ਕਾਲਜਾਂ ਨੂੰ ਆਪਣੀ ਪੜ੍ਹਾਈ ਅਤੇ ਲਾਇਬ੍ਰੇਰੀ ਸਾਧਨਾਂ ਨੂੰ ਇਕੱਠਾ ਕਰਨ ਲਈ ਉਤਸਾਹਿਤ ਕੀਤਾ ਜਾਵੇ ਤਾਂ ਕੇਵਲ ਤਕੜੇ ਮਾਹਰ ਪ੍ਰੋਫੈਸਰ ਹੀ ਪੈਦਾ ਨਹੀਂ ਕੀਤੇ ਜਾਣਗੇ ਬਲਕਿ ਉਹ ਦੋਹਾਂ, ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੰਮਾਂ ਨਾਲ ਨਜਿੱਠਣ ਲਈ ਪ੍ਰੋਫ਼ੈਸਰ ਵੀ ਪੈਦਾ ਕਰਨਗੇ ਅਤੇ ਇਸ ਨਾਲ ਅਰਥ-ਸ਼ਾਸਤਰ ਦੀਆਂ ਦੋ ਯੂਨੀਵਰਸਿਟੀ ਚੇਅਰਾਂ ਤੇ ਯੂਨੀਵਰਸਿਟੀ ਦੇ ਸਾਧਨਾਂ ਨੂੰ ਫ਼ਜ਼ੂਲ ਹੋ ਜਾਣ ਤੋਂ ਰੋਕਣਗੇ। ਅਜਿਹਾ ਕਰਨ ਲਈ ਸਿਰਫ਼ ਇਹੀ ਪ੍ਰਬੰਧ ਕਰਨਾ ਪਵੇਗਾ ਕਿ ਇਹ ਬਾਰਾਂ ਵਿਅਕਤੀ ਯੂਨੀਵਰਸਿਟੀ ਦੀ ਅਰਥ-ਸ਼ਾਸ਼ਤਰ ਸਰਗਰਮੀ ਦੇ ਕੰਮ ਨੂੰ ਆਪਸ ਵਿਚ ਵੰਡ ਕੇ ਇਕੱਠਿਆਂ ਕਰਨ ਅਤੇ ਬਿਨਾਂ ਇਸ ਗਲ ਦਾ ਖ਼ਿਆਲ ਰੱਖ ਕੇ ਕਿ ਵਿਦਿਆਰਥੀ ਕਿਸ ਕਾਲਜ ਵਿਚ ਪੜ੍ਹਦੇ ਹਨ, ਉਹ ਇਹ ਕੋਰਸ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਲਈ ਸਹਿਮਤ ਹੋਣ। ਇਹ ਸਕੀਮ, ਬੰਬਈ ਸ਼ਹਿਰ ਵਿਚ ਕਾਲਜਾਂ ਵਿਚ ਹੋਰ ਵਿਸ਼ਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨ ਲਈ ਵੀ ਆਸਾਨੀ ਨਾਲ ਅਪਣਾਈ ਜਾ ਸਕਦੀ ਹੈ। ਇਸ ਯੋਜਨਾਂ ਦੇ ਰਾਹ ਵਿਚ ਕੇਵਲ ਇਕੋ ਮੁਸ਼ਕਲ ਆਉਣ ਦੀ ਸੰਭਾਵਨਾ ਹੈ। ਉਹ ਇਹ ਕਿ ਵਿਦਿਆਰਥੀਆਂ ਨੂੰ ਇਨ੍ਹਾਂ ਲੈਕਚਰਾਂ ਨੂੰ ਸੁਣਨ ਲਈ ਵੱਖ ਵੱਖ ਕਾਲਜਾਂ ਵਿਚ ਜਾਣਾ ਪਵੇਗਾ। ਇਸ ਮੁਸ਼ਕਲ ਨੂੰ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ। ਮੈਨੂੰ ਕਹਿਣਾ

ਚਾਹੀਦਾ ਹੈ ਕਿ ਰਾਜਨੀਤੀ ਸ਼ਾਸਤਰ ਤੇ ਸਾਰੇ ਲੈਕਚਰ ਸਿਡਨਹਮ ਕਾਲਜ ਵਿਚ ਦਿਤੇ ਜਾਣਗੇ। ਫ਼ਿਲਾਸਫ਼ੀ ਅਤੇ ਸਾਈਕਾਲੋਜੀ ਤੇ ਸਾਰੇ ਲੈਕਚਰ ਵਿਲਸਨ ਕਾਲਜ ਵਿਖੇ ਦਿਤੇ ਜਾਣਗੇ ਅਤੇ ਸਾਹਿਤ ਅਤੇ ਭਾਸ਼ਾ ਤੇ ਸਾਰੇ ਲੈਕਚਰ ਐਲਫਿਨਸਟਨ ਕਾਲਜ ਵਿਚ ਦਿੱਤੇ ਜਾਣਗੇ। ਇਸ ਪ੍ਰਬੰਧ ਨਾਲ ਵਿਦਿਆਰਥੀਆਂ ਦੀ ਕਾਲਜਾਂ ਵਿਚਕਾਰ ਤੇਜ਼ ਦੌੜ ਬਿਲਕੁਲ ਖ਼ਤਮ ਹੋ ਜਾਵੇਗੀ। ਕਾਲਜਾਂ ਨੂੰ ਕਿਸੇ ਖ਼ਾਸ ਵਿਸ਼ੇ ਤੇ ਲੈਕਚਰ ਦੇਣ ਦੇ ਭਵਨਾਂ ਵਜੋਂ ਐਲਾਨ ਕਰ ਦੇਣਾ ਚਾਹੀਦਾ ਹੈ ਅਤੇ ਜਦੋਂ ਸਬੰਧਤ ਕਾਲਜਾਂ ਵਿਚ ਲੈਕਚਰ ਦਿਤੇ ਜਾਣ ਤਾਂ ਇਹ ਇਕੋ ਥਾਂ ਇਕੱਠੇ ਬੈਠ ਕੇ ਦਿਤੇ ਜਾਣ ਤਾਂ ਕਿ ਸਮਰੂਪੀ ਗਰੁੱਪ ਬਣਾਏ ਜਾਣ। ਜਿਸ ਕਾਲਜ ਨੂੰ ਕਿਸੇ ਵਿਸ਼ੇ ਦਾ ਕੰਮ ਸੌਂਪਿਆ ਜਾਵੇ, ਉਥੇ ਜ਼ਗ੍ਹਾ ਦਾ ਪੂਰਾ ਪ੍ਰਬੰਧ ਕੀਤਾ ਜਾਵੇ, ਅਤੇ ਉਨ੍ਹਾਂ ਵਿਚ ਉਸ ਵਿਸ਼ੇਸ਼ ਵਿਸ਼ੇ ਸਬੰਧੀ ਕਾਲਜਾਂ ਦੀਆਂ ਲਾਇਬ੍ਰੇਰੀਆਂ ਦਾ ਕੁਝ ਹਿੱਸਾ ਰਾਖਵਾਂ ਰੱਖਿਆ ਜਾਵੇ।

ਮੈਂ ਸਹਿਮਤ ਹਾਂ ਕਿ ਯੂਨੀਵਰਸਿਟੀ ਇਕ ਕੇਂਦਰਿਤ ਸੰਸਥਾ ਹੋਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਨਵੀਂ ਯੂਨੀਵਰਸਿਟੀ ਦੀ ਯੋਜਨਾ ਨੂੰ ਸੱਮੁਚੇ ਤੌਰ ਤੇ ਨਿਸ਼ਚਿਤ ਕੀਤਾ ਜਾਣਾ ਹੈ ਤਾਂ ਚੰਗਾ ਹੋਵੇਗਾ, ਜੇ ਇਸ ਕਿਸਮ ਦੀ ਕੋਈ ਯੂਨੀਵਰਸਿਟੀ ਨਾ ਬਣਾਈ ਜਾਵੇ ਜਿਸ ਵਿਚ ਸੰਬੰਧਤ ਕਾਲਜ ਸ਼ਾਮਲ ਹੋਣ। ਇਸ ਚੀਜ਼ ਨੂੰ ਜ਼ਰੂਰ ਮਾਨਤਾ ਦਿਤੀ ਜਾਵੇ ਕਿ ਯੂਨੀਵਰਸਿਟੀਆਂ ਨੂੰ ਖਿੰਡੇ-ਪੁੰਡੇ ਢੰਗ ਨਾਲ ਆਰੰਭ ਨਹੀਂ ਕੀਤਾ ਜਾ ਸਕਦਾ ਅਤੇ ਜਿਥੇ ਕਾਲਜ ਪੱਧਰ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਹੋਂਦ ਵਿਚ ਆ ਚੁਕੀਆਂ ਹੋਣ ਉਨ੍ਹਾਂ ਨੂੰ ਕੇਂਦਰੀਕ੍ਰਿਤ ਸੰਸਥਾ ਦੀ ਕਾਮਯਾਬੀ ਵਿਚ ਵਾਧਾ ਕਰਨ ਲਈ ਆਸਾਨੀ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ। ਜਿਸ ਸਕੀਮ ਦੀ ਰੂਪ-ਰੇਖਾ ਮੈਂ ਤਿਆਰ ਕੀਤੀ ਹੈ, ਉਸ ਦੇ ਅਧੀਨ ਨਾਂ ਹੀ ਯੂਨੀਵਰਸਿਟੀ ਵਿਦਿਆ ਦੇ ਮਿਆਰ ਅਤੇ ਨਾ ਹੀ ਕਾਲਜਾਂ ਦੀ ਆਜ਼ਾਦੀ ਦੀ ਕੁਰਬਾਨੀ ਕੀਤੀ ਜਾ ਸਕਦੀ ਹੈ। ਪ੍ਰਬੰਧਕੀ ਤੌਰ ਤੇ ਕਾਲਜ ਆਜ਼ਾਦ ਰਹਿੰਦੇ ਹਨ, ਵਿਦਿਅਕ ਤੌਰ ਤੇ ਉਹ ਯੂਨੀਵਰਸਿਟੀ ਦੇ ਅਟੁੱਟ ਅੰਗ ਹਨ। ਸੰਖੇਪ ਵਿਚ ਸਥਿਤੀ ਕੁਝ ਆਕਸਫੋਰਡ ਅਤੇ ਕੈਂਬ੍ਰਿਜ ਦੀ ਸਥਿਤੀ ਵਰਗੀ ਬਣ ਗਈ ਹੈ ਜਿਥੇ ਯੂਨੀਵਰਸਿਟੀ ਹੀ ਕਾਲਜ ਹਨ ਅਤੇ ਕਾਲਜ ਯੂਨੀਵਰਸਿਟੀ ਬਣਾਉਂਦੇ ਹਨ। ਅਜਿਹੀ ਸੰਸਥਾ ਨੇ ਬਹੁਤ ਸਾਰੇ ਮੌਜੂਦਾ ਕਾਲਜਾਂ ਨੂੰ ਬਣਾਇਆ ਹੈ ਅਤੇ ਫ਼ਾਲਤੂਆਂ ਨੂੰ ਕਢ ਦਿੱਤਾ ਹੈ।

ਪ੍ਰਸ਼ਨ 25 : ਯੂਨੀਵਰਸਿਟੀ ਸਿਖਿਆ ਨੂੰ ਸੰਗਠਿਤ ਕਰਨ ਦੀ ਮੇਰੀ ਸਕੀਮ ਕੇਵਲ ਉਨ੍ਹਾਂ ਕੇਂਦਰਾਂ ਤੇ ਲਾਗੂ ਹੁੰਦੀ ਹੈ ਜਿਥੇ ਕਾਲਜ ਨੇੜੇ ਨੇੜੇ ਸਥਿਤ ਹਨ। ਅਗਰ ਇਸ ਸਕੀਮ ਨੂੰ ਵੱਡੇ ਪੈਮਾਨੇ ਤੇ ਵਰਤੋਂ ਵਿਚ ਲਿਆਉਣਾ ਹੈ ਤਾਂ ਸਭ ਤੋਂ ਪਹਿਲਾਂ ਕਾਲਜਾਂ ਦੇ ਸਥਾਨ ਨੂੰ ਅਨੁਸ਼ਾਸਿਤ ਕਰਨਾ ਹੋਵੇਗਾ ਤਾਂ ਕਿ ਉਨ੍ਹਾਂ ਨੂੰ ਨੇੜੇ ਨੇੜੇ ਸਥਾਪਤ ਕੀਤਾ ਜਾਵੇ। ਦੂਜੇ ਸ਼ਬਦਾਂ ਵਿਚ, ਸਾਹਸੀ ਵਿਦਿਆ-ਸ਼ਾਸਤਰੀਆਂ ਨੂੰ ਅਨੁਚਿਤ ਅਤੇ ਸੰਭਾਵਨਾਹੀਣ ਕਸਬਿਆਂ ਵਿਚ ਜ਼ਾਤੀ ਖ਼ੁਦਮੁਖ਼ਤਾਰ ਕਾਲਜ ਖੋਲ੍ਹਣ ਤੋਂ ਰੋਕਣਾ ਜ਼ਰੂਰੀ ਹੈ। ਜਦੋਂ ਕੋਈ ਅਜਿਹਾ ਵੱਖਰਾ ਅਤੇ ਖਿਲਰਿਆ ਪੁੰਡਰਿਆ ਕਾਲਜ ਵਿਚ ਸ਼ਾਮਲ ਹੋ ਕੇ ਸਾਧਨਾਂ ਦੀ

ਬਰਬਾਦੀ, ਨਕਲ ਅਤੇ ਫ਼ਜ਼ੂਲ-ਖ਼ਰਚੀ ਨੂੰ ਸਦਾ ਦਿੰਦਾ ਹੈ ਤਾਂ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਅਜਿਹੀ ਸ਼ਾਸਨਹੀਣਤਾ ਵਾਲੀ ਸਥਿਤੀ ਨੂੰ ਹੁਣ ਤੱਕ ਸਹਿਣ ਕਰ ਲੈਣਾ ਚਾਹੀਦਾ ਸੀ। ਮੈਂ ਇਸ ਨੂੰ ਬੰਬਈ ਪ੍ਰੈਜ਼ੀਡੈਂਸੀ ਲਈ ਬਹੁਤ ਵੱਡੀ ਖ਼ੁਸ਼ਕਿਸਮਤੀ ਸਮਝਦਾ ਹਾਂ ਕਿ ਇਨ੍ਹਾਂ ਵੱਖਰੇ ਵੱਖਰੇ ਕਾਲਜਾਂ ਦੇ ਵਾਧੇ ਨਾਲ ਵਾਤਾਵਰਨ ਇੰਨਾ ਜ਼ਿਆਦਾ ਨਹੀਂ ਵਿਗੜਿਆ ਜਿਨਾਂ ਬੰਗਾਲ ਵਿਚ ਹੈ। ਪਰ ਬੇਤਰਤੀਬੇ ਖਿੰਡੇ-ਪੁੰਡੇ ਕਾਲਜਾਂ ਨੂੰ ਸਥਾਪਿਤ ਹੋਣ ਤੋਂ ਰੋਕਣ ਲਈ ਤੁਰੰਤ ਕਾਰਵਾਈ ਕਰਨੀ ਜ਼ਰੂਰੀ ਹੈ। ਅਗਰ ਯੂਨੀਵਰਸਿਟੀ ਦੀ ਸਿਖਿਆ ਦੇ ਮਿਆਰ ਨੂੰ ਬਣਾਈ ਰੱਖਣਾ ਹੈ ਤਾਂ ਇਸ ਮੰਤਵ ਲਈ, ਇਸ ਪ੍ਰੈਜ਼ੀਡੈਂਸੀ ਵਿਚ ਯੂਨੀਵਰਸਿਟੀ ਸਿਖਿਆ ਦੇ ਕੇਂਦਰ ਬਣਾ ਦੇਣੇ ਚਾਹੀਦੇ ਹਨ ਅਤੇ ਕਿਸੇ ਕਾਲਜ ਨੂੰ ਕਿਸੇ ਹੋਰ ਥਾਂ ਤੇ ਸ਼ੁਰੂ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਮੇਰੀ ਰਾਏ ਵਿਚ ਨਿਮਨ-ਲਿਖਤ ਥਾਵਾਂ ਨੂੰ ਯੂਨੀਵਰਸਿਟੀ ਸਿਖਿਆ ਦੇ ਵਾਸਤਵ ਜਾਂ ਸੰਭਾਵੀ ਕੇਂਦਰਾਂ ਵਜੋਂ ਅੰਕਿਤ ਕਰ ਦੇਣਾ ਚਾਹੀਦਾ ਹੈ :

1. ਬੰਬਈ।
2. ਪੂਨਾ
3. ਅਹਿਮਦਾਬਾਦ
4. ਸੂਰਤ(ਸੰਭਾਵੀ)
5. ਕਰਾਚੀ
6. ਹੈਦਰਾਬਾਦ (ਸੰਭਾਵੀ)
7. ਧਾਰਵਾੜ (ਸੰਭਾਵੀ)
8. ਸਾਂਗਲੀ (ਸੰਭਾਵੀ)
9. ਨਾਸਿਕ (ਸੰਭਾਵੀ)
10. ਅਮਲਨੇਰ (ਸੰਭਾਵੀ)

ਯੂਨੀਵਰਸਿਟੀ ਸਿਖਿਆ ਦੇ ਕੇਂਦਰਾਂ ਨੂੰ ਨਿਸ਼ਚਿਤ ਕਰਕੇ ਅਗਲਾ ਕੰਮ ਇਹ ਬਣਦਾ ਹੈ ਕਿ ਇਨ੍ਹਾਂ ਥਾਵਾਂ ਤੇ ਸਿਖਿਆ ਦਾ ਪ੍ਰਬੰਧ ਕੀਤਾ ਜਾਵੇ। ਉਪ੍ਰੋਕਤ ਯੂਨੀਵਰਸਿਟੀ ਕੇਂਦਰਾਂ ਵਿਚੋਂ ਬਹੁਤਿਆਂ ਵਿਚ ਆਰਟਸ ਦੀ ਸਿਖਿਆ ਦੇਣ ਵਾਲਾ ਕੇਵਲ ਇਕੋ ਇਕ ਕਾਲਜ ਹੈ। ਸਿਰਫ਼ ਬੰਬਈ ਅਤੇ ਪੂਨਾ ਵਿਖੇ ਹੀ ਨੇੜੇ ਨੇੜੇ ਕਾਲਜਾਂ ਦੇ ਗਰੁੱਪ ਹਨ। ਉਥੇ ਯੂਨੀਵਰਸਿਟੀ ਸਿਖਿਆ ਦੀ ਸਮੱਸਿਆ ਨੂੰ ਵੱਖ ਵੱਖ ਕਾਲਜਾਂ ਦੇ ਅਮਲੇ ਨੂੰ ਵਿਭਾਗਾਂ ਵਿਚ ਤਰਤੀਬ ਦੇ ਕੇ ਅਤੇ ਇਕੱਠਾ ਕਰਕੇ ਆਸਾਨੀ ਨਾਲ ਹਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕੇਂਦਰਾਂ ਤੇ ਜਿਥੇ ਅਜੇ ਸਿਰਫ ਇਕਹੀ ਵਖਰਾ ਕਾਲਜ ਹੈ ਉਥੇ ਯੂਨੀਵਰਸਿਟੀ ਕਿਸਮ ਦੀ ਸਿਖਿਆ ਦੇਣ ਦੀ ਸਮੱਸਿਆ ਨੂੰ ਦੋ ਢੰਗਾਂ ਰਾਹੀਂ ਹੱਲ ਕੀਤਾ ਜਾ ਸਕਦਾ ਹੈ (1) ਕਿਸੇ ਇਕ ਵਿਸ਼ੇਸ਼ ਵਿਸ਼ੇ ਨੂੰ ਪੜ੍ਹਾਉਣ ਦੇ ਮੰਤਵ ਲਈ ਮੌਜੂਦਾ ਇਕ ਕਾਲਜ ਦੇ ਨੇੜੇ ਤੇੜੇ ਨਵੇਂ ਕਾਲਜ ਖੋਲ੍ਹਣ ਦੀ ਆਗਿਆ ਦੇ ਕੇ ਜਾਂ (2) ਮੌਜੂਦਾ ਕਾਲਜ ਨੂੰ ਇਕ ਯੂਨੀਵਰਸਿਟੀ ਦੇ ਤੌਰ ਤੇ ਮਾਨਤਾ ਦੇ ਕੇ ਅਤੇ ਪੜ੍ਹਾਈ ਦੇ ਨਵੇਂ ਵਿਭਾਗ ਸ਼ੁਰੂ ਕਰਕੇ, ਇਸ ਨੂੰ ਵਧਣ ਫੁਲਣ ਦੀ ਆਗਿਆ ਦੇਣੀ ਚਾਹੀਦੀ ਹੈ। ਪਹਿਲੀ ਸਕੀਮ, ਕਾਮਯਾਬੀ ਲਈ ਆਸਾਨ ਜਾਪਦੀ ਹੈ, ਪਰ ਦੂਜੀ, ਨਿਪੁੰਨਤਾ ਦੇ ਦ੍ਰਿਸ਼ਟੀਕੋਣ ਤੋਂ ਅੱਛੀ ਹੋਵੇਗੀ। ਇਸ ਨੀਤੀ ਨੂੰ ਅਪਣਾਉਣ ਨਾਲ, ਪ੍ਰੈਜ਼ੀਡੈਂਸੀ ਦੇ ਉਨ੍ਹਾਂ ਭਾਗਾਂ ਵਿਚ ਵਿਦਿਅਕ ਮੰਗਾਂ ਨੂੰ ਪੂਰਾ ਕਰਨ ਲਈ ਪ੍ਰੈਜ਼ੀਡੈਂਸੀ

ਦੇ ਵੱਖ ਵੱਖ ਭਾਗਾਂ ਵਿਚ ਖਿੰਡੇ-ਪੁੰਡੇ ਕਈ ਕਾਲਜਾਂ ਦੀ ਬਜਾਏ ਅਸੀਂ ਉਨ੍ਹਾਂ ਭਾਗਾਂ ਵਿਚ ਹੋਰ ਯੂਨੀਵਰਸਿਟੀਆਂ ਸਥਾਪਿਤ ਕਰਨ ਦੇ ਯੋਗ ਹੋ ਜਾਵਾਂਗੇ। ਇਸ ਨਾਲ ਅਸੀਂ ਕੇਂਦ੍ਰਿਤ ਯੂਨੀਵਰਸਿਟੀ ਦੇ ਨਿਸ਼ਾਨੇ ਨੂੰ ਨਹੀਂ ਪ੍ਰਾਪਤ ਕਰ ਸਕਾਂਗੇ। ਲੇਕਿਨ ਅਸੀਂ ਘੱਟੋ-ਘੱਟ ਸਾਰੇ ਕਾਲਜਾਂ ਨੂੰ ਜੋ ਯੂਨੀਵਰਸਿਟੀ ਕਸਬੇ ਵਿਚ ਸਥਿਤ ਯੂਨੀਵਰਸਿਟੀ ਨਾਲ ਸੰਬੰਧਤ ਹਨ, ਬੁਧੀਜੀਵੀ ਸਹਿਯੋਗ ਵਿਚ ਇਕੱਠਾ ਕਰਨ ਲਈ ਇਕ ਦੂਜੇ ਦੇ ਨੇੜੇ ਲਿਆਉਣ ਅਤੇ ਯੂਨੀਵਰਸਿਟੀ ਨੂੰ ਇਕ ਜਿਉਂਦੀ ਜਾਗਦੀ ਸ਼ਖਸ਼ੀਅਤ ਬਣਾਉਣ ਦੇ ਅਗਲੇ ਅੱਛੇ ਨਿਸ਼ਾਨੇ ਨੂੰ ਤਾਂ ਪ੍ਰਾਪਤ ਕਰ ਸਕਾਂਗੇ।

ਪ੍ਰਸ਼ਨ 28 : ਬੰਬਈ ਅਤੇ ਪੂਨਾ ਹੀ ਸਿਰਫ਼ ਯੂਨੀਵਰਸਿਟੀਆਂ ਦੇ ਤੁਰੰਤ ਪਸਾਰ ਲਈ ਠੀਕ ਥਾਵਾਂ ਹਨ ਅਤੇ ਮੈਂ ਸੁਝਾਉ ਦਿੰਦਾ ਹਾਂ ਕਿ ਇਨ੍ਹਾਂ ਵਿੱਚ ਤੁਰੰਤ ਵੱਖ ਵੱਖ ਯੂਨੀਵਰਸਿਟੀਆਂ ਵਿਚ ਸਥਾਪਤ ਕਰ ਦਿੱਤੀਆਂ ਜਾਣ। ਅਹਿਮਦਾਬਾਦ ਕੋਲ ਨਿਕਟ ਭਵਿੱਖ ਵਿਚ ਵਿਕਸਿਤ ਹੋਣ ਦੀ ਸੰਭਾਵਨਾ ਹੈ। ਇਥੇ ਪਹਿਲਾਂ ਹੀ ਇਕ ਆਰਟਸ ਕਾਲਜ ਅਤੇ ਇਕ ਸਾਇੰਸ ਸੰਸਥਾ ਹੈ ਅਤੇ ਇਸ ਨੂੰ ਯੂਨੀਵਰਸਿਟੀ ਵਿਚ ਤਬਦੀਲ ਕੀਤਾ ਜਾ ਸਕਦਾ ਹੈ।

ਉਪ੍ਰੋਕਤ ਵਰਣਿਤ ਕੇਂਦਰਾਂ ਵਿਚ ਜਦ ਤੱਕ ਯੂਨੀਵਰਸਿਟੀਆਂ ਸਥਾਪਿਤ ਨਹੀਂ ਹੁੰਦੀਆਂ, ਬੰਬਈ, ਪੂਨਾ ਅਤੇ ਅਹਿਮਦਾਬਾਦ ਦੀਆਂ ਤਿੰਨਾਂ ਯੂਨੀਵਰਸਿਟੀਆਂ ਵਿਚ ਲੰਦਨ ਦੀ ਯੂਨੀਵਰਸਿਟੀ ਦੀ ਤਰ੍ਹਾਂ ਕੋਈ ਬਾਹਰੀ ਪ੍ਰਬੰਧ ਕੀਤਾ ਜਾਵੇ ਜਿਸ ਰਾਹੀਂ ਇਮਤਿਹਾਨ ਦੇਣ ਵਾਲੇ ਹੋਰ ਕਾਲਜਾਂ ਦੇ ਵਿਦਿਆਰਥੀਆਂ ਨੂੰ ਡਿਗਰੀਆਂ ਦੇਣ ਦਾ ਪ੍ਰਬੰਧ ਕੀਤਾ ਜਾ ਸਕੇ।

ਜੇਕਰ ਇਸ ਪ੍ਰੈਜ਼ੀਡੈਂਸੀ ਵਿਚ ਸਥਾਪਿਤ ਕੀਤੀਆਂ ਜਾਣ ਵਾਲੀਆਂ ਭਵਿਖ ਦੀਆਂ ਯੂਨੀਵਰਸਿਟੀਆਂ ਆਪਣੇ ਆਪ ਨੂੰ ਕੇਂਦ੍ਰਿਤ ਸੰਸਥਾਵਾਂ ਦਾ ਰੂਪ ਦੇ ਲੈਣ ਤਾਂ ਇਨ੍ਹਾਂ ਪ੍ਰਸ਼ਨਾਂ ਵਿਚ ਉਠਾਈਆਂ ਗਈਆਂ ਸਮੱਸਿਆਵਾਂ ਪੈਦਾ ਹੀ ਨਹੀਂ ਹੋਣਗੀਆਂ; ਕਿਉਂਕਿ, ਫਿਰ ਯੂਨੀਵਰਸਿਟੀ ਆਪਣੇ ਅਮਲੇ ਅਤੇ ਟੀਚਿੰਗ ਪ੍ਰਬੰਧਾਂ ਦੇ ਪੂਰਨ ਕੰਟ੍ਰੋਲ ਵਿਚ ਰਹੇਗੀ। ਲੇਕਿਨ ਮੇਰਾ ਵਿਚਾਰ ਹੈ ਕਿ ਸਾਡੀਆਂ ਭਵਿਖ ਦੀਆਂ ਯੂਨੀਵਰਸਿਟੀਆਂ ਆਪਣੀ ਜੱਥੇ-ਬੰਦੀ ਵਿਚ ਸੰਬੱਧਤ ਕਾਲਜਾਂ ਦਾ ਇਕ ਝੁੰਡ ਬਣ ਜਾਣਗੀਆਂ। ਇਹ ਹਰ ਹਾਲਤ ਵਿਚ ਬੰਬਈ ਅਤੇ ਪੂਨਾ ਦੀਆਂ ਨਵੀਆਂ ਯੂਨੀਵਰਸਿਟੀਆਂ ਵਰਗੀਆਂ ਹੋ ਜਾਣਗੀਆਂ। ਕਾਲਜਾਂ ਨੂੰ ਸੰਬਧ ਕਰ ਲੈਣ ਦੀ ਸਕੀਮ ਅਧੀਨ, ਕਾਲਜ ਅਜੇ ਵੀ ਯੂਨੀਵਰਸਿਟੀ ਦੀ ਆਗਿਆ ਨਾਲ ਯੂਨੀਵਰਸਿਟੀ ਸਿਖਿਆ ਦੇਣ ਦੇ ਕੇਂਦਰ ਬਣੇ ਰਹਿਣਗੇ। ਅੰਤਰ-ਕਾਲਜ ਟੀਚਿੰਗ ਯੋਜਨਾ ਸੰਬਧ ਕਾਲਜਾਂ ਦੁਆਰਾ ਕੀਤੀ ਜਾਵੇਗੀ ਅਤੇ ਫ਼ਜ਼ੂਲ ਵਰਤੋਂ ਨੂੰ ਦੂਰ ਕਰੇਗੀ। ਲੇਕਿਨ, ਕੀ ਉਹ ਪ੍ਰਬੰਧ ਇਹ ਯਕੀਨੀ ਬਣਾਉਣ ਲਈ ਕਾਫ਼ੀ ਹੋਣਗੇ ਕਿ ਯੂਨੀਵਰਸਿਟੀ ਦੀ ਸਿਖਿਆ ਦਾ ਪੱਧਰ ਉੱਚਾ ਹੋਵੇਗਾ ? ਇਹ ਯੂਨੀਵਰਸਿਟੀ ਦੀ ਸਿਖਿਆ ਦੇਣ ਵਿਚ ਜੁਟੇ ਟੀਚਿੰਗ ਅਮਲੇ ਦੇ ਪੱਧਰ (ਸਟੈਂਡਿੰਗ) ਤੇ ਨਿਰਭਰ ਕਰਦਾ ਹੈ। ਇਸ ਵਕਤ

ਅਧਿਆਪਕ ਕਾਲਜਾਂ ਨਾਲ ਜੋੜੇ ਗਏ ਹਨ ਅਤੇ ਉਨ੍ਹਾਂ ਦੀ ਤਨਖ਼ਾਹ ਅਤੇ ਪਦਵੀ ਕਾਲਜਾਂ ਦਾ ਪ੍ਰਬੰਧ ਚਲਾਉਣ ਵਾਲੇ ਅਧਿਕਾਰੀਆਂ ਦੁਆਰਾ ਨਿਯਮਿਤ ਕੀਤੇ ਜਾਂਦੇ ਹਨ। ਪਰ ਕਾਲਜ ਅੱਛੀ ਯੋਗਤਾ ਪ੍ਰਾਪਤ ਵਿਅਕਤੀਆਂ ਨੂੰ ਪ੍ਰਾਪਤ ਕਰਨ ਦੇ ਦ੍ਰਿਸ਼ਟੀਕੋਣ ਤੋਂ ਇਕਲੇ ਨਿਯੁਕਤੀਆਂ ਨਹੀਂ ਕਰਦੇ, ਨਾ ਹੀ ਉਹ ਕਿਸੇ ਅਜਿਹੇ ਢੰਗ ਵਿਚ ਜਿਵੇਂ ਇਕ ਬਹੁਤ ਅੱਛਾ ਕੈਰੀਅਰ ਬਣਾਉਣ ਅਤੇ ਅੱਛਾ ਯੋਗ ਅਮਲਾ ਪ੍ਰਾਪਤ ਕਰਨ ਲਈ, ਉਨ੍ਹਾਂ ਦੇ ਗ੍ਰੇਡ, ਮਿਆਦ, ਤਨਖ਼ਾਹ ਅਤੇ ਤਰੱਕੀ ਨੂੰ ਨਿਯਮਿਤ ਕਰਦੇ ਹਨ। ਸਰਕਾਰ ਦੁਆਰਾ ਕੀਤਾ ਜਾਂਦਾ ਸਮੁੱਚਾ ਵਿਦਿਅਕ ਕੰਮ ਤਿੰਨਾਂ ਗ੍ਰੇਡਾਂ ਵਿਚ ਵਿਦਿਅਕ ਸੇਵਾਵਾਂ ਨੂੰ ਸੌਂਪਿਆ ਗਿਆ ਹੈ ਜਿਨ੍ਹਾਂ ਵਿਚ ਸਾਰੇ ਪ੍ਰਬੰਧਕੀ ਅਤੇ ਨਿਰੀਖਕ ਅਫ਼ਸਰ, ਅਤੇ ਸਰਕਾਰੀ ਕਾਲਜਾਂ ਦੇ ਸਾਰੇ ਅਧਿਆਪਕ ਅਤੇ ਸਭ ਤੋਂ ਜੂਨੀਅਰ ਲਈ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਸਕੂਲ ਸ਼ਾਮਲ ਹਨ। ਸਾਰੀਆਂ ਸੇਵਾਵਾਂ ਦੀ ਤਰ੍ਹਾਂ ਸੀਨੀਆਰਟੀ ਦਾ ਸਿਧਾਂਤ ਇੰਨਾ ਚੰਗੀ ਤਰ੍ਹਾਂ ਮਜ਼ਬੂਤ ਕੀਤਾ ਗਿਆ ਹੈ ਕਿ ਇਹ ਇਕ ਪਵਿੱਤਰ ਪ੍ਰਥਾ ਬਣ ਗਿਆ ਹੈ। ਸਾਰੀਆਂ ਉੱਚ ਪਦਵੀਆਂ ਸੀਨੀਆਰਟੀ ਮੁਤਾਬਕ ਦੇਣੀਆਂ ਚਾਹੀਦੀਆਂ ਹਨ। ਜਿਥੋਂ ਤੱਕ ਯੂਨੀਵਰਸਿਟੀ ਵਿਦਿਆ ਦੇ ਕੰਮ ਦਾ ਸਬੰਧ ਹੈ ਇਸ ਪ੍ਰਣਾਲੀ ਵਿਚ ਮੂਲ ਨੁਕਸ ਇਹ ਹੈ ਕਿ ਇਨਾਮ ਵਿਦਵਤਾ ਦੀ ਡੂੰਘਾਈ ਅਨੁਸਾਰ ਨਹੀਂ ਨਿਯਮਿਤ ਕੀਤੇ ਜਾਂਦੇ ਬਲਕਿ ਇਹ ਨੌਕਰੀ ਦੀ ਮਿਆਦ ਦੁਆਰਾ ਨਿਯਮਿਤ ਕੀਤੇ ਜਾਂਦੇ ਹਨ। ਕਾਲਜਾਂ ਦੇ ਅਧਿਆਪਕ, ਜਿਨ੍ਹਾਂ ਨੂੰ ਥਾਂ ਥਾਂ ਤੇ ਬਦਲਿਆ ਜਾਣਾ ਹੁੰਦਾ ਹੈ (ਜਿਵੇਂ ਸਰਕਾਰੀ ਨੌਕਰੀ ਕਰਨ ਵਾਲਿਆਂ ਦੇ ਕੇਸ ਵਿਚ ਹੈ) ਕਾਲਜ ਪ੍ਰਤਿ ਉਹ ਨਿਸ਼ਤਾ ਅਤੇ ਆਗਿਆ ਪਾਲਣ ਦੀ ਭਾਵਨਾ ਨਹੀਂ ਰਖ ਸਕਦੇ ਬਲਕਿ ਮਹਿਸੂਸ ਕਰ ਸਕਦੇ ਹਨ ਕਿ ਸੰਸਥਾ ਜਿਹੜੀ ਆਪਣੀ ਵਫ਼ਾਦਾਰੀ ਅਤੇ ਆਗਿਆਕਾਰੀ ਦਾ ਦਾਅਵਾ ਕਰਦੀ ਹੈ ਉਹ ਕਾਲਜ ਨਹੀਂ ਹੈ ਸਗੋਂ ਇਕ ਸੇਵਾ ਹੈ। ਆਮ ਤੌਰ ਤੇ ਉਨ੍ਹਾਂ ਦੀ ਲਾਲਸਾ ਸੇਵਾ ਵਿਚ ਤਰੱਕੀਆਂ ਹਾਸਲ ਕਰਨ ਦੀ ਹੁੰਦੀ ਹੈ ਨਾ ਕਿ ਸਿਖਿਆ ਸੰਸਥਾ ਸਿਰਜਿਤ ਕਰਨ ਦੀ ਜਿਸ ਨਾਲ ਉਨ੍ਹਾਂ ਦੇ ਨਾਵਾਂ ਦੀ ਪਛਾਣ ਹੋ ਸਕੇਗੀ। ਆਈ.ਏ.ਐਸ. ਅਤੇ ਪੀ.ਈ.ਐਸ. ਵਿਚਕਾਰ ਰੱਖਿਆ ਗਿਆ ਵਿਤਕਰਾ ਪੂਰਨ ਫ਼ਰਕ ਇਸ ਸਰਵਿਸ ਪ੍ਰਣਾਲੀ ਦੀ ਇਕ ਹੋਰ ਕਮਜ਼ੋਰੀ ਹੈ ਜੋ ਪਹਿਲੇ ਦੇ ਬਹੁਤ ਜੂਨੀਅਰ ਮੈਂਬਰਾਂ ਨੂੰ ਮਗਰਲੇ ਦੇ ਬਹੁਤ ਸੀਨੀਅਰ ਅਤੇ ਉਘੇ ਮੈਂਬਰਾਂ ਨਾਲੋਂ ਆਪਣੇ ਆਪ ਨੂੰ ਉੱਚਾ ਸਮਝਣ ਲਈ ਵਰਗਲਾਉਂਦੀ ਹੈ। ਇਸ ਨਾਲ ਕਾਲਜ ਅਮਲੇ ਦੇ ਮੈਂਬਰਾਂ ਵਿਚਕਾਰ ਨਫ਼ਰਤ ਪੈਦਾ ਹੁੰਦੀ ਹੈ ਉਸ ਮਫ਼ਤ ਅਤੇ ਦੋਸਤਾਨਾ ਸਹਿਯੋਗ ਵਿਚ ਰੁਕਾਵਟ ਆਉਂਦੀ ਹੈ ਜੋ ਕਿਸੇ ਵਿਦਿਅਕ ਸੰਸਥਾ ਦੇ ਬੌਧਿਕ ਜੀਵਨ ਨੂੰ ਉੱਚਾ ਚੁਕਣ ਲਈ ਬਹੁਤ ਲਾਜ਼ਮੀ ਹੈਂ, ਕਾਲਜ ਅਮਲੇ ਦੇ ਮੈਂਬਰਾਂ ਵਿਚਕਾਰ ਨਫ਼ਰਤ ਪੈਦਾ ਹੁੰਦੀ ਹੈ ਅਤੇ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਹਾਲਾਤ ਅਧੀਨ ਸਰਕਾਰੀ ਕਾਲਜਾਂ ਵਿਚ ਪ੍ਰੋਫ਼ੈਸਰ ਸਰਕਾਰੀ ਨੌਕਰ ਹੋਣ ਦੇ ਨਾਤੇ ਆਪਣੇ ਵਿਦਿਆਰਥੀਆਂ ਦਾ ਵਿਸ਼ਵਾਸ਼ ਗੁਵਾ ਚੁੱਕੇ ਹਨ। ਵਿਦਿਆਰਥੀ ਆਪਣੇ ਪ੍ਰੋਫੈਸਰਾਂ ਨੂੰ ਆਪਣੇ ਬੌਧਿਕ ਆਗੂ ਸਮਝਣ ਦੀ ਬਜਾਏ ਉਨ੍ਹਾਂ ਨੂੰ ਸਰਕਾਰ ਦੇ ਏਜੰਟ ਸਮਝਦੇ ਹਨ ਅਤੇ ਪ੍ਰੋਫੈਸਰ ਆਪਣੇ

ਵਿਦਿਆਰਥੀਆਂ ਤੋ ਕੋਈ ਸਨਮਾਨ ਨਾ ਪ੍ਰਾਪਤ ਕਰਦਿਆਂ ਉਨ੍ਹਾਂ ਨੂੰ ਰੁਚੀ ਨੂੰ ਪ੍ਰਫੁਲਤ ਕੀਤੇਅਤੇ ਉਨ੍ਹਾਂ ਨੂੰ ਵਫ਼ਾਦਾਰੀ ਦਿੱਤੇ ਬਗ਼ੈਰ ਇਕ ਵਗਾਰੀ ਵਾਂਗੂ ਕੰਮ ਕਰਦੇ ਹਨ। ਮਿਸ਼ਨਰੀ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਕਾਲਜਾਂ ਦੇ ਅਮਲੇ ਦੇ ਮੋਹਰੀ ਮੈਂਬਰ ਯੂਰਪੀਅਨ ਮਿਸ਼ਨਰੀ ਹਨ। ਬਾਕੀ ਦਾ ਅਮਲਾ ਭਾਰਤੀ ਅਧਿਆਪਕਾਂ ਦਾ ਹੈ। ਆਈ. ਈ. ਐਸ. ਅਤੇ ਪੀ. ਈ. ਐਸ. ਵਿਚਕਾਰ ਫ਼ਰਕ ਛੋਟੇ ਪੈਮਾਨੇ ਵਿਚ ਮੁੜ ਪੇਸ਼ ਕੀਤਾ ਗਿਆ ਹੈ ਭਾਵੇਂ ਇਹ ਖੁਲ੍ਹੀ ਨਫਰਤ ਪੈਦਾ ਕਰਨ ਲਈ ਜ਼ੋਰ ਪਾਉਣ ਲਈ ਕਾਫੀ ਨਹੀਂ। ਸੁਸਾਇਟੀਆਂ ਦੁਆਰਾ ਚਲਾਏ ਜਾਂਦੇ ਪ੍ਰਾਈਵੇਟ ਕਾਲਜਾਂ ਵਿਚ ਜਿਵੇਂ ਦੱਖਣ ਵਿਦਿਆ ਸੁਸਾਇਟੀ ਹੈ, ਅਮਲੇ ਦੇ ਸਾਰੇ ਮੈਂਬਰ ਸੁਸਾਇਟੀ ਦੇ ਮੈਂਬਰ ਹਨ। ਅਮਲਾ ਲਗਭਗ ਇਕੋ ਜਿਹਾ ਹੈ। ਇਸ ਕਰਕੇ ਕਿਸੇ ਕਿਸਮ ਦੀ ਫੁੱਟ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਭਾਵੇਂ ਇਨ੍ਹਾਂ ਪ੍ਰਾਈਵੇਟ ਕਾਲਜਾਂ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਸੰਭਾਵਨਾਵਾਂ ਬਾਰੇ ਬਹੁਤੇ ਯਕੀਨ ਨਾਲ ਨਹੀਂ ਕਹਿ ਸਕਦਾ ਪਰ ਮੈਨੂੰ ਇਹ ਯਕੀਨ ਹੈ ਕਿ ਜਦੋਂ ਉਨ੍ਹਾਂ ਦੀ ਸਰਕਾਰੀ ਕਾਲਜਾਂ ਦੇ ਹੇਠਲੇ ਗ੍ਰੇਡਾਂ ਨਾਲ ਤੁਲਨਾ ਕੀਤੀ ਜਾਂਦੀ ਹੈ, ਉਹ ਬਹੁਤ ਛੋਟੇ ਹੋ ਜਾਂਦੇ ਹਨ ਅਤੇ ਅਸਲ ਵਿਚ ਉਹ ਇਨੇ ਛੋਟੇ ਹੁੰਦੇ ਨਹੀਂ। ਉਹ ਆਧੁਨਿਕ ਯੋਗਤਾ ਵਾਲੇ ਵਿਅਕਤੀਆਂ ਨੂੰ ਆਪਣੇ ਵਲ ਖਿਚ ਨਹੀਂ ਸਕਦੇ ਜਿਨਾਂ ਚਿਰ ਉਹ ਬੇਗ਼ਰਜ਼ੀ ਨੂੰ ਕਾਫ਼ੀ ਹਦ ਤਕ ਨਹੀਂ ਛੱਡ ਦਿੰਦੇ। ਪਰ ਇਕਲੇ ਪ੍ਰਾਈਵੇਟ ਕਾਲਜ ਹੀ ਨਹੀਂ ਹਨ ਜਿਹੜੇ ਆਪਣੀਆਂ ਖ਼ਾਲੀ ਆਸਾਮੀਆਂ ਨੂੰ ਭਰਨ ਲਈ ਸਹੀ ਵਿੱਅਕਤੀ ਪ੍ਰਾਪਤ ਨਹੀਂ ਕਰ ਸਕੇ। ਬਲਕਿ ਸਰਕਾਰੀ ਕਾਲਜ ਵੀ ਜਿਨ੍ਹਾਂ ਦੀਆਂ ਸੰਭਾਵਨਾਵਾਂ ਬਹੁਤ ਅੱਛੀਆਂ ਹਨ, ਚੰਗੀ ਕਿਸਮ ਦੇ ਵਿਅੱਕਤੀ ਪ੍ਰਾਪਤ ਕਰਨ ਵਿਚ ਕਾਮਯਾਬ ਨਹੀਂ ਹੋਏ। ਕਾਰਨ ਇਹ ਹੈ ਕਿ ਉਨ੍ਹਾਂ ਕੋਲ ਉਚਿਤ ਚੋਣ ਕਰਨ ਲਈ ਕੋਈ ਢੁਕਵੀਂ ਮਸ਼ੀਨਰੀ ਨਹੀਂ ਹੈ। ਸਰਕਾਰੀ ਕਾਲਜਾਂ ਦੇ ਕੇਸ ਵਿਚ ਡਾਇਰੈਕਟਰ ਸਿਖਿਆ ਜਾਂ ਸਰਕਾਰ ਦਾ ਸਕੱਤਰ ਹੈ ਜਿਹੜੇ ਚੋਣ ਕਰਦੇ ਹਨ। ਦਰਅਸਲ, ਉਹ ਇਸ ਕੰਮ ਲਈ ਮਾਹਰ ਲੋਕ ਨਹੀਂ ਹਨ। ਇਸੇ ਤਰ੍ਹਾਂ ਪ੍ਰਾਈਵੇਟ ਕਾਲਜਾਂ ਵਿਚ ਨਿਯੁਕਤੀਆਂ ਦਾ ਕੰਮ ਕਾਲਜਾਂ ਦੇ ਮੁਖੀਆ ਦੇ ਹੱਥਾਂ ਵਿਚ ਹੈ ਅਤੇ ਉਹ ਵੀ ਸਹੀ ਚੋਣ ਕਰਨ ਦੇ ਯੋਗ ਨਹੀਂ ਹਨ। ਨੁਕਸ ਇਹ ਹੈ ਕਿ ਇਸ ਚੀਜ਼ ਦੀ ਪਹਿਚਾਣ ਨਾ ਕਰਨਾ ਕਿ ਕਿਸੇ ਵਿਅਕਤੀ ਦੀ ਯੋਗਤਾ ਦਾ ਨਿਰਧਾਰਨ ਕਰਨ ਲਈ ਉਸ ਦੀ ਚੋਣ ਕਰਨ ਵਾਲੇ ਵਿਅਕਤੀ ਵਿਚ ਵੀ ਉਸੇ ਤਰ੍ਹਾਂ ਦੀ ਯੋਗਤਾ ਹੋਣੀ ਚਾਹੀਦੀ ਹੈ। ਇਕ ਅਰਥ- ਸ਼ਾਸਤਰੀ ਦੀ ਕੇਵਲ ਇਕ ਅਰਥ ਸ਼ਾਸ਼ਤਰੀ ਹੀ ਪਹਿਚਾਣ ਕਰ ਸਕਦਾ ਹੈ।

ਫਿਰ ਵੀ, ਇਨ੍ਹਾਂ ਮੁਸ਼ਕਲਾਂ ਅਤੇ ਕਮੀਆਂ ਦੇ ਬਾਵਜੂਦ ਵੱਖ ਵੱਖ ਕਾਲਜਾਂ ਦੁਆਰਾ ਇਸ ਤਰ੍ਹਾਂ ਭਾਰਤੀ ਕੀਤੇ ਗਏ ਯੂਨੀਵਰਸਿਟੀ ਦੇ ਅਮਲੇ ਨੂੰ ਉਚਿਤ ਮੇਲ-ਜੋਲ ਵਿਚ ਲਿਆਉਣ ਦਾ ਸੰਭਵ ਸਾਧਨ ਹੈ, ਖ਼ਾਸ ਕਰਕੇ ਜਿਥੋਂ ਤੱਕ ਯੂਨੀਵਰਸਿਟੀ ਦੀਆਂ ਲੋੜਾਂ ਪ੍ਰਤਿ ਇਸ ਦੇ ਮੈਂਬਰਾਂ ਦਾ ਜਾਂ ਇਸ ਦੀ ਵੰਡ ਦਾ ਸਬੰਧ ਹੈ। ਯੂਨੀਵਰਸਿਟੀ ਖ਼ੁਦ ਇਕ ਵਿਸ਼ੇ ਲਈ ਅੱਧੀ ਦਰਜਨ ਪ੍ਰੋਫੈਸਰ ਭੇਜੇਗੀ ਅਤੇ ਬਰਾਬਰ ਮਹੱਤਾ ਵਾਲੀ ਦੂਜੀ ਬ੍ਰਾਂਚ ਲਈ ਕੋਈ

ਵੀ ਨਹੀਂ ।ਯੂਨੀਵਰਸਿਟੀ ਅਦਾਰਾ ਇਨ੍ਹਾਂ ਲਾਈਨਾਂ ਤੇ ਚਲ ਨਹੀਂ ਸਕਦਾ ਅਤੇ ਉਪ੍ਰੋਕਤ ਵਰਣਿਤ ਮੁਸ਼ਕਲਾਂ ਨੂੰ ਕੇਵਲ ਯੂਨੀਵਰਸਿਟੀ ਦੇ ਸਾਰੇ ਅਧਿਆਪਕਾਂ ਦੀਆਂ ਨਿਯੁਕਤੀਆਂ ਵਿਦਿਅਕ ਕੌਂਸਲ (ਦੇਖੋ ਨਵੀਂ ਯੂਨੀਵਰਸਿਟੀ ਦਾ ਸੰਵਿਧਾਨ) ਰਾਹੀਂ ਖ਼ੁਦ ਯੂਨੀਵਰਸਿਟੀ ਦੇ ਹਥਾਂ ਵਿਚ ਰੱਖ ਕੇ ਜਾਂ ਘੱਟੋ ਘੱਟ ਨਿਯੁਕਤੀ ਕਰਨ ਵਿਚ ਯੂਨੀਵਰਸਿਟੀ ਨੂੰ ਅਸਰਦਾਇਕ ਅਵਾਜ਼ ਉਠਾਉਣ ਅਵਾਜ਼ ਉਠਾਉਣ ਦਾ ਮੌਕਾ ਦੇਕੇ, ਦੂਰ ਕੀਤਾ ਜਾ ਸਕਦਾ ਹੈ।

ਇਸ ਲਈ , ਮੈਂ ਤਜਵੀਜ਼ ਕਰਦਾ ਹਾਂ ਕਿ ਵਿਦਿਅਕ ਸੇਵਾ ਦੀ ਕਾਲਜੀਏਟ ਸ਼ਾਖ਼ਾ ਨੂੰ ਪ੍ਰਬੰਧਕੀ ਸ਼ਾਖ਼ਾ ਨਾਲੋਂ ਵੱਖ ਕਰ ਦੇਣਾਂ ਚਾਹੀਦਾ ਹੈ ਅਤੇ ਢੁਕਵੇਂ ਸੁਰੱਖਿਆ ਸਾਧਨਾਂ ਸਮੇਤ ਯੂਨੀਵਰਸਿਟੀ ਅਧੀਨ ਕਰ ਦੇਣਾ ਚਾਹੀਦਾ ਹੈ।ਦੂਜੇ ਸ਼ਬਦਾਂ ਵਿਚ ਵੱਖ ਵੱਖ ਕਾਲਜਾਂ ਵਿਚ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਪ੍ਰਾਈਵੇਟ ਅਤੇ ਸਰਕਾਰੀ ਕਾਲਜਾਂ ਦੁਆਰਾ ਮੌਜੂਦਾ ਕੇਸ ਵਿਚ ਜੁੜੀਆਂ ਅਤੇ ਕੁਝ ਆਧਾਰਾਂ ਨਾਲ ਸਮਰਥਨ ਕੀਤੀਆਂ ਗਈਆਂ ਚੇਅਰਾਂ ਵਿਚ ਤਬਦੀਲ ਕਰ ਦੇਣਾ ਚਾਹੀਦਾ ਹੈ।ਪਰ ਇਨ੍ਹਾਂ ਚੇਅਰਾਂ ਦੀਆਂ ਨਿਯੁਕਤੀਆਂ ਯੂਨੀਵਰਸਿਟੀ ਦੇ ਹਥ ਵਿਚ ਹੋਣੀਆਂ ਚਾਹੀਦੀਆਂ ਹਨ।

ਮੈਂ ਅਮਲੇ ਦੀ ਨਿਯੁਕਤੀ ਕਰਨ ਲਈ ਯੂਨੀਵਰਸਿਟੀ ਦੇ ਕੰਟ੍ਰੋਲ ਨੂੰ ਬਹੁਤ ਜ਼ਿਆਦਾ ਮਹੱਤਾ ਦਿੰਦਾ ਹਾਂ। ਹੁਣ ਤੱਕ ਬੰਬਈ ਯੂਨੀਵਰਸਿਟੀ ਨੇ ਆਪਣੀ ਸ਼ਕਤੀ ਰਾਹੀਂ ਇਮਤਿਆਨ ਦੀ ਬੇਲਚਕ ਪ੍ਰਣਾਲੀ ਰਾਹੀਂ, ਟੈਸਟ ਕਰਕੇ ਯੂਨੀਵਰਸਿਟੀ ਸਿਖਆ ਦੇ ਮਿਆਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਨੀਤਜਾ ਇਹ ਹੋਇਆ ਕਿ ਇਸ ਦੇ ਗ੍ਰੈਜੂਏਟਾਂ ਦੀ ਲਿਆਕਤ ਵਿਚ ਹੋਲੀ ਹੋਲੀ ਨਿਘਾਰ ਆ ਗਿਆ। ਅਜਿਹਾ ਮੁੱਖ ਤੌਰ ਦੇ ਸਾਡੀ ਯੂਨੀਵਰਸਿਟੀ ਸਿਖਿਆ ਦੇ ਪਿਤਾਮਿਆਂ ਦੁਆਰਾ ਕੀਤੀ ਗਈ ਘੋਰ ਗ਼ਲਤੀ ਕਾਰਨ ਹੋਇਆ ।ਉਨ੍ਹਾਂ ਨੇ ਇਹ ਪਛਾਣ ਬਿਲ ਕੁਲ ਨਹੀਂ ਕੀਤੀ ਕਿ ਯੂਨੀਵਰਸਿਟੀ ਸਿਖਿਆ ਦੇ ਮਿਆਰ ਨੂੰ ਬਣਾਈ ਰੱਖਣ ਦਾ ਇਕੋ ਇਕ ਸਾਧਨ ਹੈ ਉਨਾਂ ਵਿਦਿਆਰਥੀਆਂ ਨੂੰ ਸਖ਼ਤੀ ਨਾਲ ਕਢਣਾ ਜਿਹੜੇ ਯੂਨੀਵਰਸਿਟੀ ਦੀ ਪੜ੍ਹਾਈ ਦੇ ਅਯੋਗ ਹਨ ਅਤੇ ਉਚਿਤ ਤੌਰ ਤੇ ਸਾਜ਼ੋਂ-ਸਮਾਨ ਨਾਲ ਲੈਸ ਵਿਭਾਗਾਂ ਵਿਚ ਸੰਗਠਿਤ ਉੱਚ ਯੋਗਤਾ ਅਤੇ ਉਸਾਰੂ ਅਧਿਆਪਕਾਂ ਦੀ ਸੰਸਥਾ ਦੀ ਹੋਂਦ ਨੂੰ ਕਾਇਮ ਰੱਖਣ। ਦੂਜੇ ਸ਼ਬਦਾਂ ਵਿਚ ਉਨ੍ਹਾਂ ਨੇ ਅਧਿਆਪਕਾਂ ਅਤੇ ਸਿਖਿਆ ਦੇ ਮਿਆਰ ਬਣਾਈ ਰਖਣ ਦੀ ਕੋਸ਼ਿਸ਼ ਕੀਤੇ ਬਗ਼ੈਰ ਯੂਨੀਵਰਸਿਟੀ ਡਿਗਰੀਆਂ ਦੇ ਮਿਆਰ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ। ਜਦੋਂ ਘਟਨਾਵਾਂ ਸਾਨੂੰ ਯੂਨੀਵਰਸਿਟੀ ਨੂੰ ਇਕ ਸਿਖਿਆ ਦਾ ਇਕ ਯੂਨੀਵਰਸਿਟੀ ਬਣਾਉਣ ਦੀ ਦਿਸ਼ਾ ਵੱਲ ਲੈਜਾ ਰਹੀਆਂ ਹਨ, ਉਦੋਂ ਸਪੱਸ਼ਟ ਤੌਰ ਹੋਣਾ ਚਾਹੀਦਾ ਹੈ ਕਿ " ਸਿਖਿਆ ਨੂੰ ਕੰਟ੍ਰੋਲ ਕਰਨ ਦੀ ਸ਼ਕਤੀਂ, ਟੈਸਟ ਕਰਨ ਮਗਰੋਂ ਡਿਗਰੀਆਂ ਦੇਣ ਦੀ ਸ਼ਕਤੀ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ।ਕੋਈ ਯੂਨੀਵਰਸਿਟੀ , ਇਕ ਟੀਚਿੰਗ ਯੂਨੀਵਰਸਿਟੀ ਉਨਾਂ ਚਿਰ ਨਹੀਂ ਬਣ ਕਸਦੀ ਜਿਨਾਂ ਚਿਰ ਵਿਦਿਅਕ ਮਾਮਲਿਆਂ ਅਰਥਾਤ ਟੀਚਿੰਗ ਅਤੇ ਇਮਤਿਹਾਨ ਨੂੰ ਸਿਖਿਆ ਦੇਣ ਵਿਚ ਜੁਟੇ ਅਧਿਆਪਕਾਂ ਦੇ ਕੰਟ੍ਰੋਲ-ਰਹਿਤ ਇਖ਼ਤਿਆਰ

ਅਧੀਨ ਨਾ ਛਡਿਆ ਜਾਵੇ। ਲੇਕਿਨ ਇਹ ਯੂਨੀਵਰਸਿਟੀ-ਡਿਗਰੀ ਦੇ ਮਿਆਰ ਲਈ ਘਾਤਕ ਹੋਵੇਗਾ ਅਗਰ ਯੂਨੀਵਰਸਿਟੀ, ਅਧਿਆਪਕਾਂ ਦੀ ਸੰਸਥਾ ਵਿਚ ਇਨਾਂ ਜਿਆਦਾ ਵਿਸ਼ਵਾਸ ਪੈਦਾ ਕਰ ਲਵੇ ਜਿਨ੍ਹਾਂ ਦੀ ਲਿਆਕਤ ਵਿਚ ਇਸ ਨੂੰ ਵਿਸ਼ਵਾਸ ਨਹੀਂ ਹੈ। ਇਸ ਲਈ, ਮੈਂ ਤਜਵੀਜ਼ ਕਰਦਾ ਹਾਂ ਕਿ ਯੂਨੀਵਰਸਿਟੀ ਕੋਲ ਕਾਲਜਾਂ ਦੇ ਵਿੱਤ ਦੀ ਸ਼ਕਤੀ ਹੋਣੀ ਚਾਹੀਦੀ ਹੈ । ਕਾਲਜਾਂ ਲਈ ਸਾਰੀਆਂ ਸਰਕਾਰੀ ਗ੍ਰਾਂਟਾਂ ਯੂਨੀਵਰਸਿਟੀ ਰਾਹੀਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਅਧਿਆਪਕਾਂ ਦੇ ਅਮਲੇ ਦੀ ਨਿਯੁਕਤੀ ਕਰਨ ਅਤੇ ਲਾਇਬ੍ਰੇਰੀਆਂ ਅਤੇ ਲੇਬਾਰਟਰੀਆਂ ਦੇ ਅਮਲੇ ਵਿਚ ਸਾਜ਼-ਸਮਾਨ ਮੁਹੱਈਆ ਕਰਨ ਵਿਚ ਯੂਨੀਵਰਸਿਟੀ ਦਾ ਹੱਥ ਹੋਵੇ।

ਪ੍ਰਸ਼ਨ 36-39: ਅਗਰ ਕਿਸੇ ਯੂਨੀਵਰਸਿਟੀ ਨੇ ਸਿਖਆ ਦੇ ਇਕ ਅਦਾਰੇ ਦੇ ਤੌਰ ਤੇ ਕਿਸੇ ਫ਼ਿਰਕੇ ਦੀ ਸੇਵਾ ਕਰਨੀ ਹੈ, ਤਾਂ ਇਸ ਦੇ ਸੰਵਿਧਾਨ ਵਿਚ ਇਹ ਪ੍ਰਬੰਧ ਜ਼ਰੂਰ ਕੀਤਾ ਜਾਵੇ: (ੳ) ਇਕ ਸੰਸਥਾ ਹੋਵੇ ਜੋ ਕਿਸੇ ਫ਼ਿਰਕੇ ਦੀਆਂ ਸਾਰੀਆਂ ਵੱਖ ਵੱਖ ਜ਼ਰੂਰਤਾਂ ਨਾਲ ਜੁੜੀ ਰਹੇ(ਅ) ਇਕ ਅਜਿਹੀ ਸੰਸਥਾ ਦਾ ਪ੍ਰਬੰਧ ਕੀਤਾ ਜਾਵੇ ਜਿਹੜੀ ਯੂਨੀਵਰਸਿਟੀ ਨੂੰ ਟੀਚੇ ਪ੍ਰਾਪਤ ਕਰਨ ਲਈ ਕਿਸੇ ਸਿਆਸਤਦਾਨ ਵਰਗੀ ਅਗਵਾਈ ਦੇਵ ਕਿ ਆਮ ਲੋਕਾਂ ਦੀ ਸੰਭਵਤ ਗ਼ਲਤਫਹਿਮੀ ਅਤੇ ਤੰਗ ਨਜਰੀਏ ਵਾਲੇ ਵਿਦਵਾਨਾ ਵਿਚਕਾਰ ਕਿਸੇ ਕਾਰਜਸ਼ੀਲ ਪ੍ਰਣਾਲੀ ਨੂੰ ਹੋਂਦ ਵਿਚ ਲਿਆਂਦਾ ਜਾਵੇ ਅਤੇ (ੲ) ਯੂਨੀਵਰਸਿਟੀ ਦੇ ਵਿਦਿਅਕ ਕੰਮ-ਕਾਰ ਲਈ ਅਧਿਕਾਰਪੂਰਨ ਅਗਵਾਈ ਦੇਣ ਲਈ ਸਿਖਿਆ ਦੇ ਕੰਮ ਵਿਚ ਜੁਟੇ ਵਿਦਵਾਨਾਂ ਦੀ ਇਕ ਸੰਸਥਾ ਕਾਇਮ ਕੀਤੀ ਜਾਵੇ। ਮੈਂ ਕਮੇਟੀ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਕੇਵਲ ਆਪਣੇ ਅਮਲੇ ਦੀ ਏਜੰਸੀ ਰਾਹੀਂ ਟੀਚਿੰਗ ਦੇ ਕੰਮ ਵਿਚ ਜੁਟ ਕੇ ਇਕ ਟੀਚਿੰਗ ਯੂਨੀਵਰਸਿਟੀ ਨਹੀਂ ਬਣਦੀ। ਇਹ ਇਕ ਟੀਚਿੰਗ ਯੂਨੀਵਰਸਿਟੀ ਦੀ ਕਮੇਟੀ ਨਹੀਂ ਹੈ। ਇਕ ਯੂਨੀਵਰਸਿਟੀ, ਟੀਚਿੰਗ ਸ਼ੁਰੂ ਕਰ ਸਕਦੀ ਹੈ, ਫਿਰ ਵੀ ਉਹ ਇਕ ਟੀਚਿੰਗ ਯੂਨੀਵਰਸਿਟੀ ਨਹੀਂ ਬਣ ਸਕਦੀ। ਕੋਈ ਯੂਨੀਵਰਸਿਟੀ ਟੀਚਿੰਗ ਯੂਨੀਵਰਸਿਟੀ ਹੈ ਜਾਂ ਨਹੀਂ, ਇਸ ਚੀਜ਼ ਤੇ ਨਿਰਭਰ ਕਰਦਾ ਹੈ ਕਿ ਕੀ ਸਿਖਿਆ ਦੇ ਕੰਮ ਵਿਚ ਜੁਟੇ ਵਿਦਵਾਨ ਆਪਣੇ ਹੱਥਾਂ ਵਿਚ ਯੂਨੀਵਰਸਿਟੀ ਵਿਦਅਕ ਕੰਮ-ਕਾਰ ਦੀ ਪ੍ਰਭਾਵਸ਼ਾਲੀ ਦਿਸ਼ਾ ਰੱਖਦੇ ਹਨ ਜਾਂ ਨਹੀਂ। ਜੇਕਰ ਇਹ ਇਨ੍ਹਾਂ ਦੇ ਹੱਥਾਂ ਵਿਚ ਹੈ ਤਾਂ ਫਿਰ ਯੂਨੀਵਰਸਿਟੀ ਇਕ ਟੀਚਿੰਗ ਯੂਨੀਵਰਸਿਟੀ ਹੈ। ਜੇਕਰ ਇਹ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਤਾਂ ਫਿਰ ਯੂਨੀਵਰਸਿਟੀ ਇਕ ਟੀਚਿੰਗ ਯੂਨੀਵਰਸਿਟੀ ਨਹੀਂ ਹੈ। ਇਕ ਟੀਚਿੰਗ ਯੂਨੀਵਰਸਿਟੀ ਅਧਿਆਪਕਾਂ ਦੀ ਯੂਨੀਵਰਸਿਟੀ ਹੁੰਦੀ ਹੈ।

ਮੈਂ ਇਹ ਮੁੱਢਲੀਆਂ ਟਿੱਪਣੀਆਂ ਇਸ ਕਰਕੇ ਕੀਤੀਆਂ ਹਨ ਕਿਉਂਕਿ ਮੈਂ ਮਹਿਸੂਸ ਕੀਤਾ ਹੈ ਕਿ ਕਮੇਟੀ, ਸੰਵਿਧਾਨ ਸੰਬੰਧੀ ਆਪਣੇ ਪ੍ਰਸ਼ਨਾਂ ਦੇ ਉਤਰ ਮੰਗ ਕੇ ਅਜਿਹੇ ਸੁਝਾਅ ਪ੍ਰਾਪਤ ਕਰਨਾ ਚਾਹੁੰਦੀ ਹੈ ਜੋ ਬੰਬਈ ਯੂਨੀਵਰਸਿਟੀ ਨੂੰ ਇਕ ਟੀਚਿੰਗ ਯੂਨੀਵਰਸਿਟੀ ਬਣਾਉਣ ਵਿਚ ਮਦਦ ਕਰਨੇ। ਬੰਬਈ ਯੂਨੀਵਰਸਿਟੀ ਦਾ ਮੌਜੂਦਾ ਵਿਧਾਨ ਕਿਸੇ ਉਚਿਤ

ਜਾਂ ਸਪੱਸ਼ਟ ਢੰਗ ਨਾਲ ਤਿੰਨਾਂ (ਜਿਨ੍ਹਾਂ ਬਾਰੇ ਮੈਂ ਠੀਕ ਤਰ੍ਹਾਂ ਕੰਮ ਕਰਨ ਲਈ ਕਿਸੇ ਯੂਨੀਵਰਸਿਟੀ ਲਈ ਜਰੂਰੀ ਕਹਿ ਚੁੱਕਾ ਹਾਂ) ਵਿਚੋਂ ਕਿਸੇ ਇਕ ਸੰਸਥਾਂ ਦਾ ਪ੍ਰਬੰਧ ਨਹੀਂ ਕਰਦਾ। ਯੂਨੀਵਰਸਿਟੀ ਦੀ ਸੈਨਿਟ ਬੰਬਈ ਦੇ ਜੀਵਨ ਅਤੇ ਹਿੱਤਾਂ ਦੀ ਉਚਿਤ ਤੌਰ ਤੇ ਪ੍ਰਤਿਨਿਧਤਾ ਨਹੀਂ ਕਰਦੀ। ਸਿੰਡੀਕੇਟ ਕੋਲ ਕੋਈ ਅਜਹੀਆਂ ਜਿੰਮੇਵਾਰੀਆਂ ਅਤੇ ਸ਼ਕਤੀਆਂ ਨਹੀਂ ਹਨ ਜਿਨ੍ਹਾਂ ਨੂੰ ਉਹ ਇਸ ਮਹਾਨ ਯੂਨੀਵਰਸਿਟੀ ਦੀ ਕਾਰਜਕਾਰੀ ਕੌਂਸਲ ਨੂੰ ਸੌਂਪ ਦੇਵੇ। ਉਹ ਅਕਸਰ ਇਸ ਨੂੰ ਉਹ ਕਰਤਵ ਸੌਂਪ ਦਿੰਦੀ ਹੈ ਜਿਨ੍ਹਾਂ ਨੂੰ ਨਿਭਾਉਣ ਲਈ ਉਹ ਉੱਕਾ ਹੀ ਯੋਗ ਨਹੀਂ ਹੈ। ਪੜ੍ਹਾਉਣ ਵਾਲੇ ਅਮਲੇ) ਜਿਹੜਾ ਯੂਨੀਵਰਸਿਟੀ ਦਾ ਦਿਲ ਹੈ) ਦਾ ਯੂਨੀਵਰਸਿਟੀ ਦੇ ਵਿਦਅਕ ਮਾਮਲਿਆਂ ਵਿਚ ਵਾਸਤਵ ਵਿਚ ਕੋਈ ਅਧਿਕਾਰ ਨਹੀਂ, ਕੇਵਲ ਅਧਿਕਾਰੀ ਹੀ ਸਿਖਿਆ ਦੇ ਮਾਮਲਿਆਂ ਵਿਚ ਨਿਰਦੇਸ਼ ਦਿੰਦੇ ਹਨ।

ਬੰਬਈ ਯੂਨੀਵਰਸਿਟੀ ਨੂੰ ਇਕ ਟੀਚਿੰਗ ਯੂਨੀਵਰਸਿਟੀ ਬਣਾਉਣ ਲਈ ਮੈਂ ਸਭ ਤੋਂ ਪਹਿਲਾਂ ਫੈਕਲਟੀਆਂ ਦੇ ਗਠਨ ਦੀ ਗਲ ਕਰਾਂਗਾ। ਇਸ ਮੰਤਵ ਲਈ, ਮੈਂ ਸਮਝਦਾ ਹਾਂ ਕਿ ਬੰਬਈ ਸ਼ਹਿਰ ਵਿਚ ਸਥਿਤ ਕਾਲਜਾਂ ਅੰਦਰ ਅੰਤਰ ਕਾਲਜ ਟੀਚਿੰਗ ਸਕੀਮ ਅਪਣਾਈ ਜਾਣੀ ਚਾਹੀਦੀ ਹੈ। ਉਸ ਸਕੀਮ ਅਧੀਨ ਕਾਲਜਾਂ ਵਿਚ ਅਪਣਾਏ ਜਾਂਦੇ ਪੜ੍ਹਾਈ ਦੇ ਕਈ ਵਿਸ਼ਿਆਂ ਨੂੰ ਕੁਦਰਤੀ ਤੌਰ ਤੇ ਵਿਭਾਗਾਂ, ਅਰਥਾਤ ਅਰਥਸ਼ਾਸ਼ਤਰ , ਇਤਿਹਾਸ, ਰਾਜਨੀਤੀ- ਸ਼ਾਸਤਰ ,ਰਾਜ-ਪ੍ਰਬੰਧ ,ਕਾਨੂੰਨ ,ਸਾਹਿਤ ,ਭਾਸ਼ਾ ,ਰਸਾਇਣ ਵਿਗਿਆਨ, ਭੌਤਿਕ ਵਿਗਿਆਨ ਆਦਿ ਵਿਚ ਵੰਡਣਾ ਹੋਵੇਗਾ। ਇਹ ਮੰਨਣਾ ਪਵੇਗਾ ਕਿ ਵਿਦਿਆਰਥੀ ਯੂਨੀਵਰਸਿਟੀ ਤੋਂ ਜੀਵਨ ਦੇ ਕਈ ਕਿਤਿਆਂ ਵਿਚੋਂ ਕਿਸੇ ਇਕ ਜਾਂ ਦੂਜੇ ਲਈ ਆਪਣੀ ਅੰਤਮ ਸਿਲਸਲੇਵਾਰ ਤਿਆਰੀ ਕਰ ਰਹੇ ਹਨ, ਜਿਸ ਵਾਸਤੇ ਯੂਨੀਵਰਸਿਟੀ ਸਿਖਿਆ ਕਿਸੇ ਵੀ ਕੀਮਤ ਤੇ ਜ਼ਰੂਰੀ ਹੈ, ਜੋ ਮੁਢਲੇ ਤੌਰ ਤੇ ਬਹੁਤ ਲਾਭਦਾਇਕ ਹੈ।

ਇਸ ਵਿਚ ਸਫਲਤਾ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਗਿਆਨ ਦੀਆਂ ਕੁਝ ਸ਼ਾਖ਼ਾਂਵਾ, ਦਾ ਵਰਗੀਕਰਨ ਕੀਤਾ ਜਾਵੇ, ਜਿਨ੍ਹਾਂ ਨੂੰ ਵਿਦਿਆਰਥੀ ਅਪਣਾਉਂਦੇ ਹਨ। ਨਾ ਕੇਵਲ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਅਜਿਹੇ ਵਰਗੀਕਰਨ ਦੀ ਜ਼ਰੂਰਤ ਹੈ ਬਲਕਿ ਅਧਿਆਪਕਾਂ ਦੀਆਂ ਲੋੜਾਂ ਵੀ ਉਸੇ ਦਿਸ਼ਾ ਵਿਚ ਹਨ, ਕਿਉਂਕਿ ਇਹ ਸਪਸ਼ਟ ਹੈ ਕਿ ਕੁਝ ਵਿਸ਼ਿਆਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ ਅਤੇ ਉਸ ਨਜ਼ਰੀਏ ਵਿਚ ਬਹੁਤ ਜ਼ਿਆਦਾ ਇਕਸਾਰਤਾ ਹੋਣੀ ਚਾਹੀਦੀ ਹੈ ਜਿਸ ਤੋਂ ਉਨ੍ਹਾਂ ਨੂੰ ਪਹੁੰਚ ਕੀਤੀ ਜਾਂਦੀ ਹੈ, ਇਸ ਨੇੜਤਾ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚੋਂ ਉਤਪੰਨ ਹੁੰਦੀਆਂ ਹਨ ਅਤੇ ਜਿਹੜੀ ਹਰ ਇਕ ਅਤੇ ਆਹਿਸਤਾ ਅਹਿਸਤਾ ਗਿਆਨ ਦੀਆਂ ਵਖ ਵਖ ਸਾਖ਼ਾਂ ਦੇ ਸਮੂਹਦੇ ਰੂਪ ਵਿਚ ਇਕਠੀ ਹੋਈ ਕਹੀ ਜਾਵੇਗੀ। ਇਸ ਲਈ ਜੇਕਰ ਸਾਡੀ ਯੂਨੀਵਰਸਿਟੀ ਨੂੰ ਇਕ ਸਿਖਿਅਕ ਯੂਨੀਵਰਸਿਟੀ ਬਣਨਾ ਹੈ ਤਾਂ ਮੈਂ ਸੁਝਾਉ ਦਿੰਦਾ ਹਾਂ ਕਿ ਨਵੀਂ ਬੰਬਈ ਯੂਨੀਵਰਸਿਟੀ ਵਿਚ ਵਿਭਾਗਾਂ ਨੂੰ ਅੱਡਅੱਡ ਫੈਕਲੀਟੀਆਂ (ਸੰਕਾਇਆਂ) ਨੂੰ ਯੂਨੀਵਰਸਿਟੀ ਦੇ ਸੰਗਠਨਾਂ ਦਾ

ਆਧਾਰ ਮੰਨਿਆ ਜਾਵੇ। ਇਕ ਯੂਨਿਟ (ਫ਼ੈਕਲਟੀ) ਵਿਚ ਮੈਨੂੰ ਮੁਕੰਮਲ ਤੌਰ ਤੇ ਜਾਂ ਜ਼ਿਆਦਾਤਰ ਉਸ ਅਧੀਨ ਆਉਣ ਵਾਲੇ ਵਿਸ਼ਿਆਂ ਦੇ ਪ੍ਰੋਫੈਸਰ ਅਤੇ ਸਿਟੈਟ ਪ੍ਰੋਫੇਸਰ ਹੋਣਗੇ ਅਤੇ ਦੂਜੇ ਅਧਿਆਪਕ ਅਮਲਾ ਅਤੇ ਕਰਮਚਾਰੀ ਵਰਗ ਉਸ ਰੂਪ ਵਿਚ ਯੂਨੀਵਰਸਿਟੀ ਦੁਆਰਾ ਨਿਯੁਕਤ ਕੀਤਾ ਜਾਵੇਗਾ ਜਿਦਾਂ ਕਿ ਫ਼ੈਕਲਟੀ ਉਸ ਨੂੰ ਕਰਵਾਉਣਾ ਚਾਹਵੇ। ਡਿਪਟੀ ਰਜਿਸਟਰਾਰ ਹਰ ਇਕ ਫ਼ੈਕਲਟੀ ਦਾ ਅਹੁਦੇ ਦੇ ਆਧਾਰ ਤੇ ਮੈਂਬਰ ਹੋਵੇਗਾ। ਇਕ ਫ਼ੈਕਲਟੀ ਪਾਸ ਨਿਮਨਲਿਖ਼ਤ ਨਿਯਮ ਬਣਾਉਣ ਦਾ ਇਖ਼ਤਿਆਰ ਹੋਣਾ ਚਾਹੀਦਾ ਹੈ :-

(1) ਅਜਿਹੀਆਂ ਕਮੇਟੀਆਂ ਦੀ ਨਿਯੁਕੰਤੀ ਜਿਹੜੀ ਫ਼ੈਕਲਟੀ ਵਿਚ ਬਾਹਰਲੇ ਵਿਅਕਤੀਆਂ ਨਾਲ ਅਧਿਐਨ ਬੋਰਡ ਦੀ ਸਥਾਪਨਾ ਕਰ ਸਕੇ ਅਤੇ ਦੂਜੇ ਉਦੇਸ਼ਾਂ ਵਿਚ ਕੰਮ ਕਰ ਸਕੇ।

(2) ਫ਼ੈਕਲਟੀ ਦੇ ਕਾਰਜ ਖੇਤਰ ਵਿਚ ਆਉਣ ਵਾਲੀਆਂ ਡਿਗਰੀਆਂ ਡਿਪਲੋਮੇ ਅਤੇ ਦੂਜੀਆਂ ਖਾਸ ਯੋਗਤਾਵਾਂ ਦੇਣ ਸਬੰਧੀ ਪਰਿਸਥਿਤੀਆਂ ਦਾ ਸਾਧਾਰਨ ਤੌਰ ਤੇ ਨਿਰਧਾਰਨ ਕਰਨਾ:

(3) ਫ਼ੈਕਲਟੀ ਦੇ ਕਾਰਜ ਖੇਤਰ ਵਿਚ ਆਉਣ ਵਾਲੇ ਵਿਸ਼ਿਆਂ ਵਿਚ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੁਆਰਾ ਅਧਿਐਨ ਸਬੰਧੀ ਪਾਠਕ੍ਰਮ ਨੂੰ ਸਾਧਾਰਣ ਤੌਰ ਤੇ ਨਿਰਧਾਰਿਤ ਕਰਨਾ।

ਫ਼ੈਕਲਟੀ ਦੇ ਕਾਰਜ ਖੇਤਰ ਵਿਚ ਆਉਂਦੇ ਵਿਸ਼ਿਆਂ ਦੇ ਸਬੰਧ ਵਿਚ ਸਿਖਿਆ ਦੇਣ ਅਤੇ ਪਰੀਖਿਆ ਦੀ ਪ੍ਰਣਾਲੀ ਅਤੇ ਕਾਰਜ ਵਿਧੀ ਦਾ ਆਮ ਤੌਰ ਤੇ ਨਿਰਧਾਰਨ ਕਰਨਾ।

ਮੈਂ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਫ਼ੈਕਲਟੀ ਨੂੰ ਉਕਤ ਇਖ਼ਤਿਆਰ ਦਿੱਤੇ ਗਏ ਅਤੇ ਅਧਿਆਪਕਾਂ ਨੂੰ ਇਕ ਹੀ ਤਰ੍ਹਾਂ ਦੇ ਸਮਾਨ ਵਿੱਤ, ਸਲੇਬਸ ਨੂੰ ਪੜਾਉਣ ਦੇ ਬੰਧਨ ਅਤੇ ਇਕੋ ਹੀ ਤਰ੍ਹਾਂ ਦੀ ਆਮ ਪਰੀਖਿਆ ਤੋਂ ਮੁਕਤ ਕੀਤਾ ਗਿਆ ਤਾਂ ਨਿਸ਼ਚੇ ਹੀ ਇਹ ਅਜਿਹਾ ਲਾਜ਼ਮੀ ਤੌਰ ਤੇ ਹੋਵੇਗਾ ਕਿ ਅਧਿਆਪਕ ਉਸ ਕੰਮ ਨੂੰ ਪੂਰਾ ਕਰਨਗੇ ਜਿਹੜੇ ਉਨ੍ਹਾਂ ਨੂੰ ਸੌਂਪੇ ਜਾਣਗੇ। ਫੈਕਲਟੀਆਂ ਯੂਨੀਵਰਸਿਟੀ ਦੇ ਵਿਧਾਨਕ ਹਿੱਸਾ ਹੋਣੀਆਂ ਚਾਹੀਦੀਆਂ ਹਨ। ਯੂਨੀਵਰਸਿਟੀ ਵਿਚ ਅਕਾਦਮਿਕ ਅਤੇ ਸਿਖਅਕ ਕੰਮਾਂ ਨੂੰ ਸੰਭਾਲਣ ਵਾਲੀਆਂ ਫ਼ੈਕਲਟੀਆਂ ਨੂੰ ਬਣਾਉਣ ਤੋਂ ਬਾਅਦ ਸਾਨੂੰ ਯੂਨੀਵਰਸਿਟੀ ਦੇ ਪ੍ਰਸ਼ਾਸਕੀ ਕੰਮ ਨੂੰ ਸੰਭਾਲਣ ਲਈ ਇਕ ਕੇਂਦਰ ਵਲੋਂ ਸ਼ਾਸਕੀ ਪ੍ਰਬੰਧ ਦਾ ਗਠਨ ਕਰਨਾ ਚਾਹੀਦਾ ਹੈ। ਇਸ ਸਾਡੀ ਬੰਬਈ ਯੂਨੀਵਰਸਿਟੀ ਦੀ ਵਰਤਮਾਨ ਸੀਨੀਅਰ ਕੌਂਸਲ ਨਾਲ ਪੱਤਰ ਵਿਹਾਰ ਕਰੇਗੀ ਪਰ ਆਪਣੇ ਰੂਪ ਅਤੇ ਰਚਨਾ ਵਿਚ ਪੂਰੀ ਤਰ੍ਹਾਂ ਤੋਂ ਅਲਗ ਹੋਵੇਗੀ। ਮੇਰੇ ਵਿਚਾਰ ਮੁਤਾਬਕ ਸੈਨੇਟ ਆਪਣੀ ਰਚਨਾ ਵਿਚ ਮੁਖ ਤੌਰ ਤੇ ਗ਼ੈਰ ਪੇਸ਼ਾਵਰਾਨਾ ਹੋਣ ਕਰਕੇ, ਜਿਥੇ ਇਕ ਸਭ ਤੋਂ ਵੱਡੀ ਬਾਡੀ ਹੋਵੇਗੀ ਉਸ ਵਿਚ ਗਰੈਜੁਏਟਾਂ ਅਤੇ ਅਧਿਆਪਕਾਂ ਦੇ ਪ੍ਰਤੀਨਿਧ ਵੀ ਸ਼ਾਮਲ ਹੋਣਗੇ। ਇਸ ਤਰ੍ਹਾਂ ਦੀ ਸਰਕਾਰੀ ਪ੍ਰਣਾਲੀ ਦੇ ਲਾਭ ਸਪਸ਼ਟ ਹਨ। ਇਕ ਸੁਪਰੀਮ ਕੋਰਟ

ਦੇ ਮਾਧਿਅਮ ਰਾਹੀਂ ਉਸ ਵਿਚ ਅਨੇਕਾਂ ਪ੍ਰਭਾਵਸ਼ਾਲੀ ਸ਼ਹਿਰੀ ਹੋਣ ਜਿਹੜੇ ਆਪਣੀ ਜ਼ਾਤੀ ਸਮਰਥ ਕਾਰਨ ਉਸ ਵਿਚ ਲਏ ਗਏ ਹੋਣ ਅਤੇ ਨਗਰਪਾਲਿਕਾ, ਪ੍ਰਸ਼ਾਸਨ ਵਪਾਰ, ਕਾਨੂੰਨ, ਵਿਗਿਆਨ ਆਦਿ ਵਰਗੇ ਖੇਤਰਾਂ ਦੇ ਮਹੱਤਵਪੂਰਨ ਹਿੱਤਾਂ ਦਾ ਧਿਆਨ ਰੱਖਣ ਵਾਲੇ ਨੁਮਾਇੰਦੇ ਵੀ ਹੋਣ ਅਤੇ ਵਿਧਾਨ ਪਰਿਸ਼ਦ ਵਿਧਾਨ ਸਭਾ ਅਤੇ ਰਾਜ ਪਰਿਸ਼ਦ ਦੇ ਮੈਂਬਰ ਯੂਨੀਵਰਸਿਅੀ ਦੇ ਸੰਪਰਕ ਵਿਚ ਲਿਆਏ ਜਾਣ/ਜਿਹੜੇ ਸਮੁਚੇ ਰੂਪ ਵਿਚ ਯੂਨੀਵਰਸਿਟੀ ਅਤੇ ਜਨਤਾ ਵਿਚ ਇਕ ਕੜੀ ਬਣ ਸਕਣ। ਇਸ ਤਰ੍ਹਾਂ ਦੀ ਸੈਨੇਟ ਯੂਨੀਵਰਸਿਟੀ ਦੇ ਅਧਿਕਾਰਾਂ ਲਈ ਅਤੇ ਸਫਲਤਾਪੂਰਨ ਸਹਿਯੋਗ ਲੈਣ ਦੇ ਕਾਬਲ ਹੋਵੇਗੀ ਅਤੇ ਪੂਰੇ ਪੂਰਾ ਸ਼ਹਿਰ ਯੂਨੀਵਰਸਿਟੀ ਦੀ ਕਾਮਯਾਬੀ ਲਈ ਆਪਣੇ ਆਪ ਹੀ ਤਿਆਰੇ ਰਹੇਗਾ।

ਪਰ 1902 ਦੇ ਯੂਨੀਵਰਸਿਟੀ ਕਮਿਸ਼ਨ ਨੇ ਇਸ ਯੋਜਨਾ ਵਿਚ ਇਹ ਕਮੀ ਦਸੀ ਹੈ ਕਿ ਯੂਨੀਵਰਸਿਟੀਆਂ ਦੀ ਸਰਵਉੱਚ ਕੌਂਸਲ ਵਿਚ ਗਿਣਤੀ ਬਹੁਤ ਹੀ ਹੋ ਗਈ ਹੈ।(1900 ਵਿਚ ਬੰਬਈ ਦੀ ਸਰਵਉਚ ਕੌਂਸਲ ਦੇ 305 ਮੈਂਬਰ ਸਨ ਅਤੇ ਇਹ ਸਾਰੇ ਸਿਖਅਕ ਮਾਮਲਿਆਂ ਵਿਚ ਸਹੀ ਕੰਟਰੋਲ ਨਹੀਂ ਸਨ ਰਖ ਸਕੇ। ਉਸ ਕਮਿਸ਼ਨ ਨੇ ਇਹ ਨਹੀਂ ਸਮਝਿਆ ਕਿ ਸੀਨਅਰ ਕੌਂਸਲ ਦਾ ਸਮੁਚੇ ਤੌਰ ਤੇ ਕੰਮ ਸਿਖਿਆ ਦਾ ਕੰਟਰੋਲ ਕਰਨਾ ਨਹੀਂ ਸੀ ਬਲਕਿ ਯੂਨੀਵਰਸਿਟੀ ਨੂੰ ਜਨਤਾ ਦੀਆਂ ਵਖ ਵਖ ਲੋੜਾਂ ਤੋਂ ਜਾਣੂ ਕਰਵਾਉਣਾ ਸੀ। ਅਜਿਹਾ ਕੰਮ ਹੋਣ ਕਰਕੇ ਹੀ ਸੀਨੀਅਰ ਕੌਂਸਲ ਦੀ ਰਚਨਾ ਵਿਆਪਕ ਹੋਵੇਗੀ ਅਤੇ ਉਸ ਵਿਚ ਵੱਖ ਵੱਖ ਖੇਤਰਾਂ ਦੇ ਨੁਮਾਇੰਦੇ ਹੋਣਗੇ। ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਬੰਬਈ ਯੂਨੀਵਰਸਿਟੀ ਦੀ ਸੈਨੇਟ ਵਿਚ ਘਟੋ ਘਟ 150 ਮੈਂਬਰ ਹੋਣ। ਯੂਨੀਵਰਸਿਟੀ , 1904 ਐਕਟ ਅਧੀਨ ਇਹ ਬਹੁਤ ਹੀ ਅਹਿਮ ਸੋਧਨਾ ਇਹ ਕੀਤੀ ਗਈ ਕਿ ਸਾਧਾਰਨ ਵਿਦਵਾਨਾਂ ਦੀ ਗਿਣਤੀ ਦੇ ਦੋ ਬਟਾ ਪੰਜ ਵਿਅਕਤੀ ਸਿਖਿਆ ਖੇਤਰ ਵਿੱਚ ਲਏ ਜਾਣ। ਪਿਛਲੀ ਪ੍ਰਥਾ ਤੋਂ ਹੱਟਕੇ ਆਉਣ ਵਾਲਆੀਆਂ ਲੋੜਾਂ ਨੂੰ ਧਿਆਨ ਵਿਚ ਰਖੇ ਬਿਨਾਂ ਸਨਮਾਨ ਵਜੋਂ ਅਧਿਐਨ ਡਿਗਰੀ ਦੇਣ ਨੂੰ ਅਭਿਨੰਦਨ ਵਜੋਂ ਮੰਨਿਆ ਗਿਆ ਹੈ ਪਰ ਮੈਂ ਇਸ ਪ੍ਰਸਤਾਵ ਦੀ ਰੋਸ਼ਨੀ ਵਿਚ ਫ਼ੈਕਲਟੀਆਂ ਨੂੰ ਬਹੁਤ ਜ਼ਿਆਦਾ ਸੰਵਿਧਾਨਕ ਸ਼ਕਤੀਆਂ ਦੇਣ ਦੇ ਹੱਕ ਵਿਚ ਹਾਂ। ਮੈਂ ਨਹੀਂ ਸਮਝਦਾ ਕਿ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਸੈਨੇਟ ਵਿਚ ਬਹੁਤ ਜ਼ਿਆਦਾ ਪ੍ਰਤਿਨਿਧਤਾ ਦੀ ਲੋੜ ਹੈ ਇਕ ਫ਼ੈਕਲਟੀ ਨੂੰ ਪ੍ਰਵਕਤਾ ਮੁਹਈਆ ਕਰਵਾਉਣਾ ਹੀ ਕਾਫ਼ੀ ਹੈ। ਇਸ ਲਈ ਮੈਂ ਪ੍ਰਸਤਾਵ ਕਰਦਾ ਹਾਂ ਕਿ ਫ਼ੈਕਲਟੀ ਮੁੱਖੀਆਂ ਲਈ ਅਧਿਆਪਕਾਂ ਦੀ ਨੁਮਾਇੰਦਗੀ ਨੂੰ ਰੋਕਿਆ ਜਾਵੇ। ਸੈਨੇਟ ਦਾ ਬਾਕੀ ਦਾ ਹਿੱਸਾ ਸਿਆਸੀ ਅਤੇ ਪੇਸ਼ੇਵਰ ਖੇਤਰਾਂ ਦੇ ਵਿਅਕਤੀਆਂ ਤੋਂ ਕਾਇਮ ਕੀਤਾ ਜਾਵੇ। ਸਿਖਿਆ ਵਿਚ ਰੁਚੀ ਯੂਨੀਵਰਸਿਟੀ ਦੀ ਵਾਸਤਵਿਕ ਸੇਵਾ ਹੋਵੇਗੀ।

ਸੈਨੇਟ ਦਾ ਮੁੱਖ ਤੌਰ ਤੇ ਕੰਮ ਬਣਾਉਣਾ ਹੋਵੇਗਾ:

1. ਯੂਨੀਵਰਸਿਟੀ ਪ੍ਰਸ਼ਾਸਨ ਨੂੰ ਪ੍ਰਭਾਵਿਤ ਕਰਨ ਵਾਲੇ ਉਪ ਨਿਯਮ ਬਣਾਉਣਾ ਅਤੇ ਮਤੇ ਪਾਸ ਕਰਨਾ।

2. ਸਾਰੀਆਂ ਆਨਰੇਰੀ ਡਿਗਰੀਆਂ ਦੇਣਾ;

3. ਕੋਈ ਵੀ ਨਵੀਂ ਡਿਗਰੀ, ਡਿਪਲੋਮਾ ਸਰਟੀਫ਼ਿਕੇਟ ਆਰੰਭ ਕਰਨਾ;

4. ਫ਼ੈਕਲਟੀਆਂ ਵਿਚਕਾਰ ਝਗੜਿਆਂ ਦਾ ਫ਼ੈਸਲਾ ਕਰਨਾ।

ਇਕ ਤਾਂ ਯੂਨੀਵਰਸਿਟੀ ਦਾ ਪ੍ਰਸ਼ਾਸਨ ਵੇਖਣ ਲਈਂ, ਦੂਜੇ ਉਸ ਦੇ ਸਿਖਿਅਕ ਕਾਰ ਵਿਹਾਰ ਦੀ ਦੇਖਭਾਲ ਲਈ ਦੋ ਬਾਡੀਜ਼ ਦੇ ਪ੍ਰਬੰਧ ਤੋਂ ਬਾਅਦ ਹੁਣ ਸਾਨੂੰ ਇਕ ਤੀਜੀ ਬਾਡੀ ਦਾ ਪ੍ਰਬੰਧ ਕਰਨਾ ਹੈ ਜਿਹੜੀ ਟੀਚਿਆਂ ਦੀ ਪ੍ਰਾਪਤੀ ਲਈ ਸਾਧਨ ਜੁਟਾਉਣ ਅਤੇ ਉਨ੍ਹਾਂ ਦੇ ਤਾਲਮੇਲ ਦਾ ਕੰਮ ਕਰੇਗੀ। ਦੂਜੇ ਸ਼ਬਦਾਂ ਵਿਚ, ਯੂਨੀਵਰਸਿਟੀ ਵਿਚ ਇਕ ਕੇਂਦਰੀ ਕਾਰਜਕਾਰਣੀ ਲਾਜ਼ਮੀ ਹੋਣੀ ਚਾਹੀਦੀ ਹੈ। ਇਹ ਬਾਡੀ ਬੰਬਈ ਯੂਨੀਵਰਸਿਟੀ ਦੀ ਮੌਜੂਦਾ ਸਿੰਡੀਕੇਟ ਦੀ ਤਰ੍ਹਾਂ ਹੀ ਹੋਵੇ ਪਰ ਆਪਣੇ ਰੂਪ ਅਤੇ ਰਚਨਾ ਵਿਚ ਉਸ ਤੋਂ ਪੂਰਨ ਰੂਪ ਵਿਚ ਅਡ ਹੋਵੇ। ਆਪਣੀ ਰਚਨਾ ਅਤੇ ਕਾਰਜ ਖੇਤਰ ਵਿਚ ਸਿੰਡੀਕਟ ਯੂਨੀਵਰਸਿਟੀ ਦੀਆਂ ਸਾਰੀਆਂ ਬਾਡੀਆਂ ਵਿਚੋਂ ਸਭ ਤੋਂ ਘਟ ਸੰਤੋਖਜਨਕ ਹੈ। ਸਰਬ ਉੱਚ ਬਾਡੀ ਹੋਣ ਦੇ ਨਾਤੇ ਸਿੰਡੀਕੇਟ ਦੇ ਅਧਿਕਾਰ ਵਿਚ ਆਮ ਮੁਹਰ ਅਤੇ ਉਸ ਦੇ ਇਸਤੇਮਾਲ, ਯੂਨੀਵਰਸਿਟੀ ਦੇ ਪੂਰੇ ਦੇ ਪੂਰੇ ਮਾਲੀਏ ਅਤੇ ਜਾਇਦਾਦਾਂ ਦਾ ਪ੍ਰਬੰਧ ਅਤੇ (ਦੂਜੇ ਰੂਪ ਵਿਚ ਸੌਂਪੇ ਗਏ ਕੰਮਾਂ ਨੂੰ ਛੱਡ ਕੇ) ਯੂਨੀਵਰਸਿਟੀ ਦੇ ਸਾਰੇ ਮਾਮਲਿਆਂ ਦਾ ਸੰਚਾਲਨ ਹੋਣਾ ਚਾਹੀਦਾ ਹੈ। ਪਰ ਇਸ ਦੀ ਬਜਾਏ ਸਿੰਡੀਕੇਟ ਦੇ ਕਾਰ ਵਿਹਾਰ ਨੂੰ ਬਹੁਤ ਹੀ ਵੱਡੇ ਖੇਤਰ ਤਕ ਫੈਲਾ ਦਿਤਾ ਗਿਆ ਹੈ, ਜਿਸ ਦਾ ਬਹੁਤ ਹੀ ਜ਼ਿਆਦਾ ਹਿੱਸਾ ਬੜੀ ਆਸਾਨੀ ਨਾਲ ਦੂਜੀਆਂ ਬਾਡੀਜ਼ ਨੂੰ ਸੌਂਪਿਆ ਜਾ ਸਕਦਾ ਹੈ ਜਿਹੜੀਆਂ ਇਸ ਲਈ ਉਚਿਤ ਹਨ। ਉਕਤ ਕਾਰਜਕਾਰਣੀ ਵਿਚ ਮੌਜੂਦਾ ਪ੍ਰਣਾਲੀ ਵਿਚ ਚੰਗੀ ਤਰ੍ਹਾਂ ਸੋਚ ਵਿਚਾਰ ਕਰਨ ਤੋਂ ਬਾਅਦ ਨਿਰਣੈ ਲੈਣ ਦੀ ਬਜਾਏ ਬਹਿਸ ਕਰਨ ਤੇ ਹੀ ਆਪਣਾ ਧਿਆਨ ਜ਼ਿਆਦਾ ਕੇਂਦਰਿਤ ਰਖਿਆ ਗਿਆ ਹੈ। ਇਸ ਲਈ ਮੇਰਾ ਪ੍ਰਸਤਾਵ ਹੈ ਕਿ ਲੇਖਾ ਮੰਡਲ ਨੂੰ ਖ਼ਤਮ ਕੀਤਾ ਜਾਵੇ ਅਤੇ ਇਸ ਦੇ ਕੰਮ ਸਿੰਡੀਕੇਟ ਨੂੰ ਸੌਂਪ ਦਿੱਤੇ ਜਾਣ। ਇਸ ਨੂੰ ਨਿਮਨਲਿਖਤ ਗਲਾਂ ਤੈ ਕਰਨ ਦਾ ਅਧਿਕਾਰ ਹੋਵੇਗਾ------

1) ਯੂਨੀਵਰਸਿਟੀ ਦਾ ਵਿੱਤ, ਪੂੰਜੀ ਅਤੇ ਲੇਖਾ;

2) ਯੂਨੀਵਰਸਿਟੀ ਵਿਚ ਵਸੂਲ ਕੀਤੀ ਜਾਣ ਵਾਲੀਆਂ; ਯੂਨੀਵਰਸਿਟੀ ਤੋਂ ਪ੍ਰਾਪਤ ਖ਼ਾਸ ਸੁਵਿਧਾ ਦੀ ਵਰਤੋਂ ਸਬੰਧੀ ਰਕਮਾਂ ਅਤੇ ਫ਼ੀਸ ਦੀ ਅਦਾਇਗੀ।

3) ਪ੍ਰੋਫ਼ੈਸਰਾਂ, ਲੈਕਚਰਾਰਾਂ, ਰਜਿਸਟਰਾਰਾਂ, ਲਾਇਬ੍ਰੇਰੀਅਨਾਂ ਅਤੇ ਪੱਕੇ ਕਰਮਚਾਰੀਆਂ ਸਹਿਤ ਯੂਨੀਵਰਸਿਟੀ ਦੇ ਅਫ਼ਸਰਾਂ ਦੀ ਨਿਯੁਕਤੀ, ਅਹੁੱਦੇ ਦੀ ਮਿਆਦ, ਨੌਕਰੀ ਤੋਂ ਕੱਢਣ, ਕਰਤਵ, ਸੁਵਿਧਾਵਾਂ, ਭੱਤਿਆਂ, ਤਨਖ਼ਾਹ ਜਾਂ ਰਿਟਾਇਰਮੈਂਟ ਅਤੇ ਸੇਵਾ ਦੀ ਸ਼ਰਤਾਂ ਅਤੇ ਢੰਗ;

4) ਫ਼ੀਸ ਨਿਰਧਾਰਕਾਂ, ਜਾਂ ਪਰੀਖਿਆ ਮੰਡਲ ਦੇ ਅਹੁੱਦੇ ਦੀ ਮਿਆਦ ਅਤੇ ਨਿਯੁਕਤੀ ਦੀਆਂ ਸ਼ਰਤਾਂ ਅਤੇ ਰੀਤੀ।

5) ਸਫ਼ਾਈ ਪਿੰਡ, ਵਜ਼ੀਫ਼ੇ, ਵਿਕਾਸ, ਧਨ ਸਬੰਧੀ ਅਤੇ ਸਹਇਤਾ ਦੇ ਦੂਜੇ ਉਪਬੰਧ ਅਤੇ ਸ਼ਰਤਾਂ

6) ਵਿਦਿਆਰਥੀਆਂ ਦੇ ਰਿਹਾਇਸ਼ ਲਈ ਇਮਾਰਤ, ਹੋਸਟਲ, ਅਤੇ ਦੂਜੀਆਂ ਇਮਾਰਤਾਂ ਦਾ ਪ੍ਰਬੰਧ , ਸਾਂਭ ਸੰਭਾਲ ਅਤੇ ਨਿਰੀਖਣ;

7) ਯੂਨੀਵਰਸਿਟੀ ਤੇ ਗ੍ਰੈਜੂਏਸ਼ਨ ਤੋਂ ਪਹਿਲਾਂ ਦਾਖ਼ਲੇ ਵਜੋਂ ਵਿਦਿਆਰਥੀਆਂ ਦਾ ਦਾਖ਼ਲਾ;

8) ਯੂਨੀਵਰਸਿਟੀ ਦੀ ਅਸਲੀ ਅਤੇ ਨਿੱਜੀ ਜਾਇਦਾਦ ਦੇ ਲੈਣ ਦੇਣ ਦੀ ਦੇਖਭਾਲ;

9) ਯੂਨੀਵਰਸਿਟੀ ਦੇ ਕੰਮ ਜਾਰੀ ਰਖਣ ਲਈ ਇਮਾਰਤ, ਇਹਾਤੇ ,ਫ਼ਰਨੀਚਰ ਅਤੇ ਦੂਜੇ ਜ਼ਰੂਰੀ ਸਾਧਨਾਂ ਦਾ ਇੰਤਜ਼ਾਮ ਕਰਨਾ;

10) ਯੂਨੀਵਰਸਿਟੀ ਲਈ ਧਨ ਉਧਾਰ ਲੈਣਾ ਅਤੇ ਲੋੜ ਪੈਣ ਤੇ ਯੂਨੀਵਰਸਿਟੀ ਦੀ ਜਾਇਦਾਦ ਗਿਰਵੀ ਰੱਖਣਾ;

11) ਯੂਨੀਵਰਸਿਟੀ ਵਲੋਂ ਸੰਵਿਦਾਵਾਂ ਵਿਚ ਹਿੱਸਾ ਲੈਣਾ, ਉਨ੍ਹਾਂ ਨੂੰ ਬਦਲਣਾ ਪੂਰਾ ਕਰਨਾ ਜਾਂ ਰੱਦ ਕਰਨਾ;

12. ਯੂਨੀਵਰਸਿਟੀ ਦੇ ਅਜਿਹੇ ਅਹੁਦੇਦਾਰਾਂ, ਪ੍ਰੋਫੈਸਰਾਂ, ਸਿਖਿਅਕ ਅਮਲੇ, ਗ੍ਰੇਜੂਏਟਾਂ, ਗ੍ਰੈਜੂਏਟਾਂ ਤੋਂ ਪਹਿਲਾਂ ਅਤੇ ਕਰਮਚਾਰੀ ਜਿਨ੍ਹਾਂ ਨੂੰ ਸੇਨੇਟ ਦੇ ਕਿਸੇ ਕੰਮ ਤੋਂ ਇਲਾਵਾ ਕਿਸੇ ਦੂਜੇ ਤੱਤਾਂ ਤੋਂ ਦੁੱਖ ਪੁਜਦਾ ਹੋਵੇ, ਉਨ੍ਹਾਂ ਦੀ ਕਿਸੇ ਵੀ ਸ਼ਿਕਾਇਤ ਤੇ ਵਿਚਾਰ ਕਰਨਾ, ਨਿਰਣਾ ਦੇਣਾ ਅਤੇ ਜੇਕਰ ਜ਼ਰੂਰੀ ਸਮਝੇ ਤਾਂ ਸੁਧਾਰ ਕਰਨਾ।

13. ਸਬੰਧ ਕਾਲਜਾਂ ਵਿਚ ਸਰਕਾਰੀ ਗ੍ਰਾਂਟ ਨੂੰ ਨਿਯਮਿਤ ਕਰਨਾ।

ਸੀਨੀਅਰ ਕੌਂਸਲ , ਸਿੰਡੀਕੇਟ ਅਤੇ ਫੈਕਲਟੀਆਂ, ਇਨ੍ਹਾਂ ਤਿੰਨਾਂ ਬਾਡੀਜ਼ ਦੀ ਸਥਾਪਨਾ ਸਮਾਸ਼ਨ ਐਕਟ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਤਿੰਨੋ ਆਪਸ ਵਿਚ ਇਕ ਵੱਡੀ ਸਿਖਿਅਕ ਯੂਨੀਵਰਸਿਟੀ ਦੇ ਸਾਰੇ ਲੋੜੀਂਦੇ ਸਾਧਨਾਂ ਦੀ ਪੂਰਤੀ ਕਰਨ ਵਿਚ ਸਮਰੱਥ ਹਨ। ਪਰ ਬੰਬਈ ਯੂਨੀਵਰਸਿਟੀ ਲਈ ਇਕ ਹੋਰ ਬਾਡੀ ਦੀ ਲੋੜ ਨਜ਼ਰ ਆਉਂਦੀ ਹੈ। ਖ਼ਾਸ ਕਰਕੇ ਉਸ ਨਿਸ਼ਚਿੰਤ ਲੰਬੇ ਕਾਲ ਲਈ ਜਿਹੜਾ ਯੂਨੀਵਰਸਿਟੀ ਦੀ ਸਿਖਆ ਦੇ ਕੇਂਦਰ ਵਿਚ ਰਹਿਣ ਵਾਲੇ ਮੂਲ ਕਾਲਜਾਂ ਦੀ ਯੂਨੀਵਰਸਿਟੀ ਦੇ ਰੂਪ ਵਿਚ ਵਿਕਸਿਤ ਹੋਣ ਤੋਂ ਪਹਿਲਾਂ ਹੋਵੇਗਾ ਅਤੇ ਜਿਸ ਦੇ ਮੁਅੱਤਲ ਹੋਣ ਤੇ ਉਹ ਕਾਲਜ ਪ੍ਰਾਂਤ ਲਈ ਇਕ ਜਾਂ ਦੂਜੀ ਨਵੀਂ ਵਿਦਿਅਕ ਯੂਨੀਵਰਸਿਟੀ ਨਾਲ ਜੁੜੇ ਰਹਿਣਗੇ। ਪਰ ਜੇਕਰ, ਇਸ ਵਿਚਕਾਰਲੇ ਸਮੇਂ ਲਈ ਉਪਬੰਧ ਬਣਾਉਣ ਦੀ ਸਮਸਿਆ ਨਾਂਹ ਵੀ ਹੋਵੇ ਫਿਰ ਵੀ ਕਿਸੇ ਵੱਡੀ ਸਿਖਿਅਕ ਯੂਨੀਵਰਸਿਟੀ ਦੇ ਪ੍ਰਬੰਧ ਲਈ ਇਕ ਚੌਥੀ ਬਾਡੀ ਦੀ ਲੋੜ ਮਹਿਸੂਸ ਕੀਤੀ ਜਾਂਦੀ ।

ਮੇਰੇ ਵਲੋਂ ਤਜ਼ਵੀਜ਼ ਕੀਤੇ ਸੰਗਠਨ ਦੀ ਯੋਜਨਾ ਲਗਭਗ ਸੱਤਾ ਦੀ ਵੰਡ ਦੇ ਸਿਧਾਂਤ ਤੇ ਆਧਾਰਿਤ ਹੈ। ਕਾਨੂੰਨੀ ਸੱਤਾ ਦਾ ਕੇਂਦਰ ਕੌਂਸਿਲ ਹੈ, ਕਾਰਜਕਾਰੀ ਸੱਤਾ ਦਾ ਕੇਂਦਰ ਸਿੰਡੀਕੇਟ ਅਤੇ ਸਿਖਿਅਕ ਸੱਤਾ ਦਾ ਕੇਂਦਰ ਫ਼ੈਕਲਟੀ। ਜੇਕਰ ਇਹ ਤਿੰਨੋ ਵਖੋ-ਵੱਖ ਕੇਂਦਰ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਸੁਤੰਤਰ ਰੂਪ ਵਿਚ ਬਿਨਾਂ ਕਿਸੇ ਤਾਲਮੇਲ ਦੇ ਕਰਨਗੇ ਤਾਂ ਇਸ ਦਾ ਨਤੀਜਾ ਯੂਨੀਵਰਸਿਟੀ ਦੇ ਚੰਗੇਰੇ ਹਿੱਤਾਂ ਲਈ ਘਾਤਕ ਸਿੱਧ ਹੋਵੇਗਾ। 'ਫ਼ੈਕਲਟੀ' ਨੂੰ ਯੂਨੀਵਰਸਿਟੀ ਦੇ ਸੰਗਠਨ ਦਾ ਆਧਾਰ ਮੰਨ ਕੇ ਲਿਆ ਗਿਆ ਹੈ ਅਤੇ ਇਸ ਨੂੰ ਅਧਿਐਨ ਦੇ ਸਿਲੇਬਸ ਨਿਸ਼ਚਿਤ ਕਰਨ, ਉਸ ਦੀ ਪੜ੍ਹਾਈ ਜਾਂ ਪੜ੍ਹਾਉਣ ਦਾ ਪ੍ਰਬੰਧ ਕਰਨ ਅਤੇ ਪਰੀਖਿਆ ਸਬੰਧੀ ਕੰਮਾਂ ਵਿਚ ਪੂਰਨ ਤੌਰ ਤੇ ਅਜ਼ਾਦੀ ਪ੍ਰਦਾਨ ਕੀਤੀ ਗਈ ਹੈ। ਪਰ ਉਨ੍ਹਾਂ ਸਾਰੇ ਵਿਸ਼ਿਆਂ ਤੇ ਕੰਟ੍ਰੋਲ ਕਰਲ ਲਈ ਜਿਨ੍ਹਾਂ ਦਾ ਅਧਿਕਾਰ ਸਪਸ਼ਟ ਰੂਪ ਵਿਚ ਫ਼ੈਕਲਟੀ ਨੂੰ ਨਹੀਂ ਸੌਂਪਿਆ ਗਿਆ ; ਇਕ ਤੋਂ ਅਧਿਕ ਫ਼ੈਕਲਟੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲੇ ਨਿਪਟਾਉਣ ਲਈ ਅਤੇ ਇਕ ਦਜੀ ਫ਼ੈਕਲਟੀਆਂ ਵਿਚ ਝਗੜੇ ਪੈਦਾ ਹੋਣ ਤੇ ਉਨ੍ਹਾਂ ਸਬੰਧੀ ਅੰਤਿਮ ਨਿਰਣਾ ਲੈਣ ਸਬੰਧੀ ਉਪਬੰਧ ਲਾਜ਼ਮੀ ਬਣਾਏ ਜਾਣੇ ਚਾਹੀਦੇ ਹਨ। ਨਾ ਸਿਰਫ ਇਨ੍ਹਾਂ ਫ਼ੈਕਲਟੀਆਂ ਵਿਚ ਤਾਲਮੇਲ ਰਖਣ ਲਈ ਇਕ ਬਾਡੀ ਦੀ ਲੋੜ ਹੈ ਬਲਕਿ ਸਿੰਡੀਕੇਟ ਅਤੇ ਫ਼ੈਕਲਟੀਆਂ ਦੇ ਤਾਲਮੇਲ ਲਈ ਇਕ ਬਾਡੀ ਹੋਣੀ ਚਾਹੀਦੀ ਹੈ ਨਹੀਂ ਤਾਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਰਾਹੀਂ ਸਿੰਡੀਕੇਟ ਫ਼ੈਕਲਟੀ ਦੀ ਸਿਖਿਆ ਸਬੰਧੀ ਆਜ਼ਾਦੀ ਵਿਚ ਗੰਭੀਰ ਰੂਪ ਵਿਚ ਮੁਦਾ ਖ਼ਲਤ ਕਰ ਸਕਦੀ ਹੈ। ਧਨ ਤੇ ਕੰਟਰੋਲ ਦਾ ਮਤਲਬ ਆਖ਼ਿਰਕਾਰ ਸਾਰੀਆਂ ਵਸਤਾਂ ਤੇ ਹੀ ਕੰਟਰੋਲ ਹੋਣਾ ਚਾਹੀਦਾ ਹੈ। ਇਸ ਲਈ ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ ਪੂਰੇ ਦਾ ਪੂਰੇ ਸਿਖਿਅਕ ਵਰਗ ਦੇ ਪ੍ਰਤੀਨਿਧੀ ਮੰਡਲ ਦੇ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਸਿੰਡੀਕੇਟ ਨੂੰ ਅਜਿਹਾ ਕੋਈ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਯੂਨੀਵਰਸਿਟੀ ਉੱਤੇ ਸਿੱਧੇ ਤੌਰ ਸਿਖਿਆ ਸਬੰਧੀ ਪ੍ਰਭਾਵ ਪੈਂਦਾ ਹੋਵੇ। ਇਸ ਤਰ੍ਹਾਂ ਭਾਵੇਂ ਉਹ ਵਿਚਕਾਰਲੇ ਸਮੇਂ ਦੀ ਮਹੱਤਾ ਦੇ ਰੂਪ ਵਿੱਚ ਜਾਂ ਯੂਨੀਵਰਸਿਟੀ ਦੇ ਸੰਗਠਨ ਵਿਚ ਸਥਾਈ ਵਿਸ਼ੇਸ਼ਤਾ ਦੇ ਰੂਪ ਵਿੱਚ ਹੋਵੇ, ਸਮਾ ਵੇਸ਼ਣ ਐਕਟ ਵਿੱਚ ਇੱਕ ਚੌਥੀ ਬਾਡੀ ਦੀ ਸਥਾਪਨਾ ਕੀਤੇ ਜਾਣ ਦੀ ਸਪਸ਼ਟ ਤੌਰ ਤੇ ਜ਼ਰੂਰਤ ਹੈ। ਮੇਰੀ ਤਜਵੀਜ਼ ਹੈ ਕਿ ਉਸ ਬਾਡੀ ਨੂੰ ਵਿਦਿਆ ਪਰੀਸ਼ਦ ਦੇ ਨਾਂ ਤੋਂ ਜਾਣਿਆ ਜਾਵੇ। ਇਸ ਦੇ ਕੰਮ ਕੁਝ ਸਲਾਹਕਾਰੀ ਅਤੇ ਕੁੱਝ ਕਾਰਜਕਾਰੀ ਹੋਣਗੇ।

ਇਸ ਦੇ ਕਾਰਜਕਾਰੀ ਕੰਮਾਂ ਵਿਚ ਵਿਨਿਯਮਾਂ ਦੁਆਰਾ ਨਿਸ਼ਚਿਤ ਜਾਂ ਕਿਸੇ ਹੋਰਵੇਂ ਤਰ੍ਹਾਂ ਉਹ ਸਾਰੇ ਮਾਮਲੇ ਸ਼ਾਮਿਲ ਹੋਣਗੇ ਜਿੰਨਾਂ ਦਾ ਸਬੰਧ ਨਿਮਨਲਿਖਤ ਨਾਲ ਹੈ:--

1. ਫੈਕਲਟੀ ਦੀ ਜਾਂ ਫ਼ੈਕਲਟੀ ਦੁਆਰਾ ਨਿਯੁਕਤ ਕਿਸੇ ਵੀ ਕਮੇਟੀ ਦੀ ਬੈਠਕ ਲਈ ਜ਼ਰੂਰੀ ਕੋਰਸ।

2. ਸਿਖਿਆ ਸਬੰਧੀ ਕਿਸੇ ਮਾਮਲੇ ਨਾਲ ਸੰਬੰਧਿਤ ਕਿਸੇ ਬਾਡੀ ਜਾਂ ਕਿਸੇ ਦੂਜੀ ਯੂਨੀਵਰਸਿਟੀ ਦੁਆਰਾ ਸਾਂਝੇ ਤੌਰ ਤੇ ਗਠਿਤ ਬੋਰਡ ਸਹਿਤ ਸਲਾਹਕਾਰ ਜਾਂ ਦੂਜੇ ਬੋਰਡਾਂ

ਦੇ ਅਧਿਕਾਰ ਅਤੇ ਕਰੱਤਵ।

3. ਯੂਨੀਵਰਸਿਟੀਆਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਨਮਾਨ ਵਜੋਂ ਡਿਗੀਆਂ ਅਤੇ ਵਿਸ਼ੇਸ਼ ਯੋਗਤਾਵਾਂ ਲਈ ਲਾਜ਼ਮੀ ਸ਼ਰਤਾਂ ਅਤੇ ਇਹਨਾਂ ਡਿਗਰੀਆਂ ਨੂੰ ਦੇਣ ਸਬੰਧੀ ਅਪਣਾਏ ਜਾਣ ਵਾਲੇ ਉਪਾਅ।

4. ਸੰਬੰਧਿਤ ਕਾਲਜਾਂ ਦੇ ਮੁਆਇਨੇ।

5. ਕਾਲਜਾਂ ਦੀ ਸੰਬੱਧਤਾ ਜਾਂ ਅੰਸਬੱਧਤਾ।

6. ਵਜ਼ੀਫ਼ੇ, ਪ੍ਰਦਰਸ਼ਨੀ ਅਤੇ ਮਾਲੀ ਜਾਂ ਹੋਰ ਸਹਾਇਤਾ ਦੀ ਮਿਆਦ।

7. ਗਰੈਜੂਏਸ਼ਨ ਜਾਂ ਗਰੈਜੂਏਸ਼ਨ ਤੋਂ ਪਹਿਲਾਂ ਦੇ ਸਬੰਧ ਵਿੱਚ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਅਨੁਸ਼ਾਸਨ ਨੂੰ ਲਾਗੂ ਕਰਨਾ।

8. ਸੈਨੇਟ ਵਿੱਚ ਕੀਤੀ ਗਈ ਅਪੀਲ ਦੇ ਵਿਚਾਰ- ਗਰੈਜੂਏਸ਼ਨ ਜਾਂ ਗਰੈਜੂਏਸ਼ਨ ਤੋਂ ਪਹਿਲਾਂ ਦੇ ਸਬੰਧ ਵਿਚ ਯੂਨੀਵਰਸਿਟੀ ਦੀ ਮੈਂਬਰੀ ਤੋਂ ਵਾਂਝਿਆ ਕਰਨਾ, ਡਿਗਰੀਆਂ, ਡਿਪਲੋਮਾਂ, ਸਰਟੀਫ਼ਿਕੇਟ, ਖ਼ਾਸ ਯੋਗਤਾਵਾਂ ਦੀ ਵਾਪਸੀ।

ਵਿਦਿਆ ਪਰੀਸ਼ਦ ਦੇ, ਸਲਾਹਕਾਰੀ ਕਾਰਜ ਨਿਮਨ ਅਨੁਸਾਰ ਹੋਣਗੇ:-

1. ਵਿਦਿਆ ਪਰੀਸ਼ਦ ਨੂੰ ਰਿਪੋਰਟ ਦੇਣ ਲਈ ਬਿਨੈ ਕੀਤੇ ਜਾਣ ਤੋਂ ਬਿਨਾਂ ਅਤੇ ਉਸ ਰਿਪੋਰਟ ਦੀ ਪ੍ਰਾਪਤੀ ਤੋਂ ਬਿਨਾ ਗਰੈਜੂਏਸ਼ਨ ਤੋਂ ਪਹਿਲਾਂ ਜਾਂ ਗਰੈਜੂਏਸ਼ਨ ਤੋਂ ਬਾਅਦ ਦੋਵੇਂ ਵਰਗਾਂ ਦੀ ਯੂਨੀਵਰਸਿਟੀ ਸਿਖਿਆ ਦੇ ਸੰਗਠਨ, ਸੁਧਾਰ ਅਤੇ ਵਿਸਥਾਰ ਸੰਬੰਧੀ ਕਿਸੇ ਵੀ ਵਿਸ਼ੇ ਤੇ ਸਿੰਡੀਕੇਟ ਕੋਈ ਵੀ ਫੈਸਲਾ ਨਹੀਂ ਕਰੇਗੀ।

2. ਵਿਦਿਆ ਪਰਿਸ਼ਦ ਨੂੰ ਰਿਪੋਰਟ ਦੇਣ ਲਈ ਬਿਨੈ ਕੀਤੇ ਜਾਣ ਤੋਂ ਬਿਨਾਂ ਅਤੇ ਰਿਪੋਰਟ ਪ੍ਰਾਪਤ ਕੀਤੇ ਜਾਣ ਤੋਂ ਬਿਨਾਂ ਸਿੰਡੀਕੇਟ ਫ਼ੈਕਲਟੀਆਂ ਨੂੰ ਆਮ ਹਿਦਾਇਤਾਂ ਜਾਰੀ ਨਹੀਂ ਕਰੇਗੀ ਜਾਂ ਕਿਸੇ ਦੂਜੀ ਫ਼ੈਕਲਟੀ ਦੀ ਅਪੀਲ ਉਤੇ ਉਹ ਕਿਸੇ ਫ਼ੈਕਲਟੀ ਸਮਿਤੀ ਜਾਂ ਮੰਡਲ, ਦੇ ਕੰਮ ਦੀ ਅਜਿਹੀਆ ਬਾਡੀਜ਼ੇ ਦੇ ਆਹੁਦੇਦਾਰਾਂ ਜਾਂ ਨੁਮਾਇੰਦੇ ਦੀ ਚੋਣ ਨੂੰ ਛੱਡ ਕੇ, ਸਮੀਖਿਆ ਨਹੀਂ ਕਰੇਗੀ ਜਾਂ ਉਸ ਨੂੰ ਭਵਿਖ ਦੇ ਕੰਮ ਲਈ ਹਦਾਇਤ ਵੀ ਨਹੀਂ ਦੇਵੇਗੀ।

3. ਵਿਦਿਆ ਪਰਿਸ਼ਦ ਨੂੰ ਰਿਪੋਰਟ ਲਈ ਬਿਨੈ ਕੀਤੇ ਬਿਨਾਂ ਅਤੇ ਉਸ ਰਿਪੋਰਟ ਦੀ ਪ੍ਰਾਪਤੀ ਤੋਂ ਬਿਨਾਂ ਸਿੰਡੀਕੇਟ ਅਧਿਆਪਕ ਵਰਗ ਵਿਚ ਕੋਈ ਨਿਯੁਕਤੀ ਨਹੀਂ ਕਰੇਗੀ। ਸੈਨੇਟ, ਸਿੰਡੀਕੇਟ ਜਾਂ ਵਿਦਆ ਪਰਿਸ਼ਦ ਦੀ ਰਚਨਾ ਜਾਂ ਸ਼ਕਤੀ ਉੱਝ ਦੀ ਹੋਣੀ ਚਾਹੀਦੀ ਹੈ ਜਿਵੇਂ ਕਿ ਕਲੱਕਤਾ ਯੂਨੀਵਰਸਿਟੀ ਕਮਿਸ਼ਨ ਨੇ 'ਨਿਊ ਕਲਕੱਤਾ ਯੂਨੀਵਰਸਿਟੀ' ਲਈ ਤਜ਼ਵੀਜ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਨਾਵਾਂ ਵਿਚ ਤਬਦੀਲ ਕੀਤੀ ਜਾਣੀ ਹੋਰ ਵੀ ਚੰਗੀ ਗਲ ਹੋਵੇਗੀ ਨਵੀਂ ਯੂਨੀਵਰਸਿਟੀ ਦੀ ਸੀਨੀਅਰ ਕੌਂਸਿਲ ਨੂੰ 'ਕੋਰਟ' ਅਤੇ

ਸਿੰਡੀਕੇਟ ਨੂੰ 'ਸੈਨੇਟ' ਦੇ ਨਾ ਨਾਲ ਪੁਕਾਰਿਆ ਜਾਣਾ ਵਧੇਰੇ ਚੰਗਾ ਹੋਵੇਗਾ। ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ: ਕਿ ਵਾਈਸਰਾ ਏ ਨੂੰ ਯੂਨੀਵਰਸਿਟੀ ਦਾ ਚਾਂਸਲਰ ਹੋਣਾ ਚਾਹੀਦਾ ਹੈ।

ਪ੍ਰਸ਼ਨ ਨੰ: 16 ਬੰਬਈ ਯੂਨੀਵਰਸਿਟੀ ਬੜੀ ਹੀ ਚੰਗੀ ਤਰ੍ਹਾਂ ਨਾਲ (ਓ) ਪਰੀਖਿਆਵਾਂ ਦੇ ਸੰਚਾਲਨ

(ਅ) ਸਿਲੇਬਸ ਨਿਰਧਾਰਨ ਅਤੇ (ੲ) ਪਾਠ-ਪੁਸਤਕਾਂ ਨਿਸ਼ਚਿਤ ਕਰਨ ਸਬੰਧੀ ਕੇਸਾਂ ਨੂੰ ਪੂਰਾ ਕਰ ਰਹੀ ਹੈ। ਪਰ ਇੰਝ ਜਾਪਦਾ ਹੈ ਕਿ ਅਧਿਆਪਕਾਂ ਅਤੇ ਵਿਦਆਰਥੀਆਂ ਤੇ ਪੈਣ ਵਾਲ ਹਾਨੀਕਾਰਕ ਪ੍ਰਭਾਵ ਵਲ ਯੂਨੀਵਰਸਿਟੀ ਨੇ ਕਦੇ ਧਿਆਨ ਹੀ ਨਹੀਂ ਦਿੱਤਾ। ਯੂਨੀਵਰਸਿਟੀ ਦੇ ਅਧਿਆਪਕ ਜਿਸ ਢੰਗ ਨਾਲ ਪੜ੍ਹਾਉਣਾ ਸਭ ਤੋਂ ਚੰਗਾ ਸਮਝਣ, ਉਸ ਲਈ ਉਨ੍ਹਾਂ ਨੂੰ ਆਜ਼ਾਦੀ ਕਿਵੇਂ ਹਾਸਲ ਹੋਵੇ ਅਤੇ ਉਨ੍ਹਾਂ ਨੂੰ ਕਿਸੇ ਮੁਸ਼ਕਲ ਸਿਲੇਬਸ ਵਿਚ ਨਾ ਬੰਨ੍ਹਿਆ ਜਾਵੇ-ਇਹ ਇਕ ਅਜਿਹੀ ਸਮਸਿਆ ਹੈ ਜਿਸ ਨੂੰ ਇਸ ਕਮੇਟੀ ਦੁਆਰਾ ਹੱਲ ਕੀਤੇ ਜਾਣ ਵਾਲੀਆਂ ਸਾਰੀਆਂ ਸਮਸਿਆਵਾਂ ਵਿਚ ਸਭਨਾਂ ਤੋਂ ਅੱਗੇ ਰਖਣਾ ਚਾਹੀਦਾ ਹੈ। ਜੇਕਰ ਅਧਿਆਪਕਾਂ ਲਈ ਆਜ਼ਾਦੀ ਪ੍ਰਾਪਤ ਹੋ ਸਕੇਗੀ ਤਾਂ ਵਿਦਿਆਰਥੀਆਂ ਲਈ ਵੀ ਆਜ਼ਾਦੀ ਆਵੇਗੀ। ਇਸ ਉਦੇਸ਼ ਦੇ ਲਈ ਯੂਨੀਵਰਸਿਟੀ ਦੇ ਅਧਿਆਪਕਾਂ ਦਾ ਉਚਿਤ ਪੂਰਨ ਉਪਾਵਾਂ ਦੇ ਨਾਲ ਹੀ ਆਪਣੇ ਵਿਦਿਆਰਥੀਆਂ ਦੀ ਸਿਖਿਆ ਅਤੇ ਪਰੀਖਿਆ ਤੇ ਪੂਰਾ ਕੰਟਰੋਲ ਹੋਣਾ ਚਾਹੀਦਾ ਹੈ ਅਤੇ ਇਸ ਕੰਮ ਨੂੰ ਸੰਭਵ ਬਣਾਉਣ ਲਈ ਯੂਨੀਵਰਸਿਟੀ ਨੂੰ ਵੀ ਉਸੇ ਹੀ ਤਰ੍ਹਾਂ ਸਥਾਪਿਤ ਕਰਨਾ ਹੋਵੇਗਾ।

ਪ੍ਰਸ਼ਨ 17 ਪਰੀਖਿਆ ਤੋਂ ਇਲਾਵਾ ਕਾਲਜਾਂ ਵਿਚ ਵਿਦਿਆਰਥੀਆਂ ਦੇ ਦੂਜੇ ਕੰਮਾਂ ਤੇ ਵਿਚ ਵਿਚਾਰ ਕਰਨਾ ਚਾਹੀਦਾ ਹੈ। ਉਚੇਰੀਆਂ ਡਿਗਰੀਆਂ ਲਈ ਖੋਜ ਸਬੰਧੀ ਪ੍ਰਬੰਧ ਅਤੇ ਜ਼ਬਾਨੀ ਪਰੀਖਿਆਵਾਂ ਵੀ ਹੋਣੀਆਂ ਚਾਹੀਦੀਆਂ ਹਨ।

ਪ੍ਰਸ਼ਨ ਨੰ: 18 ਅਤੇ 19 ਬੰਬਈ ਯੂਨੀਵਰਸਿਟੀ ਨੂੰ ਸੰਪੂਰਨ ਯੂਨੀਵਰਸਿਟੀ ਬਣਾਉਣ ਲਈ ਇਸ ਵਿਚ ਇੰਜੀਨੀਅਰਿੰਗ, ਜ਼ਰਾਇਤੀ, ਲਲਿਤ ਕਲਾਵਾਂ, ਪ੍ਰਾਉਦਯੋਗਿਕੀ ਅਤੇ ਸੰਗੀਤ ਦੀਆਂ ਵੀ ਫ਼ੈਕਲਟੀਆਂ ਹੋਣੀਆਂ ਚਾਹੀਦੀਆਂ ਹਨ।

ਪ੍ਰਸ਼ਨ ਨੰ : 20 ਪੋਸਟ ਗ੍ਰੈਜੂਏਸ਼ਨ ਡਿਗਰੀਆਂ ਲਈ ਅਧਿਐਨ ਦਾ ਸਮਾਂ ਚਾਰ ਸਾਲ ਦਾ ਹੋਣਾ ਚਾਹੀਦਾ ਹੈ (ਅਜਿਹਾ ਮੈਂ ਸਿਰਫ਼ ਸਮਾਜਿਕ ਵਿਗਿਆਨ ਦੇ ਬਾਰੇ ਹੀ ਕਹਿ ਰਿਹਾ ਹਾਂ), ਦੋ ਦੋ ਸਾਲਾਂ ਦੇ ਹੋਣ ਚਾਹੀਦੇ ਹਨ। ਪਹਿਲੇ ਸਮੈਸਟਰ ਦੇ ਖ਼ਤਮ ਹੋਣ ਤੇ ਵਿਦਿਆਰਥੀ ਐਮ.ਏ. ਦੀ ਡਿਗਰੀ ਦਾ ਹੱਕਦਾਰ ਹੋ ਜਾਣਾ ਚਾਹੀਦਾ ਹੈ। ਉਸ ਨੂੰ ਸਿਰਫ਼ ਇਕੋ ਅਜਿਹੇ ਵਿਸ਼ੇ ਵਿਚ ਮਹਾਰਤ ਹਾਸਲ ਕਰਨੀ ਚਾਹੀਦੀ ਹੈ ਜਿਸ ਵਿਚ ਉਸ ਦੀ ਖ਼ਾਸ ਦਿਲਚਸਪੀ ਹੋਵੇ। ਜਾਂਚ ਲਈ ਇਕ ਲਿਖਤ ਪਰੀਖਿਆ ਹੋਵੇ ਜਿਸ ਵਿਚ ਲਗਭਗ 75 ਪੰਨਿਆ ਦਾ ਟਾਈਪ ਹੋਇਆ ਲੇਖ ਹੋਵੇ ਜਿਹੜਾ ਮੂਲ ਸੋਮਿਆਂ ਦੀ ਵਰਤੋਂ ਕਰਨ ਅਤੇ ਉਸ ਤੇ ਅਲੋਚਨਾ

ਕਰ ਸਕਣ ਦੀ ਉਸ ਦੀ ਕਲਾ ਸਬੰਧੀ ਮਹਾਰਤ ਦਰਸਾਉਂਦਾ ਹੋਵੇ। ਦੂਜੇ ਸਮੈਸਟਰ ਦੇ ਖ਼ਤਮ ਹੋਣ ਤੇ ਵਿਦਿਆਰਥੀ ਪੀ. ਐਚ. ਡੀ ਦੀ ਡਿਗਰੀ ਦਾ ਹੱਕਦਾਰ ਹੋਣਾ ਚਾਹੀਦਾ ਹੈ। ਉਸ ਦੀ ਜਾਂਚ ਵਿਚ ਜ਼ਬਾਨੀ ਪਰੀਖਿਆ ਹੋਵੇ ਅਤੇ ਪ੍ਰਕਾਸ਼ਨ ਦੇ ਯੋਗ ਵੱਡੇ ਅਤੇ ਚੰਗੇ ਸਾਈਜ਼ ਦਾ ਇਕ ਰਿਸਰਚ ਪੇਪਰ ਵੀ ਹੋਣਾ ਚਾਹੀਦਾ ਹੈ। ਐਮ. ਏ. ਵਿਚ ਲਏ ਗਏ ਸਭ ਤੋਂ ਜ਼ਿਆਦਾ ਦਿਲਚਸਪੀ ਵਾਲੇ ਵਿਸ਼ੇ ਦੇ ਅਧੀਨ ਕਿਸੇ ਖ਼ਾਸ ਖੇਤਰ ਵਿਚ ਵਿਦਿਆਰਥੀ ਦੁਆਰਾ ਕੀਤੀ ਗਈ ਖੋਜ ਉਸ ਵਿਚ ਸ਼ਾਮਲ ਹੋਵੇਗੀ। ਇਸ ਤੋਂ ਇਲਾਵਾ ਵਿਦਿਆਰਥੀ ਅਜਿਹੇ ਦੋ ਵਿਸ਼ਿਆਂ ਲਈ, ਜਿਹੜੇ ਉਸ ਦੀ ਸਭਨਾਂ ਤੋਂ ਚੰਗੇਰੀ ਦਿਲਚਸਪੀ ਵਾਲੇ ਅਤੇ ਘਟ ਰੁਚੀ ਵਾਲੇ ਵਿਸ਼ਿਆਂ ਨਾਲ ਸਬੰਧਤ ਹੋਣਗੇ, ਆਪਣੇ ਆਪ ਨੂੰ ਜ਼ਬਾਨੀ ਪਰੀਖਿਆ ਲਈ ਪੇਸ਼ ਕਰੇਗਾ। ਇਹ ਅਵਸਥਾ ਉਸ ਦੇ ਮਾਂ ਹਿਰਪੁਰਣੇ ਨੂੰ ਵਿਆਪਕ ਆਧਾਰ ਪ੍ਰਦਾਨ ਕਰੇਗੀ।

ਪ੍ਰਸ਼ਨ 21 ਅਜਿਹੀਆਂ ਕੁੱਝ ਡਿਗਰੀਆਂ ਦਾ ਹੋਣਾ ਚੰਗਾ ਹੋ ਸਕਦਾ ਹੈ।

ਪ੍ਰਸ਼ਨ 22 ਮਾਲੀ ਸਹਾਇਤਾ, ਵਜ਼ੀਫ਼ੇ ਅਤੇ ਸਕਾਲਰਸ਼ਿਪ ਰਾਹੀਂ।

ਪ੍ਰਸ਼ਨ 23 ਪ੍ਰਸ਼ਨ 11-13 ਦੇ ਉੱਤਰ ਵੇਖੋ।

ਪ੍ਰਸ਼ਨ 30 ਬੰਬਈ ਯੂਨੀਵਰਸਿਟੀ ਨੂੰ ਆਪਣੇ ਆਪ ਨੂੰ ਬੰਬਈ ਤੱਕ ਹੀ ਸੀਮਿਤ ਰਖਣਾ ਚਾਹੀਦਾ ਹੈ। ਨਵੀਂ ਯੂਨੀਵਰਸਿਟੀ ਆਪਣੇ ਆਪਣੇ ਵਿਭਾਗ ਖੋਲ੍ਹੇ ਪਰ ਜੇਕਰ ਨਵੀਂ ਯੂਨੀਵਰਸਿਟੀ ਦੀ ਰਚਨਾ ਕਾਲਜਾਂ ਨੂੰ ਲੈ ਕੇ ਕਰਨੀ ਹੈ ਤਾਂ ਹਰ ਇਕ ਕਾਲਜ ਸਿਰਫ਼ ਇਕੋ ਹੀ ਵਿਸ਼ਾ ਪੜ੍ਹਾਉਣ ਤਕ ਹੀ ਆਪਣੇ ਆਪ ਨੂੰ ਸੀਮਿਤ ਰੱਖੇ।

ਪ੍ਰਸ਼ਨ 31-33: ਪ੍ਰਸ਼ਨ 33-36 ਦੇ ਉੱਤਰ ਵੇਖੋ।

ਪ੍ਰਸ਼ਨ 34: ਸਿਖਿਆ ਦਾ ਪ੍ਰਸਾਰ ਯੂਨੀਵਰਸਿਟੀ ਦਾ ਇਕ ਮਹੱਤਵਪੂਰਣ ਕੰਮ ਹੋਣਾ ਚਾਹੀਦਾ ਹੈ। ਪਰ ਇਸ ਟੀਚੇ ਨੂੰ ਉਦੋਂ ਤਕ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਯੂਨੀਵਰਸਿਟੀ ਸਿਖਿਆ ਦੇ ਮਾਧਿਅਮ ਦੇ ਰੂਪ ਵਿਚ ਦੇਸੀ ਭਾਸ਼ਾ ਨੂੰ ਨਹੀਂ ਅਪਣਾਉਂਦੀ, ਜਿਹੜੀ ਕਿ ਮੌਜੂਦਾ ਹਾਲਾਤ ਵਿਚ ਦੂਰ ਦੀ ਗਲ ਹੈ।

ਪ੍ਰਸ਼ਨ 35: ਯੂਨੀਵਰਸਿਟੀ ਦੇ ਸਿਖਿਅਕ ਮਾਮਲਿਆਂ ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੋਣਾ ਚਾਹੀਦਾ। ਇਹ ਮੁਕੰਮਲ ਤੌਰ ਤੇ ਫ਼ੈਕਲਟੀਆਂ ਨੂੰ ਸੌਂਪ ਦਿੱਤਾ ਜਾਣਾ ਚਾਹੀਦਾ ਹੈ। ਪਰ ਯੂਨੀਵਰਸਿਟੀ ਦੇ ਵਿਧਾਨੀ ਅਤੇ ਪ੍ਰਸ਼ਾਸਕੀ ਮਾਮਲਿਆਂ ਤੇ ਸਰਕਾਰ ਦਾ ਕੁੱਝ ਕੰਟਰੋਲ ਹੋਣਾ ਚਾਹੀਦਾ ਹੈ, ਜਿਹੜਾ ਸਰਕਾਰ ਨੂੰ ਯੂਨੀਵਰਸਿਟੀ ਦੀ 'ਕੋਰਟ' ਅਤੇ 'ਸੈਨੇਟ' ਵਿਚ ਨਾ ਮਜ਼ਦਗੀ ਰਾਹੀਂ ਹਾਸਲ ਕਰਨਾ ਚਾਹੀਦਾ ਹੈ।

ਪ੍ਰਸ਼ਨ 41-44 ਮੈਨੂੰ ਇਨ੍ਹਾਂ ਪ੍ਰਸ਼ਨਾਂ ਨੂੰ ਨਵੀਆਂ ਬਣਾਈਆਂ ਗਈਆਂ ਫ਼ੈਕੇਲਟੀਆਂ ਤੇ ਛੱਡ ਦੇਣਾ ਚਾਹੀਦਾ ਹੈ। ਮੇਰੇ ਵਿਚਾਰ ਵਿਚ ਆਨਰਜ਼ ਸਿਲੇਬਸ ਵਿਦਿਆਰਥੀਆਂ ਨੂੰ ਹਲਕੀ ਸਿਖਿਆ ਪ੍ਰਦਾਨ ਕਰਦੀ ਹੈ।

ਪ੍ਰਸ਼ਨ 45-46: ਮੈਂ ਸਿਖਿਆ ਦੇ ਮਾਧਿਅਮ ਦੇ ਰੂਪ ਵਿਚ ਦੇਸੀ ਭਾਸ਼ਾ ਦੇ ਇਸਤੇਮਾਲ

ਦੇ ਸਬੰਧ ਵਿਚ ਮੇਰੀ ਇਕ ਸ਼ਕਤੀਸ਼ਾਲੀ ਸਕਾਰਾਤਮਕ ਵਿਚਾਰਧਾਰ ਹੈ। ਪਰ ਮੈਂ ਅਜਿਹਾ ਮਹਿਸੂਸ ਕੀਤਾ ਹੈ ਕਿ ਇਸ ਸਮਸਿਆ ਦਾ ਹੱਲ ਉਦੋਂ ਤਕ ਨਹੀਂ ਲਭਿਆ ਜਾ ਸਕਦਾ ਜਦੋਂ ਤਕ ਭਾਰਤੀ ਜਨਤਾ ਇਹ ਨਿਸ਼ਚਾ ਨਾ ਕਰ ਲਵੇ ਕਿ ਆਮ ਬੋਲ ਚਾਲ ਲਈ ਉਸ ਨੂੰ ਕਿਹੜੀ ਦੇਸੀ ਭਾਸ਼ਾ ਚੁਣਨੀ ਹੈ।

ਪ੍ਰਸ਼ਨ 52: ਮੈਂ ਸਮਝਦਾ ਹਾਂ ਕਿ ਪਛੜੇ ਵਰਗਾਂ ਖ਼ਾਸ ਕਰਕੇ ਦਲਿਤਾਂ, ਦੇ ਵਿਚਕਾਰ ਯੂਨੀਵਰਸਿਟੀ ਨੂੰ ਬੜਾਵਾ ਦੇਣ ਲਈ ਖ਼ਾਸ ਕੋਸ਼ਿਸ਼ਾਂ ਦੀ ਲੋੜ ਹੈ।

ਪ੍ਰਸ਼ਨਾਵਲੀ ਦੇ ਸਬੰਧ ਵਿਚ ਆਪਣੇ ਉਤਰਾਂ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਕ ਚੰਗੀ ਲਾਇਬ੍ਰੇਰੀ ਕਾਇਮ ਕੀਤੇ ਜਾਣ ਬਾਰੇ ਕਮੇਟੀ ਦੁਆਰਾ ਵਿਖਾਈ ਗਈ ਸਭ ਤੋਂ ਜ਼ਿਆਦਾ ਉਦਾਸੀਨਤਾ ਲਈ ਮੈਂ ਹੈਰਾਨੀ ਪ੍ਰਗਟ ਕਰਦਾ ਹਾਂ। ਮੈਨੂੰ ਸਮਝ ਨਹੀਂ ਆ ਰਹੀ ਕਿ ਕਿਸੇ ਅਵੱਲ ਦਰਜੇ ਦੀ ਲਾਇਬ੍ਰੇਰੀ ਦੀ ਹੋਂਦ ਤੋਂ ਬਿਨਾਂ ਕੋਈ ਯੂਨੀਵਰਸਿਟੀ ਕਿਵੇਂ ਕੰਮ ਕਰ ਸਕਦੀ ਹੈ

ਅਨੁਕ੍ਰਮਣਿਕਾ

ਉਚੇਰੀ ਸਿਖਿਆ ਅਤੇ ਖੋਜ ਉਨਤੀ ਲਈ ਕਾਲਜਾਂ ਨੂੰ ਯੂਨਵਰਸਿਟੀ ਤੋਂ ਵੱਖ ਕਰਨਾ 68

ਉਦਯੋਗ ਅਤੇ ਮਿਲ-ਮਾਲਕਾਂ ਲਈ ਬਜਟ ਜ਼ਰੂਰੀ 304

ਉਦਯੋਗ ਅਤੇ ਮਿਲਾਂ : ਮਾਲਕਾਂ ਦੇ ਰਿਸ਼ਤੇਦਾਰਾਂ ਲਈ ਸਵਰਗ 303

ਉਦਯੋਗਿਕ ਵਿਵਾਦ ਬਿਲ 261

ਉਦਯੋਗੀ ਸੇਵਾਵਾਂ ਦੀ ਪਰਿਭਾਸ਼ਾ 280

ਅੰਸ਼ ਸੰਪੂਰਨ ਵਸਤੂ ਦਾ ਭਾਗ ਹੁੰਦਾ ਹੈ 344

ਅਸ਼ਟਾਮ ਕਰ 30, 31

ਅਸਪ੍ਰਿਸ਼ 170

ਅਹਿਮਦਾਬਾਦ ਮਿਲ ਮਜ਼ਦੂਰ ਸੰਘ 292

ਅੰਗ੍ਰੇਜ਼ਾਂ ਦੀ ਮਹੱਤਵਪੂਰਨ ਦੇਣ : ਕਾਨੂੰਨ ਦੀ ਸਾਂਝੀ ਨਿਯਮਾਵਲੀ 254 ; ਸਾਂਝੀ ਕੇਂਦਰੀ ਸਰਕਾਰ 254

ਅਛੂਤ 171

ਅਛੂਤ ਸ਼੍ਰੇਣੀਆਂ, ਸਰਕਾਰ ਅਤੇ ਪਰਿਸ਼ਦ 367

ਅਣਚਾਰੀ ਸੰਤਾਲਨ 346

ਅੰਤਰ-ਕਾਲਜ ਟੀਚਿੰਗ 403-5

ਅੰਤਰੋਲੀਕਰ 350

ਅਦਾਲਤੀ ਫ਼ੀਸ 30, 31

ਅਮਰੀਕਨ ਕਾਮਨਵੈਲਥ ਦੇ ਜੱਜ 148

ਅਮਲੇ ਦੀ ਨਿਯੁਕਤੀ ਲਈ ਯੂਨੀਵਰਸਿਟੀ ਕੰਟਰੋਲ 406

ਅਲਸਟਰ 339, 343

ਅਲੀ ਬਹਾਦਰ ਖ਼ਾਨ 259

ਅਲੀ ਮੁਹੰਮਦ ਖ਼ਾਨ ਦਿਹਲਵੀ 189

ਆਧੁਨਿਕ ਖੋਜਾਂ ਅਤੇ ਖਾਣ-ਪਦਾਰਥਾਂ ਦੀ ਸਮਸਿਆ 362

ਆਧੁਨਿਕ ਜੰਗਾਂ ਦਾ ਮੂਲ ਕਾਰਨ-ਵਸੋਂ ਦੀ ਗਿਣਤੀ 354

ਆਬਕਾਰੀ 5, 36, 38

ਆਬਕਾਰੀ ਅਤੇ ਅਸ਼ਟਾਮਾ ਤੋਂ ਵਾਧੂ ਆਮਦਨ 119

ਆਮਦਨ ਕਰ 4

ਆਰਥਿਕ ਮੁਸ਼ਕਲਾਂ ਦਾ ਮੂਲ ਕਾਰਨ 362

ਆਰਮਸਟਰਾਂਗ 363

ਐਂਡਰਸਨ, ਐਫ਼.ਸੀ.ਐਚ. 174

ਐਲਫ਼ਨਿਸਟਨ ਮਿਲ ਵਿਚ ਗੜਬੜ 306

ਐਲਫ਼ਕਿਸਟਨ ਮਿਲ ਵਿਚ ਗੋਲੀ ਚਲਾਉਣ ਦੀ ਉਚਿਤਤਾ 307

ਐਲਫ਼ਰਡ ਹਾਪਕਿਨਜ਼ 81

ਐਬੀਟਰ ਡਿਕਟਮ 272

ਇਕ ਉਦਯੋਗ /ਧੰਦੇ ਵਿਚ ਕੰਮ ਕਰ ਰਹੇ ਸਾਰੇ ਮਜ਼ਦੂਰਾਂ ਦਾ ਸੰਘ ਮੁਨਾਸਬ ਹੈ ? 295, 296

ਇੰਗਲੈਂਡ ਤੇ ਜਾਤੀ ਪ੍ਰਥਾ 152

ਇੰਗਲੈਂਡ ਵਿਚ ਆਮ ਮਜ਼ਦੂਰ ਸੰਘ 295

ਇੰਗਲੈਂਡ ਵਿਚ ਜਨਮ-ਦਰ ਵਾਧੇ ਤੇ 356
ਇਟਲੀ 354
ਇੰਤਕਾਲਾਂ ਉਤੇ ਅਸ਼ਟਾਮ ਕਰ 32, 33
ਇਮਤਿਹਾਨ ਪ੍ਰਣਾਲੀ 72
ਈਸਟ (ਪ੍ਰੋ) 363
ਸਹਸਰਬੁਧ 363
ਸ਼ਹਿਰੀਕਰਨ 46, 47
ਸੰਸਦ ਕਾਲ ਦੇ ਐਲਾਨ ਦੇ ਲਾਗੂ ਰਹਿਣ ਸਮੇਂ ਜ਼ਰੂਰੀ ਵਸਤਾਂ ਦੀ ਪ੍ਰਾਪਤੀ ਲਈ ਵਿਨਿਯਮ ਬਣਾਉਣ ਦਾ ਅਧਿਕਾਰ 280, 281
ਸੰਕਟਕਾਲੀ ਸਥਿਤੀ ਅਤੇ ਪੁਲਿਸ ਕਮਿਸ਼ਨਰ ਨੂੰ ਸ਼ਕਤੀਆਂ 183
ਸੰਘ ਰਜਿਸਟਰ ਕਰਨ ਲਈ ਜ਼ਰੂਰੀ ਸ਼ਰਤਾਂ ਦੀ ਪਾਲਣਾ 300
ਸੰਘ ਲਈ ਸਥਾਈ ਅਯੋਗਤਾ 300
ਸੰਘਾਂ ਦੇ ਇਸਤਰੀ/ਪੁਰਖ ਮੈਂਬਰਾਂ ਦੀ ਸੰਖਿਆ (ਇੰਗਲੈਂਡ ਵਿਚ) 293
ਸਟਾਰਟੇ 324
ਸਦੇਸ਼ਨਦੀ ਵਤਨ 108
ਸਟੇਟ ਕਮੇਟੀ ਦੀ ਰਿਪੋਰਟ (ਦਲਿਤਾਂ ਬਾਰੇ) 148
ਸ਼ਡੂਲਡ ਕਲਾਸ 170, 171
ਸੰਤਾਨ ਸੰਜਮ ਅਤੇ ਆਰਥਿਕ ਸਮਸਿਆਵਾਂ 359
ਸੰਤਾਨ ਸੰਜਮ ਅੰਦੋਲਨ 364
ਸੰਤਾਨ ਸੰਜਮ ਦਾ ਪ੍ਰਚਾਰ 385
ਸ਼ੰਤਾਨ ਸੰਜਮ ਦਾ ਮੁੱਖ ਉਦੇਸ਼ 362
ਸੰਤਾਨ ਸੰਜਮ ਦੇ ਉਪਾਅ 345
ਸਥਾਨਕ ਸੰਸਥਾ ਵਿਚ ਦਲਿਤ ਸ਼੍ਰੇਣਿਆਂ ਦੇ ਪ੍ਰਤਿਨਿਧੀ 61
ਸਥਾਨਕ ਬੋਰਡਾਂ ਨੂੰ ਸਹਾਇਤਾ ਅਨੁਦਾਨ 383
ਸੰਪਤੀ ਕਰ 33-36, 49, 52
ਸ਼ਪਤੀ ਕਰ ਤੇ ਦੰਡ 49, 50, 51
ਸੰਪ੍ਰਦਾ ਇਕ ਆਧਾਰ ਤੇ ਪ੍ਰਤਿਨਿਧਤਾ ਦੀ ਮਾਨਤਾ 152
ਸੰਪ੍ਰਦਾਇਕ ਪ੍ਰਤਿਨਿਧਤਾ 53
ਸੰਪ੍ਰਦਾਇਕਤਾ ਅਤੇ ਭਾਰਤ ਦੀ ਰਾਜਨੀਤਿਕ ਉੱਨਤੀ 143
ਸਪ੍ਰਿੰਗ ਮਿਲ ਦੇ ਮੈਨੇਜਰ ਵਲੋਂ ਗੋਲੀ ਚਲਾਉਣ ਬਦਲੇ ਪੁਲਿਸ ਨੂੰ ਰੁਪਏ 309
ਸਪੇਨਿਸ਼ ਅਮਰੀਕਨ ਕਾਲੋਨੀਆਂ 321
ਸਮਝੌਤੇ ਦਾ ਲਾਜ਼ਮੀਪਣ 262
ਸਮਝੌਤੇ ਦੀ ਕਾਰਵਾਈ ਅਤੇ ਹੜਤਾਲ 275
ਸ਼ਮਾਸਨ ਐਕਟ 412
ਸਮਾਜ ਸੇਵਾਵਾਂ ਦੀ ਪ੍ਰਣਾਲੀ (ਯੂਰਪ ਵਿਚ) 27
ਸਮਾਜਕ ਸੁਰਖਿਆ ਸੇਵਾਵਾਂ ਅਤੇ ਹੜਤਾਲ ਤੇ ਰੋਕ 280
ਸੰਯੁਕਤ ਰਾਜ ਅਮਰੀਕਾ 40
ਸਰਕਾਰੀ ਸੇਵਾ ਚੋਣ ਬੋਰਡ 365
ਸਰਕਾਰੀ ਕਰਮਚਾਰੀ-ਤਨਖ਼ਾਹਾਂ ਤੇ ਪੈਨਸ਼ਨਾਂ 381
ਸਰਬਪਖੀ ਸੁਧਾਰ ਲਈ ਸਵੰਰਾਜ ਸਮਰਥਹੀਨ 361

ਸ਼ਰਾਬ ਦੀ ਆਵਾਜਾਈ 41
ਸ਼ਰਾਬ ਦੀ ਖਪਤ ਤੇ ਆਬਕਾਰੀ ਨੀਤੀ ਨਿਰਧਾਰਣ 214
ਸਰੋਜਨੀ ਸਹਿਤਾ 348
ਸੰਵਿਧਾਨ ਜਿਹੜਾ ਢੁਕਵਾਂ ਨਹੀਂ, ਉਹ ਸੰਵਿਧਾਨ ਨਹੀਂ 322
ਸਾਗਰ 350
ਸਾਂਝੇ ਬਨਾਮ ਵੱਖ ਵੱਖ ਚੋਣ ਹਲਕੇ 165,166
ਸਾਡੇ ਦੇਸ ਵਾਸੀ-ਅਧਿਆਤਮਕ ? 348;349
ਸਾਮਰਾਜੀ : ਲੋਕਾਂ ਦੇ ਵਾਧੇ ਦੀ ਦਰ ਵਿਚ ਕਮੀ ਤੋਂ ਦੁਖੀ 356
ਸਿਖਿਆ ਦਾ ਮਾਧਿਅਮ 416
ਸਿਖਿਆ ਦਾ ਵਪਾਰੀਕਰਨ 57
ਸਿਖਿਆ ਦੀ ਤੁਲਨਾਤਮਕ ਪ੍ਰਗਤੀ 57-59
ਸਿਖਿਆ ਨੂੰ ਲਾਜ਼ਮੀ ਕਰਨ ਤੇ ਖ਼ਰਚ 43
ਸਿਖਿਆ ਲਈ ਗ੍ਰਾਂਟਾਂ 55
ਸ਼ਿਡਨਹਸ਼ ਕਾਲਜ ਆਫ਼ ਕਾਮਰਸ 47
ਸਿੰਡੀਕੇਟ ਦੇ ਕੰਮ 411, 412
ਸਿਵਲ ਨਾਫ਼ਰਮਾਨੀ ਅੰਦੋਲਨ 325
ਸੀਨੀਅਰ ਕੌਂਸਲ 412
ਸੁਲਹ ਨਹੀਂ, ਨਿਰਪੱਖਤਾ 302
ਸੇਪ ਨੂੰ ਵਿੱਤੀ ਕੁਰ ਵਿਚ ਬਦਲਣਾ 111
ਇੱਸ ਦੇ ਲਈ ਮਰਜ਼ੀ ਦਾ ਇਖ਼ਤਿਆਰ ਪਾਰਟੀਆਂ ਨੂੰ 112
ਸੇਪ ਪ੍ਰਥਾਂ ਅਤੇ ਮਹਾਰਾਂ ਦੀ ਗ਼ੁਲਾਮੀ 107
ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾਂ 267, 268, 270
ਸੇਵਾ ਦੀਆਂ ਸ਼ਰਤਾਂ ਦੀ ਉਲੰਘਣਾਂ ਸੰਬੰਧੀ ਐਕਟ ਕਾਰੀਗਰਾਂ ਦਸਤਕਾਰਾਂ ਤੇ ਲਾਗੂ 267
ਸੈਕੰਡਰੀ ਅਤੇ ਇੰਟਰਮੀਡੀਏਟ ਸਿਖਿਆ 388
ਸੈਕੰਡਰੀ ਸਕੂਲ ਸਹਾਇਤਾ ਅਨੁਦਾਨ 385
ਸੈਕੰਡਰੀ ਸਕੂਲ ਰਜਿਸਟ੍ਰੇਸ਼ਨ 385
ਸੈਕੰਡਰੀ ਸਿਖਿਆ ਤੇ ਸਰਕਾਰ 42
ਸੈਡਲਰ ਕਮਿਸ਼ਨ 68
ਸੈਨੇਟ ਦਾ ਮੁੱਖ ਕੰਮ 410, 411
ਸੈਨੇਟ ਦੀ ਬਣਤਰ 69, 70
ਸੈਨੇਟ ਵਿਚ ਪਛੜੇ ਫ਼ਿਰਕਿਆਂ ਦੀ ਪ੍ਰਤਿਨਿਧਤਾ 75
ਸੈਨੇਟ ਵਿਚ ਪਛੜੇ ਫ਼ਿਰਕਿਆਂ ਦੇ ਉਧਾਰ ਲਈ 10
ਸੀਟਾਂ ਦਾ ਵਾਧਾ 86, 87
ਹਕ ਲਾਗੂ ਕਰਨ ਦੀ ਮੁਅੱਤਲੀ/ ਸਮਾਪਤੀ 181
ਹਰੀਜਨ 171
ਹਰੀਲਾਲ ਡਾ. ਡਿਸਾਈ 368
ਹੜਤਾਲ ਸਜ਼ਾਯੋਗ ਨਹੀਂ 278
ਹੜਤਾਲ ਤੇ ਸਨਅਤੀ ਵਿਕਾਸ 279
ਹੜਤਾਲ ਧਾਰਾ 120 ਏ ਅਧੀਨ 273
ਹੜਤਾਲ ਨੂੰ ਕੁਚਲਦ ਲਈ ਪੁਲਿਸ ਦਾ ਸਰਮਾਏਦਾਰਾਂ ਦਾ ਪੱਖ ਪੂਰਨਾ 309
ਹੜਤਾਲਾਂ : ਗ਼ੈਰ ਕਾਨੂੰਨੀ ? 264
ਹੜਤਾਲਾਂ ਦਾ ਭਾਵ 270

ਹਾਈ ਕਮਾਂਡ ਕੇਵਲ ਮੰਤਰੀਆਂ ਤੇ ਨਿਗਰਾਨੀ ਕਮੇਟੀ 318
ਹਾਜ਼ਰੀ ਦਾ ਸਵਾਲ (ਸੰਘ, ਮਾਲਕ) 302
ਹਾਟਸਨ 369, 370
ਹੈਮਿਲ 83
ਹੋਮ ਰੂਲ ਭਾਰਤ ਲਈ ਸਰਾਪ ਹੈ, ਵਰਦਾਨ ਨਹੀਂ 311
ਕਨੜਭਾਸ਼ੀ ਲੋਕਾਂ ਦੇ ਏਕੀਕਰਨ ਦਾ ਆਦਰਸ਼ 248,249
ਕਰੰਡੀਕਰ, ਐਸ. ਐਲ. 136
ਕਰਮਚਾਰੀ ਤੇ ਮਾਲਕ ਵਿਚਾਲੇ ਵਿਹਾਰ ਦੀ ਸਮਾਨਤਾ 302
ਕੁਰਕਮ 363
ਕਵਿਤਾ ਪਿੰਡ ਦੀ ਘਟਨਾਂ 326
ਕਾਸ਼ਤਯੋਗ ਬੰਜਰ ਜ਼ਮੀਨਾਂ 46
ਕਾਸ਼ਤ ਲਈ ਦਿਤੀਜੰਗਲਾਤ ਦੀ ਜ਼ਮੀਨ 374–77
ਕਾਸ਼ਤ ਲਈ ਵੱਖ ਵੱਖ ਮਾਲਕਾਂ ਦੇ ਛੋਟੇ ਫ਼ਾਰਮਾਂ ਨੂੰ ਇਕਠਾ ਕਰਨਾ 177, 178
ਕਾਸ਼ਤ ਵਾਸਤੇ ਰਕਬੇ ਦੀ ਤੁਲਨਾ 46
ਕਾਬਲੇ ਜੀ. ਜੀ. 368
ਕਾਮਤ ਬੀ. ਐਸ. 155
ਕਾਰਸੋ 339
ਕਾਰਜਕਾਰਨੀ ਦਾ ਸਦਨ ਦੇ ਵਿਸ਼ੇਸ਼ ਅਧਿਕਾਰ ਤੇ ਕਬਜ਼ਾ 15
ਕਾਰਭਾਰੀ ਐਮ. ਐਮ. 146
ਕਾਲਜ ਸੰਗਠਨ ਫ਼ੈਸਲਟੀ ਸੰਗਠਨ ਦੇ ਅਧੀਨ 83
ਕਾਲਜ ਦੀ ਪੜ੍ਹਾਈ ਦੀ ਜ਼ਿਮੇਵਾਰੀ ਤੋਂ ਸਰਕਾਰ ਦਾ ਇਨਕਾਰ 42
ਕਾਲਜਾਂ ਦਾ ਇਕ ਵਿਸ਼ੇ ਦ ਪੜ੍ਹਾਈ ਲਈ ਸੰਗਠਨ 67; 68
ਕਾਲਜਾਂ ਦਾ ਯੂਨੀਵਰਸਿਨੀ ਨਾਲ ਸੰਬੰਧ 76
ਕਾਲਜਾਂ ਨੂੰ ਪੜ੍ਹਾਈ ਤੇ ਲਾਇਬ੍ਰੇਰੀ ਸਾਧਨਾਂ ਨੂੰ ਇਕੱਠਾ ਕਰਨ ਲਈ ਉਤਸਾਹਿਤ ਕਰਨਾ 400
ਕੀਬਲ ਫ਼ੈਡਰਿਕ 363
ਕੇਕਿਟ ਨਿੰਭੋਰ ਦੀ ਘਟਨਾ 331
ਕੋਰੜੇ ਮਾਰਨ ਦੀ ਸਜ਼ਾ 220
ਕੌਂਸਲ ਚੋਣਾਂ ਵਿਚ ਹਿੱਸਾਂ ਲੈਣ ਤੋਂ ਰੋਕਣ ਲਈ ਇਤਰਾਜ਼ ਯੋਗ ਨਾਹਰੇ 326
ਕੌਰਵ 350
ਖੇਤੀ ਯੋਗ ਜ਼ਮੀਨ 363
ਖੇਤੀ ਵਿਵਸਥਾ (ਹਕ ਮਾਲਕੀ ਦੀ) 135
ਖੇਤੀ ਵਿਵਸਥਾ ਬਿਲ 128
ਖੇਤੀ ਵਿਵਸਥਾ ਹਟਾਉਣ ਲਈ 135, 136
ਗਰਭਪਾਤ 346, 351
ਗਰਭਰੋਕ ਵਸਤਾਂ ਦੀ ਵਰਤੋਂ 347
ਗ੍ਰਾਂਟਾਂ ਦਾ ਨਿਰਧਾਰਨ 385
ਗ੍ਰਾਮ ਪੰਚਾਇਤ ਬਿਲ 139, 157, 164
ਗਰੀਬੀ ਹੀ ਅਨੈਤਿਕਤਾ ਦੀ ਜਨਮਦਾਤਾ ਹੈ 346, 347
ਗੜਬੜੀ ਦੰਗਿਆਂ ਸੰਬੰਧੀ ਪੁੱਛ ਪੜਤਾਲ ਕਮੇਟੀ ਦੀ ਰਿਪੋਰਟ 306

ਗਾਰਡਨ ਸੈਟਲਮੈਂਟਸ 108
ਗ਼ੁਲਾਮੀ ਦੀ ਪਰਿਭਾਸ਼ਾ 269
ਗ਼ੈਰ ਤਬਦੀਲੀ ਯੋਗ ਚੀਜ਼- ਹਿੰਦੂ ਬਹੁ ਗਿਣਤੀ 323
ਗੋਖਲੇ, ਆਰ.ਆਰ. 155
ਗੋਰਸ, ਜੇ 272
ਗੋਲਮੇਜ਼ ਕਾਨਫ਼ਰੰਸ 152, 339, 340
ਗੋਲੇ 355
ਗੋਵਿੰਦ ਵਲੰਭ ਪੰਤ 341
ਘਟ ਗਿਣਤੀ ਸਮ੍ਰਿਧ ਸਮਾਜ 252
ਘਟ ਜਨਮਦਰ ਵਾਲੇ ਸ਼ਹਿਰ ਤੇ ਦੇਸ 353
ਜੰਗਲਾਂ ਤੋਂ ਆਮਦਨ 6
ਜਣੇਪਾਂ ਤੇ ਮਿਰਤੂ ਦਰ 352
ਜਨ ਉਪਯੋਗੀ ਸੇਵਾ 276, 277
ਜਨ ਸਿਹਤ 44
ਜਨਤਕ ਉਪਯੋਗਤਾ ਅਤੇ ਹੜਤਾਲ 271
ਜਮਾਬੰਦੀ ਸ਼ੁਦਾ ਜੋਤਾ ਦੀ ਵਿਕਰੀ 174
ਜ਼ਮੀਨ ਕਰ ਤੇ ਛੋਟ 45
ਜ਼ਮੀਨ ਮਾਲੀਆ 4, 45
ਜ਼ਮੀਨ ਮਾਲੀਆ ਦੀ ਜ਼ੁਬਤੀ 109
ਜਵਾਹਰ ਨਾਲ ਨਹਿਰੂ 341
ਜ਼ਾਇਦਾਦ ਦੀ ਸਹੀ ਵੰਡ 362
ਜਾਤੀ ਦਾ ਮਤਲਬ 142
ਜਾਨ ਰੈਡਮੰਡ 338
ਜੀ ਪ੍ਰਤੀ ਆਮਦਨ (ਕੁਝ ਦੇਸ਼ਾਂ ਵਿਚ) 22
ਜ਼ੀ ਪ੍ਰਤੀ ਟੈਕਸ (ਭਾਰਤੀ ਸੂਬਿਆਂ ਵਿਚ) 47,48
'ਜੀਵਨ ਮਿਆਰ ਉੱਚਾ ਚੁਕਣ ਦਾ ਰਸਤਾ 46, 47
ਜੈਰੇਮੀ ਬੈਨਥਮ 321
ਜੋਸ਼ੀ ਬਿਲ 108
ਜੋਤਾਂ ਦੀ ਜਮ੍ਹਾਂ ਬੰਦੀ 174
ਟ੍ਰੇਡ ਯੂਨੀਅਨਾਂ ਦੀ ਕਾਨੂੰਨੀ ਸ਼ਥਿਤੀ 271
ਤਮਾਕੂ ਕਰ ਐਕਟ ਸੋਧਨਾ ਬਿਲ 237
ਥੋਰਾਟ 118
ਦਸਤੂਰ (ਸ੍ਰੀ) 83
ਦੱਖਣੀ ਜ਼ਿਮੀਦਾਰਾ ਰਾਹਤ ਐਕਟ ਮਨਸ਼ੂਖੀ 380
ਦੰਗਾ : ਇਤਫ਼ਾਕੀ ਝਗੜੇ ਤੋਂ 220
ਦੰਗਾ : ਗ਼ੈਰ ਕਾਨੂੰਨੀ ਕਦੋਂ ? 220, 221
ਦੰਗਾਕਾਰੀਆਂ ਵਿਰੁੱਧ ਹੱਥਿਆਰਾਂ ਦੀ ਵਰਤੋਂ 308
ਦੰਗੇ : ਕਈ ਪ੍ਰਕਾਰ ਦੇ 220
ਦਲਿਤ ਸ਼੍ਰੇਣੀਆਂ ਦੇ ਲੜਕਿਆਂ ਲਈ ਵਜ਼ੀਫ਼ੇ 62, 63
ਦਲਿਤ ਸ਼ੇਣੀਆਂ ਲਈ ਸਹਾਇਕ ਵਿਦਿਅਕ ਇਨਸਪੈਕਟਰ 368
ਦਲਿਤ ਸ਼ੇਣੀਆਂ ਲਈ ਸਰਕਾਰੀ ਸੇਵਾ 371, 372
ਦਲਿਤ ਸ਼ੇਣੀਆਂ ਲਈ ਜੰਗਲਾਤ ਦੀਆਂ ਜ਼ਮੀਨਾਂ 380
ਦਲਿਤ ਵਰਗਾਂ ਦੀ ਆਰਥਿਕ ਸਥਿਤੀ 149
ਦਲਿਤ ਵਰਗਾਂ ਦੀ ਸਿਖਿਆਂ ਵਲ ਧਿਆਨ

ਦੇਣ ਲਈ ਵਿਸ਼ੇਸ਼ ਨਿਰੀਖਣ ਸਟਾਫ਼ 60
ਦਲਿਤ ਵਰਗਾਂ ਦੀ ਪੰਚਾਇਤ ਵਿਚ ਨਾਮਜ਼ਦਗੀ 150
ਧਰਮ ਤੇ ਸ਼ਰਾਬ 41
ਨਸ਼ਾਬੰਦੀ 38,40,41,213
ਨਸ਼ਾਬੰਦੀ ਆਰਥਕ, ਹਲਤੇ ਨਿਰਭਰ 215,216
ਨਸ਼ਾਬੰਦੀ, ਸਵੈ ਇੱਛਾ ਰਾਹੀਂ 215
ਨਸ਼ਾਬੰਦੀ, ਰਾਸ਼ਨਿੰਗ ਰਾਹੀਂ 215
ਨਗਰਪਾਲਿਕਾ ਅਤੇ ਸੰਪਤੀ ਕਰ 52
ਨਗਰਪਾਲਿਕਾ ਅਤੇ ਟੈਕਸ ਦੀ ਵਸੂਲੀ 53,54
ਨਾਬਾਲਗ਼ ਅਪਰਾਧੀਆਂ ਦੀ ਪਰਖ ਸੰਬੰਧੀ ਬਿਲ 214 ; ਇਸ ਵਿਚ ਦਮਨਕਾਰੀ ਅੰਸ਼ 214, 215;
ਇਸ ਸੰਬੰਧੀ ਬਰਤਾਨਵੀ ਕਾਨੂੰਨ ਵਿਚ ਅਸੰਗਤੀਆਂ 235
ਪੱਕਾ ਮਵਾਲੀ 197
ਪੰਚਾਇਤ ਦਾ ਸੰਵਿਧਾਨ 143
ਪੰਚਾਇਤ ਦੀ ਚੋਣ ਬਾਲਗ਼ ਮਤ-ਅਧਿਕਾਰ ਰਾਹੀਂ 145,146
ਪੰਚਾਇਤ ਵਿਚ ਪੱਖ-ਪਾਤ 147
ਪੰਚਾਇਤਾਂ ਵਿਚ ਘਟ ਗਿਣਤੀਆਂ ਲਈ ਵਿਸ਼ੇਸ਼ ਪ੍ਰਤਿਨਿਧਤਾ 143
ਪੰਚਾਇਤਾਂ ਵਿਚ ਪ੍ਰਤਿਨਿਧਤਾ ਨਾਮਜ਼ਦਗੀ ਰਾਹੀਂ 144
ਪਛੜੇ ਹੋਏ ਫ਼ਿਰਦੀਆਂ ਦੀ ਸਿਖਿਆ ਦਾ ਵਿਕਾਸ 72
ਪਛੜੇ ਹੋਏ ਫ਼ਿਰਕਿਆਂ ਨੂੰ ਉੱਚੀ ਤੋਂ ਉੱਚੀ ਸਿਖਿਆ ਦੀਆਂ ਸਹੂਲਤਾਂ 64
ਪਛੜੇ ਹੋਏ ਵਰਗਾਂ ਨੂੰ ਵਜ਼ੀਫ਼ੇ 62
ਪਛੜੇ ਹੋਏ ਫ਼ਿਰਕਿਆਂ ਵਿਚ ਸਿਖਿਆ ਦਾ ਬੜ੍ਹਾਵਾ 417
ਪ੍ਰਸਤਾਵਿਤ ਕਰਨਾਟਕ ਪ੍ਰਾਂਤ ਦੀ ਅਰਥ ਵਿਵਸਥਾ 252
ਪ੍ਰਸ਼ਾਸਕੀ ਅਫ਼ਸਰ ਅਤੇ ਸਕੂਲ ਬੋਰਡ ਦਾ ਅਨੁਸ਼ਾਸਨੀ ਕੰਟਰੋਲ 92,93,96
ਪ੍ਰਸ਼ਾਸਨ ਵਿਚ ਅਨੁਸੂਚਿਤ ਜਾਤੀਆਂ ਦੀ ਸੰਖਿਆ 332=3
ਪ੍ਰਸੂਤੀ ਸਹੂਲਤਾਂ 217-19
ਪ੍ਰਸੂਤੀ ਬਿਲ 217
ਪ੍ਰਤਿਨਿਧ ਯੂਨੀਅਨ 285
ਪ੍ਰਤਿਨਿਧਤਾ ਦਾ ਹੱਕ 286
ਪਰਧਾਨ, ਜੀ.ਬੀ. 332
ਪਰਮਾਰ ਕਾਲੀਦਾਸ ਸ਼ਿਵਰਾਮ 328-31
ਪਰਵਾਸ 358
ਪ੍ਰਾਇਮਰੀ ਸਿਖਿਆ 56
ਪ੍ਰਾਇਮਰੀ ਸਿਖਿਆ ਐਕਟ ਤੇ ਸਕੂਲੀ ਬੱਚੇ 43
ਪ੍ਰਾਂਤਿਕ ਖ਼ੁਦਮੁਖ਼ਤਾਰੀ 74,75
ਪਰਿਸ਼ਿਸ਼ਟ ਵਰਗ 170
ਪ੍ਰੈਜ਼ੀਡੈਂਸੀ ਵਿਚ ਦਲਿਤ ਸ਼੍ਰੇਣੀਆਂ ਨੂੰ ਆਰਥਿਕ ਆਜ਼ਾਦੀ ਦੀ ਖੁਲ੍ਹ ਨਹੀਂ 328
ਪ੍ਰੈਜ਼ੀਡੈਂਸੀ ਵਿਚ ਨਾਜਾਇਜ਼ ਸ਼ਰਾਬ 214
ਪ੍ਰੈਜ਼ੀਡੈਂਸੀ ਵਿਚ ਪ੍ਰਸ਼ਾਸਨ ਖ਼ਰਚੇ 7
ਪ੍ਰੈਜ਼ੀਡੈਂਸੀ ਵਿਚ ਵਿੱਤੀ ਸਥਿਤੀ 11
ਪ੍ਰੋਗ੍ਰੈਸਿਵ ਪਾਰਟੀ 342

ਪ੍ਰੋਫ਼ੈਸਰਾਂ ਦੀ ਬਹੁਤਾਤ ਅੱਛੇ ਸੰਗਠਨ ਲਈ ਫ਼ਜ਼ੂਲ 400
ਪਾਟਿਲ, ਡੀ.ਆਰ. 146
ਪਾਂਗਰੀ 371
ਪਾਤਮਕਰ 201,202
ਪਾਨਗਾਉ 371
ਪਾਰੂਲੇਕਰ 179
ਪਿੰਡ ਭਗਤੀ ਤੇ ਪੇਂਡੂ ਭਾਵਨਾ 142
ਪਿੰਡਾਂ ਦੇ ਲੋਕਾਂ ਨੂੰ ਸਸਤਾ ਨਿਆਂ 150
ਪਿੰਡਾਂ ਵਿਚ ਜਲ ਸਪਲਾਈ 44
ਪੁਸ਼ਤੈਨੀ ਅਹੁਦੇਦਾਰੀ ਐਕਟ ਸੋਧਨਾ ਬਿਲ 101
ਪੁਨਰ ਗ੍ਰਹਿਣ 109
ਪੁਲਿਸ ਕਮਿਸ਼ਨਰ ਨੂੰ ਇਖ਼ਤਿਆਰ 184,186;
ਇਨ੍ਹਾਂ ਇਖ਼ਤਿਆਰਾਂ ਦੀ ਵਰਤੋਂ 202;
ਇਨ੍ਹਾਂ ਇਖ਼ਤਿਆਰਾਂ ਦੀ ਵਰਤੋਂ ਲਈ ਵਿਅਕਤੀਆਂ ਦੇ ਵਰਗ ਨੂੰ ਸੀਮਿਤ ਕਰਨਾ 193;
ਇਖ਼ਤਿਹਾਰਾਂ ਦੀ ਦੁਰਵਰਤੋਂ ਵਿਰੁਧ ਬਚਾਉ 187-188,199
ਪੁਲਿਸ ਦੀ ਵਰਤੋਂ, ਮਿਲ ਮਾਲਕਾਂ ਦੇ ਹੱਕ ਵਿੱਚ (ਹੜਤਾਲਾਂ ਸਮੇਂ) 305
ਪੂਨਾ ਐਕਟ 144
ਪੂਰਨਕਾਲੀ ਰਜਿਸਟਰਾਰ 81
ਪੈਸਟਨਸ਼ਾਹ ਐਨ.ਵਕੀਲ 142
ਪੈਟਿਟ, ਜੀ.ਬੀ. 143
ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਟ੍ਰੇਨਿੰਗ ਦਰਮਿਆਨ ਵੰਡ 396
ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਕੰਮ ਲਈ ਵੱਖਰੇ ਪ੍ਰੋਫ਼ੈਸਰ ਸਮੂਹ ਦੀ ਸਥਾਪਨਾ 399
ਪੋਸਟ ਗ੍ਰੈਜੂਏਟ ਡਿਗਰੀ ਦਾ ਸਮਾਂ 415
ਪੌਸ਼ਟਿਕ ਭੋਜਨ 361,362
ਫ਼ਲੈਮਿੰਗ 369
'ਫ਼ਿਰਕਾ' ਦਾ ਭਾਵ 191
ਫ਼ੈਕਲਟੀ ਪਾਸ ਨਿਯਮ ਬਣਾਉਣ ਦਾ ਅਧਿਕਾਰ 409
ਫ਼ੈਦਰਸਟੋਨ ਦੰਗਾ ਕਮੇਟੀ ਦੀ ਰਿਪੋਰਟ 308
ਫ਼ੈਲਡਮੈਨ 40
ਬਹੁਗਿਣਤੀ ਦਾ ਵਤੀਰਾ 323,331
ਬਹੁਗਿਣਤੀ ਦੀ ਫ਼ਰਾਖ਼ਦਿਲੀ ਤੇ ਦਿਆਲਤਾ ਦੀ ਪਾਤਰਤਾ 254
ਬਜਟ ਦੇ ਆਵਰਤੀ ਖ਼ਰਚ ਤੇ ਕਟੌਤੀ 17
ਬਦਲਾਪੁਰ 371
ਬਦਲਾਪੁਰ ਵਿਖੇ ਉਲਹਾਸ ਦਰਿਆ ਤੇ ਪੁੱਲ 373-4
ਬਦਾਲੀ ਦੀ ਘਟਨਾ 331
ਬੰਬਈ ਸ਼ਹਿਰ ਵਿਚ ਫ਼ਿਰਜ਼ੂ ਦੰਗੇ 185
ਬੰਬਈ ਨਗਰਪਾਲਿਕਾ ਸੋਧਨਾ ਵਿਚ 211
ਬੰਬਈ ਨਗਰ ਵਿਚ ਹੋਈਆਂ ਹੜਤਾਲਾਂ 263
ਬੰਬਈ ਪ੍ਰਾਇਮਰੀ ਸਿਖਿਆ ਐਕਟ ਸੋਧਨਾ ਬਿਲ 88, 91, 92
ਬੰਬਈ ਪ੍ਰੇਜ਼ੀਡੈਂਸੀ ਵਿਚ ਅਧੀਨ ਸੇਵਾਵਾਂ ਦੀ ਨਿਯੁਕਤੀ 365

ਬੰਬਈ ਪ੍ਰੈਜ਼ੀਡੈਂਸੀ ਵਿਚ ਹੋਰ
ਯੂਨੀਵਰਸਿਟੀਆਂ 389,391
ਬੰਬਈ ਪ੍ਰੈਜ਼ੀਡੈਂਸੀ ਵਿਚ ਪ੍ਰਤਿ
ਵਿਅਕਤੀ ਦੁੱਧ 362
ਬੰਬਈ ਪ੍ਰੈਜ਼ੀਡੈਂਸੀ ਵਿਚ ਯੂਨੀਵਰਸਿਟੀ
ਵਿਦਿਆ ਦੇ ਉਦੇਸ਼ ਤੇ ਕਾਰਜ 387,394
ਬੰਬਈ ਪ੍ਰੈਜ਼ੀਡੈਂਸੀ ਵਿਚ ਪੁਸ਼ਤੈਨੀ ਅਹੁਦੇਦਾਰੀ
ਐਕਟ ਸੋਧ 98,121,126
ਬੰਬਈ ਪ੍ਰੈਜ਼ੀਡੈਂਸੀ ਵਿਚ ਮਿਉਨਸਿਪਲ
ਕਾਰਪੋਰੇਸ਼ਨ, ਮੋਰਲੈਂਡ ਰੋਡ 384
ਬੰਬਈ ਯੂਨੀਵਰਸਿਟੀ ਸੰਵਿਧਾਨ 389
ਬੰਬਈ ਯੂਨੀਵਰਸਿਟੀ ਸੋਧਨਾ ਬਿਲ 64
ਬੰਬਈ ਯੂਨੀਵਰਸਿਟੀ ਦੇ ਕੰਮ 390
ਬੰਬਈ ਯੂਨੀਵਰਸਿਟੀ ਨੂੰ ਸੰਪੂਰਨ ਯੂਨੀਵਸਿਟੀ
ਬਣਾਉਣ ਲਈ ਹੋਰ ਫ਼ੈਕਲਟੀਆਂ 415
ਬੰਬਈ ਯੂਨੀਵਰਸਿਟੀ ਨੂੰ ਟੀਚਿੰਗ
ਯੂਨੀਵਰਸਿਟੀ ਵਿਚ ਬਦਲਣ ਦੀਆਂ
ਸਮਸਿਆਵਾਂ 395,396
ਬੰਬਈ ਯੂਨੀਵਰਸਿਟੀ ਨੂੰ ਟੀਚਿੰਗ
ਯੂਨੀਵਰਸਿਟੀ ਬਣਾਉਣ ਲਈ
ਫ਼ੈਕਲਟੀ ਸੰਗਠਨ 408
ਬੰਬਈ ਯੂਨੀਵਰਸਿਟੀ ਨੇ ਵੱਖ ਵੱਖ ਵਰਗਾਂ ਦੇ
ਹਿੱਤਾਂ ਨੂੰ ਪ੍ਰਫੁਲਿਤ ਨਹੀਂ ਕੀਤਾ 395
ਬੰਬਈ ਯੂਨੀਵਰਸਿਟੀ, ਪੋਸਟ ਗ੍ਰੈਜੁਏਟ
ਪਾਠਕ੍ਰਮ ਤੇ ਡਿਗਰੀਆਂ 390
ਬ੍ਰਹਮਚਰਜ ਤੇ ਪੁਰਾਣ 345
ਬਰਲਿਨ 346
ਬ੍ਰਾਹਮਣਾਂ ਅਤੇ ਗ਼ੈਰ ਬ੍ਰਾਹਮਣਾਂ
ਵਿਚਕਾਰ ਝਗੜੇ 146,147
ਬਾਲ ਹੱਤਿਆ 351
ਬਾਲਗ਼ ਸਿਖਿਆ 42
ਬਿਲ ਦੀਆਂ ਤਿੰਨ ਪੜ੍ਹਤਾਂ 162
ਬੇਰਾਰ ਕਮੇਟੀ 114,115
ਬੈੱਲ, ਆਰ.ਆਰ.ਫ਼ੀ 156
ਬੋਰਡ : ਇਕ ਸਲਾਹਕਾਰ ਸੰਸਥਾ 88
ਬੋਰਡ ਮੈਂਬਰ, ਮਾਹਰ ਵਿਅਕਤੀ 88
ਬੋਰਡ ਲਈ ਲੋਕ-ਤੰਤਰੀ ਬਣਤਰ 88
ਬੋਰਡ ਵਿਚ ਸਿਖਿਆ ਮਾਹਰ 88, 89
ਭਾਰਤ ਸਰਕਾਰ ਐਕਟ 167
ਭਾਰਤੀਆਂ ਨੂੰ ਆਪਣੀ ਰਖਿਆ ਆਪ ਕਰਨਾ
ਸਿਖਾਉਣਾ 320
ਭੂਮੀ ਪ੍ਰਾਪਤੀ-ਮੁਲਸ਼ੀ ਡੈਮ 383
ਭੋਲੇ ਦੀ ਤਰਮੀਮ 203
ਮਸੌਲਿਨੀ 341,354
ਮਹਾਰ ਅਤੇ ਸੇਵਾ ਤੋਂ ਛੁਟਕਾਰਾ 107,108
ਮਹਾਰ ਮਗਬਾਦੀ ਦੀ ਉਨੱਤੀ
ਕਿਉਂ ਨਹੀਂ ? 106,107
ਮਹਾਰ ਤੇ ਸੇਵਾਵਾਂ ਦਾ ਮੁੱਲ 110,111
ਮਹਾਰ ਦਾ ਖ਼ਾਨਦਾਨ, ਉਸ ਦੇ ਕਾਰਜ
ਲਈ ਜ਼ਿਮੇਵਾਰ 103
ਮਹਾਰ ਵਤਨ ਵਿਚ ਵਾਧਾ ? 104
ਮਹਾਰਾਂ ਦੀ ਉਜਰਤ 103,104
ਮਹਾਰਾਂ ਦੀ ਉਜਰਤ ਦੀ ਅਦਾਇਗੀ 105
ਮਜ਼ਦੂਰ ਸੰਘ ਦੇ ਅੰਦੋਲਨ ਦੀ ਸਥਿਰਤਾ 297

ਮਜ਼ਦੂਰ ਸੰਘ ਦੇ ਮੈਂਬਰਾਂ ਦੀ ਘਟਦੀ ਵਧਦੀ ਸੰਖਿਆ ਤੇ ਪ੍ਰਤਿਸ਼ਤ 278
ਮਜ਼ਦੂਰ ਮਹਾਜਨ ਆਜ਼ਾਦ ਸੰਘ 291, 292
ਮੰਤਰੀਆਂ ਦੀਆਂ ਤਨਖ਼ਾਹਾਂ 222, 223, 229, 231
ਮੰਤਰੀਆਂ ਦੀਆਂ ਤਨਖ਼ਾਹਾਂ ਤੇ ਲੋਕ ਰਾਜ 225
ਮੰਤਰੀਆਂ ਦੀਆਂ ਤਨਖ਼ਾਹਾਂ ਤੇ ਲੋਕਾਂ ਦੀ ਆਮਦਨ 229
ਮੰਤਰੀਆਂ ਦੀਆਂ ਤਨਖ਼ਾਹਾਂ ਦਾ ਆਧਾਰ 224
ਮੰਤਰੀਆਂ ਦੀਆਂ ਤਨਖ਼ਾਹਾਂ ਬਾਰੇ ਹਾਊਸ ਆਫ਼ ਕਾਮਨਜ਼ ਦੀ ਨਿਯੁਕਤ ਕਮੇਟੀ ਦੀ ਰਿਪੋਰਟ 226
ਮੰਤਰੀਆਂ ਦੁਆਰਾ ਆਤਮ ਤਿਆਗ 230
ਮੰਤਰੀਆਂ ਦੀਆਂ ਤਨਖ਼ਾਹਾਂ : ਰੰਕਪੁਣੇ ਦੀ ਸਹੁੰ 230
ਮਦਰਾਸ ਤੇ ਕੂਰਗ 246
ਮਨਰੋ, ਜੇ.ਐਮ. 352
ਮਾਇਰਡਿਨ ਈਵਾਨਜ਼ 294
ਮਾਂਦੇੜ ਦਾ ਕੇਸ 331
ਮਾਰੀਆ ਸਟੋਪਸ 352
ਮਿਊਨਸਿਪਲ ਕਾਰਪੋਰੇਸ਼ਨ ਦੇ ਅਫਸਰ ਵਲੋਂ ਜਾਰੀ ਕੀਤੇ ਆਦੇਸ਼ ਵਿਰੁਧ ਚਾਰਾਜੋਈ 211
ਮਿਊਨਸਿਪਲ ਕਾਰਪੋਰੇਸ਼ਨ ਦੇ ਕਰਮਚਾਰੀਆਂ ਲਈ ਵਿਸ਼ੇਸ਼ ਪ੍ਰਤਿਨਿਧਤਾ 212
ਯਾਦਵ, ਐਮ.ਕੇ. 366
ਯੁੱਧ ਵਿਚ ਹਿੱਸਾ 312
ਯੁੱਧ ਵਿਚ ਹਿੱਸਾ: ਭਾਰਤ ਦੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਭਾਗੀਦਾਰੀ 315
ਯੂਨੀਅਨ ਕਰਿਜਸਟਰ ਕਰਵਾਉਣ ਲਈ ਸ਼ਰਤਾਂ ਤੇ ਵਿਧੀਆਂ 285
ਯੂਨੀਵਰਸਿਟੀ ਅਸਫਲਤਾ ਦੇ ਕਾਰਨ 394
ਯੂਨੀਵਰਸਿਟੀ ਅਤੇ ਸਰਕਾਰ ਦੇ ਆਪਸੀ ਸੰਬੰਧ 392
ਯੂਨੀਵਰਸਿਟੀ ਅਤੇ ਲੋਕਾਂ ਦਾ ਆਪਸੀ ਸੰਬੰਧ 391
ਯੂਨੀਵਰਸਿਟੀ – ਇਕ ਕੇਂਦਰਿਤ ਸੰਸਥਾ 401
ਯੂਨੀਵਰਸਿਟੀ ਸਿਖਿਆ ਲਈ ਮਾਂ ਬੋਲੀ ਦੀ ਵਰਤੋਂ 393
ਯੂਨੀਵਰਸਿਟੀ ਸੁਧਾਰ ਕਮੇਟੀ 87
ਯੂਨੀਵਰਸਿਟੀ ਸਿਖਿਆ ਦਾ ਸੰਗਠਨ 400, 401
ਯੂਨੀਵਰਸਿਟੀ ਦੁਆਰਾ ਸਿਖਿਆ ਦੇ ਅਦਾਰੇ ਵਜੋਂ ਕਿਸੇ ਫ਼ਿਰਕੇ ਦੀ ਸੇਵਾ 407
ਯੂਨੀਵਰਸਿਟੀ ਸਿਖਿਆ ਦੇ ਵਾਸਤਵ ਜਾਂ ਸੰਭਾਵੀ ਕੇਂਦਰ 402
ਯੂਨੀਵਰਸਿਟੀ ਸਿਖਿਆ ਨਿਸਚਿਤ ਕਰਕੇ ਥਾਵਾਂ ਦਾ ਪ੍ਰਬੰਧ 402
ਯੂਨੀਵਰਸਿਟੀ ਪਾਠਕ੍ਰਮ 392
ਯੂਨੀਵਰਸਿਟੀ ਵਿਦਿਆ ਦੀ ਉੱਨਤੀ ਲਈ ਵਿਸ਼ੇਸ਼ ਉਪਾਅ 393
ਯੂਨੀਵਰਸਿਟੀਆਂ ਵਿਚ ਲੰਦਨ ਯੂਨੀਵਰਸਿਟੀ ਵਾਂਗ ਬਾਹਰੀ ਪ੍ਰਬੰਧ 403
ਯੂਨੀਵਰਸਿਟੀਆਂ ਦੀ ਸਰਵ ਉੱਚ ਕੌਂਸਲ 410

ਰਫ਼ੀਉਦੀਨ ਅਹਿਮਦ 154,156
ਰਾਉ ਬਹਾਦਰ ਆਰ ਆਰ ਕਾਲੇ 147,154
ਰਾਉ ਬਹਾਦਰ ਜੀ. ਕੇ. ਚਿਤੋਲ 155
ਰਾਸ਼ਟਰਵਾਦ ਦੀ ਭਾਵਨਾ 255
ਰਾਜਗੋਪਾਲ ਆਚਾਰੀਆ 341
ਰਾਜ ਧਰੋਹ ਕਮੇਟੀ ਦੀ ਰਿਪੋਰਟ 200
ਰਾਜ ਧਰੋਹ ਕਮੇਟੀ ਦੀ ਰਿਪੋਰਟ ਵਿਚ
ਬਚਾਉ ਦੇ ਸਾਧਨ 200
ਰਾਥਸਫ਼ੀਲਡ 175
ਰਾਧਾ ਕਮਲ ਮੁਕਰਜੀ 364
ਰਾਬਰਟ ਬੈੱਲ 262,283
ਰਾਲੇਰਾਜ 371
ਰਿਊ, ਜੇ.ਐਲ. 366,370,372
ਰੈਡਮੰਡ 339
ਰੋਹਮ, ਪੀ.ਜੇ 345,350,355
ਲਾਹੇਵੰਦ ਖੇਤੀ ਲਈ ਵਡੇਰੇ ਫ਼ਾਰਮ 175-77
ਵੱਖ ਵੱਖ ਫ਼ਿਰਕਿਆਂ ਲਈ ਸੀਟਾਂ ਨਿਰਧਾਰਨ
ਲਈ ਵਸੋਂ ਦਾ ਅਸੂਲ 167
ਵੱਖਰਾ ਕਰਨਾਟਕ ਪ੍ਰਾਂਤ 245,246
ਵਣ ਤੇ ਚਰਾਂਵਾਂ 360
ਵੱਤਲ, ਪੀ.ਕੇ- ਜਣੇਪੇ ਸੰਬੰਧੀ
ਜਾਂਚ ਦੇ ਸਿੱਟੇ 358
ਵਿਸ਼ੇਸ਼ ਤਰਮੀਮੀ ਬਿਲ ਲਈ ਪਹਿਲਾਂ ਮੰਨਜ਼ੂਰੀ
ਦੀ ਲੋੜ ? 178,179
ਵਿਕਸਿਤ ਖੋਜ ਕਾਰਜ ਪੜ੍ਹਾਈ ਤੋਂ ਅਲਗ 398
ਵਿਦਿਆ ਪਰੀਸ਼ਦ 413,414
ਵਿਧਾਨ ਸਭਾ ਦੀ ਕਾਰਜ ਪ੍ਰਣਾਲੀ 256

''ਕੌਮੀ ਸੰਦਰਭ ਵਿਚ ਕੌਮੀਅਤ ਦਾ ਮਤਲਬ ਹੋਣਾ ਚਾਹੀਦਾ ਹੈ — ਸਮਾਜਕ ਚੇਤਨਾ ਦੀ ਮਜ਼ਬੂਤ ਭਾਵਨਾ; ਕੌਮਾਤਰੀ ਸੰਦਰਭ ਵਿਚ ਇਸ ਆਧਾਰ ਹੋਵੇ - ਭਾਈਚਾਰਾ।''

ਬੀ.ਆਰ. ਅੰਬੇਡਕਰ